# CHARACTERISTICS & TENDENCIES OF Panjabi literature

## During Later 19th Century

(1849 A.D. TO 1900 A.D.)

Thesis Presented to
THE PANJAB UNIVERSITY, CHANDIGARH.

For The Degree OF
**DOCTOR OF PHILOSOPHY**
IN THE FACULTY OF LANGUAGES

1975

Supervised by
**Dr. Surindar Singh Kohli**
M.A, Ph. D.
Professor & Head of the Panjabi Deptt.
PANJAB UNIVERSITY, CHANDIGARH.

Submitted by
**Parminder Singh**
168, Model Gram,
LUDHIANA.

# ਤਤਕਰਾ


| ਅਧਿਆਇ | ਵਿਸ਼ਾ | ਪੰਨਾ |
|---|---|---|
| ਅਧਿਆਇ ਪਹਿਲਾ | | |
| | ਪ੍ਰਵੇਸ਼ਿਕਾ ਤੇ ਵਿਸ਼ਾ-ਖੇਤਰ | 1 - 8 |
| ਅਧਿਆਇ ਦੂਜਾ | | |
| | (ੳ) ਭੂਗੋਲਕ, ਰਾਜਸੀ, ਪ੍ਰਬੰਧਕੀ, ਸਭਿਆਚਾਰਕ ਤੇ ਸਮਾਜਕ ਪਿਛੋਕੜ | 9-31 |
| | (ਅ) ਵਿੱਦਿਆ ਦਾ ਪਸਾਰ, ਸਿੱਖਿਆ ਦਾ ਮਾਧਿਅਮ ਅਤੇ ਪੰਜਾਬੀ | 32-68 |
| ਅਧਿਆਇ ਤੀਜਾ | | |
| | ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀਆਂ ਧਾਰਮਿਕ-ਸੁਧਾਰਕ ਲਹਿਰਾਂ | 69-153 |
| | (ੳ) ਮਿਸ਼ਨਰੀ ਲਹਿਰ | 71 |
| | (ਅ) ਸਿੱਖਾਂ ਦੀਆਂ ਸੁਧਾਰਵਾਦੀ ਲਹਿਰਾਂ- | |
| | ਨਿਰੰਕਾਰੀ ਲਹਿਰ | 86 |
| | ਨਾਮਧਾਰੀ ਲਹਿਰ | 89 |
| | ਸਿੰਘ ਸਭਾ ਲਹਿਰ | 97 |
| | ਖਾਲਸਾ ਦੀਵਾਨ ਲਾਹੌਰ | 109 |
| | (ੲ) ਹਿੰਦੂਆਂ ਦੀਆਂ ਧਾਰਮਿਕ-ਸੁਧਾਰਵਾਦੀ ਲਹਿਰਾਂ- | |
| | ਬ੍ਰਹਮੋ ਸਮਾਜ - | 136 |
| | ਦੇਵ ਸਮਾਜ | 138 |
| | ਆਰੀਆ ਸਮਾਜ | 139 |
| | ਗੁਲਾਬ ਦਾਸੀਏ | 145 |
| | ਕਾਜੂ ਕਟੀਏ | 146 |
| | (ਸ) ਮੁਸਲਮਾਨਾਂ ਦੀਆਂ ਸੁਧਾਰਕ ਲਹਿਰਾਂ- | |
| | ਜਮਾਇਤਿ- ਅਹਿਮਦੀਆ | 147 |
| | ਦਿੱਤੈ ਸ਼ਾਹੀ | 149 |
| | ਅੰਜੁਮਨਿ- ਇਸਲਾਮੀਆ | 150 |
| | ਖ਼ਾਦਮਿ-ਉਮ ਇਸਲਾਮੀਆ | 150 |
| ਅਧਿਆਇ ਚੌਥਾ | | |
| | ਪੰਜਾਬੀ ਭਾਸ਼ਾ ਤੇ ਸਾਹਿੱਤ ਉੱਤੇ ਪੱਛਮੀ ਪ੍ਰਭਾਵ | 154-185 |

| ਅਧਿਆਇ | ਵਿਸ਼ਾ | ਪੰਨਾ |
|---|---|---|
| ਅਧਿਆਇ ਪੰਜਵਾਂ | ਪੱਤਰਕਾਰੀ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ | 186-212 |
| ਅਧਿਆਇ ਛੇਵਾਂ | ਈਸਾਈ ਮਿਸ਼ਨਰੀਆਂ ਦਾ ਸਾਹਿੱਤਕ ਯੋਗ-ਦਾਨ | 213-256 |
| ਅਧਿਆਇ ਸੱਤਵਾਂ | ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ | 257-297 |
| ਅਧਿਆਇ ਅੱਠਵਾਂ | ਵਾਰਤਕ ਸਾਹਿੱਤ ਦਾ ਸਰਵੇਖਣ | 298-365 |
| ਅਧਿਆਇ ਨੌਵਾਂ | ਕਾਵਿ-ਸਾਹਿੱਤ ਦਾ ਸਰਵੇਖਣ | 366-429 |
| ਅਧਿਆਇ ਦਸਵਾਂ | ਉੱਘੇ ਵਾਰਤਕ ਲੇਖਕ | 430-459 |
| ਅਧਿਆਇ ਗਿਆਰ੍ਹਵਾਂ | ਉੱਘੇ ਕਵੀ | 460 - 485 |
| ਅਧਿਆਇ ਬਾਰ੍ਹਵਾਂ | ਸਿੱਟੇ ਤੇ ਨਚੋੜ | 486 - 492 |
| | ਅੰਤਿਕਾਵਾਂ | |


*******

560

## ਪਰਵੇਸ਼ਿਕਾ

ਪੰਜਾਬੀ ਵਿਚ ਸਾਹਿੱਤ ਸਿਰਜਣਾ ਤਾਂ ਭਾਵੇਂ ਪਿਛਲੇ ਲਗ ਭਗ ਇਕ ਹਜ਼ਾਰ ਸਾਲ ਤੋਂ ਹੋ ਰਹੀ ਹੈ, ਪਰ ਸਾਹਿੱਤ ਦੇ ਇਤਿਹਾਸ ਲਿਖਣ ਵਲ ਵਿਦਵਾਨਾਂ ਦਾ ਧਿਆਨ ਵੀਹਵੀਂ ਸਦੀ ਵਿਚ ਹੀ ਗਿਆ ਹੈ ਅਤੇ ਨਿਸਚੇ ਹੀ ਇਸ ਨੂੰ ਪੱਛਮੀ ਪ੍ਰਭਾਵਾਂ ਦਾ ਸਿੱਟਾ ਆਖਿਆ ਜਾ ਸਕਦਾ ਹੈ। ਵਿਆਕਰਣ, ਸ਼ਬਦਾਵਲੀਆਂ ਤੇ ਕੋਸ਼ਾਂ ਵਾਂਗ, ਆਪਣੇ ਪੁਰਾਤਨ ਸਾਹਿੱਤਕ ਵਿਰਸੇ ਨੂੰ ਸਾਂਭ ਕੇ ਉਸ ਨੂੰ ਇਤਿਹਾਸਕ-ਕ੍ਰਮ, ਘਟਨਾ ਕ੍ਰਮ ਜਾਂ ਪ੍ਰਵਿਰਤੀ ਅਨੁਸਾਰ ਤਰਤੀਬ ਦੇ ਕੇ ਉਸ ਦਾ ਯੋਗ ਮੁਲਾਂਕਣ, ਸਾਹਿੱਤ ਦੇ ਇਤਿਹਾਸ ਦੀ ਮੁਢਲੀ ਮੰਗ ਤੇ ਲੋੜ ਹੁੰਦੀ ਹੈ। ਪਹਿਲੋਂ ਪਹਿਲ ਅੱਡ ਅੱਡ ਖੇਤਰਾਂ ਜਾਂ ਅੱਡ ਅੱਡ ਰੁਚੀਆਂ ਵਾਲੇ ਲੇਖਕਾਂ ਜਾਂ ਲਿਖਤਾਂ ਨੂੰ ਇਕਤ੍ਰਤ ਜਾਂ ਸੰਗ੍ਰਹਿਤ ਕਰਕੇ, ਉਨ੍ਹਾਂ ਦੇ ਮਹੱਤਵ ਨੂੰ ਦਰਸਾਉਣ ਲਈ ਉਨ੍ਹਾਂ ਨੂੰ ਰਚਨਾਕਾਲ ਦੇ ਸੰਦਰਭ ਵਿਚ ਰਖ ਕੇ ਕੁਝ ਟੀਕਾ ਟਿਪਣੀ ਸਮੇਤ, ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ ਜਾਂਦਾ ਹੈ ਤੇ ਵਰਤਮਾਨ ਦੀਆਂ ਸਾਹਿੱਤਕ ਧਾਰਨਾਵਾਂ ਨੂੰ ਭੂਤ ਦੀਆਂ ਪ੍ਰਾਪਤੀਆਂ ਨਾਲ ਜੋੜ ਕੇ ਇਕ ਲੜੀ ਵਿਚ ਪ੍ਰੋਣ ਦਾ ਯਤਨ ਕੀਤਾ ਜਾਂਦਾ ਹੈ। ਇਹੋ ਜਿਹੇ ਮੁਢਲੇ ਯਤਨ ਨਿਰਸੰਦੇਹ ਪੱਛਮੀ ਵਿਦਵਾਨਾਂ ਵਲੋਂ ਹੀ ਕੀਤੇ ਗਏ, ਜਿਨ੍ਹਾਂ ਨੇ ਆਪਣੇ ਰਾਜਸੀ ਹਿੱਤਾਂ ਦੀ ਪੂਰਤੀ ਲਈ ਅਤੇ ਆਪਣੇ ਰਾਜ ਨੂੰ ਪੱਕਿਆਂ ਪੈਰਾਂ ਤੇ ਕਰਨ ਲਈ, ਭਾਰਤ ਵਾਸੀਆਂ ਦੇ ਧਰਮ, ਸੰਸਕ੍ਰਿਤੀ, ਇਤਿਹਾਸ ਤੇ ਰਹੁ-ਰੀਤਾਂ ਦਾ ਡੂੰਘਾ ਅਧਿਐਨ ਕੀਤਾ ਤਾਂ ਜੋ ਉਨ੍ਹਾਂ ਦੇ ਸੰਸਕਾਰਾਂ ਤੇ ਭਾਵਨਾਵਾਂ ਨੂੰ ਧਿਆਨ ਵਿਚ ਰਖ ਕੇ ਰਾਜ-ਪ੍ਰਬੰਧ ਦੀਆਂ ਨੀਤੀਆਂ ਘੜੀਆਂ ਜਾ ਸਕਣ। ਇਸੇ ਉਦੇਸ਼ ਦੀ ਪੂਰਤੀ ਅਧੀਨ ਕੀਤੇ ਗਏ ਯਤਨਾਂ ਦੇ ਪ੍ਰਤਿਫਲ ਵਜੋਂ, ਸਰ ਰਿਚਰਡ ਟੈਂਪਲ (ਲੀਜੰਡਜ਼ ਔਫ਼ ਦੀ ਪੰਜਾਬ ਤੇ ਲੀਜੰਡਜ਼, ਫੋਕ ਸਾਂਗਜ਼ ਐਂਡ ਫੋਕਲੋਰ) ਐਚ. ਏ.ਰਾਸ (ਲੀਜੰਡਜ਼ ਫ੍ਰਾਮ ਦੀ ਪੰਜਾਬ) ਥਾਰਨਟਨ - ( ਦੀ ਵਰਨੈਕੂਲਰ ਲਿਟ੍ਰੇਚਰ ਐਂਡ ਫੋਕਲੋਰ ਔਫ਼ ਦੀ ਪੰਜਾਬ ) ਸਰ ਚਾਰਲਸ ਇਬਟਸਨ ( ਪੰਜਾਬ ਕਾਸਟਸ) ਤੇ ਅਜਿਹੀਆਂ ਕੁਝ ਕੁ ਹੋਰ[1] ਭਾਸ਼ਾਈ ਤੇ ਸਾਹਿੱਤਕ ਮਹੱਤਵ ਵਾਲੀਆਂ ਕ੍ਰਿਤਾਂ ਸਾਹਮਣੇ ਆਈਆਂ। ਵਾਸਤਵ ਵਿਚ ਪੰਜਾਬੀ ਸਾਹਿੱਤ ਦੇ ਇਤਿਹਾਸ ਲਈ ਸਮੱਗ੍ਰੀ ਇਕੱਤ੍ਰ ਕਰਨ ਵਲ ਇਹ ਪਹਿਲਾ ਯਤਨ ਸੀ। ਬਾਵਾ ਬੁੱਧ ਸਿੰਘ(ਕਰਤਾ 'ਬੰਬੀਹਾ ਬੋਲ', 'ਹੰਸ ਚੋਗ', 'ਕੋਇਲ ਕੂ') ਤੇ ਮੌਲਾ ਬਖ਼ਸ਼ ਕੁਸ਼ਤਾ(ਪੰਜਾਬ ਦੇ ਹੀਰੇ) ਪਹਿਲੇ ਪੰਜਾਬੀ ਵਿਦਵਾਨ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿੱਤ ਦੇ ਇਤਿਹਾਸ ਦਾ ਕੱਚਾ ਖਰੜਾ ਤਿਆਰ ਕੀਤਾ ਤੇ ਡਾਕਟਰ ਮੋਹਣ ਸਿੰਘ ਨੇ ਡੀ-ਲਿੱਟ ਦੀ ਡਿਗਰੀ ਲਈ ਲਿਖੇ ਆਪਣੇ ਸ਼ੋਧ-ਪ੍ਰਬੰਧ ( ਏ ਹਿਸਟਰੀ ਔਫ਼ ਪੰਜਾਬੀ ਲਿਟਰੇਚਰ - ਲਾਹੌਰ 1933) ਦੁਆਰਾ, ਇਸ ਨੂੰ ਨਿਯਮਤ, ਨਿਸਚਿਤ ਤੇ ਵਿਗਿਆਨਕ ਰੂਪ ਦਿੱਤਾ।

---

1. ਇਨ੍ਹਾਂ ਸਭਨਾਂ ਸੰਬੰਧੀ ਵਿਸਥਾਰ ਪੂਰਵਕ ਚਰਚਾ "ਪੱਛਮੀ ਪ੍ਰਭਾਵ" ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।

ਪਰ ਇਹ ਸ਼ੋਧ-ਪ੍ਰਬੰਧ ਅੰਗਰੇਜ਼ੀ ਵਿਚ ਹੋਣ ਕਰ ਕੇ ਬਹੁਤੇ ਲੋਕਾਂ ਦਾ ਧਿਆਨ ਨਾ ਖਿੱਚ ਸਕਿਆ। ਪੰਜਾਬੀ ਸਾਹਿੱਤ ਦੇ ਮੁਢਲੇ ਇਤਿਹਾਸਕਾਰਾਂ ਵਿਚ ਡਾ. ਬਨਾਰਸੀ ਦਾਸ ਜੈਨ, ਡਾ.ਗੋਪਾਲ ਸਿੰਘ ਦਰਦੀ ਤੇ ਡਾ. ਸੁਰਿੰਦਰ ਸਿੰਘ ਕੋਹਲੀ ਦੇ ਨਾਂ ਲਏ ਜਾ ਸਕਦੇ ਹਨ ਜਿਨ੍ਹਾਂ ਨੇ ਪੰਜਾਬੀ ਪਾਠਕਾਂ ਨੂੰ ਸਹੀ ਅਰਥਾਂ ਵਿਚ ਆਪਣੇ ਸਾਹਿੱਤਿਕ ਵਿਰਸੇ ਤੋਂ ਜਾਣੂੰ ਕਰਵਾਇਆ। ਹੁਣ ਤਕ ਦੋ ਦਰਜਨ ਦੇ ਕਰੀਬ ਵਿਅੱਕਤੀਗਤ ਜਾਂ ਸੰਸਥਾਗਤ ਇਤਿਹਾਸ ਲਿਖੇ ਜਾਂ ਲਿਖਵਾਏ ਜਾ ਚੁੱਕੇ ਹਨ, ਜਿਹੜੇ ਪੂਰੇ ਜਾਂ ਅਧੂਰੇ ,ਸੰਖਿਪਤ ਜਾਂ ਵਿਸਤਾਰ ਵਾਲੇ, ਅੱਡ ਅੱਡ ਲੋੜਾਂ ਜਾਂ ਦ੍ਰਿਸ਼ਟੀਆਂ ਦੇ ਲਖਾਇਕ, ਅੱਜ ਸਾਡੇ ਹੱਥਾਂ ਵਿਚ ਹਨ। ਹਰ ਵਿਅਕਤੀਗਤ ਯਤਨ ਕਿਸੇ ਨਾ ਕਿਸੇ ਪੱਖੋਂ ਊਣਾਂ ਜਾਂ ਅਪੂਰਨ ਹੈ ਤੇ ਹੁਣ ਤਕ ਛਪੇ ਕਿਸੇ ਵੀ ਇਤਿਹਾਸ ਨੂੰ ਪਰਿਪੂਰਨ, ਪਰਮਾਣਿਕ ਜਾਂ ਸਰਵ-ਪੱਖੀ ਨਹੀਂ ਆਖਿਆ ਜਾ ਸਕਦਾ । ਸੰਸਥਾਗਤ ਯਤਨਾਂ ਵਿੱਚੋਂ ਭਾਸ਼ਾ ਵਿਭਾਗ, ਪੰਜਾਬ ਦੁਆਰਾ ਅੱਡ ਅੱਡ ਵਿਦਵਾਨਾਂ ਪਾਸੋਂ ਤਿਆਰ ਕਰਵਾਇਆ ਇਤਿਹਾਸ, ਜਿਹੜਾ ਪਹਿਲੋਂ ਤਿੰਨਾਂ ਤੇ ਦੁਬਾਰਾ ਦੋ ਜਿਲਦਾਂ ਵਿਚ ਪ੍ਰਕਾਸ਼ਤ ਹੋਇਆ ਹੈ, ਵਿਅੱਕਤੀਗਤ ਯਤਨਾਂ ਵਾਂਗ ਹੀ ਅਪੂਰਨ ਹੈ। ਦੂਜਾ ਉੱਦਮ "ਪੰਜਾਬ ਯੂਨੀਵਰਸਿਟੀ - ਪੰਜਾਬੀ ਸਾਹਿੱਤ ਦਾ ਇਤਿਹਾਸ " ਹੈ, ਜਿਸ ਦੀਆਂ ਹੁਣ ਤਕ ਪ੍ਰਕਾਸ਼ਤ ਹੋ ਚੁਕੀਆਂ ਦੋ ਜਿਲਦਾਂ ਵਿਚ 1700 ਈ. ਤੱਕ ਦੇ ਇਤਿਹਾਸ ਨੂੰ ਬੜੇ ਵੇਰਵਿਆਂ ਸਹਿਤ ਯੋਜਨਾਬੱਧ ਢੰਗ ਤੇ ਵਿਗਿਆਨਕ ਦ੍ਰਿਸ਼ਟੀ ਅਪਣਾ ਕੇ ਤਿਆਰ ਕੀਤਾ ਗਿਆ ਹੈ, ਪਰ ਲਗ ਭਗ ਤਿੰਨ ਸਦੀਆਂ ਦਾ ਇਤਿਹਾਸ ਅਜੇ ਲਿਖਿਆ ਜਾਣਾ ਬਾਕੀ ਹੈ।ਛਪ ਚੁਕੇ ਭਾਗ ਦੇ ਨੇਮ-ਬੱਧ ਤੇ ਪਰਮਾਣਿਕ ਸਰੂਪ ਤੋਂ ਜਿੱਥੇ ਇਸ ਦੇ ਸੁਯੋਗ ਸੰਪਾਦਕ ਦੀ ਸੂਝ, ਲਗਨ ਤੇ ਮਿਹਨਤ ਦਾ ਅਨੁਮਾਨ ਸਹਿਜੇ ਹੀ ਲਗ ਜਾਂਦਾ ਹੈ, ਉਥੇ ਇਸ ਦੇ ਬਾਕੀ ਭਾਗਾਂ ਲਈ ਸਾਨੂੰ ਕੁਝ ਸਮਾਂ ਹੋਰ ਉਡੀਕਣਾ ਪਵੇਗਾ।

ਹੁਣ ਤਕ ਛਪੇ ਜਾਂ ਤਿਆਰ ਹੋਏ ਪੰਜਾਬੀ ਸਾਹਿੱਤ ਦੇ ਸਾਰੇ ਇਤਿਹਾਸਾਂ ਵਿਚ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਰਚੇ ਸਾਹਿੱਤ ਵਲ ਬੜੀ ਕਰੁਚੀ ਜਾਂ ਬੇ-ਰੁਖੀ ਦਿਖਾਈ ਗਈ ਹੈ । ਹਰ ਇਤਿਹਾਸਕਾਰ ਨੇ ਇਨ੍ਹਾਂ ਪੰਜਾਹ ਵਰ੍ਹਿਆਂ ਦੇ ਸਮੁੱਚੇ ਸਾਹਿੱਤ ਨੂੰ, ਕੁਝ ਗਿਣਤੀ ਮਿਣਤੀ ਦੇ ਪੰਨਿਆਂ ਵਿਚ ਓਪਰੇ ਜਿਹੇ ਢੰਗ ਨਾਲ ਨਜਿੱਠਿਆ ਹੁੰਦਾ ਹੈ ਤੇ ਧਾਰਮਕ ਜਾਂ ਸਮਾਜ-ਸੁਧਾਰ ਦੀ ਇਕ ਅੱਧ ਲਹਿਰ ਦਾ ਜ਼ਿਕਰ ਕਰ ਕੇ, ਕੋਈ ਦਰਜਨ ਦੇ ਕਰੀਬ ਗੱਦ ਤੇ ਪਦ ਲੇਖਕਾਂ ਸੰਬੰਧੀ ਮੁਢਲੀ ਜਾਂ ਅਧੂਰੀ ਜਾਣਕਾਰੀ ਉਪ੍ਰੰਤ , ਅਖ਼ਬਾਰਾਂ ਤੇ ਪ੍ਰੈਸ ਦੀ ਆਮਦ ਸੰਬੰਧੀ ਸੂਚਨਾ ਦੇ ਕੇ ਈਸਾਈ ਪਾਦਰੀਆਂ ਦੀ ਪੰਜਾਬੀ ਸੇਵਾ ਸੰਬੰਧੀ ਕੁਝ ਵਾਕ ਲਿਖ ਕੇ ਅਤੇ ਇਸ ਕਾਲ ਦੇ ਸਾਰੇ ਸਾਹਿੱਤ ਨੂੰ ਪੱਛਮੀ ਪ੍ਰਭਾਵ ਹੇਠ ਉਪਜੇ ਆਧੁਨਿਕ ਸਾਹਿੱਤ ਦਾ ਨਾਂ ਦੇ ਕੇ ਸਭ ਇਤਿਹਾਸਕਾਰ ਭਾਈ ਵੀਰ ਸਿੰਘ ਤੇ ਅਪੜ ਜਾਂਦੇ ਹਨ। ਡਾ. ਮੋਹਨ ਸਿੰਘ ਨੇ ਆਪਣੇ ਡੀ-ਲਿਟ ਦੇ ਥੀਸਿਸ ਵਿਚ

ਇਸ ਕਾਲ ਦੇ ਸਾਹਿੱਤ ਨੂੰ ਕੁਲ ਢਾਈ ਸਫ਼ੇ ਦਿੱਤੇ ਹਨ। ਹੋਰ ਬਹੁਤ ਸਾਰੇ ਇਤਿਹਾਸਕਾਰਾਂ ਨੇ ਵੀ ਵੀਹ-ਤੀਹ ਸਫਿਆਂ ਤੋਂ ਵੱਧ ਇਸ ਕਾਲ ਨੂੰ ਦੇਣ ਦੀ ਲੋੜ ਨਹੀਂ ਸਮਝੀ, ਜਿਸ ਤੋਂ ਇਹੀ ਪ੍ਰਭਾਵ ਪੈਂਦਾ ਹੈ ਕਿ ਇਸ ਕਾਲ ਵਿਚ ਸਾਹਿੱਤ ਸਿਰਜਣਾ ਦੀ ਗਤੀ ਬਿਲਕੁਲ ਮੱਧਮ ਪੈ ਗਈ ਸੀ ਜਾਂ ਇਸ ਕਾਲ ਦਾ ਸਾਹਿੱਤਕ ਨਾਲੋਂ ਇਤਿਹਾਸਕ ਮਹੱਤਵ ਵਧੇਰੇ ਹੈ। ਇਹ ਵੀ ਆਖਿਆ ਗਿਆ ਕਿ ਇਸ ਕਾਲ ਦੇ ਸਾਹਿੱਤ ਉੱਤੇ ਮੁਰਦੇਹਾਣੀ ਛਾਈ ਹੋਈ ਹੈ ਅਤੇ ਕੁਝ ਕੁ ਪਰੰਪਰਾਵਾਦੀ ਕਿੱਸਿਆਂ ਤੋਂ ਛੁਟ ਇਸ ਕਾਲ ਵਿਚ ਕੋਈ ਵੀ ਮਹੱਤਵ-ਪੂਰਨ ਰਚਨਾ ਨਹੀਂ ਹੋਈ। ਵੱਧ ਤੋਂ ਵੱਧ ਇਹ ਆਖ ਦਿੱਤਾ ਜਾਂਦਾ ਹੈ ਕਿ ਸਾਹਿੱਤ ਦਾ ਇਹ ਵਾਰਤਕ ਕਾਲ ਹੈ। ਪਰ ਮੇਰੀ ਨਿਜੀ ਧਾਰਨਾ ਸਦਾ ਹੀ ਉਪ੍ਰੋਕਤ ਵਿਚਾਰਾਂ ਦੇ ਵਿਰੁਧ ਰਹੀ ਹੈ ਅਤੇ ਆਪਣੀ ਇਸ ਖੋਜ ਦੁਆਰਾ ਮੈਂ ਇਹੀ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਸਾਹਿੱਤ ਦੇ ਇਤਿਹਾਸ ਦਾ ਇਹ ਕਾਲ ਕੁਝ ਪੱਖਾਂ ਤੋਂ ਅਤੇ ਕੁਝ ਕਾਰਨਾਂ ਕਰ ਕੇ ~~ਸਾਹਿੱਤ~~ ਏਨਾ ਮਹੱਤਵਪੂਰਨ ਹੈ ਕਿ ਇਕ ਤਾਂ ਵੀਹਵੀਂ ਸਦੀ ਨੂੰ ਛੱਡ ਕੇ ਹੋਰ ਸਾਰੇ ਕਾਲਾਂ ਨਾਲੋਂ ਇਸ ਵਿਚ ਵੱਧ ਮਾਤ੍ਰਾ ਵਿਚ ਸਾਹਿੱਤ ਰਚਿਆ ਗਿਆ ਅਤੇ ਇਸ ਵਿਚ ਅਨੇਕਤਾ, ਵੰਨ-ਸਵੰਨਤਾ ਤੇ ਭਰਪੂਰਤਾ ਹੈ। ਦੂਜਾ ਵੀਹਵੀਂ ਸਦੀ ਵਿਚ ਸਾਹਿੱਤ ਦੀ ਜਿਹੜੀ ਨੁਹਾਰ ਜਾਂ ਮੁਹਾਂਦਰਾ ਉਭਰਿਆ, ਉਸ ਲਈ ਸਾਹਿੱਤਕਾਰਾਂ ਵਿਚ ਜਾਗ੍ਰਤੀ, ਲੋੜੀਂਦਾ ਤੇ ਅਨੁਸਾਰੀ ਵਾਤਾਵਰਣ, ਮਹੱਤਵ-ਪੂਰਨ ਸਾਧਨ ਤੇ ਪ੍ਰਸਥਿਤੀਆਂ ਏਸੇ ਕਾਲ ਵਿਚ ਤਿਆਰ ਹੋ ਚੁੱਕੀਆਂ ਸਨ।

ਇਸ ਕਾਲ ਸੰਬੰਧੀ ਕੁਝ ਇਕ ਪੱਖਾਂ ਨੂੰ ਲੈ ਕੇ ਵਿਦਵਾਨਾਂ ਨੇ ਸ਼ੋਧ-ਪ੍ਰਬੰਧ ਲਿਖੇ ਹਨ, ਜਿਨ੍ਹਾਂ ਵਿੱਚੋਂ, ਡਾਕਟਰ ਮਹਿੰਦਰਪਾਲ ਕੋਹਲੀ ਦਾ, "ਪੰਜਾਬੀ ਸਾਹਿੱਤ ਉੱਤੇ ਪੱਛਮੀ ਪ੍ਰਭਾਵ", ਡਾ. ਗੁਰਚਰਨ ਸਿੰਘ ਅਰਸ਼ੀ ਦਾ " ਈਸਾਈ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ ", ਅਤੇ ਡਾਕਟਰ ਨਿਰਮਲ ਸਿੰਘ ਦਾ "ਸਿੰਘ ਸਭਾ ਲਹਿਰ ਦਾ ਪੰਜਾਬੀ ਸਾਹਿੱਤ ਤੇ ਪ੍ਰਭਾਵ " ਆਪਣੇ ਆਪ ਵਿਚ ਬੜੀਆਂ ਮਹੱਤਵਪੂਰਨ ਖੋਜਾਂ ਹਨ, ਪਰ ਜਿਸ ਤਰ੍ਹਾਂ ਇਨ੍ਹਾਂ ਦੇ ਨਾਵਾਂ ਤੋਂ ਹੀ ਪ੍ਰਗਟ ਹੈ ਇਨ੍ਹਾਂ ਦਾ ਵਿਸ਼ਾ-ਖੇਤਰ ਨਿਸਚਿਤ, ਸੀਮਤ ਜਾਂ ਵਿਸ਼ੇਸ਼ ਪੱਖ ਨਾਲ ਹੀ ਸੰਬੰਧਿਤ ਹੈ ਅਤੇ ਇਸ ਕਾਲ ਦੇ ਸਮੁੱਚੇ ਸਾਹਿੱਤ ਜਾਂ ਉਸ ਦੇ ਹਰ ਪੱਖ ਨੂੰ ਨਹੀਂ ਵਿਚਾਰਿਆ ਗਿਆ ਅਤੇ ਜੋ ਸਿੱਟੇ ਵੀ ਕੱਢੇ ਗਏ ਹਨ, ਉਹ ਸਾਰੇ ਸਾਹਿੱਤ ਉੱਤੇ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੇ।

ਮੇਰੇ ਲਈ ਇਸ ਕਾਲ ਦੇ ਸਾਹਿੱਤ ਨੂੰ ਆਪਣੇ ਅਧਿਐਨ ਦਾ ਵਿਸ਼ੇਸ਼ ਵਿਸ਼ਾ ਚੁਣਨ ਦੇ ਹੇਠ ਲਿਖੇ ਕਾਰਨ ਹਨ:-

(ੳ) ਸਾਹਿੱਤ ਦਾ ਇਹ ਕਾਲ ਅਣਗੌਲਿਆ ਪਿਆ ਹੈ ਤੇ ਇਤਿਹਾਸਕਾਰਾਂ ਵਲੋਂ ਇਸ ਨਾਲ ਪੂਰਾ ਨਿਆਂ ਨਹੀਂ ਕੀਤਾ ਗਿਆ।

(ਅ) ਪੰਜਾਬੀ ਕੌਮ ਦੁਆਰਾ ਬਦੇਸ਼ੀ ਰਾਜ-ਪ੍ਰਬੰਧ ਅਧੀਨ ਗ੍ਰਹਿਣ ਕੀਤੇ ਬਾਹਰੀ ਪ੍ਰਭਾਵਾਂ, ਭਿੰਨ ਭਿੰਨ ਸ੍ਰੋਤਾਂ ਸੰਘਰਸ਼ਾਂ ਤੇ ਘਾਲਣਾਵਾਂ ਤੋਂ ਪ੍ਰਾਪਤ ਨਵਾਂ ਅਨੁਭਵ ਅਤੇ ਉਸ ਦੇ ਫਲਸਰੂਪ ਲੋਕਾਂ ਦੀ ਸੋਚ, ਸੂਝ, ਰਹਿਣੀ ਬਹਿਣੀ ਤੇ ਵਰਤ-ਵਰਤਾਰੇ ਵਿਚ ਆਇਆ ਪਰਿਵਰਤਨ, ਦੋ ਵਿਰੋਧੀ ਸੱਭਿਅਤਾਵਾਂ ਦਾ ਟਕਰਾਓ ਤੇ ਸੁਮੇਲ, ਆਸ਼ਾ ਤੇ ਨਿਰਾਸ਼ਾ ਜਾਂ ਵਿਸ਼ਾਦ ਤੇ ਹੁਲਾਰ ਦੇ ਰਲਵੇਂ ਮਿਲਵੇਂ ਭਾਵਾਂ ਅਧੀਨ ਜੀਵਨ ਤੇ ਜਗਤ ਸੰਬੰਧੀ ਧਾਰੇ ਗਏ ਨਵੇਂ ਦ੍ਰਿਸ਼ਟੀਕੋਣ ਅਧੀਨ, ਉਪਜੇ ਸਾਹਿੱਤ ਦੀ ਰੂਪ-ਰੇਖਾ ਨੂੰ ਉਘਾੜਨਾ।

(ੲ) ਉਪਜੇ ਸਾਹਿੱਤ ਦੀ ਸਮਰੱਥਾ, ਸਾਰਥਕਤਾ, ਰੂਪ-ਨਿਖਾਰ, ਗਤੀ, ਘੇਰੇ ਤੇ ਪ੍ਰਭਾਵ ਸੰਬੰਧੀ ਪਰਚਲਿਤ ਗ਼ਲਤ ਧਾਰਨਾਵਾਂ ਦਾ ਖੰਡਨ ਕਰਨਾ।

(ਸ) ਸਾਹਿੱਤ ਦੀ ਪੁਰਾਤਨ ਧਾਰਾ ਦੇ ਤਿਆਗ ਤੇ ਨਵੀਨਤਾ ਵਿਚ ਪ੍ਰਵੇਸ਼ ਦੇ ਅਮਲ ਨੂੰ ਰਾਜਸੀ ਸਮਾਜਕ, ਧਾਰਮਕ ਤੇ ਸਭਿਆਚਾਰਕ ਤਬਦੀਲੀਆਂ ਦੇ ਪਿਛੋਕੜ -ਵਿਚੋਂ ਦਰਸਾ ਕੇ, ਇਸ ਦਾ ਵਿਗਿਆਨਕ ਤੇ ਨਿਆਇ-ਸ਼ੀਲ ਆਧਾਰ ਮਿਥਣਾ ।

(ਹ) ਆਕਾਰ ਤੇ ਪਰਕਾਰ ਦੇ ਪੱਖੋਂ ਇਸ ਸਾਹਿੱਤ ਨੂੰ ਆਧੁਨਿਕ ਸਾਹਿੱਤ ਦੀ ਉਸਾਰੀ ਵਿਚ ਸ਼ਕਤੀਸ਼ਾਲੀ ਮੋੜਾ ਜਾਂ ਜੋੜ/ਸੰਧਿ ਕਰਨਾ ।

ਉਪ੍ਰੋਕਤ ਆਸ਼ੇ ਦੀ ਪੂਰਤੀ ਲਈ ਮੈਂ ਆਪਣੇ ਸ਼ੋਧ-ਪ੍ਰਬੰਧ ਨੂੰ ਨਿਸ਼ਚਿਤ ਨਾਂ ਦੇ ਕੇ, ਇਸ ਦੇ ਵਿਸ਼ੇ-ਖੇਤਰ ਨੂੰ ਨਿਰਧਾਰਿਤ ਕਰਨ ਦਾ ਯਤਨ ਕੀਤਾ ਹੈ। "ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਪੰਜਾਬੀ ਸਾਹਿੱਤ ਦੇ ਲੱਛਣ ਤੇ ਪ੍ਰਵਿਰਤੀਆਂ " ਸਿਰਲੇਖ ਦੇ ਦੋ ਸ਼ਬਦ-ਲੱਛਣ( ਕ੍ਰੈਕਟਰਇਸਟਿਕਸ ) ਤੇ ਪ੍ਰਵਿਰਤੀਆਂ(ਟੈਂਡੈਨਸੀਜ਼) ਵਧੇਰੇ ਵਿਆਖਿਆ ਦੀ ਮੰਗ ਕਰਦੇ ਹਨ। ਲੱਛਣ ਤੋਂ ਭਾਵ, ਸਾਹਿੱਤ ਦੀ ਸੰਰਚਨਾ-ਵਿਧੀ, ਉਸ ਦੇ ਉਘੇ ਪੱਖ, ਭਾਸ਼ਾ, ਭਾਵ-ਪ੍ਰਬੰਧ, ਰੂਪ ਵਿਧਾਨ, ਜਾਂ ਨਿਖੜਵੇਂ ਤੌਰ ਤੇ ਪਛਾਣੇ ਜਾ ਸਕਣ ਵਾਲੇ ਤੱਤ ਹਨ। ਇਹ ਲੱਛਣ ਆਲੇ ਦੁਆਲੇ ਦੇ ਪ੍ਰਭਾਵਾਂ ਜਾਂ ਸਾਹਿੱਤ ਦੀ ਆਪਣੀ ਗਤੀ ਦੇ ਸੁਭਾ ਦੁਆਰਾ ਉੱਭਰਦੇ ਹਨ। ਅਜਿਹੇ ਸਾਹਿੱਤ ਦੇ ਨਿਸ਼ਚਿਤ ਗੁਣ ਜਾਂ ਖ਼ਾਸੇ ਹੁੰਦੇ ਹਨ ਜਿਨ੍ਹਾਂ ਤੋਂ ਉਹ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਕਿਸੇ ਸ਼ਕਤੀ ਦੀ ਉੱਪਜ ਤੇ ਵਿਲੱਖਣਤਾ ਦੇ ਧਾਰਨੀ ਹੋਣ ਕਰ ਕੇ, ਕਿਸੇ ਯੁਗ-ਵਿਸ਼ੇਸ਼ ਦੇ ਸਾਹਿੱਤ ਉਤੇ ਉਨ੍ਹਾਂ ਦੀ ਅਨੋਖੀ ਜਾਂ ਨਿਖੜਵੀਂ ਮੋਹਰ ਲਗੀ ਹੁੰਦੀ ਹੈ।

ਪ੍ਰਵਿਰਤੀਆਂ ਦਾ ਸੰਬੰਧ ਵਧੇਰੇ ਕਰ ਕੇ ਇਤਿਹਾਸ ਨਾਲ ਹੈ। ਕਿਸੇ ਯੁਗ ਦਾ ਸਾਹਿੱਤ ਪੁਰਾਤਨਤਾ ਤੋਂ ਕਿੱਥੋਂ ਤੇ ਕਿਵੇਂ ਨਵੀਨਤਾ ਵਿਚ ਪ੍ਰਵਿਸ਼ਟ ਹੋਇਆ ਤੇ ਉਸ ਲਈ ਕਿਹੜੀ ਸੇਧ ਅਪਣਾਈ ਗਈ। ਸਾਹਿੱਤ ਵਿਚ ਨਿਸ਼ਚਿਤ ਤੇ ਮਨੋਰਥ-ਪੂਰਤ ਝੁਕਾ ਪ੍ਰਵਿਰਤੀ ਅਖਵਾਉਂਦਾ ਹੈ ।

ਇਹ ਇਕ ਅਜਿਹੀ ਲਹਿਰ ਜਾਂ ਗਤੀ ਹੁੰਦੀ ਹੈ ਜਿਸ ਨੂੰ ਸਪੱਸ਼ਟ ਭਾਂਤ ਉਲੀਕਿਆ ਤੇ ਉੱਘੜਵੇਂ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਲਿਖਤ ਵਿਚ ਜਦੋਂ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਦਾ ਅਸਿੱਧੇ ਪਰ ਸੁਚੇਤ ਰੂਪ ਵਿਚ ਪੱਖ ਪੂਰਿਆ ਜਾਂਦਾ ਹੈ ਤਾਂ ਉਸ ਨੂੰ ਸਾਹਿੱਤਕ ਪ੍ਰਵਿਰਤੀ ਦਾ ਨਾਂ ਦਿੱਤਾ ਜਾਂਦਾ ਹੈ। ਵਰਤਮਾਨ ਦੇ ਰਵੱਈਏ, ਜਾਂ ਵਰਤ-ਵਰਤਾਰੇ ਦੇ ਆਧਾਰ ਉਤੇ ਜਦ ਆਉਣ ਵਾਲੇ ਯੁਗ ਸੰਬੰਧੀ ਅਨੁਮਾਨਤ ਮਾਨਤਾਵਾਂ ਨੂੰ ਸਵੀਕਾਰਿਆ ਜਾਂਦਾ ਹੈ ਤਾਂ ਇਹ ਵੀ ਸਾਹਿੱਤਕ ਪ੍ਰਵਿਰਤੀ ਆਖੀ ਜਾਂਦੀ ਹੈ।

ਉਪ੍ਰੋਕਤ ਦੋਹਾਂ ਸ਼ਬਦਾਂ ਦੀ ਪਰਿਭਾਸ਼ਕ ਵਿਆਖਿਆ ਹੀ ਇਸ ਸ਼ੋਧ-ਪ੍ਰਬੰਧ ਦੀ ਰੂਪ-ਰੇਖਾ ਦਾ ਆਧਾਰ ਬਣੀ ਹੈ, ਜਿਸ ਤੋਂ ਨਿਸ਼ਚਿਤ ਸਿੱਟੇ ਪ੍ਰਾਪਤ ਕਰਨ ਲਈ ਹੇਠ ਲਿਖੀ ਵਿਧੀ ਅਪਣਾਈ ਗਈ ਹੈ:-

ਸਭ ਤੋਂ ਪਹਿਲਾਂ ਉਸ ਕਾਲ ਦੇ ਪੰਜਾਬ ਤੇ ਭੂਗੋਲਿਕ, ਰਾਜਸੀ, ਪ੍ਰਬੰਧਕੀ, ਸਭਿਆਚਾਰਕ ਤੇ ਸਮਾਜਕ ਪਿਛੋਕੜ ਨੂੰ ਦਰਸਾਇਆ ਗਿਆ ਹੈ, ਕਿਉਂਜੋ ਅੰਗਰੇਜ਼ਾਂ ਦੇ ਪੰਜਾਬ ਉਤੇ 1849 ਈ. ਵਿਚ ਕਬਜ਼ੇ ਨਾਲ ਉਪ੍ਰੋਕਤ ਸਾਰੇ ਪੱਖਾਂ ਤੋਂ, ਡੂੰਘੀਆਂ ਤੇ ਵਿਸ਼ਾਲ ਤਬਦੀਲੀਆਂ ਆਈਆਂ। ਇਨ੍ਹਾਂ ਤਬਦੀਲੀਆਂ ਦੇ ਫਲਸਰੂਪ, ਵਿਦਿਆ ਦੇ ਪਸਾਰ ਤੇ ਸਿੱਖਿਆ ਦੇ ਮਾਧਿਅਮ ਸੰਬੰਧੀ ਜੋ ਨੀਤੀਆਂ ਘੜੀਆਂ ਗਈਆਂ, ਉਨ੍ਹਾਂ ਦਾ ਪ੍ਰਭਾਵ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਗਤੀ ਉਤੇ ਅਵੱਸ਼ ਪੈਣਾ ਸੀ, ਜਿਸ ਨੂੰ ਏਸੇ ਅਧਿਆਇ ਵਿਚ ਵਿਚਾਰਿਆ ਗਿਆ ਹੈ।

ਧਰਮ ਤੇ ਸਮਾਜ-ਸੁਧਾਰ ਦੀਆਂ ਜੋ ਲਹਿਰਾਂ ਇਸ ਕਾਲ ਵਿਚ ਸਾਰੇ ਭਾਰਤ ਵਿਚ ਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਚਲੀਆਂ, ਉਨ੍ਹਾਂ ਨੇ ਨਾ ਕੇਵਲ ਪੰਜਾਬੀ ਜੀਵਨ ਨੂੰ ਹੀ ਪ੍ਰਭਾਵਤ ਕੀਤਾ, ਸਗੋਂ ਉਸ ਕਾਲ ਵਿਚ ਰਚੇ ਗਏ ਸਾਹਿੱਤ ਉਤੇ ਸਭ ਤੋਂ ਉੱਘਾ ਪ੍ਰਭਾਵ ਇਨ੍ਹਾਂ ਲਹਿਰਾਂ ਦਾ ਹੀ ਹੈ। ਇਸ ਲਈ ਬੜੇ ਵਿਸਤਾਰ ਤੇ ਵੇਰਵਿਆਂ ਸਹਿਤ ਇਨ੍ਹਾਂ ਲਹਿਰਾਂ ਦੇ ਆਸ਼ਿਆਂ ਜਾਂ ਉਪਜ ਦੇ ਕਾਰਨਾਂ, ਇਨ੍ਹਾਂ ਦੀ ਲਪੇਟ ਵਿਚ ਆਉਣ ਵਾਲੇ ਲੋਕਾਂ ਅਤੇ ਭਾਸ਼ਾ ਤੇ ਸਾਹਿਤ ਉਤੇ ਪਏ ਪ੍ਰਭਾਵਾਂ ਨੂੰ ਰੂਪਮਾਨ ਕੀਤਾ ਗਿਆ ਹੈ। ਇਨ੍ਹਾਂ ਲਹਿਰਾਂ ਨੇ ਜਿਹੜੇ ਅੰਤਰ-ਜਾਤੀ ਵਿਰੋਧਾਂ, ਵਾਦ-ਵਿਵਾਦਾਂ, ਈਰਖਾਵਾਂ ਜਾਂ ਆਸ਼ਾਵਾਂ ਨੂੰ ਜਨਮ ਦਿੱਤਾ, ਉਨ੍ਹਾਂ ਦਾ ਵੀ ਭਲੀ ਭਾਂਤ ਵਿਸ਼ਲੇਸ਼ਣ ਕੀਤਾ ਗਿਆ ਹੈ।

ਅੰਗਰੇਜ਼ੀ ਰਾਜ ਨਾਲ ਪੱਛਮੀ ਢੰਗ ਦੀਆਂ ਸੰਸਥਾਵਾਂ, ਸਿੱਖਿਆ ਪ੍ਰਣਾਲੀਆਂ, ਸਾਹਿੱਤਕ ਆਦਰਸ਼ਾਂ ਤੇ ਕਲਾ-ਰੂਪਾਂ ਦਾ ਪਸਾਰ ਹੋਇਆ। ਨੇਮ-ਬਧ ਸਿੱਖਿਆ-ਵਿਧੀ, ਪ੍ਰੈਸ ਤੇ ਛਾਪੇਖਾਨੇ ਨੇ ਇਕ ਨਵੀਂ ਕ੍ਰਾਂਤੀ ਲੈ ਆਂਦੀ, ਜਿਸ ਦਾ ਪ੍ਰਭਾਵ ਵੀ ਪੰਜਾਬੀ ਭਾਸ਼ਾ ਤੇ ਸਾਹਿੱਤ ਉਤੇ ਪਿਆ। ਇਹ ਪ੍ਰਭਾਵ ਕਿੰਨਾ ਕੁ ਵਿਆਪਕ, ਡੂੰਘਾ ਜਾਂ ਬਹੁ-ਪੱਖੀ ਸੀ, ਇਸ ਨੂੰ ਇਕ ਵੱਖਰੇ ਅਧਿਆਇ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਪੱਤਰਕਾਰੀ ਸਾਹਿੱਤ ਨਹੀਂ, ਪਰ ਇਸ ਦੇ ਫੈਲਾ ਨੇ ਪੰਜਾਬੀ ਭਾਸ਼ਾ ਦੀ ਪ੍ਰਗਟਾ ਸਮਰੱਥਾ ਨੂੰ ਵਧਾਇਆ ਤੇ ਇਸ ਦੇ ਘੇਰੇ ਨੂੰ ਵਿਸ਼ਾਲ ਕੀਤਾ। ਅਖ਼ਬਾਰਾਂ ਵਿਚ ਦਿਲਚਸਪੀ ਨੇ ਲੋਕਾਂ ਵਿੱਚ ਸਾਹਿੱਤ ਪੜ੍ਹਨ ਦੀ ਦਿਲਚਸਪੀ ਪੈਦਾ ਕੀਤੀ। ਏਸੇ ਦ੍ਰਿਸ਼ਟੀ ਤੋਂ ਪੱਤਰ-ਕਾਰੀ ਦੀ ਦੇਣ ਨੂੰ ਵਿਚਾਰਿਆ ਗਿਆ ਹੈ।

ਵਾਸਤਵ ਵਿਚ ਇਸ ਕਾਲ ਵਿਚ ਭਾਸ਼ਾ ਦੀ ਪ੍ਰਗਤੀ ਤੇ ਸਾਹਿੱਤ ਦੀ ਗਤੀ ਦੇ ਜੋ ਰੂਪ ਸਾਹਮਣੇ ਆਏ, ਉਨ੍ਹਾਂ ਸਭਨਾਂ ਵਿਚ ਈਸਾਈ ਪਾਦਰੀ ਪੱਥ-ਪ੍ਰਦਰਸ਼ਕ ਸਨ। ਸਿੱਧੇ ਜਾਂ ਅਸਿੱਧੇ ਢੰਗ ਨਾਲ ਜੋ ਕੁਝ ਵੀ ਇਨ੍ਹਾਂ ਪਾਦਰੀਆਂ ਨੇ ਆਪਣੇ ਪਰਚਾਰ ਦੇ ਆਸ਼ੇ ਨਾਲ ਕੀਤਾ, ਉਸ ਨੇ ਪੰਜਾਬੀ ਦੀ ਉਨਤੀ ਵਿਚ ਨੀਹਾਂ ਦਾ ਕੰਮ ਕੀਤਾ। ਇਸ ਤਰ੍ਹਾਂ ਈਸਾਈ ਮਿਸ਼ਨਰੀਆਂ ਦਾ ਸਾਹਿੱਤਕ ਯੋਗਦਾਨ, ਸਾਡੇ ਇਸ ਅਧਿਐਨ ਦਾ ਬਹੁਤ-ਮਹੱਤਵ-ਪੂਰਨ ਪੱਖ ਹੈ।

ਭਾਵੇਂ ਪੰਜਾਬ ਵਿਚ ਲਹਿਰਾਂ ਤਾਂ ਬਹੁਤ ਚਲੀਆਂ ਪਰ ਪੰਜਾਬੀ ਸਾਹਿੱਤ ਦੀ ਉਸਾਰੀ ਵਿਚ ਸਿੰਘ ਸਭਾ ਲਹਿਰ ਹੀ ਸਭ ਤੋਂ ਅਗੇ ਆਈ ਅਤੇ ਇਸ ਦੀ ਉਨਤੀ ਨੂੰ ਕੌਮੀ ਉਸਾਰੀ ਦਾ ਇਕ ਚਿੰਨ੍ਹ ਜਾਂ ਥੰਮ ਸਮਝ ਕੇ, ਜੋ ਕੁਝ ਕੀਤਾ, ਉਹ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ। ਏਸੇ ਲਈ ਇਸ ਲਹਿਰ ਦੇ ਯੋਗਦਾਨ ਨੂੰ ਵਿਸਤਾਰ-ਸਹਿਤ ਬਿਆਨਿਆ ਗਿਆ ਹੈ।

ਭਾਵੇਂ ਸਾਹਿਤ ਦੇ ਇਸ ਕਾਲ ਨੂੰ 'ਵਾਰਤਕ ਕਾਲ' ਦਾ ਨਾਂ ਦੇਣਾ ਉਚਿਤ ਨਹੀਂ, ਪਰ ਵਾਰਤਕ ਦੀ ਉਪਜ ਦੀ ਗਤੀ ਤੇ ਇਸ ਦੀ ਵੰਨ-ਸਵੰਨਤਾ ਦੇ ਕਈ ਪਰਮਾਣ ਸਾਹਮਣੇ ਆਏ। ਵਾਰਤਕ ਪਹਿਲੀ ਵਾਰੀ ਵਿਚਾਰ-ਪ੍ਰਗਟਾਵੇ ਦਾ ਉੱਤਮ ਮਾਧਿਅਮ ਸਵੀਕਾਰ ਕੀਤੀ ਗਈ। ਰਚੀ ਗਈ ਵਾਰਤਕ ਦਾ ਸਰਵੇਖਣ ਕਰ ਕੇ, ਇਸ ਦੀ ਦਿਸ਼ਾ, ਪੱਧਰ, ਸਮਰਥਾ ਤੇ ਸੰਭਾਵਨਾਵਾਂ ਦਾ ਮੁਲਾਂਕਣ ਕੀਤਾ ਗਿਆ ਹੈ।

ਕਾਵਿ-ਸਾਹਿਤ ਦੀ ਉਪਜ ਭਾਵੇਂ ਪਰੰਪਰਾਈ ਲੀਹਾਂ ਤੇ ਹੁੰਦੀ ਰਹੀ, ਪਰ ਇਸ ਵਿਚ ਵੀ ਰੂਪ-ਨਿਖਾਰ, ਵਿਸ਼ਾ-ਵਿਸਤਾਰ ਤੇ ਕਿਤੇ ਕਿਤੇ ਕਾਵਿ-ਚਮਤਕਾਰ ਦੇਖਣ ਵਿਚ ਆਏ। ਉਨ੍ਹਾਂ ਦਾ ਵੀ ਸੰਖੇਪ ਸਰਵੇਖਣ ਹੀ ਕੀਤਾ ਗਿਆ ਹੈ।

ਅਖ਼ੀਰਲੇ ਦੋ ਅਧਿਆਇ ਇਸ ਕਾਲ ਦੇ ਉੱਘੇ ਵਾਰਤਕਕਾਰਾਂ ਤੇ ਕਵੀਆਂ ਦੀਆਂ ਸਮੁੱਚੀਆਂ ਪ੍ਰਾਪਤੀਆਂ ਦਰਸਾਉਣ ਲਈ ਵਰਤੇ ਗਏ ਹਨ। ਅਜਿਹੇ ਸਾਹਿੱਤਕਾਰਾਂ ਦੀ ਗਿਣਤੀ ਤੇ ਉਨ੍ਹਾਂ ਸੰਬੰਧੀ ਵਿਚਾਰ ਨੂੰ ਆਕਾਰ ਵਧ ਜਾਣ ਦੇ ਡਰੋਂ ਸੀਮਤ ਹੀ ਰੱਖਿਆ ਗਿਆ ਹੈ। ਅਖ਼ੀਰ ਵਿਚ ਸਾਰੀ ਵਿਚਾਰ ਦਾ ਨਚੋੜ ਤੇ ਸਿੱਟੇ ਦੇ ਦਿੱਤੇ ਹਨ।

ਸ਼ੋਧ-ਪ੍ਰਬੰਧ ਵਿਚ ਕੁਝ ਇਕ ਤੱਥਾਂ, ਨਾਵਾਂ, ਰਚਨਾਵਾਂ ਜਾਂ ਵੇਰਵਿਆਂ ਦਾ ਦੁਹਰਾ ਯਤਨ ਕਰਨ ਦੇ ਬਾਵਜੂਦ ਰੋਕਿਆ ਨਹੀਂ ਜਾ ਸਕਿਆ, ਕਿਉਂਕਿ ਅਜਿਹਾ ਕਰਨ ਨਾਲ ਆਪਣਾ ਦ੍ਰਿਸ਼ਟੀਕੋਣ ਜਾਂ ਆਖੀ ਗਈ ਗਲ ਦੇ ਅਸਪੱਸ਼ਟ ਹੋ ਜਾਣ ਦਾ ਡਰ ਸੀ। ਉਦਾਹਰਣ ਲਈ ਪੰਜਾਬੀ ਸਾਹਿੱਤ ਉਤੇ ਪੱਛਮੀ ਪ੍ਰਭਾਵਾਂ ਵਾਲੀਆਂ ਕੁਝ ਗੱਲਾਂ ਈਸਾਈ ਮਿਸ਼ਨਰੀਆਂ ਦੀ ਦੇਣ ਵਾਲੇ ਅਧਿਆਇ ਵਿਚ

ਵੀ ਆ ਗਈਆਂ ਹਨ। ਏਸੇ ਤਰ੍ਹਾਂ ਪੱਤਰਕਾਰੀ ਵਾਲੇ ਅਧਿਆਇ ਜਾਂ ਸਿੰਘ ਸਭਾ ਲਹਿਰ ਦੀ ਪੰਜਾਬੀ ਨੂੰ ਦੇਣ ਵਾਲੇ ਕੁਝ ਤੱਥ ਵਾਰਤਕ ਸਾਹਿੱਤ ਦੇ ਸਰਵੇਖਣ ਵਿਚ ਵੀ ਆ ਗਏ ਹਨ । ਅਜਿਹੀਆਂ ਇਕ ਦੋ ਸੰਭਾਵਨਾਵਾਂ ਹੋਰ ਵੀ ਹਨ, ਪਰ ਯਤਨ ਇਹੀ ਕੀਤਾ ਹੈ ਕਿ ਦੁਹਰਾਈ ਗਈ ਗੱਲ ਵਿਚ ਅਤਿ ਸੰਖਿਪਤਤਾ ਤੋਂ ਕੰਮ ਲਿਆ ਜਾਏ, ਜਾਂ ਸੰਦਰਭ ਬਦਲ ਦਿੱਤਾ ਜਾਏ ਜਾਂ ਫੇਰ ਤੱਥ ਦਾ ਅਧਾਰ ਨਵੇਂ ਰੂਪ ਵਿਚ ਦਰਸਾ ਦਿੱਤਾ ਜਾਏ।

ਕੁਝ ਇਕ ਅਸੁਖਾਵੇਂ, ਅਨ-ਇੱਛਤ ਜਾਂ ਦੁਖਦਾਈ ਤੱਥ ਵੀ ਪੇਸ਼ ਕਰਨੇ ਪਏ ਹਨ, ਜਿਹੜੇ ਸੋਭਦੇ ਤਾਂ ਨਹੀਂ, ਪਰ ਖੋਜ ਕਰਨ ਵਾਲੇ ਨੂੰ ਆਪਣਾ ਪੱਖ ਪੇਸ਼ ਕਰਨ ਲਈ ਉਨ੍ਹਾਂ ਦੇ ਹਵਾਲੇ ਦੇਣੇ ਹੀ ਪੈਦੇ ਹਨ। ਪੂਰਾ ਯਤਨ ਕੀਤਾ ਗਿਆ ਹੈ ਕਿ ਅਜਿਹੇ ਵਰਣਨ ਸਮੇਂ ਵੀ ਸ਼ਿਸ਼ਟਾਚਾਰ ਦਾ ਪੱਲਾ ਨਾ ਛੱਡਿਆ ਜਾਏ।

ਖੋਜ-ਕਰਤਾ ਨੂੰ ਆਪਣੀ ਖੋਜ ਲਈ ਸਾਮੱਗ੍ਰੀ ਪ੍ਰਾਪਤ ਕਰਨ ਵਿਚ ਕਾਫ਼ੀ ਔਕੜ ਆਈ। ਭਾਵੇਂ ਖੋਜ-ਕਾਲ ਸਵਾ ਸੌ ਸਾਲ ਤੋਂ ਵੱਧ ਪੁਰਾਣਾ ਨਹੀਂ, ਪਰ ਭਾਰਤੀ ਪੰਜਾਬ ਵਿਚ ਕੋਈ ਵੀ ਪੁਸਤਕਾਲਾ ਅਜਿਹਾ ਨਹੀਂ ਜਿਸ ਵਿੱਚੋਂ ਉਸ ਕਾਲ ਨਾਲ ਸੰਬੰਧਿਤ ਸਮੁੱਚੀ ਪ੍ਰਕਾਸ਼ਤ ਜਾਂ ਅਪ੍ਰਕਾਸ਼ਤ ਸਾਮੱਗ੍ਰੀ ਮਿਲ ਸਕੇ। ਇਸ ਦੇ ਮੁਖ ਭੰਡਾਰ ਤਿੰਨ ਥਾਈਂ — ਕਲਕੱਤਾ, ਲਾਹੌਰ ਤੇ ਇੰਡੀਆ ਆਫ਼ਿਸ ਲਾਇਬ੍ਰੇਰੀ ਜਾਂ ਬ੍ਰਿਟਿਸ਼ ਮਿਊਜ਼ੀਅਮ ਲੰਡਨ, ਹਨ। ਕਲਕੱਤੇ ਤੋਂ ਬਿਨਾਂ ਖੋਜ ਕਰਤਾ ਦੀ ਹੋਰ ਕਿਤੇ ਵੀ ਪਹੁੰਚ ਨਹੀਂ ਹੋ ਸਕੀ। ਦੂਜੀ ਔਕੜ ਇਹ ਹੈ ਕਿ ਮੁਸਲਮਾਨਾਂ ਵਲੋਂ ਰਚਿਆ ਗਿਆ 90 ਫ਼ੀਸਦੀ ਸਾਹਿੱਤ ਫ਼ਾਰਸੀ ਲਿੱਪੀ ਵਿਚ ਹੈ ਤੇ ਸੁਤੰਤਰਤਾ ਤੋਂ ਪਿੱਛੋਂ ਨਾਂ, ਤਾਂ ਲਾਇਬ੍ਰੇਰੀਆਂ ਵਿਚ ਤੇ ਨਾ ਹੀ ਦੁਕਾਨਦਾਰਾਂ ਵਲੋਂ ਇਸ ਨੂੰ ਸਾਂਭਣ ਦਾ ਯਤਨ ਕੀਤਾ ਗਿਆ। ਕੁਝ ਇਕ ਪੁਸਤਕਾਲਿਆਂ ਅਤੇ ਮਿਤ੍ਰਾਂ ਦੇ ਸਹਿਯੋਗ ਨਾਲ ਲੋੜੀਂਦਾ ਸਾਹਿੱਤ ਜਾਂ ਸੰਬੰਧਿਤ ਸਾਮੱਗਰੀ ਭਾਰਤ ਜਾਂ ਲੰਡਨ ਤੋਂ ਪ੍ਰਾਪਤ ਹੋ ਸਕੀ ।

ਹਰ ਪ੍ਰਕਾਸ਼ਤ ਰਚਨਾ ਨਾ ਸਾਹਿੱਤ ਹੁੰਦੀ ਹੈ ਤੇ ਨਾ ਹੀ ਹਰ ਰਚਨਾਂ ਕਿਸੇ ਨਵੀਂ ਪ੍ਰਵਿਰਤੀ ਨੂੰ ਜਨਮ ਦੇਣ ਵਾਲੀ ਜਾਂ ਪਰਿਵਰਤਤ ਕਰਨ ਦੇ ਯੋਗ ਹੁੰਦੀ ਹੈ। ਹਰ ਰਚਨਾਂ ਅਜਿਹੀ ਸਾਹਿੱਤਕ ਪੱਧਰ ਦੀ ਵੀ ਨਹੀਂ ਹੁੰਦੀ ਕਿ ਉਸ ਨੂੰ ਜ਼ਰੂਰ ਵਿਚਾਰਿਆ ਜਾਏ। ਇਸ ਲਈ ਕੇਵਲ ਉਹੋ ਰਚਨਾਵਾਂ ਵਿਚਾਰ-ਅਧੀਨ ਲਿਆਂਦੀਆਂ ਗਈਆਂ ਹਨ ਜਿਹੜੀਆਂ ਸ਼ੋਧ-ਪ੍ਰਬੰਧ ਦੇ ਵਿਸ਼ੇ ਦੀ ਵਿਆਖਿਆ ਜਾਂ ਪੁਸ਼ਟੀ ਕਰਦੀਆਂ ਹਨ।

ਲਗਦੀ ਵਾਹ ਹਰ ਉਹ ਪੁਸਤਕ ਜਿਸ ਦਾ ਸ਼ੋਧ-ਪ੍ਰਬੰਧ ਵਿਚ ਹਵਾਲਾ ਦਿੱਤਾ ਗਿਆ ਹੈ, ਆਪ ਪੜ੍ਹੀ ਜਾਂ ਵਿਚਾਰੀ ਗਈ ਹੈ, ਪਰ ਜੇ ਅਸਲ ਲਿਖਤ ਯਤਨ ਦੇ ਬਾਵਜੂਦ ਨਹੀਂ ਲੱਭੀ ਤਾਂ ਉਸ ਨੂੰ ਛੱਡ ਦਿੱਤਾ ਗਿਆ ਹੈ ਜਾਂ ਕੇਵਲ ਭਰੋਸੇ-ਯੋਗ ਸ੍ਰੋਤਾਂ ਤੇ ਸਾਧਨਾਂ ਤੋਂ ਹੀ ਉਨ੍ਹਾਂ ਨੂੰ ਵਰਤਿਆ ਗਿਆ ਹੈ।

ਉਸ ਕਾਲ ਵਿਚ ਰਚੇ ਗਏ ਸਾਹਿੱਤ ਦੀ ਇਕ ਹੋਰ ਔਕੜ ਇਹ ਹੈ ਕਿ ਛਪੀਆਂ ਜਾਂ ਅਣਛਪੀਆਂ ਬਹੁਤ ਸਾਰੀਆਂ ਪੁਸਤਕਾਂ ਵਿਚ ਲਿਖਣ ਜਾਂ ਛਾਪਣ ਦੀ ਕੋਈ ਤਾਰੀਖ਼ ਦਰਜ ਨਹੀਂ ਹੁੰਦੀ। ਜੇ ਹੁੰਦੀ ਹੈ ਤਾਂ ਕਦੇ ਈਸਵੀ, ਕਦੇ ਬਿਕ੍ਰਮੀ ਤੇ ਕਦੇ ਨਾਨਕ-ਸ਼ਾਹੀ ਸੰਨ ਦਿਤੇ ਹੁੰਦੇ ਹਨ। ਸਭ ਮੁਸਲਮਾਨ ਲੇਖਕ ਹਿਜਰੀ ਸੰਨ ਲਿਖਦੇ ਹਨ ਤੇ ਕਦੇ ਕਦਾਈਂ ਹੀ ਈਸਵੀ ਸੰਨ ਵੀ ਨਾਲ ਦੇ ਦਿੰਦੇ ਹਨ। ਆਪਣੇ ਅਧਿਐਨ ਕਾਲ ਵਿਚ ਰਚੇ ਗਏ ਸਾਹਿੱਤ ਦਾ ਠੀਕ ਨਿਰਣਾ ਕਰਨ ਲਈ 1849 ਤੋਂ 1900 ਈਸਵੀ ਤਕ ਦੇ 51 ਵਰ੍ਹਿਆਂ ਦੇ ਸਮੇਂ ਨੂੰ ਹੇਠ ਲਿਖੇ ਅਨੁਸਾਰ ਨਿਸਚਿਤ ਕੀਤਾ ਗਿਆ ਹੈ:-

| | | |
|---|---|---|
| ਬਿਕ੍ਰਮੀ | - | 1906 ਤੋਂ 1957 |
| ਨਾਨਕ-ਸ਼ਾਹੀ | - | 380 ਤੋਂ 431 |
| ਹਿਜਰੀ | | 1266 ਤੋਂ 1318 |

ਲੋੜ ਅਨੁਸਾਰ ਆਪਣੇ ਮੱਤ ਦੀ ਪੁਸ਼ਟੀ ਜਾਂ ਵਿਸ਼ੇ ਦੇ ਸਪੱਸ਼ਟੀਕਰਣ ਲਈ ਉਪ੍ਰੋਕਤ ਮਿਤੀਆਂ ਤੋਂ ਪਹਿਲੋਂ ਜਾਂ ਪਿਛੋਂ ਵਾਲੀਆਂ ਲਿਖਤਾਂ ਵੀ ਵਰਤੋਂ ਵਿਚ ਲੈ ਆਂਦੀਆਂ ਗਈਆਂ ਹਨ ।

ਜਿਹੜੇ ਤੱਥ ਮੂਲ ਸ਼ੋਧ-ਪ੍ਰਬੰਧ ਦਾ ਭਾਗ ਨਹੀਂ ਸਨ ਬਣਾਏ ਜਾ ਸਕਦੇ, ਜਾਂ ਜਿਹੜੇ ਤੱਥ ਵਿਸ਼ੇ ਦੇ ਵਧੇਰੇ ਸਪੱਸ਼ਟੀਕਰਣ ਲਈ ਜੌਂ ਹੋਰ ਸੰਬੰਧਿਤ ਜਾਣਕਾਰੀ ਦੇਣ ਵਿਚ ਸਹਾਇਕ ਹੋ ਸਕਦੇ ਸਨ, ਉਨ੍ਹਾਂ ਨੂੰ ਅੰਤਿਕਾਵਾਂ ਦੇ ਰੂਪ ਵਿਚ ਦੇ ਦਿੱਤਾ ਗਿਆ ਹੈ।

51 ਵਰ੍ਹਿਆਂ ਦੇ ਸਮੁੱਚੇ ਸਾਹਿੱਤ ਨੂੰ ਵਿਚਾਰਨਾ ਤੇ ਉਪਜੇ ਜਾਂ ਰਚੇ ਗਏ ਸਾਹਿੱਤ ਦੇ ਸ੍ਰੋਤਾਂ ਜਾਂ ਪਿਛੋਕੜ ਨੂੰ ਆਧਾਰ ਬਣਾ ਕੇ, ਨਿਸਚਿਤ ਸਿੱਟੇ ਕੱਢਣੇ ਕਾਫ਼ੀ ਕਠਿਨ ਕੰਮ ਸੀ, ਪਰ ਵਿਦਵਾਨ ਸੱਜਣਾਂ, ਮਿਤ੍ਰਾਂ ਦੀ ਅਗਵਾਈ ਤੇ ਪ੍ਰੇਰਣਾ ਸਦਕਾ ਤੇ ਵੱਖ ਵੱਖ ਪੁਸਤਕਾਲਿਆਂ ਦੇ ਪੁਸਤਕ-ਪਾਲਾਂ ਦੇ ਸਹਿਯੋਗ ਤੇ ਹਰ ਸੰਭਵ ਸਹਾਇਤਾ ਨਾਲ, ਮੈਂ ਇਹ ਕਾਰਜ ਨੇਪਰੇ ਚਾੜ੍ਹ ਸਕਿਆ ਹਾਂ।

ਮੈਂ ਆਪਣੇ ਪਥ-ਪ੍ਰਦਰਸ਼ਕ ਡਾ. ਸੁਰਿੰਦਰ ਸਿੰਘ ਜੀ ਕੋਹਲੀ ਦਾ ਦਿਲੋਂ ਰਿਣੀ ਹਾਂ, ਜਿਨ੍ਹਾਂ ਦੀ ਨਿਰੰਤਰ ਪ੍ਰੇਰਣਾ, ਸੁਯੋਗ ਅਗਵਾਈ, ਸੁਹਿਰਦ ਮਿਲਵਰਤਣ ਤੇ ਉਦਾਰ ਵਰਤਾਓ ਤੋਂ ਬਿਨਾਂ ਮੇਰੇ ਲਈ ਇਸ ਸ਼ੋਧ-ਪ੍ਰਬੰਧ ਨੂੰ ਸਿਰੇ ਚਾੜ੍ਹਨਾ ਕਠਿਨ ਸੀ। ਆਪ ਜੀ ਨੇ ਨਾ ਕੇਵਲ ਇਸ ਦਾ ਇਕੱਲਾ ਇਕੱਲਾ ਸ਼ਬਦ ਆਪ ਪੜ੍ਹਿਆ ਹੀ ਹੈ, ਸਗੋਂ ਹਰ ਕਦਮ ਤੇ ਵਡਮੁੱਲੇ ਸੁਝਾ ਦੇ ਕੇ ਵੀ ਕ੍ਰਿਤਾਰਥ ਕੀਤਾ ਹੈ। ਭਾਸ਼ਾ ਨੂੰ ਸੋਧਣ ਤੇ ਉਚਿਤ ਸੁਝਾ ਦੇਣ, ਸ਼ੋਧ-ਪ੍ਰਬੰਧ ਦੀ ਯੋਜਨਾ ਤੇ ਤਰਤੀਬ ਨੂੰ ਨਿਸਚਿਤ ਸੇਧ ਬਖਸ਼ਣ, ਤੇ ਇਸ ਦੇ ਵਰਤਮਾਨ ਰੂਪ ਵਿਚ ਪੇਸ਼ ਕੀਤੇ ਜਾ ਸਕਣ ਲਈ, ਮੈਂ ਆਪ ਦਾ ਹਾਰਦਿਕ ਕ੍ਰਿਤੱਗਯ ਹਾਂ ।

## ਅਧਿਆਇ ਦੂਜਾ

(ੳ) ਭੂਗੋਲਕ, ਰਾਜਸੀ, ਪ੍ਰਬੰਧਕੀ, ਸਭਿਆਚਾਰਕ ਤੇ ਸਮਾਜਕ ਪਿਛੋਕੜ ।

(ਅ) ਵਿਦਿਆ ਦਾ ਪਸਾਰ, ਸਿੱਖਿਆ ਦਾ ਮਾਧਿਅਮ ਅਤੇ ਪੰਜਾਬੀ ।

## (ੳ) ਭੂਗੋਲਕ, ਰਾਜਸੀ, ਪ੍ਰਬੰਧਕੀ, ਸਭਿਆਚਾਰਕ ਤੇ ਸਮਾਜਕ ਪਿਛੋਕੜ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਰਚੇ ਗਏ ਪੰਜਾਬੀ ਸਾਹਿੱਤ ਦੀਆਂ ਵਿਸ਼ੇਸ਼ਤਾਵਾਂ ਤੇ ਪ੍ਰਵਿਰਤੀਆਂ ਦਾ ਸਹੀ ਮੁਲਾਂਕਣ ਤੇ ਵਿਸ਼ਲੇਸ਼ਣ ਕਰਨ ਲਈ ਇਹ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਭੋਗੋਲਕ, ਰਾਜਸੀ, ਪ੍ਰਬੰਧਕੀ, ਸਮਾਜਕ, ਸਭਿਆਚਾਰਕ, ਧਾਰਮਿਕ, ਤਕਨੀਕੀ ਤੇ ਇਨ੍ਹਾਂ ਸਭਨਾਂ ਤੋਂ ਉਪਰ ਉਨ੍ਹਾਂ ਮਨੋ-ਵਿਗਿਆਨਕ ਪ੍ਰਸਥਿਤੀਆਂ ਦਾ ਗੰਭੀਰ ਤੇ ਸਰਬ-ਪੱਖੀ ਵਿਵੇਚਨ ਤੇ ਵਿਸ਼ਲੇਸ਼ਣ ਕੀਤਾ ਜਾਏ ਜਿਨ੍ਹਾਂ ਅਧੀਨ ਸਮੂਚੀ ਪੰਜਾਬੀ ਕੌਮ ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਸਮੇਂ[1] ਉਸਲਵਟੇ ਲੈ ਰਹੀ ਸੀ। ਉਨ੍ਹਾਂ ਦੇਸੀ ਤੇ ਵਿਦੇਸ਼ੀ ਪ੍ਰਭਾਵਾਂ, ਆਂਤ੍ਰਿਕ ਤੇ ਬਾਹਰੀ ਸੰਘਰਸ਼ਾਂ, ਵਿਅੱਕਤੀਗਤ ਤੇ ਸਮੂਹਕ ਉਦਗਾਰਾਂ, ਭਿੰਨ ਭਿੰਨ ਜਾਤੀਆਂ ਵਜੋਂ ਤੇ ਸਮੂਚੀ ਪੰਜਾਬੀ ਕੌਮ ਵਜੋਂ, ਗ੍ਰਹਿਣ ਕੀਤਾ ਜਾਂ ਹਾਲਾਤ ਅਧੀਨ ਉਪਲੱਬਧ ਨਵਾਂ ਅਨੁਭਵ, ਕਿੰਨੀ ਸ਼ਿੱਦਤ ਜਾਂ ਤੀਬਰਤਾ ਅਤੇ ਵਿਰਾਟਤਾ ਜਾਂ ਵਿਸ਼ਾਲਤਾ ਨਾਲ, ਪੰਜਾਬੀ ਜੀਵਨ ਦੇ ਹਰੇਕ ਪੱਖ ਉਤੇ ਛਾਇਆ ਜਾਣ ਲਗ ਪਿਆ ਸੀ, ਇਸ ਸੰਬੰਧੀ ਤੱਥਾਂ ਉਤੇ ਆਧਾਰਤ ਪੂਰਨ ਤੇ ਭਰਪੂਰ ਜਾਣਕਾਰੀ ਤੋਂ ਬਿਨਾਂ, ਇਸ ਕਾਲ ਵਿਚ ਉਪਜੇ ਸਾਹਿੱਤ ਦੀ ਨਬਜ਼ ਨੂੰ ਪਛਾਣਨਾ ਸੰਭਵ ਨਹੀਂ ਹੋਵੇਗਾ, ਕਿਉਂਜੋ ਸਮਾਜਿਕ ਸਥਿੱਤੀ ਤੇ ਵਰਤ-ਵਰਤਾਰਾ ਹੀ ਕਿਸੇ ਕਾਲ-ਵਿਸ਼ੇਸ਼ ਦੀ ਸਾਹਿੱਤਕ ਗਤੀ ਨੂੰ ਨਿਰਧਾਰਿਤ ਕਰਦਾ ਹੈ। ਇਸ ਗਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਮਾਜ ਵਿਚ ਵਿਆਪਕ ਤਬਦੀਲੀਆਂ ਭਾਵੇਂ ਉਹ ਕਿੰਨੀਆਂ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਣ ਆਪਣੇ ਭੂਤ ਜਾਂ ਆਪਣੀ ਪਰੰਪਰਾ ਤੋਂ ਝਟ-ਪਟ ਤੇ ਪੂਰੀ ਤਰ੍ਹਾਂ ਕਦੇ ਵੀ ਨਿਖੜਨ ਜਾਂ ਟੁੱਟਣ ਦੇ ਸਮਰੱਥ ਨਹੀਂ ਹੋ ਸਕਦੀਆਂ। ਨਿਰਚੇਸ਼ਟਤਾ ਜਾਂ ਵਿਸ਼ਾਦ ਦੀ ਮੁੱਢਲੀ ਅਵਸਥਾ ਚੋਂ ਨਿਕਲ ਕੇ ਕੁਝ ਸਮੇਂ ਤਕ ਪੁਰਾਤਨਤਾ ਤੇ ਨਵੀਨਤਾ ਚੌਕਸੀ ਨਾਲ ਇਕ ਦੂਜੇ ਨਾਲ ਕਦਮ ਮੇਲਦੀਆਂ ਤੇ ਪੰਧ ਨਿਬੇੜਦੀਆਂ ਹਨ। ਸਮਾਂ ਪਾ ਕੇ ਜਦ ਨਵੇਂ ਦੀ ਸਾਰਥਕਤਾ ਤੇ ਉਪ-ਯੁਕਤਤਾ ਦਾ ਅਹਿਸਾਸ ਹੋ ਜਾਂਦਾ ਹੈ, ਤਾਂ ਹੀ ਪੁਰਾਤਨਤਾ ਦਾ ਪੱਲਾ ਛੱਡ ਕੇ ਨਵੀਨਤਾ ਨੂੰ ਪੂਰੇ ਜਾਂ ਅਧੂਰੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਐਨ ਇਸੇ ਤਰ੍ਹਾਂ ਕਿਸੇ ਕਾਲ ਦਾ ਸਾਹਿੱਤ ਆਪਣੇ ਭੂਤ ਜਾਂ ਆਪਣੇ ਵਿਰਸੇ ਤੋਂ ਇਕ ਦਮ ਮੂੰਹ ਨਹੀਂ ਮੋੜ ਲੈਂਦਾ। ਇਕ ਯੁਗ ਦੀ ਸਾਹਿੱਤਕ ਚੇਤੰਨਤਾ ਦੂਜੇ ਯੁਗ ਦੀ ਚੇਤੰਨਤਾ ਵਿਚ ਪੂਰੀ ਤਰ੍ਹਾਂ ਕਦੇ ਵੀ ਅਭੇਦ ਨਹੀਂ ਹੋ ਸਕਦੀ। ਪਰ ਨਵੀਆਂ ਪ੍ਰਸੱਥਿਤੀਆਂ, ਪ੍ਰਵਿਰਤੀਆਂ ਤੇ ਸੰਭਾਵਨਾਵਾਂ ਅਧੀਨ ਪੁਰਾਤਨ ਲੀਹਾਂ ਮੱਧਮ ਜ਼ਰੂਰ ਪੈ ਜਾਂਦੀਆਂ ਹਨ। ਕੁਝ ਸਮੇਂ ਤਕ ਸਾਹਿੱਤ ਦੇ ਪੁਰਾਣੇ ਰੂਪ, ਵਿਸ਼ੇ, ਉਦੇਸ਼, ਘੇਰੇ ਤੇ ਪਾਸਾਰ, ਨਵੇਂ ਪ੍ਰਵਿਸ਼ਟ ਹੋ ਰਹੇ ਸਾਹਿੱਤਕ ਪ੍ਰਯੋਗਾਂ ਤੇ ਉਦਗਮ

---

1. 29 ਮਾਰਚ 1849 ਨੂੰ ਲਾਹੌਰ ਦੇ ਕਿਲ੍ਹੇ ਵਿਚ ਇਕ ਵਿਸ਼ੇਸ਼ ਦਰਬਾਰ ਕਰ ਕੇ, ਦਲੀਪ ਸਿੰਘ ਨੂੰ ਗੱਦੀਓਂ ਲਾਹ ਕੇ ਸਾਰੇ ਪੰਜਾਬ ਉਤੇ ਅੰਗਰੇਜ਼ੀ ਰਾਜ ਦਾ ਐਲਾਨ ਕੀਤਾ ਗਿਆ।

ਹੋ ਰਹੀਆਂ ਪ੍ਰਵਿਰਤੀਆਂ ਦੇ ਨਾਲ ਨਾਲ ਤੁਰਦੇ ਦਿਖਾਈ ਦਿੰਦੇ ਹਨ ਅਤੇ ਉਸ ਅੰਤਰ-ਕਾਲੀ ਤੇ ਅਸਥਿਰਤਾ ਦੀ ਹਾਲਤ ਵਿਚ ਇਹ ਨਿਪਟਾਰਾ ਜਾਂ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ ਕਿ ਉਸ ਕਾਲ-ਵਿਸ਼ੇਸ਼ ਦੀ ਪ੍ਰਧਾਨ ਸਾਹਿੱਤਕ ਸੁਰ ਪਰੰਪਰਾਵਾਦੀ ਹੈ ਜਾਂ ਨਵੀਨ। ਨਵੇਂ ਯੁਗ ਦੀਆਂ ਗਤੀ-ਵਿਧੀਆਂ ਦੇ ਪ੍ਰਭਾਵ ਅਧੀਨ ਰਚੇ ਜਾ ਰਹੇ ਸਾਹਿੱਤ ਵਿਚ ਚਿਰੰਜੀਵਤਾ ਤੇ ਸਾਰਥਕਤਾ ਦੇ ਪਗ-ਚਿੰਨ੍ਹਾਂ ਦੀਆਂ ਕੋਈ ਸੰਭਾਵਨਾਵਾਂ ਹਨ ਵੀ ਜਾਂ ਨਹੀਂ? ਸਮਾਂ ਪਾ ਕੇ ਪੁਰਾਣੀਆਂ ਸਾਹਿੱਤਕ ਪਰੰਪਰਾਵਾਂ ਅਚੇਤ ਹੀ ਮੱਧਮ ਪੈਂਦੀਆਂ ਪ੍ਰਤੀਤ ਹੁੰਦੀਆਂ ਹਨ ਤੇ ਨਵੀਨ ਕਲਾ-ਵੰਨਗੀਆਂ ਵਿਚ ਨਵੇਂ ਸਾਹਿੱਤਕ ਉਦੇਸ਼ ਨਿਖਰ ਕੇ ਸਾਹਮਣੇ ਆ ਜਾਂਦੇ ਹਨ। ਨਵੀਨਤਾ ਤੇ ਪੁਰਾਤਨਤਾ ਦੇ ਸੁਮੇਲ ਦਾ ਇਹ ਸਾਹਿੱਤਕ ਸੰਗਮ ਆਪਣੀ ਵਿਚਿਤ੍ਰਤਾ ਕਰ ਕੇ ਲੋਕਾਂ ਦਾ ਵਿਸ਼ੇਸ਼ ਧਿਆਨ ਖਿੱਚਦਾ ਹੈ। ਪੁਰਾਤਨਤਾ ਤੋਂ ਪੂਰਨ ਭਾਂਤ ਮੁਕਤੀ ਤੇ ਨਵੀਨਤਾ ਦੀ ਸੰਪੂਰਨ ਸਵੀਕਰਤੀ ਇਸ ਤੱਥ ਉਤੇ ਆਧਾਰਤ ਹੁੰਦੀ ਹੈ ਕਿ ਲੋਕਾਂ ਨੇ ਕਿੰਨੀ ਤੀਬਰਤਾ ਜਾਂ ਉਤਸ਼ਾਹ ਨਾਲ ਇਸ ਨਵੇਂ ਤੇ ਪਰਿਵਰਤਤ ਵਾਤਾਵਰਣ ਨੂੰ ਅੰਗੀਕਾਰ ਕੀਤਾ ਹੈ। ਸ਼ਕਤੀਸ਼ਾਲੀ ਸੰਘਰਸ਼, ਤੀਬਰ ਟਕਰਾਉ, ਪ੍ਰਤਿਕਰਮ ਜਾਂ ਵਿਦ੍ਰੋਹ, ਜੀਵਨ ਉਦੇਸ਼ਾਂ ਵਿਚ ਮੂਲ ਤਬਦੀਲੀ ਜਾਂ ਉਥਲ ਪੁੱਥਲ ਦਾ ਅਹਿਸਾਸ ਆਮ ਲੋਕਾਂ ਵਿਚ ਜਿੰਨੀ ਬੇ-ਚੈਨੀ, ਉਪਰਾਮਤਾ, ਅਸਥਿਰਤਾ ਅਥਵਾ ਵੰਗਾਰਾਂ ਨੂੰ ਜਨਮ ਦੇਵੇਗਾ, ਸਮੁੱਚੀ ਕੌਮ ਆਪਣੀ ਹੋਣੀ ਵਲੋਂ ਸੁਚੇਤ ਹੋ ਕੇ ਤੀਬਰਤਾ, ਲਗਨ ਅਤੇ ਉਤਸ਼ਾਹ ਨਾਲ ਸਮੇਂ ਦੇ ਹਾਣ ਜਾਂ ਬਰਾਬਰ ਹੋ ਕੇ ਤੁਰਨ ਲਈ ਓਨੀ ਹੀ ਵਿਆਕੁਲ ਹੋ ਉਠੇਗੀ ਅਤੇ ਉਸੇ ਦੇ ਅਨੁਕੂਲ ਹੀ ਰਚੇ ਜਾ ਰਹੇ ਸਾਹਿਤ ਦੀ ਤੋਰ ਤਿੱਖੀ, ਸੇਧ ਨਿਸ਼ਚਿਤ, ਸੁਰ ਸ਼ਕਤੀਸ਼ਾਲੀ, ਪ੍ਰਾਪਤੀ ਨਿੱਗਰ ਤੇ ਭਵਿੱਖ ਉਜਲਾ ਤੇ ਉਤਸ਼ਾਹ-ਜਨਕ ਹੋਵੇਗਾ। ਪਰ ਅਜਿਹੀ ਪ੍ਰਸਥਿਤੀ ਦਾ ਇਕ ਮਹੱਤਵਪੂਰਨ ਪੱਖ ਜਾਂ ਅੰਗ ਇਹ ਹੁੰਦਾ ਹੈ ਕਿ ਇਨ੍ਹਾਂ ਸੰਘਰਸ਼ਾਂ, ਪਰਿਵਰਤਨਾਂ, ਘਟਨਾਵਾਂ ਤੇ ਘਾਲਨਾਵਾਂ ਅਧੀਨ ਸਮੁੱਚਾ ਵਾਤਾਵਰਣ ਕੁਝ ਅਜਿਹਾ ਗੰਧਲਾ ਤੇ ਧੁੰਦਲਾ ਹੋਇਆ ਹੁੰਦਾ ਹੈ ਕਿ ਸਮਕਾਲੀ ਜੀਵਨ ਦੀ ਸਹੀ ਤਸਵੀਰ[2] ਆਪਣੇ ਅਸਲੀ ਰੂਪ ਤੇ ਨਿਖਾਰ ਵਿਚ ਸਾਹਮਣੇ ਨਹੀਂ ਆਉਂਦੀ। ਉਸ ਦਾ ਕੇਵਲ ਝਾਵਲਾ ਜਾਂ ਖਾਕਾ ਹੀ ਅੱਖਾਂ ਅਗੇ ਹੁੰਦਾ ਹੈ ਤੇ ਉਸ ਦਾ ਸਹੀ ਰੰਗ-ਢੰਗ ਇਤਿਹਾਸ ਦੇ ਚੌਖਟੇ ਵਿਚ ਜੜੇ ਜਾਣ ਤੋਂ ਪਿਛੋਂ ਹੀ ਉੱਘੜਦਾ ਹੈ। ਬੀਤ ਰਹੇ ਦੌਰਾਨ ਹਰ ਵਰਗ ਜਾਂ ਵਿਅਕਤੀ ਦੀ ਦ੍ਰਿਸ਼ਟੀ ਅੰਤਰ-ਮੁਖੀ ਹੁੰਦੀ ਹੈ ਤੇ ਆਪੋ ਆਪਣੇ ਹਿੱਤਾਂ ਤੇ ਪੱਖਾਂ ਦੇ ਰੰਗ ਵਿਚ ਰੰਗੀ ਹੁੰਦੀ ਹੈ।

---

2. Bergson Henri, "Practically we perceive only the past, the pure present being the invisible, progress of the past gnawing into future."

'Matter and Memory', London-1913, p.194.

ਉਨ੍ਹੀਵੀਂ ਸਦੀ ਦਾ ਉੱਤਰਾਰਧ ਪੰਜਾਬ ਦੇ ਸਮੁਚੇ ਇਤਿਹਾਸ ਵਿਚ ਆਮ ਕਰ ਕੇ ਅਤੇ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਵਿਸ਼ੇਸ਼ ਕਰ ਕੇ ਹੋਣੀਆਂ-ਭਰਪੂਰ ਹੈ। ਇਨ੍ਹਾਂ ਵਰ੍ਹਿਆਂ ਵਿਚ ਪੰਜਾਬੀ ਕੌਮ ਨੇ ਜੋ ਤਬਦੀਲੀਆਂ ਵੇਖੀਆਂ, ਉਨ੍ਹਾਂ ਅਧੀਨ , ਪੰਜਾਬੀਆਂ ਦਾ ਕੌਮੀ ਚਰਿਤ੍ਰ ਹੀ ਬਦਲ ਗਿਆ। ਉਨ੍ਹਾਂ ਦੀਆਂ ਭਾਵਨਾਵਾਂ, ਉਦੇਸ਼ ਤੇ ਨਕਸ਼ ਨਵੇਂ ਰੂਪ ਵਿਚ ਨਿਖਰ ਕੇ ਸਾਹਮਣੇ ਆਏ । ਇਸ ਰੂਪ ਤੇ ਚਰਿਤ੍ਰ ਦੇ ਪਰਿਵਰਤਨ ਦਾ ਵਿਸਥਾਰ ਅਤੇ ਵਿਸ਼ਾ-ਨਿਰਧਾਰਣ ਹੀ, ਇਸ ਕਾਲ ਵਿਚ ਰਚੇ ਗਏ ਸਾਹਿੱਤ ਦੀ ਪ੍ਰਧਾਨ ਸੁਰ ਹੈ ਤੇ ਇਹੀ ਸਾਡਾ ਉਸ ਵੇਲੇ ਦਾ ਕੌਮੀ ਇਤਿਹਾਸ।[3]

ਅਗਲੇ ਪੰਨਿਆਂ ਵਿਚ ਪੰਜਾਬੀ ਕੌਮ ਦੀ ਉਸ ਵੇਲੇ ਦੀ ਸਮੁਚੀ ਤਸਵੀਰ, ਸਮੇਤ ਇਸ ਦੀ ਸਡੌਲਤਾ, ਕਦ-ਬੁਤ, ਰੂਪ-ਰੰਗ, ਗੁਲਾਈਆਂ, ਉਭਾਰਾਂ, ਸ਼ਕਤੀਆਂ, ਕਮਜ਼ੋਰੀਆਂ, ਆਸ਼ਾਵਾਂ, ਦੁਬਿਧਾਵਾਂ ਤੇ ਵਿਸ਼ਾਦਾਂ ਦੇ ਉਲੀਕਣ ਦਾ ਯਤਨ ਕੀਤਾ ਗਿਆ ਹੈ, ਜਿਹੜੀ ਤਸਵੀਰ ਕਿਧਰੇ ਤਾਂ ਨਿਸ਼ਾ ਦੇ ਘੁਸਮੁਸੇ ਵਿਚ ਆਪਣੀ ਹੋਂਦ ਦੇ ਨਕਸ਼ ਗੁਆਉਂਦੀ ਪ੍ਰਤੀਤ ਹੁੰਦੀ ਹੈ, ਕਿਤੇ ਸਰਘੀ ਦੇ ਪਹੁ-ਫੁਟਾਲੇ ਦੀ ਲਾਲੀ ਵਿਚ ਪੂਰੇ ਜੋਬਨ ਵਿਚ ਆਈ ਦਿਸਦੀ ਹੈ — ਅਜਿਹੀ ਤਸਵੀਰ ਜਿਹੜੀ ਦਿਸਹੱਦੇ ਤੇ ਖਲੋਤੀ, ਭੂਤ ਵਿਚੋਂ ਆਪਣਾ ਆਪਾ ਲੱਭਦੀ ਹੈ ਤੇ ਕਦੇ ਨਵੇਂ ਯੁਗ ਦੀ ਰੋਸ਼ਨੀ ਵਿਚ ਨਿਸਚਿਤ ਤੇ ਉਚੇਰੀ ਮੰਜ਼ਿਲ ਵਲ ਕਦਮ ਪੁਟਦੀ ਦਿਖਾਈ ਦਿੰਦੀ ਹੈ। ਇਸ ਆਸ਼ਾ-ਨਿਰਾਸ਼ਾ, ਊਸ਼ਾ-ਨਿਸ਼ਾ, ਭੂਤ ਦੀ ਖਿੱਚ ਤੇ ਭਵਿਖ ਦੀ ਤਾਂਘ ਦੇ ਰਲਵੇਂ ਭਾਵਾਂ ਅਧੀਨ ਅਸੀਂ ਵੀਹਵੀਂ ਸਦੀ ਦਾ ਦੁਆਰ ਜਾ ਖੜਕਾਉਂਦੇ ਹਾਂ।

## ਭੂਗੋਲਕ ਹੱਦਾਂ ਤੇ ਆਬਾਦੀ

ਮਹਾਰਾਜਾ ਰਣਜੀਤ ਸਿੰਘ ਸਮੇਂ ਦਾ ਪੰਜਾਬ, ਜਾਂ ਉਹ ਪੰਜਾਬ ਜਿਸ ਉੱਤੇ ਅੰਗਰੇਜ਼ਾਂ ਨੇ 1849 ਈ. ਵਿਚ ਕਬਜ਼ਾ ਕੀਤਾ ਸੀ, ਉਸ ਦੀਆਂ ਭੂਗੋਲਕ ਹੱਦਾਂ ਅਜੋਕੇ ਪੰਜਾਬ(ਸਮੇਤ ਭਾਰਤੀ ਤੇ ਪਾਕਿਸਤਾਨੀ ਪੰਜਾਬਾਂ ਦੇ ) ਨਾਲੋਂ ਬਿਲਕੁਲ ਭਿੰਨ ਸਨ। ਉਹ ਪੰਜਾਬ ਵਾਸਤਵ ਵਿਚ ਸੰਯੁਕਤ ਪ੍ਰਾਂਤ (ਹੁਣ ਉੱਤਰ ਪ੍ਰਦੇਸ਼) ਦੇ ਪੱਛਮ ਵਲ ਦਾ ਉਹ ਸਾਰਾ ਇਲਾਕਾ ਜਿਸ ਦੀਆਂ ਹੱਦਾਂ ਅਫਗਾਨਿਸਤਾਨ ਨੂੰ ਜਾ ਛੁਹੰਦੀਆਂ ਸਨ ਅਤੇ ਜਿਸ ਵਿੱਚ ਕੁਝ ਪਹਾੜੀ ਤੇ ਦੇਸੀ ਰਿਆਸਤਾਂ ਨੂੰ ਛੱਡ ਕੇ, ਅੱਜ ਦਾ ਸਾਰਾ

---

3. Tara Chand-(Dr.), "Literature portrays the life of the Society, and records its yearnings, aspirations, and doubts. It is therefore an invaluable record of the changes, through which Society passes. History of Social and intellectual transformation during the 19th Century may be read with advantage in the literary work produced during the period.

History of Freedom Movement, Vol.II, p.582.

ਸਰਹੱਦੀ ਪ੍ਰਾਂਤ ਤੇ ਪੱਛਮੀ ਪੰਜਾਬ(ਦੋਵੇਂ ਪਾਕਿਸਤਾਨ ਵਿਚਲੇ) ਸਾਰਾ ਜੰਮੂ ਕਸ਼ਮੀਰ, ਉੱਤਰ ਵਿਚ ਕੇਂਦਰੀ ਹਮਾਲੀਆ ਤੇ ਤਿੱਬਤ ਦੀ ਹੱਦ ਤਕ ਲਾਹੌਲ ਸਪਿਤੀ, ਹੁਣ ਦੇ ਹਰਿਆਣੇ ਤੇ ਪੈਪਸੂ ਦੇ ਪਿਛਲੇ ਇਲਾਕੇ ਦਾ ਵਡੇਰਾ ਭਾਗ ਅਤੇ ਦੱਖਣ ਵਿਚ ਰਾਜਪੂਤਾਨੇ ਦੀ ਸੀਮਾ ਸ਼ਾਮਲ ਸੀ।

ਸਾਡੇ ਅਧਿਐਨ ਦੇ 51 ਵਰ੍ਹਿਆਂ ਵਿਚ ਪੰਜਾਬ ਦੀਆਂ ਭੂਗੋਲਕ ਹੱਦਾਂ ਵਿਚ ਸਮੇਂ ਸਮੇਂ ਰਾਜਸੀ, ਪ੍ਰਬੰਧਕੀ ਜਾਂ ਹੋਰ ਕਾਰਨਾਂ ਕਰ ਕੇ ਤਬਦੀਲੀ ਕੀਤੀ ਜਾਂਦੀ ਰਹੀ, ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

ੳ) 1809 ਈ. ਦੇ ਅਹਿਦਨਾਮੇ ਮੁਤਾਬਿਕ ਦੇਸੀ ਰਿਆਸਤਾਂ ਦੇ ਇਲਾਕਿਆਂ ਨੂੰ ਛੱਡ ਕੇ, ਸਤਲੁਜ ਦਰਿਆ ਦੇ ਪੂਰਬ ਵਲ ਦਾ ਸਾਰਾ ਇਲਾਕਾ ਅੰਗਰੇਜ਼ੀ ਅਧਿਕਾਰ ਹੇਠ ਆ ਗਿਆ ਸੀ।

ਅ) 1846 ਈ. ਦੇ ਲਾਹੌਰ ਦੇ ਅਹਿਦਨਾਮੇ ਅਨੁਸਾਰ ਜਲੰਧਰ ਦੁਆਬ ਅਤੇ ਕਾਂਗੜੇ ਦਾ ਪਹਾੜੀ ਇਲਾਕਾ, ਅੰਗਰੇਜ਼ਾਂ ਨੂੰ ਸੌਂਪਿਆ ਗਿਆ।

ੲ) ਰਾਜਿਆਂ ਦੇ ਮੰਦ-ਵਰਤਾਰੇ ਕਰ ਕੇ ਜਨਵਰੀ 1847 ਵਿਚ ਦੇਸੀ ਰਿਆਸਤਾਂ ਦਾ ਕੁਝ ਹਿੱਸਾ ਜ਼ਬਤ ਕਰ ਲਿਆ ਗਿਆ ਅਤੇ ਗੋਰਖਿਆਂ ਦੀ ਲੜਾਈ (1814-16 ) ਅਤੇ ਪਿੱਛੋਂ ਕੁਝ ਇਲਾਕਿਆਂ ਦੇ ਵਟਾਂਦਰੇ ਕਰ ਕੇ ਸ਼ਿਮਲੇ ਦਾ ਇਲਾਕਾ ਵੀ ਅੰਗਰੇਜ਼ੀ ਅਧਿਕਾਰ ਹੇਠ ਆ ਗਿਆ।

ਸ) 1849 ਈ. ਨੂੰ ਲਾਹੌਰ ਦੇ ਕਬਜ਼ੇ ਪਿੱਛੋਂ ਬਿਆਸ ਦਰਿਆ ਦੇ ਪੱਛਮ ਵਲ ਦਾ ਸਿੱਖ ਰਾਜ ਵਿਚਲਾ ਸਾਰਾ ਇਲਾਕਾ ਅੰਗਰੇਜ਼ੀ ਰਾਜ ਦਾ ਅੰਗ ਬਣ ਗਿਆ।

ਇਸ ਤਰ੍ਹਾਂ ਤਿੰਨ ਮੈਂਬਰੀ ਬੋਰਡ ਨੇ 1849 ਈ. ਵਿਚ ਰਾਜ ਭਾਗ ਸੰਭਾਲਦਿਆਂ ਹੀ ਅੰਗਰੇਜ਼ੀ ਅਧਿਕਾਰ ਹੇਠ ਆਉਂਦੇ ਪੰਜਾਬ ਦੇ ਸਾਰੇ ਰਾਜ ਨੂੰ 24 ਜ਼ਿਲ੍ਹਿਆਂ ਤੇ 7 ਡਵੀਜ਼ਨਾਂ ਵਿੱਚ ਵੰਡ ਦਿੱਤਾ। 1850 ਈ. ਵਿਚ ਕੋਹਾਟ ਤੇ ਹਜ਼ਾਰੇ ਦੇ ਜ਼ਿਲਿਆਂ ਦਾ ਇਕ ਅਠਵਾਂ ਡਵੀਜ਼ਨ ਪਿਸ਼ਾਵਰ ਨੂੰ ਬਣਾ ਦਿੱਤਾ ਗਿਆ।

ਗ਼ਦਰ ਤੋਂ ਪਿੱਛੋਂ 1858 ਈ. ਵਿਚ ਦਿੱਲੀ ਗੜਗਾਉਂ, ਕਰਨਾਲ, ਰੋਹਤਕ, ਹਿਸਾਰ ਤੇ ਸਰਸਾ ਦੇ ਜ਼ਿਲ੍ਹੇ ਉੱਤਰ ਪ੍ਰਦੇਸ਼ ਨਾਲੋਂ ਤੋੜ ਕੇ ਪੰਜਾਬ ਵਿਚ ਮਿਲਾ ਲਏ ਗਏ ਤੇ ਇਸ ਤਰ੍ਹਾਂ ਜ਼ਿਲ੍ਹਿਆਂ ਦੀ ਗਿਣਤੀ 31 ਹੋ ਗਈ। ਇਸ ਦੇ ਨਾਲ ਹੀ ਪੰਜਾਬ ਦਾ ਮੁੱਖ ਪ੍ਰਬੰਧਕ ਅਧਿਕਾਰੀ, ਚੀਫ ਕਮਿਸ਼ਨਰ ਦੀ ਬਜਾਇ ਲੈਫਟੀਨੈਂਟ ਗਵਰਨਰ ਬਣਾ ਦਿੱਤਾ ਗਿਆ।

25 ਅਕਤੂਬਰ, 1901 ਈ. ਨੂੰ ਹਜ਼ਾਰਾ, ਪਿਸ਼ਾਵਰ, ਕੋਹਾਟ, ਬੰਨੂੰ ਅਤੇ ਡੇਰਾ ਇਸਮਾਈਲ ਖਾਂ ਦੇ ਜ਼ਿਲ੍ਹਿਆਂ ਨੂੰ ਪੰਜਾਬ ਨਾਲੋਂ ਤੋੜ ਕੇ ਇਕ ਵੱਖਰਾ ਉੱਤਰ ਪੱਛਮੀ ਸਰਹੱਦੀ ਪ੍ਰਾਂਤ ਬਣਾ ਦਿੱਤਾ ਗਿਆ।[4]

---

4. ਮਰਦਮ ਸ਼ੁਮਾਰੀ ਦੀ ਰੀਪੋਰਟ, ਸੰਨ 1901, ਪੰਨਾ 4.

ਇਸ ਤਰ੍ਹਾਂ ਅੰਗਰੇਜ਼ੀ ਰਾਜ ਅਧੀਨ ਉਸ ਵੇਲੇ ਦਾ ਪੰਜਾਬ ਇਕ ਲੱਖ ਪੈਂਤੀ ਹਜ਼ਾਰ ਪੰਜ ਸੌ ਛਿਆਨਵੇਂ ( 1,35,596) ਵਰਗ ਮੀਲ ਵਿਚ ਫੈਲਿਆ ਹੋਇਆ ਸੀ ।

1901[5] ਈ. ਦੀ ਮਰਦਮ ਸ਼ੁਮਾਰੀ ਅਨੁਸਾਰ ਪੰਜਾਬ ਦੀ ਕੁਲ ਵਸੋਂ, ਦੋ ਕਰੋੜ ਇਕਵੰਜਾ ਲੱਖ ਤੀਹ ਹਜ਼ਾਰ ਇਕ ਸੌ ਸਤਾਈ ( 2,51,30,127 ) ਸੀ । ਏਸੇ ਰੀਪੋਰਟ ਅਨੁਸਾਰ ਇਨ੍ਹਾਂ ਵਿੱਚੋਂ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ[6] ਇਕ ਕ੍ਰੋੜ ਪਚਵੰਜਾ ਲੱਖ ਪੈਂਹਠ ਹਜ਼ਾਰ ਤਿੰਨ ਸੌ ਤ੍ਰਿਾਨਵੇਂ ( 1,55,65,393) ਸੀ। ਗ੍ਰੀਅਰਸਨ ਨੇ ਆਪਣੀ ਪੁਸਤਕ " ਲਿੰਗੁਇਸਟਿਕ ਸਰਵੇ ਔਫ ਇੰਡੀਆ " ਵਿਚ ਲਹਿੰਦੀ ਨੂੰ ਪੰਜਾਬੀ ਨਾਲੋਂ ਵੱਖਰੀ ਭਾਸ਼ਾ ਸਿੱਧ ਕੀਤਾ ਸੀ, ਜਿਸ ਵਿਚਾਰ ਦਾ ਪਿੱਛੋਂ ਸਾਰੇ ਭਾਸ਼ਾ-ਵਿਗਿਆਨੀਆਂ ਤੇ ਪ੍ਰੇਮੀਆਂ ਨੇ ਖੰਡਨ ਕੀਤਾ ਹੈ। 1901 ਈ. ਦੀ ਰੀਪੋਰਟ ਅਨੁਸਾਰ ਪੰਜਾਬੀ ਤੋਂ ਬਿਨਾਂ ਵੀਹ ਲੱਖ ਇਕਾਨਵੇਂ ਹਜ਼ਾਰ ਚਾਰ ਸੌ ਇਕ, ਲੋਕਾਂ ਨੂੰ ਲਹਿੰਦੀ ਭਾਸ਼ਾ ਬੋਲਣ ਵਾਲਿਆਂ ਵਿਚ ਰੱਖਿਆ ਗਿਆ ਸੀ। ਨਵੀਂ ਮਾਨਤਾ ਅਧੀਨ ਲਹਿੰਦੀ ਨੂੰ ਪੰਜਾਬੀ ਦੀ ਇਕ ਉਪ-ਭਾਖਾ ਮੰਨ ਕੇ, ਜੋੜ ਕਰੀਏ ਤਾਂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਇਕ ਕਰੋੜ ਛਿਹੱਤਰ ਲੱਖ ਛਪੰਜਾ ਹਜ਼ਾਰ ਸੱਤ ਸੌ ਚੁਰਾਨਵੇਂ ਬਣਦੀ ਹੈ। ਪੰਜਾਬ ਵਿਚ ਬੋਲੀਆਂ ਜਾਣ ਵਾਲੀਆਂ ਹੋਰ ਭਾਸ਼ਾਵਾਂ ਵਿਚ ਬਲੋਚੀ, ਪਸ਼ਤੋ, ਕਸ਼ਮੀਰੀ, ਰਾਜਸਥਾਨੀ, ਪੱਛਮੀ ਹਿੰਦੀ, ਪੱਛਮੀ ਪਹਾੜੀ ਤੇ ਹਿਮਾਲੀਆਈ ਆਉਂਦੀਆਂ ਹਨ, ਜਿਹੜੀਆਂ ਕੁਲ ਮਿਲਾ ਕੇ ਚੁਹੱਤਰ ਲੱਖ ਤਿਹੱਤਰ ਹਜ਼ਾਰ ਤਿੰਨ ਸੌ ਤੇਤੀ ਲੋਕ ਬੋਲਦੇ ਸਨ।

ਪ੍ਰਬੰਧਕੀ ਬੋਰਡ ਵਲੋਂ ਪੰਜਾਬ ਦਾ ਰਾਜ ਸੰਭਾਲਣ ਦੇ ਪੰਜ ਵਰ੍ਹਿਆਂ ਦੇ ਅੰਦਰ ਅੰਦਰ ਪਹਿਲੀ ਮਰਦਮ ਸ਼ੁਮਾਰੀ 1854 ਈ. ਅਤੇ ਦੂਜੀ 1868 ਈ. ਵਿਚ ਕੀਤੀ ਗਈ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਭਰੋਸੇ ਯੋਗ ਨਹੀਂ ਸਮਝਿਆ ਜਾ ਸਕਦਾ ਕਿਉਂਜੋ ਉਸ ਵੇਲੇ ਤਕ ਪ੍ਰਬੰਧਕੀ ਢਾਂਚਾ ਅਜੇ ਪੂਰੀ ਤਰ੍ਹਾਂ ਸੰਗਠਤ ਨਹੀਂ[7]

---

5. ਮਰਦਮਸ਼ੁਮਾਰੀ ਦੀ ਰੀਪੋਰਟ ਸੰਨ 1901, ਪੰਨਾ 279

6. "The great mass of its population speaks Panjabi or dialects closaly akin to it and it is solely on its extreme borders that Balochi, Pushto, Bhotia and Kanawri- the only foreign languages of any numerical importance are to be found. "Census Report, 1901, p.279

7. Ibid, p.186." As the Administrative machinary was not then fully developed, the first two census of Panjab (1854 & 1868) were at best a preliminary attempt to collect various informations about the population, which were for the first time done exhaustively only in the census of 1881."

ਸੀ ਹੋਇਆ। 31 ਦਸੰਬਰ 1854 [8] ਨੂੰ ਹੋਈ ਇਸ ਮਰਦਮ ਸ਼ੁਮਾਰੀ ਵਿਚ ਪੰਜਾਬ ਦੀ ਕੁਲ ਵਸੋਂ ਇਕ ਕਰੋੜ ਇਕਵੰਜਾ ਲੱਖ ਇਕਾਹਟ ਹਜ਼ਾਰ ਤਿੰਨ ਸੌ ਇੱਕੀ ਸੀ। ਇਸ ਮਰਦਮ ਸ਼ੁਮਾਰੀ ਅਨੁਸਾਰ ਪੰਜਾਬ ਵਿਚ ਉਸ ਵੇਲੇ ਕੁਲ 26,000 ਪਿੰਡ ਅਤੇ ਕੇਵਲ 4 ਸ਼ਹਿਰ ਸਨ। ਇਸ ਮਰਦਮ ਸ਼ੁਮਾਰੀ ਵਿਚ ਸਿੱਖਾਂ ਨੂੰ ਹਿੰਦੂਆਂ ਵਿਚ ਹੀ ਗਿਣਿਆ ਗਿਆ ਅਤੇ ਦਲੀਲ ਇਹ ਦਿੱਤੀ ਗਈ ਕਿ ਸਿੱਖ ਰਾਜ ਹੁਣ ਸਮਾਪਤ ਹੋ ਗਿਆ ਹੈ। ਹੁਣ ਸਿੱਖ ਬੱਚਿਆਂ ਨੂੰ ਪਹਿਲਾਂ ਵਾਂਗ ਅੰਮ੍ਰਿਤ ਨਹੀਂ ਛਕਾਇਆ ਜਾਂਦਾ, ਇਸ ਲਈ ਪਾਹੁਲ ਲੈਣ ਤੋਂ ਬਿਨਾਂ ਉਹ ਹਿੰਦੂ ਹੀ ਹਨ।[9] ਕੇਵਲ ਲਾਹੌਰ ਡਵੀਜ਼ਨ ਵਿਚ ਸਿਖਾਂ ਦੀ ਵੱਖਰੀ ਗਿਣਤੀ ਕੀਤੀ ਗਈ ਜਿਹੜੀ ਦੋ ਲੱਖ ਦੇ ਕਰੀਬ ਸੀ।

1868 ਦੀ ਮਰਦਮਸ਼ੁਮਾਰੀ ਵਿਚ ਪੰਜਾਬ ਦੀ ਕੁਲ ਆਬਾਦੀ ਇਕ ਕ੍ਰੋੜ ਛਿਹੱਤਰ ਲੱਖ ਨੌਂ ਹਜ਼ਾਰ ਪੰਜ ਸੌ ਅਠਾਰਾਂ, 1881 ਈ. ਦੀ ਮਰਦਮ ਸ਼ੁਮਾਰੀ ਅਨੁਸਾਰ ਇਕ ਕਰੋੜ ਅਠਾਸੀ ਲੱਖ ਪੰਜਾਹ ਹਜ਼ਾਰ ਚਾਰ ਸੌ ਸੈਤੀ ਅਤੇ 1891 ਈ. ਦੀ ਮਰਦਮ ਸ਼ੁਮਾਰੀ ਵਿਚ ਇਹ ਅੰਕੜੇ ਦੋ ਕ੍ਰੋੜ ਅੱਠ ਲੱਖ ਛਿਆਹਟ ਹਜ਼ਾਰ ਅੱਠ ਸੌ ਸੰਤਾਲੀ ਦਰਜ ਹਨ।

## ਰਾਜਸੀ ਪਿਛੋਕੜ ( 1849 ਈ. ਤੋਂ 1900 ਈ. ਤਕ )

29 ਮਾਰਚ 1849 ਈ. ਨੂੰ ਪੰਜਾਬ ਉਤੇ ਅੰਗਰੇਜ਼ਾਂ ਨੇ ਪੱਕੀ ਤਰ੍ਹਾਂ ਕਬਜ਼ਾ ਕਰ ਲਿਆ। 1846 ਈ. ਵਿਚ ਸਿੱਖਾਂ ਨੂੰ ਸਭਰਾਓਂ ਵਿਚ ਅੰਗਰੇਜ਼ਾਂ ਹੱਥੋਂ ਹੋਈ ਹਾਰ ਦੇ ਹਰਜਾਨੇ ਵਜੋਂ ਪੰਜਾਬ ਦਾ ਕਾਫੀ ਭਾਗ[10] ਪਹਿਲਾਂ ਹੀ ਅੰਗਰੇਜ਼ੀ ਅਧਿਕਾਰ ਵਿਚ ਜਾ ਚੁੱਕਾ ਸੀ। ਚੇਲੀਆਂ-ਵਾਲੇ ਅਤੇ ਗੁਜਰਾਤ ਵਿਚ ਅੰਤਿਮ ਹਾਰ ਉਪਰੰਤ ਸਿੱਖ ਰਾਜ ਦਾ ਬਾਕੀ ਭਾਗ ਵੀ,[11] ਭਾਰਤ ਦੇ ਗਵਰਨਰ ਜਨਰਲ ਲਾਰਡ

---

8. Thorburn-SS-'Punjab in Peace and War', p.186.

9. Binglay A.H.,"During the days of Ranjit Singh when spiritual ferver and national pride worked in common, the number of those, who joined the national faith was predominantly great. But after the British conquest of the Panjab, Sikhism has lost much of its old popularity. The Khalsa has fallen to rise no more and its number were uncertain of the temper of their new masters. As a consequence the Sikhs lay low and refrained from bringing their sons to baptism." 'Sikhs'-Simla-1899. Reprint Patiala, 1970, p.56.

10. Chhabra G.S.,"The Jullundur Doab and the hill district of Kangra which were ceeded to the British Govt, by the treaty of Lahore concluded in March, 1846, after the termination of Ist Sikh War." Social and Economic History of Panjab-Jullundur 1962, p.1.

11. Ibid, p.i."The Panjab West of the river Bias annexed in March, 1849 on the close of Sikh war."

ਡਲਹੌਜ਼ੀ ਨੇ ਲਾਹੌਰ ਦੇ ਅੰਗਰੇਜ਼, ਰੈਜ਼ੀਡੈਂਟ, ਸਰ ਹੈਨਰੀ ਲਾਰੰਸ ਦੀ ਵਿਰੋਧਤਾ[12] ਦੇ ਬਾਵਜੂਦ ਅੰਗਰੇਜ਼ੀ ਸਾਮਰਾਜ[13] ਦਾ ਅੰਗ ਬਣਾ ਲਿਆ। ਉਸ ਦੀ ਇਸ ਨੀਤੀ ਨੂੰ ਨਿਰਦੈਤਾ-ਭਰਪੂਰ, ਧੱਕੇਸ਼ਾਹੀ ਵਾਲੀ ਤੇ ਗੈਰ-ਵਾਜਬੀ ਆਖਿਆ ਗਿਆ ਜਿਸ ਦੀ ਪੁਸ਼ਟੀ ਪਿਛੋਂ ਇਤਿਹਾਸਕਾਰਾਂ[14] ਨੇ ਕੀਤੀ ਪਰ ਉਹ ਆਪਣੇ ਫੈਸਲੇ ਉਤੇ ਦ੍ਰਿੜ੍ਹ ਰਿਹਾ। ਮਹਾਰਾਜਾ ਦਲੀਪ ਸਿੰਘ ਨੂੰ 5 ਲੱਖ ਰੁਪਏ ਦੀ ਸਾਲਾਨਾ ਪੈਨਸ਼ਨ ਦੇ ਕੇ ਡਾਕਟਰ ਜੌਹਨ ਲੋਗਿਨ ਦੀ ਸਰਪ੍ਰਸਤੀ ਹੇਠ ਰੱਖਿਆ ਗਿਆ ਅਤੇ ਉਸ ਦੀ ਜਾਇਦਾਦ ਈਸਟ ਇੰਡੀਆ ਕੰਪਨੀ ਦੇ ਨਾਂ ਤੇ ਜ਼ਬਤ ਕਰ ਲਈ ਗਈ। ਇਤਿਹਾਸਕਾਰਾਂ ਨੇ ਡਲਹੌਜੀ ਦੇ ਪੰਜਾਬ ਉਤੇ ਕਬਜ਼ੇ ਨੂੰ ਸੰਨ੍ਹ ਆਖਿਆ ਹੈ, ਪਰ ਉਸ ਦੇ ਸਾਹਮਣੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸੰਮਿਲਤ ਕਰਨ ਦੇ ਤਿੰਨ ਕਾਰਨ ਪ੍ਰਤੀਤ ਹੁੰਦੇ ਹਨ:-

1. ਅਫਗਾਨਿਸਤਾਨ ਅਤੇ ਰੂਸ ਦੀਆਂ ਤਾਕਤਾਂ ਨੂੰ ਪੱਕੀ ਤਰ੍ਹਾਂ ਠੱਲ੍ਹ ਪਾਉਣ ਲਈ ਅੰਗਰੇਜ਼ ਸੈਨਾ ਤੇ ਸ਼ਕਤੀ ਨੂੰ ਭਾਰਤ ਦੀਆਂ ਉੱਤਰ-ਪੱਛਮੀ ਸੀਮਾਵਾਂ ਉਤੇ ਵੱਧ ਤੋਂ ਵੱਧ ਸੰਗਠਤ ਕਰਨਾ ਅਤੇ ਲੋੜ ਪੈਣ ਤੇ, ਭਾਰਤ ਦੇ ਵੱਖ ਵੱਖ ਭਾਗਾਂ ਤੋਂ ਹੋਰ ਸੈਨਾਂ ਤੇ ਸਾਧਨਾਂ ਨੂੰ ਸੀਮਾਂ ਤਕ ਬਿਨਾਂ ਰੋਕ ਟੋਕ ਪੁਚਾਉਣ ਲਈ ਪੰਜਾਬ ਨੂੰ ਸਿੱਧਾ ਆਪਣੇ ਅਧਿਕਾਰ ਵਿਚ ਕਰਨਾ। ਰਾਹ ਵਿਚ ਪੈਂਦਾ ਇਕ ਸੁਤੰਤਰ ਰਾਜ ਹਰ ਸਮੇਂ ਇਕ ਔਕੜ ਤੇ ਖ਼ਤਰਾ ਬਣਿਆ ਰਹਿ ਸਕਦਾ ਸੀ।

2. ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਕੇ ਇਕ ਸੁਤੰਤਰ ਕੌਮ ਦੀ ਸੈਨਿਕ ਸ਼ਕਤੀ ਨੂੰ ਪੱਕੀ ਤਰ੍ਹਾਂ ਸਮਾਪਤ ਕਰਨਾ ਅਤੇ ਸਾਰੇ ਭਾਰਤ ਨੂੰ ਅੰਗਰੇਜ਼ੀ ਅਧਿਕਾਰ ਵਿੱਚ ਲੈ ਕੇ[15] ਅਮਨ ਅਮਾਨ ਕਾਇਮ ਕਰਨ ਦਾ ਸਿਹਰਾ ਆਪਣੇ ਸਿਰ ਲੈਣਾ।

---

12. "My opinion as already more than once expressed in writing to your Lordship, is against annexation. I did think it unjust. I now think it impolitic."Henry Lawerence to Dalhousie Feb.2,1849 quoted by Khushwant Singh- A History of the Sikhs,Vol.II,Princeton,1968,p.86.

13. "ਮੈਂ ਇਹ ਗੱਲ ਤੈਥੋਂ ਜ਼ਰਾ ਵੀ ਨਹੀਂ ਲੁਕਾਉਣੀ ਚਾਹੁੰਦਾ ਕਿ ਮੈਂ ਇਹ ਵਿਚਾਰ ਉਭਾਰਣ ਲਈ ਬਿਲਕੁਲ ਤਿਆਰ ਨਹੀਂ, ਕਿ ਪੰਜਾਬ ਦੇ ਵੱਡੇ ਹਿਤ ਇਸ ਵਿਚ ਹੀ ਹਨ ਕਿ ਸਿੱਖਾਂ ਦੀ ਸਰਕਾਰ ਨੂੰ ਕੇਵਲ ਹਰਾਇਆ ਹੀ ਨਾ ਜਾਏ, ਸਗੋਂ ਉਸਨੂੰ ਬਿਲਕੁਲ ਮਿਟਾ ਦਿੱਤਾ ਜਾਏ ਅਤੇ ਉਨ੍ਹਾਂ ਦੇ ਰਾਜ-ਘਰਾਣੇ ਨੂੰ ਖ਼ਤਮ ਕਰ ਦਿੱਤਾ ਜਾਏ।"
(ਡਾ.ਗੰਡਾ ਸਿੰਘ—'ਪੰਜਾਬ(1849-ਤੋਂ 1900 ਈ. ਤਕ) ਸੰਪਾਦਤ ਪੰਨਾ-1. ਹੈਨਰੀ ਲਾਰੰਸ ਨੂੰ ਲਿਖੀ ਪਤ੍ਰਿਕਾ ਵਿਚੋਂ।

14.ੳ. ਉਹੀ," ਮੇਜਰ ਐਡਵਰਡ ਜੋ ਦੂਜੀ ਸਿੱਖਾਂ ਦੀ ਲੜਾਈ ਨਾਲ ਨੇੜਿਓਂ ਸੰਬੰਧਿਤ ਸੀ, ਆਖਦਾ ਹੈ— "ਅਨਜਾਣ ਹੋਣ ਕਰਕੇ ਦੁਨੀਆਂ ਤਾਂ ਭਾਵੇਂ ਸਾਨੂੰ, ਉਸ ਸੰਬੰਧੀ ਜੋ ਸਾਨੂੰ ਪਤਾ ਹੈ, ਨਿਰਦੋਸ਼ ਕਹਿ ਦੇਵੇਗੀ, ਪਰ ਨਾਂ ਤਾਂ ਪ੍ਰਮਾਤਮਾ ਅਤੇ ਨਾ ਹੀ ਸਾਡਾ ਅੰਤਹ-ਕਰਣ ਅਜਿਹਾ ਕਰ ਸਕਦਾ ਹੈ।"
ਅ.ਮੇਜਰ ਈਵਨਜ਼ ਬੈੱਲ ਅਨੁਸਾਰ-"ਡਲਹੌਜ਼ੀ ਦਾ ਪੰਜਾਬ ਉਤੇ ਕਬਜ਼ਾ, ਅਤਿਆਚਾਰੀ ਵਿਸ਼ਵਾਸਘਾਤ ਸੀ। ਉਸ ਨੇ ਅਹਿਦ ਤੋੜੇ ਅਤੇ ਇਕ ਪਵਿੱਤਰ ਵਿਸ਼ਵਾਸ਼ ਦੀ ਮੰਦੀ ਵਰਤੋਂ ਕੀਤੀ।"

3. ਪੰਜਾਬ ਦੀ ਅਮੀਰੀ, ਖੁਸ਼ਹਾਲੀ, ਉਪਜਾਊ ਧਰਤੀ ਅਤੇ ਇਸ ਦੀਆਂ ਅਣਖੋਜੀਆਂ ਅਥਾਹ ਆਰਥਕ ਸੰਭਾਵਨਾਵਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਬਹੁਤ ਸਾਰੇ ਯੂਰਪੀ ਯਾਤਰੂਆਂ ਨੇ ਆਪਣੇ ਸਫ਼ਰਨਾਮਿਆਂ ਵਿਚ ਬੜੇ ਲੁਭਾਉਣੇ ਤਰੀਕੇ ਨਾਲ ਵਰਣਨ ਕੀਤਾ ਸੀ। 1847 ਈ. ਵਿਚ ਭਾਰਤ ਸਰਕਾਰ ਦੀ ਇਕ ਗੁਪਤ ਸ਼ਾਖਾ[16] ਰਾਹੀਂ ਵੇਰਵੇ ਪ੍ਰਾਪਤ ਕੀਤੇ ਗਏ ਸਨ ਤੇ ਲਾਰਡ ਡਲਹੌਜ਼ੀ ਉਨ੍ਹਾਂ ਦਾ ਪੂਰਾ ਪੂਰਾ ਲਾਭ ਪ੍ਰਾਪਤ ਕਰਨਾ ਚਾਹੁੰਦਾ ਸੀ। ਇਹ ਤਾਂ ਹੀ ਸੰਭਵ ਸੀ ਜੇ ਸਮੁੱਚਾ ਪੰਜਾਬ ਹਰ ਹੀਲੇ ਅੰਗਰੇਜ਼ੀ ਰਾਜ ਦਾ ਅੰਗ ਬਣ ਜਾਏ।

ਪੰਜਾਬ ਦੇ ਚੱਪੇ ਚੱਪੇ ਉੱਤੇ ਬਰਤਾਨਵੀ ਸਾਮਰਾਜ ਦਾ ਪਰਚਮ ਲਹਿਰਾਉਣ ਉਪਰੰਤ ਏਥੋਂ ਦੇ ਰਾਜ ਪ੍ਰਬੰਧ ਲਈ ਤਿੰਨ ਮੈਂਬਰੀ ਪ੍ਰਬੰਧਕੀ ਬੋਰਡ[17] ਸਥਾਪਤ ਕੀਤਾ ਗਿਆ। ਇਸ ਬੋਰਡ ਦੇ ਤਿੰਨੇ ਮੈਂਬਰ, ਹੈਨਰੀ ਲਾਰੰਸ, ਉਸ ਦਾ ਛੋਟਾ ਭਰਾ ਜੌਹਨ ਲਾਰੰਸ ਤੇ ਚਾਰਲਸ ਮੈਨਸਲ ਕ੍ਰਮ-ਵਾਰ ਰਾਜਸੀ, ਅਦਾਲਤੀ ਤੇ ਮਾਲ ਦੇ ਮਹਿਕਮਿਆਂ ਦੇ ਇੰਚਾਰਜ ਬਣਾਏ ਗਏ। ਸਾਰੇ ਪ੍ਰਾਂਤ ਨੂੰ 27 ਜ਼ਿਲ੍ਹਿਆਂ ਤੇ 7 ਡਵੀਜ਼ਨਾਂ ਵਿਚ ਵੰਡਿਆ ਗਿਆ ਤੇ ਕਮਿਸ਼ਨਰ , ਡਿਪਟੀ ਕਮਿਸ਼ਨਰ ਤੇ ਸਹਾਇਕ ਕਮਿਸ਼ਨਰ ਨਿਯੁਕਤ ਕੀਤੇ ਗਏ। ਇਨ੍ਹਾਂ ਆਸਾਮੀਆਂ ਤੇ ਅੰਗਰੇਜ਼ ਅਫ਼ਸਰਾਂ ਨੂੰ ਵੱਡੀਆਂ ਤਨਖ਼ਾਹਾਂ, ਉਚਿਤ ਸਹੂਲਤਾਂ ਤੇ ਤੁਰਤ ਤਰੱਕੀ ਦੇ ਭਰੋਸੇ ਨਾਲ ਨਿਯੁਕਤ ਕੀਤਾ ਗਿਆ।[18] ਇਨ੍ਹਾਂ ਅਫ਼ਸਰਾਂ ਨੇ ਹਰ ਪ੍ਰਕਾਰ ਦੇ ਨਿੱਜੀ ਸੁਖ

---

15. Governor General's dispatch to the secret Committee No.20 of 1849, as quoted by Khushwant Singh, History of the Sikhs, Vol.II,p.85." There never will be peace in the Panjab so long as its people are allowed to retain the means and opportunity of making war. There never can be now any guarantee for the tranquility of India untill, we shall have effected the entire subjection of the Sikh people and destroyed its power as an independent nation."

16. Chhabra G.S., "Capacities of the Panjab are unquestionable and might be turned to better account than the discovery of the richest mines. There are springs of wealth at our feet which require but well-directed skill to bring them to the light of the day." 'Social and Economic History of Panjab (Doctoral Thesis) p.201.

17. ਬਦੇਸ਼ੀ ਗੁਪਤ ਪੱਤਰ ਨੰਬਰ 73, ਮਿਤੀ 28 ਅਪ੍ਰੈਲ,1849।

18. ਕਲਕੱਤਾ ਰੀਵੀਊ 1856 ਦੀ ਆਪਣੀ 26ਵੀਂ ਜਿਲਦ ਦੇ ਪੰਨਾ 467 ਉੱਤੇ ਲਿਖਦਾ ਹੈ ਕਿ " ਅਫ਼ਸਰਾਂ ਨੂੰ ਸਹੂਲਤਾਂ ਤੇ ਤਰੱਕੀ ਦੇ ਸਭ ਝੂਠੇ ਲਾਰੇ ਹੀ ਸਨ ਜਿਨ੍ਹਾਂ ਤੇ ਕਦੇ ਅਮਲ ਨਾ ਹੋਇਆ , ਏਸੇ ਲਈ ਜਿਹੜਾ ਅਫ਼ਸਰ ਇਕ ਵਾਰੀ ਪੰਜਾਬੋਂ ਚਲਾ ਜਾਂਦਾ, ਮੁੜ ਕੇ ਏਧਰ ਮੂੰਹ ਨਾ ਕਰਦਾ। "

ਤਿਆਗ ਕੇ ਅਤੇ ਸਖ਼ਤ ਮੁਸੀਬਤਾਂ ਝਾਗ ਕੇ, ਥੋੜ੍ਹੇ ਸਮੇਂ ਵਿਚ ਹੀ ਪੰਜਾਬੀਆਂ ਦੇ ਮਨਾਂ ਵਿਚ ਬਰਤਾਨਵੀ ਪ੍ਰਬੰਧਕੀ ਢਾਂਚੇ ਦੀ ਸੁਯੋਗਤਾ ਦਾ ਦਬ-ਦਬਾ ਬਿਠਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਵੇਂ ਸਾਰੇ ਪੰਜਾਬੀਆਂ ਦਾ ਸਾਂਝਾ ਰਾਜ ਸੀ ਅਤੇ ਅੰਗਰੇਜ਼ਾਂ ਵਿਰੁਧ ਲੜਾਈਆਂ ਵਿਚ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੇ ਸਾਂਝਾ ਖ਼ੂਨ ਡੋਲ੍ਹਿਆ ਸੀ ਅਤੇ ਜਿਸ ਰਾਜ ਦੇ ਖ਼ਾਤਮੇ ਉਤੇ ਸ਼ਾਹ ਮੁਹੰਮਦ ਵਰਗਾ ਕਵੀ ਖ਼ੂਨ ਦੇ ਹੰਝੂ ਡੋਲ੍ਹਦਾ ਹੈ, ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚ ਸਿੱਖ ਰਾਜ ਹੀ ਸੀ। ਪੰਜਾਬ ਉਤੇ ਕਬਜ਼ੇ ਉਪਰੰਤ ਲਾਰਡ ਡਲਹੌਜ਼ੀ ਦੇ ਉਚੇਚੇ ਆਦੇਸ਼ਾਂ ਅਧੀਨ ਪੰਜਾਬ ਦੇ ਲੜਾਕੇ ਯੋਧਿਆਂ ਨੂੰ ਹਰ ਸੰਭਵ ਢੰਗ ਨਾਲ ਅਧੀਨ ਕਰਨ ਤੇ ਹੇਠੀ ਦਿਖਾਉਣ ਦੇ ਯਤਨ ਆਰੰਭੇ ਗਏ। ਸਿੱਖ ਕੌਮ ਇਸ ਨੀਤੀ ਦਾ ਮੁਖ ਨਿਸ਼ਾਨਾ ਬਣੀ।[19] ਮਹਾਰਾਜਾ ਰਣਜੀਤ ਸਿੰਘ ਦਾ ਸ਼ਕਤੀਸ਼ਾਲੀ ਸੈਨਿਕ ਸੰਗਠਨ ਤੇ ਉਸ ਦੀਆਂ ਬੇ-ਮਿਸਾਲ ਜਿੱਤਾਂ ਕਾਰਨ, ਅੰਗ੍ਰੇਜ਼ਾਂ ਦੇ ਮਨਾਂ ਉਤੇ ਸਿੱਖਾਂ ਦੀ ਬੀਰਤਾ ਦਾ ਸਿੱਕਾ ਬੈਠਾ ਹੋਇਆ ਸੀ। ਸਿੱਖ ਸੈਨਾ ਦੀਆਂ ਹਰ ਯੁਧ-ਖੇਤਰ ਵਿਚ ਪ੍ਰਾਪਤੀਆਂ ਅਤੇ ਪੰਜਾਬ ਉਤੇ ਕਬਜ਼ੇ ਸਮੇਂ ਅੰਗਰੇਜ਼ਾਂ ਨਾਲ ਲੜੀਆਂ ਗਈਆਂ ਲੜਾਈਆਂ ਵਿੱਚ ਦਿਖਾਏ ਗਏ ਜੌਹਰ ਅਤੇ ਇਸ ਗੱਲ ਦੇ ਅਹਿਸਾਸ ਅਧੀਨ ਕਿ ਪੰਜਾਬ ਉਤੇ ਕਬਜ਼ਾ ਸ੍ਰੇਸ਼ਟ ਸੈਨਿਕ ਸ਼ਕਤੀ ਜਾਂ ਯੁੱਧ ਖੇਤਰ ਦੇ ਨਿਰਣਿਆਂ ਅਧੀਨ ਨਹੀਂ, ਸਗੋਂ ਧੋਖੇ, ਬੇਈਮਾਨੀ ਤੇ ਕੁਟਲ ਨੀਤੀ ਦੁਆਰਾ ਕੀਤਾ ਗਿਆ ਹੈ, ਸਾਰੇ ਬਰਤਾਨਵੀ ਅਧਿਕਾਰੀ ਸਿੱਖਾਂ ਤੋਂ ਭੈ ਖਾਂਦੇ ਸਨ। ਕੀ ਦੇਸੀ ਤੇ ਕੀ ਬਦੇਸ਼ੀ ਇਤਿਹਾਸਕਾਰ, ਸਭਨਾਂ ਨੇ ਆਪਣੀਆਂ ਲਿਖਤਾਂ ਵਿਚ ਇਸ ਤੱਥ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ। ਏਥੋਂ ਤਕ ਕਿ ਲਾਰਡ ਡਲਹੌਜ਼ੀ[20] ਵੀ ਇਸ ਤੱਥ ਨੂੰ ਮੰਨਦਾ ਹੈ ਕਿ ਬਾਹਰੋਂ ਦੇਖਣ ਨੂੰ ਤਾਂ ਇਹ ਅੰਗਰੇਜ਼ੀ ਫ਼ੌਜ ਦੀ ਭਾਰੀ ਜਿੱਤ ਸੀ, ਪਰ ਅੰਦਰੋਂ ਸਾਨੂੰ ਹੀ ਪਤਾ ਹੈ ਕਿ ਅਸਲੀਅਤ ਕੀ ਹੈ।

ਦੇਸ਼-ਧਰੋਹੀਆਂ ਦੀ ਕੁਟਿਲ ਨੀਤੀ ਤੇ ਬੇਈਮਾਨੀ ਦਾ ਸ਼ਿਕਾਰ ਹੋਈ ਸਮੁੱਚੀ ਸਿੱਖ ਸੈਨਾ ਜਦ 14 ਮਾਰਚ 1849 ਨੂੰ ਆਪਣੇ ਹਥਿਆਰ ਅੰਗਰੇਜ਼ੀ ਜਰਨੈਲ ਥੈਕਵੈਲ ਦੇ ਸਾਹਮਣੇ ਅਰਪਨ ਕਰਨ

---

19. ਆਰਨਲਡ ਆਪਣੀ ਪੁਸਤਕ " ਦੀ ਮਾਰਕਸ ਔਫ ਡਲਹੌਜ਼ੀਜ਼ ਐਡਮਿਨਸਟ੍ਰੇਸ਼ਨ ਔਫ ਬ੍ਰਿਟਿਸ਼ ਇੰਡੀਆ " ਦੇ ਪੰਨਾ 205 ਤੇ ਲਿਖਦਾ ਹੈ, " ਕਿ ਡਲਹੌਜ਼ੀ ਨੇ ਡਾਇਰੈਕਟਰਾਂ ਨੂੰ ਆਪਣੀ ਰੀਪੋਰਟ ਵਿਚ ਸਪਸ਼ਟ ਸ਼ਬਦਾਂ ਵਿਚ ਲਿਖਿਆ: " ਮੇਰਾ ਇਹ ਪੱਕਾ ਨਿਸਚਾ ਹੈ ਕਿ ਪੰਜਾਬ ਵਿਚ ਸਾਡੇ ਰਾਜ ਦੀ ਸੁਰੱਖਿਆ ਲਈ ਸਿਖ ਕੌਮ ਨੂੰ ਪੂਰੀ ਤਰ੍ਹਾਂ ਗ਼ੁਲਾਮ ਬਨਾਉਣਾ ਅਤੀ ਜ਼ਰੂਰੀ ਹੈ।"

20. ਉਹੀ, ਪੰਨਾ 209. " ਲਾਰਡ ਡਲਹੌਜ਼ੀ ਨੇ 22 ਜਨਵਰੀ 1849 ਦੀ ਆਪਣੀ ਇਕ ਨਿੱਜੀ ਪਤ੍ਰਿਕਾ ਵਿਚ ਲਾਰਡ ਵਲਿੰਗਟਨ ਨੂੰ ਲਿਖਿਆ - "In Public, I make of-course the best of things, I treat it as a great victory. But writing confidentially to you, I do not hesitate to say that I consider my position grave..."

ਲਈ ਮਜ਼ਬੂਰ ਹੋਈ ਤਾਂ ਉਸ ਦ੍ਰਿਸ਼ ਨੂੰ ਸਮਕਾਲੀ ਇਤਿਹਾਸਕਾਰਾਂ ਨੇ ਬੜੇ ਦਰਦੀਲੇ ਰੰਗ ਵਿਚ ਪੇਸ਼ ਕੀਤਾ ਹੈ । ਡਾ. ਖਿਲਨਾਨੀ[21] ਕਹਿੰਦਾ ਹੈ " ਏਡੇ ਜੋਸ਼ੀਲੇ ਲੋਕਾਂ ਦੀ, ਜਿਹੜੇ ਕੁਝ ਸਾਲ ਪਹਿਲਾਂ ਤਿੰਨ ਸਖ਼ਤ ਲੜਾਈਆਂ ਆਪਣੇ ਧਰਮ ਅਤੇ ਪਿਤਾ-ਭੂਮੀ ਲਈ ਲੜੇ ਸਨ, ਅਧੀਨਗੀ ਸਹਿਤ ਆਪਣੀਆਂ ਅਤਿ ਪਿਆਰੀਆਂ ਵਸਤਾਂ ਆਪਣੇ ਆਪ ਹਵਾਲੇ ਕਰਨ, ਇਹ ਗਲ ਬੜੀ ਅਸਚਰਯ-ਜਨਕ ਸੀ"। ਲਤੀਫ਼ ਲਿਖਦਾ ਹੈ[22]: " ਜਿਸ ਸੌਖ ਅਤੇ ਚੁਪ ਨਾਲ ਅਣਗਿਣਤ ਬਹਾਦਰ ਆਦਮੀਆਂ ਨੇ, ਜੋ ਕਿ ਕਦੇ ਇੰਨੇ ਤਰਥੱਲੀ ਮਚਾਉਣ ਵਾਲੇ ਅਤੇ ਭਿਆਨਕ ਸਨ ਕਿ ਆਪਣੀ ਸਰਕਾਰ ਨੂੰ ਵੀ ਡਰਾਈ ਰਖਦੇ ਸਨ ਅਤੇ ਹਕੂਮਤ ਦੀ ਕਿਸਮਤ ਘੜਦੇ ਸਨ, ਹਥਿਆਰ ਸੁਟ ਦਿੱਤੇ। " ਸੁਟੇ ਗਏ ਹਥਿਆਰਾਂ ਦੀ ਗਿਣਤੀ ਪੰਜਾਬ ਸਰਕਾਰ ਦੇ ਰੀਕਾਰਡ ਅਨੁਸਾਰ 1,19,796 ਸੀ।

ਸੱਠ ਹਜ਼ਾਰ ਸੈਨਿਕਾਂ ਤੇ ਪੰਦਰਾਂ ਹਜ਼ਾਰ ਪੁਲੀਸ ਦੇ ਸਿਪਾਹੀਆਂ ਦੀ ਸਹਾਇਤਾ[23] ਨਾਲ, ਸਿੱਖ ਸੈਨਿਕਾਂ ਤੇ ਸਿੱਖ ਜਨਤਾ ਪ੍ਰਤੀ ਸ਼ੁਤਰੂਆਂ ਵਾਲਾ ਘ੍ਰਿਣਤ ਰਵਈਆ ਅਪਣਾ ਕੇ, ਹਰ ਸੰਭਵ ਢੰਗ ਨਾਲ ਇਨ੍ਹਾਂ ਨੂੰ ਪੂਰੀ ਤਰ੍ਹਾਂ ਲਾਚਾਰ ਤੇ ਬੇਬਸ ਕਰਨ ਦੀਆਂ ਵਿਉਂਤਾਂ ਬਣਾਈਆਂ ਗਈਆਂ ਜਿਨ੍ਹਾਂ ਦਾ ਕੁਝ ਕੁ ਵੇਰਵਾ ਇਸ ਪ੍ਰਕਾਰ ਹੈ:-

(ੳ) ਪਹਿਲਾ ਨਿਸ਼ਾਨਾ ਦਲੀਪ ਸਿੰਘ, ਜਿਸ ਦੇ ਬਾਲਗ ਹੋਣ ਤੋਂ ਪਹਿਲਾਂ ਪਹਿਲਾਂ ਸਾਰੇ ਅਧਿਕਾਰ ਖੋਹ ਕੇ, ਅਜਿਹੇ ਹੱਥਾਂ ਵਿੱਚ ਉਸ ਦੀ ਨਿਗਰਾਨੀ ਸੌਂਪੀ ਗਈ ਜਿਹੜੇ ਨਾ ਕੇਵਲ ਉਸ ਦੇ ਦਿਮਾਗ ਵਿਚੋਂ ਆਪਣੇ ਰਾਜ ਨੂੰ ਮੁੜ ਪ੍ਰਾਪਤ ਕਰਨ ਦੇ ਖਿਆਲ ਨੂੰ ਹੀ ਸਦਾ ਲਈ ਕੱਢਣ ਵਿਚ ਸਫਲ ਹੋਏ ਸਗੋਂ[24] ਆਪਣੇ ਵੱਡੇ ਵਡੇਰਿਆਂ ਦੇ ਧਰਮ ਤੋਂ ਪਤਿਤ ਕਰ ਕੇ ਈਸਾਈ ਬਣਾ ਲਿਆ ਗਿਆ।

---

21. ਨਾਰੰਗ- ਕਿਰਪਾਲ ਸਿੰਘ, ਪੰਜਾਬ(1849-1900 ਈ.) ਸੰਪਾਦਕ ਡਾ. ਗੰਡਾ ਸਿੰਘ, ਲੁਧਿਆਣਾ 1962, ਪੰਨਾ 22-23.

22. ਉਹੀ, ਪੰਨਾ 23.

23. ਪੰਜਾਬ ਪ੍ਰਬੰਧਕੀ ਰੀਪੋਰਟ 1851, ਭਾਗ-8-11, ਪੰਨਾ 53.

24. ਈਸਾਈ ਮਿਸ਼ਨਰੀਆਂ ਨੇ ਭੋਲੇ ਭਾਲੇ ਸਿੱਖਾਂ ਨੂੰ ਈਸਾਈ ਬਣਾਉਣ ਲਈ ਇਹ ਪਰਚਾਰ ਆਰੰਭ ਦਿੱਤਾ ਕਿ ਜੇ ਉਨ੍ਹਾਂ ਦਾ ਰਾਜਾ ਈਸਾਈ ਬਣ ਗਿਆ ਹੈ ਤਾਂ ਪਰਜਾ ਨੂੰ ਵੀ ਉਹੀ ਧਰਮ ਗ੍ਰਹਿਣ ਕਰ ਲੈਣਾ ਚਾਹੀਦਾ ਹੈ। ਅੰਮ੍ਰਿਤਸਰ ਦੇ ਮਿਸ਼ਨ ਸਕੂਲ ਲਈ ਮਹਾਰਾਜਾ ਦਲੀਪ ਸਿੰਘ ਦੀ ਪੈਨਸ਼ਨ ਵਿੱਚੋਂ ਪੰਜ ਸੌ ਰੁਪਏ ਸਾਲਾਨਾ ਦੀ ਸਹਾਇਤਾ ਵੀ ਏਸੇ ਨੀਤੀ ਦਾ ਭਾਗ ਸੀ।

(ਅ) ਮਹਾਰਾਣੀ ਜਿੰਦਾਂ ਨੂੰ ਕੈਦ ਕਰਨਾ ਤੇ ਪੰਜਾਬ ਦੇ ਹਰ ਉਪੱਦਰ ਦੀ ਜ਼ਿੰਮੇਵਾਰ ਉਸ ਨੂੰ ਸਿੱਧ ਕਰਕੇ ਹਰ ਪੱਖੋਂ ਹੇਠੀ ਕਰਨੀ ਕਿਉਂਜੋ ਲਾਰਡ ਡਲਹੌਜ਼ੀ ਉਸ ਨੂੰ ਬੜੀ ਸੂਝਵਾਨ ਤੇ ਮਰਦਾਵੇਂ ਗੁਣਾਂ ਵਾਲੀ[25] ਸਮਝ ਕੇ ਉਸ ਪਾਸੋਂ ਭੈ ਖਾਂਦਾ ਸੀ।

(ੲ) ਜੌਹਨ ਲਾਰੰਸ ਨੇ 25[26] ਉਘੇ ਸਿੱਖ ਸਰਦਾਰਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਜਿਨ੍ਹਾਂ ਦੀ ਸਾਲਾਨਾ ਆਮਦਨ **11,31,865** ਰੁਪਏ ਬਣਦੀ ਸੀ।[27] ਨਾਲ ਹੀ ਉਨ੍ਹਾਂ ਦੀਆਂ ਪਦਵੀਆਂ ਤੇ ਔਹਦੇ ਖੋਹ ਲਏ ਗਏ। ਬਹੁਤ ਸਾਰਿਆਂ ਨੂੰ ਆਪੋ ਆਪਣੇ ਘਰਾਂ ਅੰਦਰ ਨਜ਼ਰਬੰਦ ਕਰ ਦਿੱਤਾ ਅਤੇ ਜਿਨ੍ਹਾਂ ਤੋਂ ਸਰਕਾਰ ਨੂੰ ਵੱਧ ਖ਼ਤਰਾ ਸੀ, ਉਨ੍ਹਾਂ ਨੂੰ ਕਲਕੱਤੇ ਤੇ ਅਲਾਹਾਬਾਦ ਆਦਿ ਸ਼ਹਿਰਾਂ ਵਿਚ ਦੇਸ਼ ਨਿਕਾਲਾ ਦੇ ਦਿੱਤਾ।[28] ਹੱਥਿਆਰ ਰੱਖਣ, ਬਾਹਰਲੇ ਲੋਕਾਂ ਨਾਲ ਮੇਲ ਜੋਲ ਕਾਇਮ ਕਰਨ, ਅਤੇ ਵੀਹਾਂ ਤੋਂ ਵੱਧ ਬੰਦਿਆਂ ਨੂੰ ਆਪਣੇ ਕਰਮਚਾਰੀਆਂ ਵਜੋਂ ਰੱਖਣ ਤੇ ਰੋਕ ਲਾ ਦਿੱਤੀ ਗਈ। ਇਸ ਦੀ ਉਲੰਘਣਾ ਕਰਨ ਵਾਲੇ ਬਰਤਾਨਵੀ ਸਰਕਾਰ ਦੇ ਦੁਸ਼ਮਣ ਸਮਝੇ ਜਾਂਦੇ, ਤੇ ਸਜ਼ਾ ਦੇ ਭਾਗੀ ਬਣਦੇ।[29] ਹਰ ਵੱਡੇ ਜ਼ਿਮੀਦਾਰ ਦੀ ਜ਼ਮੀਨ ਦੀ ਪੜਤਾਲ ਕਰ ਕੇ ਵੱਧ ਤੋਂ ਵੱਧ ਰੱਖ ਸਕਣ ਦੀ **ਹੱਦ** ਮਿਥ ਦਿਤੀ। ਜਗੀਰਦਾਰਾਂ ਤੇ ਹੋਰ ਬਾਰਸੂਖ ਸ਼੍ਰੇਣੀਆਂ ਤੋਂ ਬਿਨਾਂ 'ਬੇਦੀਆਂ' ਤੇ 'ਸੋਢੀਆਂ' ਨੂੰ ਵੀ ਦਬਾਉਣ ਤੇ ਪਦਵੀਆਂ ਤੋਂ ਲਾਹੁਣ ਦੇ ਯਤਨ ਆਰੰਭੇ ਗਏ।[30] ਜਿਹੜਾ ਵੀ ਥੋੜ੍ਹੇ ਬਹੁਤ ਰਸੂਖ਼ ਦਾ ਮਾਲਕ ਸੀ, ਉਸ ਦੀ ਅੰਗਰੇਜ਼ੀ ਸਰਕਾਰ ਵਲੋਂ ਹਰ ਸੰਭਵ ਢੰਗ ਨਾਲ ਹੇਠੀ ਕੀਤੀ ਗਈ।[31]

---

25. ਗੰਡਾ ਸਿੰਘ— ਐਂਗਲੋ ਸਿਖ ਲੜਾਈਆਂ ਸੰਬੰਧੀ ਨਿੱਜੀ ਪੱਤਰ-ਵਿਹਾਰ, ਪੰਨਾ 167. ਲਾਰਡ ਡਲਹੌਜ਼ੀ ਨੇ ਬ੍ਰਿਗੇਡੀਅਰ ਮਾਊਂਟੇਨ ਨੂੰ 31 ਜਨਵਰੀ 1849 ਨੂੰ ਰਾਣੀ ਜਿੰਦਾਂ ਬਾਰੇ ਲਿਖਿਆ:
"She is only person of manly understanding in the Panjab."
26. ਹੰਟਰ—'ਮਾਰਕਸ ਔਫ ਡਲਹੌਜ਼ੀ', ਪੰਨਾ 99
27. ਪ੍ਰੋ. ਗੁਲਸ਼ਨ ਰਾਏ — ਟ੍ਰਿਬਊਨ ਅਖ਼ਬਾਰ ਲਾਹੌਰ ਦੇ 9-2-41 ਦੇ ਅੰਕ ਵਿਚ ਲਿਖਦਾ ਹੈ:-
During the first 3 years of British rule in Panjab Jagirs worth about Rs 52 lacs were consficated by Govt."
28. ਬਦੇਸ਼ੀ ਗੁਪਤ ਪੱਤਰ ਨੰਬਰ 68-71, ਮਿਤੀ 26 ਮਈ, 1849.
29. ਉਹੀ, ਨੰਬਰ 41-42, ਮਿਤੀ 25 ਅਕਤੂਬਰ, 1850
30. ਕਲਕੱਤਾ ਰੀਵੀਊ, 1853, ਜਿਲਦ XXI, ਪੰਨਾ 280.
31. ਬਦੇਸ਼ੀ ਰਾਜਸੀ ਪੱਤਰ ਨੰਬਰ 124 ਮਿਤੀ 4 ਫ਼ਰਵਰੀ 1853 ਵਿਚ ਦਰਜ ਹੈ:

" The men of talent, the men of Social or religious influence, have lost their high positions. They have no field of enterprize. They are condemned, henceforth to the indulgence of discounted feelings or to inglorious case."

(ਸ) ਅੰਗਰੇਜ਼ੀ ਸਰਕਾਰ ਸਭ ਤੋਂ ਵੱਧ ਸਿੱਖ ਸੈਨਿਕਾਂ ਪਾਸੋਂ ਭੈ ਖਾਂਦੀ ਸੀ। ਇਸ ਲਈ ਪੰਜਾਬ ਉੱਤੇ ਕਬਜ਼ੇ ਉਪਰੰਤ ਪੰਜਾਹ ਹਜ਼ਾਰ ਸੈਨਿਕਾਂ ਨੂੰ ਘਰੋ ਘਰੀ ਤੋਰ ਦਿੱਤਾ ਗਿਆ। ਸਿੱਖਾਂ ਦੇ ਸੈਨਿਕ ਗੁਣਾਂ ਤੋਂ ਭਲੀ ਭਾਂਤ ਜਾਣੂ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਸੈਨਾ ਵਿੱਚ ਰੱਖਣਾ ਉਚਿਤ ਨਾ ਸਮਝਿਆ ਗਿਆ। ਕੇਵਲ ਦਸਵੇਂ ਹਿਸੇ ਬਰਾਬਰ ਵਫ਼ਾਦਾਰ ਸੈਨਿਕਾਂ ਨੂੰ ਰੱਖ ਲਿਆ ਗਿਆ। ਪਰ ਉਨ੍ਹਾਂ ਨੂੰ ਵੀ ਸ਼ੁਤਰੂਆਂ ਵਾਲਾ ਵਰਤਾਉ ਮਿਲਦਾ ਸੀ। ਅੰਗਰੇਜ਼ ਅਫ਼ਸਰ ਇਨ੍ਹਾਂ ਸੈਨਿਕਾਂ ਨੂੰ ਕੇਸ ਕਟਾਉਣ ਲਈ ਵੀ ਮਜਬੂਰ ਕਰਦੇ ਸਨ।[32]

(ਹ) ਸਾਧਾਰਣ ਸ਼ਹਿਰੀਆਂ ਦਾ ਜੀਵਨ ਵੀ ਬਹੁਤ ਹੱਦ ਤਕ ਨਰਕ ਬਣਾ ਦਿੱਤਾ ਗਿਆ। ਸਿੱਖ ਜ਼ਿਮੀਦਾਰਾਂ ਉਤੇ ਝੂਠੇ ਮੁਕੱਦਮੇ, ਹਵਾਲਾਤਾਂ, ਮਾਲ ਦੀ ਜ਼ਬਤੀ, ਤਸੀਹੇ ਇਸ ਹੱਦ ਤਕ ਵੱਧ ਗਏ ਕਿ ਸਾਰੇ ਪੰਜਾਬ ਵਿਚ ਹਾਹਾਕਾਰ ਮੱਚ ਗਈ।[33]

(ਕ) ਅੰਗਰੇਜ਼ੀ ਸਰਕਾਰ ਨੇ ਕੇਵਲ ਰਾਜ ਘਰਾਣਿਆਂ ਨੂੰ ਹੀ ਤਬਾਹ ਨਾ ਕੀਤਾ, ਸਗੋਂ ਸਾਰੀ ਸਿੱਖ ਕੌਮ ਦੀ ਆਰਥਕ ਹਾਲਤ ਨੂੰ ਖੇਰੂੰ ਖੇਰੂੰ ਕਰਕੇ ਭਿਖਾਰੀ ਬਣਾ ਦਿੱਤਾ।[34]

(ਖ) ਸਿੱਖਾਂ ਦੀ ਇਸ ਵਿਸ਼ਾਦ-ਗ੍ਰਸਤ ਤੇ ਤਰਸਯੋਗ ਹਾਲਤ ਦਾ ਲਾਭ ਉਠਾਉਂਦੇ ਹੋਏ ਈਸਾਈ ਮਿਸ਼ਨਰੀ ਆਪਣੀਆਂ ਪ੍ਰਚਾਰ ਸਰਗਰਮੀਆਂ ਵਿਚ ਵਧੇਰੇ ਸਰਗਰਮ ਹੋ ਗਏ, ਕਿਉਂਜੋ ਉਨ੍ਹਾਂ ਨੂੰ ਬਰਤਾਨਵੀ ਸਰਕਾਰ ਦੀ ਹਰ ਪ੍ਰਕਾਰ ਦੀ ਮਾਇਕ ਤੇ ਸਦਾਚਾਰਕ ਹਮਾਇਤ ਪ੍ਰਾਪਤ ਸੀ। ਏਥੋਂ ਤਕ ਕਿ ਸਿੱਖਾਂ ਦੇ ਪਵਿੱਤਰ ਅਸਥਾਨ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹੱਦ ਅੰਦਰ ਜੁਲਾਈ 1852 ਨੂੰ ਦਾਊਦ ਸਿੰਘ ਨਾਂ ਦੇ ਕਿਸੇ ਪਿੰਡ ਦੇ ਗੁਰਦੁਆਰੇ ਦੇ ਸੇਵਾਦਾਰ ਨੂੰ ਈਸਾਈ ਧਰਮ ਵਿਚ ਪ੍ਰਵਿਸ਼ਟ ਕਰਨ ਦੀ ਖੁਲ੍ਹਮ ਖੁਲ੍ਹਾ ਰਸਮ ਅਦਾ ਕੀਤੀ ਗਈ। 1853 ਵਿਚ ਦੋ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਈਸਾਈ ਬਣਾਇਆ ਗਿਆ।[35]

(ਗ) ਈਸਾਈ ਪਾਦਰੀ ਗਲੀਆਂ ਬਾਜ਼ਾਰਾਂ ਤੇ ਹੋਰ ਪਬਲਿਕ ਥਾਵਾਂ ਉੱਤੇ ਗੁਰੂ ਗ੍ਰੰਥ ਸਾਹਿਬ ਦਾ ਖੁਲ੍ਹਮ ਖੁਲ੍ਹਾ ਮਖੌਲ ਉਡਾਉਂਦੇ ਸਨ ਤੇ 'ਕਾਫ਼ਰਾਂ ਦੀ ਬਾਣੀ' ਕਹਿ ਕੇ ਭੰਡਦੇ ਸਨ। ਅਖ਼ਬਾਰਾਂ ਰਾਹੀਂ ਸਿੱਖੀ ਉੱਤੇ ਹਲੇ ਕੀਤੇ ਜਾਂਦੇ ਸਨ। ਬਰਤਾਨਵੀ ਅਧਿਕਾਰੀਆਂ ਵਲੋਂ

---

32. ਕਲਕੱਤਾ ਰੀਵੀਊ, 1856, ਜਿਲਦ 27, ਪੰਨਾ 107
33. ਹਾਊਸ ਔਫ਼ ਕਾਮਨਜ਼ ਦੇ ਸੰਸਦੀਯ ਪੱਤਰ ਨੰਬਰ 117, ਮਿਤੀ 29 ਮਈ, 1857.
34. ਭਾਰਤ ਸਰਕਾਰ ਦੇ ਰੀਕਾਰਡ ਨੰਬਰ 18, ਪੰਨਾ 27-28
35. ਕਲਾਰਕ - 20 ਜੂਨ 1851 ਨੂੰ ਪੰਜਾਬ ਵਿਚ ਈਸਾਈ ਧਰਮ ਦੇ ਪ੍ਰਚਾਰ ਲਈ ਭੇਜੇ ਜਾਣ ਵਾਲੇ ਪਾਦਰੀਆਂ ਨੂੰ ਵਿਦਾਇਗੀ ਸ਼ਬਦ ਕਹਿੰਦਿਆਂ ਹੋਇਆਂ ਇਹ ਸੁਝਾ ਦਿੱਤਾ ਗਿਆ — " ਕੁਝ ਇਕ ਹੌਸਲਾ ਉਪਜਾਊ ਪ੍ਰਮਾਣਾਂ ਤੋਂ ਆਸ ਬੱਝਦੀ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦੇ ਟਾਕਰੇ ਤੇ ਸਿੱਖ ਈਸਾਈਅਤ ਨੂੰ ਛੇਤੀ ਕਬੂਲ ਕਰ ਲੈਣਗੇ ਜੇ ਉਨ੍ਹਾਂ ਦੇ ਕੁਝ ਉਘੇ ਆਗੂ ਈਸਾਈ ਮਤ ਧਾਰਨ ਲਈ ਮਨਾ ਲਏ ਜਾਣ। " ਪੰਜਾਬ ਐਂਡ ਸਿੰਧ ਮਿਸ਼ਨ ", ਪੰਨਾ 205.

ਗੁਮਨਾਮ ਰਹਿ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਢਾਹ ਦੇਣ ਦਾ ਸੁਝਾ ਦਿੱਤਾ ਜਾਂਦਾ ਸੀ । ਇਸ ਅਸਥਾਨ ਨੂੰ ਉਹ ਇਕ ਮਹਾਨ ਕੌਮ ਦੀਆਂ ਆਸਾਂ ਤੇ ਭਾਵਨਾਵਾਂ ਦਾ ਕੇਂਦਰ ਸਮਝਦੇ ਸਨ, ਜਿੱਥੋਂ ਕਿਸੇ ਦਿਨ ਅੰਗਰੇਜ਼ੀ ਰਾਜ ਦੇ ਦੁਸ਼ਮਣ ਮੁੜ ਉਭਰ ਸਕਦੇ ਸਨ।[36] ਵੱਡੇ ਵੱਡੇ ਫੌਜੀ ਅਫ਼ਸਰ ਸਿੱਖ ਸੈਨਿਕਾਂ ਨੂੰ ਖੁਲ੍ਹਮ ਖੁਲ੍ਹਾ ਗਾਲ੍ਹਾਂ ਕੱਢਦੇ ਸਨ ਤੇ ਕੇਸ਼ਾਂ ਦੀ ਬੇਅਦਬੀ ਕਰਦੇ ਸਨ।[37]

(ਘ) ਅੰਗਰੇਜ਼ ਸ਼ਾਸ਼ਕਾਂ ਵਲੋਂ ਸਿੱਖੀ ਸਪਿੱਰਟ ਨੂੰ ਪੂਰੀ ਤਰ੍ਹਾਂ ਕੁਚਲ ਦੇਣ ਦੀ ਜ਼ੋਰਦਾਰ ਨੀਤੀ ਅਪਣਾਈ ਗਈ । ਸਿੱਖਾਂ ਦੀ ਭਾਸ਼ਾ, ਸਭਿਆਚਾਰ, ਰਹਿਤ-ਮਰਯਾਦਾ ਸਭ ਨੂੰ ਭੰਡਿਆ ਗਿਆ ਤੇ ਹਾਨੀ ਪੁਚਾਈ ਗਈ । ਇਸ ਨੀਤੀ ਵਿਚ ਸ਼ਾਸ਼ਕਾਂ ਨੂੰ ਜੋ ਸਫਲਤਾ[38] ਪ੍ਰਾਪਤ ਹੋਈ ਉਸ ਨੂੰ ਉਹ ਪੰਜਾਬ ਦੀ 1852-53 ਦੀ ਪ੍ਰਬੰਧਕੀ ਰੀਪੋਰਟ ਦੇ ਪੰਨਾ 498 ਉਤੇ ਇਸ ਤਰ੍ਹਾਂ ਬਿਆਨ ਕਰਦੇ ਹਨ :-

" ਜਿਥੇ ਸਿੱਖਾਂ ਦੀ ਰਾਜਸੀ ਸੱਤਾ ਪਹਿਲਾਂ ਹੀ ਮੁਕ ਚੁਕੀ ਹੈ, ਉਥੇ ਸਿੱਖ ਧਰਮ ਦੀ ਮਾਨ-ਮਰਯਾਦਾ ਬੜੀ ਤੇਜ਼ੀ ਨਾਲ ਮੁਕਦੀ ਜਾ ਰਹੀ ਹੈ। ਜਿਥੇ ਇਹ ਲੋਕ ਪਹਿਲਾਂ ਸਿੱਖ ਧਰਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਵੇਸ਼ ਕਰਦੇ ਸਨ, ਹੁਣ ਉਸੇ ਹੀ ਰਫ਼ਤਾਰ ਤੇ ਉਨੀ ਹੀ ਗਿਣਤੀ ਵਿਚ ਸਿੱਖੀ ਵਲੋਂ ਮੁਖ ਮੋੜ ਰਹੇ ਹਨ। ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿਚ ਲੋਕ ਅਗੇ ਨਾਲੋਂ ਬਹੁਤ ਘੱਟ ਜਾਂਦੇ ਹਨ ਅਤੇ ਤਿਉਹਾਰਾਂ ਉਤੇ ਵੀ ਪਹਿਲਾਂ ਨਾਲੋਂ ਬਹੁਤ ਘੱਟ ਹਾਜ਼ਰੀ ਹੁੰਦੀ ਹੈ। ਅੰਮ੍ਰਿਤ ਛਕਾਉਣ ਦੀ ਰਸਮ ਵੀ ਹੁਣ ਕਦੇ ਕਦਾਈਂ ਹੀ ਹੁੰਦੀ ਹੈ।"

"ਗੁਰਮੁਖੀ ਲਿਪੀ ਦੀ ਵਰਤੋਂ ਵੀ ਮੱਧਮ ਪੈ ਗਈ ਹੈ। ਪੰਜਾਬੀ ਬਤੌਰ ਬੋਲ-ਚਾਲ ਦੀ ਭਾਸ਼ਾ ਦੇ ਵੀ ਘਟ ਵਰਤੀ ਜਾਣ ਲਗ ਪਈ ਹੈ ਅਤੇ ਹੁਣ ਇਹ ਇਕ ਪ੍ਰਾਂਤਕ ਤੇ ਗੰਵਾਰੂ ਉਪ-ਬੋਲੀ ਦੇ ਰੂਪ ਵਿਚ ਤ੍ਰਿਸਕਾਰੀ ਜਾਣ ਲਗ ਪਈ ਹੈ।"[39]

ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਦਾ ਹਿੰਦੂਆਂ ਤੇ ਮੁਸਲਮਾਨਾਂ ਦੇ ਟਾਕਰੇ ਤੇ ਸਿੱਖਾਂ ਤੇ ਇਸ ਲਈ ਵੀ ਸਭ ਤੋਂ ਵੱਧ ਪ੍ਰਭਾਵ ਪਿਆ, ਕਿਉਂਜੋ ਵਡੇਰੇ ਭਾਰਤੀ ਰਾਜ ਦਾ ਅੰਗ ਬਨਣ ਉਪਰੰਤ

---

36. Calcutta Review September 1859,p.17. Some high British official wrote- "Leave it(Golden Temple) to itself and withdraw from it the patronage of the state: resume the lands set aside for it... and the splendour of the institution will pass away. The gilded dome will lose its lustre, the marble walls fall out of its repairs. To act thus would be to act impartially and in accordance with the true principle of non-interference."

37. ਕਲਕੱਤਾ ਰੀਵੀਉ, 1856, ਪੰਨਾ 107, ਜਿਲਦ-27.
38. ਪੰਜਾਬ ਪ੍ਰਬੰਧਕੀ ਰੀਪੋਰਟ ਸਾਲ 1852-53, ਪੰਨਾ 184 ਤੇ 498.
39. ਟੈਂਪਲ-ਸਰ ਰਿਚਰਡ ਨੇ ਪੰਜਾਬ ਸਰਕਾਰ ਦੇ ਸਕੱਤ੍ਰ ਵਜੋਂ 1853 ਦੀ ਆਪਣੀ ਪ੍ਰਬੰਧਕੀ ਰੀਪੋਰਟ ਵਿਚ ਇਨ੍ਹਾਂ ਵਿਚਾਰਾਂ ਨੂੰ ਪ੍ਰਗਟਾਇਆ:- ਹਵਾਲਾ

ਹਿੰਦੂਆਂ ਤੇ ਮੁਸਲਮਾਨਾਂ ਦਾ ਮੇਲ ਆਪੋ ਆਪਣੇ ਧਰਮਾਂ ਦੇ ਵਧੇਰੇ ਖੁਸ਼ਹਾਲ ਤੇ ਵੱਧ ਪੜ੍ਹੇ ਹੋਏ ਵਰਗਾਂ ਨਾਲ ਪਿਆ, ਜਿਸ ਮੇਲ ਨਾਲ ਉਨ੍ਹਾਂ ਨੂੰ ਭਾਵਕ ਤੇ ਮਾਨਸਕ ਸੰਤੁਸ਼ਟਤਾ ਪ੍ਰਾਪਤ ਹੋਈ, ਪਰ ਸਿੱਖਾਂ ਦਾ ਮੇਲ ਕੇਵਲ ਮਾਲਵੇ ਦੇ ਉਨ੍ਹਾਂ ਲੋਕਾਂ ਨਾਲ ਹੋਇਆ, ਜਿਹੜੇ ਹਰ ਪੱਖੋਂ ਉਨ੍ਹਾਂ ਨਾਲੋਂ ਪਛੜੇ ਹੋਏ ਸਨ।

1851 ਈ. ਵਿਚ ਹੀ ਅੰਗਰੇਜ਼ਾਂ ਨੇ ਪੰਜਾਬ ਦੀਆਂ ਹੇਠਲੀਆਂ ਕਚਹਿਰੀਆਂ ਦੇ ਕੰਮ ਕਾਜ ਲਈ ਫਾਰਸੀ ਦੀ ਬਜਾਇ ਉਰਦੂ ਨੂੰ ਸਰਕਾਰੀ ਜ਼ੁਬਾਨ ਬਣਾ ਦਿਤਾ ਤੇ ਉਪਰਲੇ ਕੰਮ ਕਾਜ ਲਈ ਅੰਗ੍ਰੇਜ਼ੀ ਵਰਤੀ ਜਾਣ ਲਗੀ। ਕੰਮ ਕਾਰ ਚਲਾਉਣ ਲਈ ਉਰਦੂ ਪੜ੍ਹੇ ਲਿਖੇ ਮੁਸਲਮਾਨ ਯੂ.ਪੀ. ਤੋਂ ਲੈ ਆਂਦੇ ਗਏ ਅਤੇ ਅੰਗਰੇਜ਼ੀ ਦੇ ਕੰਮ ਕਾਜ ਲਈ ਬੰਗਾਲੀ ਬਾਬੂ (ਜਿਹੜੇ ਵਧੇਰੇ ਕਰ ਕੇ ਬ੍ਰਹਮੋ-ਸਮਾਜ ਦੇ ਅਨੁਯਾਈ ਸਨ) ਆ ਗਏ। ਨੌਜਵਾਨ ਪੰਜਾਬੀ ਹਿੰਦੂ ਬੰਗਾਲੀ ਬਾਬੂਆਂ ਤੋਂ ਪ੍ਰਭਾਵਤ ਹੋਇਆ ਅਤੇ ਆਮ ਪੰਜਾਬੀ ਮੁਸਲਮਾਨ ਉੱਤਰਪ੍ਰਦੇਸ਼ ਤੋਂ ਆਏ ਵਧੇਰੇ ਸਭਯ ਤੇ ਵਧੇਰੇ ਕੱਟੜ ਮੁਸਲਮਾਨਾਂ ਦੇ ਨੇੜੇ ਹੋ ਕੇ ਸੰਤੁਸ਼ਟਤਾ ਅਨੁਭਵ ਕਰਨ ਲਗਾ।

ਸਿੱਖ ਪਹਿਲਾਂ ਹੀ ਘਟ ਪੜ੍ਹੇ ਹੋਏ ਸਨ ਕਿਉਂਜੋ ਉਨ੍ਹਾਂ ਦਾ ਮੁਖ ਕਿੱਤਾ ਫੌਜੀ ਨੌਕਰੀ ਸੀ, ਜਿਸ ਵਿਚੋਂ ਉਨ੍ਹਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਛੇਕਿਆ ਗਿਆ। ਨਵੇਂ ਰਾਜ ਪ੍ਰਬੰਧ ਵਿਚ ਉਨ੍ਹਾਂ ਲਈ ਕਿਧਰੇ ਵੀ ਕੋਈ ਥਾਂ ਨਹੀਂ ਸੀ, ਸਿਵਾਇ ਪਿੰਡਾਂ ਵਿਚ ਜਾ ਕੇ ਖੇਤੀ ਵਿਚ ਰੁਝ ਜਾਣ ਦੇ।

ਉਪ੍ਰੋਕਤ ਸਾਰੇ ਤੱਥ ਇਹ ਸਿੱਧ ਕਰਨ ਲਈ ਕਾਫ਼ੀ ਹਨ ਕਿ ਸਿੱਖਾਂ ਨੇ ਨਾ ਕੇਵਲ ਆਪਣਾ ਰਾਜ ਭਾਗ ਹੀ ਗੁਆਇਆ ਸਗੋਂ ਕੁਝ ਵਰ੍ਹਿਆਂ ਦੀ ਗੁਲਾਮੀ ਹੇਠ ਆਪਣੀ ਅਣਖ, ਆਪਣੀ ਦੌਲਤ, ਮਾਣ ਤੇ ਪਦਵੀਆਂ, ਆਪਣਾ ਧਰਮ, ਆਪਣਾ ਸਭਿਆਚਾਰ, ਆਪਣੀ ਭਾਸ਼ਾ ਤੇ ਆਪਣੀ ਲਿੱਪੀ ਸਭ ਕਾਸੇ ਨੂੰ ਨਿਘਰਦਿਆਂ ਪ੍ਰਤੀਤ ਕੀਤਾ। ਵਿਸ਼ਾਦ-ਗ੍ਰਸਤ ਸਿੱਖ ਭਾਈਚਾਰੇ ਨੂੰ ਕਿਸੇ ਪਾਸਿਓਂ ਵੀ ਕੋਈ ਠੌਰ ਪ੍ਰਾਪਤ ਨਹੀਂ ਸੀ। ਉਹ ਸਭ ਢਿੱਲੜ, ਆਲਸੀ, ਸਾਹ-ਸਤ-ਹੀਣ ਤੇ ਮਨੋ-ਬਲ ਤੋਂ ਸੱਖਣੇ, ਢਹਿੰਦੀਆਂ ਕਲਾ ਵਿਚ ਜੀਵਨ ਦੇ ਦਿਨ ਪੂਰੇ ਕਰਨ ਲਗੇ। 'ਰਾਜ ਕਰੇਗਾ ਖਾਲਸਾ' ਦੇ ਜੈਕਾਰੇ ਵੀ ਮੱਧਮ ਪੈ ਗਏ ਸਨ, ਕਿਉਂਜੋ ਉਨ੍ਹਾਂ ਵਿਚੋਂ ਲੜਨ ਦੀ ਭਾਵਨਾ ਸਮਾਪਤ ਹੁੰਦੀ ਜਾ ਰਹੀ ਸੀ। ਅਜਿਹੀ ਸਥਿਤੀ ਵਿਚ ਹੀ ਦੇਸ਼ ਵਿਚ ਗ਼ਦਰ ਦਾ ਰੌਲਾ ਪੈ ਗਿਆ।

ਅਜੋਕੇ ਇਤਿਹਾਸਕਾਰਾਂ ਨੇ 1857 ਈ. ਦੇ ਗ਼ਦਰ ਨੂੰ ਸੁਤੰਤਰਤਾ ਦੀ ਪਹਿਲੀ ਲੜਾਈ ਆਖ ਕੇ ਪੰਜਾਬੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖਾਂ ਉੱਤੇ ਇਹ ਦੋਸ਼ ਲਾਇਆ ਕਿ ਉਨ੍ਹਾਂ ਨੇ ਸੁਤੰਤਰਤਾ ਅੰਦੋਲਨ ਵਿਚ ਭਾਗ ਨਾ ਲੈ ਕੇ ਦੇਸ਼-ਧਰੋਹੀ ਕੀਤੀ ਹੈ। ਇਸ ਦੋਸ਼ ਨੂੰ ਵੱਖ ਵੱਖ ਇਤਿਹਾਸਕਾਰਾਂ ਨੇ ਹੇਠ ਲਿਖੀਆਂ ਦਲੀਲਾਂ ਦੇ ਕੇ ਗ਼ਲਤ ਸਿੱਧ ਕੀਤਾ ਹੈ:-

(1) ਅੰਗਰੇਜ਼ੀ ਸਰਕਾਰ ਤੇ ਅਧਿਕਾਰੀਆਂ ਦੇ ਸਿੱਖਾਂ ਪ੍ਰਤੀ ਉਪ੍ਰੋਕਤ ਰਵੱਈਏ ਦੇ ਸਨਮੁਖ ਇਹ ਕਹਿਣਾ ਕਿ ਉਹ ਗ਼ਦਰ ਸਮੇਂ ਉਨ੍ਹਾਂ ਦੇ ਸਮਰਥਕ ਬਣੇ, ਬਹੁਤਾ ਠੀਕ ਪ੍ਰਤੀਤ ਨਹੀਂ ਹੁੰਦਾ। ਅੰਗ੍ਰੇਜ਼ਾਂ ਵਿਰੁੱਧ ਘ੍ਰਿਣਾ ਤੇ ਵਿਦ੍ਰੋਹ ਦੀ ਭਾਵਨਾ ਤਾਂ ਬੇਹੱਦ ਸੀ ਪਰ ਅੰਗਰੇਜ਼ਾਂ ਵਲੋਂ ਅਪਣਾਈ ਗਈ ਨੀਤੀ ਕਾਰਨ ਸਿੱਖਾਂ ਨੂੰ ਜਥੇਬੰਦ ਕਰ ਕੇ ਅਗਵਾਈ ਦੇਣ ਵਾਲਾ ਕੋਈ ਨਹੀਂ ਸੀ।[40] ਅੰਗਰੇਜ਼ ਅਫ਼ਸਰਾਂ ਨੇ ਲੋੜ ਸਮੇਂ ਇਨ੍ਹਾਂ ਵਿਦ੍ਰੋਹੀਆਂ ਨੂੰ ਆਪਣੀ ਵਲ ਕਰ ਲਿਆ।

(2) ਪੰਜਾਬ ਉਤੇ ਕਬਜ਼ੇ ਦੇ ਕਈ ਵਰ੍ਹੇ ਪਿਛੋਂ ਤਕ ਵੀ ਅੰਗਰੇਜ਼ਾਂ ਨੂੰ ਪੰਜਾਬੀ ਵਿਦ੍ਰੋਹ ਦਾ ਲਗਾਤਾਰ ਭੈ ਬਣਿਆ ਹੋਇਆ ਸੀ । ਏਸੇ ਲਈ ਗ਼ਦਰ ਤੋਂ ਪਹਿਲਾਂ ਹੀ ਪੰਜਾਬ ਵਿਚ ਹੋਰ ਸਾਰੇ ਪ੍ਰਾਂਤਾਂ ਨਾਲੋਂ ਵੱਧ ਸੈਨਾ ਰੱਖੀ ਗਈ ਸੀ । 60,000 ਸੈਨਿਕ ਤੇ ਪੰਦਰਾਂ ਹਜ਼ਾਰ ਪੁਲਿਸ ਸਿਪਾਹੀਆਂ ਦੀ ਪੰਜਾਬ ਵਿਚ ਨਿਯੁਕਤੀ[41] ਇਹ ਸਿੱਧ ਕਰਦੀ ਹੈ ਕਿ ਹਰ ਚਾਲੀ ਬੰਦਿਆਂ ਦੀ ਵਸੋਂ ਪਿਛੇ ਇਕ ਸੈਨਿਕ ਹਾਜ਼ਰ ਸੀ। ਅਜੇਹੀ ਸਖ਼ਤੀ ਦੇ ਵਾਤਾਵਰਨ ਵਿਚ ਸਿੱਖਾਂ ਦਾ ਨਿਰਚੇਸ਼ਟ ਜਾਂ ਡਰ ਅਧੀਨ, ਹਾਲਾਤ ਵਲੋਂ ਬੇ-ਪਰਵਾਹ ਰਹਿਣਾ ਸੁਭਾਵਿਕ ਸੀ।[42]

(3) ਸਾਰੇ ਪੰਜਾਬੀਆਂ ਪਾਸੋਂ ਕੁਝ ਵਰ੍ਹਿਆਂ ਦੇ ਅੰਦਰ ਅੰਦਰ ਸਰਕਾਰ ਨੇ ਹਰ ਪ੍ਰਕਾਰ ਦੇ ਲੜਾਈ ਵਿਚ ਵਰਤੇ ਜਾ ਸਕਣ ਵਾਲੇ ਇਕ ਲੱਖ ਤੋਂ ਉਪਰ ਹਥਿਆਰ ਜ਼ਬਤ ਕਰ ਲਏ ਸਨ। ਨਿਹੱਥੇ ਲੋਕ ਕਿਵੇਂ ਲੜ ਸਕਦੇ ਸਨ? ਸਿੱਖਾਂ ਵਿਚ ਇਸ ਕਾਰਨ ਵੀ ਹੀਣਤਾ ਭਾਵ ਉਪਜ ਚੁੱਕੇ ਸਨ।

(4) ਸਿੱਖਾਂ ਸਾਹਮਣੇ ਤੁਰਤ ਕੋਈ ਸਾਂਝਾ ਉਦੇਸ਼ ਨਹੀਂ ਸੀ, ਜਿਸ ਨੂੰ ਸਾਹਮਣੇ ਰੱਖ ਕੇ ਉਹ ਅੰਗਰੇਜ਼ਾਂ ਵਿਰੁਧ ਬਗ਼ਾਵਤ ਕਰਦੇ ਜਾਂ ਗ਼ਦਰੀਆਂ ਦਾ ਸਾਥ ਦਿੰਦੇ।

---

40. Tara Chand :" The Sikh soldiery was leaderless. Able British Officers turned the hostility of the people to appreciation of the new rule."History of Freedom Movement-Vol.II.

41. ਗਿਬਨ - " ਦੀ ਲਾਰੰਸ ਐਫ਼ ਦੀ ਪੰਜਾਬ " — ਲੰਡਨ - ਪੰਨਾ 165. ਕੁਝ ਹੋਰ ਇਤਿਹਾਸਕਾਰਾਂ ਨੇ ਇਸੇ ਗਿਣਤੀ ਨੂੰ ਥੋੜ੍ਹੇ ਬਹੁਤ ਫ਼ਰਕ ਨਾਲ ਬਿਆਨ ਕੀਤਾ ਹੈ ।

42. ਪੰਜਾਬ ਪ੍ਰਬੰਧਕੀ ਰੀਪੋਰਟ 1859 ਅਤੇ ਕਲਕੱਤਾ ਰੀਵੀਊ ਜਿਲਦ 26, ਪੰਨਾ 44.

"There was nothing safe in Panjab and the army of occupation could not safely be reduced... Panjab could not be insurgent, while 72,000 men were in occupation."

(5) " ਪੰਜਾਬ ਅਤੇ ਪੂਰਬ ਦੇ [43]ਮੁਸਲਮਾਨਾਂ ਨੇ ਇਸ ਗ਼ਦਰ ਵਿਚ ਭਾਗ, ਮੁਗ਼ਲ ਰਾਜ ਦੀ ਪੁਨਰ-ਸਥਾਪਨਾ ਦੀ ਆਸ ਤੇ ਲਿਆ ਸੀ ਅਤੇ ਉਹ ਬਹਾਦਰ ਸ਼ਾਹ ਦੇ ਝੰਡੇ ਹੇਠ ਇਕੱਠੇ ਹੋ ਗਏ ਸਨ। ਸਿੱਖ ਦੋ ਸੌ ਸਾਲ ਮੁਗ਼ਲ ਰਾਜ ਦੇ ਅਤਿਆਚਾਰਾਂ ਦੇ ਵਿਰੁਧ ਲੜੇ ਸਨ, ਇਸ ਲਈ ਅਜਿਹੇ ਕਿਸੇ ਰਾਜ ਦੀ ਪੁਨਰ-ਸਥਾਪਨਾ ਦੇ ਸਿੱਖ ਤਨੋਂ ਮਨੋਂ ਵਿਰੁਧ ਸਨ।"[44] ਸਿੱਖ ਕਦੇ ਵੀ ਆਪਣੇ ਆਪ ਨੂੰ ਮੁਗ਼ਲ ਬਾਦਸ਼ਾਹ ਦੀ ਸਹਾਇਤਾ ਲਈ ਤਿਆਰ ਹੀ ਨਹੀਂ ਸਨ ਕਰ ਸਕਦੇ। ਉਨ੍ਹਾਂ ਨੇ ਕਦੇ ਸੋਚਿਆ ਹੀ ਨਹੀਂ ਸੀ ਕਿ ਬਹਾਦਰ ਸ਼ਾਹ ਕਿਸੇ ਰਾਸ਼ਟਰੀ ਸੁਤੰਤਰਤਾ ਦੀ ਜੰਗ ਦੀ ਅਗਵਾਈ ਕਰ ਰਿਹਾ ਹੈ ਅਤੇ ਉਸ ਦੀ ਹਮਾਇਤ ਕਰਨਾ, ਉਨ੍ਹਾਂ ਦਾ ਫਰਜ਼ ਹੈ। ਉਨ੍ਹਾਂ ਨੇ ਆਪਣਾ ਸਾਰਾ ਜ਼ੋਰ ਅੰਗਰੇਜ਼ਾਂ ਨਾਲ ਜੋੜਦਿੱਤਾ ਤਾਂ ਜੋ ਕਿਸੇ ਤਰ੍ਹਾਂ ਮੁਗ਼ਲ ਰਾਜ ਮੁੜਕੇ ਖੜਾ ਨਾ ਹੋ ਜਾਏ।"[45]

---

43. ਕਨ੍ਹਈਆ ਲਾਲ, ਤਾਰੀਖਿ ਬਗ਼ਾਵਤੇ ਹਿੰਦਿ(ਉਰਦੂ) ਸਫ਼ਾ 199 ਤੇ ਲਿਖਿਆ ਕਿ ਮੁਸਲਮਾਨ ਕਾਫ਼ਰਾਂ (ਅੰਗਰੇਜ਼ਾਂ ) ਵਿਰੁਧ ਜਹਾਦ ਦਾ ਝੰਡਾ ਇਸ ਲਈ ਖੜਾ ਕਰਨਾ ਚਾਹੁੰਦੇ ਸਨ ਕਿ ਉਨ੍ਹਾਂ ਨੇ ਇਸਲਾਮੀ ਰਾਜ ਨੂੰ ਖ਼ਤਮ ਕੀਤਾ ਹੈ, ਇਸ ਲਈ ਅੰਗਰੇਜ਼ਾਂ ਵਿਰੁਧ ਬਗ਼ਾਵਤ ਕਰ ਕੇ ਇਸਲਾਮੀ ਰਾਜ ਦੀ ਪੁਨਰ-ਸਥਾਪਨਾ ਲਈ ਕਮਰ-ਕੱਸੀ ਕਰੋ। ਅਲਾਹਾਬਾਦ ਤੋਂ ਕਿਸੇ ਮੁਸਲਮਾਨ ਮੌਲਵੀ ਨੇ ਗ਼ਦਰ ਦਾ ਹੇਠ ਲਿਖਿਆ ਐਲਾਨ-ਨਾਮਾ ਜਾਰੀ ਕੀਤਾ:-

ਬਾਅਦ ਤੁਮਹੀਦ, ਖ਼ੁਦਾ ਨਾਅਤ ਰਸੂਲ ਅਕਰਮ
ਯਹ ਰਸਾਲਾ ਹੈ ਜਹਾਦ, ਯਹ ਲਿਖਤਾ ਹੈ ਕਲਮ
ਦੀਨਿ ਇਸਲਾਮ ਬਹੁਤ ਸੁਸਤ ਹੂਆ ਜਾਤਾ ਹੈ,
ਗ਼ੁਲਬਾਇ, ਕੁਫ਼ਰ ਸੇ, ਇਸਲਾਮ ਮਿਟਾ ਜਾਤਾ ਹੈ।
ਫਰਜ਼ ਹੈ ਤੁਮ ਪੈ ਮੁਸਲਮਾਨੋ! ਜਹਾਦਿ ਕੁਫ਼ਾਰ,
ਇਸ ਕਾ ਸਾਮਾਨ ਕਰੋ, ਅਗਰ ਹੋ ਦੀਨਦਾਰ।
ਜੋ ਗਹਿ-ਹੱਕ ਮੇਂ ਹੂਏ ਟੁਕੜੇ, ਨਹੀਂ ਮਰਤੇ ਹੈਂ।
ਬਲਕਿ ਵੁਹ ਜੀਤੇ ਹੈਂ, ਜੰਨਤ ਮੇਂ ਖ਼ੁਸ਼ੀ ਕਰਤੇ ਹੈਂ।
ਪੇਸ਼ਵਾ ਲੋਗ ਇਸ ਤਰਹ ਨਾ ਕਰਤੇ ਜੋ ਜਹਾਦ।
ਹਿੰਦ ਫਿਰ ਕਿਸਤਰਹ, ਇਸਲਾਮ ਸੇ ਹੋਤਾ ਆਬਾਦ।
ਬਸ ਹਮ ਕਾਮ ਕੀ ਕਹਿਤੇ ਹੈਂ, ਸੁਨੋ ਯਾਰੋ
ਵਕਤ ਆਯਾ ਹੈ ਕਿ ਤਲਵਾਰ ਕੋ ਬੜ੍ਹ ਬੜ੍ਹ ਕੇ ਮਾਰੋ।"

44. ਗੰਡਾ ਸਿੰਘ (ਡਾ:) ਪੰਜਾਬ(1849-1900 ਈ.) ਸੰਪਾਦਤ-ਲੁਧਿਆਣਾ 1962, ਪੰਨਾ 29

45. ਉਹੀ, ਪੰਨਾ 30.

(6) ਪੰਜਾਬ ਉਤੇ ਕਬਜ਼ੇ ਉਪਰੰਤ ਅੰਗਰੇਜ਼ੀ ਸਰਕਾਰ ਵਲੋਂ ਅਪਣਾਈਆਂ ਗਈਆਂ ਵਿਕਾਸ ਯੋਜਨਾਵਾਂ ਨਾਲ ਆਮ ਲੋਕਾਂ ਵਿਚ ਆਰਥਕ ਖੁਸ਼ਹਾਲੀ ਆ ਗਈ। ਫੌਜ ਵਿੱਚੋਂ ਵਿਹਲੇ ਕੀਤੇ ਸੈਨਿਕ ਖੇਤੀ ਵਿਚ ਜੁਟ ਪਏ। ਨਹਿਰਾਂ ਤੇ ਸੜਕਾਂ ਆਦਿ ਨਾਲ ਆਵਾਜਾਈ ਦੀਆਂ ਸਹੂਲਤਾਂ ਨੇ ਲੋਕਾਂ ਦੇ ਮਨਾਂ ਵਿਚ ਨਵੇਂ ਰਾਜ ਪ੍ਰਬੰਧ ਵਿਚ ਵਿਸ਼ਵਾਸ਼ ਲੈ ਆਂਦਾ। ਇਸ ਲਈ ਗ਼ਦਰ ਸਮੇਂ ਉਹ ਅਜਿਹੇ ਰਾਜ ਵਿਰੁਧ ਉਕਸਾਏ ਨਾ ਜਾ ਸਕੇ।[46]

(7) ਹਿੰਦੂ ਸੈਨਿਕਾਂ ਨੇ ਜਿਨ੍ਹਾਂ ਨੂੰ ਪੂਰਬੀਏ ਆਖਿਆ ਜਾਂਦਾ ਸੀ, ਸਿੱਖਾਂ ਨਾਲ ਚੇਲੀਆਂ-ਵਾਲੇ ਤੇ ਸੁਭਰਾਓਂ ਦੀਆਂ ਲੜਾਈਆਂ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਹੁਣ ਗ਼ਦਰ ਸਮੇਂ ਪੂਰਬੀਏ ਮੋਹਰੀ ਬਣੇ ਹੋਏ ਸਨ ਤੇ ਸਿੱਖ ਕਿਸੇ ਤਰ੍ਹਾਂ ਵੀ ਉਨ੍ਹਾਂ ਦੀ ਹਮਾਇਤ ਲਈ ਤਿਆਰ ਨਾ ਹੋਏ।[47]

(8) ਇਸ ਗਲ ਦਾ ਵੀ ਕੋਈ ਯਕੀਨ ਨਹੀਂ ਸੀ ਕਿ ਜੇ ਸਿੱਖ ਗ਼ਦਰੀਆਂ ਦਾ ਸਾਥ ਦਿੰਦੇ ਤਾਂ ਗ਼ਦਰ ਜ਼ਰੂਰ ਸਫਲ ਹੋ ਜਾਂਦਾ, ਜਾਂ ਅੰਗਰੇਜ਼ ਹਾਰ ਜਾਂਦੇ।[48]

(9) " ਅੰਗਰੇਜ਼ੀ ਰਾਜ ਅਧੀਨ ਪੰਜਾਬੀ ਲੋਕ ਨਵੇਂ ਨਵੇਂ ਆਏ ਸਨ ਤੇ ਇਨ੍ਹਾਂਨੇ ਹਾਲੀ ਤਸਵੀਰ ਦਾ ਦੂਜਾ ਪਾਸਾ ਨਹੀਂ ਸੀ ਦੇਖਿਆ। ਅਰਥਾਤ ਬਦੇਸ਼ੀ ਰਾਜ ਦੀਆਂ ਬੁਰਿਆਈਆਂ-ਜੋ ਬਦੇਸ਼ੀ ਮਾਲਕਾਂ ਨਾਲ ਕਾਫ਼ੀ ਚਿਰ ਵਾਹ ਪੈਣ ਤੋਂ ਪਿਛੋਂ ਹੀ ਮਹਿਸੂਸ ਹੁੰਦੀਆਂ ਹਨ। ਦੇਸ਼ ਦੇ ਦੂਜੇ ਭਾਗਾਂ ਵਿਚ ਅੰਗਰੇਜ਼ ਲੰਮੇਰੇ ਸਮੇਂ ਲਈ ਰਾਜ ਕਰ ਚੁਕੇ ਸਨ ਤੇ ਉਨ੍ਹਾਂ ਲੋਕਾਂ ਨੂੰ ਪਤਾ ਸੀ ਕਿ ਗ਼ੁਲਾਮੀ ਦਾ ਕੀ ਅਰਥ ਹੈ? ਜੇ ਕਿਧਰੇ ਗ਼ਦਰ ਜ਼ਰਾ ਕੁ ਪਿਛੋਂ ਉਠਦਾ ਤਾਂ ਸਿੱਖਾਂ ਨੇ — ਜਿਹੜੇ ਅਜ਼ਾਦੀ ਲਈ ਲਗਨ ਅਤੇ ਪ੍ਰੇਮ ਲਈ ਪ੍ਰਸਿੱਧ ਹਨ, ਭਾਰਤ ਵਿਚ ਅੰਗਰੇਜ਼ ਰਾਜ ਨੂੰ ਖ਼ਤਮ ਕਰਨ ਵਿਚ ਸਭ ਤੋਂ ਵੱਧ ਹਿਸਾ ਪਾਉਣਾ ਸੀ।[49]

ਸਪੱਸ਼ਟ ਹੈ ਕਿ ਕੁਝਕੁ ਇੱਕਾ ਦੁਕਾ ਘਟਨਾਵਾਂ ਨੂੰ ਛੱਡ ਕੇ, ਸਿੱਖ ਜਨਤਾ ਤੇ ਸਿੱਖ ਸੈਨਿਕਾਂ ਨੇ ਗ਼ਦਰੀਆਂ ਦਾ ਸਾਥ ਨਾ ਦਿੱਤਾ।[50] ਇਸ ਦੇ ਉਲਟ ਬਹੁਤ ਸਾਰੇ ਇਤਿਹਾਸਕ ਪ੍ਰਮਾਣ

---

46. ਖੁਸ਼ਵੰਤ ਸਿੰਘ —' ਹਿਸਟ੍ਰੀ ਔਫ਼ ਦੀ ਸਿਖ਼ਸ - ਜਿਲਦ-II ,ਪੰਨਾ 102-103
47. Cave Browne-" The Panjab and Delhi in 1857,p.XVI
Panjab Govt.Record-Mutiny Reports Vol.vii,p.41.
48. Chhabra- ' Advanced History of Panjab', page 343-44.
49. ਨਾਰੰਗ-ਕਿਰਪਾਲ ਸਿੰਘ - ਪੰਜਾਬ(ਸੰਪਾਦਤ)1962, ਪੰਨਾ 31.
50. Griffiths Percival-" It was largly thanks to the efforts of the members of this commission that the Sikhs remained loyal during the critical days of Mutiny." British Impact on India', p.99.

ਮਿਲਦੇ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਸੈਨਿਕਾਂ ਨੇ ਅੰਗਰੇਜ਼ ਸੈਨਿਕਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਗ਼ਦਰੀਆਂ ਨੂੰ ਕੁਚਲਣ ਵਿਚ ਸਹਾਇਤਾ ਦਿੱਤੀ।[51] ਪੰਜਾਬ ਦੀਆਂ ਰਿਆਸਤਾਂ ਦੇ ਰਾਜਿਆਂ ਅਤੇ ਵੱਡੇ ਜ਼ਿਮੀਦਾਰਾਂ ਨੇ ਵੀ ਹਰ ਸੰਭਵ ਢੰਗ ਨਾਲ ਅੰਗਰੇਜ਼ਾਂ ਦੀ ਇਸ ਔਖੇ ਸਮੇਂ ਸਹਾਇਤਾ ਕੀਤੀ। ਵਿਸ਼ੇਸ਼ ਤੌਰ ਤੇ ਪਟਿਆਲਾ, ਨਾਭਾ, ਜੀਂਦ ਤੇ ਕਪੂਰਥਲੇ ਦੇ ਰਾਜਿਆਂ ਨੇ ਸੋਇਆ, ਹਥਿਆਰਾਂ ਤੇ ਸੈਨਿਕ ਦੇ ਕੇ ਪੰਜਾਬ ਨੂੰ ਗ਼ਦਰੀਆਂ ਤੋਂ ਬਚਾਉਣ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ।[52]

ਅੰਗਰੇਜ਼ਾਂ ਨੇ ਸਿੱਖਾਂ ਦੀਆਂ ਮੁਗ਼ਲ ਵਿਰੋਧੀ ਭਾਵਨਾਵਾਂ ਨੂੰ ਟੁੰਬਿਆ ਅਤੇ "ਸੌ ਸਾਖੀ" ਦਾ ਹਵਾਲਾ ਦੇ ਕੇ ਅਤੇ ਉਸ ਦੇ ਆਪਣੇ ਹਿਤਾਂ ਵਾਲੇ ਅਰਥ ਕੱਢ ਕੇ, ਦਿੱਲੀ ਉਤੇ ਅੰਗਰੇਜ਼-ਸੈਨਿਕਾਂ ਨਾਲ ਰਲ ਕੇ ਹਲਾ ਬੋਲਣ ਲਈ ਵੰਗਾਰਿਆ। ਬਹਾਦਰ ਸ਼ਾਹ, ਉਸ ਦੀ ਮਲਕਾ ਜ਼ੀਨਤ ਬੇਗ਼ਮ ਤੇ ਉਸ ਦੇ ਪੁਤਰਾਂ ਨੂੰ ਸਿੱਖ ਸੈਨਿਕਾਂ ਨੇ ਕੈਦ ਕਰਕੇ ਅੰਗਰੇਜ਼ਾਂ ਦੇ ਸਪੁਰਦ ਕੀਤਾ।

ਗ਼ਦਰ ਦੇ ਖ਼ਾਤਮੇ ਉਪਰੰਤ ਅੰਗਰੇਜ਼ੀ ਸਰਕਾਰ ਦੀ ਸਿੱਖ ਵਿਰੋਧੀ ਭਾਵਨਾ ਤੇ ਨੀਤੀ ਸਮਾਪਤ ਹੋ ਗਈ। ਹਰਿਆਣਾ ਤੇ ਦਿੱਲੀ ਦੇ ਪ੍ਰਾਂਤਾਂ ਨੂੰ ਗ਼ਦਰ ਵਿਚ ਭਾਗ ਲੈਣ ਦੀ ਸਜ਼ਾ ਵਜੋਂ ਪੰਜਾਬ ਵਿਚ ਸੰਮਿਲਤ ਕਰ ਦਿੱਤਾ ਗਿਆ। ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਹੋਰ ਇਲਾਕੇ ਖ਼ਿਤਾਬ ਤੇ ਜਾਇਦਾਦਾਂ ਬਖ਼ਸ਼ੀਆਂ ਗਈਆਂ।[53] ਭਾਰਤ ਦਾ ਪ੍ਰਬੰਧ ਈਸਟ ਇੰਡੀਆ ਕੰਪਨੀ ਪਾਸੋਂ ਲੈ ਕੇ ਬਰਤਾਨਵੀ ਪਾਰਲੀਮੈਂਟ ਨੇ ਆਪਣੇ ਸਿੱਧੇ ਅਧਿਕਾਰ ਵਿਚ ਲੈ ਲਿਆ।

ਅੰਗਰੇਜ਼ਾਂ ਵਲੋਂ ਸਿੱਖਾਂ ਦੀਆਂ ਗ਼ਦਰ ਸਮੇਂ ਦੀਆਂ ਸੇਵਾਵਾਂ ਬਦਲੇ ਜੋ ਸਹੂਲਤਾਂ ਜਾਂ ਰਿਆਇਤਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਆਰਥਕ-ਸਮਾਜਕ ਦਸ਼ਾ ਵਿਚ ਇਨ੍ਹਾਂ ਸਦਕਾ ਜੋ ਪਰਿਵਰਤਨ ਆਇਆ, ਉਸ ਦਾ ਸੰਖੇਪ ਵੇਰਵਾ ਦੇ ਕੇ ਸਿੱਖਾਂ ਦੀ ਮਨੋ-ਵਿਗਿਆਨਕ ਸਥਿਤੀ ਦਾ ਵਿਸ਼ਲੇਸ਼ਣ ਕਰਨਾ ਏਥੇ ਉਚਿਤ ਪ੍ਰਤੀਤ ਹੁੰਦਾ ਹੈ:-

(1) ਜਿਥੇ ਕੁਝ ਵਰ੍ਹੇ ਪਹਿਲਾਂ ਪੰਜਾਹ ਹਜ਼ਾਰ ਸਿੱਖ ਸੈਨਿਕਾਂ ਨੂੰ ਪੈਨਸ਼ਨਾਂ ਦੇ ਕੇ ਘਰੋ ਘਰੀ ਤੋਰ ਦਿੱਤਾ ਗਿਆ ਸੀ ਅਤੇ ਜਿਹੜੇ 10,000 ਦੇ ਕਰੀਬ ਰੱਖੇ ਵੀ ਗਏ ਸਨ, ਉਨ੍ਹਾਂ ਨੂੰ ਵੱਖ ਵੱਖ ਰੈਜਮੈਂਟਾਂ ਵਿਚ ਨਿਖੇੜ ਕੇ ਵੱਖੋ ਵੱਖ ਛਾਉਣੀਆਂ ਵਿਚ ਰੱਖਿਆ ਜਾਂਦਾ ਸੀ ਤਾਂ ਜੋ ਉਹ ਮੁੜ

---

51. Khushwant Singh- History of the Sikhs, Vol.II,page 109-110

52. Ibid, p.109

53. Cave Browne-'Panjab and Delhi in 1857', London, p.243

ਸੰਗਠਤ ਹੋ ਕੇ ਅੰਗਰੇਜ਼ੀ ਰਾਜ ਲਈ ਬਿਪਤਾ ਖੜੀ ਨਾ ਕਰ ਦੇਣ; ਅਤੇ ਅਗੋਂ ਲਈ ਵੀ ਸਿੱਖਾਂ ਦੇ ਫ਼ੌਜ ਵਿਚ ਭਰਤੀ ਹੋਣ ਉਤੇ ਬੜੀਆਂ ਕਰੜੀਆਂ ਸ਼ਰਤਾਂ ਤੇ ਰੋਕਾਂ ਲਾਈਆਂ ਗਈਆਂ ਸਨ, ਗ਼ਦਰ ਦੀ ਸਮਾਪਤੀ ਪਿਛੋਂ ਉਨ੍ਹਾਂ ਉਤੋਂ ਸਭ ਪਾਬੰਦੀਆਂ ਹਟਾ ਲਈਆਂ ਗਈਆਂ ਅਤੇ ਬਰਤਾਨਵੀ ਸੈਨਾ ਲਈ ਸੱਭ ਤੋਂ ਵੱਧ ਮੰਗ ਸਿੱਖਾਂ ਦੀ ਹੋ ਗਈ।[54] ਇਸ ਨੀਤੀ ਨੇ ਸਿੱਖਾਂ ਦੀ ਮਾਰਸ਼ਲ ਕੌਮ ਵਜੋਂ ਮਾਨਤਾ ਨੂੰ ਸਵੀਕਾਰ ਕੀਤਾ ਤੇ ਸਮੁੱਚੀ ਸਿੱਖ ਕੌਮ ਦੇ ਮਨੋ-ਬਲ ਨੂੰ ਚੜ੍ਹਦੀਆਂ ਕਲਾ ਵਿਚ ਲੈ ਆਂਦਾ।

(2) ਜਿਹੜੇ ਸਿੱਖ ਸੈਨਿਕ ਪਹਿਲਾਂ ਫੌਜ ਵਿਚ ਰਖੇ ਵੀ ਗਏ ਸਨ, ਉਨ੍ਹਾਂ ਨਾਲ ਅੰਗਰੇਜ਼ ਅਫ਼ਸਰ ਬੜਾ ਘ੍ਰਿਣਾ-ਯੋਗ ਵਰਤਾਉ ਕਰਦੇ ਸਨ ਅਤੇ ਉਨ੍ਹਾਂ ਨੂੰ ਕੇਸ ਰੱਖਣ ਤੋਂ ਰੋਕਦੇ ਸਨ, ਪਰ ਗ਼ਦਰ ਪਿਛੋਂ ਸਰਕਾਰ ਵਲੋਂ ਇਹ ਹੁਕਮ ਜਾਰੀ ਕਰ ਦਿੱਤੇ ਗਏ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਉੱਕਾ ਕੋਈ ਦਖ਼ਲ ਨਾ ਦਿੱਤਾ ਜਾਏ ਅਤੇ ਉਨ੍ਹਾਂ ਦੇ ਧਾਰਮਿਕ ਅਕੀਦਿਆਂ ਅਨੁਸਾਰ ਕੇਸ ਤੇ ਦਾਹੜੀਆਂ ਰੱਖਣ ਦਿੱਤੀਆਂ ਜਾਣ। ਏਥੋਂ ਤਕ ਕਿ ਜਿਨ੍ਹਾਂ ਲੋਕਾਂ ਨੇ ਸਿੱਖ ਨਾ ਹੁੰਦਿਆਂ ਹੋਇਆਂ, ਸਿੱਖਾਂ ਵਾਲੇ ਬਾਹਰੀ ਚਿੰਨ੍ਹ ਰਖੇ ਹੋਏ ਹੋਣ, ਉਨ੍ਹਾਂ ਨੂੰ ਬਰਤਾਨਵੀ ਸੈਨਾ ਵਿਚ ਭਰਤੀ ਹੋਣ ਤੋਂ ਪਿਛੋਂ ਤਿਆਗਣ ਨਾ ਦਿੱਤਾ ਜਾਏ।[56]

(3) ਗ਼ਦਰ ਤੋਂ ਪਹਿਲਾਂ ਕੇਵਲ ਜੱਟ ਸਿੱਖਾਂ ਨੂੰ ਸੈਨਾ ਵਿਚ ਭਰਤੀ ਕੀਤਾ ਜਾਂਦਾ ਸੀ ਪਰ ਗ਼ਦਰ ਪਿਛੋਂ ਮਜ਼ਹਬੀ ਸਿੱਖਾਂ ਤੇ ਹੋਰ ਨੀਵੀਆਂ ਜਾਤੀਆਂ ਲਈ ਵੀ ਸੈਨਾ ਵਿਚ ਸ਼ਾਮਲ ਹੋਣ ਤੋਂ ਰੋਕ ਹਟਾ ਦਿੱਤੀ ਗਈ।

(4) ਸੈਨਾ ਵਿਚ ਭਰਤੀ ਹੋਣ ਵਾਲੀਆਂ ਹੋਰ ਸਭ ਜਾਤੀਆਂ, ਗ਼ਦਰੀਆਂ ਦੇ ਇਲਾਕਿਆਂ ਵਿੱਚੋਂ ਸਨ ਜਾਂ ਉਹ ਬਾਗ਼ੀ ਸਮਝੀਆਂ ਜਾਂਦੀਆਂ ਸਨ। ਇਸ ਲਈ ਸਾਰੀ ਭਾਰਤੀ ਸੈਨਾਂ ਵਿਚ ਸਿੱਖਾਂ ਦੀ ਮੰਗ ਵਧ ਗਈ।[57]

54.Khushwant Singh- History of the Sikhs,Vol.II.,p.111.
55.Chhabra G.S.'Social and Economic History of Panjab',p.110
56.Baird-'Private letters of Marquess of Dalhousie',p.200-201.
57."The Sikhs were raised at a most critical season when other recrviting grounds were in the hands of mutineers or in a state of rebellion. They were called out to save the Empire and have fulfilled their mission and we all owe our warmest thanks to that bold and sagacious policy which called them into the field and which I am sure will also devise means for keeping them under command for the future." S.C.2 of 28.10.58quoted by Khushwant Singh,'History of the Sikhs,Vol.II,p.114.

(5) ਦੇਸ਼ ਦੇ ਰਾਜ ਪ੍ਰਬੰਧ ਲਈ ਗਵਰਨਰ ਜਨਰਲ ਦੀ ਕਾਊਂਸਲ ਦੀਂ ਸਥਾਪਨਾ 1861 ਈ. ਵਿਚ ਕੀਤੀ ਗਈ ਅਤੇ ਸਿੱਖਾਂ ਦੀਆਂ ਗ਼ਦਰ ਸਮੇਂ ਦੀਆਂ ਸੇਵਾਵਾਂ ਬਦਲੇ ਮਹਾਰਾਜਾ ਪਟਿਆਲਾ ਨੂੰ ਉਸ ਕਾਊਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ।

ਸੈਨਿਕ ਸੰਗਠਨ ਦੀ ਨੀਤੀ ਵਿਚ ਪਰਿਵਰਤਨ ਤੋਂ ਬਿਨਾਂ ਪੰਜਾਬ ਦੇ ਸਰਬ-ਪੱਖੀ ਆਰਥਕ-ਸਮਾਜਕ ਵਿਕਾਸ ਦੀਆਂ ਵਿਉਂਤਾਂ ਘੜੀਆਂ ਗਈਆਂ ਜਿਨ੍ਹਾਂ ਨਾਲ ਸਮੁਚੀ ਪੰਜਾਬੀ ਕੌਮ ਨੂੰ ਬੇਹੱਦ ਲਾਭ ਪੁੱਜਾ।

ਰਾਜ ਪ੍ਰਬੰਧ:

ਜਿਸ ਤਰ੍ਹਾਂ ਇਸ ਅਧਿਆਇ ਦੇ ਪਹਿਲੇ ਭਾਗ ਵਿਚ ਦੱਸਿਆ ਜਾ ਚੁੱਕਾ ਹੈ, ਤਿੰਨ ਮੈਂਬਰੀ ਪ੍ਰਬੰਧਕੀ ਬੋਰਡ ਨੇ ਲਾਡਰ ਡਲਹੌਜ਼ੀ ਦੇ ਆਦੇਸ਼ ਮੁਤਾਬਿਕ ਰਾਜ-ਭਾਗ ਸੰਭਾਲਦਿਆਂ ਹੀ ਪੰਜਾਬ ਦੇ ਸਰਬ-ਪੱਖੀ ਵਿਕਾਸ ਵਲ ਧਿਆਨ ਦਿੱਤਾ। ਯੋਜਨਾ-ਬੱਧ ਤਰੀਕੇ ਨਾਲ ਖ਼ਰਚਾਂ ਦਾ ਅਨੁਮਾਨ ਲਾ ਕੇ, ਕਚਹਿਰੀਆਂ, ਜੇਲ੍ਹਾਂ, ਹਸਪਤਾਲਾਂ ਤੇ ਫ਼ੌਜੀ ਬਾਰਕਾਂ ਦੀ ਉਸਾਰੀ ਵਲ ਧਿਆਨ ਦਿੱਤਾ, ਜਿਸ ਤੋਂ ਲੋਕਾਂ ਨੂੰ ਸਥਾਈ ਸਰਕਾਰ ਦੀ ਹੋਂਦ ਦਾ ਪ੍ਰਭਾਵ ਮਿਲ ਸਕੇ। ਦਰਿਆਵਾਂ ਦੇ ਵਹਿਣ ਮੋੜ ਕੇ, ਉਨ੍ਹਾਂ ਦੇ ਪਾਣੀਆਂ ਨੂੰ ਖੇਤੀ ਹਿਤ ਵਰਤਣ ਲਈ ਨਹਿਰਾਂ ਦਾ ਜਾਲ ਵਿਛਾਉਣ ਦੀਆਂ ਵਿਉਂਤਾਂ ਘੜੀਆਂ ਗਈਆਂ। ਪਿਸ਼ਾਵਰ ਤੋਂ ਦਿੱਲੀ ਤਕ ਦੀ ਜਰਨੈਲੀ ਸੜਕ ਆਵਾਜਾਈ ਲਈ ਖੋਲ੍ਹ ਦਿੱਤੀ ਗਈ।[58] ਸੜਕਾਂ ਤੇ ਨਹਿਰਾਂ ਦੇ ਕੰਢਿਆਂ ਤੇ ਨਵੇਂ ਰੁਖ ਲਾਏ ਗਏ। ਪੰਜਾਬ ਦੀ ਬਹੁਤੀ ਵਸੋਂ ਖੇਤੀ ਉਤੇ ਨਿਰਭਰ ਹੋਣ ਕਰਕੇ ਕ੍ਰਿਸ਼ੀ ਦੇ ਵਿਕਾਸ ਵਲ ਉਚੇਚਾ ਧਿਆਨ ਦਿੱਤਾ ਗਿਆ। ਜ਼ਮੀਨ ਦਾ ਮਾਮਲਾ ਨਿਸਚਿਤ ਕਰ ਦਿੱਤਾ ਗਿਆ। ਮਹਿਸੂਲ ਤੇ ਹੋਰ ਕਰ-ਪ੍ਰਣਾਲੀ ਨੂੰ ਸੁਧਾਰਿਆ ਗਿਆ। ਇਸ ਸਰਬ-ਪੱਖੀ ਉਨਤੀ ਤੇ ਵਿਕਾਸ ਬਾਰੇ ਬੋਸਵਰਥ ਸਮਿੱਥ ਕਹਿੰਦਾ ਹੈ, "ਸਮੁੱਚੀ ਕਾਮਯਾਬੀ ਅਤੇ ਅਤਿਅੰਤ ਵਿਸਤਾਰ ਨਾਲ ਬੋਰਡ ਨੇ ਚਾਰ ਸਾਲਾਂ ਦੇ ਸਮੇਂ ਵਿਚ, ਉਸ ਦੇਸ਼ ਵਿਚ, ਜੋ ਕਿ ਸਰਕਾਰੀ ਮਸ਼ੀਨਰੀ ਤੋਂ ਬਿਲਕੁਲ ਹੀ ਸੱਖਣਾ ਸੀ, ਸਾਰੇ ਪੱਖਾਂ — ਫ਼ੌਜੀ, ਸਿਵਲ ਅਤੇ ਆਰਥਕ — ਵਿਚ ਪੂਰਨ ਰਾਜ-ਪ੍ਰਬੰਧ ਦੀ ਸਿਰਜਣਾ ਤੇ ਸਥਾਪਨਾ ਕੀਤੀ।"[59]

58. ਗੰਡਾ ਸਿੰਘ — ਪੰਜਾਬ(ਸੰਪਾਦਤ) ਲੁਧਿਆਣਾ 1962, ਪੰਨਾ 24.

59. Arnold-"In no part of India had there been more perfect quiet than in the territories lately acquired. There are less prejudices and elements of hinderance in the Panjab than else where ..Sikhs fanaticism is dying out, the Hindus are less superstitious and priest-ridden, and the Mohammedans less bigoted and less bound by traditional practice than their co-religionists in any part of India." 'The Marquees of Dalhousiee'.

ਬੋਰਡ ਵਲੋਂ ਜਦ 1852 ਈ: ਦੀ ਆਪਣੇ ਕੰਮ ਕਾਜ ਸੰਬੰਧੀ ਰੀਪੋਰਟ ਕੰਪਨੀ ਦੇ ਡਾਇਰੈਕਟਰਾਂ ਨੂੰ ਭੇਜੀ ਗਈ ਤਾਂ ਬੋਰਡ ਨੂੰ ਚੰਗੇ ਕੰਮ ਲਈ ਵਧਾਈ ਦਾ ਸੰਦੇਸ਼ ਦਿੱਤਾ ਗਿਆ। ਲੋਕਾਂ ਲਈ, ਏਨੇ ਥੋੜ੍ਹੇ ਸਮੇਂ ਵਿਚ ਏਡੀ ਵੱਡੀ ਤਬਦੀਲੀ, ਬੜੀ ਹੈਰਾਨੀ-ਜਨਕ ਸੀ। ਇਸ ਦਾ ਇਕ ਕਾਰਨ ਸ਼ਾਇਦ ਇਹ ਵੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਪਿਛੋਂ ਦੇ ਦਸਾਂ ਵਰ੍ਹਿਆਂ ਵਿਚਲੀ ਬਦ-ਅਮਨੀ ਕਾਰਨ ਆਮ ਲੋਕ ਦੁਖੀ ਸਨ ਅਤੇ ਏਸੇ ਲਈ ਅੰਗਰੇਜ਼ੀ ਰਾਜ ਵਿਚ ਪ੍ਰਾਪਤ ਹੋਈ ਸ਼ਾਂਤੀ[60] ਤੇ ਆਰਥਕ ਪ੍ਰਗਤੀ ਅਤੇ ਯੋਗ ਪ੍ਰਬੰਧਕ ਢਾਂਚੇ ਦੀ ਸਥਾਪਨਾ ਨੇ – ਆਮ ਜਨਤਾ ਨੂੰ ਨਵੇਂ ਰਾਜ ਦਾ ਪ੍ਰਸ਼ੰਸਕ ਬਣਾ ਦਿੱਤਾ।

ਲਾਰਡ ਡਲਹੌਜ਼ੀ ਨੇ ਪੰਜਾਬ ਦੇ ਪ੍ਰਬੰਧ ਵਲ ਨਿੱਜੀ ਧਿਆਨ ਦਿੱਤਾ ਅਤੇ ਏਥੇ ਇਕ ਅਜਿਹੇ ਰਾਜ-ਪ੍ਰਬੰਧ ਦਾ ਤਜਰਬਾ[61] ਕੀਤਾ, ਜਿਸ ਦੀ ਉਦਾਹਰਣ, ਭਾਰਤ ਤਾਂ ਕੀ, ਏਸ਼ੀਆ ਦੇ ਕਿਸੇ ਵੀ ਹੋਰ ਇਲਾਕੇ ਵਿਚ ਇਸ ਤੋਂ ਪਹਿਲਾਂ ਨਹੀਂ ਮਿਲਦੀ।

ਲਾਰਡ ਡਲਹੌਜ਼ੀ ਦਾ ਪੰਜਾਬ ਦੇ ਰਾਜ-ਪ੍ਰਬੰਧ ਵਲ ਉਚੇਚਾ ਧਿਆਨ ਦੇਣ ਦਾ ਵੱਡਾ ਕਾਰਣ ਇਹ ਵੀ ਸੀ ਕਿ ਉਹ ਵਿਦ੍ਰੋਹੀ, ਵਿਰੋਧੀ ਤੇ ਜੰਗਜੂ ਪੰਜਾਬੀਆਂ ਦਾ ਧਿਆਨ ਲੜਾਈ ਵਲੋਂ ਹਟਾ ਕੇ, ਸਭਿਯ, ਖ਼ੁਸ਼ਹਾਲ ਤੇ ਸ਼ਾਂਤੀ ਵਾਲੇ ਜੀਵਨ ਵਲ ਮੋੜਨਾ ਚਾਹੁੰਦਾ ਸੀ। ਆਪਣੀਆਂ ਇਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਉਸ ਨੇ ਤਿੰਨ ਮੈਂਬਰੀ ਬੋਰਡ ਨੂੰ ਪੰਜਾਬ ਦਾ ਰਾਜ-ਪ੍ਰਬੰਧ ਸੌਂਪਣ ਸਮੇਂ[62] ਸਪੱਸ਼ਟ ਸ਼ਬਦਾਂ ਵਿਚ ਕੀਤਾ ਸੀ ਅਤੇ ਇਸ ਵਿਚ ਕੋਈ ਸ਼ਕ ਨਹੀਂ ਕਿ ਡਲਹੌਜ਼ੀ ਨੂੰ ਆਪਣੀਆਂ

---

60. Administration in British India, p.345, quoted by Khushwant Singh- History of the Sikhs. Vol.II, p.94

61. Arnold-"To deal with the best manhood of India, we had the best men of the Indian Govt., the warmest interest of the Governor General himself, and a lavish employment of time, labour and treasure. It was an imperial experiment, imperially conducted and crowned with an auspicious result which must be divided between the rulers and the ruled." (Ibid.) page 351.

62. By prosecuting these projects of employment and directing the energies of the people to new sources of interest and excitement we may gradually wean them from those schemes of agitation and violence, which the inveteracy of habit and the prestige of long and un-interrupted successes under Maharaja Ranjit Singh and hitherto encouraged and it may be our happiness before long to see our efforts crowned by the conversion of a martial and hostile population into industrious, subjects cultivating the arts of peace and civilization."Panjab Administration Report 1865-66, p.149-50."

ਇਛਾਵਾਂ ਤੇ ਮਨੋਰਥਾਂ ਵਿਚ ਯਥਾਯੋਗ ਸਫਲਤਾ ਪ੍ਰਾਪਤ ਹੋਈ। ਇਸ ਨੀਤੀ ਦੀ ਉਚਿਤਤਾ ਤੇ ਦੂਰ-ਦਰਸ਼ਤਾ ਨੂੰ ਪਰਖਣ ਦਾ ਮੌਕਾ ਛੇਤੀ ਹੀ ਮਿਲ ਗਿਆ, ਜਦ 1857 ਈ. ਦੇ ਗ਼ਦਰ ਵਿਚ ਪੰਜਾਬੀਆਂ ਨੇ ਰਣਜੀਤ ਸਿੰਘ ਦੇ ਸਮੇਂ ਵਾਲੀ ਤਲਵਾਰ ਨੂੰ ਪੱਕੀ ਤਰ੍ਹਾਂ ਸੁਟਿਆ ਤਾਂ ਨਾਂਹ, ਪਰ ਅੰਗਰੇਜ਼ੀ ਰਾਜ ਦੇ ਵਿਰੁਧ ਚੁਕਣ ਦੀ ਥਾਂ ਆਮ ਕਰਕੇ ਇਸ ਦੇ ਹੱਕ ਵਿਚ ਹੀ ਵਰਤਿਆ।[63]

ਗ਼ਦਰ ਤੋਂ ਪਿਛੋਂ ਪੰਜਾਬ ਦੇ ਆਰਥਕ ਵਿਕਾਸ ਵਲ ਸਰਕਾਰ ਦਾ ਉਚੇਰਾ ਧਿਆਨ ਗਿਆ ਅਤੇ ਨਹਿਰਾਂ ਤੇ ਸੜਕਾਂ ਦਾ ਜਾਲ ਵਿਛਾ ਕੇ, ਜੰਗਲੀ ਤੇ ਰੇਤਲੇ ਇਲਾਕਿਆਂ ਵਿਚ ਲੋਕਾਂ ਨੂੰ ਵਸਾ ਕੇ ਕੁਝ ਵਰ੍ਹਿਆਂ ਵਿਚ ਹੀ ਪੰਜਾਬ ਨੂੰ ਦੇਸ਼ ਦਾ ਅੰਨ-ਭੰਡਾਰ ਬਣਾ ਦਿੱਤਾ। 1861 ਈ. ਵਿਚ ਲਾਹੌਰ ਤੇ ਅੰਮ੍ਰਿਤਸਰ ਨੂੰ ਮਿਲਾਉਣ ਵਾਲੀ ਪਹਿਲੀ ਰੇਲਵੇ ਲਾਈਨ ਚਾਲੂ ਕੀਤੀ ਗਈ ਅਤੇ[64] ਵਰ੍ਹਿਆਂ ਵਿਚ ਹੀ ਸਾਰੇ ਉੱਤਰੀ ਭਾਰਤ ਵਿਚ ਰੇਲਾਂ ਦਾ ਜਾਲ ਵਿਛਾ ਕੇ ਪੰਜਾਬ ਤੋਂ ਕਣਕ ਕਪਾਹ ਆਦਿ ਨੂੰ ਬੰਬਈ ਤੇ ਕਰਾਚੀ ਦੀਆਂ ਬੰਦਰਗਾਹਾਂ ਤਕ ਪੁੰਚਾਉਣ ਯੋਗ ਕਰ ਦਿੱਤਾ, ਜਿਥੋਂ ਉਹ ਬਾਹਰਲੇ ਮੁਲਕਾਂ ਨੂੰ ਭੇਜੀਆਂ ਜਾ ਸਕਣ। ਇਕੱਲੀ ਕਣਕ ਹੀ ਦਸ ਲੱਖ ਟੱਨ ਦੇ ਕਰੀਬ ਬਾਹਰਲੇ ਮੁਲਕਾਂ ਨੂੰ ਭੇਜੀ ਜਾਣ ਲਗ ਪਈ। ਇਸ ਨਾਲ ਪੰਜਾਬੀਆਂ ਤੇ ਵਿਸ਼ੇਸ਼ ਤੌਰ ਤੇ ਸਿੱਖਾਂ ਦੀ, ਜਿਨ੍ਹਾਂ ਨੇ ਨਵੀਆਂ ਬਾਰਾਂ ਵਸਾਈਆਂ ਸਨ, ਆਰਥਕ ਹਾਲਤ ਬਹੁਤ ਚੰਗੀ ਹੋ ਗਈ।[65]

ਦੇਸ਼ ਦੀ ਸੁਖੀ, ਖ਼ੁਸ਼ਹਾਲੀ ਤੇ ਪ੍ਰਗਤੀ ਦਾ ਪ੍ਰਭਾਵ ਲੋਕਾਂ ਦੀ ਸਮਾਜਕ, ਸਭਿਆਚਾਰਕ ਹਾਲਤ ਅਤੇ ਜੀਵਨ ਢੰਗਾਂ ਤੇ ਮਿਆਰਾਂ ਉਤੇ ਅਵੱਸ਼ ਪੈਂਦਾ ਹੈ। ਵਿਦਿਆ ਦੇ ਪਸਾਰ ਨਾਲ ਤੇ ਪੱਛਮੀ ਗਿਆਨ, ਵਿਗਿਆਨ ਦੇ ਵਾਧੇ ਨਾਲ ਲੋਕਾਂ ਵਿਚ ਨਵੀਂ ਜਾਗ੍ਰਤੀ ਆਈ। ਪੰਜਾਬੀਆਂ ਨੂੰ ਆਪਣੇ ਆਪੇ ਤੇ ਹੋਂਦ ਦਾ ਅਹਿਸਾਸ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮੇਲ ਜੋਲ ਜਾਂ ਆਦਾਨ-ਪ੍ਰਦਾਨ ਨਾਲ ਵਧੇਰੇ ਪ੍ਰਚੰਡ ਰੂਪ ਵਿਚ ਜਾਗਿਆ। ਪੱਛਮੀ ਪ੍ਰਭਾਵ ਤੇ ਵਿਦਿਆ ਦੇ ਪਸਾਰ ਨੂੰ ਅਗੇ ਚਲ ਕੇ ਵਿਸਤਾਰ ਪੂਰਵਕ ਵਿਚਾਰਿਆ ਗਿਆ ਹੈ। ਏਸੇ ਤਰ੍ਹਾਂ ਹੀ ਪੱਛਮੀ ਵਿਦਿਆ ਤੇ ਈਸਾਈ ਮਿਸ਼ਨਰੀਆਂ ਦੀਆਂ

---

63. Chhabra G.S.-'Social and Economic History of Panjab', (Doctoral-Thesis) p. 303

64. ਕਰਨੈਲ ਸਿੰਘ – 10 ਅਪ੍ਰੈਲ, 1862 ਨੂੰ ਪੰਜਾਬ ਵਿਚ ਕੇਵਲ 23 ਮੀਲ ਪਹਿਲੀ ਰੇਲਵੇ ਲਾਈਨ ਅੰਮ੍ਰਿਤਸਰ-ਅਟਾਰੀ ਵਿਚ ਜਨਤਕ ਆਵਾਜਾਈ ਲਈ ਚਾਲੂ ਕੀਤੀ ਗਈ ਜਦ ਕਿ 1901 ਈ. ਵਿਚ ਪੰਜਾਬ ਦੀਆਂ ਰੇਲਾਂ ਦੀ ਲੰਬਾਈ 3117 ਮੀਲ ਹੋ ਗਈ। "ਪੰਜਾਬ ਦੀਆਂ ਰੇਲਾਂ", 'ਪੰਜਾਬ' (ਸੰਪਾਦਤ ਡਾ. ਗੰਡਾ ਸਿੰਘ), ਪੰਨਾ 356.

65. Thornton.T.H.,"I venture to assert with confidence that her Majesty the Queen and Empress has few subjects more well-to-do, few more contended, few more well affected, than the peasant cultivators of the province of the Panjab" (Panjab Report 1881-91) Vol.II,p.626-33.)

ਪ੍ਰਚਾਰ ਸਰਗਰਮੀਆਂ ਨੇ ਆਪੋ ਆਪਣੇ ਧਰਮਾਂ ਤੇ ਅੰਤਰ-ਜਾਤੀ ਵਾਦ-ਵਿਵਾਦਾਂ ਨੂੰ ਇਸ ਕਾਲ ਵਿਚ ਜਿਹੜਾ ਜਨਮ ਦਿੱਤਾ, ਉਨ੍ਹਾਂ ਦੇ ਪਿਛੋਕੜ, ਇਤਿਹਾਸ ਤੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਵਿਚਾਰ ਕੇ ਹੀ ਉਸ ਨਾਲ ਪੂਰਨ ਭਾਂਉ ਨਿਆਂ ਕੀਤਾ ਜਾ ਸਕਦਾ ਹੈ। ਇਨ੍ਹਾਂ ਧਾਰਮਿਕ ਲਹਿਰਾਂ ਤੇ ਪੱਛਮੀ ਵਿਦਿਅਕ ਤੇ ਸਭਿੱਅਕ ਪ੍ਰਭਾਵਾਂ ਨੇ ਪੰਜਾਬੀ ਸਾਹਿੱਤ ਤੇ ਭਾਸ਼ਾ ਦੀ ਨੁਹਾਰ ਨੂੰ ਜੋ ਮੋੜਾ ਦਿੱਤਾ, ਉਹ ਵੀ, ਠੀਕ ਥਾਂ ਤੇ, ਏਸੇ ਸੰਦਰਭ ਵਿਚ ਵਿਚਾਰਿਆ ਜਾਵੇਗਾ।

---

## (ਅ) ਵਿੱਦਿਆ ਦਾ ਪਸਾਰ, ਸਿੱਖਿਆ ਦਾ ਮਾਧਿਅਮ ਅਤੇ ਪੰਜਾਬੀ

ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਤੋਂ ਪਹਿਲੋਂ ਏਥੇ ਭਾਰਤੀ ਭਾਸ਼ਾਵਾਂ ਦੁਆਰਾ ਵਿਦਿਆਰਥੀਆਂ ਨੂੰ ਉੱਚੀ ਤੋਂ ਉੱਚੀ ਵਿੱਦਿਆ ਦੇਣ ਦਾ ਬੜਾ ਸੰਪੂਰਨ ਤੇ ਨਿਪੁੰਨ ਪ੍ਰਬੰਧ ਸੀ। ਵਿੱਦਿਆ ਤੇ ਗਿਆਨ ਪ੍ਰਾਪਤੀ ਲਈ ਪੰਜਾਬ ਦੇ ਲੋਕਾਂ ਵਿਚ ਮੁਢ ਤੋਂ ਹੀ ਬੜੀ ਤਾਂਘ ਤੇ ਲਗਨ ਰਹੀ ਹੈ ਅਤੇ ਇਸ ਦੇ ਪਿਛੇ ਸੈਂਕੜੇ ਸਾਲਾਂ ਦੀ ਪਰੰਪਰਾ ਤੁਰੀ ਆ ਰਹੀ ਹੈ। " ਅਜਿਹਾ ਕੋਈ ਮੰਦਰ, ਕੋਈ ਮਸਜਿਦ ਜਾਂ ਤਕੀਆ, ਧਰਮਸਾਲਾ ਜਾਂ ਗੁਰਦੁਆਰਾ ਨਹੀਂ ਸੀ, ਜਿਥੇ ਵੱਡੇ ਵੱਡੇ ਪੰਡਿਤ, ਆਲਮ ਫਾਜ਼ਿਲ, ਵਿਦਵਾਨ ਤੇ ਗੁਣੀ-ਗਿਆਨੀ ਆਪਣੇ ਵਿਦਿਆਰਥੀਆਂ ਨੂੰ ਵਿੱਦਿਆ ਦਾ ਦਾਨ ਨਾ ਦੇ ਰਹੇ ਹੋਣ। ਅਜਿਹੇ ਦੇਸੀ ਜ਼ਬਾਨਾਂ ਦੇ ਸਕੂਲ, ਮਦਰੱਸੇ, ਪਾਠਸ਼ਾਲਾਵਾਂ ਜਾਂ ਚਾਟਸ਼ਾਲਾਵਾਂ ਕਿਸੇ ਸਰਕਾਰ ਜਾਂ ਬਾਦਸ਼ਾਹਤ ਦੇ ਸਹਾਰੇ ਉੱਤੇ ਨਹੀਂ, ਸਗੋਂ ਏਥੋਂ ਦੇ ਅਨੇਕ, ਵਿਦਿਆ ਪ੍ਰੇਮੀ ਧਨੀਆਂ ਜਾਂ ਰਜਦੇ ਪੁਜਦੇ ਕਦਰਦਾਨ ਸੱਜਣਾਂ ਦੀ ਸਹਾਇਤਾ ਨਾਲ ਹੀ ਚਲਦੇ ਸਨ। ਉਹੋ ਲੋਕ, ਉਸਤਾਦਾਂ ਨੂੰ ਹਰੇਕ ਸਾਲ ਜਾਂ ਛੇ ਮਹੀਨਿਆਂ ਪਿਛੋਂ ਅਨਾਜ ਦੀ ਸ਼ਕਲ ਵਿਚ ਤਨਖ਼ਾਹ ਦੇਂਦੇ ਜਾਂ ਉਨ੍ਹਾਂ ਦੇ ਖਾਣ ਪੀਣ ਜਾਂ ਪਹਿਨਣ ਦਾ ਬਾਕਾਇਦਾ ਪ੍ਰਬੰਧ ਵੀ ਕਰਦੇ ਸਨ। ਕਈ ਵਾਰੀ ਕਈ ਚੌਧਰੀ ਜਾਂ ਰੱਜੇ ਪੁੱਜੇ ਪਰਿਵਾਰ ਆਪਸ ਵਿਚ ਮਿਲ ਕੇ ਅਥਵਾ ਸਰਪੰਚ ਹੀ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਅਜਿਹੇ ਮਕਤਬਾਂ ਦਾ ਬਖ਼ੂਬੀ ਇੰਤਜ਼ਾਮ ਕਰਦੇ ਤੇ ਆਉਂਦੀਆਂ ਨਸਲਾਂ ਦੇ ਦਿਲ ਇਲਮ ਦੀ ਰੌਸ਼ਨੀ ਨਾਲ ਰੁਸ਼ਨਾ ਕੇ, ਉਨ੍ਹਾਂ ਦੀਆਂ ਅਸੀਸਾਂ ਲੈਂਦੇ ਰਹਿੰਦੇ ਸਨ।"[1] ਭਾਵੇਂ ਅਜਿਹੇ ਬਹੁਤ ਸਾਰੇ ਸਕੂਲਾਂ ਵਿਚ ਵਿਸ਼ੇਸ਼ ਤੌਰ ਤੇ ਆਪੋ ਆਪਣੇ ਧਰਮਾਂ ਦੀ ਸਿੱਖਿਆ ਹੀ ਦਿੱਤੀ ਜਾਂਦੀ ਸੀ ਪਰ ਹਜ਼ਾਰਾਂ ਹੀ ਅਫ਼ਿਰਕੂ ਤੇ ਲੌਕਿਕ ਸਕੂਲ ਅਜੇਹੇ ਵੀ ਸਨ ਜਿਨ੍ਹਾਂ ਵਿਚ ਹਿੰਦੂ ਮੁਸਲਮਾਨ ਤੇ ਸਿੱਖ ਵਿਦਿਆਰਥੀ ਸਾਂਝੇ ਤੌਰ ਤੇ ਫ਼ਾਰਸੀ ਤੇ ਲੰਡੇ ਪੜ੍ਹਨ ਲਈ ਜਾਂਦੇ ਸਨ।[2] ਅਧਿਆਪਕ ਆਪਣੇ ਧਰਮ ਵਾਲਿਆਂ ਤੋਂ ਬਿਨਾਂ ਹੋਰ ਧਰਮ ਦੇ ਵਿਦਿਆਰਥੀਆਂ ਨੂੰ ਵੀ ਰੱਬ ਦੇ ਨਾਂ ਤੇ ਹੀ ਸਿੱਖਿਆ ਦਿੰਦਾ ਸੀ। ਸ਼ਾਇਦ ਹੀ ਕੋਈ ਪੇਂਡੂ ਹੋਵੇਗਾ ਜਿਹੜਾ ਸਤਿਕਾਰ ਵਜੋਂ ਆਪਣੀ ਫ਼ਸਲ ਦਾ ਕੁਝ ਹਿੱਸਾ ਅਧਿਆਪਕ ਨੂੰ ਦੇਣ

---

1. (ੳ) ਅਸ਼ੋਕ-ਸ਼ਮਸ਼ੇਰ ਸਿੰਘ –"ਵਿਦਿੱਅਕ ਖੇਤਰ ਵਿਚ ਪੰਜਾਬੀ "ਪੰਜਾਬੀ ਦੁਨੀਆਂ-ਪਟਿਆਲਾ, ਅਪ੍ਰੈਲ-ਮਈ, 1968, ਪੰਨਾ 9-10.
   (ਅ) ਲਾਈਟਨਰ — " ਹਿਸਟਰੀ ਔਫ਼ ਇੰਡੀਜੀਨਸ ਐਜੂਕੇਸ਼ਨ ਇਨ ਪੰਜਾਬ - ਕਲਕੱਤਾ, 1883— ਇੰਨਟ੍ਰੋਡਕਸ਼ਨ, ਪੰਨਾ 1
2. ਉਹੀ, ਪੰਨਾ ।

ਵਿਚ ਫਖ਼ਰ ਨਾ ਮਹਿਸੂਸ ਕਰਦਾ ਹੋਵੇ। ਵੱਖ ਵੱਖ ਧਾਰਮਿਕ ਅਸਥਾਨਾਂ ਵਿੱਚ ਪੜ੍ਹ ਰਹੇ ਅਜਿਹੇ ਵਿਦਿਆਰਥੀਆਂ ਦੀ ਗਿਣਤੀ ਅੰਗਰੇਜ਼ਾਂ ਦੇ ਏਥੇ ਆਉਣ ਸਮੇਂ ਘੱਟੋ ਘੱਟ ਤਿੰਨ ਲੱਖ ਤੀਹ ਹਜ਼ਾਰ ਸੀ।[3] ਜਿਨ੍ਹਾਂ ਨੂੰ ਲਿਖਣ-ਪੜ੍ਹਨ ਦੇ ਨਾਲ ਨਾਲ ਕੁਝ ਕੁ ਮੁਢਲਾ ਹਿਸਾਬ ਵੀ ਸਿਖਾਇਆ ਜਾਂਦਾ ਸੀ। ਇਨ੍ਹਾਂ ਤੋਂ ਬਿਨਾਂ ਹਜ਼ਾਰਾਂ ਹੀ ਵਿਦਿਆਰਥੀ ਅਰਬੀ ਤੇ ਸੰਸਕ੍ਰਿਤ ਦੇ ਕਾਲਜਾਂ ਵਿਚ ਉਚੇਰੀ ਵਿੱਦਿਆ ਪ੍ਰਾਪਤ ਕਰ ਰਹੇ ਸਨ, ਜਿਨ੍ਹਾਂ ਨੂੰ ਇਨ੍ਹਾਂ ਭਾਸ਼ਾਵਾਂ ਦੇ ਸਾਹਿੱਤ ਤੋਂ ਬਿਨਾਂ ਪੂਰਬੀ ਨਿਆਂ, ਵਿਵੇਕ, ਦਰਸ਼ਨ ਤੇ ਹਿਕਮਤ ਆਦਿ ਦੀ ਉਚੱਤਮ ਸਿੱਖਿਆ ਦਿੱਤੀ ਜਾਂਦੀ ਸੀ। ਉਸ ਵੇਲੇ ਹਰ ਮਜ਼ਹਬ ਦੇ ਹਜ਼ਾਰਾਂ ਲੱਖਾਂ ਵਿਦਿਆਰਥੀ ਇਨ੍ਹਾਂ ਦੇਸੀ ਮਕਤਬਾਂ ਜਾਂ ਸਕੂਲਾਂ ਵਿਚ ਫ਼ਾਰਸੀ ਪੜ੍ਹਦੇ ਸਨ ਜਿਹੜੀ ਉਸ ਵੇਲੇ ਦੀ ਸਰਕਾਰੀ ਜ਼ਬਾਨ ਸੀ ਅਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਲਈ, ਜਿਸ ਦਾ ਗਿਆਨ ਜ਼ਰੂਰੀ ਸੀ ।[4]

ਉਚੇਰੀ ਧਾਰਮਿਕ ਵਿੱਦਿਆ ਪ੍ਰਾਪਤ ਕਰਨ ਦੇ ਇੱਛਕ ਹਿੰਦੂ ਤੇ ਸਿੱਖ ਵਿਦਿਆਰਥੀ ਪਿੰਡਾਂ ਦੇ ਗੁਰਦੁਆਰਿਆਂ ਜਾਂ ਮੰਦਿਰਾਂ ਵਿਚ ਮੁਢਲੀ ਵਿੱਦਿਆ ਮੁਕਾ ਕੇ ਡੇਰਿਆਂ ਵਿਚ ਚਲੇ ਜਾਂਦੇ ਸਨ। ਉਨ੍ਹਾਂ ਦਿਨਾਂ ਵਿਚ "ਪੰਜਾਬ ਵਿਚ ਥਾਂ ਥਾਂ ਉਦਾਸੀਆਂ ਤੇ ਨਿਰਮਲਿਆਂ ਦੇ ਪ੍ਰਸਿੱਧ ਡੇਰੇ ਸਨ।। ਇਨ੍ਹਾਂ ਡੇਰਿਆਂ ਵਿਚ ਜੁੜਦੇ ਸਾਧੂ, ਸੰਸਕ੍ਰਿਤ ਤੇ ਬ੍ਰਿਜ-ਭਾਸ਼ਾ ਦੇ ਉਘੇ ਵਿਦਵਾਨ ਹੁੰਦੇ ਸਨ ਤੇ ਹਰਦੁਆਰ, ਬਨਾਰਸ, ਆਦਿ ਤੋਂ ਪੜ੍ਹ ਗੁੜ੍ਹ ਕੇ ਆਏ ਹੁੰਦੇ ਸਨ। ਰਾਮਾਇਣ, ਮਹਾਂ-ਭਾਰਤ , ਸਾਰੁਕਤਾਵਲੀ, ਵੇਦ, ਪੁਰਾਣ ਤੇ ਉਪਨਿਸ਼ਦਿ, ਦਰਸ਼ਨ, ਤੇ ਵੇਦਾਂਤ, ਸੂਰਜ ਪ੍ਰਕਾਸ਼, ਭਾਈ ਗੁਰਦਾਸ ਦੇ ਕਬਿੱਤ ਸਵਯੈ , ਦਸਮ ਗ੍ਰੰਥ ਤੇ ਆਦਿ ਗ੍ਰੰਥ ਸੰਬੰਧੀ ਵਾਦ-ਵਿਵਾਦ, ਚਰਚਾ, ਗੋਸ਼ਟੀਆਂ ਆਦਿ ਦੇ ਇਹ ਅੱਡੇ, ਵਿੱਦਿਆ ਦੇ ਮਹਾਨ ਕੇਂਦਰ ਸਮਝੇ ਜਾਂਦੇ ਸਨ। ਇਹ ਡੇਰੇ ਪੁਰਾਣੇ ਢੰਗ ਦੀ ਰੂੜ੍ਹੀਵਾਦੀ ਵਿੱਦਿਆ ਦੇ ਕੇਂਦਰ ਸਨ।"[5]

ਫ਼ਾਰਸੀ ਦੀ ਪੜ੍ਹਾਈ ਉਸ ਵੇਲੇ ਦੇ ਪੰਜਾਬ ਦੇ ਸੱਭਯ ਤੇ ਬੁਧੀ-ਜੀਵੀ ਵਰਗ ਵਿਚ ਪ੍ਰਿਯ ਸੀ ਤੇ ਬਿਨਾਂ ਜ਼ਾਤ ਜਾਂ ਧਰਮ ਦੇ ਵਿਤਕਰੇ ਦੇ, ਮੁਸਲਮਾਨ, ਹਿੰਦੂ ਸਿੱਖ, ਸਭ ਇਸ ਦਾ ਗਿਆਨ ਹਾਸਲ ਕਰਨ ਵਿਚ ਵਿਸ਼ੇਸ਼ ਦਿਲਚਸਪੀ ਲੈਂਦੇ ਸਨ। ਫ਼ਾਰਸੀ ਪੜ੍ਹਾਉਣ ਵਾਲੇ ਮਕਤਬਾਂ ਸੰਬੰਧੀ ਅੰਗਰੇਜ਼ੀ ਸਰਕਾਰ ਦੀ ਵੀ ਇਹੀ ਰਾਏ ਸੀ ਕਿ ਇਹ ਸੰਸਥਾਵਾਂ ਯੋਗ ਤੌਰ ਤੇ ਦੇਸ਼ ਭਰ ਵਿਚ ਉੱਤਮ ਵਿੱਦਿਆ ਦੇਣ ਦੇ ਸਭ ਤੋਂ ਸਫ਼ਲ ਕੇਂਦਰ ਸਨ।[6] ਉਂਜ ਵੀ ਪੰਜਾਬ ਵਿਚ ਫ਼ਾਰਸੀ ਮਹਿਮੂਦ

3. ਉਹੀ, ਪੰਨਾ 1
4. ਉਹੀ
5. ਕਾਨ੍ਹ ਸਿੰਘ - ਗੁਰ-ਸ਼ਬਦ ਰਤਨਾਕਰ ਮਹਾਨ ਕੋਸ਼ - ਪਟਿਆਲਾ,
6. ਪੰਜਾਬ ਸਿੱਖਿਆ ਰੀਪੋਰਟ 1856-57, ਪੈਰ੍ਹਾ ,16.

ਗਜ਼ਨਵੀ ਦੇ ਰਾਜ ਸਮੇਂ ਤੋਂ ਪ੍ਰਚਲਿਤ ਹੋ ਚੁੱਕੀ ਸੀ। ਇਸ ਦਾ ਪ੍ਰਭਾਵ ਪੰਜਾਬੀ ਉਤੇ ਬੜਾ ਡੂੰਘਾ ਪਿਆ, ਇਥੋਂ ਤਕ ਕਿ ਪੰਜਾਬੀ ਦੀ ਸ਼ਬਦ-ਬਣਤਰ ਤੇ ਵਿਆਕਰਣ ਵੀ ਫਾਰਸੀ ਦੀ ਵਿਧੀ ਤੇ ਘੜੀ ਢਾਲੀ/ ਗਈ।[7]

ਅਧਿਆਪਕਾਂ ਦੀ ਤਨਖ਼ਾਹ ਨਿਯਤ ਨਹੀਂ ਸੀ ਹੁੰਦੀ ਅਤੇ ਉਸ ਦੇ ਜੀਵਨ ਨਿਰਬਾਹ ਦੀਆਂ ਲੋੜਾਂ ਪਿੰਡ ਦੀ ਇਕ ਸਮਾਜਕ ਜ਼ਿੰਮੇਵਾਰੀ ਸਮਝੀ ਜਾਂਦੀ ਸੀ। ਜਿੰਨੀ ਉੱਚੀ ਸਖ਼ਸ਼ੀਅਤ, ਉਚੇ ਆਚਰਨ ਤੇ ਉਚੇ ਗਿਆਨ ਦਾ ਸੁਆਮੀ ਕੋਈ ਅਧਿਆਪਕ ਹੁੰਦਾ ਸੀ, ਉਨੀ ਹੀ ਉਸ ਦੀ ਮਾਨਤਾ ਸੀ।

ਇਸਤਰੀਆਂ ਦੀ ਵਿੱਦਿਆ ਵਲ ਵੀ ਧਿਆਨ ਦਿੱਤਾ ਜਾਂਦਾ ਸੀ ਪਰ ਇਹ ਨਿਰੋਲ ਧਾਰਮਿਕ ਹੁੰਦੀ ਸੀ ਅਤੇ ਮੁਸਲਮਾਨ, ਹਿੰਦੂ ਤੇ ਸਿਖ ਲੜਕੀਆਂ ਲਈ ਕ੍ਰਮਵਾਰ ਕੁਰਾਨ, ਭਗਵਤ, ਗੀਤਾ ਜਾਂ ਰਾਮਾਇਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਪੜ੍ਹਾਈ ਦਾ ਪ੍ਰਬੰਧ ਮਸੀਤ, ਧਰਮਸ਼ਾਲਾ ਜਾਂ ਗੁਰਦੁਆਰੇ ਵਿਚ ਹੀ ਹੁੰਦਾ ਸੀ।

ਸਾਰੇ ਪੰਜਾਬ ਵਿਚ ਇਨ੍ਹਾਂ ਦੇਸੀ ਸਕੂਲਾਂ, ਮਕਤਬਾਂ ਜਾਂ ਪਾਠਸ਼ਾਲਾਵਾਂ ਤੇ ਉਨ੍ਹਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਬਾਰੇ ਸਰਕਾਰੀ ਅੰਕੜਿਆਂ ਤੇ ਨਿਰਪੱਖ ਅਨੁਮਾਨਾਂ ਵਿਚ ਫੇਰ ਅੰਤਰ ਹੈ। 1856-57 ਈ. ਦੀ ਸਰਕਾਰੀ ਵਿੱਦਿਅਕ ਰੀਪੋਰਟ ਵਿਚ ਵਿਦਿਆਰਥੀਆਂ ਦੀ ਗਿਣਤੀ 24968 ਦੱਸੀ ਗਈ ਅਤੇ 1878-79 ਈ. ਰੀਪੋਰਟ ਵਿਚ ਇਹ ਗਿਣਤੀ 53207 ਦਰਜ ਹੈ। ਪਰ ਜਿਸ ਤਰ੍ਹਾਂ ਉਪਰ ਦੱਸਿਆ ਗਿਆ ਹੈ, ਡਾ. ਲਾਈਟਨਰ ਅਨੁਸਾਰ ਪੰਜਾਬ ਉਤੇ ਕਬਜ਼ੇ ਸਮੇਂ ਵਿਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਗਿਣਤੀ ਤਿੰਨ ਲਖ ਤੀਹ ਹਜ਼ਾਰ ਦੇ ਕਰੀਬ ਸੀ। ਇਸ ਪੱਖੋਂ ਸਰਕਾਰੀ ਅਨੁਮਾਨਾਂ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ ਕਿ ਸੱਤਾਂ ਸਾਲਾਂ ਦੇ ਅੰਦਰ ਅੰਦਰ ਤਿੰਨ ਲੱਖ ਵਿਦਿਆਰਥੀ ਪੜ੍ਹਨੋਂ ਹਟ ਗਏ ਅਤੇ ਫੇਰ ਵੀਹਾਂ ਸਾਲਾਂ ਬਾਦ ਇਹ ਗਿਣਤੀ ਮੁੜ ਵਧ ਕੇ 53207 ਹੋ ਗਈ। ਉਪਰੋਕਤ ਦੋਵੇਂ ਸਰਕਾਰੀ ਅੰਕੜੇ ਬਿਲਕੁਲ ਗ਼ਲਤ ਪ੍ਰਤੀਤ ਹੁੰਦੇ ਹਨ ਕਿਉਂਜੋ ਪੰਜਾਬ ਦੇ ਲੈਫਟੀਨੈਂਟ-ਗਵਰਨਰ ਦੇ ਹੁਕਮ ਨਾਲ[8] ਵਿੱਦਿਅਕ ਸਰਵੇਖਣ ਕਰਕੇ ਜਦ ਸਾਰੇ ਪੰਜਾਬ ਵਿੱਚੋਂ ਸੰਪੂਰਨ ਜਾਣਕਾਰੀ ਇਕੱਤ੍ਰ ਕੀਤੀ ਗਈ ਤਾਂ 30 ਅਕਤੂਬਰ 1882 ਈ. ਨੂੰ

---

7. ਸੀਤਲ- ਜੀਤ ਸਿੰਘ(ਡਾ:) 'ਪਰਸ਼ੀਅਨ ਅੰਡਰ ਦੀ ਸਿਖ਼ਸ '(ਥੀਸਿਸ)ਲਾਹੌਰ, 1944
8. ਲਾਈਟਨਰ — ' ਹਿਸਟਰੀ ਔਫ ਇੰਡੀਜੀਨਸ ਐਜੂਕੇਸ਼ਨ ਇਨ ਪੰਜਾਬ ', ਪੰਨਾ 1, ਭਾਗ-III

ਇਨ੍ਹਾਂ ਸਾਰੇ ਦੇਸੀ ਸਕੂਲਾਂ ਦੀ ਗਿਣਤੀ 6362 ਸੀ ਜਿਨ੍ਹਾਂ ਵਿਚ 86023 ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਸਨ।[9] ਇਨ੍ਹਾਂ ਵਿੱਚੋਂ 4579 ਮੁਸਲਮਾਨੀ ਮਕਤਬਾਂ ਵਿਚ, 55810 ਵਿਦਿਆਰਥੀ, 492 ਹਿੰਦੂ ਪਾਠਸ਼ਾਲਾਵਾਂ ਵਿਚ 6722 ਵਿਦਿਆਰਥੀ, 829 ਗੁਰਮੁਖੀ ਸਕੂਲਾਂ ਵਿਚ 12254 ਵਿਦਿਆਰਥੀ ਅਤੇ 462 ਮਹਾਜਨੀ ਸਕੂਲਾਂ ਵਿਚ 11237 ਵਿਦਿਆਰਥੀ ਬਾਕਾਇਦਾ ਸਿੱਖਿਆ ਪ੍ਰਾਪਤ ਕਰ ਰਹੇ ਸਨ।

ਉਪ੍ਰੋਕਤ ਅੰਕੜੇ ਦੇਣ ਦਾ ਮਨੋਰਥ ਇਹ ਹੈ ਕਿ ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਦੇ 33 ਵਰ੍ਹੇ ਪਿੱਛੋਂ ਤਕ ਵੀ ਸਰਕਾਰੀ, ਮਿਸ਼ਨਰੀ ਤੇ ਪੱਛਮੀ ਢੰਗ ਉਤੇ ਚਲਦੇ ਪ੍ਰਾਈਵੇਟ ਕੁਲ 278 ਸਕੂਲਾਂ ਵਿਚ ਪੜ੍ਹ ਰਹੇ 13109 ਵਿਦਿਆਰਥੀਆਂ[10] ਦੇ ਟਾਕਰੇ ਤੇ ਪੁਰਾਣੇ ਢੰਗ ਦੀ ਵਿੱਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਈ ਗੁਣਾਂ ਵੱਧ ਸੀ ਜਾਂ ਦੂਜੇ ਸ਼ਬਦਾਂ ਵਿਚ ਦੇਸੀ ਵਿਦਿਆ ਅਜੇ ਤਕ ਵੀ ਵਧੇਰੇ ਲੋਕ-ਪ੍ਰਿਯ ਸੀ। ਦੂਜਾ ਸਿੱਟਾ ਇਹ ਵੀ ਕੱਢਿਆ ਜਾ ਸਕਦਾ ਹੈ ਕਿ ਵੱਖ ਵੱਖ ਜਾਤੀਆਂ ਵਲੋਂ ਆਪਣੇ ਬੱਚਿਆਂ ਨੂੰ ਧਾਰਮਿਕ ਤੇ ਪਰੰਪਰਾਈ ਵਿੱਦਿਆ[11] ਦੇਣ ਨੂੰ ਕਿੰਨਾ ਮਹੱਤਵ ਦਿੱਤਾ ਜਾਂਦਾ ਸੀ, ਅਤੇ ਨਵੀਂ ਸਰਕਾਰੀ ਵਿੱਦਿਅਕ ਪ੍ਰਣਾਲੀ ਵਿਚ ਲੋਕਾਂ ਦੀ ਕਿੰਨੀ ਘੱਟ ਦਿਲਚਸਪੀ ਸੀ। ਪਰ ਬਦਲੇ ਹੋਏ ਹਾਲਾਤ ਵਿਚ ਪੁਰਾਣੇ ਢੰਗ ਦੀ ਵਿੱਦਿਆ ਕਿੰਨੀ ਕੁ ਉਪਯੋਗੀ ਹੋ ਸਕਦੀ ਸੀ, ਇਹ ਇਕ ਵੱਖਰਾ ਪ੍ਰਸ਼ਨ ਹੈ ਕਿਉਂਜੋ ਪੱਛਮ ਦੇ ਵਿਗਿਆਨ, ਟੈਕਨਾਲੋਜੀ, ਰਾਜਨੀਤੀ, ਅਰਥਸ਼ਾਸਤ੍ਰ, ਇਤਿਹਾਸ, ਭੂਗੋਲ ਆਦਿ ਵਲੋਂ ਇਹ ਵਿਦਿਆਰਥੀ ਬਿਲਕੁਲ ਕੋਰੇ ਸਨ ਅਤੇ ਇਨ੍ਹਾਂ ਸੰਸਥਾਵਾਂ ਵਿਚ ਸਿਖਸ਼ਿਤ ਵਿਦਿਆਰਥੀਆਂ ਦਾ ਬੌਧਿਕ ਤੇ ਮਾਨਸਿਕ ਪੱਧਰ ਹੋਰ ਪ੍ਰਾਂਤਾਂ ਦੇ ਲੋਕਾਂ ਦੇ ਟਾਕਰੇ ਤੇ ਨੀਵਾਂ ਸੀ,[12] ਜਿਨ੍ਹਾਂ ਨੇ ਪੱਛਮੀ ਵਿਦਿਆ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੋਇਆ ਸੀ। ਪੱਛਮੀ ਢੰਗ ਦੀ ਵਿੱਦਿਆ ਦੇ ਸਮਰਥਕਾਂ ਨੇ ਪੁਰਾਣੀ ਵਿਦਿਅਕ ਪ੍ਰਣਾਲੀ ਦੇ ਹੇਠ ਲਿਖੇ ਨੁਕਸ ਕੱਢੇ ਹਨ:-

(ੳ) ਵਿਦਿਆਰਥੀਆਂ ਦੀ ਸ਼੍ਰੇਣੀ-ਵੰਡ ਨਹੀਂ ਸੀ ਹੋ ਸਕਦੀ ਤੇ ਸਿਲਸਿਲੇ-ਵਾਰ ਸਿਖਿਆ ਦੇ ਉਲਟ ਤੇ ਸਭ ਇਕੋ ਅਧਿਆਪਕ ਪਾਸੋਂ ਇਕੋ ਜਿਹੀ ਵਿਦਿਆ ਪ੍ਰਾਪਤ ਕਰਦੇ ਸਨ ਤੇ ਨਵੇਂ/ਪੁਰਾਣੇ ਵਿਦਿਆਰਥੀਆਂ ਦੀ ਪੱਧਰ ਦਾ ਨਿਖੇੜ ਸੰਭਵ ਨਹੀਂ ਸੀ।

---

9. ਉਹੀ, ਭਾਗ ਤਿੰਨ, ਪੰਨਾ 1.
10. ਸਿਖਿਆ ਰੀਪੋਰਟ 1882-83, ਪੈਰਾ 16.
11. ਮੇਹਿਊ — ਦੀ ਐਜੂਕੇਸ਼ਨ ਔਫ ਇੰਡੀਆ, 'ਕਲਕੱਤਾ, ਪੰਨਾ 210.
12. ਮਹਿਤਾ-ਐਚ.ਆਰ. 'ਗ੍ਰੋਥ ਐਂਡ ਡੀਵੈਲਪਮੈਂਟ ਔਫ ਵੈਸਟਰਨ ਐਜੂਕੇਸ਼ਨ ਇਨ ਪੰਜਾਬ', ਲਾਹੌਰ -1929, ਪੰਨਾ 21.

(ਅ) ਅਧਿਆਪਕਾਂ ਦੇ ਕੰਮ ਦੀ ਪੜਤਾਲ ਸੰਭਵ ਨਹੀਂ ਸੀ ।

(ੲ) ਸਿੱਖਿਆ ਵਿਚ ਭਿੰਨਤਾ, ਨਵੀਨਤਾ ਜਾਂ ਰੋਚਿਕਤਾ ਦੀ ਘਾਟ ਸੀ ਤੇ ਆਮ ਪੇਂਡੂ ਅਧਿਆਪਕ ਬੁਧੀ ਦੀ ਥਾਂ ਡੰਡੇ ਦੀ ਵਰਤੋਂ ਵਧੇਰੇ ਕਰਦਾ ਸੀ ।[13]

ਇਸ ਦੇ ਉਲਟ ਡਾਕਟਰ ਲਾਈਟਨਰ ਵਰਗੇ ਕੁਝ ਵਦੇਸ਼ੀ ਸਿਖਿਆ-ਸ਼ਾਸ਼ਤ੍ਰੀਆਂ ਨੂੰ ਦੁਖ ਸੀ ਕਿ ਕਿਵੇਂ ਪੁਰਾਣੀ ਵਿੱਦਿਅਕ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਵਿੱਦਿਆ ਨੂੰ ਮਾਨਸਿਕ ਤੇ ਸਦਾਚਾਰਕ ਸਭਿਅਤਾ ਦਾ ਸਾਧਨ ਬਣਾਉਣ ਦੀ ਥਾਂ ਇਸ ਨੂੰ ਨਿਰੋਲ ਦੁਨਿਆਵੀ ਲੋੜਾਂ ਦਾ ਸਾਧਨ ਬਣਾਇਆ ਜਾ ਰਿਹਾ ਹੈ।[14] ਉਹ ਇਸ ਵਿਚਾਰ ਦੇ ਸਮਰਥਕ ਸਨ ਕਿ ਪੁਰਾਣੇ ਵਿੱਦਿਅਕ ਢਾਂਚੇ ਨੂੰ ਕਾਇਮ ਹੀ ਨਾ ਰੱਖਿਆ ਜਾਏ, ਸਗੋਂ ਇਸ ਨੂੰ ਵਿਗਸਾਇਆ ਜਾਏ। ਪੰਜਾਬੀ ਵਿਦਿਆਰਥੀਆਂ ਨੂੰ ਹਰ ਪ੍ਰਕਾਰ ਦਾ ਪੱਛਮੀ ਗਿਆਨ ਉਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਵਿਚ ਦਿੱਤਾ ਜਾਏ ਤੇ ਇਸ ਮਨੋਰਥ ਲਈ ਉੱਚੀ ਤੋਂ ਉੱਚੀ ਪੱਧਰ ਦੀਆਂ ਪੱਛਮੀ ਗਿਆਨ ਪੁਸਤਕਾਂ ਤੇ ਪਾਠ-ਪੁਸਤਕਾਂ ਦੇ ਅਨੁਵਾਦ, ਇਨ੍ਹਾਂ ਬੋਲੀਆਂ ਵਿਚ ਕਰਵਾ ਕੇ ਉਨ੍ਹਾਂ ਨੂੰ ਪਾਠ-ਕ੍ਰਮ ਵਿਚ ਸ਼ਾਮਲ ਕੀਤਾ ਜਾਏ। ਏਸੇ ਮਨੋਰਥ ਦੀ ਪੂਰਤੀ ਲਈ ਡਾਕਟਰ ਲਾਈਟਨਰ ਨੇ 1864 ਈ. ਵਿਚ ਗੌਰਮਿੰਟ ਕਾਲਜ ਲਾਹੌਰ ਦੀ ਪ੍ਰਿੰਸੀਪਲੀ ਸੰਭਾਲਣ ਤੋਂ ਤੁਰਤ ਪਿਛੋਂ 21 ਜਨਵਰੀ, 1865 ਨੂੰ 'ਅੰਜੁਮਨਿ-ਪੰਜਾਬ' ਦੀ ਨੀਂਹ ਰੱਖੀ।[15] ਇਸ ਸੰਸਥਾ ਦੇ ਹੇਠ ਲਿਖੇ ਉਦੇਸ਼ ਤੇ ਟੀਚੇ ਮਿਥੇ ਗਏ:-

(ੳ) ਪੰਜਾਬ ਵਿਚ ਇਕ ਕੌਮੀ ਯੂਨੀਵਰਸਿਟੀ ਦੀ ਸਥਾਪਨਾ ।

(ਅ) ਭਾਰਤ ਦੀਆਂ ਕਲਾਸੀਕਲ ਭਾਸ਼ਾਵਾਂ(ਅਰਬੀ ਤੇ ਸੰਸਕ੍ਰਿਤ) ਦੇ ਅਧਿਐਨ ਨੂੰ ਦੋਬਾਰਾ ਸ਼ੁਰੂ ਕਰਨਾ।

(ੲ) ਪੱਛਮੀ ਵਿੱਦਿਆ ਤੇ ਵਿਗਿਆਨ ਨੂੰ ਆਮ ਲੋਕਾਂ ਤਕ ਪੁਚਾਉਣਾ ਅਤੇ ਭਾਰਤੀ ਭਾਸ਼ਾਵਾਂ ਵਿਚ ਉੱਤਮ ਗ੍ਰੰਥਾਂ ਦਾ ਅਨੁਵਾਦ ਕਰ ਕੇ ਸਿੱਖਿਆ ਦੇ ਪਾਠ-ਕ੍ਰਮ ਵਿਚ ਸ਼ਾਮਲ ਕਰਨਾ ।

(ਸ) ਅੰਗਰੇਜ਼ੀ ਦੀ ਪੜ੍ਹਾਈ ਦੇ ਯੋਗ ਪ੍ਰਬੰਧ ਕਰਨੇ ਅਤੇ ਜਿਹੜੇ ਮਜ਼ਮੂਨ ਦੇਸੀ ਬੋਲੀਆਂ ਵਿਚ ਨਹੀਂ ਪੜ੍ਹਾਏ ਜਾ ਸਕਦੇ, ਉਨ੍ਹਾਂ ਨੂੰ ਅੰਗਰੇਜ਼ੀ ਰਾਹੀਂ ਪੜ੍ਹਾਉਣ ਦਾ ਪ੍ਰਬੰਧ ਕਰਨਾ।

---

13. Ibid,p.22."No standard of educational efficiency was set. Average village teacher was a dull, unprogressive plodder who depended more upon his rod than his brains."
14. Leitner G.W.,"The true education of the Punjab was crippled, checked and is nearly destroyed; how opportunities of its healthy revival and development were either neglected or perverted... We have changed all this. Education was first degraded by us from an object of mental and moral culture to a means of purely worldly ambition."1883-Int.L & LL.
15. Ibid,p.5.

ਭਾਵੇਂ ਪੰਜਾਬ ਦੇ ਸਿੱਖਿਆ ਵਿਭਾਗ ਦੇ ਉੱਚ-ਅਧਿਕਾਰੀਆਂ ਅਤੇ ਕਲਕੱਤਾ ਯੂਨੀਵਰਸਿਟੀ ਵਾਲਿਆਂ ਨੇ ਇਸ ਨੀਤੀ ਦੀ ਵਿਰੋਧਤਾ ਕੀਤੀ, ਪਰ ਪੰਜਾਬ ਦੇ ਗਵਰਨਰ ਸਰ ਮੈਕਲੋਡ ਨੇ ਇਸ ਦੀ ਸਵੀਕ੍ਰਿਤੀ ਦੇ ਦਿੱਤੀ।

ਉਪਰੋਕਤ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ 'ਅੰਜੁਮਨਿ ਪੰਜਾਬ' ਵਲੋਂ ਓਰੀਐਂਟਲ ਸਕੂਲ ਜਾਰੀ ਕੀਤਾ ਗਿਆ ਜਿਹੜਾ ਪਿੱਛੋਂ 1876 ਈ. ਨੂੰ ਓਰੀਐਂਟਲ ਕਾਲਜ ਦੇ ਰੂਪ ਵਿਚ ਬਦਲ ਦਿੱਤਾ ਗਿਆ।[16] ਇਸ ਕਾਲਜ ਵਿਚ ਪੜ੍ਹਾਈ ਦੇ ਪਾਠ-ਕ੍ਰਮ ਦੀ ਤਰਤੀਬ ਤੇ ਵਿਦਿਆਰਥੀਆਂ ਦੇ ਇਮਤਿਹਾਨਾਂ ਦੀ ਜ਼ਿੰਮੇਵਾਰੀ 'ਅੰਜੁਮਨਿ-ਪੰਜਾਬ' ਦੀ ਸੀ। ਅਰਬੀ, ਫ਼ਾਰਸੀ, ਸੰਸਕ੍ਰਿਤ ਅਤੇ 1877 ਈ. ਤੋਂ ਪਿੱਛੋਂ ਪੰਜਾਬੀ ਦੀ ਤਿੰਨ ਦਰਜਿਆਂ ਵਾਲੀ ਪੜ੍ਹਾਈ (ਅਰਥਾਤ ਮੌਲਵੀ, ਮੌਲਵੀ ਆਲਮ, ਮੌਲਵੀ ਫਾਜ਼ਲ, ਮੁਨਸ਼ੀ, ਮੁਨਸ਼ੀ ਆਲਮ, ਮੁਨਸ਼ੀ ਫਾਜ਼ਲ, ਬੁਧੀਮਾਨੀ, ਵਿਦਵਾਨੀ, ਗਿਆਨੀ ਆਦਿ) ਦਾ ਨਿਸ਼ਚਿਤ ਪ੍ਰਬੰਧ ਕੀਤਾ ਗਿਆ। ਇਸ ਤੋਂ ਬਿਨਾਂ ਕਲਾਸਕੀ ਭਾਸ਼ਾਵਾਂ ਵਿਚ ਹੀ ਕਾਨੂੰਨ ਇੰਜਨੀਅਰੀ ਤੇ ਹਿਕਮਤ ਆਦਿ ਦੇ ਵੱਖਰੇ ਕੋਰਸ ਵੀ ਸਨ। ਦਰਸ਼ਨ, ਮਨੋ-ਵਿਗਿਆਨ, ਨਿਆਇ-ਸ਼ਾਸਤ੍ਰ, ਹਿਸਾਬ, ਜੋਤਸ਼ ਆਦਿ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਸੀ।[17]

'ਅੰਜੁਮਨਿ ਪੰਜਾਬ' ਦੇ ਪਹਿਲੇ ਟੀਚੇ ਦਾ ਤੁਰਤ ਸਿੱਟਾ ਇਹ ਨਿਕਲਿਆ ਕਿ ਭਾਰਤ ਸਰਕਾਰ ਨੇ ਆਪਣੇ 10 ਜੂਨ 1869 ਦੇ ਆਦੇਸ਼[18] ਮੁਤਾਬਿਕ ਪੰਜਾਬ ਵਿਚ ਪੂਰੀ ਤੇ ਵੱਖਰੀ ਯੂਨੀਵਰਸਿਟੀ ਦੀ ਥਾਂ ਇੱਕ "ਯੂਨੀਵਰਸਿਟੀ ਕਾਲਜ" ਦੀ ਸਥਾਪਨਾ ਦੀ ਆਗਿਆ ਦੇ ਦਿੱਤੀ। ਓਰੀਐਂਟਲ ਕਾਲਜ, ਲਾ ਸਕੂਲ ਤੇ ਮੈਡੀਕਲ ਸਕੂਲ ਇਸ ਯੂਨੀਵਰਸਿਟੀ ਕਾਲਜ ਨਾਲ ਸੰਮਿਲਤ ਕਰ ਦਿੱਤੇ ਗਏ ਤੇ ਡਾਕਟਰ ਲਾਈਟਨਰ ਇਸ ਦੇ ਪਹਿਲੇ ਰਜਿਸਟ੍ਰਾਰ ਥਾਪੇ ਗਏ।[19] ਇਨ੍ਹਾਂ ਦੇ ਨਿਰੰਤਰ ਯਤਨਾਂ ਨਾਲ 14 ਅਕਤੂਬਰ 1882 ਈ. ਨੂੰ ਪੰਜਾਬ ਯੂਨੀਵਰਸਿਟੀ ਕਾਲਜ ਨੂੰ ਪੂਰੀ ਯੂਨੀਵਰਸਿਟੀ ਦਾ ਦਰਜਾ ਮਿਲ ਗਿਆ।[20] ਲੰਡਨ ਯੂਨੀਵਰਸਿਟੀ ਦੇ ਮਾਡਲ ਤੇ ਬਣੀ ਭਾਰਤ ਵਿਚ ਇਹ ਚੌਥੀ ਯੂਨੀਵਰਸਿਟੀ ਸੀ। ਇਸ ਤੋਂ ਪਹਿਲਾਂ ਪੰਜਾਬ ਦੇ ਵਿਦਿਆਰਥੀਆਂ ਨੂੰ ਦੋ ਯੂਨੀਵਰਸਿਟੀਆਂ ਦੇ ਇਮਿਤਿਹਾਨ ਦੇਣੇ ਪੈਂਦੇ ਸਨ — ਕਲਕੱਤਾ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਕਾਲਜ ਦੁਆਰਾ ਲਏ ਜਾਂਦੇ ਇਮਤਿਹਾਨ।

---

16. ਉਹੀ, ਪੰਨਾ 102, ਭਾਗ ਤੀਜਾ।
17. ਉਹੀ, ਪੰਨਾ 104-119.
18. ਉਹੀ, ਪੰਨਾ 6, ਭਾਗ ਪਹਿਲਾ।
19. ਗੈਰਟ — ਹਿਸਟਰੀ ਔਫ਼ ਗੌਰਮਿੰਟ ਕਾਲਜ, ਲਾਹੌਰ, 1914, ਪੰਨਾ 16
20. ਬਰੂਸ — 'ਹਿਸਟਰੀ ਔਫ ਪੰਜਾਬ ਯੂਨੀਵਰਸਿਟੀ', ਲਾਹੌਰ, ਪੰਨਾ 3.

ਡਾਕਟਰ ਲਾਈਟਨਰ ਤੇ ਉਨ੍ਹਾਂ ਦੇ ਹਮ-ਖ਼ਿਆਲ ਬਹੁਤ ਸਾਰੇ ਅੰਗਰੇਜ਼ ਤੇ ਦੇਸੀ ਵਿਦਵਾਨ ਭਾਰਤੀ ਭਾਸ਼ਾਵਾਂ ਦੇ ਹੱਕ ਵਿਚ ਯਤਨ ਕਰਦੇ ਰਹੇ ਪਰ ਆਮ ਵਿਚਾਰ ਇਹੀ ਸੀ ਕਿ ਜਿਸ ਤਰ੍ਹਾਂ ਦੀ ਵਿੱਦਿਆ ਇਨ੍ਹਾਂ ਸਕੂਲਾਂ ਵਿਚ ਦਿੱਤੀ ਜਾਂਦੀ ਹੈ, ਅਤੇ ਉਸ ਦੀ ਜੋ ਪੱਧਰ ਹੈ, ਉਹ ਸਮੇਂ ਦੀ ਮੰਗ ਤੇ ਲੋੜ ਅਨੁਸਾਰ ਕਾਫ਼ੀ ਨਹੀਂ ਸੀ। 1901 ਈ. ਤਕ ਇਸ ਪ੍ਰਕਾਰ ਦੀ ਪੁਰਾਣੀ ਤੇ ਧਾਰਮਿਕ ਵਿਦਿਆ ਦੇਣ ਵਾਲੀਆਂ ਸੰਸਥਾਵਾਂ ਦੀ ਗਿਣਤੀ ਘਟ ਕੇ 3850 ਰਹਿ ਗਈ ਜਿਨ੍ਹਾਂ ਨੂੰ ਸਰਕਾਰ ਵਲੋਂ ਕੋਈ ਮਾਨਤਾ ਪ੍ਰਾਪਤ ਨਹੀਂ ਸੀ।[21]

ਹੁਣ ਸੰਖੇਪ ਵਿਚ ਪੱਛਮੀ ਢੰਗ ਦੀ ਵਿੱਦਿਆ ਦੇ ਪਸਾਰ ਵਿਚ ਸਰਕਾਰ ਵਲੋਂ ਅਪਣਾਈ ਗਈ ਨੀਤੀ ਅਤੇ ਇਸ ਦੇ ਪ੍ਰਗਤੀ-ਪੰਧਾਂ ਨੂੰ ਵਿਚਾਰਨਾ ਉਚਿਤ ਪ੍ਰਤੀਤ ਹੁੰਦਾ ਹੈ:- /

ਅੰਗਰੇਜ਼ੀ ਰਾਜ ਦੇ ਪਹਿਲੇ ਕੁਝ ਵਰ੍ਹੇ ਪੰਜਾਬ ਦੇ ਅੰਦਰੂਨੀ ਪ੍ਰਬੰਧ ਨੂੰ ਠੀਕ ਕਰਨ ਤੇ ਨਵੀਆਂ ਲੀਹਾਂ ਤੇ ਪਾਉਣ ਵਿਚ ਲਗ ਗਏ, ਇਸ ਲਈ ਨਵੇਂ ਸ਼ਾਸ਼ਕਾਂ ਨੇ ਏਥੋਂ ਦੇ ਵਿੱਦਿਅਕ ਢਾਂਚੇ ਨੂੰ 1854 ਈ. ਤਕ ਉੱਕਾ ਨਾ ਛੇੜਿਆ, ਸਗੋਂ ਇਹ ਆਖਿਆ ਕਿ " ਸਿੱਖਿਆ ਅਜਿਹਾ ਵਿਸ਼ਾ ਨਹੀਂ ਕਿ ਹੋਰ ਕੰਮਾਂ ਦੇ ਦਬਾ ਹੇਠ, ਇਸ ਵਲ ਧਿਆਨ ਦਿੱਤਾ ਜਾ ਸਕੇ।[22] ਪਰ ਨਾਲ ਹੀ ਆਖਿਆ ਕਿ ਏਥੋਂ ਦਾ ਵਿੱਦਿਅਕ ਸੁਧਾਰ ਤੇ ਇਸ ਸੰਬੰਧੀ ਤੁਰਤ ਲੋੜੀਦੇ ਕਦਮ ਚੁਕਣ ਦੀ ਲੋੜ, ਕਿਸੇ ਹੋਰ ਪ੍ਰਾਂਤ ਨਾਲੋਂ ਘੱਟ ਨਹੀਂ, ਸਗੋਂ ਹੋਰ ਪ੍ਰਾਂਤਾਂ ਦੇ ਟਾਕਰੇ ਤੇ ਪੰਜਾਬ ਵਿਚ ਨਵੇਂ ਢੰਗ ਦੀ ਵਿਰੋਧਤਾ ਜਾਂ ਇਸ ਦੇ ਰਾਹ ਵਿਚ ਰੋਕਾਂ ਅਟਕਾਉਣ ਦੀ ਰੁਚੀ ਬਹੁਤ ਘੱਟ ਹੈ।"[23]

ਪੰਜਾਬ ਦੇ ਅੰਗਰੇਜ਼ੀ ਰਾਜ ਦਾ ਅੰਗ ਬਨਣ ਤੋਂ ਬਹੁਤ ਚਿਰ ਪਹਿਲਾਂ 1829 ਈ. ਵਿਚ ਹੀ ਲਾਰਡ ਵਿਲੀਅਮ ਬੈਂਟਿਕ ਨੇ ਇਹ ਐਲਾਨ ਕਰ ਦਿੱਤਾ ਸੀ ਕਿ "ਬਰਤਾਨਵੀ ਸਰਕਾਰ ਦੀ ਇੱਛਾ ਤੇ ਨਿਸਚਿਤ ਨੀਤੀ ਇਹ ਸੀ ਕਿ ਸਾਰੇ ਦੇਸ਼ ਵਿਚ ਅੰਗਰੇਜ਼ੀ ਨੂੰ ਹੀ ਵਰਤੋਂ ਤੇ ਅੰਤਿਮ ਤੌਰ ਤੇ ਸਰਕਾਰੀ ਕਾਰ-ਵਿਹਾਰ ਲਈ ਅਪਣਾਇਆ ਜਾਣਾ ਹੈ।[24] ਏਸੇ ਦੀ ਅੱਗੋਂ ਪੁਸ਼ਟੀ ਤੇ ਵਿਆਖਿਆ ਵਜੋਂ

---

21. ਪੰਜਾਬ ਸਰਕਾਰ ਦੀ ਪ੍ਰਬੰਧਕੀ ਰੀਪੋਰਟ, 1901-02, ਪੰਨਾ 167, ਪੰਨਾ XXVIII ਅਤੇ ਪੰਜਾਬ ਸਿੱਖਿਆ ਰੀਪੋਰਟ 1901-02 , ਪੰਨਾ-136.
22. ਪੰਜਾਬ ਦੀ ਪ੍ਰਬੰਧਕੀ ਰੀਪੋਰਟ 1849-50, ਪੰਨਾ 39.
23. ਭਾਰਤ ਸਰਕਾਰ ਦਾ ਰਕਾਰਡ ਨੰਬਰ 6, ਹਵਾਲਾ ਜੀ.ਐਸ.ਛਾਬੜਾ -" ਸੋਸ਼ਲ ਐਂਡ ਇਕਨਾਮਿਕ ਹਿਸਟਰੀ ਔਫ਼ ਪੰਜਾਬ -"(ਥੀਸਸ) ਪੰਨਾ 134.
24. Lord William Bentinck's letter quoted by James in his book "Education and Statemanship in India" Chapter 2."It was the wish and admitted policy of the British Govt.to render its own language gradually and eventually the language of public business throughout Country."

ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਵਲੋਂ 1854 ਈ. ਦਾ ਪ੍ਰਸਿੱਧ ਵੁਡ ਡਿਸਪੈਚ ਜਾਰੀ ਹੋਇਆ ਜਿਸ ਦੁਆਰਾ ਸਾਰੇ ਭਾਰਤ ਵਿਚ ਇੱਕੋ ਹੀ ਵਿੱਦਿਅਕ ਨੀਤੀ [25] ਅਪਣਾਈ ਗਈ, ਜਿਸ ਅਨੁਸਾਰ ਯੂਰਪ ਦੇ ਵਿਗਿਆਨ, ਦਰਸ਼ਨ, ਸਾਹਿੱਤ ਤੇ ਕਲਾਵਾਂ ਨੂੰ ਅੰਗਰੇਜ਼ੀ ਰਾਹੀਂ ਪੜ੍ਹਾਇਆ ਜਾਣਾ ਸੀ ਅਤੇ ਏਥੋਂ ਦੀਆਂ ਦੇਸੀ ਭਾਸ਼ਾਵਾਂ ਨੂੰ ਵੀ ਇਸ ਮਨੋਰਥ ਲਈ ਹੇਠਲੀ ਪੱਧਰ ਤਕ ਨਾਲ ਲਾਇਆ ਜਾਣਾ ਸੀ। ਨਾਲ ਹੀ ਫੈਸਲਾ ਕੀਤਾ ਗਿਆ ਕਿ ਹਰ ਰਾਜ ਵਿਚ ਵੱਖਰਾ ਸਿੱਖਿਆ ਵਿਭਾਗ[26] ਕਾਇਮ ਕੀਤਾ ਜਾਏ। ਖ਼ਾਸ ਖ਼ਾਸ ਥਾਵਾਂ ਤੇ ਯੂਨੀਵਰਸਿਟੀਆਂ ਕਾਇਮ ਕੀਤੀਆਂ ਜਾਣ।[27] ਅਧਿਆਪਕਾਂ ਦੀ ਸਿਖਲਾਈ ਲਈ ਟ੍ਰੇਨਿੰਗ ਸੰਸਥਾਵਾਂ ਕਾਇਮ ਕੀਤੀਆਂ ਜਾਣ,[28] ਚਲ ਰਹੇ ਸਕੂਲਾਂ, ਕਾਲਜਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਕੀਤੀ ਜਾਏ, ਨਵੇਂ ਮਿਡਲ ਸਕੂਲ ਖੋਲ੍ਹੇ ਜਾਣ ਅਤੇ ਸਿੱਖਿਆ ਦੇਣ ਵਾਲੇ ਪ੍ਰਾਈਵੇਟ ਸਕੂਲਾਂ ਦੀ ਮਾਇਕ ਸਹਾਇਤਾ ਕੀਤੀ ਜਾਏ। ਆਮ ਲੋਕਾਂ ਲਈ ਸਿੱਖਿਆ ਦਾ ਮਾਧਿਅਮ ਦੇਸੀ ਭਾਸ਼ਾਵਾਂ ਰੱਖਿਆ ਗਿਆ ਪਰ ਉਚੇਰੀ ਵਿੱਦਿਆ ਅੰਗਰੇਜ਼ੀ ਰਾਹੀਂ ਹੀ ਦਿੱਤੀ ਜਾਣ, ਦਾ ਫੈਸਲਾ ਹੋਇਆ। ਇਹ ਵੀ ਐਲਾਨ ਕੀਤਾ ਗਿਆ ਕਿ ਸਰਕਾਰ ਲੋਕਾਂ ਦੇ ਧਾਰਮਿਕ, ਮਾਮਲਿਆਂ ਵਿਚ ਦਖ਼ਲ ਨਹੀਂ ਦੇਵੇਗੀ।[29] ਇਸ ਡਿਸਪੈਚ ਉੱਤੇ ਪੰਜਾਬ ਵਿਚ ਕਿਵੇਂ ਅਮਲ ਹੋਇਆ, ਇਹ ਵਿਚਾਰਨ ਤੋਂ ਪਹਿਲਾਂ ਸੰਖੇਪ ਵਿਚ ਉਸ ਵੇਲੇ ਤਕ ਦੀ ਪੱਛਮੀ ਢੰਗ ਦੀ ਵਿਦਿਆ ਦੀ ਜੋ ਸਥਿਤੀ ਸੀ, ਉਸ ਨੂੰ ਬਿਆਨ ਕਰਨਾ ਵੀ ਉਚਿਤ ਪ੍ਰਤੀਤ ਹੁੰਦਾ ਹੈ।

ਪੱਛਮੀ ਢੰਗ ਦੇ ਸਕੂਲਾਂ ਦਾ ਰਿਵਾਜ ਈਸਾਈ ਮਿਸ਼ਨਰੀਆਂ ਦੇ ਉਦਮ ਤੇ ਯਤਨਾਂ ਨਾਲ ਪਿਆ ਅਤੇ ਪੰਜਾਬ ਵਿਚ ਪਹਿਲਾ ਸਕੂਲ ਲੁਧਿਆਣੇ ਵਿਚ ਕੈਪਟਨ ਵੈਂਡ ਦੇ ਸਹਿਯੋਗ ਨਾਲ ਲੋਰੀ ਸਾਹਿਬ ਨੇ ਚਾਲੂ ਕੀਤਾ। ਕੈਪਟਨ ਵੈਂਡ ਨੇ ਇਕ ਦੇਸੀ ਅਧਿਆਪਕ ਰੱਖ ਕੇ ਸਥਾਨਕ ਲੋਕਾਂ ਨੂੰ

---

25. "We must emphatically declare that the education which we desire to see extended in India is that which has for its object, the diffusion of the improved arts, Science, Philosophy and Literature of Europe-in short- of European knowledge. We look therefore to English language and to the vernacular languages together as the media for the diffusion of the European knowledge." Wood's Education Despatch, 19th, July 1854.
26. ਪੰਜਾਬ ਦਾ ਵੱਖਰਾ ਸਿੱਖਿਆ ਵਿਭਾਗ ਜਨਵਰੀ 1856 ਨੂੰ ਕਾਇਮ ਕੀਤਾ ਗਿਆ ਅਤੇ ਮਿਸਟਰ ਆਰ੍ਹਨਲਡ ਇਸ ਵਿਭਾਗ ਦੇ ਪਹਿਲੇ ਡਾਇਰੈਕਟਰ ਨਿਯੁਕਤ ਕੀਤੇ ਗਏ — ਪੰਜਾਬ ਪ੍ਰਬੰਧਕੀ ਰੀਪੋਰਟ 1855-56.
27. "ਲੰਡਨ ਯੂਨੀਵਰਸਿਟੀ ਦੇ ਮਾਡਲ ਤੇ 1857 ਈ. ਵਿਚ ਮਦਰਾਸ, ਬੰਬਈ ਤੇ ਕਲਕੱਤਾ ਵਿਚ ਯੂਨੀਵਰਸਿਟੀਆਂ ਕਾਇਮ ਕੀਤੀਆਂ ਗਈਆਂ"। ਤਾਰਾ ਚੰਦ— ਹਿਸਟ੍ਰੀ ਔਫ ਫ੍ਰੀਡਮ ਮੂਵਮੈਂਟ, ਜਿਲਦ ਦੂਜੀ, ਪੰਨਾ 206.
28. ਕੁਝ ਸ਼ਹਿਰਾਂ ਵਿਚ ਨਾਰਮਲ ਸਕੂਲ ਖੋਲ੍ਹੇ ਗਏ ਅਤੇ 1881 ਈ. ਵਿਚ ਸੈਂਟ੍ਰਲ ਟ੍ਰੇਨਿੰਗ ਕਾਲਜ ਲਾਹੌਰ ਕਾਇਮ ਕੀਤਾ ਗਿਆ। ਪੰਜਾਬ ਸਰਕਾਰ —"ਲੈਂਡ ਔਫ਼ ਫਾਈਵ ਰਿਵਰਜ਼", ਪੰਨਾ 228
29. ਮਦਰਾਸ ਗੌਰਮਿੰਟ ਨੂੰ ਕੰਪਨੀ ਦੇ ਡਾਇਰੈਕਟਰਾਂ ਵਲੋਂ ਭੇਜੀ ਗਈ ਚਿੱਠੀ-ਚਵਾਲਾ ਮਹਿਤਾ — "ਵੈਸਟ੍ਰਨ ਐਜੂਕੇਸ਼ਨ ਇਨ ਪੰਜਾਬ", ਪੰਨਾ 25.

ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਹੋਇਆ ਸੀ, ਪਰ ਲੋਰੀ ਸਾਹਿਬ ਨੇ ਇਹ ਸਕੂਲ ਆਉਂਦਿਆਂ ਹੀ ਆਪਣੇ ਪ੍ਰਬੰਧ ਵਿਚ ਲੈ ਲਿਆ[30] ਅਤੇ ਬਾਕਾਇਦਾ ਪੱਛਮੀ ਢੰਗ ਦੀ ਵਿੱਦਿਆ ਦੇਣੀ ਸ਼ੁਰੂ ਕਰ ਦਿੱਤੀ। ਪੰਜਾਬ ਵਿਚ ਪਹਿਲਾ ਸਰਕਾਰੀ ਸਕੂਲ ਸ਼ਿਮਲੇ ਵਿਚ ਪਹਿਲੀ ਮਾਰਚ 1848 ਈ. ਨੂੰ ਖੋਲ੍ਹਿਆ ਗਿਆ। ਉਸੇ ਸਾਲ ਹੁਸ਼ਿਆਰਪੁਰ ਵਿਚ ਕਰਨਲ ਐਬਟ ਸਾਹਿਬ ਨੇ ਇਕ ਸਕੂਲ ਕਾਇਮ ਕੀਤਾ ਜਿਸ ਦਾ ਖ਼ਰਚ ਇਲਾਕੇ ਦੇ ਜ਼ਿਮੀਦਾਰਾਂ ਨੇ ਸਰਕਾਰੀ ਮਾਮਲੇ ਦੇ ਨਾਲ ਦੇਣਾ ਮੰਨ ਲਿਆ। ਮਈ 1851 ਈ. ਵਿਚ ਅੰਮ੍ਰਿਤਸਰ ਦਾ ਸਕੂਲ ਕਾਇਮ ਕਰਨ ਤੋਂ ਪਿਛੋਂ ਛੇਤੀ ਹੀ ਰਾਵਲਪਿੰਡੀ, ਗੁਜਰਾਤ, ਸ਼ਾਹਪੁਰ, ਮੁਲਤਾਨ, ਜਿਹਲਮ, ਤੇ ਜਲੰਧਰ ਵਿਚ ਸਕੂਲ ਖੋਲ੍ਹੇ ਗਏ। ਇਸ ਤਰ੍ਹਾਂ 1854 ਈ. ਤਕ ਪੰਜਾਬ ਦੇ ਜ਼ਿਲ੍ਹਾ ਕੇਂਦਰਾਂ ਤੇ ਅੱਠ ਅਤੇ ਤਹਿਸੀਲਾਂ ਵਿਚ 11 ਸਰਕਾਰੀ ਸਕੂਲ ਬਾਕਾਇਦਾ ਚਲ ਰਹੇ ਸਨ। 1854-55 ਦੀ ਪ੍ਰਬੰਧਕੀ ਰੀਪੋਰਟ ਵਿਚ ਇਨ੍ਹਾਂ ਸਕੂਲਾਂ ਬਾਰੇ ਲਿਖਿਆ ਹੈ ਕਿ ਹਾਲ ਦੀ ਘੜੀ ਇਹ ਇਕ ਪ੍ਰਯੋਗ ਹੀ ਹੈ ਤੇ ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਆਖਿਆ ਜਾ ਸਕਦਾ ਕਿ ਪੱਛਮੀ ਵਿੱਦਿਆ ਦੇਣ ਦਾ ਇਹ ਤਜਰਬਾ ਸਫ਼ਲ ਹੋਵੇਗਾ ਜਾਂ ਨਹੀਂ ਪਰ ਆਸ ਕੀਤੀ ਜਾਂਦੀ ਹੈ ਕਿ ਛੇਤੀ ਹੀ ਨਵੀਂ ਪੀੜ੍ਹੀ ਨਵੀਂ ਵਿੱਦਿਆ ਲੈਣ ਦੇ ਯੋਗ ਹੋ ਜਾਵੇਗੀ।[31]

ਉਚੇਰੀ ਵਿਦਿਆ ਲਈ ਪੰਜਾਬ ਨੂੰ ਕਲਕੱਤਾ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਰਖਿਆ ਗਿਆ ਅਤੇ ਪਹਿਲੀ ਵਾਰੀ 1862 ਈ. ਵਿਚ ਪੰਜਾਬ ਦੇ ਹਾਈ ਸਕੂਲਾਂ ਦੇ ਵਿਦਿਆਰਥੀਆਂ ਨੇ ਉਸੇ ਯੂਨੀਵਰਸਿਟੀ ਦਾ ਐਂਟ੍ਰੈਂਸ ਦਾ ਇਮਤਿਹਾਨ ਦਿੱਤਾ। 1882 ਈ. ਅਰਥਾਤ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਤਕ 2030 ਪੰਜਾਬੀ ਵਿਦਿਆਰਥੀ ਕਲਕੱਤਾ ਯੂਨੀਵਰਸਿਟੀ ਤੋਂ ਦਸਵੀਂ ਦਾ ਇਮਤਿਹਾਨ ਪਾਸ ਕਰ ਚੁੱਕੇ ਸਨ।[32]

---

30. ਇਸ ਬਾਰੇ ਵਿਸਤਾਰ ਪੂਰਵਕ ਚਰਚਾ " ਈਸਾਈ ਮਿਸ਼ਨਰੀਆਂ ਦੀ ਦੇਣ " ਵਾਲੇ ਅਧਿਆਇ ਵਿਚ ਕੀਤੀ ਗਈ ਹੈ।

31. It would probably be pre-mature to direct any very strenuous efforts at present upon English Education. The trials that have heretofore been made in the Panjab have not been very successful. It would be better to rest a while, untill a class of youths shall have risen fit to receive higher European learning by means of the English Language." Pb. Administration Report. 1854-55, p. 66.

32. ਪੰਜਾਬ ਸਰਕਾਰ ਦੀ ਪ੍ਰਬੰਧਕੀ ਰੀਪੋਰਟ, ਸਾਲ 1883-84.

ਸਿੱਖਿਆ ਦਾ ਮਾਧਿਅਮ:

1851 ਈ. ਵਿਚ ਬਰਤਾਨਵੀ ਸਰਕਾਰ ਨੇ ਫਾਰਸੀ ਦੀ ਥਾਂ ਉਰਦੂ ਨੂੰ ਹੇਠਲੀਆਂ ਕਚਹਿਰੀਆਂ ਦੀ ਸਰਕਾਰੀ ਜ਼ਬਾਨ ਸਵੀਕਾਰ ਕਰ ਲਿਆ ਅਤੇ ਅਗਲੇ ਚਾਰ ਵਰ੍ਹਿਆਂ ਵਿੱਚ ਸਾਰੇ ਪ੍ਰਾਂਤ ਵਿਚ ਪੂਰੀ ਤਰ੍ਹਾਂ ਉਰਦੂ ਨੇ ਫਾਰਸੀ ਦੀ ਥਾਂ ਮੱਲ ਲਈ।[33] ਪੰਜਾਬੀ ਨੂੰ ਸਰਕਾਰੀ ਜ਼ਬਾਨ ਬਣਾਉਣਾ ਯੋਗ ਨਾ ਸਮਝਿਆ ਗਿਆ।[34] ਇਸ ਨਿਰਣੇ ਵਿਚ ਯੂ.ਪੀ. ਤੋਂ ਲਿਆਂਦੇ ਉਰਦੂ ਪੜ੍ਹੇ ਹੋਏ ਉਨ੍ਹਾਂ ਕਰਮਚਾਰੀਆਂ ਦਾ ਵਿਸ਼ੇਸ਼ ਹੱਥ ਹੈ ਜਿਹੜੇ ਫ਼ਾਰਸੀ ਲਿੱਪੀ ਰਾਹੀਂ ਉਰਦੂ ਵਿੱਚ ਪਹਿਲਾਂ ਹੀ ਨਿਪੁੰਨ ਸਨ। ਪੰਜਾਬੀ ਦੇ ਪ੍ਰੇਮੀਆਂ ਨੂੰ ਇਸ ਫ਼ੈਸਲੇ ਨਾਲ ਬੜਾ ਧੱਕਾ ਲੱਗਾ। ਏਸੇ ਨੀਤੀ ਅਧੀਨ ਜਦ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ 1854 ਈ. ਦੇ ਡਿਸਪੈਚ ਅਨੁਸਾਰ ਨਵੀਂ ਰੂਪ-ਰੇਖਾ ਦਿੱਤੀ ਜਾਣ ਲੱਗੀ ਤਾਂ ਵਿੱਦਿਆ ਦੇ ਮਾਧਿਅਮ ਸੰਬੰਧੀ ਦੇਸੀ ਭਾਸ਼ਾ ਵਜੋਂ ਵੀ ਉਰਦੂ ਦੇ ਹੱਕ ਵਿਚ[35] ਫ਼ੈਸਲਾ ਹੋਇਆ[36] ਤਾਂ ਪੰਜਾਬੀਆਂ ਦੇ ਪ੍ਰੇਮੀਆਂ ਨੂੰ ਹੋਰ ਵੀ ਨਿਰਾਸ਼ਤਾ ਹੋਈ। ਪਰ ਉਨ੍ਹਾਂ ਨੂੰ ਕੇਵਲ ਏਨੀ ਖੁਲ੍ਹ ਦਿੱਤੀ ਗਈ ਕਿ ਲੋੜ ਅਨੁਸਾਰ ਹਿੰਦੂ ਤੇ ਸਿੱਖ ਹਿੰਦੀ ਤੇ ਪੰਜਾਬੀ ਸਕੂਲ ਸਥਾਪਤ ਕਰ ਲੈਣ। ਸਰਕਾਰ ਦੀ ਇਹ ਨੀਤੀ ਪੰਜਾਬੀ ਲਈ ਘਾਤਕ ਸਿੱਧ ਹੋਈ ਕਿਉਂਕਿ ਉਰਦੂ ਨੂੰ ਸਰਕਾਰੀ ਭਾਸ਼ਾ ਤੇ ਵਿੱਦਿਆ ਦੇ ਮਾਧਿਅਮ ਵਜੋਂ ਲਾਗੂ ਕਰਕੇ, ਬਾਕੀ ਸਭ ਭਾਸ਼ਾਵਾਂ ਨੂੰ ਘਟੀਆ ਦਰਸਾ ਕੇ ਖ਼ਤਮ ਕਰ ਦੇਣ ਦਾ ਨਿਸਚਾ ਵੀ ਸਪੱਸ਼ਟ ਸੀ। ਭਾਵੇਂ ਡਾਕਟਰ ਲਾਈਟਨਰ[37] ਵਰਗੇ ਭਾਸ਼ਾ-ਵਿਗਿਆਨੀ

---

33. Mehta H.R., "Urdu was declared to be the official language in the Multan Division in 1851, in Hazara in 1853 and Pashawar Division in 1854. In some cases the use of persian side by side with Urdu was allowed for a year more from the date of orders. The translation was complete throughout the province by the end of 1855." "Growth and Development of Western Education in Punjab", p.28.

34. "Punjabi is now rapidly falling into desuetude. Panjabi as a spoken language was also loosing its currency and degenerating into a provincial(rustic) dialect, whereas Urdu was becoming familiar to the upper and middle classes" Punjab Administration Report 1851-52, p.184.

35. "Urdu was becoming familiar to the upper and middle classes and rural population understood it nearly as well as their fellow subjects in Hindustan. Urdu was becoming more than a lingua franca", Panjab Administration Report 1852-53, p.184.

36. "Urdu be made familiar in the first instance to this educated classes and through them, as would certainly follow, to the entire body of people, to the eventual supersession of inferior local dialects." Court of Directors Despatch No.43 of 1855 quoted in Pb.Adm.Report 1854-55, p.45.

ਤੇ ਸਿੱਖਿਆ-ਸ਼ਾਸਤ੍ਰੀ, ਸਿੱਖਿਆ ਸੰਬੰਧੀ,ਸੰਸਾਰ ਦੇ ਮੰਨੇ ਪ੍ਰਮੰਨੇ ਅਸੂਲਾਂ ਦੇ ਅਧਾਰ ਤੇ ਪੰਜਾਬੀ ਨੂੰ ਗੁਰਮੁਖੀ ਲਿੱਪੀ ਰਾਹੀਂ ਪੰਜਾਬ ਦੀ ਸਿੱਖਿਆ ਦੇ ਮਾਧਿਅਮ ਵਜੋਂ ਅਪਨਾਉਣ ਦੇ ਹੱਕ ਵਿਚ ਸਨ, ਪਰ ਗ਼ਦਰ ਤੋਂ ਪਹਿਲਾਂ ਅੰਗਰੇਜ਼ੀ ਸਰਕਾਰ ਦੀ ਸਮੁਚੀ ਨੀਤੀ ਸਿੱਖਾਂ ਦੇ ਵਿਰੁੱਧ ਹੋਣ ਕਰ ਕੇ· ਉਹ ਇਨ੍ਹਾਂ ਦੀ ਭਾਸ਼ਾ, ਲਿੱਪੀ ਜਾਂ ਸਭਿਆਚਾਰ ਤਾਂ ਇਕ ਪਾਸੇ, ਇਨ੍ਹਾਂ ਨੂੰ ਬਤੌਰ ਕੌਮ ਦੇ ਵੀ ਖ਼ਤਮ ਹੋਇਆ ਦੇਖਣਾ ਚਾਹੁੰਦੇ ਸਨ ਅਤੇ ਇਸ ਸੰਬੰਧੀ ਭਵਿਖ-ਬਾਣੀ ਕਰ ਚੁੱਕੇ ਸਨ।[38] ਇਸ ਲਈ ਸੁਭਾਵਿਕ ਸੀ ਕਿ ਪੰਜਾਬੀ ਨੂੰ ਕਿਸੇ ਕੀਮਤ ਉਤੇ ਵੀ ਸਰਕਾਰੀ ਭਾਸ਼ਾ ਜਾਂ ਸਿੱਖਿਆ ਦੇ ਮਾਧਿਅਮ ਵਜੋਂ ਨਹੀਂ ਸੀ ਅਪਣਾਇਆ ਜਾ ਸਕਦਾ।[39]

ਉਰਦੂ ਸੰਬੰਧੀ ਸਭ ਤੋਂ ਵੱਧ ਸੰਤੁਸ਼ਟਤਾ ਮੁਸਲਮਾਨਾਂ ਨੂੰ ਹੋਈ। ਫ਼ਾਰਸੀ ਲਿੱਪੀ ਨਾਲ ਉਨ੍ਹਾਂ ਦਾ ਧਾਰਮਿਕ ਲਗਾਉ ਹੋਣ ਕਰਕੇ, ਉਰਦੂ ਨੂੰ ਫ਼ਾਰਸੀ ਲਿੱਪੀ ਵਿਚ ਲਿਖੇ ਜਾਣ ਦੀ ਤਜਵੀਜ਼ ਨੇ ਉਨ੍ਹਾਂ ਨੂੰ ਮਾਨਸਿਕ ਤ੍ਰਿਪਤੀ ਦਿੱਤੀ ਤੇ ਉਨ੍ਹਾਂ ਨੇ ਇਸ ਨੂੰ ਤਨੋ ਮਨੋਂ ਜੀ ਆਇਆਂ ਆਖਿਆ।[40]

ਨਵੀਂ ਵਿਦਿਆ ਨੇ ਹਿੰਦੂ ਮੱਧ-ਵਰਗ ਦੀ ਇਕ ਨਵੀਂ ਵਿਉਪਾਰਕ ਸ਼੍ਰੇਣੀ ਨੂੰ ਜਨਮ ਦਿੱਤਾ ਜਿਹੜੀ ਪੜ੍ਹ ਲਿਖ ਕੇ ਆਪਣੇ ਆਪ ਨੂੰ ਉਚੇਰੀ ਸਮਝਣ ਲਗ ਪਈ ਅਤੇ ਜਿਨ੍ਹਾਂ ਨੇ ਰਾਜ ਪ੍ਰਬੰਧ ਵਿਚ ਵਿਸ਼ੇਸ਼ ਪਦਵੀਆਂ ਸੰਭਾਲ ਕੇ ਆਪਣੇ ਆਪ ਨੂੰ ਬ੍ਰਾਹਮਣ ਸ਼੍ਰੇਣੀ ਨਾਲੋਂ ਉੱਤਮ ਸਮਝਣਾ ਸ਼ੁਰੂ ਕਰ ਦਿੱਤਾ।

---

37. Leither,"The Principle over which the choice of Urdu was based, connected more with worldly ambitions than mental and moral culture. Urdu and subsequently English were welcomed as an avenue and claim to employment under Govt. by more needy in the community and by those who wished to ingratiate themselves with the authorities." "History of Ind.Edu.In Pb.,p.(ii).

38. Temple R.C."India in 1880' London 1881,p.119-120

39. ਸਿੱਖਿਆ ਦੇ ਮਾਧਿਅਮ ਤੇ ਭਾਸ਼ਾ ਨੀਤੀ ਬਾਰੇ ਹੋਏ ਵਾਦ-ਵਿਵਾਦ ਸੰਬੰਧੀ ਵਿਸਤਾਰ-ਪੂਰਵਕ ਚਰਚਾ ਏਸੇ ਅਧਿਆਇ ਵਿਚ ਅਗੇ ਚਲ ਕੇ ਕੀਤੀ ਗਈ ਹੈ।

40. Leitner," As regards the trading classes, the more ambitious of them gladly availed themselves of the Govt.System of Education, which promised them elevation in social rank or rather gave them the opportunity of being employed in public service, of exercising power over those higher castes, that had hitherto despised them.History of Ind.Edu." p.(iii).

ਜਿਸ ਤਰ੍ਹਾਂ ਪਿੱਛੇ ਦੱਸਿਆ ਜਾ ਚੁੱਕਾ ਹੈ, ਡਾ. ਲਾਈਟਨਰ ਲਗਾਤਾਰ ਦੇਸੀ ਭਾਸ਼ਾਵਾਂ ਦੇ ਵਿਕਾਸ ਦੇ ਹੱਕ ਵਿਚ ਆਵਾਜ਼ ਉਠਾਉਂਦੇ ਰਹੇ ਅਤੇ ਉਨ੍ਹਾਂ ਨੇ 'ਅੰਜੁਮਨਿ ਪੰਜਾਬ' ਓਰੀਐਂਟਲ ਕਾਲਜ ਤੇ ਬਦੇਸ਼ੀ ਸਾਹਿਤ ਦੇ ਅਨੁਵਾਦਾਂ ਰਾਹੀਂ ਲਗਾਤਾਰ ਮੁਹਿੰਮ ਜਾਰੀ ਰੱਖੀ ਕਿ ਇਥੋਂ ਦੀ ਪੜ੍ਹਾਈ ਦੇ ਦੇਸੀ ਸਕੂਲ ਵਧਣ ਫੁਲਣ ਅਤੇ ਸਰਕਾਰ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰੇ। ਸਰਕਾਰ ਨੇ ਅਜਿਹੇ ਸਕੂਲਾਂ ਦੀ ਮਾਇਕ ਸਹਾਇਤਾ ਕਰਨ ਦਾ ਵਾਇਦਾ ਵੀ ਕੀਤਾ, ਜੇ ਉਹ ਸੰਪਰਦਾਇਕ ਸਿੱਖਿਆ ਦੀ ਬਜਾਇ ਲੋਕਿਕ ਸਿੱਖਿਆ ਦੇਣ ਲੱਗ ਪੈਣ। ਪਰ ਅੰਗਰੇਜ਼ੀ ਢੰਗ ਦੀ ਵਿੱਦਿਆ ਦੀ ਮੰਗ ਦਿਨੋ ਦਿਨ ਜ਼ੋਰ ਫੜਦੀ ਗਈ ਕਿਉਂਜੋ ਦੇਸੀ ਢੰਗ ਦੀ ਪੜ੍ਹਾਈ ਗੈਰ-ਵਿਗਿਆਨਕ ਲੀਹਾਂ ਤੇ ਕਰਵਾਈ ਜਾਂਦੀ ਸੀ ਅਤੇ ਕਈ ਪੱਖਾਂ ਤੋਂ ਅਧੂਰੀ ਸੀ।[41] ਨਵੀਂ ਵਿੱਦਿਆ ਵਧੇਰੇ ਉਪਯੋਗੀ ਤੇ ਸਮਾਜਕ ਗਰਬ ਦੀ ਪ੍ਰਤੀਕ ਹੋਣ ਕਰ ਕੇ, ਦਿਨੋ ਦਿਨ ਹਰਮਨਪਿਆਰੀ ਹੋ ਰਹੀ ਸੀ ਅਤੇ ਆਮ ਲੋਕੀਂ ਦੇਸੀ ਭਾਸ਼ਾਵਾਂ ਦੀ ਥਾਂ ਅੰਗਰੇਜ਼ੀ ਦੇ ਗਿਆਨ ਨੂੰ ਵਧੇਰੇ ਮਹੱਤਵ ਦੇਣ ਲੱਗ ਪਏ ਸਨ।

ਅੰਗਰੇਜ਼ੀ ਸਾਹਿਤ ਤੇ ਪੱਛਮੀ ਵਿਗਿਆਨ ਨੇ ਲੋਕਾਂ ਦੀ ਬੌਧਿਕ ਉਤਸੁਕਤਾ ਵਿਚ ਵਾਧਾ ਕੀਤਾ ਅਤੇ ਉਨ੍ਹਾਂ ਨੂੰ ਮਾਨਸਿਕ ਬੰਧਨਾਂ ਤੋਂ ਸੁਤੰਤਰ ਕਰ ਕੇ ਨਿਆਇ ਤੇ ਦਲੀਲ ਦਾ ਪੱਲਾ ਫੜਨ ਦੀ ਪ੍ਰੇਰਣਾ ਦਿੱਤੀ। ਦੇਸੀ ਵਿਦਿਆ ਦੇ ਟਾਕਰੇ ਤੇ ਨਿਸ਼ਚੈ ਹੀ ਇਹ ਉਚੇਰਾ ਲਕਸ਼ ਸੀ ਜਿਹੜਾ ਸਮੇਂ ਦੀ ਮੰਗ ਤੇ ਸਪਿਰਟ ਦੇ ਅਨੁਕੂਲ ਸੀ।

ਭਾਰਤ ਦੇ ਗਵਰਨਰ ਜਨਰਲ ਲਾਰਡ ਰਿਪਨ ਨੇ ਡਾਕਟਰ ਲਾਈਟਨਰ ਦੇ ਭਾਰਤੀ ਭਾਸ਼ਾਵਾਂ ਸੰਬੰਧੀ ਦ੍ਰਿੜ੍ਹ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਹੋਇਆਂ, ਲਿਖਿਆ ਕਿ "ਭਾਵੇਂ ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਇਸ ਦੇਸ ਵਿਚ ਭਾਰਤੀ ਭਾਸ਼ਾਵਾਂ ਰਾਹੀਂ ਵਿਗਿਆਨ ਤੇ ਸਾਹਿੱਤ ਦਾ ਵਾਧਾ ਅਤੇ ਪ੍ਰਸਾਰ ਛੇਤੀ ਹੋ ਸਕਦਾ ਹੈ, ਪਰ ਮੇਰਾ ਖ਼ਿਆਲ ਹੈ ਕਿ ਤੁਸੀਂ ਇਹ ਸਭ ਕੁਝ ਅੰਗਰੇਜ਼ੀ ਦੀ ਕੀਮਤ ਤੇ ਨਹੀਂ ਕਰਨਾ ਚਾਹੁੰਦੇ। ਅੰਗਰੇਜ਼ੀ ਭਾਸ਼ਾ,ਸਾਹਿੱਤ ਅਤੇ ਵਿਗਿਆਨ ਦੇ ਵਿਸਤਾਰ ਨਾਲ ਅਸੀਂ ਭਾਰਤ ਵਿਚ ਵਸਦੀਆਂ ਸਾਰੀਆਂ ਜਾਤੀਆਂ ਨੂੰ ਇਕ ਸਾਂਝੀ ਲੜੀ ਵਿਚ ਪਰੋ ਸਕਦੇ ਹਾਂ।"[42]

---

41. Tara Chand -"True that the literature of power, which largely depends upon the gifts of nature, did appear in some quantity in all the languages, but the literature of knowledge( information) in Science, philosophy,History etc. was poorely served." " History of Freedom Movement", p.208.

ਜਦ ਪੰਜਾਬ ਯੂਨੀਵਰਸਿਟੀ ਕਾਲਜ ਨੂੰ ,ਜਿਹੜਾ 1870 ਵਿਚ ਸਥਾਪਤ ਹੋਇਆ ਸੀ, ਪੂਰੀ ਯੂਨੀਵਰਸਿਟੀ ਦਾ ਦਰਜਾ ਦੇਣ ਦਾ ਪ੍ਰਸ਼ਨ ਉਠਿਆ ਤਾਂ ਸਰਕਾਰ ਵਲੋਂ ਬਣਾਈ ਗਈ ਯੂਰਪੀਨ ਮਾਹਿਰਾਂ ਦੀ ਕਮੇਟੀ ਦੀ ਸਰਬ-ਸਾਂਝੀ ਰਾਏ ਸੀ ਕਿ, "ਅੰਗਰੇਜ਼ੀ ਦੇ ਬਤੌਰ ਹਾਕਮਾਂ ਦੀ ਜ਼ਬਾਨ ਦੇ ਅਤੇ ਪੱਛਮੀ ਗਿਆਨ ਵਿਗਿਆਨ ਦੇ ਸਿੱਧੇ ਪ੍ਰਗਟਾ ਦੇ ਸਾਧਨ ਵਜੋਂ, ਏਨੇ ਲਾਭ ਹਨ ਕਿ ਇਸ ਨੂੰ ਨਾ ਅਪਨਾਉਣਾ , ਨਾ ਕੇਵਲ ਰਾਜਨੀਤੀ ਦੇ ਉਲਟ, ਮੂਰਖਤਾ ਹੀ ਹੋਵੇਗੀ, ਸਗੋਂ ਇਸ ਦੀ ਵਿਰੋਧਤਾ ਕਰਨੀ ਜਾਂ ਇਸ ਦੇ ਪ੍ਰਭਾਵ ਨੂੰ ਸੀਮਤ ਕਰਨਾ ਨਵੀਂ ਯੂਨੀਵਰਸਿਟੀ ਦੀ ਸਫ਼ਲਤਾ ਲਈ ਵੀ ਘਾਤਕ ਸਿੱਧ ਹੋਵੇਗਾ।"[43]

ਡਾਕਟਰ ਲਾਈਟਨਰ ਦੀ ਉਸ ਵੇਲੇ ਦੇ ਗਵਰਨਰ ਤੇ ਨਵੀਂ ਯੂਨੀਵਰਸਿਟੀ ਦੇ ਚਾਂਸਲਰ ਨੇ ਭਰਪੂਰ ਸ਼ਲਾਘਾ ਕੀਤੀ ਅਤੇ ਆਖਿਆ ਕਿ ਡਾਕਟਰ ਲਾਈਟਨਰ ਦੀ ਸਹਾਇਤਾ, ਵਕਾਲਤ ਤੇ ਡੂੰਘੀ ਸੋਚ ਤੋਂ ਬਿਨਾਂ ਅਜੇ ਪੰਜਾਬ ਕੋਲ ਕਈ ਵਰ੍ਹੇ ਹੋਰ ਆਪਣੀ ਯੂਨੀਵਰਸਿਟੀ ਨਹੀਂ ਸੀ ਹੋਣੀ। ਡਾਕਟਰ ਲਾਈਟਨਰ ਨੂੰ ਯੂਨੀਵਰਸਿਟੀ ਵਲੋਂ ਡਾਕਟਰ ਔਫ਼ ਓਰੀਐਂਟਲ ਲਰਨਿੰਗ " ਦੀ ਪਹਿਲੀ ਔਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ।[44] ਪੰਜਾਬ ਯੂਨੀਵਰਸਿਟੀ ਦੇਸ ਦੀ ਚੌਥੀ ਯੂਨੀਵਰਸਿਟੀ ਸੀ ਜਿਸ ਦੀ ਸਥਾਪਨਾ ਨਾਲ ਪੱਛਮੀ ਢੰਗ ਦੀ ਵਿੱਦਿਆ ਦੇ ਪਸਾਰ ਦਾ ਕੰਮ ਨਿਸਚਿਤ ਲੀਹਾਂ ਤੇ ਚਲ ਪਿਆ ਅਤੇ ਇਹ ਵਾਦ ਵਿਵਾਦ ਸਦਾ ਲਈ ਮੁਕ ਗਿਆ ਕਿ ਸਾਡੇ ਵਿੱਦਿਅਕ ਢਾਂਚੇ ਵਿਚ ਅੰਗਰੇਜ਼ੀ ਦੀ ਕੀ ਥਾਂ ਹੋਵੇਗੀ ਕਿਉਂਜੋ ਨਵੀਂ ਯੂਨੀਵਰਸਿਟੀ ਦੇ ਪਾਠ-ਕ੍ਰਮ ਵਿਚ ਨਾ ਕੇਵਲ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਹੀ ਕਰ ਦਿੱਤੀ ਗਈ, ਸਗੋਂ ਉਚੇਰੀ ਵਿੱਦਿਆ ਦੇ ਮਾਧਿਅਮ ਵਜੋਂ ਵੀ ਇਸ ਨੂੰ ਪੂਰੀ ਤਰ੍ਹਾਂ ਸਵੀਕਾਰ ਕਰ ਲਿਆ ਗਿਆ।

---

42. "Inclined to agree with the sentiment that is is through the medium of the vernacular languages of this country that science and Literature can most easily be advanced and cultivated. And that you are not desirous to put aside the cultivation of the English language, English Literature and English Science, with which we can bind together more closely the various races which meet upon the common soil of India." A History of the University of Punjab by J.F.Bruce-Lahore 1933,p.69.

43. Ibid," The advantages of English are so great as the language of the ruling class and as a vehicle of direct communication of modern European thought and Science that it would not only be impolitic and foolish but fatal to the success of the new University to attempt to oppose it and limit its influence." p.71.

44. Ibid,p.31.

ਉਨ੍ਹੀਵੀਂ ਸਦੀ ਦੇ ਅਖੀਰ ਤੇ ਪੁਰਾਣੀ ਪਰੰਪਰਾਵਾਦੀ ਧਾਰਮਿਕ ਵਿੱਦਿਆ ਦੇਣ ਵਾਲੇ 3850 ਪ੍ਰਾਈਵੇਟ ਸਕੂਲ, ਪਹਿਲਾਂ ਵਾਂਗ ਡੇਰਿਆਂ, ਧਰਮਸਾਲਾਂ, ਮਸੀਤਾਂ ਤੇ ਗੁਰਦੁਆਰਿਆਂ ਵਿਚ ਕਾਇਮ ਸਨ ਤੇ ਯਥਾਯੋਗ ਸੇਵਾ ਨਿਭਾਉਂਦੇ ਰਹੇ। ਇਸ ਦੇ ਉਲਟ ਨਵੀਂ ਵਿੱਦਿਅਕ ਨੀਤੀ ਅਧੀਨ 1901 ਈ. ਤਕ ਪੰਜਾਬ ਵਿਚ[45] 2883 ਪ੍ਰਾਇਮਰੀ , 351 ਸੈਕੰਡਰੀ ਸਕੂਲ ਅਤੇ 16 ਕਾਲਜ ਚਾਲੂ ਹੋ ਚੁੱਕੇ ਸਨ।[46] ਇਨ੍ਹਾਂ ਆਰਟਸ ਕਾਲਜਾਂ ਤੋਂ ਬਿਨਾਂ ਪ੍ਰੋਫੈਸ਼ਨਲ ਕਾਲਜ ਵੀ ਧੜਾ ਧੜ ਖੁਲ੍ਹ ਰਹੇ ਸਨ [47] ਜਿਵੇਂ ਮੇਓ ਸਕੂਲ ਔਫ਼ ਆਰਟਸ (1875), ਸੈਂਟ੍ਰਲ ਕਾਲਜ(1881 ਈ.), ਵੈਟਰੀਨਰੀ ਕਾਲਜ(1882), ਐਚੀਸਨ (ਚੀਫਸ)ਕਾਲਜ(1886), ਮੈਡੀਕਲ ਕਾਲਜ(1887), ਮੈਡੀਕਲ ਕਾਲਜ, ਲੁਧਿਆਣਾ(ਕੇਵਲ ਲੜਕੀਆਂ ਲਈ) ਵਿਸ਼ੇਸ਼ ਤੌਰ ਤੇ ਵਰਣਨ ਯੋਗ ਹਨ, ਪਰ ਉਨ੍ਹੀਵੀਂ ਸਦੀ ਦੇ ਅਖੀਰ ਤਕ ਪੰਜਾਬ ਵਿਚ ਜ਼ਰਾਇਤੀ ਕਾਲਜ, ਇੰਜਨੀਅਰਿੰਗ ਕਾਲਜ ਤੇ ਕਾਮਰਸ ਕਾਲਜ, ਕੋਈ ਨਾ ਖੁਲ੍ਹਿਆ।

ਸਰਕਾਰੀ ਆਦੇਸ਼ਾਂ, ਡਿਸਪੈਚਾਂ, ਕਮਿਸ਼ਨਾਂ ਦੀਆਂ ਰੀਪੋਰਟਾਂ ਤੇ ਸਰਕਾਰੀ ਅਧਿਕਾਰੀਆਂ ਦੀ ਦਿਲਚਸਪੀ ਸਦਕਾ, ਪੰਜਾਬ ਵਿਚ ਵਿੱਦਿਆ ਦਾ ਪਸਾਰ ਯਥਾਯੋਗ ਢੰਗ ਨਾਲ ਹੁੰਦਾ ਰਿਹਾ, ਅਤੇ ਇਸ ਦੇ ਸਿੱਟੇ, ਪ੍ਰਭਾਵ, ਪ੍ਰਾਪਤੀਆਂ ਤੇ ਉਨ੍ਹਾਂ ਸੰਬੰਧੀ ਸਰਕਾਰੀ ਤੇ ਗ਼ੈਰਸਰਕਾਰੀ ਪ੍ਰਤਿਕਰਮ

---

45. ਪੰਜਾਬ ਪ੍ਰਬੰਧਕੀ ਰੀਪੋਰਟ ਸਾਲ 1901-02, ਪੰਨਾ 167.

46. ਕਾਲਜਾਂ ਦਾ ਵੇਰਵਾ ਇਸ ਪ੍ਰਕਾਰ ਹੈ:-(1) ਗੌਰਮਿੰਟ ਕਾਲਜ ਲਾਹੌਰ(ਜਨਵਰੀ 1, 1864), (2) ਗੌਰਮਿੰਟ ਕਾਲਜ ਦਿੱਲੀ (1864), ਪਿਛੋਂ ਇਹ ਬੰਦ ਕਰ ਦਿੱਤਾ ਗਿਆ ਤੇ ਇਸ ਦੀ ਥਾਂ ਸੇਂਟ ਸਟੀਫਨ ਕਾਲਜ(1886) ਖੁਲ੍ਹ ਗਿਆ, (3) ਲਾਹੌਰ ਮਿਸ਼ਨ ਕਾਲਜ (1866), (4) ਮਹਿੰਦਰਾ ਕਾਲਜ, ਪਟਿਆਲਾ (1875), (5) ਓਰੀਐਂਟਲ ਕਾਲਜ, ਲਾਹੌਰ(1876), (6) ਐਫ.ਸੀ.ਕਾਲਜ, ਲਾਹੌਰ(1886), (7) ਈਸਟਰਨ ਕਾਲਜ, ਬਹਾਵਲ ਪੁਰ(1886), (8) ਡੀ.ਏ.ਵੀ ਕਾਲਜ, ਲਾਹੌਰ (1888), (9) ਮਰੇ ਕਾਲਜ ਸਿਆਲਕੋਟ(1889), (10) ਮਿਊਂਸਪਲ ਬੋਰਡ ਕਾਲਜ ਅੰਮ੍ਰਿਤਸਰ (1888), (11) ਇਸਲਾਮੀਆ ਕਾਲਜ ਲਾਹੌਰ (1892), (13) ਗਾਰਡਨ ਕਾਲਜ ਰਾਵਲਪਿੰਡੀ(1893), (14) ਰਣਧੀਰ ਕਾਲਜ, ਕਪੂਰਥਲਾ(1896), (15) ਹਿੰਦੂ ਕਾਲਜ ਦਿੱਲੀ (1899), (16) ਐਡਵਰਡ ਕਾਲਜ ਪਿਸ਼ਾਵਰ(1900)।

47. "ਪੰਜਾਬ ਗੌਰਮਿੰਟ ਰੀਪੋਰਟ ਆਨ ਇਨਕੁਆਇਰੀ ਆਫ਼ ਦੀ ਯੂਨੀਵਰਸਿਟੀ ਆਫ਼ ਪੰਜਾਬ," 1933" ਪੰਨਾ 114, "ਇੰਪੀਰੀਅਲ ਗਜ਼ਟ ਆਫ਼ ਇੰਡੀਆ" ਜਿਲਦ 4-1907, ਪੰਨਾ 441, ਪੰਜਾਬ ਪ੍ਰਬੰਧਕੀ ਰੀਪੋਰਟ 1909-10, ਪੰਨਾ 45 ਅਤੇ "ਲੈਂਡ ਆਫ਼ ਫਾਈਵ ਰਿਵਰਜ਼',— 'ਰੌਸ'- ਪੰਨਾ 228.

ਵੀ ਸਾਹਮਣੇ ਆਉਂਦੇ ਰਹੇ ਜਿਨ੍ਹਾਂ ਨੂੰ ਸੰਖੇਪ ਵਿਚ ਇਕ ਥਾਂ ਅੰਕਿਤ ਕਰਨ ਨਾਲ ਉਨ੍ਹੀਵੀਂ ਸਦੀ ਦੇ ਅੰਤ ਤਕ ਦੀ ਪੰਜਾਬ ਦੀ ਵਿੱਦਿਅਕ ਸਥਿਤੀ ਉੱਘੜ ਕੇ ਸਾਹਮਣੇ ਆ ਜਾਏਗੀ:-

(1) 1901 ਈ. ਦੀ ਮਰਦਮ ਸ਼ੁਮਾਰੀ ਦੀ ਰੀਪੋਰਟ ਅਨੁਸਾਰ ਪੰਜਾਬ ਦੇ ਹਰ ਪ੍ਰਕਾਰ ਤੇ ਹਰ ਪੱਧਰ ਦੀ ਵਿੱਦਿਆ ਪ੍ਰਾਪਤ ਕਰ ਚੁਕੇ ਲੋਕਾਂ ਦੀ ਗਿਣਤੀ, ਕੁਲ ਵਸੋਂ ਦਾ 3.84 ਪ੍ਰਤੀਸ਼ਤ ਸੀ ,ਅਰਥਾਤ 26 ਵਿਚੋਂ ਕੇਵਲ ਇਕੋ ਪੜ੍ਹਿਆ ਹੋਇਆ ਸੀ। ਇਸ ਗਿਣਤੀ ਵਿਚ ਉਹ ਸਭ ਇਸਤਰੀਆਂ ਮਰਦ ਵੀ ਸ਼ਾਮਲ ਹਨ ਜੋ ਕੇਵਲ ਮਾਮੂਲੀ ਲਿਖਣਾ ਪੜ੍ਹਨਾ ਹੀ ਜਾਣਦੇ ਸਨ।[48]

(2) 1901 ਈ. ਵਿੱਚ ਵੱਖ ਵੱਖ ਕੌਮਾਂ[49] ਵਿਚ ਪੜ੍ਹਿਆਂ ਲਿਖਿਆਂ ਦੀ ਗਿਣਤੀ ਇਸ ਪ੍ਰਕਾਰ ਸੀ:-

(ੳ) ਮੁਸਲਮਾਨ – 11.55 %
(ਅ) ਹਿੰਦੂ — 15.45 %
(ੲ) ਸਿੱਖ – 15.98 %[50]

ਮੁਸਲਮਾਨਾਂ ਦੀ ਵਸੋਂ ਪੰਜਾਬ ਵਿਚ ਸਭ ਤੋਂ ਵੱਧ ਹੋਣ ਦੇ ਬਾਵਜੂਦ ਉਹ ਸਭ ਤੋਂ ਘੱਟ ਪੜ੍ਹੇ ਹੋਏ ਸਨ, ਭਾਵੇਂ ਸਰਕਾਰ ਵਲੋਂ ਉਨ੍ਹਾਂ ਦੀ ਸਿੱਖਿਆ ਲਈ ਉਚੇਚੇ ਯਤਨ ਕੀਤੇ ਜਾ ਰਹੇ ਸਨ। ਸਿੱਖ — ਜਿਹੜੇ ਪੰਜਾਬ ਵਰ੍ਹੇ ਪਹਿਲਾਂ ਸਭ ਤੋਂ ਘੱਟ ਪੜ੍ਹੇ ਹੋਏ ਸਨ, ਇਸ ਸਦੀ ਦੇ ਅਖ਼ੀਰ ਤੇ ਸਭ ਤੋਂ ਵੱਧ ਪੜ੍ਹੇ ਸਿੱਧ ਹੋਏ। ਸਿੱਖ ਇਸਤਰੀਆਂ ਵੀ ਹਿੰਦੂ ਤੇ ਮੁਸਲਮਾਨ ਇਸਤਰੀਆਂ ਨਾਲੋਂ ਵੱਧ ਪੜ੍ਹੀਆਂ ਹੋਈਆਂ ਸਨ।[51]

(3) 1901 ਈ. ਤਕ ਪੰਜਾਬ ਵਿਚ ਅੰਗਰੇਜ਼ੀ ਪੜ੍ਹਿਆਂ ਦੀ ਕੁਲ ਗਿਣਤੀ 91313 ਸੀ।

---

48. ਪੰਜਾਬ ਪ੍ਰਬੰਧਕੀ ਰੀਪੋਰਟ 1901-02, ਪੰਨਾ 180.
49. ਮਰਦਮ ਸ਼ੁਮਾਰੀ ਰੀਪੋਰਟ 1901, ਪੰਨਾ 120-122.
50. ਸਿੱਖਾਂ ਦੀ ਵਿੱਦਿਅਕ ਸਥਿਤੀ ਬਾਰੇ ਵਧੇਰੇ ਚਰਚਾ 'ਸਿੰਘ ਸਭਾ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ" ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।
51. ਮਰਦਮ ਸ਼ੁਮਾਰੀ ਰੀਪੋਰਟ 1901 ਈ. ਪੰਨਾ 270," ਆਪਣੀ ਗਿਣਤੀ ਦੇ ਲਿਹਾਜ਼ ਨਾਲ ਸਿੱਖ ਇਸਤਰੀਆਂ ਹਿੰਦੂ ਤੇ ਮੁਸਲਮਾਨ ਇਸਤਰੀਆਂ ਨਾਲੋਂ ਕਿਤੇ ਵੱਧ ਵੜ੍ਹੀਆਂ ਹੋਈਆਂ ਸਨ।"

ਅੰਗਰੇਜ਼ੀ ਵਿੱਦਿਆ ਜਾਂ ਪੱਛਮੀ ਗਿਆਨ ਦਾ ਚਰਚਾ ਤੇ ਇਸ ਦੀ ਪ੍ਰਾਪਤੀ ਦੀ ਰੀਝ ਲਗਨ ਤੇ ਮਹੱਤਵ ਨੂੰ ਬੇਹੱਦ ਦ੍ਰਿੜਾਇਆ ਗਿਆ ਪਰ ਤਾਂ ਵੀ ਪੰਜਾਬ ਵਿਚ ਉਸ ਵੇਲੇ ਤਕ ਕੋਈ ਟਾਵਾਂ ਟਾਵਾਂ ਹੀ ਅੰਗਰੇਜ਼ੀ ਪੜ੍ਹਿਆ ਦਿਖਾਈ ਦਿੰਦਾ ਸੀ।[52]

(4) ਪੁਰਾਣੀ ਭਾਰਤੀ ਵਿੱਦਿਅਕ ਪ੍ਰਣਾਲੀ ਅਤੇ ਦੇਸੀ ਭਾਸ਼ਾਵਾਂ ਰਾਹੀਂ ਧਾਰਮਿਕ ਵਿੱਦਿਆ ਨੂੰ ਸਮੇਂ ਦੀ ਮੰਗ ਤੇ ਲੋੜ ਉਤੇ ਪੂਰਾ ਨਾ ਉੱਤਰ ਸਕਣ ਜੋਗਾ ਸਮਝ ਕੇ ਬੜੀ ਤੇਜ਼ੀ ਨਾਲ ਤਿਆਗਿਆ ਜਾ ਰਿਹਾ ਸੀ। ਨਵੇਂ ਢੰਗ ਦੀ ਵਿੱਦਿਆ ਦਾ ਪਸਾਰ ਏਨਾ ਹੌਲੀ ਤੇ ਏਨਾ ਸੀਮਿਤ ਸੀ ਕਿ ਜੇ ਇਹ ਕਹਿ ਦਿੱਤਾ ਜਾਏ ਕਿ ਉਨ੍ਹੀਵੀਂ ਸਦੀ ਦੇ ਅਖ਼ੀਰ ਤੇ ਪੰਜਾਬ ਦੇ ਵਿੱਦਿਅਕ ਢਾਂਚੇ ਵਿਚ ਸਮੁਚੇ ਤੌਰ ਤੇ ਇਕ ਜ਼ਬਰਦਸਤ ਖ਼ਿਲਾਅ ਆ ਪਿਆ ਸੀ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ। ਜਾਂ ਦੂਜੇ ਸ਼ਬਦਾਂ ਵਿਚ ਇਹ ਵੀ ਆਖਿਆ ਜਾ ਸਕਦਾ ਹੈ ਕਿ ਨਵੀਂ ਵਿੱਦਿਆ ਕੇਵਲ ਕੁਝ ਕੁ ਉਪਰਲੀਆਂ ਸ਼੍ਰੇਣੀਆਂ ਤਕ ਸੀਮਿਤ ਹੋ ਗਈ ਤੇ ਪੰਜਾਬ ਦੇ ਆਮ ਲੋਕੀਂ ਇਸ ਤੋਂ ਵਾਂਝੇ ਹੋ ਗਏ। ਭਾਵੇਂ ਸਰਕਾਰੀ ਨੀਤੀ-ਪੱਤਰਾਂ ਵਿਚ ਬਾਰ ਬਾਰ ਦੁਹਰਾਇਆ ਗਿਆ ਕਿ ਸਰਕਾਰ ਹੇਠਲੀ ਵਿੱਦਿਆ ਆਮ ਲੋਕਾਂ ਦੀਆਂ ਬੋਲੀਆਂ ਵਿਚ ਦੇਣਾ ਚਾਹੁੰਦੀ ਹੈ ਅਤੇ ਕੇਵਲ ਉਪਰਲੀ ਸਿਖਿਆ ਹੀ ਅੰਗਰੇਜ਼ੀ ਰਾਹੀਂ ਹੋਵੇਗੀ, ਪਰ ਸਿੱਟਾ ਇਹ ਨਿਕਲਿਆ ਕਿ ਦੇਸੀ ਸਕੂਲਾਂ ਵਿਰੁਧ, ਆਮ ਲੋਕ-ਰਾਏ ਬਣ ਜਾਣ ਕਰਕੇ, ਉਨ੍ਹਾਂ ਵਿਚ ਪੜ੍ਹਨਾ ਪਸੰਦ ਨਹੀਂ ਸੀ ਕੀਤਾ ਜਾਂਦਾ। ਦੂਜੇ ਸਕੂਲਾਂ ਦੀ ਕੁਲ ਵਸੋਂ ਦੇ ਟਾਕਰੇ ਤੇ ਗਿਣਤੀ ਬਹੁਤ ਥੋੜ੍ਹੀ ਸੀ ਅਤੇ ਉਚੇਰੀ ਵਿੱਦਿਆ ਖ਼ਾਸ ਸ਼੍ਰੇਣੀਆਂ ਦੀ ਅਜਾਰਾਦਾਰੀ ਬਣ ਜਾਣ ਕਰ ਕੇ[54] ਪੰਜਾਬ ਵਿਚ ਵਿੱਦਿਆ ਦੀ ਸਥਿਤੀ ਅਤੀ ਨਿਰਾਸ਼ਾਜਨਕ ਸੀ।

(5) ਨਵੀਂ ਵਿੱਦਿਆ ਇਕ ਪ੍ਰਕਾਰ ਦੀ ਕਿਤਾਬੀ ਹੀ ਸੀ ਤੇ ਆਮ ਜੀਵਨ ਲਈ ਉਸ ਦੀ ਉਪਯੋਗਤਾ ਬੜੀ ਘੱਟ ਸੀ। ਇਹ ਕੇਵਲ ਸਰਕਾਰੀ ਨੌਕਰੀ ਲਈ ਹੀ ਲਾਹੇਵੰਦ ਸੀ ਜਾਂ ਫਿਰ ਸੀਮਿਤ ਹੱਦ ਤਕ ਵਕੀਲ, ਡਾਕਟਰ ਜਾਂ ਅਧਿਆਪਕ ਬਣਨ ਲਈ ਉਚਿਤ ਸੀ। ਅੰਗਰੇਜ਼ੀ ਵਿਦਿਆ ਦੇ ਤੁਰਤ ਲਾਭ ਤਾਂ ਹੋਏ ਪਰ ਸਮੁਚੇ ਤੌਰ ਤੇ ਇਸ ਨਾਲ ਸਾਡੀਆਂ ਆਪਣੀਆਂ ਭਾਸ਼ਾਵਾਂ ਦੀ ਉਨਤੀ ਰੁਕ ਗਈ। ਅੰਗਰੇਜ਼ੀ ਦੇ ਹੱਕ ਵਿਚ ਜੋ ਦਲੀਲਾਂ ਦਿੱਤੀਆਂ ਗਈਆਂ, ਉਹ ਕਾਫ਼ੀ ਵਜ਼ਨਦਾਰ ਜਾਪਦੀਆਂ

---

52. ਇਸ ਸੰਬੰਧੀ ਵਿਸਤਾਰ ਪੂਰਵਕ ਚਰਚਾ 'ਪੱਛਮੀ ਪ੍ਰਭਾਵ' ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।

53. ਤਾਰਾ ਚੰਦ — ਹਿਸਟਰੀ ਔਫ਼ ਫ਼ਰੀਡਮ ਮੂਵਮੈਂਟ, ਜਿਲਦ ਦੂਜੀ, ਪੰਨਾ 206.

54. ਇਸ ਬਾਰੇ ਪੈਸਾ ਅਖ਼ਬਾਰ ਲਾਹੌਰ ਨੇ ਆਪਣੇ 7 ਸਤੰਬਰ 1895 ਦੇ ਅੰਕ ਵਿਚ ਲਿਖਿਆ ਕਿ ਉਚੇਰੀ ਵਿਦਿਆ ਵਲ ਸਰਕਾਰ ਲੋੜੀਂਦਾ ਧਿਆਨ ਨਹੀਂ ਦੇ ਰਹੀ।

ਸਨ ,ਇਸ ਲਈ ਇਸ ਦੀ ਪ੍ਰਾਪਤੀ ਹਰ ਮਨੁੱਖ ਦਾ ਲਕਸ਼ ਬਣ ਗਈ ਭਾਵੇਂ ਇਹ ਲਕਸ਼ ਪ੍ਰਾਪਤੀ ਉਨ੍ਹੀਵੀਂ ਸਦੀ ਦੇ ਅਖੀਰ ਤਕ ਇਕ ਬਹੁਤ ਬਿਖੜੀ ਮੰਜ਼ਿਲ ਬਣੀ ਹੋਈ ਸੀ। ਇਸ ਦੇ ਹੱਕ ਵਿਚ ਦਲੀਲ ਇਹ ਸੀ ਕਿ ਜੇ ਫ਼ਾਰਸੀ, ਜਿਹੜੀ ਬਦੇਸ਼ੀ ਭਾਸ਼ਾ ਸੀ, ਉਹ ਸਿੱਖੀ ਜਾ ਸਕਦੀ ਹੈ ਅਤੇ ਭਾਰਤ ਦੀ 800 ਸਾਲ ਤਕ ਰਾਜ-ਭਾਸ਼ਾ ਰਹਿ ਸਕਦੀ ਹੈ ਤਾਂ ਅੰਗਰੇਜ਼ੀ ਕਿਉਂ ਨਹੀਂ ਸਿੱਖੀ ਜਾ ਸਕਦੀ । ਅੰਗਰੇਜ਼ੀ ਕਿਤੇ ਵਧ ਵਿਕਸਤ, ਵਧੇਰੇ ਗਿਆਨ ਭਰਪੂਰ, ਸਾਰੇ ਵਿਸ਼ਵ ਵਿਚ ਪ੍ਰਵਾਨਤ ਤੇ ਪ੍ਰਧਾਨ ਅਤੇ ਨਵੇਂ ਰਾਜ-ਪ੍ਰਬੰਧ ਵਿਚ ਉਚੀ ਤੋਂ ਉੱਚੀ ਸਰਕਾਰੀ ਨੌਕਰੀ ਲਈ ਯੋਗ ਹੈ। ਇਸ ਲਈ ਇਸ ਦੇ ਵਿਰੁੱਧ ਕੋਈ ਤੁਅਸਬ ਨਹੀਂ ਹੋਣਾ ਚਾਹੀਦਾ। ਸਰਕਾਰੀ ਸਕੂਲਾਂ ਤੋਂ ਬਿਨਾਂ ਅੰਗਰੇਜ਼ੀ ਦੀ ਪੜ੍ਹਾਈ ਦਾ ਸਭ ਤੋਂ ਵੱਧ ਤਸੱਲੀ-ਬਖ਼ਸ਼ ਪ੍ਰਬੰਧ ਈਸਾਈ ਮਿਸ਼ਨਰੀ ਸਕੂਲਾਂ ਵਿਚ ਸੀ, ਪਰ ਆਮ ਲੋਕ ਮਿਸ਼ਨਰੀ ਸਕੂਲਾਂ ਵਿਚ ਆਪਣੇ ਬਚਿਆਂ ਨੂੰ ਭੇਜਣ ਤੋਂ ਡਰਦੇ ਸਨ ਕਿ ਕਿਤੇ ਉਹ ਈਸਾਈ ਨਾ ਬਣ ਜਾਣ।

(6) ਉਨ੍ਹੀਵੀਂ ਸਦੀ ਦੇ ਅਖੀਰ ਤਕ ਇਸਤਰੀ ਵਿੱਦਿਆ ਦੀ ਹਾਲਤ ਪੰਜਾਬ ਵਿਚ ਬੜੀ ਗ਼ੈਰ-ਤਸੱਲੀਬਖ਼ਸ਼ ਸੀ। ਮਿਡਲ ਤੇ ਹਾਈ ਸਕੂਲਾਂ ਵਿਚ ਪੜ੍ਹਨ ਵਾਲੀਆਂ ਬਹੁਤੀਆਂ ਕੁੜੀਆਂ, ਭਾਰਤੀ ਈਸਾਈਆਂ ਜਾਂ ਯੂਰਪੀਨਾਂ ਦੀਆਂ ਹੀ ਸਨ।[55] ਸਰਕਾਰ ਵਲੋਂ ਹਰ ਸੰਭਵ ਸਹਾਇਤਾ ਤੇ ਰਿਆਇਤ ਦਿੱਤੇ ਜਾਣ ਦੇ ਬਾਵਜੂਦ ਲੋਕ ਇਸਤਰੀ ਵਿੱਦਿਆ ਦੇ ਹੱਕ ਵਿਚ ਨਹੀਂ ਸਨ — ਵਿਸ਼ੇਸ਼ ਤੌਰ ਤੇ ਨਵੇਂ ਢੰਗ ਦੀ ਵਿੱਦਿਆ ਦੇਣ ਵਾਲੇ ਸਕੂਲਾਂ ਰਾਹੀਂ। ਇਸਤਰੀ ਵਿਦਿਆ ਨਾਲ ਕਈ ਤਰ੍ਹਾਂ ਦੇ ਸਮਾਜਕ ਬੰਧਨ ਜੁੜੇ ਹੋਏ ਹੋਣ ਕਰ ਕੇ ਨਿੱਜੀ ਤੌਰ ਤੇ ਮਾਤਾ ਪਿਤਾ ਵਲੋਂ ,ਜਾਂ ਘਰਾਂ ਤੇ ਧਾਰਮਿਕ ਅਸਥਾਨਾਂ ਵਿਚ ਹੀ ਮੁਢਲੀ ਵਿੱਦਿਆ ਦਿੱਤੀ ਜਾਂਦੀ ਸੀ। ਕੁਝ ਸੁਧਾਰਕ ਆਗੂਆਂ ਨੇ ਇਸਤਰੀ ਵਿੱਦਿਆ ਸੰਬੰਧੀ ਉਚੇਚੇ ਯਤਨ ਕੀਤੇ, ਜਿਨ੍ਹਾਂ ਵਿਚੋਂ ਬਾਬਾ ਖੇਮ ਸਿੰਘ ਬੇਦੀ ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਜਿਨ੍ਹਾਂ ਨੇ ਰਾਵਲਪਿੰਡੀ ਜਿਹਲਮ ਤੇ ਕੈਮਲਪੁਰ ਵਿਚ ਅਜਿਹੇ 50 ਇਸਤਰੀ ਸਕੂਲ ਜਾਰੀ ਕੀਤੇ।[56] ਇਸਤਰੀ ਸਿੱਖਿਆ ਨਾਲ ਪੰਜਾਬ ਦੇ ਘਰੋਗੀ ਤੇ ਸਮਾਜਕ ਜੀਵਨ ਨੇ ਵੀ ਨਵੀਂ ਕਰਵਟ ਲਈ। ਅਜੇਹਾ ਝੁਕਾ ਵੀ ਸਮੇਂ ਦੀ ਵਿਦੇਸ਼ੀ ਹਕੂਮਤ ਲਈ ਲਾਭਵੰਦਾ ਸੀ।

(7) ਨਵੀਂ ਵਿੱਦਿਆ ਬਾਰੇ ਲੋਕਾਂ ਦੇ ਮਨਾਂ ਵਿਚ ਇਹ ਗਲ ਘਰ ਕਰ ਗਈ ਕਿ ਅੰਗਰੇਜ਼ੀ ਪੜ੍ਹੇ ਲਿਖੇ ਨੌਜਵਾਨ ਵਧੇਰੇ ਗੁਸਤਾਖ਼ ਤੇ ਅਸੱਭਯ ਹੁੰਦੇ ਹਨ ਅਤੇ ਉਹ ਰਬ ਤੋਂ ਮੁਨੱਕਰ ਹੋ ਜਾਂਦੇ ਹਨ।[57]

---

55. ਪੰਜਾਬ ਪ੍ਰਬੰਧਕੀ ਰੀਪੋਰਟ 1901-02, ਪੰਨਾ 26.
56. ਈਸ਼ਰ ਸਿੰਘ — ਪੰਜਾਬ ਦਾ ਰਤਨ —ਬਾਬਾ ਖੇਮ ਸਿੰਘ — ਦਿੱਲੀ, 1972, ਪੰਨਾ 267
57. 'ਵਿਕਟੋਰੀਆ ਪੇਪਰ' ਸਿਆਲਕੋਟ ਨੇ 11 ਜੂਨ 1888 ਦੇ ਆਪਣੇ ਅੰਕ ਵਿਚ ਨੌਜਵਾਨਾਂ ਵਿਚ ਵੱਧ ਰਹੀ ਇਸ ਰੁਚੀ ਦਾ ਜ਼ਿਕਰ ਕੀਤਾ ਤੇ ਏਸੇ ਤਰ੍ਹਾਂ "ਰਹਿਬਰੇ ਹਿੰਦ" ਨੇ 1890 ਵਿਚ ਲਿਖਿਆ ਕਿ ਸਰਕਾਰ ਆਪ ਨੌਜਵਾਨਾਂ ਦੀ ਇਸ ਸਦਾਚਾਰਕ ਗਿਰਾਵਟ ਦੀ ਜ਼ਿਮੇਵਾਰ ਹੈ।

ਇਹ ਵੀ ਕਿਹਾ ਜਾਣ ਲਗਾ ਕਿ ਨਵੀਂ ਵਿਦਿਆ ਨੌਜਵਾਨਾਂ ਨੂੰ ਨਿਕੰਮੇ ਬਣਾ ਰਹੀ ਹੈ ਤੇ ਉਹ ਕੋਈ ਵੀ ਕੰਮ ਹੱਥੀਂ ਕਰਨ ਦੇ ਯੋਗ ਨਹੀਂ ਰਹਿੰਦੇ ਸਿਵਾਇ ਕਲਰਕ ਬਣਨ ਦੇ। ਤਕਨੀਕੀ ਤੇ ਸਨਅਤੀ ਸਿੱਖਿਆ ਦੀ ਮੰਗ ਅਖ਼ਬਾਰਾਂ ਰਾਹੀਂ ਲਗਾਤਾਰ ਕੀਤੀ ਜਾਂਦੀ ਰਹੀ।[58]

(8) ਇਸ ਵਿੱਦਿਆ ਦਾ ਇਕ ਲਾਭ ਇਹ ਹੋਇਆ ਕਿ ਸਾਡੇ ਨੌਜਵਾਨਾਂ ਦਾ ਸਿੱਧਾ ਵਾਹ ਪੱਛਮੀ ਸਾਹਿੱਤ ਨਾਲ ਪਿਆ ਤੇ ਉਨ੍ਹਾਂ ਸ਼ੈਲੀਆਂ ਦੇ ਉਚਤੱਮ ਸਾਹਿਤ ਤੋਂ ਪ੍ਰੇਰਣਾ ਲੈ ਕੇ, ਉਨ੍ਹਾਂ ਵਿਚ ਆਪਣੀਆਂ ਬੋਲੀਆਂ ਦੇ ਸਾਹਿੱਤ ਨੂੰ ਉਨ੍ਹਾਂ ਲੀਹਾਂ, ਉਨ੍ਹਾਂ ਕਲਾ-ਰੂਪਾਂ ਤੇ ਉਸੇ ਪੱਧਰ ਤੇ ਉਸਾਰਨ ਦੀ ਰੀਝ ਪੈਦਾ ਹੋ ਗਈ। ਇਸ ਦਾ ਪ੍ਰਤੱਖ ਰੂਪ ਵਿਚ ਪ੍ਰਗਟਾ ਵੀਹਵੀਂ ਸਦੀ ਦੇ ਸਾਹਿੱਤ ਵਿਚ ਹੀ ਦੇਖਿਆ ਜਾ ਸਕਦਾ ਹੈ, ਭਾਵੇਂ ਬੀਜ-ਰੂਪ ਵਿਚ ਇਸ ਦੇ ਇੱਕਾ-ਦੁਕਾ ਪ੍ਰਮਾਣ ਉਨ੍ਹੀਵੀਂ ਸਦੀ ਵਿਚ ਵੀ ਸਾਹਮਣੇ ਆਉਣ ਲਗ ਪਏ।[59]

## ਸਿੱਖਿਆ ਦਾ ਮਾਧਿਅਮ ਤੇ ਪੰਜਾਬੀ:

ਸਾਰੀ ਦੁਨੀਆਂ ਦੇ ਸਿਖਿਆ-ਸ਼ਾਸਤ੍ਰੀਆਂ ਦੀ ਇਹ ਸਾਂਝੀ ਰਾਏ ਹੈ ਕਿ ਬੱਚੇ ਨੂੰ ਸਿੱਖਿਆ ਦੇਣ ਦਾ ਸਭ ਤੋਂ ਸਫ਼ਲ ਮਾਧਿਅਮ ਉਸ ਦੀ ਮਾਤ-ਭਾਸ਼ਾ ਹੈ। ਮਰਦਮ ਸ਼ੁਮਾਰੀਆਂ ਤੇ ਹੋਰ ਸਾਰੇ ਸਾਧਨਾਂ ਦੁਆਰਾ ਪ੍ਰਾਪਤ ਕੀਤੇ ਅੰਕੜਿਆਂ ਤੋਂ ਸਰਕਾਰ ਨੂੰ ਇਹ ਗਲ ਸਪੱਸ਼ਟ ਹੋ ਗਈ ਸੀ ਕਿ ਪੰਜਾਬ ਦੀ ਸਮੁੱਚੀ ਵਸੋਂ ਦੇ ਬਹੁਤ ਵਡੇਰੇ ਭਾਗ ਦੀ ਮਾਤ-ਭਾਸ਼ਾ ਪੰਜਾਬੀ ਹੈ, ਪਰ ਇਸ ਦੇ ਬਾਵਜੂਦ 1851 ਈ. ਵਿਚ ਉਰਦੂ ਨੂੰ ਫ਼ਾਰਸੀ ਲਿੱਪੀ ਵਿਚ ਹੇਠਲੀਆਂ ਕਚਹਿਰੀਆਂ ਦੀ ਸਰਕਾਰੀ ਜ਼ਬਾਨ ਬਨਾਉਣ ਪਿੱਛੋਂ, 1854 ਈ. ਦੀ ਸਿਖਿਆ ਨੀਤੀ ਦੇ ਆਧਾਰ ਤੇ ਉਰਦੂ ਨੂੰ ਸਾਰੇ ਸਰਕਾਰੀ ਤੇ ਮਾਨਤਾ ਪ੍ਰਾਪਤ ਸਕੂਲਾਂ ਵਿਚ ਸਿੱਖਿਆ ਦਾ ਇੱਕੋ ਇਕ ਮਾਧਿਅਮ ਪਰਵਾਨ ਕੀਤਾ ਗਿਆ ਅਤੇ ਪੰਜਾਬੀ ਬਾਰੇ ਸਪੱਸ਼ਟ ਆਖਿਆ ਗਿਆ ਕਿ ਭਾਵੇਂ ਇਸ ਭਾਸ਼ਾ ਨੂੰ ਬੋਲਣ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਹੈ ਅਤੇ ਸਿੱਖ ਰਾਜ ਸਮੇਂ ਧਰਮ ਦੀ ਭਾਸ਼ਾ ਵੀ ਰਹੀ ਹੈ ਪਰ "ਹੁਣ ਇਹ ਬੜੀ ਤੇਜ਼ੀ ਨਾਲ ਅਪ੍ਰਚਲਿਤ ਜਾਂ ਨਿਸ-ਪ੍ਰਯੋਗ ਹੋ ਰਹੀ ਹੈ"[60] ਅਤੇ ਕੇਵਲ ਇਕ ਜਟਕੀ ਤੇ ਪੇਂਡੂ ਬੋਲ ਚਾਲ ਦੀ ਉਜੱਡ ਜਿਹੀ ਪ੍ਰਾਂਤਕ

---

58. 'ਅਤਾਲੀਕੇ ਹਿੰਦ' ਲਾਹੌਰ ਅਤੇ 'ਨੂਰ-ਅਫ਼ਸ਼ਾਂ' ਲੁਧਿਆਣਾ ਵਿਚ 1901 ਵਿਚ ਇਸ ਬਾਰੇ ਲਗਾਤਾਰ ਕਈ ਸੰਪਾਦਕੀ ਨੋਟ ਛਪਦੇ ਰਹੇ।
59. ਇਨ੍ਹਾਂ ਸੰਬੰਧੀ ਵਿਸਤਾਰ ਨਾਲ ਚਰਚਾ "ਪੰਜਾਬੀ ਸਾਹਿੱਤ ਉਤੇ ਪੱਛਮੀ ਪ੍ਰਭਾਵ" ਵਾਲੇ ਅਧਿਆਇ ਵਿਚ ਕੀਤੀ ਗਈ ਹੈ।
60. ਪੰਜਾਬ ਪ੍ਰਬੰਧਕੀ ਰੀਪੋਰਟ 1851-52 ਅਤੇ 1852-1853, ਪੰਨਾ 184.

ਭਾਸ਼ਾ ਬਣ ਕੇ ਰਹਿ ਗਈ ਹੈ । ਇਸ ਦੇ ਉਲਟ ਉਰਦੂ ਜਾਂ ਹਿੰਦੁਸਤਾਨੀ, ਉਪਰਲੀ ਤੇ ਮੱਧ ਸ਼੍ਰੇਣੀ ਵਿਚ ਪ੍ਰਿਯ ਹੋ ਰਹੀ ਹੈ ਅਤੇ ਪੇਂਡੂ ਲੋਕ ਵੀ ਇਸਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਰਦੂ ਇਕ ਪ੍ਰਕਾਰ ਦੀ ਸਾਰੇ ਦੇਸ਼ ਦੀ ਸਰਬ-ਸਾਂਝੀ ਭਾਸ਼ਾ ਬਣਦੀ ਜਾ ਰਹੀ ਹੈ। " ਸਰਕਾਰ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਆਦੇਸ਼ ਦਿੱਤਾ ਕਿ ਹਿੰਦੁਸਤਾਨੀ(ਉਰਦੂ) ਦੀ ਸ੍ਰੇਸ਼ਟਤਾ ਦੇ ਟਾਕਰੇ ਉਤੇ ਵਿੱਦਿਅਕ ਢਾਂਚੇ ਵਿਚ ਪੰਜਾਬੀ ਨੂੰ ਕਾਇਮ ਰਖਣ ਜਾਂ ਇਸ ਦੀ ਅਧੋਗਤੀ ਨੂੰ ਰੋਕਣ ਦੀ ਕੋਈ ਵਜ੍ਹਾ ਨਹੀਂ।"[61] ਪੰਜਾਬੀ ਦੇ ਟਾਕਰੇ ਤੇ ਉਰਦੂ ਨੂੰ ਪਹਿਲ ਦੇਣ ਦਾ ਫੈਸਲਾ ਵਿਕੋਲਿਤਰੇ ਰੂਪ ਵਿਚ ਕੇਵਲ ਪੰਜਾਬ ਲਈ ਹੀ ਨਹੀਂ ਸੀ ਕੀਤਾ ਗਿਆ, ਸਗੋਂ ਸਾਰੇ ਪ੍ਰਾਂਤਾਂ ਦੀਆਂ ਸਥਾਨਕ ਭਾਸ਼ਾਵਾਂ ਸੰਬੰਧੀ ਵੀ ਇਹੀ ਨੀਤੀ ਨਿਰਧਾਰਤ ਕੀਤੀ ਗਈ ਅਤੇ ਸਾਰੇ ਦੇਸ਼ ਵਿਚ ਹਿੰਦੁਸਤਾਨੀ (ਉਰਦੂ) ਭਾਸ਼ਾ ਦੇ ਪ੍ਰਫੁਲਨ ਦੇ ਸਾਧਨ ਅਪਣਾਏ ਗਏ ਕਿਉਂਕਿ ਅੰਗਰੇਜ਼ ਸ਼ਾਸਕ ਏਸੇ ਭਾਸ਼ਾ ਤੋਂ ਥੋੜ੍ਹੇ ਬਹੁਤ ਪ੍ਰੀਚਿਤ ਸਨ। 1881 ਈ. ਦੀ ਮਰਦਮ ਸ਼ੁਮਾਰੀ ਦੀ ਰੀਪੋਰਟ ਦੇ ਪੰਨਾ 160 ਉਤੇ ਮਿਸਟਰ ਬੀਮਜ਼ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਨੇ ਭਾਰਤ ਦੀਆਂ ਸਾਰੀਆਂ ਪ੍ਰਾਂਤਕ ਭਾਸ਼ਾਵਾਂ ਨੂੰ ਲਗਭਗ ਖ਼ਤਮ ਕਰ ਕੇ ਸਾਰੇ ਦੇਸ਼ ਲਈ ਸਾਂਝੀ ਉਰਦੂ ਭਾਸ਼ਾ ਨੂੰ ਅਪਣਾਏ ਜਾਣ ਦੀ ਕਲਪਨਾ ਕੀਤੀ ਸੀ।[62] ਸਰਕਾਰ ਦੇ ਉਰਦੂ ਦੇ ਹੱਕ ਵਿਚ ਕੀਤੇ ਗਏ ਫੈਸਲੇ ਦਾ ਪੰਜਾਬ ਦੀਆਂ ਭਿੰਨ ਭਿੰਨ ਜਾਤੀਆਂ ਉਤੇ ਵੱਖਰਾ ਵੱਖਰਾ ਪ੍ਰਤਿਕਰਮ ਹੋਇਆ। ਮੁਸਲਮਾਨ ਖ਼ੁਸ਼ ਸਨ ਕਿ ਫਾਰਸੀ

---

61. ਕੰਪਨੀ ਦੇ ਕੋਰਟ ਔਫ਼ ਡਾਇਰੈਕਟਰਜ਼ ਦੀ ਪਤ੍ਰਕਾ ਨੰਬਰ 43 ਮਿਤੀ 18 ਅਪ੍ਰੈਲ, 1855.
"With regard to the language in Panjab, there is no reason to perpetuate the Panjabi, or even to check its decandance at the expense of superior Hindustani by means of an educational system."Quoted in Hunter Commission Report-Calcutta, 1884,p.44.

62."With the barriers of provincial isolation thrown down and ever freerer and fuller communication between various parts of the country, that clear, simple, graceful, flexible and all expressive Urdu speech, which is even now the linguafran of most part of India and the special favourite of the ruling race,because closely resembling in its most valuable characteristics, their own language, seems undoubtedly destined at some future period to supplant most, if not all of the provincial dialects and to give to all Aryan India,one homogeneous cultivated form of speech to be,in fact, the English of the Indian World."

ਲਿੱਪੀ ਰਾਹੀਂ ਉਰਦੂ ਉਨ੍ਹਾਂ ਦੇ ਧਾਰਮਿਕ ਹਿਤਾਂ ਦੀ ਸੁਰੱਖਿਆ ਲਈ ਉਚਿਤ ਸੀ। ਹਿੰਦੂ ਭਾਵੇਂ ਹਿੰਦੀ ਨਾਲ ਭਾਵੁਕ ਤੌਰ ਤੇ ਜੁੜੇ ਹੋਏ ਸਨ ਪਰ ਉਨ੍ਹਾਂ ਨੇ ਇਸ ਨੀਤੀ ਨੂੰ ਇਸ ਲਈ ਜੀ ਆਇਆਂ ਆਖਿਆ ਕਿਉਂਜੋ ਇਸ ਨਾਲ ਉਨ੍ਹਾਂ ਲਈ ਸਰਕਾਰੀ ਨੌਕਰੀ ਦੇ ਵਧੇਰੇ ਅਵਸਰ ਖੁਲ੍ਹ ਜਾਣੇ ਸਨ। ਹਿੰਦੂਆਂ ਦੇ ਇਕ ਵਰਗ ਨੇ ਉਰਦੂ ਨੂੰ ਦੇਵਨਾਗਰੀ ਵਿਚ ਲਿਖੇ ਜਾਣ ਦੀ ਮੰਗ ਕੀਤੀ ਜਿਹੜੀ ਪਰਵਾਨ ਨਾ ਹੋ ਸਕੀ। ਇਸ ਨੀਤੀ ਦਾ ਸਭ ਤੋਂ ਵੱਧ ਬੁਰਾ ਪ੍ਰਭਾਵ ਸਿੱਖਾਂ ਤੇ ਪਿਆ। ਸਿੱਖਾਂ ਦੀ ਬਹੁਤੀ ਵਸੋਂ ਪਿੰਡਾਂ ਵਿਚ ਰਹਿੰਦੀ ਸੀ ਜਿਥੇ ਪੁਰਾਣੇ ਢੰਗ ਦੀ ਵਿੱਦਿਆ ਗੁਰਦੁਆਰਿਆਂ ਜਾਂ ਡੇਰਿਆਂ ਵਿਚ ਸਿੱਖ ਬੱਚਿਆਂ ਨੂੰ ਦਿੱਤੀ ਜਾਂਦੀ ਸੀ । ਇਹ ਵਿੱਦਿਆ ਕਿਸੇ ਆਰਥਕ ਲਾਭ ਜਾਂ ਸਮਾਜਕ ਲੋੜ ਦੀ ਪੂਰਤੀ ਲਈ ਨਹੀਂ, ਸਗੋਂ ਨਿਰੋਲ ਧਾਰਮਿਕ ਮਨੋਰਥਾਂ ਲਈ ਪ੍ਰਾਪਤ ਕੀਤੀ ਜਾਂਦੀ ਸੀ। ਨਵੇਂ ਪ੍ਰਬੰਧ ਅਧੀਨ, ਇਸ ਵਿੱਦਿਅਕ ਢਾਂਚੇ ਵਿਚ ਕੋਈ ਤਬਦੀਲੀ ਨਾ ਕੀਤੀ ਗਈ, ਅਤੇ ਨਾ ਹੀ ਇਸ ਦੇ ਰਾਹ ਵਿਚ ਕਿਸੇ ਪ੍ਰਕਾਰ ਦੀ ਰੋਕ ਲਾਈ ਗਈ। ਆਮ ਸਿੱਖਾਂ ਦੀ ਵਿੱਦਿਆ ਵਿਚ ਬਹੁਤੀ ਦਿਲਚਸਪੀ ਵੀ ਨਹੀਂ ਸੀ।[63] ਅਤੇ ਉਰਦੂ ਦੀ ਪੜ੍ਹਾਈ ਦਾ ਮਾਧਿਅਮ ਬਣਾਏ ਜਾਣ ਦੇ ਸਿੱਟਿਆਂ ਵਲੋਂ ਵੀ ਉਹ ਉੱਕਾ ਅਵੇਸਲੇ ਸਨ। ਉਨ੍ਹਾਂ ਨੂੰ ਇਹ ਸੋਝੀ ਹੀ ਨਹੀਂ ਸੀ ਕਿ ਮਾਤ-ਭਾਸ਼ਾ ਦੀ ਕੀ ਮਹੱਤਤਾ ਹੁੰਦੀ ਹੈ ਅਤੇ ਇਸ ਦਾ ਬੱਚੇ ਦੇ ਮਾਨਸਿਕ ਜਾਂ ਬੌਧਿਕ ਵਿਕਾਸ ਨਾਲ ਕੋਈ ਵਾਸਤਾ ਹੈ ਜਾਂ ਨਹੀਂ। ਇਸ ਲਈ ਇਨ੍ਹਾਂ ਵਲੋਂ ਉਰਦੂ ਦੇ ਵਿਰੁੱਧ ਤੁਰਤ ਕਿਸੇ ਪ੍ਰਤਿਕਰਮ ਦੇ ਪ੍ਰਗਟਾਏ ਜਾਣ ਦਾ ਸੁਆਲ ਹੀ ਪੈਦਾ ਨਾ ਹੋਇਆ। ਜਿਸ ਤਰ੍ਹਾਂ ਪਹਿਲਾਂ ਦਸਿਆ ਜਾ ਚੁੱਕਾ ਹੈ, ਉਸ ਵੇਲੇ ਅੰਗਰੇਜ਼ ਸਿੱਖਾਂ ਦੀ ਭਾਸ਼ਾ, ਲਿੱਪੀ, ਧਰਮ ਤੇ ਸਭਿਆਚਾਰ ਸਭ ਕੁਝ ਨੂੰ ਖ਼ਤਮ ਕਰ ਦੇਣ ਉੱਤੇ ਤੁਲੇ ਹੋਏ ਸਨ ਅਤੇ ਜੇ ਇਨ੍ਹਾਂ ਵਲੋਂ ਇਸ ਸੰਬੰਧੀ ਕੋਈ ਪ੍ਰਤਿਕਰਮ ਹੁੰਦਾ ਵੀ ਤਾਂ ਉਸ ਦੀ ਕਿਸੇ ਨੇ ਕੋਈ ਉੱਕਾ ਪ੍ਰਵਾਹ ਨਹੀਂ ਸੀ ਕਰਨੀ। ਬਤੌਰ ਕੌਮ ਦੇ ਉਹ ਖੇਰੂੰ ਖੇਰੂੰ ਹੋਏ ਪਏ ਸਨ। ਕੋਈ ਯੋਗ ਆਗੂ ਅਗਵਾਈ ਕਰਨ ਜੋਗਾ ਨਹੀਂ ਸੀ। ਰਾਜਸੀ ਤੌਰ ਤੇ ਗੁਲਾਮ, ਮਾਨਸਕ ਤੌਰ ਤੇ ਉਪਰਾਮ, ਅਤੇ ਆਪਣੀ ਹੋਣੀ ਜਾਂ ਭਵਿੱਖ ਵੱਲੋਂ ਬਿਲਕੁਲ ਅਨਜਾਣ ਜਾਂ ਅਵੇਸਲੇ ਹੋਣ ਕਰ ਕੇ ਵਿੱਦਿਅਕ ਮਾਮਲਿਆਂ ਸੰਬੰਧੀ ਉਹ ਬਿਲਕੁਲ ਨਿਰਚੇਸ਼ਟ ਸਨ। ਇਕ ਤੱਥ ਹੋਰ ਵੀ ਸਪੱਸ਼ਟ ਹੈ ਕਿ

---

63. Murray," The accomplishment of reading and writing are uncommon amongst the Sikhs and are chiefly confined to Hindu and Muslim Mutsuddees or clerks who acquired sufficient knowledge of the Persian Language to enable them to keep accounts and to conduct the epistolary correspondence of the chiefs."
"Rise, Progress and Present Condition of the Sect and Nation of the Sikhs", Vol.I, London,1846,p.135.

ਉਸ ਵੇਲੇ ਸੰਗਠਤ ਹੋ ਕੇ, ਸਰਕਾਰ ਦੇ ਕਿਸੇ ਫੈਸਲੇ ਵਿਰੁੱਧ ਕੋਈ ਪ੍ਰਤਿਕਰਮ ਦਿਖਾਉਣਾ ਜਾਂ ਫੈਸਲੇ ਨੂੰ ਬਦਲ ਦੇਣ ਦੀ ਮੰਗ ਕਰਨਾ ਜੋਗੀ ਰਾਜਸੀ ਚੇਤੰਨਤਾ ਜਾਂ ਜਾਗ੍ਰਤੀ ਕਿਸੇ ਕੌਮ ਵਿਚ ਹਾਲੀ ਆਈ ਵੀ ਨਹੀਂ ਸੀ।

ਪੰਜਾਬੀ ਨੂੰ ਬਤੌਰ ਲੋਕ-ਭਾਸ਼ਾ ਦੇ ਕਿਸੇ ਪ੍ਰਕਾਰ ਦੀ ਮਹੱਤਤਾ ਦੇਣ, ਜਾਂ ਸੁਚੇਤ ਰੂਪ ਵਿਚ ਆਧੁਨਿਕ ਵਿਧੀਆਂ ਅਪਣਾ ਕੇ ਇਸ ਦੀ ਸਰਬ-ਪੱਖੀ ਉੱਨਤੀ ਦਾ ਅਹਿਸਾਸ ਪਹਿਲੀ ਵਾਰੀ ਸਿੰਘ ਸਭਾ ਦੇ ਆਗੂਆਂ ਨੂੰ ਹੀ ਹੋਇਆ।[64] ਸਿੱਖ ਕੌਮ ਨੂੰ ਉਸ ਵੇਲੇ ਤਕ ਪੰਜਾਬੀ ਭਾਸ਼ਾ ਨਾਲੋਂ ਵਧੇਰੇ ਗੁਰਮੁਖੀ ਲਿੱਪੀ ਨਾਲ ਪਿਆਰ ਸੀ, ਕਿਉਂਜੋ ਗੁਰਮੁਖੀ ਵਿਚ ਉਨ੍ਹਾਂ ਦੇ ਧਾਰਮਿਕ ਗ੍ਰੰਥ ਲਿਖੇ ਗਏ ਸਨ। ਗੁਰਦੁਆਰਿਆਂ ਜਾਂ ਡੇਰਿਆਂ ਵਿਚ ਜਿਹੜੇ ਭਾਈ, ਗ੍ਰੰਥੀ, ਨਿਰਮਲੇ ਜਾਂ ਉਦਾਸੀ ਸਾਧੂ ਵਿੱਦਿਆ ਦਿੰਦੇ ਸਨ, ਉਹ ਵਧੇਰੇ ਕਰ ਕੇ ਬ੍ਰਿਜ ਭਾਸ਼ਾ ਵਿਚ ਹੀ ਹੁੰਦੀ ਸੀ ਅਤੇ ਪੰਜ ਗ੍ਰੰਥੀ ਜਾਂ ਦਸ-ਗ੍ਰੰਥੀ ਆਦਿ ਤੋਂ ਪਿਛੋਂ ਜੋ ਕੁਝ ਪੜ੍ਹਾਇਆ ਜਾਂਦਾ ਸੀ ਉਹ ਵਿਸ਼ੇਸ਼ ਕਰਕੇ ਹਿੰਦੂ ਸ਼ਾਸ਼ਤ੍ਰ, ਇਤਿਹਾਸ ਤੇ ਮਿਥਿਹਾਸ ਹੀ ਹੁੰਦਾ ਸੀ।[65], ਜਾਂ ਨਿਰੋਲ ਸਿੱਖ ਇਤਿਹਾਸ ਦੇ ਉਹੀ ਗ੍ਰੰਥ ਵਿਚਾਰੇ ਜਾਂਦੇ ਸਨ ਜਿਹੜੇ ਬ੍ਰਿਜ ਭਾਸ਼ਾ ਪਰ ਗੁਰਮੁਖੀ ਲਿਪੀ ਵਿਚ ਲਿਖੇ ਹੋਏ ਸਨ। ਇਸ ਦੇ ਪਿਛੇ ਇਹ ਮਨੋ-ਵਿਗਿਆਨ ਕੰਮ ਕਰਦਾ ਪ੍ਰਤੀਤ ਹੁੰਦਾ ਹੈ ਕਿ ਜਿਹੜੀ ਭਾਸ਼ਾ ਉਹ ਬੋਲਦੇ ਹਨ, ਉਸ ਨੂੰ ਸਿੱਖਣ ਜਾਂ ਉਸ ਦੇ ਵਾਧੇ ਤੇ ਵਿਕਾਸ ਦੇ ਕੀ ਅਰਥ ਹਨ। ਵਿਦਵਾਨ ਅਖਵਾਉਣ ਲਈ ਬ੍ਰਜ-ਭਾਸ਼ਾ ਦੀ ਵਰਤੋਂ ਹੀ ਉਚਿਤ ਸਮਝੀ ਜਾਂਦੀ ਸੀ।

ਪੰਜਾਬੀ ਭਾਸ਼ਾ ਨੂੰ ਆਧੁਨਿਕ ਸਿੱਖਿਆ ਦੀਆਂ ਲੋੜਾਂ ਦੇ ਸਮਰੱਥ ਬਨਾਉਣ ਲਈ ਲਾਈਟਨਰ[56] ਦਾ ਯਤਨ ਸਾਡਾ ਵਿਸ਼ੇਸ਼ ਧਿਆਨ ਖਿੱਚਦਾ ਹੈ, ਜਿਨ੍ਹਾਂ ਨੇ "ਅੰਜੁਮਨਿ ਪੰਜਾਬ" ਰਾਹੀਂ ਅੰਗਰੇਜ਼ੀ ਵਿੱਚੋਂ ਦੇਸੀ ਭਾਸ਼ਾਵਾਂ ਵਿਚ ਪੱਛਮ ਦੇ ਗਿਆਨ ਤੇ ਵਿਗਿਆਨ ਦੀਆਂ ਟਕਸਾਲੀ

---

64. ਇਸ ਸੰਬੰਧੀ ਵਿਸਤਾਰ ਪੂਰਵਕ ਚਰਚਾ "ਸਿੰਘ ਸਭਾ ਲਹਿਰ ਦੀ ਪੰਜਾਬੀ ਨੂੰ ਦੇਣ" ਵਾਲੇ ਅਧਿਆਇ ਵਿੱਚ ਕੀਤੀ ਗਈ ਹੈ।

65. ਦੇਸੀ ਵਿਦਿਆ ਦੇ ਦੋ ਪੜਾ ਸਨ। ਪਹਿਲੇ ਪੜਾ ਵਿਚ "ਬਾਲ ਉਪਦੇਸ਼, ਪੰਜ ਗ੍ਰੰਥੀ, ਦਸਮ ਗ੍ਰੰਥ ਦੀ ਪੰਜ ਗ੍ਰੰਥੀ, ਜਨਮ ਸਾਖੀ, ਹਨੂੰਮਾਨ ਨਾਟਕ, ਭਾਈ ਗੁਰਦਾਸ ਦੀਆਂ ਵਾਰਾਂ, ਮਹਾਂਦਰਸ਼ ਅੰਮ੍ਰਿਤ, ਪੜ੍ਹਾਏ ਜਾਂਦੇ ਸਨ। ਦੂਜੇ ਪੜਾ ਵਿਚ ਏਕਾਦਸ਼ ਭਗਵਤ, ਤੁਲਸੀ ਰਾਮਾਇਣ, ਵਿਸ਼ਨੂੰ ਪੁਰਾਣ, ਪਿੰਗਲ(10ਭਾਗ) ਅਸ਼ਵ-ਮੇਧ, ਅਧਿਆਤਮ ਰਾਮਾਇਣ, ਵਿਚਾਰ ਸਾਗਰ, ਮੋਖਸ਼-ਪੰਥ, ਸੂਰਜ ਪ੍ਰਕਾਸ਼, ਗੁਰੂ ਬਿਲਾਸ ਪਾਤਸ਼ਾਹੀ ਛੇਵੀਂ, ਵਸ਼ਿਸ਼ਟ ਪੁਰਾਣ।" ਹਵਾਲਾ-ਡਾ. ਲਾਈਟਨਰ, ਹਿਸਟ੍ਰੀ ਔਫ ਇੰਡੀਜੀਨਸ ਐਜੂਕੇਸ਼ਨ ਇਨ ਪੰਜਾਬ 1883, ਪੰਨਾ 2, ਭਾਗ ਚੌਥਾ।

66. Khushwant Singh, " What Monier Williams did for India, Dr. Leitner sought to do for the Panjab. He was the spirit behind the Anjuman-I-Punjab and the Panjab Akhbar, published at Lahore. He set up a Panjab Institute at working near London."History of the Sikhs, Vol.II, p.140."

ਕਿਤਾਬਾਂ ਦੇ ਅਨੁਵਾਦ ਦਾ ਬੀੜਾ ਚੁੱਕਿਆ। ਪੰਜਾਬੀ ਵਿਚ ਅਨੁਵਾਦ ਕਰਨ ਲਈ ਜਿਹੜੀ ਕਮੇਟੀ ਬਣਾਈ ਗਈ, ਉਸ ਦੇ ਮੈਂਬਰ ਰਾਇ ਮੂਲ ਸਿੰਘ, ਭਾਈ ਹਰਿ ਭਗਤ ਸਿੰਘ ਤੇ ਲਾਲਾ ਬਿਹਾਰੀ ਲਾਲ ਨਿਯੁਕਤ ਕੀਤੇ ਗਏ ਸਨ।[67]

ਡਾਕਟਰ ਲਾਈਟਨਰ ਨੇ ਪੰਜਾਬੀ ਨੂੰ ਪੰਜਾਬ ਵਿਚ ਯੋਗ ਥਾਂ ਦਿਵਾਉਣ ਤੇ ਇਸ ਨੂੰ ਮੁੱਢਲੀ ਸਿਖਿਆ ਦਾ ਮਾਧਿਅਮ ਬਣਾਏ ਜਾਣ ਉਤੇ ਬਹੁਤ ਜ਼ੋਰ ਦਿੱਤਾ।[68] ਅਤੇ ਉਰਦੂ ਨੂੰ ਇਸ ਮਨੋਰਥ ਲਈ ਅਪਣਾਏ ਜਾਣ ਦੀ ਵੀ ਬਾਦਲੀਲ ਢੰਗ ਨਾਲ ਸਖ਼ਤ ਵਿਰੋਧਤਾ ਕੀਤੀ।[69] ਪਰ ਉਹ ਸਰਕਾਰੀ ਨੀਤੀ ਬਦਲਣ ਤੋਂ ਅਸਮਰੱਥ ਰਹੇ। ਹੰਟਰ ਕਮਿਸ਼ਨ ਦੇ ਸਾਹਮਣੇ ਵੀ ਜਦ ਡਾ. ਲਾਈਟਨਰ ਨੇ ਆਪਣਾ ਪੱਖ ਪੇਸ਼ ਕੀਤਾ ਤਾਂ ਉਨ੍ਹਾਂ ਵੀ ਇਹੀ ਫੈਸਲਾ ਦਿੱਤਾ ਕਿ ਸਰਕਾਰ ਦੀ ਨੀਤੀ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਦੀ ਲੋੜ ਨਹੀਂ।[70]

---

67. ਰਸਾਲਾ ਅੰਜੁਮਨਿ ਪੰਜਾਬ ਲਾਹੌਰ, ਫਰਵਰੀ 1866, ਪੰਨਾ 7

68. Leitner, "Gurmukhi Language and Literature is not the contemptible and barbarous idiom which educational Reports and the interested statements of Hindu and Mohammaden underlings make it out to be, but that it is still living with a glorious tradition and with the possibility of development to a stillmore glorious future, if it be cultivated and encouraged as the national Language of the Panjab, as the Rev. Dr Trumpp once suggested with so much earnestness in his Report on the Lahore Oriental College, then in the infancy, and without a single class for the teaching of Panjabi." p.31.

69. Ibid.
"By instructing the son of the agriculturist through the medium of Urdu, we have deprived him of the teaching power of his parents in Panjabi, we have disconnected him from the past and yet have given him no education, which will enable him to cope with the difficulties of the present or to make him a loyal and useful member of the community."

70. Hunter Commission- Panjab Provincial Committee, "It has been decided by high authority that Urdu written in Persian characters shall be the officially recognized vernacular of Panjab. No Change is needed." Calcutta, 1884, p.44.

ਪੰਜਾਬ ਵਿਚ ਸੁਧਾਰ ਦੀ ਚਲੀ ਪਹਿਲੀ ਨਿਰੰਕਾਰੀ ਲਹਿਰ ਨੇ ਪੰਜਾਬੀ ਭਾਸ਼ਾ ਜਾਂ ਸਾਹਿੱਤ ਦੀ ਉਨਤੀ ਵਲ ਉੱਕਾ ਕੋਈ ਧਿਆਨ ਨਾ ਦਿੱਤਾ। ਨਾਮਧਾਰੀਆਂ ਨੇ ਬਿਦੇਸ਼ੀ ਮਾਲ, ਡਾਕ ਰੇਲ, ਕਚਹਿਰੀ ਪੁਲਿਸ ਤੇ ਕਪੜੇ ਦੇ ਬਾਈਕਾਟ ਦੇ ਨਾਲ ਹੀ ਅੰਗਰੇਜ਼ੀ ਰਾਜ ਵਿਚ ਕਾਇਮ ਹੋਈਆਂ ਵਿਦਿਅਕ ਸੰਸਥਾਵਾਂ ਦਾ ਵੀ ਬਾਈਕਾਟ ਕੀਤਾ, ਇਸ ਲਈ ਉਹ ਵੀ ਪੰਜਾਬੀ ਭਾਸ਼ਾ ਲਈ ਕੁਝ ਨਾ ਕਰ ਸਕੇ। ਬਾਬਾ ਰਾਮ ਸਿੰਘ ਜੀ ਦੀਆਂ ਰੰਗੂਨ ਜੇਲ੍ਹ ਵਿਚੋਂ ਆਪਣੇ ਸੇਵਕਾਂ ਨੂੰ ਲਿਖੀਆਂ ਚਿੱਠੀਆਂ ਵਿਚ ਜ਼ਰੂਰ ਬੱਚਿਆਂ ਨੂੰ ਪੰਜਾਬੀ ਪੜ੍ਹਾਏ ਜਾਣ ਦੀ ਤਾਕੀਦ ਕੀਤੀ ਗਈ ਮਿਲਦੀ ਹੈ।[71] ਪਰ ਇਹ ਤਾਕੀਦ ਪੁਰਾਣੀ ਢੰਗ ਦੀ ਪਰੰਪਰਾਈ ਵਿੱਦਿਆ ਸੰਬੰਧੀ ਹੀ ਹੈ।

ਪੰਜਾਬੀ ਰਾਹੀਂ ਉੱਚੀ ਤੋਂ ਉੱਚੀ ਸਿਖਿਆ ਦੇਣ ਦਾ ਸਭ ਤੋਂ ਪਹਿਲਾ ਤੇ ਸਫ਼ਲ ਤਜਰਬਾ ਲਾਹੌਰ ਦੀ 'ਸਤ ਸਭਾ'[72] ਵਲੋਂ ਕੀਤਾ ਗਿਆ। ਇਹ ਸਭਾ 1866 ਈ. ਵਿਚ ਸਥਾਪਤ ਹੋਈ। ✓ ਇਸ ਦਾ ਮੁਖ ਉਦੇਸ਼ ਪੰਜਾਬੀ ਮਾਧਿਅਮ[73] ਰਾਹੀਂ ਹੀ ਹਰ ਪ੍ਰਕਾਰ ਦੀ ਲਾਭਦਾਇਕ ਸਿਖਿਆ ਵਿਦਿਆਰਥੀਆਂ ਨੂੰ ਦੇਣਾ ਸੀ। ਲਾਲਾ ਬਿਹਾਰੀ ਲਾਲ ਇਸ ਸਭਾ ਦੇ ਸਕੱਤ੍ਰ ਸਨ ਜਿਨ੍ਹਾਂ ਨੇ ਇਸ ਮਨੋਰਥ ਲਈ ਆਪ ਵੀ, ਢੇਰ ਸਾਰੀਆਂ ਮੌਲਿਕ ਪਾਠ-ਪੁਸਤਕਾਂ ਲਿਖੀਆਂ ਅਤੇ ਉਚੇਰੀ ਵਿੱਦਿਆ ਲਈ ਅਨੁਵਾਦ ਕੀਤੀਆਂ ਹੋਈਆਂ ਹੋਰ ਪੁਸਤਕਾਂ ਵੀ ਅਪਣਾਈਆਂ। ਹਿੰਦੂ ਕੌਮ ਦੀ ਸਮਾਜਕ ਤੇ ਸਦਾਚਾਰਕ ਉਨਤੀ ਇਸ ਸਭਾ ਦਾ ਦੂਜਾ ਮਨੋਰਥ ਸੀ। ਸਰ ਅਤਰ ਸਿੰਘ ਭਦੌੜ ਇਸ ਸਭਾ ਦੇ ਸਰਪ੍ਰਸਤ ਸਨ। ਇਸ ਸਭਾ ਵਲੋਂ 15 ਮਈ, 1882 ਈ. ਨੂੰ ਹੰਟਰ ਕਮਿਸ਼ਨ[74] ਦੇ ਸਾਹਮਣੇ ਜਿਹੜਾ ਮੈਮੋਰੈਂਡਮ ਪੇਸ਼ ਕੀਤਾ ਗਿਆ, ਉਸ ਵਿਚ ਵੀ ਇਹੀ ਮੰਗ ਕੀਤੀ ਗਈ ਕਿ ਪੰਜਾਬੀ ਨੂੰ ਪੰਜਾਬ ਵਿੱਚ ਸਿੱਖਿਆ ਦਾ ਇੱਕੋ ਇਕ ਮਾਧਿਅਮ ਬਣਾ ਕੇ, ਹਰ ਪ੍ਰਕਾਰ ਦੀ ਸਿੱਖਿਆ ਇਸ ਰਾਹੀਂ ਦਿੱਤੀ ਜਾਵੇ, ਤਾਂ ਜੋ ਕੌਮੀ ਹਿਤਾਂ ਦੀ ਰਾਖੀ ਹੋ ਸਕੇ।

---

71. ਗੰਡਾ ਸਿੰਘ (ਡਾ.) —"ਕੂਕਿਆਂ ਦੀ ਵਿਥਿਆ" ਅੰਮ੍ਰਿਤਸਰ, 1946, ਪੰਨਾ 301/302/318

72. District Gazetteer Lahore," The 'Sat Sabha' was founded in 1866. Its object is diffusion of useful knowledge through the medium of Panjabi Language and the reformation of the moral and social condition of the Hindu Community Lahore, 1894, p.233.

73. ਪੰਜਾਬ ਪ੍ਰਬੰਧਕੀ ਰੀਪੋਰਟ 1900-01 ਵਿਚ ਇਸ ਸਭਾ ਦੇ ਉਪ੍ਰੋਕਤ ਮਨੋਰਥਾਂ ਦੀ ਪੁਸ਼ਟੀ ਕੀਤੀ ਗਈ ਹੈ। ਹਵਾਲਾ — ਪੰਜਾਬ ਪ੍ਰੋਵਿੰਸ਼ਲ ਕਮੇਟੀ-ਕਲਕੱਤਾ, 1884, ਪੰਨਾ 563-64.

74. ਹੰਟਰ ਕਮਿਸ਼ਨ — ਪੰਜਾਬ ਪ੍ਰੋਵਿੰਨਸ਼ਲ ਰੀਪੋਰਟ - ਕਲਕੱਤਾ, 1884, ਪੰਨਾ 563.

ਨਿਸਚਿਤ ਤੇ ਨਿਯਮਤ ਢੰਗ ਨਾਲ ਪੰਜਾਬ ਵਿਚ ਪੰਜਾਬੀ ਨੂੰ ਇਸ ਦੀ ਯੋਗ ਥਾਂ ਦਿਵਾਉਣ ਲਈ ਅਤੇ ਇਸ ਦੇ ਸਰਬ-ਪੱਖੀ ਵਿਕਾਸ ਲਈ ਯਤਨ 1873 ਈ. ਵਿਚ ਸਿੰਘ ਸਭਾ, ਅੰਮ੍ਰਿਤਸਰ ਦੀ ਸਥਾਪਨਾ ਨਾਲ ਆਰੰਭ ਹੋਏ। ਸਭਾ ਨੇ ਆਪਣੀ ਨਿਯਮਾਵਲੀ ਵਿਚ ਸਮਾਜਕ ਤੇ ਸੁਧਾਰਕ ਮਨੋਰਥਾਂ ਦੇ ਨਾਲ ਨਾਲ ਇਹ ਮਨੋਰਥ ਵੀ ਮਿਥੇ ਕਿ (ੳ) ਪੰਜਾਬੀ ਮਾਧਿਅਮ ਦੁਆਰਾ ਵਿੱਦਿਆ ਦਾ ਪ੍ਰਚਾਰ ਕਰਨਾ (ਅ) ਪੰਜਾਬੀ ਵਿਚ ਅਖ਼ਬਾਰਾਂ ਤੇ ਰਸਾਲੇ ਕੱਢਣੇ ਅਤੇ ਸਿੱਖਾਂ ਦੀਆਂ ਧਾਰਮਿਕ ਪੁਸਤਕਾਂ ਨੂੰ ਛਪਵਾਉਣਾ ਅਤੇ (ੲ) ਅੰਗਰੇਜ਼ ਸਰਕਾਰ ਨੂੰ ਸਿੰਘ ਸਭਾ ਦੇ ਵਿੱਦਿਅਕ ਪ੍ਰੋਗਰਾਮ ਨਾਲ ਸੰਬੰਧਿਤ ਕਰਨਾ ਤੇ ਫੇਰ ਅੰਗਰੇਜ਼ ਕਰਮਚਾਰੀਆਂ ਦੀ ਇਸ ਕੰਮ ਲਈ ਸਹਾਇਤਾ ਪ੍ਰਾਪਤ ਕਰਨੀ।[75] ਉਪ੍ਰੋਕਤ ਮਨੋਰਥਾਂ ਦੀ ਪੂਰਤੀ ਲਈ ਸਿੰਘ ਸਭਾ ਦੇ ਆਗੂਆਂ ਨੇ ਸਿਰਤੋੜ ਯਤਨ ਕੀਤੇ ਅਤੇ ਵੱਖ ਵੱਖ ਸਾਧਨਾਂ ਦੁਆਰਾ, ਥਾਂ ਥਾਂ ਵਿਦਿਅਕ ਸੰਸਥਾਵਾਂ ਕਾਇਮ ਕਰ ਕੇ, ਸਰਕਾਰੀ ਅਧਿਕਾਰੀਆਂ ਨੂੰ ਯਾਦ-ਪੱਤਰਾਂ ਤੇ ਮੈਮੋਰੈਂਡਮਾਂ ਦੁਆਰਾ, ਪੰਜਾਬੀ ਨੂੰ ਯੋਗ ਮਾਨਤਾ ਦੇਣ ਲਈ ਬੇਨਤੀਆਂ ਕਰਕੇ, ਅਤੇ ਅਖ਼ਬਾਰਾਂ ਰਾਹੀਂ ਲੋਕਰਾਏ ਕਾਇਮ ਕਰਕੇ, ਮਾਤ-ਭਾਸ਼ਾ ਦੇ ਮਹੱਤਵ ਨੂੰ ਦ੍ਰਿੜ੍ਹਾ ਕੇ, ਪੰਜਾਬੀ ਦੇ ਹੱਕ ਵਿਚ ਇਕ ਸ਼ਕਤੀਸ਼ਾਲੀ ਮਾਹੌਲ ਪੈਦਾ ਕਰ ਦਿੱਤਾ। ਸਿੰਘ ਸਭਾ ਦੇ ਆਗੂ ਇਸ ਗੱਲੋਂ ਵੀ ਸੁਚੇਤ ਸਨ ਕਿ ਜੇ ਸਿੱਖਾਂ ਨੇ ਆਪਣੀ ਨਿਖੜਵੀਂ ਹੋਂਦ ਤੇ ਸਭਿੱਅਤਾ ਨੂੰ ਸੁਰੱਖਿਅਤ ਰਖਣਾ ਹੈ ਤਾਂ ਉਸ ਲਈ ਮਾਤ-ਭਾਸ਼ਾ ਦੀ ਉਨਤੀ ਜ਼ਰੂਰੀ ਹੈ, ਜਿਹੜੀ ਤਾਂ ਹੀ ਸੰਭਵ ਹੈ ਜੇ ਇਸ ਨੂੰ ਵਿੱਦਿਅਕ ਮਨੋਰਥਾਂ ਲਈ ਵਰਤਿਆ ਜਾਣ ਲਗ ਪਵੇ। ਇਸ ਸੰਬੰਧ ਵਿਚ ਕੀਤੇ ਗਏ ਹੇਠ ਲਿਖੇ ਯਤਨ ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ:-

(1) ਬਾਬਾ ਖੇਮ ਸਿੰਘ ਬੇਦੀ ਨੇ ਰਾਵਲਪਿੰਡੀ, ਧੰਨੀ, ਪੋਠੋਹਾਰ, ਜਿਹਲਮ ਤੇ ਗੁਜਰਾਤ ਵਿਚ ਲੜਕੀਆਂ ਲਈ ਸਕੂਲ ਖੋਲ੍ਹੇ ਜਿਨ੍ਹਾਂ ਵਿਚ ਸਾਰੀ ਪੜ੍ਹਾਈ ਪੰਜਾਬੀ ਰਾਹੀਂ ਕਰਵਾਈ ਜਾਂਦੀ ਸੀ।[76] 1879 ਈ. ਤਕ ਬਾਬਾ ਜੀ ਵਲੋਂ ਖੋਲ੍ਹੇ ਗਏ ਸਕੂਲਾਂ ਦੀ ਗਿਣਤੀ 42 ਤਕ ਪੁਜ ਚੁਕੀ ਸੀ। ਇਨ੍ਹਾਂ ਸਕੂਲਾਂ ਉਤੇ ਬਾਬਾ ਜੀ ਨੇ ਆਪਣੇ ਪਾਸੋਂ ਪੰਜਾਹ ਹਜ਼ਾਰ ਰੁਪਏ ਖ਼ਰਚ ਕੀਤੇ ਅਤੇ ਪਿੱਛੋਂ ਸਰਕਾਰੀ ਅਧਿਕਾਰੀਆਂ ਨੂੰ ਮਿਲ ਕੇ ਇਨ੍ਹਾਂ ਸਕੂਲਾਂ ਨੂੰ ਸਰਕਾਰੀ ਸਕੂਲ ਬਣਵਾ ਦਿੱਤਾ। ਸਰਕਾਰ ਦੇ ਅਧਿਕਾਰ ਹੇਠ ਆ ਜਾਣ ਤੇ ਵੀ ਇਨ੍ਹਾਂ ਦੀ ਪੜ੍ਹਾਈ ਦਾ ਮਾਧਿਅਮ ਪੰਜਾਬੀ ਹੀ ਰਿਹਾ।

(2) ਓਰੀਐਂਟਲ ਕਾਲਜ, ਲਾਹੌਰ ਵਿਚ ਪ੍ਰੋ. ਗੁਰਮੁਖ ਸਿੰਘ ਦੇ ਉੱਦਮ ਨਾਲ ਅਤੇ ਡਾਕਟਰ ਲਾਈਟਨਰ ਦੇ ਸਹਿਯੋਗ ਤੇ ਸਹਾਇਤਾ ਨਾਲ 1877 ਈ. ਵਿਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ

---

75. ਗੋਲਡਨ ਜੁਬਲੀ ਬੁੱਕ —'ਸਿੱਖ ਐਜੂਕੇਸ਼ਨਲ ਕਾਨਫ਼੍ਰੰਸ ਅੰਮ੍ਰਿਤਸਰ, 1958, ਪੰਨਾ 7-8.
76. ਈਸਰ ਸਿੰਘ ਨਾਰਾ " ਪੰਜਾਬ ਦਾ ਰਤਨ- ਬਾਬਾ ਖੇਮ ਸਿੰਘ ਬੇਦੀ'— ਦਿਲੀ, 1972, ਪੰਨਾ 267 ਅਤੇ ਸਮਸ਼ੇਰ ਸਿੰਘ ਅਸ਼ੋਕ —'ਪੰਜਾਬ ਦੀਆਂ ਲਹਿਰਾਂ' ਪਟਿਆਲਾ, 1974, ਪੰਨਾ 129.

ਗਿਆ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਇਸ ਕਾਲਜ ਦਾ ਪਹਿਲਾ ਪੰਜਾਬੀ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਉਸ ਵੇਲੇ ਤਕ ਓਰੀਐਂਟਲ ਕਾਲਜ ਵਿਚ ਕੇਵਲ ਅਰਬੀ, ਫਾਰਸੀ ਤੇ ਸੰਸਕ੍ਰਿਤ ਆਦਿ ਕਲਾਸਕੀ ਭਾਸ਼ਾਵਾਂ ਦੀ ਪੜ੍ਹਾਈ ਦਾ ਹੀ ਪ੍ਰਬੰਧ ਸੀ।[77] ਪੰਜਾਬੀ ਪਹਿਲੀ ਦੇਸੀ ਜਾਂ ਪ੍ਰਾਂਤਕ ਭਾਸ਼ਾ ਸੀ, ਜਿਸ ਨੂੰ ਇਹ ਮਾਣ ਪ੍ਰਾਪਤ ਹੋਇਆ। ਇਸ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ, ਜਦ ਅਸੀਂ ਇਹ ਦੇਖਦੇ ਹਾਂ ਕਿ ਓਰੀਐਂਟਲ ਕਾਲਜ ਵਿਚ ਉਰਦੂ ਤੇ ਹਿੰਦੀ ਦੀ ਪੜ੍ਹਾਈ 1888 ਈ. ਤੋਂ ਹੀ ਕਰਵਾਈ ਜਾਣ ਲਗੀ।[78] ਲਾਈਟਨਰ ਨੇ ਓਰੀਐਂਟਲ ਕਾਲਜ ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਨ ਉਪ੍ਰੰਤ ਆਸ ਪ੍ਰਗਟ ਕੀਤੀ ਕਿ ਇਸ ਨਾਲ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਨਿਸਚੇ ਹੀ ਪ੍ਰਗਤੀ ਤੇ ਵਿਕਾਸ ਹੋਵੇਗਾ। ਉਨ੍ਹਾਂ ਅਨੁਸਾਰ ਇਸ ਭਾਸ਼ਾ ਨੂੰ ਕੇਵਲ ਘੁਮੰਡੀ ਤੇ ਆਕੜਖਾਨ ਹੀ, ਉਜੱਡ ਆਖ ਸਕਦੇ ਹਨ।[79]

(3) ਸਿੰਘ ਸਭਾ ਲਾਹੌਰ ਵਲੋਂ 1880 ਈ. ਵਿਚ ਲਾਹੌਰ ਵਿਚ ਪੰਜਾਬੀ ਸਕੂਲ ਖੋਲ੍ਹਿਆ ਗਿਆ ਜਿਸ ਵਿਚ ਐਂਟ੍ਰੈਂਸ ਦੇ ਇਮਤਿਹਾਨ ਤਕ ਦੇ ਸਾਰੇ ਮਜ਼ਮੂਨਾਂ ਨੂੰ ਪੰਜਾਬੀ ਰਾਹੀਂ ਪੜ੍ਹਾਉਣ ਦਾ ਪ੍ਰਬੰਧ ਸੀ। ਪੰਜਾਬੀ ਦੀ ਸਮਰਥਾ ਨੂੰ ਵਧਾਉਣ ਦਾ ਇਹ ਸੁਲਘਾਯੋਗ ਉੱਦਮ ਸੀ। ਸਿੰਘ ਸਭਾ ਵਲੋਂ ਏਸੇ ਸਕੂਲ ਨੂੰ ਕਾਲਜ ਦੀ ਪੱਧਰ ਤਕ ਲੈ ਜਾਣ ਦੇ ਯਤਨ ਵੀ ਕੀਤੇ ਗਏ ਪਰ ਮਾਇਆ ਦੀ ਘਾਟ ਤੇ ਹੋਰ ਔਕੜਾਂ ਕਰ ਕੇ ਇਹ ਸਿਰੇ ਨਾ ਚੜ੍ਹ ਸਕੇ।[80]

(4) 1882 ਈ. ਵਿਚ ਸਿੰਘ ਸਭਾ ਲਾਹੌਰ ਨੇ, ਪੰਜਾਬੀ ਭਾਸ਼ਾ ਨੂੰ ਵਿੱਦਿਅਕ ਲੋੜਾਂ ਦੇ ਸਮਰੱਥ ਬਨਾਉਣ ਲਈ ਅਤੇ ਇਸ ਦੀ ਸਰਬ-ਪੱਖੀ ਉੱਨਤੀ ਲਈ "ਪੰਜਾਬੀ ਪਰਚਾਰਨੀ ਸਭਾ"[81]

---

77. ਗੰਡਾ ਸਿੰਘ(ਡਾ.)-'ਹਿਸਟ੍ਰੀ ਔਫ ਖਾਲਸਾ ਕਾਲਜ, ਅੰਮ੍ਰਿਤਸਰ, 1949, ਪੰਨਾ 2.

78. Teja Singh-"Instead of giving the Sikhs any special privileges in the University, the promotors of the University scheme made a special provision for the teaching of Panjabi in Oriental College. This privilege was not given to Urdu or Hindi." "Singh Sabha Movement"-'Panjab Past and Present-April,73, pages 32-33.

79. Leitner," It is to be hoped that the examination will do something towards the revival of a Literature and the cultivation of a language, which superciliansness alone can term barbarous." History of India, Ed., p.33.

80. ਰੀਪੋਰਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ 1880 ,ਪੰਨਾ 65.

81. (ੳ) 'ਸਿਖ਼ਸ ਐਂਡ ਸਿਖ਼ਿਜ਼ਮ' ਗੁਜਰਾਂਵਾਲਾ ਨੇ ਆਪਣੇ 30-9-190[?] ਦੇ ਅੰਕ ਵਿਚ ਇਸ ਦਾ ਹਵਾਲਾ ਦਿੱਤਾ ਹੈ।

(ਅ) ਖੁਸ਼ਵੰਤ ਸਿੰਘ -'ਹਿਸਟ੍ਰੀ ਔਫ ਦੀ ਸਿਖ਼ਸ' ਭਾਗ ਦੂਜਾ, ਪੰਨਾ 145(ਫੁਟ-ਨੋਟ).

ਨਾਂ ਦੀ ਇਕ ਸੰਸਥਾ ਕਾਇਮ ਕੀਤੀ। ਇਸ ਸੰਸਥਾ ਦੇ ਉਘੇ ਸੰਚਾਲਕ, ਸੋਢੀ ਹੁਕਮ ਸਿੰਘ (ਪ੍ਰਧਾਨ ਸੱਤ ਸਭਾ ਲਾਹੌਰ) ਲਾਲਾ ਨਾਨਕ ਬਖਸ਼, ਭਾਈ ਰਤਨ ਸਿੰਘ, ਸਰਦਾਰ ਆਇਆ ਸਿੰਘ, ਭਾਈ ਮੀਹਾਂ ਸਿੰਘ, ਆਦਿ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨ-ਯੋਗ ਹਨ।[82] ਪ੍ਰੋ. ਗੁਰਮੁਖ ਸਿੰਘ ਪੰਜਾਬੀ ਪ੍ਰਚਾਰਨੀ ਸਭਾ ਦੇ ਮੁਖ ਸਲਾਹਕਾਰ ਸਨ। ਉਸ ਵੇਲੇ ਦੇ ਸਾਰੇ ਉਘੇ ਪੰਜਾਬੀ ਵਿਦਵਾਨਾਂ ਦਾ ਸਮਰਥਨ ਇਸ ਸਭਾ ਨੂੰ ਪ੍ਰਾਪਤ ਸੀ। ਇਸ ਸਭਾ ਦਾ ਮਹੱਤਵ ਇਸ ਲਈ ਵਧੇਰੇ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਨਿਰੋਲ ਪੰਜਾਬੀ ਦੀ ਉੱਨਤੀ ਲਈ ਸਥਾਪਤ ਕੀਤੀ ਗਈ ਇਹ ਪਹਿਲੀ ਸੰਸਥਾ ਸੀ। ਇਸ ਤੋਂ ਲਗਭਗ 44 ਵਰ੍ਹੇ ਪਿਛੋਂ 'ਪੰਜਾਬੀ ਸਭਾ ਪੰਜਾਬ' ਨਾਂ ਦੀ ਸੰਸਥਾ ਸਰ ਸ਼ਹਾਬੁਦੀਨ ਦੀ ਪ੍ਰਧਾਨਗੀ ਹੇਠ 1926 ਈ. ਨੂੰ ਬਣਾਈ ਗਈ ਜਿਸ ਦੇ ਸਕੱਤ੍ਰ ਲਾਲਾ ਧਨੀ ਰਾਮ ਚਾਤ੍ਰਿਕ ਅਤੇ ਗਿ: ਹੀਰਾ ਸਿੰਘ ਦਰਦ ਸਨ। ਇਸ ਨੇ ਵੀਹਵੀਂ ਸਦੀ ਵਿਚ ਪੰਜਾਬੀ ਦੇ ਪ੍ਰਚਾਰ ਲਈ ਜੋ ਘਾਲਣਾ ਘਾਲੀ ਉਹ ਸਾਡੇ ਵਰਤਮਾਨ ਇਤਿਹਾਸ ਨਾਲ ਸੰਬੰਧਤ ਹੈ। 'ਪੰਜਾਬੀ ਪਰਚਾਰਨੀ ਸਭਾ' ਦੀਆਂ ਕਾਰਵਾਈਆਂ ਸੰਬੰਧੀ ਬਹੁਤੇ ਵੇਰਵੇ, ਯਤਨ ਕਰਨ ਤੇ ਵੀ ਪ੍ਰਾਪਤ ਨਹੀਂ ਹੋ ਸਕੇ, ਸਿਵਾਇ ਇਸ ਦੇ ਕਿ ਇਸ ਦੇ ਸੰਚਾਲਕਾਂ ਨੇ ਪਰਚਾਰਿਆ ਕਿ ਪੰਜਾਬੀ ਕਿਉਂਜੋ ਸਾਰੇ ਪੰਜਾਬੀਆਂ ਦੀ ਮਾਤ-ਭਾਸ਼ਾ ਹੈ ਇਸ ਲਈ ਇਸ ਦੀ ਪੜ੍ਹਾਈ ਦਾ ਸਾਰੇ ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਵਿਚ ਪ੍ਰਬੰਧ ਕੀਤਾ ਜਾਏ ਅਤੇ ਪੰਜਾਬੀ ਨੂੰ ਰਾਜ-ਪ੍ਰਬੰਧ ਵਿਚ ਵੀ ਯੋਗ ਥਾਂ ਦਿੱਤੀ ਜਾਏ।[83] ਇਹ ਸਭਾ ਕਿੰਨੀ ਕੁ ਪ੍ਰਭਾਵਸ਼ਾਲੀ ਬਣ ਗਈ ਸੀ, ਇਸ ਦਾ ਅਨੁਮਾਨ ਏਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਅਗਲੇ ਸਾਲ ਹੀ ਹਿੰਦੂਆਂ ਨੇ 'ਦੇਵਨਾਗਰੀ ਪ੍ਰਚਾਰਨੀ ਸਭਾ' ਕਾਇਮ ਕਰ ਲਈ ਤਾਂ ਜੋ ਪੰਜਾਬੀ ਪ੍ਰਚਾਰਨੀ ਸਭਾ ਦੀ ਵਿਰੋਧਤਾ ਕੀਤੀ ਜਾ ਸਕੇ[84] ਅਤੇ ਇਸ ਦੇ ਪ੍ਰਭਾਵ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

(5) ਪੰਜਾਬੀ ਨੂੰ ਵਿੱਦਿਆ ਦਾ ਮਾਧਿਅਮ ਬਣਾਏ ਜਾਣ ਦੇ ਹੱਕ ਵਿਚ ਸਰਕਾਰ ਦਾ ਧਿਆਨ ਖਿੱਚਣ ਦਾ ਇਕ ਹੋਰ ਅਵਸਰ ਉਸ ਵੇਲੇ ਪੈਦਾ ਹੋਇਆ ਜਦ ਫ਼ਰਵਰੀ 1882 ਈ. ਵਿਚ ਹੰਟਰ ਕਮਿਸ਼ਨ ਦੀ ਸਥਾਪਨਾ ਹੋਈ ਜਿਸ ਨੂੰ "ਇੰਡੀਅਨ ਐਜੂਕੇਸ਼ਨਲ ਕਮਿਸ਼ਨ" ਵੀ ਆਖਿਆ ਜਾਂਦਾ ਹੈ।

---

82. 'ਗੁਰਮੁਖੀ ਅਖ਼ਬਾਰ' ਚੇਤ 1939 (ਸੰਨ 1882 ਈ.:), ਪੰਨਾ 5.
83. ਸਿਖ਼ਸ ਐਂਡ ਸਿਖਿਜ਼ਮ — ਗੁਜਰਾਂਵਾਲਾ, 30-9-1904, ਦੇ ਅੰਕ ਵਿਚ।
84. ਅੰਜੁਮਨਿ-ਤਰੱਕੀਏ ਉਰਦੂ' ਨਾਂ ਦੀ ਸੰਸਥਾ ਪੰਜਾਬ ਸਿਖਿਆ ਵਿਭਾਗ ਦੇ ਪਹਿਲੇ ਡਾਇਰੈਕਟਰ ਮਿਸਟਰ ਆਰਨਲਡ ਦੀ ਪ੍ਰਧਾਨਗੀ ਹੇਠ 1856 ਨੂੰ ਸਥਾਪਤ ਹੋ ਗਈ। 'ਅੰਜੁਮਨੇ-ਹਮਾਇਤੇ ਉਰਦੂ' ਨਾਂ ਦੀ ਇਕ ਹੋਰ ਸੰਸਥਾ ਵੀ ਉਰਦੂ ਦੇ ਹੱਕਾਂ ਲਈ ਲੜ ਰਹੀ ਸੀ।

ਇਸ ਦਾ ਮਨੋਰਥ ਭਾਰਤ ਵਿਚ ਪਰਚਲਿਤ ਹਰ ਪੱਧਰ ਦੀ ਵਿੱਦਿਅਕ ਪ੍ਰਣਾਲੀ ਦਾ ਪੁਨਰ-ਮੁਲਾਂਕਣ ਕਰਕੇ ਉਸ ਦੇ ਆਧਾਰ ਤੇ ਅਗੋਂ ਲਈ ਨਵੇਂ ਸੁਝਾ ਦੇਣਾ ਸੀ। ਕਮਿਸ਼ਨ ਨੇ 9 ਅਕਤੂਬਰ 1883 ਨੂੰ ਆਪਣੀ ਰੀਪੋਰਟ ਭਾਰਤ ਸਰਕਾਰ ਅੱਗੇ ਪੇਸ਼ ਕੀਤੀ।[85]

ਜਿੱਥੋਂ ਤਕ ਪੰਜਾਬ ਦਾ ਸੰਬੰਧ ਹੈ ਇਸ ਕਮਿਸ਼ਨ ਨੇ ਪੰਜਾਬ ਦੀਆਂ ਵਖੋ ਵੱਖ ਜਾਤੀਆਂ ਤੇ ਸੰਸਥਾਵਾਂ ਦੇ 53 ਪ੍ਰਤਿਨਿਧਾਂ ਨਾਲ ਗਲਬਾਤ ਕੀਤੀ ਅਤੇ ਇਕ ਨਿਸਚਿਤ ਪ੍ਰਸ਼ਨੋਤਰੀ ਦੇ ਆਧਾਰ ਤੇ ਉਨ੍ਹਾਂ ਪਾਸੋਂ ਉੱਤਰ ਮੰਗੇ । ਇਨ੍ਹਾਂ ਵਿਚ ਦੇਸੀ ਤੇ ਵਿਦੇਸ਼ੀ ਅਧਿਕਾਰੀ ਵੀ ਸ਼ਾਮਲ ਸਨ। ਉਰਦੂ, ਹਿੰਦੀ ਤੇ ਪੰਜਾਬੀ ਸਭਨਾਂ ਦੇ ਪੱਖੀਆਂ ਵਲੋਂ ਆਪੋ ਆਪਣੇ ਮੈਮੋਰੰਡਮ ਪੇਸ਼ ਕੀਤੇ ਗਏ। ਪੰਜਾਬੀ ਨੂੰ ਪੰਜਾਬ ਵਿਚ ਵਿੱਦਿਆ ਦਾ ਮਾਧਿਅਮ ਬਣਾਏ ਜਾਣ ਦੇ ਹੱਕ ਵਿਚ ਸਰ ਅਤਰ ਸਿੰਘ ਭਦੌੜ, ਸ੍ਰ. ਬਿਕਰਮ ਸਿੰਘ ਆਹਲੂਵਾਲੀਆ, ਸ੍ਰ. ਦਿਆਲ ਸਿੰਘ ਮਜੀਠੀਆ, ਰਾਏ ਬਹਾਦਰ ਸਾਹਿਬ ਸਿੰਘ ਦਿੱਲੀ, ਬਾਬਾ ਖੇਮ ਸਿੰਘ ਬੇਦੀ, ਸਿੱਖ ਨੈਸ਼ਨਲ ਐਸੋਸੀਏਸ਼ਨ, ਪੰਜਾਬੀ ਪਰਚਾਰਨੀ ਸਭਾ,ਲਾਹੌਰ, ਸਤ ਸਭਾ ਅਤੇ ਵੱਖ ਵੱਖ ਸਿੰਘ ਸਭਾਵਾਂ ਵਲੋਂ ਲਗ ਭਗ ਪੰਜਾਹ ਹਜ਼ਾਰ ਲੋਕਾਂ ਦੇ ਦਸਖਤ ਕਰਵਾ ਕੇ ਮੈਮੋਰੈਂਡਮ ਪੇਸ਼ ਕੀਤੇ ਗਏ ।[86] ਐਸੇ ਤਰ੍ਹਾਂ ਕੁਝ ਕੁ ਸਿੱਖਿਆ ਸ਼ਾਸ਼ਤ੍ਰੀਆਂ[87] ਤੇ ਈਸਾਈ ਪਾਦਰੀਆਂ ਨੇ ਵੀ ਇਹੀ ਮੰਗ ਕੀਤੀ ਕਿ ਪੰਜਾਬੀ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਯੋਗ ਮਾਨਤਾ ਮਿਲਣੀ ਚਾਹੀਦੀ ਹੈ । ਉਨ੍ਹਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਦਾ ਸਾਰ ਇਸ ਤਰ੍ਹਾਂ ਹੈ:- (ੳ) ਉਰਦੂ ਪੰਜਾਬ ਦੀ ਭਾਸ਼ਾ ਨਹੀਂ, ਇਸ ਲਈ ਇਸ ਭਾਸ਼ਾ ਦੀ ਲਾਜ਼ਮੀ ਪੜ੍ਹਾਈ ਨਾ ਤਾਂ ਲਾਭਦਾਇਕ ਹੈ ਤੇ ਨਾ ਹੀ ਲੋਕ-ਪ੍ਰਿਯ। (ਅ) ਮਾਤ-ਭਾਸ਼ਾ ਪੰਜਾਬੀ ਰਾਹੀਂ ਸਿਖਿਆ ਦੇਣ ਨਾਲ ਵਰ੍ਹਿਆਂ ਦਾ ਕੰਮ ਮਹੀਨਿਆਂ ਵਿਚ ਮੁਕਾਇਆ ਜਾ ਸਕਦਾ ਹੈ। (ੲ) ਉਰਦੂ ਪੜ੍ਹਾਉਣ ਵਾਲੇ ਅਧਿਆਪਕ ਬੱਚਿਆਂ ਨੂੰ ਅਰਥ ਪੰਜਾਬੀ ਵਿਚ ਹੀ ਕਰਵਾਉਂਦੇ ਹਨ । ਇਸ ਤਰ੍ਹਾਂ ਉਰਦੂ ਬੱਚਿਆਂ ਨੂੰ ਗਿਆਨ ਦੇਣ ਦਾ ਸਾਧਨ ਨਹੀਂ, ਸਗੋਂ ਵਖਰੀ ਭਾਸ਼ਾ ਸਿੱਖਣ ਦਾ ਹੀ ਆਧਾਰ ਬਣਦੀ ਹੈ। (ਸ) ਉਰਦੂ ਕੇਵਲ ਪੜ੍ਹਨ ਵਾਲਿਆਂ ਨੂੰ ਹੀ ਆਉਂਦੀ ਹੈ ਤੇ ਜਿਹੜੇ ਪੜ੍ਹਦੇ ਵੀ ਹਨ, ਉਹ ਵੀ ਆਪਣੀ ਨਿਤ ਦੀ ਬੋਲ ਚਾਲ ਵਿਚ ਇਸ ਦੀ ਵਰਤੋਂ ਨਹੀਂ ਕਰਦੇ। (ਹ) ਉਰਦੂ ਲੋਕਾਂ ਦੇ ਜਜ਼ਬਿਆਂ ਤੇ ਭਾਵਨਾਵਾਂ ਦੀ ਬੋਲੀ ਨਹੀਂ (ਕ) ਮੁਸਲਮਾਨ ਵੀ ਘਰ ਵਿਚ ਪੈਰ ਰਖਦਿਆਂ ਸਾਰ ਉਰਦੂ ਨੂੰ ਬੂਹਿਓਂ ਬਾਹਰ ਛੱਡ ਆਉਂਦੇ ਹਨ।

---

85. ਮਹਿਤਾ - ਐਚ.ਆਰ."ਗ੍ਰੋਥ ਐਂਡ ਡਿਵੈਲਪਮੈਂਟ ਔਫ ਵੈਸਟਰਨ ਐਜੂਕੇਸ਼ਨ ਇਨ ਪੰਜਾਬ", ਪੰਨਾ 90

86. Indian Educational Commission,Panjab Provincial Committee Calcutta, 1884, p.193-230.

"ਗੁਰਮੁਖੀ ਅਖ਼ਬਾਰ" ਲਾਹੌਰ 15 ਮਾਰਚ 1882

87. ਇਨ੍ਹਾਂ ਵਿਚ ਡਾਕਟਰ ਲਾਈਟਨਰ ਤੇ ਮਿਸ ਐਮ.ਰੋਜ਼ ਗ੍ਰੀਨਫੀਲਡ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨ-ਯੋਗ ਹਨ।

ਮਿਸ ਗ੍ਰੀਨਫੀਲਡ ਨੇ ਪੰਜਾਬੀ ਦੇ ਹੱਕ ਵਿਚ ਬੜੇ ਵਿਗਿਆਨਕ ਢੰਗ ਨਾਲ ਦਲੀਲਾਂ ਦਿੱਤੀਆਂ ਅਤੇ ਹਿੰਦੀ ਤੇ ਉਰਦੂ ਦੇ ਟਾਕਰੇ ਤੇ ਮੁਢਲੀਆਂ ਜਮਾਤਾਂ ਵਿਚ ਪੰਜਾਬੀ ਪੜ੍ਹਾਏ ਜਾਣ ਦੀ ਜ਼ੋਰਦਾਰ ਸਿਫਾਰਸ਼ ਕੀਤੀ।[88] ਹਿੰਦੀ ਤੇ ਉਰਦੂ ਨੂੰ ਤੀਜੀ ਚੌਥੀ ਜਮਾਤ ਤੋਂ ਪਿਛੋਂ ਵਿੱਦਿਆ ਦਾ ਅੰਗ ਬਨਾਉਣ ਦਾ ਵੀ ਸੁਝਾ ਦਿੱਤਾ।[89] ਉਨ੍ਹਾਂ ਨੇ ਇਸ ਬੋਦੀ ਦਲੀਲ ਦਾ ਵੀ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਕਿ ਪੰਜਾਬੀ ਵਿਚ ਸਾਹਿੱਤ ਨਹੀਂ ਮਿਲਦਾ ਅਤੇ ਇਹ ਕੇਵਲ ਬੋਲਚਾਲ ਦੀ ਗੰਵਾਰੂ ਬੋਲੀ ਤੋਂ ਵੱਧ ਕੋਈ ਮਹੱਤਵ ਨਹੀਂ ਰਖਦੀ। ਮਿਸ ਗ੍ਰੀਨਫੀਲਡ ਨੇ ਆਖਿਆ ਕਿ ਜੇ ਪੰਜਾਬੀ ਨੂੰ ਵਿੱਦਿਅਕ ਲੋੜਾਂ ਲਈ ਅਪਣਾ ਕੇ ਪਾਠਕ ਪੈਦਾ ਕਰ ਲਏ ਜਾਣ ਤਾਂ ਪੰਜਾਬੀ ਵਿਚ ਸਾਹਿੱਤ ਆਪਣੇ ਆਪ ਹੀ ਪੈਦਾ ਹੋ ਜਾਏਗਾ। ਉਰਦੂ ਦੇ ਸੰਬੰਧ ਵਿਚ ਮਿਸ ਗ੍ਰੀਨਫੀਲਡ ਨੇ ਆਖਿਆ ਕਿ ਜੇ ਸਰਕਾਰੀ ਸਰਪ੍ਰਸਤੀ ਨਾ ਹੋਵੇ ਤਾਂ ਉਰਦੂ ਪਾਸ ਕਿਹੜਾ ਸਾਹਿੱਤ ਸੀ?[90]

ਹਿੰਦੂਆਂ ਵਲੋਂ ਪੇਸ਼ ਕੀਤੇ ਮੈਮੋਰੈਂਡਮਾਂ ਵਿਚ ਹਿੰਦੀ ਨੂੰ ਦੇਵਨਾਗਰੀ ਲਿੱਪੀ ਵਿਚ ਅਪਣਾਏ ਜਾਣ ਦੀ ਮੰਗ ਕੀਤੀ ਗਈ ਅਤੇ ਇਹ ਵੀ ਸੁਝਾ ਦਿੱਤਾ ਗਿਆ ਕਿ ਜੇ ਉਰਦੂ ਨੂੰ ਹੀ ਸਰਕਾਰੀ ਜ਼ਬਾਨ ਤੇ ਸਿੱਖਿਆ ਦਾ ਮਾਧਿਅਮ ਰੱਖਣਾ ਹੈ ਤਾਂ ਇਸ ਲਈ ਦੇਵਨਾਗਰੀ ਲਿੱਪੀ ਦੀ ਵਰਤੋਂ ਕੀਤੀ ਜਾਏ। ਮੁਸਲਮਾਨਾਂ ਨੇ ਉਰਦੂ ਨੂੰ ਫ਼ਾਰਸੀ ਲਿੱਪੀ ਰਾਹੀਂ ਪੜ੍ਹਾਈ ਦੇ ਮਾਧਿਅਮ ਵਜੋਂ ਜਾਰੀ ਰੱਖਣ ਦੀ ਜ਼ੋਰਦਾਰ ਮੰਗ ਕੀਤੀ।

---

88. Greenfield Miss W.N.,"Both Urdu and Hindi are to them (Panjabi's ) foreign tongues. Gurmukhi readers make most rapid progress,Asoon as they have learned the alphabet and begin to join letters, they find sound familiar to them and every sentence read has an intelligible meaning. By the time,the first reader is finished the child is able to read at sight and appreciate any simple Gurmukhi book." "Memorandum submitted to Hunter Commission,p.226.

89. Ibid.Whereas our Hindi pupil labour through the first book, every book brings new difficulties, not in subject matter but in long compound words deriving from the Sanskrit,which is far above the comprehension of our Punjabis."
I strongly advocate therefore that in all village schools at least Gurmukhi should be tought first in order to open the minds of the children adding in higher classes Urdu for Mohammadans and Hindi for Hindus. Pupil so taught will be more intelligent and make far more rapid progress.p.228.

90. Ibid."The objection made by some that there is no Literature in Gurmukhi(Punjabi) seems to be very superficial. If a large reading population is created a literature suits to its wants will soon spring up. What Urdu literature is there at present? It is fruit of Govt. patronage or missionary efforts.And what is the moral tone and intellectual status of the few native books of poetry and prose written independently of such influences." p.230.

ਹੰਟਰ ਕਮਿਸ਼ਨ ਨੇ ਮਹਿਸੂਸ ਕੀਤਾ ਕਿ ਜੇ ਸਿੱਖਿਆ ਨੂੰ ਆਮ ਲੋਕਾਂ ਵਿਚ ਹਰਮਨ-ਪਿਆਰਾ ਬਣਾਉਣਾ ਹੈ ਤਾਂ ਆਦਰਸ਼ਕ ਹੱਲ ਇਹੀ ਹੋਵੇਗਾ ਕਿ ਸਤਲੁਜ ਤੋਂ ਜਮਨਾ ਤਕ ਹਿੰਦੀ ਲਾਗੂ ਕੀਤੀ ਜਾਵੇ, ਸਾਰੇ ਕੇਂਦਰੀ ਪੰਜਾਬ ਵਿਚ ਪੰਜਾਬੀ ਪੜ੍ਹਾਈ ਜਾਵੇ ਅਤੇ ਉੱਤਰ ਪੱਛਮੀ ਸਰਹੱਦੀ ਇਲਾਕੇ ਵਿਚ ਬਲੋਚੀ ਤੇ ਪਸ਼ਤੋ ਪੜ੍ਹਾਏ ਜਾਣ। ਪਰ ਕਮਿਸ਼ਨ ਨੇ ਇਸ ਯੋਜਨਾ ਨੂੰ ਲਾਗੂ ਕਰਨ ਸੰਬੰਧੀ ਔਕੜਾਂ ਦਾ ਜ਼ਿਕਰ ਕਰ ਕੇ ਪਰਚਲਿਤ ਪ੍ਰਬੰਧ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਨ ਤੋਂ ਨਾਂਹ ਕਰ ਦਿਤੀ ਅਤੇ ਉਰਦੂ ਨੂੰ ਹੀ ਸਿੱਖਿਆ ਦੇ ਮਾਧਿਅਮ ਵਜੋਂ ਜਾਰੀ ਰੱਖਣ ਦੀ ਸਿਫ਼ਾਰਸ਼ ਕੀਤੀ, ਪਰ ਨਾਲ ਹੀ ਇਹ ਆਗਿਆ ਦੇ ਦਿਤੀ ਕਿ ਪੰਜਾਬੀ ਨੂੰ ਪੰਜਾਬ ਦੇ ਸਕੂਲਾਂ ਵਿੱਚ ਇੱਕ ਮਜ਼ਮੂਨ ਵਜੋਂ ਪਰਵਾਨ ਕੀਤਾ ਜਾਏ ਅਤੇ ਜਿਥੋ ਪੰਜਾਬੀ ਪੜ੍ਹਾਏ ਜਾਣ ਦੀ ਮੰਗ ਕੀਤੀ ਜਾਏ ਜਾਂ ਮੰਗ ਪੈਦਾ ਕੀਤੀ ਜਾ ਸਕੇ, ਤਾਂ ਪੜ੍ਹਾਈ ਦੇ ਪ੍ਰਬੰਧਾਂ ਲਈ ਸਰਕਾਰ ਵਲੋਂ ਲੋੜੀਂਦੀ ਮਾਇਕ ਸਹਾਇਤਾ ਦਿੱਤੀ ਜਾਏ।[91]

ਪੰਜਾਬੀ ਨੂੰ ਪੰਜਾਬ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੀ ਵਿਰੋਧਤਾ ਕਰਕੇ ਯੋਗ ਥਾਂ ਨਾਂ ਮਿਲ ਸਕੀ। ਸਾਰੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀ ਸਾਂਝੀ ਮਾਂ-ਭਾਸ਼ਾ ਹੋਣ ਦੇ ਬਾਵਜੂਦ ਇਸ ਨੂੰ ਸਿੱਖਾਂ ਨਾਲ ਹੀ ਜੋੜਿਆ ਜਾਣ ਲਗ ਪਿਆ। ਸੰਪਰਦਾਇਕਤਾ ਇਸ ਹੱਦ ਤਕ ਵਧ ਗਈ ਕਿ ਭਾਸ਼ਾ ਵਰਗੇ ਸਭਿਆਚਾਰਕ ਵਿਸ਼ੇ ਨੂੰ ਅਤੇ ਪੰਜਾਬੀ ਦੇ ਸਾਂਝੇ ਕੌਮੀ ਵਿਰਸੇ ਨੂੰ ਨਿਰੋਲ ਧਰਮ ਨਾਲ ਜੋੜਿਆ ਗਿਆ।[92] ਮੁਸਲਮਾਨ ਉਰਦੂ ਦੇ ਮੁਦੱਈ ਬਣ ਗਏ ਅਤੇ ਹਿੰਦੂ ਹਿੰਦੀ ਦੇ। ਇਸ ਤਰ੍ਹਾਂ ਪੰਜਾਬੀ ਦਾ ਵਾਧਾ ਤੇ ਵਿਕਾਸ ਕੇਵਲ ਸਿੱਖਾਂ ਦੇ ਹਿੱਸੇ ਆਇਆ, ਭਾਵੇਂ ਕੁਝ ਇੱਕ ਹਿੰਦੂਆਂ ਤੇ ਬਹੁਤ ਸਾਰੇ ਮੁਸਲਮਾਨ ਸਾਹਿਤਕਾਰਾਂ ਨੇ ਇਸ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਹਿੱਸਾ ਪਾਇਆ।[93] ਪੰਜਾਬੀ ਦੇ ਹਮਾਇਤੀਆਂ ਨੂੰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਬੇਹੱਦ ਨਿਰਾਸ਼ਤਾ ਹੋਈ। 1891 ਈ. ਵਿਚ ਫੇਰ ਲਾਹੌਰ ਦੇ "ਸਿਵਲ ਐਂਡ ਮਿਲਟਰੀ ਗਜ਼ਟ" ਨੇ ਬੜੀ ਜ਼ੋਰਦਾਰ ਸਿਫ਼ਾਰਸ਼ ਕੀਤੀ ਕਿ ਪੰਜਾਬੀ ਨੂੰ ਪੰਜਾਬ ਵਿਚ ਸਿੱਖਿਆ ਦਾ ਮਾਧਿਅਮ ਬਣਾਇਆ ਜਾਏ, ਪਰ ਉਰਦੂ ਦੇ ਹਮਾਇਤੀਆਂ ਦੀ ਗਿਣਤੀ

---

91. ਖਾਲਸਾ ਅਖਬਾਰ ਲਾਹੌਰ 27 ਸਤੰਬਰ, 1901
92. ਹਰਬੰਸ ਸਿੰਘ — 'ਦੀ ਏਜ ਔਫ ਭਾਈ ਵੀਰ ਸਿੰਘ', ਚੰਡੀਗੜ੍ਹ 1973, ਪੰਨਾ 45.
93. ਇਸ ਸੰਬੰਧੀ ਵਿਸਤਾਰ ਪੂਰਵਕ ਚਰਚਾ ਪੰਜਾਬੀ ਗੱਦ ਤੇ ਪਦ ਦੇ ਸਰਵੇਖਣ ਵਾਲੇ ਭਾਗ ਵਿਚ ਕੀਤੀ ਗਈ ਹੈ।
94. ਹੋਮ ਸੀਕ੍ਰਿਟ ਐਨ.ਪੀ.ਆਰ.ਪੰਜਾਬ 1891— ਪੰਨਾ 99— ਹਵਾਲਾ ਜੀ.ਐਸ.ਛਾਬੜਾ 'ਸੋਸ਼ਲ ਐਂਡ ਇਕਨਾਮਿਕ ਹਿਸਟਰੀ ਔਫ ਪੰਜਾਬ(ਥੀਸਿਸ ਪੀ-ਐਚ.ਡੀ.)

T
8PO
4832 [redacted] 

ਵੀ ਵੱਧ ਸੀ , ਅਤੇ ਸਰਕਾਰ ਵੀ ਉਨ੍ਹਾਂ ਦੀ ਗੱਲ ਸੁਣਦੀ ਸੀ। ਇਸ ਲਈ ਕਰਨਾਲ ਤੋਂ ਛਪਦੇ ਉਰਦੂ ਪੱਤਰ "ਕੈਸਰੁਲ ਅਖ਼ਬਾਰ" ਨੇ ਆਪਣੇ ਮਾਰਚ 1891 ਦੇ ਅੰਕ ਵਿਚ ਸਿਵਲ ਮਿਲਟਰੀ ਗੱਜ਼ਟ ਦੇ ਸੁਝਾਵਾਂ ਤੇ ਸਿਫਾਰਸ਼ਾਂ ਨੂੰ ਸ਼ਰਾਰਤ ਭਰਿਆ ਦਸ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਉਰਦੂ ਜ਼ਬਾਨ ਵਿਚ ਵਿਗਿਆਨਕ ਪੁਸਤਕਾਂ ਦੇ ਅਨੁਵਾਦ ਨਾਲ ਇਹ ਕਾਫ਼ੀ ਉੱਨਤ ਹੋ ਗਈ ਹੈ ਅਤੇ ਜਿਨ੍ਹਾਂ ਲੋਕਾਂ ਨੂੰ ਉਰਦੂ ਰਾਹੀਂ ਸਿੱਖਿਆ ਦਿੱਤੀ ਜਾਏ ਉਹ ਅੰਗਰੇਜ਼ੀ ਜਾਨਣ ਤੋਂ ਬਿਨਾਂ ਹੀ ਪੱਛਮੀ ਗਿਆਨ ਤੇ ਵਿਗਿਆਨ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰ ਸਕਦੇ ਹਨ। ਸੰਪਾਦਕ ਨੇ ਇਹ ਵੀ ਆਖਿਆ ਕਿ ਪੰਜਾਬੀ ਵਿਚ ਕੋਈ ਵੀ ਵਿਗਿਆਨਕ ਪੁਸਤਕ ਨਹੀਂ ਅਤੇ ਇਹ ਉਰਦੂ ਦੇ ਟਾਕਰੇ ਤੇ ਹਰ ਪੱਖੋਂ ਅਵਿਗਸਤ ਭਾਸ਼ਾ ਹੈ।

(7) ਹੋਰ ਜਾਤੀਆਂ ਤੇ ਕੌਮਾਂ ਨੂੰ ਉਚੇਰੀ ਵਿੱਦਿਆ ਲਈ ਸੰਸਥਾਵਾਂ ਸਥਾਪਤ ਕਰਦਿਆਂ ਦੇਖ ਕੇ ਸਿੱਖਾਂ ਨੂੰ ਖ਼ਿਆਲ ਆਇਆ ਕਿ ਨਿਰੋਲ ਸਰਕਾਰੀ ਸਹਾਇਤਾ ਦੀ ਆਸ ਤੇ ਬੈਠੇ ਰਹਿਣ ਨਾਲੋਂ ਚੰਗਾ ਹੈ ਕਿ ਆਪ ਉੱਦਮ ਕਰ ਕੇ ਸਿੱਖ ਲੜਕੇ ਤੇ ਲੜਕੀਆਂ ਲਈ ਥਾਂ ਪਰ ਥਾਂ ਸਕੂਲ ਤੇ ਕਾਲਜ ਖੋਲ੍ਹੇ ਜਾਣ। ਉਹ ਅਜੇਹੀ ਵਿੱਦਿਆ ਦੇ ਇੱਛਕ ਸਨ ਜਿਹੜੀ ਸਮੇਂ ਦੇ ਅਨੁਕੂਲ ਭੀ ਹੋਵੇ, ਅੱਗੇ ਵਧਣ ਵਿਚ ਸਹਾਇਕ ਬਣੇ ਅਤੇ ਉਨ੍ਹਾਂ ਦੀ ਨਿਵੇਕਲੀ ਹੋਂਦ ਨੂੰ ਵੀ ਸੁਰੱਖਿਅਤ ਰੱਖ ਸਕੇ। ਇਸੇ ਆਸ਼ੇ ਅਧੀਨ 1892 ਈ. ਨੂੰ ਸ. ਤਖਤ ਸਿੰਘ ਦੇ ਉੱਦਮ ਨਾਲ ਫੀਰੋਜ਼ਪੁਰ ਵਿਚ ਸਿਖ ਕੰਨਿਆ ਪਾਠਸ਼ਾਲਾ ਖੋਲ੍ਹੀ ਗਈ। ਏਸੇ ਤਰ੍ਹਾਂ ਲਾਹੌਰ, ਅੰਮ੍ਰਿਤਸਰ, ਤਰਨ ਤਾਰਨ, ਤੇ ਗੁਜਰਾਂਵਾਲੇ ਵਿਚ ਖਾਲਸਾ ਹਾਈ ਸਕੂਲ ਖੋਲ੍ਹੇ ਗਏ, ਪਰ ਖਾਲਸਾ ਕਾਲਜ ਦੀ ਸਥਾਪਨਾ ਸਮੁੱਚੀ ਕੌਮ ਦੀ ਇਕ ਵੱਡੀ ਰੀਝ ਬਣੀ ਰਹੀ। ਪ੍ਰੋ. ਗੁਰਮੁਖ ਸਿੰਘ ਤੇ ਭਾਈ ਜਵਾਹਰ ਸਿੰਘ ਨੇ ਥਾਂ ਥਾਂ ਫਿਰ ਕੇ ਕਾਲਜ ਲਈ ਉਤਸ਼ਾਹ[95] ਤੇ ਲੋੜੀਂਦੀ ਮਾਇਆ ਇਕੱਤ੍ਰ ਕੀਤੀ। ਦੇਸੀ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਤੇ ਸਿੱਖ ਜਨਤਾ ਨੇ ਦਿਲ ਖੋਲ੍ਹ ਕੇ ਕਾਲਜ ਲਈ ਮਾਇਆ ਦਿੱਤੀ। ਕਾਲਜ ਨੂੰ ਲਾਹੌਰ ਜਾਂ ਅੰਮ੍ਰਿਤਸਰ ਵਿਚ ਖੋਲ੍ਹਣ ਸੰਬੰਧੀ ਕੁਝ ਵਾਦ-ਵਿਵਾਦ ਤੋਂ ਪਿਛੋਂ 22 ਅਕਤੂਬਰ 1893 ਨੂੰ ਇਹ ਕਾਲਜ ਅੰਮ੍ਰਿਤਸਰ ਵਿਚ ਕਾਇਮ ਹੋ ਗਿਆ।

(8) 20 ਅਪ੍ਰੈਲ 1892 ਈ. ਨੂੰ ਲਾਰੈਂਸ ਹਾਲ ਲਾਹੌਰ ਵਿਚ ਖਾਲਸਾ ਦੀਵਾਨ ਲਾਹੌਰ ਵਲੋਂ ਸਰ ਡੈਨੀਸ ਦੇ ਸਨਮਾਨ ਵਿਚ ਇਕ ਸੁਆਗਤੀ ਐਡਰੈਸ ਪੇਸ਼ ਕੀਤਾ ਗਿਆ ਜਿਸ ਵਿਚ ਆਖਿਆ:-

---

95. "Jawahar Singh Kapur addressed many meetings in Amritsar and telling his Sikh audience that Arya Samaj had its institutions to teach Sanskrit and Vedas, the Muslims had made provision for Koran at Aligarh, but the Sikhs had no institution for the study of Gurmukhi and Granth."
' The Tribune, August 15, 1890 '

254894

> "ਬੜੀ ਬਦਕਿਸਮਤੀ ਦੀ ਗੱਲ ਹੈ ਕਿ ਸਰਕਾਰ ਵਲੋਂ ਸਾਰੀਆਂ ਸ਼੍ਰੇਣੀਆਂ ਨੂੰ ਦਿਤੀ ਜਾ ਰਹੀ ਸਿਖਿਆ ਦੇ ਮਹੱਤਵ ਵਲੋਂ ਸਿਖ ਕੌਮ ਪੂਰੀ ਤਰ੍ਹਾਂ ਸੁਚੇਤ ਨਹੀਂ, ਜਿਸ ਦਾ ਇਕ ਕਾਰਨ ਇਹ ਹੈ ਕਿ ਸਿੱਖਾਂ ਦੀ ਬਹੁਤੀ ਵਸੋਂ ਵਿੱਦਿਅਕ ਕੇਂਦਰਾਂ ਤੋਂ ਦੂਰ ਪਿੰਡਾਂ ਵਿਚ ਰਹਿੰਦੀ ਹੈ ਅਤੇ ਮੁਢਲੀ ਸਿਖਿਆ ਵੀ ਉਨ੍ਹਾਂ ਨੂੰ ਆਪਣੀ ਮਾਤ-ਭਾਸ਼ਾ ਵਿਚ ਨਹੀਂ ਦਿੱਤੀ ਜਾਂਦੀ। ਭਾਰਤ ਦੇ ਹੋਰ ਸਾਰੇ ਭਾਗਾਂ ਵਿਚ ਲੋਕਾਂ ਨੂੰ ਸਿਖਿਆ ਉਨ੍ਹਾਂ ਦੀਆਂ ਆਪੋ ਆਪਣੀਆਂ ਭਾਸ਼ਾਵਾਂ ਵਿਚ ਦਿਤੀ ਜਾਂਦੀ ਹੈ ਪਰ ਕੇਵਲ ਪੰਜਾਬ ਵਿਚ ਹੀ ਲੋਕਾਂ ਦੀ ਮਾਤ-ਭਾਸ਼ਾ ਪੰਜਾਬੀ ਵਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ। ਸਿੱਟੇ ਵਜੋਂ ਆਮ ਲੋਕੀ ਵਿਦਿਆ ਦੇ ਮਾਮਲੇ ਵਿਚ ਪੱਛੜੇ ਹੋਏ ਹਨ।"[96]

ਪਰ ਇਸ ਐਡਰੈਸ ਤੇ ਇਹੋ ਜਿਹੇ ਹੋਰ ਕਈ ਯਾਦ-ਪੱਤਰ ਪੰਜਾਬੀ ਦਾ ਕੁਝ ਸੁਆਰਨ ਜਾਂ ਸਰਕਾਰ ਦੀ ਭਾਸ਼ਾ ਨੀਤੀ ਨੂੰ ਬਦਲਣ ਤੋਂ ਅਸਮਰੱਥ ਰਹੇ।

(9) ਸਿੰਘ ਸਭਾ ਗਜ਼ਟ ਨੇ ਆਪਣੇ 19 ਅਗਸਤ 1893 ਵਾਲੇ ਅੰਕ ਵਿਚ 'ਗੁਰਮੁਖੀ ਵਿਦਿਯਾ ਤੇ ਖਾਲਸਾ ਪੰਥ' ਦੇ ਸਿਰਲੇਖ ਹੇਠ ਲਿਖਿਆ:-

> "ਕੇਡੀ ਸ਼ੁਰਮ ਦੀ ਗੱਲ, ਜੁ ਲਾਈਟਨਰ ਸਾਹਿਬ ਜੈਸੇ ਯੂਰਪੀਅਨ ਗੈਰ ਮੁਲਕ ਵਾਲੇ ਅਤੇ ਗੈਰ-ਮਜ਼ਹਬ ਵਾਲੇ ਤਾਂ ਗੁਰਮੁਖੀ ਦੇ ਇਮਤਿਹਾਨ ਮੁਕੱਰਰ ਕਰਨ ਤੇ ਸ੍ਰੀ ਯੁਤ ਮੈਕਾਲਫ ਸਾਹਿਬ ਜਿਹੇ ਇਸ ਪੰਥ ਦੀ ਯੋਜਨਾਂ ਤੇ ਪੈਰਵੀ ਕਰਨ ਤੇ ਆਪਣੀਆਂ ਬਣਾਈਆਂ ਹੋਈਆਂ ਪੁਸਤਕਾਂ ਗੁਰਮੁਖੀ ਵਿਚ ਛਪਵਾ ਕੇ ਪ੍ਰਗਟ ਕਰਦੇ ਰਹਿਣ ਅਤੇ ਸਾਡੇ ਭਰਾ ਤੇ ਬਜ਼ੁਰਗ ਇਸ ਆਪਣੀ ਇਸ਼ਟ ਵਿਦਯਾ ਨਾਲ ਇਹੋ ਜਿਹਾ ਪ੍ਰੇਮ ਰੱਖਣ ਕਿ ਚਿੱਠੀ ਆਦਿ ਲਿਖਣ ਵੇਲੇ ਗੁਰਮੁਖੀ ਵਲੋਂ ਮੱਥੇ ਤੇ ਤਿਊੜੀ ਪਾਉਣ। ਦਸਖਤ ਕਰਣ ਵੇਲੇ ਵੀ ਨਕ ਤੇ ਤੋੜਾ। ਹਿੰਦੀ ਦੇ ਸ਼ੁਭ ਚਿੰਤਕਾਂ ਦੇ ਉੱਦਮ ਕਿ ਇਨ੍ਹਾਂ ਦੇ ਦੇਸ(ਯੂ.ਪੀ.) ਵਿਚ ਕਿਤੇ ਅਦਾਲਤਾਂ ਦੀਆਂ ਕਾਰਵਾਈਆਂ ਬੀ ਹਿੰਦੀ ਵਿਚ ਹੀ ਹੁੰਦੀਆਂ ਹਨ ਜਿੱਥੇ ਕਿ ਉਰਦੂ ... ਦੀ ਕੁਝ ਵਾਹ ਨਹੀਂ ਚਲ ਸਕਦੀ। ਏਥੋਂ ਤਕ ਜੁ ਰੇਲ ਦੀਆਂ ਟਿਕਟਾਂ ਤੇ ਗੱਡੀਆਂ ਵਿਚ ਅਤੇ ਡਾਕਖਾਨੇ ਅਤੇ ਰੇਲ ਦੇ ਫਾਰਮਾਂ ਉਤੇਅਕਸਰ ਹਿੰਦੀ ਦਾ ਛਾਪਾ ਮੌਜੂਦ ਹੈ। ਰਿਆਸਤ ਜੰਮੂ ਦੇ ਕਾਗਜ਼ਾਤ ਅਕਸਰ ਉਥੋਂ ਦੇ ਡੋਗਰਾ ਅੱਖਰਾਂ ਵਿਚ ਰਹਿਨ। ਪ੍ਰੰਤੂ ਪੰਜਾਬ ਵਿਚ ਪੰਜਾਬੀ ਦਾ ਘਾਤ ਹੋਂਦਾ ਹੋਵੇ ਤੇ ਸਿੰਘ ਕੁਝ ਹੀਲਾ ਨਾ ਕਰਨ।" ਗਵਰਨਮਿੰਟ ਦਾ ਨਿਯੰਕਾਰੀ ਕਾਰਯ, ਜਿਸ ਦੇ ਸਾਏ ਹੇਠ ਸ਼ੇਰ ਬਕਰੀ ਇਕ ਘਾਟ ਪਾਣੀ ਪੀਵੇ ਤੇ ਫੇਰ ਖਾਲਸਾ ਜੀ ਗੁਰਮੁਖੀ ਵਿਦਯਾ ਦੇ ਪ੍ਰਚਾਰ ਲਈ ਕੋਈ ਯਤਨ ਨਾ ਕਰਨ?"

---

96. ਤੇਜਾ ਸਿੰਘ – ਪੰਜਾਬ ਪਾਸਟ ਐਂਡ ਪ੍ਰੈਜ਼ੰਟ – ਅਪ੍ਰੈਲ 1973, ਪੰਨਾ 93

(10) ਇਸ ਅਖ਼ਬਾਰ ਦੇ ਸੰਪਾਦਕੀ ਨੋਟ ਦਾ ਅਸਰ ਜਾਂ ਮਹਾਰਾਜਾ ਹੀਰਾ ਸਿੰਘ ਨਾਭਾ ਦਾ ਸਿੱਖੀ ਜਾਂ ਪੰਜਾਬੀ ਪਿਆਰ ਸੀ ਕਿ ਉਨ੍ਹਾਂ ਨੇ ਰਿਆਸਤ ਵਿਚ ਇਕ ਮਹਿਕਮਾ ਸਥਾਪਤ ਕਰ ਕੇ ਹੁਕਮ ਦਿਤਾ ਕਿ ਰਾਜ ਦਾ ਸਾਰਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਏ।[97] ਸਿੰਘ ਸਭਾ ਗਜ਼ਟ ਨੇ ਇਸ ਸੰਬੰਧੀ ਆਪਣੇ 16 ਸਤੰਬਰ 1893 ਦੇ ਅੰਕ ਵਿਚ ਹੇਠ ਲਿਖੀ ਖ਼ਬਰ ਬੜੇ ਮੋਟੇ ਅੱਖਰਾਂ ਵਿਚ ਛਾਪੀ:-

> " ਖ਼ੁਸ਼ੀ ਖ਼ੁਸ਼ੀ ਅਤਯੰਤ ਖ਼ੁਸ਼ੀ "
>
> " ਸੁਣਿਆ ਗਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਯਾ ਪੂਰਨ ਕਰਨੇ ਹਾਰੇ ਸ੍ਰੀ ਮਹਾਰਾਜਾ ਸਾਹਿਬ ਬਹਾਦਰ ਵਲੀਏ ਨਾਭਾ ਨੇ ਆਪਣੀ ਰਿਆਸਤ ਦਾ ਇਕ ਮਹਿਕਮਾ ਗੁਰਮੁਖੀ ਵਿਚ ਕਾਰ ਚਲਾਉਣ ਲਈ ਨਿਯਤ ਕਰ ਦਿੱਤਾ ਹੈ ਤੇ ਅਹਿਲਕਾਰ ਰੱਖ ਕੇ ਕਾਰਯ ਦਾ ਪ੍ਰਾਰੰਭ ਕਰ ਦਿੱਤਾ ਹੈ। "

ਏਸੇ ਅਖ਼ਬਾਰ ਦੇ ਅਗਲੇ ਅੰਕ ਵਿਚ ਕੋਈ ਗੁਮਨਾਮ ਕਵੀ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਦੀ ਮਹੱਤਤਾ ਨੂੰ ਦਰਸਾਉਣ ਲਈ ਇਕ ਕਵਿਤਾ ਲਿਖ ਕੇ ਅਖੀਰ ਵਿਚ ਮਹਾਰਾਜਾ ਨਾਭਾ ਨੂੰ ਵਧਾਈ ਦਿੰਦਾ ਹੈ, ਜਿਨ੍ਹਾਂ ਨੇ ਆਪਣੇ ਰਾਜ ਵਿਚ ਪੰਜਾਬੀ ਨੂੰ ਸਰਕਾਰੀ ਜ਼ਬਾਨ ਦਾ ਦਰਜਾ ਦਿੱਤਾ।

ਪਟਿਆਲਾ ਰਿਆਸਤ ਵਿਚ ਸਰਕਾਰੀ ਕੰਮ ਕਾਜ ਪੰਜਾਬੀ ਵਿਚ[98] ਕੀਤੇ ਜਾਣ ਦੇ ਵੇਰਵੇ ਮਿਲਦੇ ਹਨ ਜਿਨ੍ਹਾਂ ਅਨੁਸਾਰ ਸਰਕਾਰੀ ਰੋਜ਼ਨਾਮਚੇ, ਸਟੋਰ ਦੇ ਰਜਿਸਟਰ, ਤਨਖ਼ਾਹ ਦੇ ਬਿੱਲ ਤੇ ਮਹਾਰਾਜੇ ਦੇ ਮਹਿਲਾਂ ਦਾ ਸਭ ਹਿਸਾਬ ਕਿਤਾਬ ਪੰਜਾਬੀ ਵਿਚ ਹੁੰਦਾ ਸੀ ਅਤੇ ਪਟਿਆਲਾ ਰਿਆਸਤ ਦਾ ਗਜ਼ਟ 29 ਮਈ 1910 ਈ. ਨੂੰ ਪਹਿਲੀ ਵਾਰੀ ਪੰਜਾਬੀ ਵਿਚ ਪ੍ਰਕਾਸ਼ਤ ਹੋਇਆ। ਦੇਸੀ ਰਿਆਸਤਾਂ ਵਿੱਚੋਂ ਪਟਿਆਲੇ ਨੂੰ ਇਹ ਮਾਣ ਦਿੱਤਾ ਜਾਂਦਾ ਰਿਹਾ ਹੈ ਕਿ ਪੰਜਾਬੀ ਨੂੰ ਸਰਕਾਰੀ ਕੰਮ ਕਾਜ ਲਈ ਸਭ ਤੋਂ ਪਹਿਲੇ ਏਥੇ ਹੀ ਵਰਤੋਂ ਵਿਚ ਲਿਆਂਦਾ ਗਿਆ। ਪਰ ਜਦ ਅਸੀਂ ਨਾਭਾ ਰਿਆਸਤ ਵਿਚ ਸਤੰਬਰ 1893 ਤੋਂ ਹੀ ਪੰਜਾਬੀ ਵਿਚ ਸਰਕਾਰੀ ਕੰਮ ਕਾਜ ਚਲਾਉਣ ਲਈ ਇਕ ਮਹਿਕਮੇ ਦਾ ਸਥਾਪਨਾ ਦੀ ਖ਼ਬਰ ਪੜ੍ਹਦੇ ਹਾਂ ਤਾਂ ਨਿਸਚੇ ਹੀ ਜਿੱਥੇ ਇਕ ਨਵਾਂ ਇਤਿਹਾਸਕ ਤੱਥ ਸਾਹਮਣੇ ਆਉਂਦਾ ਹੈ, ਉਥੇ ਇਸ ਨੂੰ ਪੰਜਾਬੀ ਦੇ ਵਿਕਾਸ ਵਲ ਇਕ ਠੋਸ ਕਦਮ ਵੀ ਆਖਿਆ ਜਾ ਸਕਦਾ ਹੈ।

---

97. 'ਖ਼ਾਲਸਾ ਗਜ਼ਟ' – 16 ਸਤੰਬਰ 1893 , ਪੰਨਾ 3.

98. ਭਗਤ ਸਿੰਘ –'ਇੰਟ੍ਰੋਡਕਸ਼ਨ ਆਫ਼ ਪੰਜਾਬੀ ਲੈਂਗੂਏਜ ਇਨ ਪਟਿਆਲਾ ਸਟੇਟ'–ਪੰਜਾਬ ਪਾਸਟ ਐਂਡ ਪ੍ਰੈਜ਼ੈਂਟ, – ਅਪ੍ਰੈਲ 1973, ਪੰਨਾ 156.

(11) ਇਨ੍ਹਾਂ ਦਿਨਾਂ ਵਿਚ ਹੀ ਰੇਲ ਤੇ ਡਾਕ ਤਾਰ ਵਿਭਾਗ ਨੇ ਵੀ ਪੰਜਾਬੀ ਲਾਗੂ ਕਰ ਦਿੱਤੀ ਅਤੇ ਸਟੇਸ਼ਨਾਂ ਦੇ ਨਾਂ ਗੁਰਮੁਖੀ ਅਖਰਾਂ ਵਿਚ ਲਿਖ ਦਿਤੇ। ਡਾਕ ਤਾਰ ਵਿਭਾਗ ਨੇ ਆਪਣੇ ਕਰਮਚਾਰੀਆਂ ਨੂੰ ਪੰਜਾਬੀ ਗੁਰਮੁਖੀ ਲਿੱਪੀ ਵਿਚ ਸਿਖਣ ਦੇ ਆਦੇਸ਼ ਜਾਰੀ ਕੀਤੇ ਅਤੇ ਇਹ ਵੀ ਆਖਿਆ ਕਿ ਜਿਹੜੇ ਕਰਮਚਾਰੀ ਪੰਜਾਬੀ ਨਹੀਂ ਸਿਖਣਗੇ, ਉਨ੍ਹਾਂ ਦੀਆਂ ਤਰੱਕੀਆਂ ਰੋਕ ਦਿੱਤੀਆਂ ਜਾਣਗੀਆਂ।[99] ਪੰਜਾਬ ਦੇ ਪੋਸਟ ਮਾਸਟਰ ਜਨਰਲ ਨੇ ਆਪਣੇ ਅਧੀਨ ਕੰਮ ਕਰ ਰਹੇ ਸਾਰੇ ਕਰਮਚਾਰੀਆਂ ਨੂੰ ਹਦਾਇਤ ਜਾਰੀ ਕੀਤੀ ਕਿ ਗੁਰਮੁਖੀ ਸਰਨਾਵੇਂ ਵਾਲੀਆਂ ਸਭ ਚਿੱਠੀਆਂ ਨੂੰ ਵਸੂਲ ਕਰਕੇ, ਅੰਗਰੇਜ਼ੀ ਸਰਨਾਵੇਂ ਵਾਲੀਆਂ ਚਿੱਠੀਆਂ ਦੇ ਨਾਲ ਹੀ ਥਾਂ ਸਿਰ ਪੁਚਾਇਆ ਜਾਏ।[100]

(12) ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਅਖੀਰਲੇ ਦੋ ਦਹਾਕਿਆਂ ਵਿਚ ਸਿੱਖਾਂ ਤੇ ਆਰੀਆ ਸਮਾਜੀਆਂ ਵਿਚ ਬੜਾ ਜ਼ਬਰਦਸਤ ਮਤ-ਭੇਦ ਖੜਾ ਹੋ ਗਿਆ, ਜਿਸ ਦਾ ਮੂਲ ਕਾਰਨ ਸਿੱਖਾਂ ਦੀ ਨਿਵੇਕਲੀ ਤੇ ਵਿਲੱਖਣ ਹੋਂਦ ਦੀ ਸਥਿਰਤਾ ਤੇ ਸਵੀਕ੍ਰਿਤੀ ਸੀ, ਜਿਸ ਦੀ ਆਰੀਆ ਸਮਾਜੀ ਆਪਣੇ ਸਾਰੇ ਜ਼ੋਰ ਨਾਲ ਵਿਰੋਧਤਾ ਕਰ ਕੇ ਸਿੱਖਾਂ ਨੂੰ ਹਿੰਦੂ ਮਤ ਦਾ ਇਕ ਅੰਗ ਸਿੱਧ ਕਰਨ ਲਈ ਯਤਨਸ਼ੀਲ ਸਨ। ਕੇਵਲ ਸ਼ੁਧੀ ਦੇ ਮਾਮਲੇ ਤੇ ਇਨ੍ਹਾਂ ਦੀ ਮਿਲਵਰਤਣ ਹੁੰਦੀ ਸੀ, ਬਾਕੀ ਸਭ ਮਾਮਲਿਆਂ ਸੰਬੰਧੀ ਇਨ੍ਹਾਂ ਦੇ ਮਤ-ਭੇਦ ਜਿਉਂ ਦੇ ਤਿਉਂ ਕਾਇਮ ਸਨ। ਇਨ੍ਹਾਂ ਸੰਪਰਦਾਇਕ ਵਖੇਵਿਆਂ ਤੇ ਧਾਰਮਿਕ ਮਤ-ਭੇਦਾਂ ਨੇ ਉਨ੍ਹੀਵੀਂ ਸਦੀ ਦੇ ਅਖੀਰ ਵਿਚ ਇਕ ਨਵਾਂ ਰੂਪ ਧਾਰ ਲਿਆ ਜਦੋਂ ਹਿੰਦੂ ਹਿੰਦੀ ਨੂੰ ਦੇਵਨਾਗਰੀ ਲਿੱਪੀ ਰਾਹੀਂ ਪਰਚਲਿਤ ਕਰ ਕੇ ਅਤੇ ਸਿੱਖ ਪੰਜਾਬੀ ਨੂੰ ਗੁਰਮੁਖੀ ਲਿੱਪੀ ਰਾਹੀਂ ਮਾਨਤਾ ਦੁਆ ਕੇ, ਆਪਣੀ ਵੱਖਰੀ ਸਭਿਆਚਾਰਕ ਹੋਂਦ ਨੂੰ ਦ੍ਰਿੜ੍ਹਾਉਣ ਤੇ ਤੁੱਲ ਗਏ।[101]

---

99. 'ਖ਼ਾਲਸਾ ਐਡਵੋਕੇਟ', 15 ਅਕਤੂਬਰ 1904

100. 'ਸਿਖ਼ਸ ਐਂਡ ਸਿਖਿਜ਼ਮ' — 16 ਜੁਲਾਈ, 1904.

101. Jones Kenneth W. "Educated Sikh leaders sought to define their community around the symbols of the Sikh's past, including that most powerful det rminant of separatism, linguistic identity. As Hindi in DevNagri Script, defined the revived Hindu, so Punjabi in Gurmukhi Script came to symbolize the demands for a separate Sikh identity."

Spokesman Delhi. Guru Nanak Number, 1973.

ਦੋਵੇਂ ਯਤਨ ਕਰਦੇ ਸਨ ਕਿ ਉਰਦੂ ਨੂੰ ਪੰਜਾਬ ਦੇ ਰਾਜ ਕਾਜ ਅਤੇ ਵਿੱਦਿਅਕ ਢਾਂਚੇ ਵਿਚੋਂ ਹਟਾ ਕੇ ਆਪੋ ਆਪਣੀਆਂ ਭਾਸ਼ਾਵਾਂ ਨੂੰ ਉਸ ਦੀ ਥਾਂ ਦੁਆਈ ਜਾਏ। ਪਰ ਹਿੰਦੂਆਂ ਨੂੰ ਪਤਾ[102] ਸੀ ਕਿ ਹਿੰਦੀ ਪੰਜਾਬ ਲਈ ਓਨੀ ਹੀ ਓਪਰੀ ਹੈ ਜਿੰਨੀ ਕਿ ਉਰਦੂ ਜਾਂ ਫਾਰਸੀ। ਇਸ ਲਈ ਉਨ੍ਹਾਂ ਨੇ ਇਹ ਮੰਗ ਪੇਸ਼ ਕੀਤੀ ਕਿ ਪੰਜਾਬ ਵਿਚ ਵਿੱਦਿਅਕ ਤੇ ਸਰਕਾਰੀ ਕੰਮਾਂ ਲਈ ਪੰਜਾਬੀ ਨੂੰ ਪ੍ਰਵਾਨਗੀ ਤੇ ਮਾਨਤਾ ਦਿੱਤੀ ਜਾਏ ਪਰ ਇਸ ਨੂੰ ਗੁਰਮੁਖੀ ਦੀ ਬਜਾਇ ਦੇਵਨਾਗਰੀ ਲਿੱਪੀ ਵਿਚ ਲਿਖਿਆ ਜਾਏ। ਸਿੱਖਾਂ ਵਲੋਂ ਇਸ ਤਜਵੀਜ਼ ਤੇ ਸੁਝਾ ਦੀ ਬੜੀ ਸਖ਼ਤ ਵਿਰੋਧਤਾ ਕੀਤੀ ਗਈ। ਸਿੱਟਾ ਇਹ ਨਿਕਲਿਆ ਕਿ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਲੋਂ ਪੰਜਾਬੀ ਦੀ ਵਿਰੋਧਤਾ ਜਾਰੀ ਰਹੀ ਤੇ ਇਕੱਲੇ ਸਿੱਖ ਇਸ ਨੂੰ ਕਿਸੇ ਪ੍ਰਕਾਰ ਦੀ ਸਰਕਾਰੀ ਮਾਨਤਾ ਦੁਆਉਣ ਤੋਂ ਅਸਮਰੱਥ ਰਹੇ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਹਿੰਦੀ ਤੇ ਪੰਜਾਬੀ ਦਾ ਝਗੜਾ ਚਲਦਾ ਰਿਹਾ ਕਿਉਂਜੋ ਪੰਜਾਬੀ ਲਈ ਦੇਵਨਾਗਰੀ ਲਿੱਪੀ ਨੂੰ ਪਰਵਾਨ ਕਰਨ ਦਾ ਸਪੱਸ਼ਟ ਸਿੱਟਾ ਇਹ ਨਿਕਲਣਾ ਸੀ ਕਿ ਹੌਲੀ ਹੌਲੀ ਹਿੰਦੀ ਨੇ ਪੰਜਾਬੀ ਦੀ ਥਾਂ ਲੈ ਲੈਣੀ ਸੀ। ਪੰਜਾਬੀ ਦੇ ਸਮਰਥਕ ਕਿਸੇ ਭਾਸ਼ਾ ਤੇ ਉਸ ਦੀ ਲਿੱਪੀ ਦੇ ਆਪਸੀ ਸੰਬੰਧਾਂ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਦੀ ਉਸ ਵੇਲੇ ਦੀ ਦਸ਼ਾ ਸੰਬੰਧੀ ਗੁਜਰਾਂਵਾਲੇ ਦੇ ਪਤਰ 'ਸਿਖ਼ਸ ਐਂਡ ਸਿਖਿਜ਼ਮ" ਨੇ ਆਪਣੇ 16 ਜੂਨ 1904 ਦੇ ਅੰਕ ਵਿਚ ਲਿਖਿਆ:-[103]

> "ਸਿਵਾਇ ਇਸ ਪੰਜਾਂ ਦਰਿਆਵਾਂ ਵਾਲੀ ਬਦਨਸੀਬ ਧਰਤੀ ਦੇ, ਭਾਰਤ ਦੇ ਹੋਰ ਸਾਰੇ ਪ੍ਰਾਂਤਾਂ ਦੀ ਆਪੋ ਆਪਣੀ ਭਾਸ਼ਾ ਤੇ ਲਿੱਪੀ ਹੈ। ਕੁਝ ਭੁਲੜ ਲੋਕ ਜਿਨ੍ਹਾਂ ਦਾ ਭਾਸ਼ਾ ਸੰਬੰਧੀ ਗਿਆਨ ਬੜਾ ਸੀਮਤ ਹੈ, ਤੁਅੱਸਬ ਵਿਚ ਅੰਨ੍ਹੇ ਹੋਏ, ਅਖ਼ਬਾਰਾਂ ਤੇ ਸਟੇਜਾਂ ਉਤੇ ਐਲਾਨ ਕਰਦੇ ਹਨ ਕਿ ਪੰਜਾਬੀ ਨੂੰ ਗੁਰਮੁਖੀ ਦੀ ਥਾਂ ਦੇਵਨਾਗਰੀ ਲਿੱਪੀ ਵਿਚ ਲਿਖਿਆ ਜਾਏ, ਪਰ ਪੰਜਾਬੀਆਂ ਲਈ ਦੇਵਨਾਗਰੀ ਲਿੱਪੀ ਨੂੰ ਅਪਨਾਉਣਾ ਉਨਾ ਹੀ ਔਖਾ ਹੈ ਜਿੰਨਾ ਬੰਗਾਲੀਆਂ ਜਾਂ ਸਿੰਧੀਆਂ ਲਈ ਆਪੋ ਆਪਣੀ ਮਾਤ ਭਾਸ਼ਾ ਰਾਹੀਂ ਆਪਣੇ ਖ਼ਿਆਲ ਪ੍ਰਗਟਾਉਣੇ ਸਮੇਂ ਦੇਵਨਾਗਰੀ ਜਾਂ ਫਾਰਸੀ ਨੂੰ ਅਪਨਾਉਣਾ। ਗੁਰਮੁਖੀ ਲਿੱਪੀ ਨੇ ਹੁਣ ਤਕ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਸੁਰੱਖਿਅਤ ਰੱਖਿਆ ਹੈ, ਨਹੀਂ ਤਾਂ ਇਹ ਕਦੋਂ ਦੀ ਮਰ ਖਪ ਗਈ ਹੁੰਦੀ ਤੇ ਹਿੰਦੀ ਜਾਂ ਉਰਦੂ ਨੂੰ ਆਪਣੀ ਥਾਂ ਦੇ ਚੁਕੀ ਹੁੰਦੀ। ਪੰਜਾਬੀ ਲਈ ਦੇਵਨਾਗਰੀ ਲਿੱਪੀ ਨੂੰ ਅਪਨਾਉਣਾ, ਸਹਿਜੇ ਸਹਿਜੇ ਪੰਜਾਬੀ ਦੀ ਥਾਂ ਹਿੰਦੀ ਨੂੰ ਦਿਵਾਉਣ ਵਲ ਪਹਿਲਾ ਕਦਮ ਹੋਵੇਗਾ।"

---

102. Ibid. "Now whether Punjabi or Hindi should replace Urdu has again become a burning topic of the day. Those who for bigotry's sake, wanted Hindi to become court language which is nonetheless a foreign language like Persian and Urdu finding that they will meet with utter failure in this attempt have now commenced to argue that for the Panjab, there should be no language other than Panjabi, but it should be written in Hindi characters instead of in the Gurmukhi Characters." (p.33.

103. 'ਸਿਖ਼ਸ ਐਂਡ ਸਿਖਿਜ਼ਮ' — ਗੁਜਰਾਂਵਾਲਾ, 16 ਜੂਨ 1904.

(13) ਅੱਜ ਜਦੋਂ ਅਸੀਂ ਪੌਣੀ ਸਦੀ ਦੇ ਪਿਛਲੇ ਇਤਿਹਾਸ ਉਤੇ ਨਜ਼ਰ ਮਾਰਦੇ ਹਾਂ ਤਾਂ ਇਹ ਤੱਥ ਪ੍ਰਤੱਖ ਤੌਰ ਤੇ ਸਾਹਮਣੇ ਆ ਜਾਂਦਾ ਹੈ ਕਿ ਹਿੰਦੀ ਪੰਜਾਬੀ ਦਾ ਜਿਹੜਾ ਝਗੜਾ ਪੰਜਾਬ ਵਿਚ ਤੁਰਿਆ ਆ ਰਿਹਾ ਹੈ, ਉਸ ਦਾ ਮੂਲ ਧੁਰਾ ਇੱਕੋ ਨਿਸ਼ਾਨੇ ਦੁਆਲੇ ਘੁੰਮ ਰਿਹਾ ਹੈ ਕਿ ਜੇ ਗੁਰਮੁਖੀ ਲਿੱਪੀ ਦਾ ਤਿਆਗ ਕਰਕੇ ਪੰਜਾਬੀ ਲਈ ਦੇਵਨਾਗਰੀ ਲਿੱਪੀ ਨੂੰ ਵਰਤਣ ਦੀ ਖੁਲ੍ਹ ਲੈ ਲਈ ਜਾਏ ਤਾਂ ਫੇਰ ਪੰਜਾਬੀ ਦੀ ਨਾ ਕੇਵਲ ਪ੍ਰਗਤੀ ਹੀ ਰੋਕੀ ਜਾ ਸਕੇਗੀ ਸਗੋਂ ਸਹਿਜੇ ਸਹਿਜੇ ਇਸ ਦੀ ਵਖਰੀ ਹੋਂਦ ਮੁਕਾ ਕੇ ਇਸ ਨੂੰ ਹਿੰਦੀ ਦੀ ਇਕ ਉਪ-ਭਾਖਾ ਬਣਾਉਣਾ ਸੌਖਾ ਹੋਵੇਗਾ। ਇਸ ਰੁਚੀ ਦੇ ਪਿੱਛੇ ਇਕ ਮਨੋ-ਵਿਗਿਆਨਕ ਤੱਥ ਇਹ ਵੀ ਕੰਮ ਕਰ ਰਿਹਾ ਹੈ ਕਿ ਜਿੱਥੇ ਧਾਰਮਿਕ ਤੌਰ ਤੇ ਸਿੱਖਾਂ ਨੇ ਆਪਣੀ ਵੱਖਰੀ ਤੇ ਵਿਲੱਖਣ ਹੋਂਦ ਦੀ ਸਥਿਰਤਾ ਤੇ ਸੁਰੱਖਿਅਤਾ ਲਈ ਸਾਰੇ ਵਿਰੋਧੀ ਹੱਲਿਆਂ ਨੂੰ ਠੱਲ੍ਹ ਪਾ ਦਿੱਤੀ ਸੀ, ਉਥੇ ਏਸੇ ਪ੍ਰਸ਼ਨ ਨੂੰ ਸਭਿਆਚਾਰਕ ਤੇ ਭਾਸ਼ਾਈ ਦ੍ਰਿਸ਼ਟੀ ਤੋਂ ਆਪਣਾ ਰੰਗ ਚਾੜ੍ਹ ਕੇ ਤੇ ਪੰਜਾਬੀ ਭਾਸ਼ਾ ਨੂੰ ਅਵਿਗਸਤ ਤੇ ਲਿੱਪੀ ਨੂੰ ਅਪੂਰਨ, ਅਵਿਗਿਆਨਕ ਤੇ ਅਸਮਰੱਥ ਸਿੱਧ ਕਰ ਕੇ ਆਪਣੀ ਪ੍ਰਭੁਤਾ ਤੇ ਸ੍ਰੇਸ਼ਟਤਾ ਦਾ ਸਿੱਕਾ ਬਿਠਾਇਆ ਜਾਏ। ਇਸ ਤਰ੍ਹਾਂ ਜਿੱਥੇ ਦੇਵਨਾਗਰੀ ਲਿੱਪੀ ਅਪਨਾਉਣ ਨਾਲ ਪੰਜਾਬੀ ਭਾਸ਼ਾ ਦਾ ਆਪਣੇ ਮੂਲ ਨਾਲੋਂ ਸੰਬੰਧ ਟੁੱਟ ਜਾਏਗਾ, ਉਥੇ ਭਵਿੱਖ ਵਿਚ ਇਸ ਨੂੰ ਆਪਣੀ ਨੁਹਾਰ ਦੇ ਅਨੁਕੂਲ ਢਾਲਣਾ ਸੰਭਵ ਤੇ ਸੌਖਾ ਹੋਵੇਗਾ। ਪੰਜਾਬ ਵਿਚ ਪੰਜਾਬੀ, ਹਿੰਦੀ ਤੇ ਗੁਰਮੁਖੀ ਦੇਵਨਾਗਰੀ ਦੇ ਪ੍ਰਸ਼ਨ ਨੂੰ ਵਿਕੋਲਿਤ੍ਰੇ ਰੂਪ ਵਿਚ ਜਾਂ ਨਵੇਂ ਉਪਜੇ ਪ੍ਰਸ਼ਨ ਵਜੋਂ ਦੇਖਣ, ਸਮਝਣ ਜਾਂ ਨਜਿੱਠਣ ਨਾਲੋਂ, ਇਸ ਨੂੰ ਪੰਜਾਬ ਵਿਚ ਹਿੰਦੂ ਸਿੱਖਾਂ ਦੇ ਪਿਛਲੇ ਸੌ ਸਾਲਾਂ ਦੇ ਸੰਪਰਦਾਇਕ ਸੰਬੰਧਾਂ ਦੀ ਰੌਸ਼ਨੀ ਵਿਚ ਦੇਖਣ ਨਾਲ ਹੀ ਸਹੀ ਸਥਿਤੀ ਦੀ ਸੋਝੀ ਪੈ ਸਕੇਗੀ। ਇਸ ਖਿੱਚੋਤਾਣ ਅਧੀਨ ਜਿੱਥੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਨੂੰ ਬੇਹੱਦ ਹਾਨੀ ਪੁੱਜੀ, ਉਥੇ ਪੰਜਾਬੀਆਂ ਦੇ ਬਤੌਰ ਇਕ ਕੌਮ ਵਜੋਂ ਸੰਗਠਤ ਹੋਣ ਦੀਆਂ ਸੰਭਾਵਨਾਵਾਂ ਵੀ ਖ਼ਤਮ ਹੋ ਗਈਆਂ।

(14) ਪੰਜਾਬ ਦੇ ਭਾਸ਼ਾਈ ਮਸਲੇ ਦਾ ਵਿਸ਼ਲੇਸ਼ਣ ਇਕ ਹੋਰ ਦ੍ਰਿਸ਼ਟੀ ਤੋਂ ਵੀ ਕੀਤਾ ਜਾ ਸਕਦਾ ਹੈ। ਉਨ੍ਹੀਵੀਂ ਸਦੀ ਦੇ ਪਹਿਲੇ ਸੱਤ ਦਹਾਕਿਆਂ ਤੱਕ ਜਾਂ ਪੰਜਾਬ ਵਿਚ ਸਿੰਘ ਸਭਾ ਤੇ ਆਰੀਆ ਸਮਾਜ ਦੀ ਸਥਾਪਨਾ ਤਕ ਪੰਜਾਬ ਦੇ ਲਗਭਗ ਸਾਰੇ ਹਿੰਦੂ ਤੇ ਸਿੱਖ ਵਿਦਵਾਨ ਬ੍ਰਜ-ਭਾਸ਼ਾ ਤੇ ਗੁਰਮੁਖੀ ਲਿੱਪੀ ਨੂੰ ਆਪਣੀਆਂ ਸਾਹਿੱਤਕ ਕ੍ਰਿਤਾਂ ਲਈ ਵਰਤਦੇ ਸਨ। ਉਸ ਵੇਲੇ ਤਕ ਆਮ ਰੁਚੀ ਇਹੀ ਸੀ ਕਿ ਪੰਜਾਬੀ ਕੇਵਲ ਅਨਪੜ੍ਹ ਤੇ ਗੰਵਾਰੂ ਲੋਕਾਂ ਦੀ ਬੋਲ ਚਾਲ ਦੀ ਭਾਸ਼ਾ ਹੈ ਅਤੇ ਵਿਦਵਾਨਾਂ ਦੀ ਸਾਹਿੱਤਕ ਭਾਸ਼ਾ ਪੰਜਾਬੀ ਨਹੀਂ ਸਗੋਂ ਬ੍ਰਜੀ ਹੈ। ਗੁਰਮੁਖੀ ਲਿੱਪੀ ਵਿਚ ਹਿੰਦੀ ਜਾਂ ਬ੍ਰੱਜੀ ਦਾ ਮਣਾਂ-ਮੂੰਹੀਂ ਸਾਹਿੱਤ ਪੰਜਾਬ ਵਿਚ ਹਿੰਦੂਆਂ ਤੇ ਸਿੱਖਾਂ ਦੇ ਸਾਂਝੇ ਯਤਨਾਂ ਦੁਆਰਾ ਰਚਿਆ ਗਿਆ। ਪੰਜਾਬ

ਦੇ ਮੁਸਲਮਾਨ ਲੇਖਕ ਵਧੇਰੇ ਕਰਕੇ ਪੰਜਾਬੀ ਵਿਚ ਸਾਹਿੱਤ ਸਿਰਜਣਾ ਕਰਦੇ ਤਾਂ ਸਨ ਪਰ ਉਨ੍ਹਾਂ ਦੀ ਲਿੱਪੀ ਫਾਰਸੀ ਸੀ। ਅੰਗਰੇਜ਼ਾਂ ਦੇ ਆਉਣ ਨਾਲ ਅਤੇ ਉਰਦੂ ਦੇ ਸਰਕਾਰੀ ਭਾਸ਼ਾ ਵਜੋਂ ਮਾਨਤਾ ਪ੍ਰਾਪਤ ਕਰਨ ਨਾਲ ਮੁਸਲਮਾਨ ਪੰਜਾਬੀ ਵਲੋਂ ਮੂੰਹ ਮੋੜਨ ਲਗ ਪਏ ਅਤੇ ਉਰਦੂ ਨੂੰ ਆਪਣੇ ਵਿਚਾਰ ਪ੍ਰਗਟਾਵੇ ਦਾ ਮਾਧਿਅਮ ਬਨਾਉਣ ਵਿਚ ਫਖ਼ਰ ਮਹਿਸੂਸ ਕਰਨ ਲਗ ਪਏ। ਇਸ ਤਰ੍ਹਾਂ ਉਨ੍ਹਾਂ ਦੀ ਸਭਿਆਚਾਰਕ ਸਾਂਝ ਭਾਰਤ ਦੇ ਹੋਰ ਪ੍ਰਾਂਤਾਂ ਤੇ ਆਪਣੇ ਹਮ-ਮਜ਼ਹਬਾਂ ਨਾਲ ਵਧਣ ਲਗੀ ਤੇ ਉਨ੍ਹਾਂ ਨੂੰ ਇਕ ਵਿਸ਼ਾਲ ਸੰਸਕ੍ਰਿਤੀ ਦਾ ਅੰਗ ਬਨਣ ਵਿਚ ਗੌਰਵ ਮਹਿਸੂਸ ਹੋਣ ਲਗਾ।

(15)ਇਸ ਦ੍ਰਿਸ਼ਟੀਕੋਣ ਨੇ ਪੰਜਾਬ ਦੇ ਹਿੰਦੂਆਂ ਨੂੰ ਸਿੱਖਾਂ ਨਾਲੋਂ ਨਿਖੇੜ ਦਿੱਤਾ। ਉਹ ਆਪਣਾ ਸੰਸਕ੍ਰਿਤਕ ਤੇ ਸਭਿਆਚਾਰਕ ਵਿਰਸਾ ਵੇਦਾਂ ਨੂੰ ਸਮਝਣ ਲਗ ਪਏ। ਇਸ ਗਲ ਨੇ ਹਿੰਦੂਆਂ ਨੂੰ ਪੰਜਾਬ ਦੇ ਸਭਿਆਚਾਰਕ ਢਾਂਚੇ ਨਾਲੋਂ ਨਿਖੇੜ ਦਿਤਾ। ਗੁਰਮੁਖੀ ਲਿੱਪੀ ਨੂੰ ਗੁਰੂਆਂ ਨਾਲ ਜੋੜ ਕੇ ਇਸ ਦੇ ਪ੍ਰਯੋਗ ਤੋਂ ਸੰਕੋਚ ਕਰਨ ਦੀ ਭਾਵਨਾ ਨੇ, ਉਨ੍ਹਾਂ ਦੇ ਮਨਾਂ ਵਿਚ ਇਕ ਖਲਾ ਪੈਦਾ ਕਰ ਦਿੱਤਾ। ਪੱਛਮੀ ਪ੍ਰਭਾਵ ਅਧੀਨ ਗ੍ਰਹਿਣ ਕੀਤੀ ਨਵੀਂ ਸੋਝੀ ਨੇ, ਸਿੰਘ ਸਭਾ ਦੇ ਆਗੂਆਂ ਦੇ ਨਿਰੋਲ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿੱਪੀ ਦੁਆਰਾ ਵਿਗਸਾਉਣ ਤੇ ਇਸ ਨੂੰ ਸਿੱਖਿਆ ਅਤੇ ਕਾਰ-ਵਿਹਾਰ ਦੀ ਭਾਸ਼ਾ ਵਜੋਂ ਉੱਨਤ ਕਰਨ ਦੇ ਨਿਸ਼ਾਨੇ ਨੇ, ਬ੍ਰਜ-ਭਾਸ਼ਾ ਵਲੋਂ ਆਮ ਸਿੱਖਾਂ ਦੀ ਰੁਚੀ ਨੂੰ ਮੋੜ ਦਿੱਤਾ। ਇਸ ਦਾ ਸੁਭਾਵਿਕ ਪ੍ਰਤਿਕਰਮ ਹਿੰਦੂਆਂ ਵਿਚ ਇਹ ਹੋਇਆ ਕਿ ਉਹ ਗੁਰਮੁਖੀ ਲਿੱਪੀ ਨੂੰ ਤਿਆਗ ਕੇ ਹਿੰਦੀ ਭਾਸ਼ਾ ਅਤੇ ਦੇਵਨਾਗਰੀ ਲਿੱਪੀ ਦੇ ਸਮਰੱਥਕ ਬਣ ਗਏ ਅਤੇ ਇਸ ਗਲ ਤੇ ਜ਼ੋਰ ਦੇਣ ਲਗ ਪਏ ਕਿ ਪੰਜਾਬੀ ਨੂੰ ਵੀ ਦੇਵਨਾਗਰੀ ਲਿੱਪੀ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

ਉਪ੍ਰੋਕਤ ਪਿਛੋਕੜ ਵਿਚ ਅਸੀਂ ਵੇਖਦੇ ਹਾਂ ਕਿ ਉਨ੍ਹੀਵੀਂ ਸਦੀ ਦੇ ਅਖੀਰ ਤਕ ਪੰਜਾਬ ਦੀਆਂ ਤਿੰਨੇ ਪ੍ਰਮੁੱਖ ਜਾਤੀਆਂ ਜਿਥੇ ਧਾਰਮਿਕ ਤੌਰ ਤੇ ਇਕ ਦੂਜੇ ਦੇ ਟਾਕਰੇ ਤੇ ਆਪਣੇ ਧਰਮ ਨੂੰ ਉੱਤਮ ਤੇ ਸ੍ਰੇਸ਼ਟ ਸਿੱਧ ਕਰਨ ਲਈ ਸਿਰਤੋੜ ਯਤਨ ਕਰ ਰਹੀਆਂ ਸਨ ਉਥੇ ਸਭਿਆਚਾਰਕ ਤੌਰ ਤੇ ਵੀ ਆਪਣੀ ਭਿੰਨਤਾ ਤੇ ਵੱਖਰੇ ਵਿਅਕਤਿੱਤਵ ਨੂੰ ਦ੍ਰਿੜ੍ਹਾਉਣ ਲਈ, ਸੰਪਰਦਾਇਕ ਭਾਵਨਾਵਾਂ ਅਧੀਨ, ਆਪੋ ਆਪਣੀ ਵਖਰੀ ਭਾਸ਼ਾ ਵੀ ਮੱਲ ਬੈਠੀਆਂ ਸਨ। ਮੁਸਲਮਾਨ ਫਾਰਸੀ ਲਿੱਪੀ ਵਿਚ ਉਰਦੂ ਨੂੰ, ਹਿੰਦੂ ਦੇਵਨਾਗਰੀ ਲਿੱਪੀ ਵਿਚ ਹਿੰਦੀ, ਤੇ ਕੇਵਲ ਸਿੱਖ ਪੰਜਾਬੀ ਨੂੰ ਗੁਰਮੁਖੀ ਲਿੱਪੀ ਵਿਚ ਉੱਨਤ ਕਰਨ ਦੇ ਇੱਛੁਕ ਦਿਖਾਈ ਦੇਣ ਲਗੇ। ਸਰਕਾਰੀ ਨੌਕਰੀਆਂ ਲਈ ਸਭਨਾਂ ਨੂੰ ਉਰਦੂ ਤੇ ਅੰਗਰੇਜ਼ੀ ਦੇ ਗਿਆਨ ਦੀ ਆਵਸ਼ਕਤਾ ਸੀ, ਇਸ ਲਈ ਇਨ੍ਹਾਂ ਭਾਸ਼ਾਵਾਂ ਦਾ ਗਿਆਨ ਤੇ ਇਨ੍ਹਾਂ ਰਾਹੀਂ ਉਚੇਰੀ ਸਿੱਖਿਆ ਦੀ ਪ੍ਰਾਪਤੀ ਤੇ ਉਸ ਲਈ ਲੋੜੀਂਦੇ ਸਾਧਨ ਪ੍ਰਾਪਤ ਕਰ ਸਕਣਾ, ਉਨ੍ਹੀਵੀਂ ਸਦੀ ਦੇ ਅੰਤ ਤਕ ਪੰਜਾਬ ਦੀਆਂ ਸਾਰੀਆਂ ਕੌਮਾਂ ਦੀ ਵਡੀ ਰੀਝ ਤੇ ਮੁਖ ਲਕਸ਼ ਸੀ। ਇਹੋ ਜਿਹੀਆਂ ਪ੍ਰਸਥਿਤੀਆਂ ਅਧੀਨ ਪੰਜਾਬੀ ਭਾਸ਼ਾ

ਤੇ ਸਾਹਿੱਤ ਦੀ ਉਨਤੀ ਦੀ ਰਫ਼ਤਾਰ ਕਿੰਨੀ ਕੁ ਤੇਜ਼ ਤੇ ਗਤੀਸ਼ੀਲ ਹੋ ਸਕਦੀ ਸੀ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ ਇਸ ਸਥਿਤੀ ਸੰਬੰਧੀ ਹੋਰ ਚਰਚਾ ਸਰਵੇਖਣ ਵਾਲੇ ਅਧਿਆਇ ਵਿਚ ਵਿਸਤਾਰ ਨਾਲ ਕੀਤੀ ਗਈ ਹੈ।

*****

# ਅਧਿਆਇ ਤੀਜਾ

**ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀਆਂ ਧਾਰਮਿਕ-ਸੁਧਾਰਕ ਲਹਿਰਾਂ**

(ੳ) ਮਿਸ਼ਨਰੀ ਲਹਿਰ

(ਅ) ਸਿੱਖਾਂ ਦੀਆਂ ਸੁਧਾਰਵਾਦੀ ਲਹਿਰਾਂ (ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਖਾਲਸਾ ਦੀਵਾਨ ਲਾਹੌਰ)

(ੲ) ਹਿੰਦੂਆਂ ਦੀਆਂ ਧਾਰਮਿਕ-ਸੁਧਾਰਵਾਦੀ ਲਹਿਰਾਂ (ਬ੍ਰਹਮੋ ਸਮਾਜ, ਦੇਵ ਸਮਾਜ, ਆਰੀਆ ਸਮਾਜ, ਗੁਲਾਬ ਦਾਸੀਏ, ਕਾਹਨੂ ਕਟੀਏ)

(ਸ) ਮੁਸਲਮਾਨਾਂ ਦੀਆਂ ਸੁਧਾਰਕ ਲਹਿਰਾਂ - (ਜਮਾਇਤਿ ਅਹਿਮਦੀਆ, ਫਿਰਕਾ ਸ਼ਾਹੀ, ਅੰਜਮਨਿ-ਇਸਲਾਮੀਆ, ਅੰਜੁਮਨਿ ਖਾਦਮਿ-ਉਮ ਇਸਲਾਮੀਆਂ)

## ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀਆਂ ਧਾਰਮਿਕ-ਸੁਧਾਰਕ ਲਹਿਰਾਂ

"ਭਾਰਤ ਵਿਚ ਕਿਸੇ ਵੀ ਲਹਿਰ ਦੀ ਤਕੜਾਈ ਲਈ ਉਸ ਦਾ ਧਰਮ ਉਤੇ ਅਧਾਰਿਤ ਹੋਣਾ ਜ਼ਰੂਰੀ ਹੈ ਅਤੇ ਭਾਰਤੀ ਦਿਲ ਦੇ ਰੇਸ਼ੇ ਤੇ ਅੰਤੜੀਆਂ ਧਰਮ ਨਾਲ ਇਸ ਪੇਚੀਦਗੀ ਨਾਲ ਤਾਰਪੋਦ ਹੋਏ ਪਏ ਹਨ ਕਿ ਇਸ ਦੀ ਪੂਰੀ ਧੜਕਣ ਉਸ ਵੇਲੇ ਹੀ ਸੁਣਾਈ ਦਿੰਦੀ ਹੈ ਜਦ ਕੋਈ ਧਾਰਮਿਕ ਮਾਮਲਾ ਸਾਹਮਣੇ ਆਏ ਅਤੇ ਜਿਸ ਵਿਚੋਂ ਹਮਦਰਦੀ-ਭਰੀ ਥਰਥਰਾਹਟ ਉਠੇ।"[1]
ਉਪ੍ਰੋਕਤ ਵਿਚਾਰ ਨੂੰ ਆਧਾਰ ਬਣਾ ਕੇ ਦੇਖੀਏ ਤਾਂ ਪ੍ਰਤੱਖ ਤੌਰ ਤੇ ਇਹ ਤੱਥ ਉਘੜ ਕੇ ਸਾਹਮਣੇ ਆ ਜਾਂਦਾ ਹੈ ਕਿ ਇਸ ਕਾਲ ਦੀਆਂ ਲਗਭਗ ਸਾਰੀਆਂ ਲਹਿਰਾਂ ਦੀ ਪਿਸ਼ਟ-ਭੂਮੀ ਧਰਮ ਹੀ ਸੀ ਅਤੇ ਉਹ ਸਾਰੀਆਂ ਲਹਿਰਾਂ ਸੁਭਾ ਕਰਕੇ ਸਮਾਨ ਜਾਂ ਇਕਸੂਰ ਹੋਣ ਕਰਕੇ ਅੱਡ ਅੱਡ ਧਾਰਮਿਕ ਮੱਤਾਂ ਜਾਂ ਜਾਤੀਆਂ ਦੇ ਸਮਾਜ ਸੁਧਾਰ ਅਤੇ ਧਾਰਮਿਕ ਪੁਨਰ-ਉਥਾਨ ਜਾਂ ਪੁਨਰ-ਨਿਰਮਾਣ ਵਜੋਂ ਹੀ ਹੋਂਦ ਵਿਚ ਆਈਆਂ। ਸਭਨਾਂ ਦਾ ਜਨਮ ਇਸ ਭੈ ਵਿਚੋਂ ਹੋਇਆ ਕਿ ਬਾਕੀ ਜਾਤੀਆਂ ਉਨ੍ਹਾਂ ਨੂੰ ਹੜੱਪ ਕਰਕੇ, ਉਨ੍ਹਾਂ ਦੀ ਹੋਂਦ ਤੇ ਹਸਤੀ ਨੂੰ ਮਿਟਾਉਣ ਉਤੇ ਤੁਲੀਆਂ ਹੋਈਆਂ ਹਨ। ਇਸ ਦੇ ਸੁਭਾਵਿਕ ਪ੍ਰਤਿਕਰਮ ਵਜੋਂ ਆਪਣੀ ਹੋਂਦ ਦੀ ਸੁਰੱਖਿਅਤਾ ਲਈ ਆਪਣੇ ਹਮ-ਮਜ਼ਹਬਾਂ ਨੂੰ, ਇਕ ਭਾਵਕ, ਮਾਨਸਿਕ ਜਾਂ ਬੌਧਿਕ ਇਹਸਾਸ ਤੇ ਵਿਸ਼ਵਾਸ਼ ਦਿਵਾਉਣ ਦੀ ਲੋੜ ਪਈ ਕਿ ਉਨ੍ਹਾਂ ਦਾ ਧਰਮ ਬਾਕੀ ਸਭ ਧਰਮਾਂ ਨਾਲੋਂ ਉੱਤਮ ਤੇ ਸ੍ਰੇਸ਼ਟ ਹੈ ਅਤੇ ਉਨ੍ਹਾਂ ਨੂੰ ਇਸ ਉਤੇ ਪੂਰਨ ਟੇਕ ਤੇ ਅਪਾਰ ਗੌਰਵ ਅਨੁਭਵ ਕਰਨਾ ਚਾਹੀਦਾ ਹੈ।

ਵਿਰੋਧੀ ਮੱਤਾਂ ਦੀਆਂ ਦਲੀਲਾਂ ਦੇ ਤੱਥਾਂ ਜਾਂ ਮਿੱਥਾਂ ਨੇ ਅੰਤਰ-ਨਿਰੀਖਣ ਦੀ ਆਵੱਸ਼ਕਤਾ ਨੂੰ ਜਨਮ ਦਿੱਤਾ ਅਤੇ ਬਦਲੇ ਹੋਏ ਹਾਲਾਤ ਅਧੀਨ, ਪ੍ਰਤੱਖ ਦਿਖਾਈ ਦਿੰਦੀਆਂ ਕਮਜ਼ੋਰੀਆਂ ਜਾਂ ਪਰੰਪਰਾ ਤੋਂ ਤੁਰੀਆਂ ਆ ਰਹੀਆਂ ਗ਼ਲਤ ਧਾਰਨਾਵਾਂ, ਰਸਮਾਂ ਜਾਂ ਰਹੁ-ਰੀਤਾਂ ਅਤੇ ਜਾਂ ਫੇਰ ਸਮੇਂ ਦੇ ਬੀਤਣ ਨਾਲ ਨਿੱਜੀ ਹਿਤਾਂ ਦੀ ਪਾਲਣਾ ਅਤੇ ਪੂਰਤੀ ਲਈ ਅਪਣਾਈਆਂ ਗਈਆਂ ਅਜਿਹੀਆਂ ਨੀਤੀਆਂ, ਜਿਨ੍ਹਾਂ ਨੂੰ ਜਨਤਕ ਸ਼ਰਧਾ ਦੀ ਕਮਜ਼ੋਰੀ ਤੇ ਅਗਿਆਨਤਾ ਦੇ ਪੜਦੇ ਹੇਠਾਂ ਪਲਣ ਦੀ ਆਗਿਆ ਦਿੱਤੀ ਜਾਂਦੀ ਰਹੀ, ਸਭਨਾਂ ਸੰਬੰਧੀ ਖੋਜ ਪੜਤਾਲ ਕਰਕੇ ਉਨ੍ਹਾਂ ਦੀ ਸਾਰਥਕਤਾ ਤੇ ਸਮਰੱਥਾ ਦਾ ਪੁਨਰ-ਮੁਲਾਂਕਣ, ਇਨ੍ਹਾਂ ਲਹਿਰਾਂ ਦਾ ਦੂਜਾ ਮਹੱਤਵ-ਪੂਰਨ ਪੱਖ ਸੀ।

---

1. Basant-Annie-'India a Nation' Madras, 1925, p.71.

ਈਸਾਈ ਮਿਸ਼ਨਰੀ ਲਗਭਗ ਇਕ ਸੌ ਸਾਲ ਤੋਂ ਭਾਰਤ ਵਿਚ ਆਪਣੀਆਂ ਪਰਚਾਰੀ[2] ਸਰਗਰਮੀਆਂ ਵਿਚ ਜੁਟੇ ਹੋਏ ਸਨ ਅਤੇ ਉਨ੍ਹਾਂ ਨੇ ਏਥੋਂ ਦੇ ਸਾਰੇ ਧਰਮਾਂ ਨੂੰ ਜਾਂਗਲੂ, ਪਛੜੇ ਹੋਏ, ਪ੍ਰਤੀਗਾਮੀ ਤੇ ਪ੍ਰਤਿ-ਕਿਰਿਆਵਾਦੀ ਦਸ ਕੇ ਲੋਕਾਂ ਦੇ ਮਨਾਂ ਵਿੱਚ ਆਪਣੇ ਧਰਮਾਂ ਸੰਬੰਧੀ ਹੀਣਤਾ ਤੇ ਵਿਸ਼ਾਦ ਪੈਦਾ ਕਰਨ ਦਾ ਯਤਨ ਕੀਤਾ। ਪ੍ਰਤਿਕਰਮ ਵਜੋਂ ਵੱਖ ਵੱਖ ਪੁਰਾਤਨ ਧਰਮਾਂ ਦਾ ਡੂੰਘਾ ਤੇ ਸਰਬ-ਪੱਖੀ ਅਧਿਐਨ, ਇਨ੍ਹਾਂ ਲਹਿਰਾਂ ਦਾ ਇਕ ਹੋਰ ਮਨੋਰਥ ਬਣ ਗਿਆ।

ਬਦੇਸ਼ੀ ਗੁਲਾਮੀ ਨੇ ਸਦਾਚਾਰਕ ਕਮਜ਼ੋਰੀ ਅਤੇ ਨਿਰਬਲਤਾ ਦੇ ਹੀਣ-ਭਾਵਾਂ ਨੂੰ ਜਨਮ ਦਿੱਤਾ ਅਤੇ ਵਰਤਮਾਨ ਦੀਆਂ ਪ੍ਰਸਥਿੱਤੀਆਂ ਤੇ ਵਿਆਪਕ ਸਮੱਸਿਆਵਾਂ ਦੇ ਸਨਮੁੱਖ ਆਪਣੇ ਆਪ ਨੂੰ ਅਯੋਗ ਤੇ ਅਸਮਰਥ ਸਮਝ ਕੇ ਭੂਤ ਵਿੱਚੋਂ ਤਸੱਲੀ ਲੱਭਣ ਦੀ ਭਾਵਨਾ ਵੀ ਇਨ੍ਹਾਂ ਲਹਿਰਾਂ ਦੇ ਪ੍ਰਫੁਲਣ ਵਿਚ ਸਹਾਇਕ ਬਣੀ।

ਅੰਗਰੇਜ਼ੀ ਵਿਦਿਆ ਤੇ ਪੱਛਮੀ ਸਭਿਆਚਾਰ ਤੇ ਸਾਹਿੱਤ ਦੇ ਪਸਾਰ ਨੇ ਇਕ ਨਵੀਂ ਪੜ੍ਹੀ ਲਿਖੀ ਬੁਧੀ-ਜੀਵੀ ਸ਼ਹਿਰੀ ਮੱਧ ਸ਼੍ਰੇਣੀ ਨੂੰ ਜਨਮ ਦਿੱਤਾ ਜਿਸ ਨੇ ਹਰ ਨਵੇਂ ਵਿਚਾਰ ਨੂੰ ਨਿਆਇ-ਸ਼ੀਲਤਾ ਦੀ ਦ੍ਰਿਸ਼ਟੀ ਤੋਂ ਦੇਖਣਾ ਸ਼ੁਰੂ ਕੀਤਾ। ਸਿੱਟੇ ਵਜੋਂ ਉਨ੍ਹਾਂ ਨੇ ਪੱਛਮੀ ਗਿਆਨ, ਵਿਗਿਆਨ ਅਤੇ ਭਾਰਤੀ ਸੁਨਹਿਰੀ ਭੂਤ ਨੂੰ ਜੋੜਨ ਦੀ ਕੋਸ਼ਿਸ਼ ਕੀਤੀ। ਇਸ ਯਤਨ ਅਧੀਨ ਨਵੇਂ ਸਾਧਨਾਂ ਤੇ ਮਾਧਿਅਮਾਂ ਦੀ ਵਰਤੋਂ ਨੇ ਆਮ ਲੋਕਾਂ ਨੂੰ ਛੇਤੀ ਸੁਚੇਤ ਕਰ ਦਿੱਤਾ ਜਿਸ ਨਾਲ ਉਹ ਆਪਣੇ ਆਪੇ ਦੀ ਪਛਾਣ ਦੇ ਯੋਗ ਹੋ ਗਏ।

ਨਵੇਂ ਰਾਜ ਪ੍ਰਬੰਧ ਅਧੀਨ ਨਵੀਆਂ ਸੰਸਥਾਵਾਂ ਦੀ ਹੋਂਦ ਨੇ ਵਿਦਿਆ ਦੇ ਅਰਥ ਬਦਲ ਦਿੱਤੇ। ਪਹਿਲਾਂ ਵਿੱਦਿਆ ਨਿਰੋਲ ਧਾਰਮਿਕ ਸੀ ਜਿਸ ਦਾ ਮਨੋਰਥ ਪਰਮਾਰਥਕ ਹੁੰਦਾ ਸੀ। ਨਵੀਂ ਵਿੱਦਿਆ ਮਨੋਰਥ ਭਰਪੂਰ ਤੇ ਸਮਾਜਕ ਜ਼ਿੰਮੇਵਾਰੀਆਂ ਨੂੰ ਯੋਗਤਾ ਨਾਲ ਨਿਭਾ ਸਕਣ ਦਾ ਆਧਾਰ ਬਣੀ। ਧਾਰਮਿਕ ਵਿਦਿਆ ਨਵੀਂ ਵਿੱਦਿਅਕ ਪ੍ਰਣਾਲੀ ਦਾ ਕੇਵਲ ਇਕ ਅੰਗ ਹੀ ਬਣ ਸਕੀ। ਇਸ ਖੇਤਰ ਵਿਚ ਅਗੇ ਵਧਣ ਤੇ ਬਾਕੀ ਕੌਮਾਂ ਤੋਂ ਵੱਧ ਪੜ੍ਹ ਜਾਣ ਦੀ ਲਗਨ ਨੇ ਵੀ ਇਨ੍ਹਾਂ ਲਹਿਰਾਂ ਦਾ ਮਹੱਤਵ ਵਧਾਇਆ।

ਕੁਝ ਭੈੜੀਆਂ, ਅਸੱਭਯ ਤੇ ਕਰੂਰ ਰਸਮਾਂ, ਯਥਾ ਜੰਮਦੇ ਬੱਚਿਆਂ ਨੂੰ ਮਾਰ ਦੇਣਾ (ਵਿਸ਼ੇਸ਼ ਤੌਰ ਤੇ ਕੁੜੀਆਂ ਨੂੰ), ਸਤੀ, ਬਾਲ ਵਿਆਹ ਅਤੇ ਵਿਧਵਾ ਵਿਆਹ ਉਤੇ ਰੋਕ ਆਦਿ ਬਾਰੇ ਨਵੀਂ ਚੇਤਨਾ, ਹਰ ਸੁਧਾਰਕ ਲਹਿਰ ਦਾ ਧਿਆਨ ਖਿੱਚਣ ਲੱਗੀ ਅਤੇ ਇਨ੍ਹਾਂ ਦੀ ਨਵਿਰਤੀ ਲਈ ਯਤਨ, ਇਸ ਕਾਲ ਦਾ ਇਕ ਸ਼ਲਾਘਾਯੋਗ ਸਮਾਜਕ ਕਰਮ ਸੀ।

ਉਪ੍ਰੋਕਤ ਸਾਰੇ ਤੱਥਾਂ ਨੇ ਉਨ੍ਹੀਵੀਂ ਸਦੀ ਦੇ ਅੱਧ ਵਿਚ ਭਾਰਤੀ ਮਨਾਂ ਵਿਚ ਜੋ ਪਰਿਵਰਤਨ ਲਿਆਂਦਾ, ਉਹੀ ਮਹਾਨ ਪੁਨਰ-ਜਾਗ੍ਰਿਤੀ ਇਨ੍ਹਾਂ ਲਹਿਰਾਂ ਦੇ ਰੂਪ ਵਿਚ ਭਾਰਤੀ ਇਤਿਹਾਸ ਦਾ ਇਕ ਕਾਂਡ ਬਣ ਗਈ।

---

2. Lajpat Rai-"The over zeal of the missionaries in their attacks upon Indian Religions and Indian thought suggested to Indian minds a closer and deeper study of their own religions and thoughts".

'Young India' Lahore, 1916, p.121

## ਮਿਸ਼ਨਰੀ ਲਹਿਰ

ਪੰਜਾਬ ਵਿਚ ਪਹਿਲੋਂ ਪਹਿਲ ਈਸਾਈ ਮਿਸ਼ਨ ਦੀ ਬਾਕਾਇਦਾ ਸਥਾਪਨਾ 1837 ਈ.[1] ਵਿਚ ਲੁਧਿਆਣੇ ਵਿਚ ਹੋਈ ਭਾਵੇਂ ਈਸਾਈ ਪਰਚਾਰਕਾਂ ਦੀਆਂ ਪੰਜਾਬ ਫੇਰੀਆਂ ਨੂੰ ਮਿਸ਼ਨ ਦੇ ਇਤਿਹਾਸਕਾਰ , ਗੁਰੂ ਨਾਨਕ ਦੇ ਸਮੇਂ[2] ਤਕ ਲੈ ਜਾਂਦੇ ਹਨ, ਅਤੇ ਇਸ ਗਲ ਦਾ ਦਾਅਵਾ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਇਨ੍ਹਾਂ ਈਸਾਈ ਸੰਤਾਂ ਨਾਲ ਜ਼ਰੂਰ ਭੇਟ ਹੋਈ ਹੋਵੇਗੀ।[3] ਪਰ ਇਹਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬ ਵਿਚ ਇਨ੍ਹਾਂ ਮਿਸ਼ਨਰੀਆਂ ਦੀਆਂ ਸਰਗਰਮੀਆਂ ਉਨ੍ਹੀਵੀਂ ਸਦੀ ਵਿਚ ਹੀ ਸ਼ੁਰੂ ਹੋਈਆਂ। ਉਂਜ ਪਾਦਰੀਆਂ ਨੂੰ ਅਕਬਰ ਦੇ ਰਾਜ ਸਮੇਂ ਹੀ ਆਗਰੇ ਵਿਚ ਪਾਦਰੀ ਰੋਡੋਲਫ਼ ਦੇ ਯਤਨਾਂ ਨਾਲ ਇਕ ਗਿਰਜਾ ਤੇ ਕਾਲਜ ਆਦਿ ਖੋਲ੍ਹਣ ਅਤੇ ਹੋਰ ਧਰਮਾਂ ਵਿੱਚੋਂ ਪਰਚਾਰ ਦੁਆਰਾ ਲੋਕਾਂ ਨੂੰ ਈਸਾਈ ਬਨਾਉਣ ਦੀ ਆਗਿਆ ਪ੍ਰਾਪਤ ਹੋ ਗਈ ਸੀ।[4] ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਤੇ ਅੰਗਰੇਜ਼ੀ ਸਰਕਾਰ ਆਪਣੇ ਵਿਊਪਾਰਕ ਹਿੱਤਾਂ ਦੇ ਸਨਮੁਖ ਡੇਢ ਸੌ ਸਾਲ ਤਕ ਭਾਰਤ ਵਿਚ ਈਸਾਈ ਪਾਦਰੀਆਂ ਦੀਆਂ ਪਰਚਾਰ ਸਰਗਰਮੀਆਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਰਹੇ[5], ਜਾਂ ਇਨ੍ਹਾਂ ਤੋਂ ਤ੍ਰੱਭਕਦੇ[6] ਰਹੇ ਮਤਾ ਕਿਤੇ ਭਾਰਤ ਵਾਸੀਆਂ ਉਤੇ ਇਨ੍ਹਾਂ ਦੇ ਪਰਚਾਰ

---

1. Anderson H.E.,'A Century for the Christ'. Sketch of the History of the first church in the Panjab from its inception in 1837 until its celebration in 1937-Lodhiana Mission Press, Ludhiana-1937.
2. "In Guru Nanak's time there were not only Hindu and Moslems but also Parsis,Jews and most likely, Christians among the saints in the parts of India." Archer- The Sikh-Princeton, University Press 1946,p.70.
3. Rev.G.H.Loehlin-,"It is hard to imagine such an indefatiguable traveller and earnest seeker, as Guru Nanak, not meeting these christian Saints."The History of Christianity in the Punjab,The Panjab Past and Present,Vol.VII Part-I,Patiala, April,1973,p.176.
4. Amaury de Riencourt,"Akbar was profoundly impressed,dafficiently to let the Jesuits open a church and a college in Agra with full freedom to baptize and preach to his subjects." 'The Soul of India,Harpers,New York,1960,pp.191-92.
5. Clark-"The Panjab & Sindh Mission of the Church Missionary Society,London 1885,p.3.
6. "Nothing seemed to alarm a certain class in England and Bengal as the circulation of the Scripture among the natives of India...Giving away of 200 copies of the gospal of Mathew in Mahratta Language was likely to produce another Mahratta war." 'The Foreign Missionary-New York 1871-72,Vol.XXX,p.331.

ਦਾ ਅਸੁਖਾਵਾਂ ਪ੍ਰਤਿਕਰਮ ਨਾ ਹੋਵੇ। ਇਸ ਦਾ ਇਕ ਪਰਮਾਣ ਇਹ ਹੈ ਕਿ ਵਿਲੀਅਮ ਕੇਰੀ ਨੂੰ, ਜਿਸ ਨੇ ਭਾਰਤ ਦੀਆਂ ਚੌਤੀ ਪੈਂਤੀ ਬੋਲੀਆਂ[7] ਵਿਚ ਬਾਈਬਲ ਦੇ ਅਨੁਵਾਦ ਕਰਕੇ ਜਾਂ ਕਰਵਾ ਕੇ ਛਪਵਾਏ, ਈਸਟ ਇੰਡੀਆ ਕੰਪਨੀ ਵਲੋਂ ਕਲਕੱਤੇ ਵਿਚ ਰਹਿਣ ਦੀ ਆਗਿਆ ਨਾ ਦਿੱਤੀ ਗਈ ਤੇ ਉਸ ਨੇ ਆਪਣਾ ਕਾਰੋਬਾਰ ਬੰਦ ਕਰਕੇ ਡੈਨਮਾਰਕ ਦੇ ਅਧਿਕਾਰ ਹੇਠਲੇ ਇਲਾਕੇ ਸੀਰਾਮਪੁਰ ਵਿਚ ਸ਼ਰਨ ਲਈ। ਸਭ ਤੋਂ ਪਹਿਲਾਂ ਯਸੂਹ ਮਸੀਹ ਦੇ ਸੁਨੇਹੇ ਨੂੰ ਪੰਜਾਬੀਆਂ ਤਕ ਪੁਚਾਉਣ ਦਾ ਨਿਸਚਿਤ, ਨਿਯਮਤ ਜਾਂ ਜਥੇਬੰਦਕ ਯਤਨ ਅਮਰੀਕਾ ਦਾ ਪ੍ਰੇਸਬੀਟੇਰੀਅਨ ਮਿਸ਼ਨ ਵਲੋਂ ਕੀਤਾ ਗਿਆ ਅਤੇ ਪਹਿਲਾ ਮਿਸ਼ਨਰੀ ਜੌਨ ਲੋਰੀ, ਅਨੇਕ ਕਠਨਾਈਆਂ ਝਾਗਦਾ ਤੇ ਬਿਖੜੇ ਪੈਂਡੇ ਮਾਰਦਾ ਪੰਜ ਨਵੰਬਰ 1834 ਈ. ਨੂੰ ਲੁਧਿਆਣੇ ਪੁੱਜਾ।[8] ਏਨੀਆਂ ਲੰਮੀਆਂ ਮੰਜ਼ਲਾਂ ਮਾਰਨ ਤੋਂ ਬਾਦ, ਪੰਜਾਬ ਨੂੰ ਆਪਣੇ ਪਰਚਾਰ ਦਾ ਕੇਂਦਰ ਬਨਾਉਣ ਦੇ ਕਈ ਕਾਰਨ ਸਨ, ਜਿਹੜੇ ਮਿਸ਼ਨਰੀਆਂ ਦੀਆਂ ਇਤਿਹਾਸ-ਪੁਸਤਕਾਂ[9] ਵਿਚ ਅੰਕਿਤ ਹਨ। ਸੀਰਾਮਪੁਰ ਦੇ ਬੈਪਟਿਸਟ ਮਿਸ਼ਨਰੀਆਂ ਮਾਰਸ਼ਮੈਨ ਤੇ ਮਿਸਟਰ ਵਾਰਡ, ਸਕਾਟਲੈਂਡ ਦੇ ਡਾਕਟਰ ਡੱਫ ਤੇ ਡਾ. ਅਲੈਗਜ਼ੰਡਰ ਨੇ ਵੀ ਲੋਰੀ ਨੂੰ ਪੰਜਾਬ ਜਾਣ ਦੀ ਹੀ ਸਲਾਹ ਦਿੱਤੀ ਕਿਉਂਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਲ ਸਭ ਲੋਕ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ ਅਤੇ ਇਹ ਪਰਚਾਰਕ ਹਰਾਵਲ ਦਸਤੇ ਦਾ ਬੜਾ ਵਧੀਆ ਕੰਮ ਸਾਰ ਸਕਦੇ ਸਨ। ਅੰਗਰੇਜ਼ੀ ਸਰਕਾਰ ਦੇ ਰਾਜਨੀਤਕ ਵਕੀਲ ਕੈਪਟਨ ਵੈਡ (ਜਿਨ੍ਹਾਂ ਦਾ ਦਫ਼ਤਰ ਲੁਧਿਆਣੇ ਵਿਚ ਸੀ) ਨੇ ਵੀ ਉਪ੍ਰੋਕਤ ਦ੍ਰਿਸ਼ਟੀ ਤੋਂ ਇਸੇ ਥਾਂ[10] ਨੂੰ ਪਰਚਾਰ ਕੇਂਦਰ ਬਨਾਉਣ ਉਤੇ ਜ਼ੋਰ ਦਿੱਤਾ। ਕੈਪਟਨ ਵੈਡ ਦੀ ਲੁਧਿਆਣੇ ਵਿਚ ਪਰਚਾਰ ਕੇਂਦਰ ਸਥਾਪਤ ਕਰਨ ਦੀ ਇੱਛਾ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਈਸਟ ਇੰਡੀਆ ਕੰਪਨੀ ਤੇ ਅੰਗਰੇਜ਼ੀ ਸਰਕਾਰ ਨੇ ਭਾਰਤ ਵਿਚ ਈਸਾਈ ਪਰਚਾਰ ਸੰਬੰਧੀ ਨਿਰਪੱਖਤਾ ਜਾਂ ਨਿਰਚੇਸ਼ਟਤਾ ਦੀ ਆਪਣੀ ਨੀਤੀ ਬਦਲ ਲਈ ਸੀ, ਕਿਉਂਜੋ ਛੇਤੀ ਹੀ ਸਾਰੇ

---

7. ਪ੍ਰੀਤਮ ਸਿੰਘ, "ਪੰਜਾਬੀ ਦਾ ਪਹਿਲਾ ਅੰਗਰੇਜ਼ ਲੇਖਕ - ਵਿਲੀਅਮ ਕੇਰੀ", ਆਲੋਚਨਾ-ਲੁਧਿਆਣਾ, ਅਪ੍ਰੈਲ, 1957.

8. Newton-History of A.P.Mission in India, Allahabad 1886, p.4.

9. a. United Church Review, N.York, Nov.1935-pp 290-91.
   b. Ibid, p.5., 'Punjab was the land of the Sikhs- a people of fine physique and un-usually independent character; a people moreover who had already in principle at least, discarded the old idolatory of Hinddoism and broken, in some measure the bonds of caste and therefore might be considered to be in a favourable state to be influenced by the preaching of christian Missionaries."
   c. A Mannual of the Foreign Mission of Presbytarian Church of U.S.A." by John Lowrie.
   d. "Our Mission in India" by E.M.Whary-Beston-1926.

10. Whery E.M., 'Our Foreign Mission in India', Baston-1926, p.4.

ਭਾਰਤ ਵਿਚ ਯੂਰੂਪ , ਇੰਗਲੈਂਡ ਤੇ ਅਮਰੀਕਾ ਅਦਿ ਦੇਸ਼ਾਂ ਦੀਆਂ ਅਨੇਕ ਸੰਸਥਾਵਾਂ[11] ਨੇ ਥਾਂ ਪਰ ਆਪਣੇ ਪਰਚਾਰ ਕੇਂਦਰ ਸਥਾਪਤ ਕਰ ਲਏ ਸਨ ਤੇ ਆਪਣੀਆਂ ਸਰਗਰਮੀਆਂ ਨੂੰ ਪੂਰੀ ਦ੍ਰਿੜ੍ਹਤਾ ਤੇ ਉਤਸ਼ਾਹ ਨਾਲ ਤਿਖੇਰਾ ਕਰ ਦਿੱਤਾ ਸੀ।

ਕੈਪਟਨ ਵੈਂਡ ਨੇ ਲੁਧਿਆਣੇ ਇਕ ਛੋਟਾ ਜਿਹਾ ਸਕੂਲ ਕਾਇਮ ਕੀਤਾ ਹੋਇਆ ਸੀ ਜਿਸ ਵਿਚ ਇਕ ਦੇਸੀ ਅਧਿਆਪਕ ਰੱਖਿਆ ਹੋਇਆ ਸੀ। ਇਸ ਸਕੂਲ ਦਾ ਮੰਤਵ ਦੇਸੀ ਲੋਕਾਂ ਨੂੰ ਅੰਗਰੇਜ਼ੀ ਭਾਸ਼ਾ ਦਾ ਗਿਆਨ ਦਿਵਾਉਣਾ ਸੀ। ਲੋਰੀ ਸਾਹਿਬ ਨੇ ਲੁਧਿਆਣੇ ਪੁੱਜਣ ਤੋਂ ਪਹਿਲਾਂ ਈਸਟ ਇੰਡੀਆ ਕੰਪਨੀ ਤੋਂ ਮਿਸ਼ਨ ਸਥਾਪਤ ਕਰਨ ਦੀ ਬਾਕਾਇਦਾ ਆਗਿਆ ਪ੍ਰਾਪਤ ਕਰ ਲਈ ਸੀ ਤੇ ਆਉਂਦਿਆਂ ਹੀ ਕੈਪਟਨ ਵੈਂਡ ਵਲੋਂ ਚਲਾਏ ਜਾ ਰਹੇ ਸਕੂਲ ਦੇ ਦਰਵਾਜ਼ੇ ਖੋਲ੍ਹ ਦਿੱਤੇ। ਪੜ੍ਹਨ ਵਾਲਿਆਂ ਦੀ ਗਿਣਤੀ ਛੇਤੀ ਹੀ 16 ਤੋਂ 50 ਤਕ ਪੁਜ ਗਈ ਜਿਨ੍ਹਾਂ ਵਿਚ ਦੇਸੀ ਰਾਜਿਆਂ ਤੇ ਸਰਦਾਰਾਂ ਦੇ ਬੱਚੇ ਅਤੇ ਹਿੰਦੂਆਂ, ਅਫ਼ਗਾਨਾਂ, ਕਸ਼ਮੀਰੀਆਂ ਤੇ ਕੁਝ ਸਿੱਖਾਂ ਦੇ ਬੱਚੇ ਵੀ ਸ਼ਾਮਲ ਸਨ।[12] ਸਕੂਲ ਖੋਲ੍ਹਣ ਦਾ ਉੱਦਮ ਮਿਸ਼ਨਰੀ ਸਰਗਰਮੀਆਂ ਵਿਚ ਕਾਫ਼ੀ ਸਹਾਈ ਹੋਇਆ।[13] ਦਸੰਬਰ 1835 ਈ. ਵਿਚ ਜੇਮਜ਼ ਵਿਲਸਨ ਤੇ ਜੌਨ ਨਿਊਟਨ ਆਪਣੀਆਂ ਪਤਨੀਆਂ ਸਮੇਤ ਲੁਧਿਆਣੇ ਪੁਜ ਗਏ। ਏਸੇ ਸਾਲ ਮਹਾਰਾਜਾ ਰਣਜੀਤ ਸਿੰਘ ਨੇ ਡਾਕਟਰ ਲੋਰੀ ਨੂੰ ਲਾਹੌਰ ਵਿਚ ਮਿਸ਼ਨ ਸਕੂਲ ਦੀ ਸਥਾਪਨਾ ਬਾਰੇ ਸੰਭਾਵਨਾ ਦਾ ਪਤਾ ਲਾਉਣ ਲਈ ਸੱਦਿਆ ਕਿਉਂਕਿ ਉਹ ਲੁਧਿਆਣੇ ਦੇ ਸਕੂਲ ਦੀ ਸਫ਼ਲਤਾ ਤੋਂ ਪ੍ਰਭਾਵਤ ਹੋ ਕੇ, ਆਪਣੇ ਸ਼ਹਿਜ਼ਾਦਿਆਂ ਤੇ ਹੋਰ ਸਰਦਾਰਾਂ ਦੇ ਬੱਚਿਆਂ ਨੂੰ ਅੰਗਰੇਜ਼ੀ ਵਿੱਦਿਆ ਦੇਣ ਦਾ ਇੱਛਕ ਸੀ।[14] ਮਹਾਰਾਜਾ ਰਣਜੀਤ ਸਿੰਘ ਚਾਹੁੰਦਾ ਸੀ ਕਿ ਡਾਕਟਰ ਲੋਰੀ ਛੇ ਮਹੀਨੇ ਲੁਧਿਆਣੇ ਰਹੇ ਤੇ ਛੇ ਮਹੀਨੇ ਲਾਹੌਰ ਦਾ ਸਕੂਲ ਚਲਾਏ। ਡਾਕਟਰ ਲੋਰੀ ਅਨੁਸਾਰ, ਚੰਗੀ ਸਿਹਤ ਨਾ ਹੋਣ ਕਰ ਕੇ ਉਸ ਨੇ ਮਹਾਰਾਜੇ ਦੀ ਤਜਵੀਜ਼ ਨੂੰ ਸਵੀਕਾਰ ਕਰਨ ਵਲੋਂ ਆਪਣੀ ਮਜਬੂਰੀ ਜ਼ਾਹਰ ਕੀਤੀ। ਪਰ ਇਕ ਵਿਚਾਰ ਇਹ ਹੈ ਕਿ ਜਦ ਡਾਕਟਰ ਲੋਰੀ ਨੇ ਅੰਗਰੇਜ਼ੀ ਵਿਦਿਆ ਦੇ ਨਾਲ ਨਾਲ ਬੱਚਿਆਂ ਨੂੰ ਬਾਈਬਲ ਪੜ੍ਹਾਉਣ ਦੀ ਵੀ ਸ਼ਰਤ ਰੱਖੀ ਤਾਂ ਮਹਾਰਾਜੇ ਨੇ ਇਸ ਨੂੰ ਪਰਵਾਨ ਨਾ ਕੀਤਾ।[15] ਪਰ ਤਾਂ ਵੀ ਲੋਰੀ ਦਾ

---

11. a)Church Missionary Society of the Church of England B)Church of Scotland(c) The NewZealand Presbyterian (d) The Methodist Church in Southern Asia(e)The Salvation Army(British) (f)Moravians (g) The Society for the propagation of the Gospal. "Khushwant Singh,"History of the Sikhs Vol.II,p.137 and History of Christianity in Panjab-By C.H. "Panjab Past & Present' Vol.VII,p.180.
12. Lowrie-J.C. Two years in Upper India-quoted by Wherry.
13. Ibid,p.142
14. Lowrie-J.C.,Ibid p.144.
15. "The missionary principle of teaching the gospal in connection with literature and science was unacceptable to the Maharajah." "Historical Sketches of the India Mission,Allahabad 1886,p.27.

ਮਿਸ਼ਨ ਪੂਰੀ ਤਰ੍ਹਾਂ ਅਸਫਲ ਨਾ ਰਿਹਾ, ਸਗੋਂ ਉਹ ਮਹਾਰਾਜੇ ਨੂੰ ਯਸੂਹ ਮਸੀਹ ਦੇ ਜੀਵਨ ਨਾਲ ਚੰਗੀ ਤਰ੍ਹਾਂ ਪਰੀਚਤ ਕਰਵਾ ਆਇਆ।[16]

ਡਾਕਟਰ ਲੋਰੀ ਦੁਆਰਾ ਚਲਾਏ ਗਏ ਸਕੂਲ ਵਿਚ ਅੰਗਰੇਜ਼ੀ ਭਾਸ਼ਾ, ਭੂਗੋਲ, ਵਿਸ਼ਵ-ਇਤਿਹਾਸ, ਫਿਲਾਸਫੀ, ਰਸਾਇਣ-ਵਿਗਿਆਨ ਤੇ ਰਾਜਸੀ ਆਰਥਕਤਾ ਦੇ ਵਿਸ਼ੇ ਅਤੇ ਈਸਾਈ ਮਤ ਦੇ ਅਸੂਲ ਪੜ੍ਹਾਏ ਜਾਂਦੇ ਸਨ। ਆਪਣੀ ਸਿੱਖਿਆ ਪ੍ਰਣਾਲੀ, ਪੜ੍ਹਾਈ ਦੇ ਸਿਲੇਬਸ ਤੇ ਸਿੱਖਿਆ ਦੀ ਵਿਧੀ ਦੀ ਦ੍ਰਿਸ਼ਟੀ ਤੋਂ ਪੰਜਾਬ ਵਿਚ ਆਪਣੀ ਕਿਸਮ ਦਾ ਇਹ ਪਹਿਲਾ ਸਕੂਲ ਸੀ। ਪੰਜਾਬ ਵਿਚ ਅੰਗਰੇਜ਼ੀ ਢੰਗ ਦੀ ਸਿੱਖਿਆ ਤੇ ਦਰਜੇ ਵਾਰ (ਗ੍ਰੇਡਡ ਐਜੂਕੇਸ਼ਨ) ਪੜ੍ਹਾਈ ਦਾ ਇਹ ਆਰੰਭ ਸੀ ਜਿਹੜਾ ਪਿਛੋਂ ਸਮੁੱਚੇ ਤੌਰ ਤੇ ਪੰਜਾਬ ਵਿਚ ਪੱਛਮੀ ਢੰਗ ਦੀ ਵਿਦਿਆ ਪ੍ਰਣਾਲੀ ਦਾ ਆਧਾਰ ਬਣਿਆ।

ਡਾਕਟਰ ਲੋਰੀ ਸਿਹਤ ਦੀ ਖਰਾਬੀ ਕਰ ਕੇ ਦੋ ਵਰ੍ਹੇ ਤੋਂ ਵੱਧ ਲੁਧਿਆਣੇ ਵਿਚ ਨਾ ਰਹਿ ਸਕੇ। ਜਨਵਰੀ 1837 ਈ. ਵਿਚ ਲੁਧਿਆਣੇ ਵਿਚ 13 ਮੈਂਬਰਾਂ ਦਾ ਇਕ ਬਾਕਾਇਦਾ ਪਹਿਲਾ ਚਰਚ ਸਥਾਪਿਤ ਕੀਤਾ ਗਿਆ[17] ਤੇ ਇਸ ਦੇ ਨਾਲ ਹੀ ਪੰਜਾਬ ਸਿੱਧੇ ਤਰ੍ਹਾਂ ਈਸਾਈ ਪ੍ਰਚਾਰ ਦੇ ਪ੍ਰਭਾਵ ਖੇਤਰ ਵਿਚ ਆ ਗਿਆ। 1849 ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸੰਮਿਲਤ ਕਰਨ ਤੋਂ ਪਹਿਲਾਂ ਹੀ ਅੰਗਰੇਜ਼ੀ ਅਧਿਕਾਰ ਹੇਠਲੇ ਇਲਾਕੇ ਵਿਚ ਵੱਖ ਵੱਖ ਸ਼ਹਿਰਾਂ ਵਿਚ ਈਸਾਈ ਪਰਚਾਰ ਕੇਂਦਰ ਸਥਾਪਤ ਕੀਤੇ ਜਾ ਚੁੱਕੇ ਸਨ, ਜਿਵੇਂ ਕਿ ਸਹਾਰਨਪੁਰ(1836),ਸਬਾਥੂ(1836),ਜਲੰਧਰ (1846), ਅੰਬਾਲਾ(1848), ਸ਼ਿਮਲਾ(1840) ਅਤੇ ਲਾਹੌਰ 1849)।[18] ਸਮੁੱਚਾ ਪੰਜਾਬ ਅੰਗਰੇਜ਼ੀ ਰਾਜ ਦਾ ਅੰਗ ਬਣਦਿਆਂ ਸਾਰ, ਈਸਾਈ ਮਿਸ਼ਨਰੀਆਂ ਨੇ ਆਪਣੀਆਂ ਪਰਚਾਰ ਸਰਗਰਮੀਆਂ ਨੂੰ ਪੰਜਾਬ ਦੇ ਲਗਭਗ ਸਾਰੇ ਉੱਘੇ ਕੇਂਦਰਾਂ ਤਕ ਫੈਲਾ ਦਿੱਤਾ। ਪ੍ਰੈਸਬੀਟੇਰੀਅਨ ਮਿਸ਼ਨ ਤੋਂ ਬਿਨਾਂ ਉਪਰ-ਕਥਤ ਬਾਕੀ ਈਸਾਈ ਸੰਸਥਾਵਾਂ ਨੇ ਵੀ ਪੰਜਾਬੀਆਂ ਨੂੰ ਈਸਾਈ ਧਰਮ ਵਿੱਚ ਪ੍ਰਵਿਸ਼ਟ ਕਰਨ

---

16. Wherry(Ibid)p.16-17.'Although unable to consent to the Rajah's project, the visit was not without important results. The missionary had made a good impression.The prejudice of the Sikhs against the Christian Missionary were considerably modified,for during the long visit the missionary had many opportunities to tell the story of the Jesus Christ and his Salvation.The Rajah accepted the present of an English Bible and translation of old testament in the Panjabi Language and in the Gurmukhi Character,as published by the serampore missionaries.

17. Howard-William D.,"A History of the Origin of the Foreign Miss of Presbyterian Church,p.199."Church was formed in January 1837 at Lodhiana,with 13 members."

18. ਪੂਰਵ ਕਥੱਤ(3),ਪੰਨਾ 189.

ਦੇ ਸਿਰਤੋੜ ਯਤਨ ਆਰੰਭ ਦਿੱਤੇ ਤੇ ਉਨ੍ਹਾਂ ਨੂੰ ਆਪਣੇ ਇਸ ਮਨੋਰਥ ਵਿਚ ਜੋ ਸਫਲਤਾ ਪ੍ਰਾਪਤ ਹੋਈ, ਉਸ ਦਾ ਅਨੁਮਾਨ ਮਰਦਮ ਸੁਮਾਰੀ[19]ਦੇ ਅੰਕੜਿਆਂ ਤੋਂ ਭਲੀ ਭਾਂਤ ਲਗ ਜਾਂਦਾ ਹੈ। 1881 ਈ. ਵਿਚ ਜਿਥੇ ਈਸਾਈਆਂ ਦੀ ਗਿਣਤੀ ਕੇਵਲ 3796 ਸੀ, ਉਥੇ 1901 ਈ. ਵਿਚ ਇਹ ਗਿਣਤੀ 37980 ਤਕ ਪੁਜ ਗਈ ਤੇ ਅਗਲੇ ਵਰ੍ਹਿਆਂ ਵਿਚ ਇਹ ਕਈ ਲੱਖ ਤਕ ਜਾ ਪੁੱਜੀ।

ਦੌਦ ਸਿੰਘ ਨਾਂ ਦਾ ਪਹਿਲਾ ਸਿੱਖ ਜਿਸ ਨੂੰ ਕਾਨਪੁਰ ਵਿਚ ਈਸਾਈ ਬਣਾਇਆ ਗਿਆ, 1852 ਵਿਚ ਅੰਮ੍ਰਿਤਸਰ ਆ ਕੇ ਪਾਦਰੀਆਂ ਨਾਲ ਰਲ ਕੇ ਈਸਾਈ ਧਰਮ ਦੇ ਪਰਚਾਰ ਵਿਚ ਜੁਟ ਗਿਆ। 1853 ਈ. ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਨਾਉਣਾ ਇਨ੍ਹਾਂ ਮਿਸ਼ਨਰੀਆਂ ਦੀ ਸਭ ਤੋਂ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ ਕਿਉਂਜੋ ਇਨ੍ਹਾਂ ਪਾਦਰੀਆਂ ਨੇ ਸਾਧਾਰਣ ਸਿੱਖ ਜਨਤਾ ਵਿਚ ਇਹ ਪ੍ਰਚਾਰਨਾ ਸੁਰੂ ਕਰ ਦਿੱਤਾ ਕਿ ਜੇ ਉਨ੍ਹਾਂ ਦਾ ਰਾਜਾ ਯਸੂਹ ਮਸੀਹ ਦੀ ਉੱਚਤਾ ਤੋਂ ਪ੍ਰਭਾਵਤ ਹੋ ਗਿਆ ਹੈ ਤਾਂ ਪਰਜਾ ਨੂੰ ਇਸ ਧਰਮ ਦੇ ਪਰਵਾਨ ਕਰਨ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

ਸੁਲਤਾਨ ਵਿੰਡ ਦਾ ਗ੍ਰੰਥੀ ਕੇਸਰ ਸਿੰਘ, ਇਕ ਮੁਸਲਮਾਨ ਮੌਲਵੀ ਇਮਾਮ-ਦੀਨ ਤੇ ਰੁਲੀਆ ਰਾਮ ਨਾਂ ਦਾ ਇਕ ਹਿੰਦੂ ਖੱਤਰੀ ਜਦ ਈਸਾਈ ਬਣੇ ਤਾਂ ਪੰਜਾਬ ਦੀਆਂ ਤਿੰਨਾਂ ਜਾਤੀਆਂ ਵਿਚ ਬੜੀ ਹਿਲਜੁਲ ਮਚੀ। ਪਾਦਰੀਆਂ ਦਾ ਪਰਚਾਰ ਕਰਨ ਦਾ ਢੰਗ ਵੀ ਬੜਾ ਭੜਕਾਊ ਤੇ ਰੋਹ-ਉਪਜਾਊ ਸੀ। ਕਿਉਂਜੋ ਉਹ ਸਾਰੇ ਭਾਰਤੀ ਧਰਮ-ਗ੍ਰੰਥਾਂ ਵਿਚ ਪ੍ਰਗਟਾਏ ਗਏ ਉਪਦੇਸ਼ਾਂ ਦਾ ਖੁਲ੍ਹਮ ਖੁਲ੍ਹਾ ਖੰਡਨ ਕਰਦੇ ਸਨ, ਅਤੇ ਸਦੀਆਂ ਪੁਰਾਣੇ ਭਾਰਤੀ ਰਸਮਾਂ ਰਿਵਾਜਾਂ, ਵਿਸ਼ਵਾਸ਼ਾਂ ਤੇ ਪਰੰਪਰਾਵਾਂ ਨੂੰ ਪਿਛਾਂਹ-ਖਿੱਚੂ, ਵਹਿਮ-ਗ੍ਰਸਥ ਤੇ ਸਮਿਓਂ – ਖੁੰਝੀਆਂ ਕਹਿ ਕੇ ਭੰਡਦੇ ਸਨ ਅਤੇ ਇਥੋਂ ਦੇ ਗੁਰੂਆਂ, ਪੀਰਾਂ, ਫਕੀਰਾਂ, ਭਗਤਾਂ ਤੇ ਸਾਧੂਆਂ ਨੂੰ ਝੂਠੇ ਤੇ ਪਾਖੰਡੀ ਕਹਿ ਕੇ ਤ੍ਰਿਸਕਾਰਦੇ ਸਨ।[20] ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਸਿੱਖਾਂ ਦੇ ਈਸਾਈ ਪ੍ਰਭਾਵ[21] ਹੇਠ ਛੇਤੀ ਆ ਜਾਣ ਦੀ ਸੰਭਾਵਨਾਂ ਨੂੰ ਧਿਆਨ

---

19. Census Reports 1881-1891-1901.
20. Clark-Archer John, "They (Missionary) denounced in the schools and market places, the heathen scriptures, the Quran, the Shastras and the Granth and condemned as false guides in morals and religion, the Bhagat, the Sufis, Sadhus and Mahants.' 'The Sikhs' Princeton-1946, p.266.
21. Clark-Robert. "The Missions in the Pb.&Sindh-Church Mission Society 1904, p.3. "Though the Brahmin religion still sways the minds of a large proportion of the population of the Punjab, and the Mohammedan of another, the dominant religion and power for the last century has been the sikh religion, a species of pure theism, formed in the first instance by a dissenting sect from Hinduism. A Few hopeful instances lead us to believe that the Sikhs may prove more accessible to scriptural truth than the Hindus and Mohammadans." 1852.

ਵਿਚ ਰਖਦਿਆਂ, ਮਿਸ਼ਨਰੀਆਂ ਨੇ ਆਪਣੇ ਪਰਚਾਰ ਕੇਂਦਰ ਉਨ੍ਹਾਂ ਥਾਵਾਂ ਨੂੰ ਬਣਾਇਆ, ਜਿਹੜੀਆਂ ਸਿੱਖ ਵਸੋਂ ਵਾਲੀਆਂ ਸਨ। ਮਿਸ਼ਨਰੀਆਂ ਦੀ ਇਸ ਸੋਚ ਦੇ ਦੋ ਕਾਰਨ ਪ੍ਰਤੀਤ ਹੁੰਦੇ ਹਨ— ਇਕ ਤਾਂ ਸਿੱਖਾਂ ਦਾ ਬਾਕੀ ਧਰਮਾਂ ਨਾਲੋਂ ਵੱਧ ਪ੍ਰਗਤੀਵਾਦੀ ਹੋਣਾ, ਤੇ ਦੂਜਾ ਰਾਜ ਭਾਗ ਦੇ ਖੁਸ ਜਾਣ ਕਰਕੇ ਆਮ ਸਿੱਖ ਜਨਤਾ ਦਾ ਵਿਸ਼ਾਦ-ਗ੍ਰਸਤ ਤੇ ਆਗੂ-ਰਹਿਤ ਹੋਣਾ।

ਸੈਨਾਂ ਵਿਚ ਭਰਤੀ ਹੋਣ ਸਮੇਂ ਈਸਾਈ ਬਨਣ ਵਾਲਿਆਂ ਨੂੰ ਪਹਿਲ ਦਿੱਤੀ ਜਾਂਦੀ ਸੀ ਅਤੇ ਜਿਹੜੇ ਸੈਨਿਕ ਈਸਾਈ ਬਨਣਾ ਪਰਵਾਨ ਕਰ ਲੈਂਦੇ ਸਨ, ਉਨ੍ਹਾਂ ਨੂੰ ਤੁਰਤ ਤੱਰਕੀ ਦੇ ਦਿੱਤੀ ਜਾਂਦੀ ਸੀ।[22] ਸਾਰੇ ਭਾਰਤ ਵਾਸੀਆਂ ਨੂੰ ਈਸਾਈ ਧਰਮ ਵਿਚ ਪਰਵਿਸ਼ਟ ਕਰਨਾ ਈਸਟ ਇੰਡੀਆ ਕੰਪਨੀ ਦੇ ਉੱਚਤਮ ਅਧਿਕਾਰੀਆਂ ਨੇ ਆਪਣਾ ਪਰਮ-ਧਰਮ ਬਣਾ ਲਿਆ ਸੀ। ਈਸਟ ਇੰਡੀਆ ਕੰਪਨੀ ਦੇ ਪ੍ਰਧਾਨ ਮਿਸਟਰ ਮਾਰਲੇ ਵਲੋਂ ਬਰਤਾਨਵੀ ਪਾਰਲੀਮੈਂਟ ਵਿਚ 1857 ਈ. ਵਿਚ ਦਿੱਤਾ ਗਿਆ ਭਾਸ਼ਨ, ਇਸ ਨੀਤੀ ਸੰਬੰਧੀ ਕਿਸੇ ਪ੍ਰਕਾਰ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦਾ।[23] ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸੰਮਿਲਤ ਕੀਤੇ ਜਾਣ ਉਪ੍ਰੰਤ, ਪ੍ਰਬੰਧਕੀ ਬੋਰਡ ਦੇ ਮੁਖੀ ਸਰ ਹੈਨਰੀ ਲਾਰੰਸ ਵਲੋਂ ਮਿਸ਼ਨ ਦੀਆਂ ਪਰਚਾਰ ਸਰਗਰਮੀਆਂ ਲਈ 500 ਰੁਪਏ ਸਾਲਾਨਾਂ ਚੰਦੇ ਵਜੋਂ ਦਿੱਤਾ ਜਾਣ ਲਗਾ ਤੇ ਨਾਲ ਹੀ ਸੀ.ਡਬਲਯੂ ਫੋਰਮੈਨ ਤੇ ਜਾਨ ਨਿਊਟਨ ਨੂੰ ਰਾਜਧਾਨੀ ਵਿਚ ਪਰਚਾਰ ਕੇਂਦਰ ਸਥਾਪਤ ਕਰਨ ਲਈ 'ਜੀਓ ਆਇਆਂ' ਵੀ ਆਖਿਆ।[24] ਮਲਕਾ ਵਿਕਟੋਰੀਆ ਵੀ ਈਸਾਈ ਮਤ ਦੇ ਭਾਰਤ ਵਿਚ ਫੈਲਾਉਣ ਵਿਚ ਪੂਰੀ ਦਿਲਚਸਪੀ ਲੈਂਦੀ ਰਹੀ ਅਤੇ ਇਸ ਮਨੋਰਥ ਲਈ ਉਸ ਨੇ ਲਾਰਡ ਡਲਹੌਜ਼ੀ ਨੂੰ 1 ਨਵੰਬਰ 1854 ਨੂੰ ਇਕ ਵਿਸ਼ੇਸ਼ ਚਿੱਠੀ ਲਿਖੀ ਤੇ ਆਸ ਪ੍ਰਗਟ ਕੀਤੀ ਕਿ ਆਵਾਜਾਈ ਦੇ ਸਾਧਨਾਂ ਤੇ ਰੇਲਵੇ ਦੇ ਵਿਕਾਸ ਨਾਲ ਇਸ ਦੇਸ ਵਿਚ ਈਸਾਈ ਮੱਤ ਦੇ ਫੈਲਣ ਵਿਚ ਨਿਸਚੇ ਹੀ ਸਹਾਇਤਾ ਮਿਲੇਗੀ।"[25]

---

22. Mallosm and Kaye," A History of Indian Mutiny.p.1352 " "High British officers went about with the order Book in one hand and Bible in the other."

23. N.Topa's Book,' The Growth and Development of National Thought in India." Hamburg 1930-p.66.

24. ਕਲਾਰਕ - ਪੂਰਵਕ ਕਥਤ — ਪੰਨਾ 4-5.

25. ਮਲਕਾ ਵਿਕਟੋਰੀਆ ਦੀਆਂ ਚਿਠੀਆਂ 1837-1861 ਜਿਲਦ III ਲੰਡਨ 1908, ਪੰਨਾ 68-69.

ਈਸਾਈ ਮਿਸ਼ਨਰੀਆਂ ਦੀਆਂ ਸਿਰਤੋੜ ਪ੍ਰਚਾਰ ਸਰਗਰਮੀਆਂ ਤੇ ਵੇਲੇ ਦੀ ਅੰਗਰੇਜ਼ੀ ਸਰਕਾਰ ਵਲੋਂ ਇਨ੍ਹਾਂ ਸਰਗਰਮੀਆਂ ਦੀ ਹਰ ਸੰਭਵ ਸਹਾਇਤਾ ਤੇ ਉਤਸ਼ਾਹ ਨੇ ਬਾਕੀ ਸਾਰੇ ਧਰਮਾਂ ਵਾਲਿਆਂ ਨੂੰ ਆਪੋ ਆਪਣੇ ਧਰਮਾਂ ਦੀ ਰੱਖਿਆ ਲਈ ਚੇਤੰਨਾ ਕਰ ਦਿੱਤਾ। ਇਨ੍ਹਾਂ ਸਭਨਾਂ ਨੇ ਈਸਾਈ ਪਰਚਾਰਕਾਂ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਦੇ ਪਰਚਾਰ ਢੰਗਾਂ ਤੇ ਵਿਧੀਆਂ ਨੂੰ ਅਪਣਾ ਕੇ ਆਪੋ ਆਪਣੇ ਧਰਮ ਦੀ ਪ੍ਰਾਚੀਨ ਗੌਰਵਤਾ ਤੇ ਉੱਚਤਾ ਨੂੰ ਨਵੇਂ ਸਿਰਿਓਂ ਖੋਜ ਕੇ ਲੋਕਾਂ ਸਾਹਮਣੇ ਲਿਆਉਣ ਦਾ ਉੱਦਮ ਆਰੰਭ ਦਿੱਤਾ।[26] ਇਸ ਉੱਦਮ ਦੀ ਪ੍ਰਿਸ਼ਟ-ਭੂਮੀ ਭਾਵੇਂ ਧਾਰਮਕ ਜਾਂ ਸੰਪਰਦਾਇਕਸੀ, ਪਰ ਇਸ ਨੇ ਉਨ੍ਹੀਵੀਂ ਸਦੀ ਦੇ ਪੰਜਾਬੀ ਸਾਹਿੱਤ ਤੇ ਨਾ ਕੇਵਲ ਚੰਗਾ ਚੋਖਾ ਪ੍ਰਭਾਵ ਪਾਇਆ, ਸਗੋਂ ਕਾਫ਼ੀ ਮਾਤ੍ਰਾ ਵਿਚ ਆਧੁਨਿਕ ਸਾਹਿੱਤ ਤਿਆਰ ਵੀ ਕੀਤਾ ਗਿਆ, ਜਿਸ ਨੇ ਅਗੋਂ ਆਉਣ ਵਾਲੇ ਕਾਲ ਵਿਚ ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਭੰਡਾਰ ਨੂੰ ਭਰਿਆ।

ਸਰਕਾਰ ਵਲੋਂ ਸਮਾਜ ਸੁਧਾਰ ਦੀ ਦ੍ਰਿਸ਼ਟੀ ਤੋਂ ਪਾਸ ਕੀਤੇ ਗਏ ਕਾਨੂੰਨ ਯਥਾ ਸਤੀ ਦੀ ਰਸਮ ਦੀ ਰੋਕ, ਛੋਟੇ ਬੱਚਿਆਂ ਨੂੰ ਮਾਰਨ ਤੋਂ ਰੋਕਣਾ, ਬਾਲ ਵਿਆਹ ਦੀ ਰਸਮ ਉਤੇ ਪਾਬੰਦੀ ਤੇ ਵਿਧਵਾ ਵਿਆਹ ਦੀ ਖੁਲ੍ਹ — ਨੇ ਵੀ ਲੋਕਾਂ ਵਿਚ ਬੜਾ ਰੋਸ-ਭਰਿਆ ਪ੍ਰਤਿਕਰਮ ਪੈਦਾ ਕੀਤਾ ਤੇ ਇਨ੍ਹਾਂ ਕਾਨੂੰਨਾਂ ਨੂੰ ਵੀ ਆਪਣੇ ਧਾਰਮਿਕ ਨਿਸ਼ਚਿਆਂ ਦੇ ਉਲਟ ਜਾਣ ਕੇ ਵਿਰੋਧ ਕੀਤਾ। ਪੰਜਾਬ ਵਿਚ ਤਿੰਨਾਂ ਵਰਗਾਂ ਦੇ ਲੋਕ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਆਪਣੇ ਧਰਮਾਂ ਨੂੰ ਤਿਆਗਣ ਲਈ ਸਾਹਮਣੇ ਆਏ। ਇਕ ਤਾਂ ਬੜੇ ਬੜੇ ਰਜਵਾੜੇ ਤੇ ਸਰਦਾਰ ਜਿਹੜੇ ਆਪਣੇ ਰਾਜ ਜਾਗੀਰਾਂ ਤੇ ਪਦਵੀਆਂ ਨੂੰ ਅੰਗਰੇਜ਼ੀ ਰਾਜ ਵਿਚ ਸੁਰੱਖਿਅਤ ਰੱਖਣ ਦੇ ਇੱਛੁਕ ਸਨ। ਦੂਜੇ ਉਹ ਲੋਕ ਜਿਹੜੇ ਆਰਥਿਕ ਹਿੱਤਾਂ, ਨੌਕਰੀਆਂ ਆਦਿ ਦੇ ਲਾਲਚ ਕਰ ਕੇ ਈਸਾਈ ਬਣੇ ਅਤੇ ਤੀਜੇ ਉਹ ਲੋਕ ਜਿਹੜੇ ਨੀਵੀਆਂ ਜਾਤੀਆਂ ਵਿਚੋਂ ਸਨ ਤੇ ਆਪਣੀ ਸਮਾਜਕ ਪਦਵੀ ਨੂੰ ਉੱਚਾ ਚੁਕਣ ਦੇ ਇੱਛੁਕ ਸਨ ਤਾਂ ਜੋ ਧਰਮ ਬਦਲੀ ਉਪ੍ਰੰਤ ਉਹ ਰਾਜ-ਸੱਤਾ ਵਾਲੇ ਲੋਕਾਂ ਦੇ ਧਰਮ ਵਿਚ ਰਲ ਕੇ ਦੂਜਿਆਂ ਨਾਲੋਂ ਆਪਣੇ ਆਪ ਨੂੰ ਸ੍ਰੇਸ਼ਟ ਸਿੱਧ ਕਰ ਸਕਣ। ਕਪੂਰਥਲੇ ਦੇ ਰਾਜਾ ਹਰਨਾਮ ਸਿੰਘ ਦਾ ਈਸਾਈ ਮਤ ਗ੍ਰਹਿਣ ਕਰ ਲੈਣਾ ਅਤੇ ਸ੍ਰ. ਦਿਆਲ ਸਿੰਘ ਮਜੀਠੀਏ ਦੀ ਇਨ੍ਹਾਂ ਮਿਸ਼ਨਰੀਆਂ ਨਾਲ ਹਮਦਰਦੀ[27] ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ।

---

26. Lajpat Rai- 'Young India'- Lahore 1916, p.121.

27. Clark- Ibid, p.246
"In Umritsar a fruitful garden has been given by S.Dayal Singh of Majithia, one of the leading chiefs of the Panjab, in order that a christian Mission school may be ever carried in his village Majithia."

ਪੰਡਿਤ ਜਵਾਹਰ ਲਾਲ ਨਹਿਰੂ ਈਸਾਈ ਪ੍ਰਚਾਰਕਾਂ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰਦੇ ਹੋਏ ਲਿਖਦੇ ਹਨ :- " ਈਸਾਈ ਧਰਮ ਹਾਕਮ ਸ਼੍ਰੇਣੀ ਦੀ ਧਰਮ ਹੋਣ ਕਰਕੇ ਦਬੀ ਨੀਵੀਂ ਜਨਤਾ ਲਈ ਕਈ ਖੁਲ੍ਹਾਂ ਪ੍ਰਦਾਨ ਕਰਦਾ ਸੀ। ਨੀਵੀਆਂ ਜਾਤੀਆਂ, ਜਿਨ੍ਹਾਂ ਨੂੰ ਹਿੰਦੂ ਕੱਟੜ-ਵਾਦੀ ਖੁਲ੍ਹ ਕੇ ਸਾਹ ਵੀ ਨਹੀਂ ਸੀ ਲੈਣ ਦਿੰਦਾ — ਈਸਾਈ ਧਰਮ ਵਿਚ ਉੱਚਤਾ ਤੇ ਬਰਾਬਰੀ ਦਾ ਇਹਸਾਸ ਅਨੁਭਵ ਕਰਦੀਆਂ। ਕਈ ਉਚੀਆਂ ਜਾਤਾਂ ਵਾਲੇ ਨਿੱਜੀ ਹਿੱਤਾਂ ਲਈ ਈਸਾਈ ਧਰਮ ਗ੍ਰਹਿਣ ਕਰਨ ਲੱਗੇ। ਕੁਝ ਧਾਰਮਕ ਪੱਖੋਂ ਇਸ ਨੂੰ ਦਿਲੋਂ ਉਚਾ ਸਮਝਦੇ ਸਨ ਅਤੇ ਕਈ ਸਮਾਜਕ ਤੇ ਆਰਥਕ ਪੱਖੋਂ, ਉਚੀਆਂ ਪਦਵੀਆਂ ਪ੍ਰਾਪਤ ਕਰਨਾ ਚਾਹੁੰਦੇ ਸਨ, ਜੋ ਈਸਾਈ ਧਰਮ ਨੂੰ ਗ੍ਰਹਿਣ ਕਰਨ ਦੇ ਨਾਲ ਹੀ ਸੰਭਵ ਹੋ ਸਕਦਾ ਸੀ।"[28]

ਸਿੱਧੇ ਪ੍ਰਚਾਰ ਦੇ ਨਾਲ ਨਾਲ ਇਨ੍ਹਾਂ ਮਿਸ਼ਨਰੀਆਂ ਨੇ ਲੋਕਾਂ ਦਾ ਦਿਲ ਜਿੱਤਣ ਲਈ ਸਕੂਲ, ਕਾਲਜ, ਹਸਪਤਾਲ, ਕਾਲ ਤੇ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ, ਕੋੜ੍ਹਿਆਂ ਲਈ ਘਰ ਅਤੇ ਜ਼ਰਾਇਤੀ ਤੇ ਉਦਯੋਗਕ ਕੇਂਦਰ ਆਦਿ ਸਥਾਪਤ ਕਰਕੇ ਪੰਜਾਬੀਆਂ ਦੇ ਜੀਵਨ ਦੇ ਲਗ ਭਗ ਹਰ ਪੱਖ ਨੂੰ ਪ੍ਰਭਾਵਤ ਕੀਤਾ। ਭਾਵੇਂ ਪ੍ਰਗਟ ਤੌਰ ਤੇ ਇਨ੍ਹਾਂ ਮਿਸ਼ਨਰੀਆਂ ਦਾ ਮੂਲ ਮਨੋਰਥ ਯਸੂਹ ਮਸੀਹ ਦੁਆਰਾ ਸੰਸਾਰ ਨੂੰ ਦਿੱਤੇ ਗਏ ਚਾਨਣ ਨਾਲ ਰੁਸ਼ਨਾਉਣਾ ਤੇ ਦੈਵੀ ਸੱਚ ਦ੍ਰਿੜ੍ਹਾ ਕੇ ਭੁੱਲੇ ਭਟਕੇ ਲੋਕਾਂ ਨੂੰ ਰੱਬੀ ਸੁਨੇਹਾ ਦੇਣਾ ਸੀ, ਪਰ ਇਸ ਦੇ ਪਿਛੋਕੜ ਵਿਚ ਅੰਗਰੇਜ਼ੀ ਸਰਕਾਰ ਦਾ ਇਸ ਦੇਸ਼ ਵਿਚ ਆਪਣੇ ਰਾਜ ਨੂੰ ਸਦੀਵੀ ਤੇ ਪੱਕੇ ਪੈਰਾਂ ਤੇ ਕਾਇਮ ਕਰਨਾ ਸੀ,[29] ਕਿਉਂਜੋ ਈਸਾਈ-ਭਾਰਤ ਅੰਗਰੇਜ਼ਾਂ ਨੂੰ ਓਪਰੇ, ਬਦੇਸ਼ੀ ਜਾਂ ਧਾੜਵੀ ਸਮਝਣ ਦੀ ਥਾਂ ਆਪਣਾ ਅੰਗ ਸਮਝਣ ਲਗ ਪਏਗਾ। ਮੁਸਲਮਾਨ ਹਾਕਮਾਂ ਵਲੋਂ ਵੀ ਸਾਰੇ ਭਾਰਤੀਆਂ ਨੂੰ ਮੁਸਲਮਾਨ ਬਣਾ ਕੇ ਇੱਕੋ ਕੌਮ ਵਿਚ ਬੰਨ੍ਹਣ ਦੇ ਯਤਨ ਭਾਰਤੀ ਇਤਿਹਾਸ ਦਾ ਇਕ ਮਹੱਤਵ ਪੂਰਨ ਤੱਥ ਹੈ।

---

28. Nehru-Jawahar Lal," Discovery of India ",p.262-Delhi-1962.

29. ਨੈਪੋਲੀਅਨ ਇਨ੍ਹਾਂ ਮਿਸ਼ਨਰੀ-ਸਰਗਰਮੀਆਂ ਦੇ ਰਾਜਸੀ ਮਨੋਰਥ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ: "It is my wish to re-establish the institution for foreign mission for the religious missionaries may be very useful to me in Asia, Africa and America as I shall make them reconnoitre all the lands they visit. The sanctity of their dress ~~and~~ will not protect them but serve to conceal their Political and Commercial investigatio "Wells-'Outline of History'-New York 1951,p.937.

ਈਸਾਈ ਧਰਮ ਦੇ ਰਾਜ-ਧਰਮ ਹੋਣ ਕਰ ਕੇ, ਬਾਕੀ ਧਰਮਾਂ ਦੇ ਆਗੂ ਇਸ ਦੇ ਵਿਰੁਧ ਖੁਲ੍ਹਮ ਖੁਲ੍ਹਾ ਕੁਝ ਕਹਿਣ ਤੋਂ ਤਾਂ ਝਿਜਕਦੇ ਸਨ, ਪਰ ਇਸ ਦੇ ਹੜ੍ਹ ਸਾਹਮਣੇ ਆਪੋ ਆਪਣੇ ਧਰਮਾਂ ਨੂੰ ਸੁਰੱਖਿਅਤ ਰੱਖਣ ਲਈ ਪੂਰੀ ਤਰ੍ਹਾਂ ਸੁਚੇਤ ਵੀ ਹੋ ਗਏ ਸਨ। ਪੱਛਮੀ ਗਿਆਨ ਵਿਗਿਆਨ[30] ਦੇ ਪਰਸਾਰ ਨੇ ਜਿਥੇ ਲੋਕਾਂ ਦੇ ਨਿਸਚਿਆਂ ਉਤੇ ਸੱਟ ਮਾਰੀ ਸੀ, ਉਥੇ ਈਸਾਈ ਮਿਸ਼ਨਰੀਆਂ ਦੇ ਮਾਨਵ-ਵਾਦੀ ਵਿਵਹਾਰ ਨੇ ਭਾਰਤੀ ਧਰਮਾਂ ਦੇ ਅੰਧ-ਵਿਸ਼ਵਾਸ਼ੀ ਵਾਲੇ ਰਵੱਈਏ, ਨਿਆਇ-ਰਹਿਤ ਸੋਚਣੀ, ਪਰੰਪਰਾਵਾਦੀ ਤੇ ਪਿਛਾਂਹ-ਖਿੱਚੂ ਰਸਮਾਂ-ਰੀਤਾਂ ਅਤੇ ਤੰਗ ਦ੍ਰਿਸ਼ਟੀਕੋਣਾਂ ਨੂੰ ਇਕ ਵਾਰ ਤਾਂ ਜੜ੍ਹੋਂ ਹਿਲਾ ਦਿੱਤਾ। ਸਿੱਟਾ ਇਹ ਨਿਕਲਿਆ ਕਿ ਸਾਰੇ ਧਰਮਾਂ ਨੇ ਆਪੋ ਆਪਣੇ ਧਰਮਾਂ ਦਾ ਪੁਨਰ-ਨਿਰੀਖਣ ਤੇ ਪੁਨਰ-ਪ੍ਰਦਰਸ਼ਨ ਆਰੰਭ ਦਿੱਤਾ। ਸਿੱਟੇ ਵਜੋਂ ਅਨੇਕ ਧਾਰਮਿਕ ਤੇ ਸੁਧਾਰਵਾਦੀ ਲਹਿਰਾਂ ਸਾਰੇ ਦੇਸ਼ ਵਿਚ ਚਲ ਪਈਆਂ।[31] ਇਨ੍ਹਾਂ ਲਹਿਰਾਂ ਸਦਕਾ ਪੰਜਾਬੀ ਸਾਹਿੱਤ ਵਿਚ ਵੀ ਨਿਗਰ ਵਾਧਾ ਹੋਇਆ। ਭਾਰਤੀ ਧਾਰਮਿਕ-ਸੁਧਾਰਵਾਦੀ ਲਹਿਰਾਂ ਦੇ ਆਗੂਆਂ ਨੇ ਆਪਣੇ ਪਰਚਾਰ ਦੇ ਢੰਗ, ਵਿਧੀਆਂ, ਸੋਚ, ਅਮਲ ਸਭ ਈਸਾਈ ਮਿਸ਼ਨਰੀਆਂ ਪਾਸੋਂ ਗ੍ਰਹਿਣ ਕੀਤੇ।[32] ਪਰ ਜਿਹੜੀ ਚੀਜ਼ ਉੱਘੜ ਕੇ ਸਪੱਸ਼ਟ ਰੂਪ ਵਿਚ ਸਾਹਮਣੇ ਆਈ, ਉਹ ਸੀ, ਭਾਰਤ ਦੇ ਸ਼ਾਨਦਾਰ ਭੂਤ ਤੇ ਪੱਛਮੀ ਵਿਗਿਆਨ ਦੇ ਪਸਾਰੇ ਨਾਲ ਉਪਜੀ ਨਵੀਂ ਸੋਚ ਵਿਚਾਰ, ਡੂੰਘਾ ਸੰਗਠਨ, ਤਾਲ-ਮੇਲ ਜਾਂ ਅਭੇਦਤਾ। ਇਸ ਰੁਚੀ ਨੇ ਨਵੀਂ ਪੜ੍ਹੀ ਲਿਖੀ ਮੱਧ ਸ਼੍ਰੇਣੀ ਦੀਆਂ ਭਾਵਨਾਵਾਂ ਨੂੰ ਬਹੁਤ ਹੱਦ ਤਕ ਸੰਤੁਸ਼ਟ ਕੀਤਾ, ਅਤੇ ਉਹ ਆਪਣੇ ਧਰਮਾਂ ਦੇ ਗੌਰਵ ਨੂੰ ਨਵੇਂ ਵਾਤਾਵਰਣ ਵਿਚ ਅਨੁਕੂਲ ਤੇ ਸ੍ਰੇਸ਼ਟ ਸਮਝਣ ਲਗ ਪਏ ਤੇ ਇਸ ਤਰ੍ਹਾਂ ਈਸਾਈ ਧਰਮ ਦੇ ਵਧ ਰਹੇ ਹੱਲਿਆਂ ਤੋਂ ਬਚੇ ਰਹੇ। ਇਸ ਕਾਰਣ ਪਾਦਰੀਆਂ ਨੂੰ ਆਪਣੀ ਵਿਧੀ ਬਦਲਣੀ ਪਈ ਤੇ ਉਹ ਸ਼ਹਿਰਾਂ ਦੀ ਬਜਾਇ ਪਿੰਡਾਂ ਵਿਚ ਅਤੇ ਪੜ੍ਹੀ ਲਿਖੀ ਮੱਧ ਸ਼੍ਰੇਣੀ ਦੀ ਥਾਂ ਅਨਪੜ੍ਹ ਤੇ ਪਛੜੀ ਹੋਈ ਪੇਂਡੂ ਜਨਤਾ ਵਿਚ ਆਪਣੇ ਪ੍ਰਭਾਵ ਨੂੰ ਉਸਾਰਨ ਲਗ ਪਏ। ਇਸ ਦੀ ਇਕ ਉਦਾਹਰਣ ਇਹ ਹੈ ਕਿ ਸਿਆਲਕੋਟ ਦੇ ਪਾਦਰੀ ਮਾਰਟਨ ਨੇ ਇਕ ਸਾਲ ਵਿਚ 15000 ਚੂਹੜਿਆਂ ਨੂੰ ਈਸਾਈ ਬਣਾਇਆ।[33]

---

30. Roberts P.E. Ibid,p.364," European Science,astronomy and Surgery were all opposed to the teachings of the Brahmins. The Mysticism and Symbolism of the East were fading before western materialism. The telegraph and Railways were looked upon askance as magical and diabolical agencies."

31. Gurdarshan Singh,"All these factors wrought a profound change on the Indian mind and gave rise to the great Indian renaissance of the 19th Century."-Ph.D.Thesis,p.5.

32. Farquhar J.N.,"Modern movements belonging to whatever religion is in almost every detail a replica of a mission. All methods without exception have been borrowed from Mission." 'Modern Religious Movements in India-1914,London pp.442-444

33. Campbell-E.Y.," The Church in the,Pb.Nagpur1961,p.11.

ਮਿਸ਼ਨਰੀਆਂ ਦੇ ਪ੍ਰਭਾਵ ਦਾ ਅਨੁਮਾਨ ਇਸ ਗਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਹੋਰ ਸਾਰੇ ਧਰਮਾਂ ਦੇ ਡੇਢ ਫੀਸਦੀ ਟਾਕਰੇ ਤੇ ਇਨ੍ਹਾਂ ਦੀ ਗਿਣਤੀ 30 ਫੀਸਦੀ ਵਧੀ ਤੇ ਇਸ ਵਾਧੇ ਦਾ ਕਾਰਨ ਇਨ੍ਹਾਂ ਨੀਵੀਆਂ ਜਾਤੀਆਂ ਦਾ ਸਮੂਹਿ ਤੌਰ ਤੇ ਈਸਾਈ ਮੱਤ ਵਿਚ ਪ੍ਰਵੇਸ਼ ਹੀ ਸੀ। ਆਰੀਆ ਸਮਾਜ ਦਾ ਅਖਬਾਰ 'ਆਰੀਆ ਮੈਸੰਜਰ' ਬੜੇ ਦੁਖ ਭਰੇ ਸ਼ਬਦਾਂ ਵਿਚ ਆਪਣੇ ਸੰਪਾਦਕੀ ਨੋਟਾਂ ਵਿਚ ਇਸ ਦਾ ਪ੍ਰਗਟਾਵਾ ਕਰਦਾ ਰਿਹਾ।[34]

ਇਸ ਤਰ੍ਹਾਂ ਧਰਮ ਦੇ ਪਰਚਾਰ ਲਈ ਜਿਹੜੇ ਵੀ ਸਾਧਨ ਅਪਣਾਏ ਗਏ, ਜਿਹੜੀਆਂ ਵੀ ਸੰਸਥਾਵਾਂ ਖੜੀਆਂ ਕੀਤੀਆਂ ਗਈਆਂ, ਉਨ੍ਹਾਂ ਸਭਨਾਂ ਵਿਚ ਈਸਾਈ ਮਿਸ਼ਨਰੀਆਂ ਨੇ ਹਰ ਪੱਖੋਂ ਅਗਵਾਈ ਕੀਤੀ।[35] ਈਸਾਈ ਮਿਸ਼ਨਰੀ ਸਾਡੀਆਂ ਸੰਸਥਾਵਾਂ ਤੇ ਸਾਡੇ ਧਾਰਮਿਕ ਆਗੂਆਂ ਦਾ ਟੀਚਾ ਰਹੇ ਹਨ।

---

34. Farquhar, 'While the people of India increased in 1891-1901 at the rate of one and a half percent, native christians increased @ of over 30 percent. Just consider for a moment, what Christian Missionaries are accomplishing in India, though they came here, from the remotest part of Europe. They beat even the Arya Samajist, who have not learned to work among the masses who form the back bone of India. It is high time for us to realize that the future of India is not in the hands of higher classes but on the low caste people and if we devote best part of our energy in raising the status of the masses we can make every Indian house-hold resound with the chanting of Vedas at no distant date. But whence are men? Where is the sacrifice."'Christianity in India'-London, p.24.

35. Farquhar, "Whatever material has been used for the reconstruction of the old Indian religions, Christian people have guided the builders. Christianity has been the norm."
'Modern Religious Movements in India, p.436.

## ਸਿੱਖਾਂ ਦੀਆਂ ਸੁਧਾਰਵਾਦੀ ਲਹਿਰਾਂ

ਸਿੱਖ ਕੌਮ ਨੇ ਆਪਣੇ ਗੁਰੂਆਂ ਦੇ ਦਰਸਾਏ ਹੋਏ ਮਾਰਗ ਉੱਤੇ ਚਲ ਕੇ, ਲਗਭਗ ਤਿੰਨ ਸਦੀਆਂ ਦੀਆਂ ਅਥਾਹ ਘਾਲਣਾਵਾਂ ਤੇ ਕੁਰਬਾਨੀਆਂ ਉਪਰੰਤ ਪੰਜਾਬ ਵਿਚ ਇਕ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ। ਇਸ ਰਾਜ ਅਧੀਨ ਸਿੱਖ ਇਕ ਸੰਗਠਿਤ ਕੌਮ ਦੇ ਰੂਪ ਵਿਚ ਪਹਿਲੀ ਵਾਰੀ ਰਾਜਸੀ ਸੱਤਾ ਦੇ ਮਾਲਕ ਬਣੇ, ਅਤੇ ਜਾਗੀਰਾਂ,ਜਾਇਦਾਦਾਂ, ਪਦਵੀਆਂ ਤੇ ਅਹੁਦਿਆਂ ਨਾਲ ਸਨਮਾਨੇ ਗਏ। ਦੁਨਿਆਵੀ ਸੁਖ ਤੇ ਸ਼ੁਹਰਤ ਨੇ ਹੋਰ ਲੋਕਾਂ ਨੂੰ ਵੀ [3] ਸਿੱਖੀ ਵਲ ਆਕ੍ਰਸ਼ਤ ਕੀਤਾ ਅਤੇ ਤੀਹਾਂ ਚਾਲੀਆਂ ਵਰ੍ਹਿਆਂ ਵਿਚ ਹੀ ਸਿੱਖਾਂ ਦੀ ਗਿਣਤੀ ਇਕ ਕਰੋੜ ਤਕ ਪੁਜ ਗਈ।[4]

ਪੰਜਾਬ ਦੇ ਹਿੰਦੂ ਤਾਂ ਕੀ, ਜੰਮੂ ਕਸ਼ਮੀਰ ਦੇ ਡੋਗਰੇ, ਅਤੇ ਮਹਾਰਾਜਾ ਰਣਜੀਤ ਸਿੰਘ ਦੇ ਬਿਦੇਸ਼ੀ ਕਾਰਿੰਦੇ ਵੀ ਦਾੜ੍ਹੀਆਂ ਤੇ ਕੇਸ ਰਖਦੇ ਸਨ।[5] ਬਾਹਰੋਂ ਵੇਖਣ ਨੂੰ ਤਾਂ ਉਹ ਸਭ ਤਿਆਰ ਬਰ ਤਿਆਰ ਸਿੰਘ ਪ੍ਰਤੀਤ ਹੁੰਦੇ ਸਨ, ਪਰ ਉਹ ਕੇਵਲ ਨਾਂ-ਮਾਤਰ ਹੀ ਸਿੰਘ ਸਨ। " ਰਾਜ ਦੇ ਐਨ ਐਸ਼ਵਰਜ ਵੇਲੇ ਸਿੱਖੀ ਖਾਲਸ ਨਹੀਂ ਸੀ ਰਹੀ, ਮਿਲਗੋਭਾ ਹੋ ਗਈ ਸੀ। ਸਿੱਖੀ ਉਨਾ ਚਿਰ ਹੀ ਪਵਿੱਤਰ ਰਹੀ ਜਿੰਨਾ ਚਿਰ ਇਹ ਸ਼ਹੀਦਾਂ ਦੇ ਵਗ ਰਹੇ ਖ਼ੂਨ ਦੀ ਨੈਂ ਵਿਚ ਨ੍ਹਾਤੀ ਧੋਤੀ ਰਹੀ। ਜਿਉਂ ਜਿਉਂ ਸਰਦਾਰੀਆਂ ਕਾਇਮ ਹੋਈਆਂ... ਰਾਜ ਅਤੇ ਐਸ਼ਵਰਯ ਵਧਿਆ, ਸਿੱਖੀ ਦਾ ਮਿਲਗੋਭਾਪਨ ਵੀ ਨਾਲ ਹੀ ਤਰੱਕੀ ਕਰ ਗਿਆ। ਇਸ ਦੀ ਵਜਹ ਹੈ।"[6]

" ਸਿਖ ਐਸ਼ਵਰਯ ਦੇ ਜ਼ਮਾਨੇ ਹਿੰਦੂ ਆਪਣੇ ਆਪ ਨੂੰ ਸਿੱਖ ਅਖਵਾਉਣ ਲਈ ਕਾਹਲੇ ਸਨ। ਥੋੜ੍ਹੇ ਹੀ ਸਮੇਂ ਵਿਚ ਸਿੱਖਾਂ ਦੀ ਗਿਣਤੀ ਪੰਜਾਬ ਵਿਚ ਇਕ ਕਰੋੜ ਦੇ ਕਰੀਬ ਹੋ ਗਈ ਦਸੀਂਦੀ ਹੈ। ਪਰ ਇਨ੍ਹਾਂ ਧਾੜਾਂ ਨਾਲ ਸਿੱਖੀ ਨੂੰ ਫਾਇਦਾ ਨਹੀਂ ਪਹੁੰਚਾ। ਮਜ਼ਹਬ ਭਗਤੀ ਦੀ ਪ੍ਰਥਾ ਤੋਂ ਨਿਕਲ ਕੇ ਨਿਰੋਲ ਨਿਰੋਲ ਕਰਮ-ਕਾਂਡੀ ਬਣ ਗਿਆ। ਗਿਆਨ ਦੀ ਪਉੜੀ ਤੋਂ ਡਿਗ ਕੇ ਵਹਿਮੀ ਤੇ ਭਰਮੀ ਬਣ ਗਿਆ।"[7]

---

3. Temple-Richard-Sir,"While it(Sikhism) was the representative of political force and the symbol of military power, not only were the sons of old adherents admitted to the ancestral faith, but also fresh applicants for admission were numerous. After national triumphs in War and policy, the new disciples, who flocked to the temple's gate for admission were numerous." 'India in 1880-London, 1881 pp.119-120.

4.(ੳ) ਦੁਖੀ- ਮੁਨਸ਼ਾ ਸਿੰਘ - "ਰਣਜੀਤ ਸਿੰਘ ਦੇ ਰਾਜ ਵਿਚ ਸਿੱਖਾਂ ਦੀ ਗਿਣਤੀ ਇਕ ਕਰੋੜ ਤਕ ਜਾ ਪੁੱਜੀ ਸੀ।" ਜੀਵਨ ਭਾਈ ਮੋਹਨ ਸਿੰਘ ਵੈਦ ਤਰਨ-ਤਾਰਨ, ਪੰਨਾ 15.

(ਅ) ਪ੍ਰੀਤਮ ਸਿੰਘ —"ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਪੰਜਾਬੀ ਵਾਰਤਕ" ਸਾਹਿਤ ਸਮਾਚਾਰ ਮਾਰਚ 1952, ਪੰਨਾ 55.

(ੲ) ਬਲਬੀਰ ਸਿੰਘ -ਡਾਕਟਰ- 'ਚਰਨ ਹਰਿ ਵਿਸਤਾਰ' - ਅੰਮ੍ਰਿਤਸਰ ਜਿਲਦ ਪਹਿਲੀ, ਸੈਂਚੀ 2, ਪੰਨਾ 24.

" ਮਹਾਰਾਜਾ ਰਣਜੀਤ ਸਿੰਘ ਵੇਲੇ ਬਹੁਤ ਸਾਰੀ ਹਿੰਦੂ ਜਨਤਾ ਆਪਣੇ ਆਪ ਨੂੰ ਸਿੱਖ ਅਖਵਾਉਣ ਲਗ ਪਈ ਸੀ। ਹਿੰਦੂ ਵਜ਼ੀਰ, ਅਮੀਰ, ਉਮਰਾ, ਪੁਲੀਟੀਕਲ ਹੈਸੀਅਤ ਵਿਚ ਸਭ ਸਿੱਖ ਹੀ ਅਖਵਾਉਂਦੇ ਸਨ। ਸਾਰੀ ਹਿੰਦੂ ਸੁਸਾਇਟੀ ਉਤੇ ਰਾਜ ਦੇ ਪ੍ਰਭਾਵ ਕਰਕੇ ਸਿੱਖੀ ਦਾ ਮਲੂੰਮਾ ਫਿਰ ਗਿਆ ਸੀ। ਅਸਲ ਸਿੱਖ ਕਿਤਨੇ ਸਨ? ਇਸ ਦਾ ਅੰਦਾਜ਼ਾ ਵੀ ਲਗ ਸਕਦਾ ਹੈ — ਕਿਉਂਕਿ ਰਾਜ ਦੇ ਖ਼ਤਮ ਹੁੰਦਿਆਂ ਹੀ ਸਿੱਖੀ ਦੀ ਪਾਣ ਉੱਤਰ ਗਈ। ਹੇਠਾਂ ਜੋ ਮੁੱਢਲੀ ਧਾਤ ਸੀ, ਉਹ ਹੌਲੀ ਹੌਲੀ ਸਾਰੀ ਦੀ ਸਾਰੀ ਬਾਹਰ ਆ ਗਈ। 1881 ਈ. ਦੀ ਮਰਦਮ-ਸ਼ੁਮਾਰੀ ਵੇਲੇ ਸਿੱਖਾਂ ਦੀ ਗਿਣਤੀ 18 ਲੱਖ ਦੇ ਕਰੀਬ ਅਨੁਮਾਨਤ ਹੋਈ। ਬਾਕੀ ਦਾ 82 ਲੱਖ ਕਿੱਥੇ ਗਰਕ ਹੋ ਗਿਆ?"[8]

ਮਹਾਰਾਜਾ ਰਣਜੀਤ ਸਿੰਘ ਦਾ ਮੂਲ ਮਨੋਰਥ ਰਾਜਸੀ ਸੱਤਾ ਪ੍ਰਾਪਤ ਕਰਨਾ ਤੇ ਆਪਣੀ ਸਾਰੀ ਸ਼ਕਤੀ ਨੂੰ ਏਸੇ ਮਨੋਰਥ ਦੀ ਪੂਰਤੀ ਲਈ ਵਰਤਣਾ ਸੀ। ਭਾਵੇਂ ਉਪਰੋਂ ਉਹ ਸਿੱਖੀ ਪ੍ਰਤੀ ਅਥਾਹ ਸ਼ਰਧਾ ਦਾ ਦਿਖਾਵਾ ਜਾਂ ਪ੍ਰਗਟਾਵਾ ਕਰਦਾ ਸੀ ਪਰ ਸਿੱਖ ਦੀ ਧਾਰਮਿਕ ਤੇ ਸਦਾਚਾਰਕ ਜਾਂ ਸਭਿਆਚਾਰਕ ਦਸ਼ਾ ਨੂੰ ਸੁਧਾਰਨ ਵਲ ਉਸ ਨੇ ਕੋਈ ਵੀ ਨਿਸ਼ਚਿਤ ਤੇ ਸੁਚੇਤ ਯਤਨ ਨਾ ਕੀਤਾ।[9] ਉਸ ਨੇ ਸਿੱਖੀ ਨੂੰ ਬਾਦਸ਼ਾਹੀਅਤ ਦੀਆਂ ਪੁਸ਼ਾਕਾਂ ਤਾਂ ਪੁਆ ਦਿੱਤੀਆਂ, ਗੁਰਦੁਆਰਿਆਂ ਤੇ ਧਰਮ ਅਸਥਾਨਾਂ ਨੂੰ ਜਾਗੀਰਾਂ ਜਾਇਦਾਦਾਂ ਤੇ ਹੀਰੇ ਮੋਤੀਆਂ ਦੇ ਚੜ੍ਹਾਵੇ ਤਾਂ ਚਾੜ੍ਹੇ[10] ਪਰ ਉਸ ਦੇ ਰਾਜ ਵਿਚ ਕੋਈ ਵੀ ਸੰਸਥਾ ਜਾਂ ਜਥੇਬੰਦੀ ਅਜਿਹੀ ਨਹੀਂ ਸੀ ਜਿਹੜੀ ਸਿੱਖੀ ਦਾ ਪਰਚਾਰ ਕਰਦੀ, ਜਾਂ ਇਸ ਦੇ ਹਿਤਾਂ ਦੀ ਰੱਖਿਆ ਕਰਦੀ ਜਾਂ ਆਮ ਸਿੱਖ ਜਨਤਾ ਨੂੰ ਸਿੱਖੀ ਦੀ ਵਿਲੱਖਣਤਾ ਤੇ ਇਸ ਦੇ ਮੂਲ ਸਿੱਧਾਂਤਾਂ ਦੀ ਸੋਝੀ ਕਰਵਾਉਂਦੀ।

---

5. ਅਸ਼ੋਕ, ਸ਼ਮਸ਼ੇਰ ਸਿੰਘ — ਪੰਜਾਬ ਦੀਆਂ ਲਹਿਰਾਂ -, ਪਟਿਆਲਾ, 1954, ਪੰਨਾ 19
6. ਬਲਬੀਰ ਸਿੰਘ - ਡਾਕਟਰ- 'ਚਰਣ ਹਰਿ ਵਿਸਤਾਰ' - ਜਿਲਦ ਪਹਿਲੀ ਸੈਂਚੀ 2, ਪੰਨਾ 21
7. ਉਹੀ, ਪੰਨਾ 24.
8. ਉਹੀ,
9. ਗੁਰਦਰਸ਼ਨ ਸਿੰਘ —'ਸਿੰਘ ਸਭਾ ਦਾ ਪ੍ਰਭਾਵ ਪੰਜਾਬ ਦੇ ਇਤਿਹਾਸ ਤੇ', ਪੀ. ਐਚ.ਡੀ. ਥੀਸਿਸ, ਪੰਨਾ 25.
10. Archer, John Clark, " He (Ranjit Singh) made Sikhism kingly giving costly jewels, gold, estates and precious conopies to endow and adorne the temples. " The Sikhs , 1946, pp.246.

ਬਾਲਪਨ ਤੋਂ ਹੀ ਜੰਗਾਂ ਯੁਧਾਂ ਵਿੱਚ ਜੁਟਿਆ ਰਹਿਣ ਕਰਕੇ, ਮਹਾਰਾਜਾ ਰਣਜੀਤ ਸਿੰਘ ਨੂੰ ਸਿੱਖ ਧਰਮ ਦੇ ਮੂਲ ਉਦੇਸ਼ਾਂ ਸੰਬੰਧੀ ਆਪ ਜਾਣਕਾਰੀ ਪ੍ਰਾਪਤ ਕਰਨ ਦਾ ਅਵਸਰ ਹੀ ਨਾ ਮਿਲਿਆ। ਸਿੱਟਾ ਇਹ ਨਿਕਲਿਆ ਕਿ ਉਸ ਦੇ ਦਰਬਾਰ ਵਿਚ ਤੇ ਮਹਿਲਾਂ ਵਿਚ ਬ੍ਰਾਹਮਣਵਾਦ ਦਾ ਇਕ ਅਜਿਹਾ ਜਟਿਲ ਜਾਲ ਵਿਛ ਗਿਆ ਜਿਸ ਦੇ ਫਲਸਰੂਪ ਜਨਮ ਤੋਂ ਲੈ ਕੇ ਮਰਨ ਤਕ ਦੀਆਂ ਹਰ ਪ੍ਰਕਾਰ ਦੀਆਂ ਰਸਮਾਂ ਬ੍ਰਾਹਮਣੀ ਢੰਗ ਨਾਲ ਹੋਣ ਲਗ ਪਈਆਂ।"[11] ਰਣਜੀਤ ਸਿੰਘ ਦਾ ਰਾਜ ਆਖਣ ਨੂੰ ਤਾਂ ਸਿੱਖ ਰਾਜ ਸੀ ਪਰ ਗੱਲਾਂ, ਰੀਤਾਂ ਰਸਮਾਂ ਸਭ ਹਿੰਦੂਆਣਾਂ ਸਨ। ਵੇਸਵਾ ਗਮਨ, ਦਾਰੂ ਮਾਸ ਆਮ ਸੀ। ਜੇ ਰਣਜੀਤ ਸਿੰਘ ਕੁਝ ਦਿਨ ਹੋਰ ਜੀਉਂਦਾ ਰਹਿੰਦਾ ਤਦ ਕੋਹ-ਨੂਰ ਹੀਰਾ ਵੀ ਜਗਨ-ਨਾਥ ਪੁਰੀ ਦੇ ਤੋਸ਼ੇਖਾਨੇ ਦੀ ਰੌਣਕ ਵਧਾਂਦਾ।"[12] ਰਾਜ ਤਾਂ ਭਾਵੇਂ ਉਸ ਵੇਲੇ ਸਿੱਖਾਂ ਦਾ ਸੀ ਪਰ ਸਿੱਖ ਰਹੁ-ਰੀਤ ਵਿਚ ਇਤਨੇ ਪੱਕੇ ਨਹੀਂ ਸਨ ਰਹੇ ਅਤੇ ਪੁਰਾਣੇ ਸਨਾਤਨ ਧਰਮ ਦੀ ਮਰਯਾਦਾ-ਦੇਵੀ ਦੇਵਤਿਆਂ ਦੀ ਅਰਾਧਨਾ, ਅਸ਼ਟ-ਭੁਜੀ ਦੇਵੀ, ਦੁਰਗਾ ਅਤੇ ਭਗਉਤੀ ਦੀਆਂ ਮੂਰਤੀਆਂ ਦੀ ਪੂਜਾ — ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਤਰਨ ਤਾਰਨ ਜਿਹੇ ਮਹਾਨ ਧਰਮ ਅਸਥਾਨਾਂ ਦੀਆਂ ਪਰਕਰਮਾਂ ਵਿਚ ਆ ਗਈ ਸੀ। ਗੁਰਬਾਣੀ ਦਾ ਪਾਠ ਬਹੁਤਾ ਸੰਸਕ੍ਰਿਤ ਦੇ ਮੰਤਰਾਂ ਵਾਂਗ ਹੋ ਗਿਆ ਸੀ। ਜੰਮਣ, ਮਰਨ, ਵਿਆਹ ਸ਼ਾਦੀ ਵੇਲੇ ਪੰਡਤ ਪ੍ਰਧਾਨ ਹੋ ਗਏ ਸਨ।[13] ਸਪੱਸ਼ਟ ਕਾਰਨ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਪ੍ਰਬੰਧ ਅਤੇ ਮਹੱਲਾਂ ਵਿਚ ਡੋਗਰੇ ਤੇ ਹਿੰਦੂ ਪ੍ਰਧਾਨ ਸਨ। ਉਹ ਉਪਰੋਂ ਤਾਂ ਭਾਵੇਂ ਸਿੱਖ ਬਣ ਗਏ ਸਨ ਪਰ ਵਿਸ਼ਵਾਸ਼ ਤੇ ਧਾਰਨਾਵਾਂ ਵਲੋਂ ਉਹ ਕੱਟੜ ਹਿੰਦੂ ਸਨ, ਇਸ ਲਈ ਉਨ੍ਹਾਂ ਦੇ ਹੱਥਾਂ ਵਿਚ ਸਿੱਖੀ ਦਾ ਪਤਨ ਸੁਭਾਵਿਕ ਸੀ।

---

11. Khushwant Singh-" And by the time the Sikhs came to dominate the Punjab sikh ruling class had thoroughly brain washed by their mentors, they were sacred threads, were married to the chanting of vedic mantras,went on pilgrimage to Hardwar and Banaras, forced their widows to perform Sati. Such was the state of affairs during the reign of the superstitious Brahmin- ridden Maharaja Ranjit Singh".

    (Foreword to N.G.Barrier's Book-"The Sikhs and their Literature", Delhi, 1970.)

12. ਚਕ੍ਰਵਰਤੀ - ਇੰਦਰ ਸਿੰਘ -, "ਕੂਕਿਆਂ ਬਾਰੇ" - ਲੁਧਿਆਣਾ -1956, ਪੰਨਾ 4.

13. ਗੰਡਾ ਸਿੰਘ - ਪੰਜਾਬ (ਸੰਪਾਦਤ) ਲੁਧਿਆਣਾ 1962, ਪੰਨਾ 90.

ਵੱਡੇ ਵੱਡੇ ਸਰਦਾਰ ਵੀ ਵਧੇਰੇ ਕਰ ਕੇ ਸਿੱਖੀ ਦੇ ਮੂਲ ਸਿੱਧਾਂਤਾਂ ਤੋਂ ਅਣਜਾਣ ਹੋਣ ਕਰ ਕੇ, ਬ੍ਰਾਹਮਣ ਜਾਲ ਵਿਚ ਫਸੇ ਹੋਏ ਸਨ। ਆਰੀਆ ਸਮਾਜ ਦੇ ਪ੍ਰਭਾਵ ਥੱਲੇ 1880 ਈ. ਤੋਂ ਪਿਛੋਂ ਸਿੱਖ ਗੁਰੂਆਂ ਨੂੰ ਛੁਟਿਆਉਣ ਤੇ ਗੁਰਬਾਣੀ ਨੂੰ ਵੇਦਾਂ ਦੀ ਨਕਲ, ਅਤੇ ਸਿੱਖੀ ਨੂੰ ਹਿੰਦੂ ਧਰਮ ਦੀ ਇਕ ਸ਼ਾਖ਼ ਸਿੱਧ ਕਰਨ ਦੇ ਜਿਹੜੇ ਯਤਨ ਸੁਚੇਤ ਤੌਰ ਤੇ ਆਰੰਭੇ ਗਏ ਸਨ, ਵਾਸਤਵ ਵਿਚ ਅਮਲੀ ਤੌਰ ਤੇ ਉਨ੍ਹਾਂ ਦੀ ਪ੍ਰਦਰਸ਼ਣੀ ਰਣਜੀਤ ਸਿੰਘ ਦੇ ਰਾਜ ਸਮੇਂ ਹੀ ਆਰੰਭ ਹੋ ਗਈ ਸੀ।[14] ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਪੰਜਾਬੀਆਂ ਦੀ ਜੋ ਦਸ਼ਾ ਸੀ ਅਤੇ ਜਿਸ ਤਰ੍ਹਾਂ ਦਸਾਂ ਗੁਰੂਆਂ ਤੇ ਸਿੱਖ ਸ਼ਹੀਦਾਂ, ਯੋਧਿਆਂ ਨੇ ਏਨੀਆਂ ਕੁਰਬਾਨੀਆਂ ਦੇ ਕੇ ਸਿੱਖੀ ਨੂੰ ਉਚੇਰੀਆਂ ਮਜ਼ਿਲਾਂ ਤੇ ਪੁਚਾਇਆ ਸੀ ਕਿ ਇਹ ਧਰਮ ਸੰਸਾਰ ਦੇ ਬਾਕੀ ਸਭ ਧਰਮਾਂ ਨਾਲੋਂ ਸ੍ਰੇਸ਼ਟ ਸਮਝਿਆ ਜਾਣ ਲਗ ਪਿਆ ਸੀ, ਰਣਜੀਤ ਸਿੰਘ ਦੇ ਸਮੇਂ ਪੱਤਨ ਦੀ ਇੰਤਹਾ ਤਕ ਪੁਜ ਗਿਆ ਸੀ। ਇਸ ਦਸ਼ਾ ਨੂੰ ਲਗਭਗ ਸਾਰੇ ਦੇਸੀ ਤੇ ਵਿਦੇਸ਼ੀ ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਬੜੇ ਵੇਰਵਿਆਂ ਸਹਿਤ ਅੰਕਿਤ ਕੀਤਾ ਹੈ।[15]

---

14. Ahluwalia-"The times of Ranjit Singh and His successors witnessed further land slides on the road of religion and morality. The Brahmanic influences, costly cermonalism, emotional depravities, individual treacheries and violence, the practice of Sati, sale of daughters, infanticide etc. became wide-spread." "History of Freedom Movement"-Delhi, 1961,p.170.

15. a) Harbans Singh-" The decline had started in the very heyday of sikh power. The faith was weakened by the influx of large numbers of those who had adopted the sikh form to gain worldly advantages, but whose allegiance to its principles and traditions was tentative."
" Panjab Past & Present' No.VII,April,1973, p.23-24.

b) Duncan Greenlees-"The Gospal of the Guru Granth Sahib-Madras, 1952, Preface-CXXXIII.

c) Malcolm-"The Sikhs were no doubt hardy and simple but as the power of nation increased luxuries and vicious pleasures followed wealth and indolence." " Sketch of the Sikhs"-London 1812,p.141.

d) Archer John Clark-" The Sikhs' Princeton- p.246.

e) ਗਿਆਨੀ ਗਿਆਨ ਸਿੰਘ —" ਸਿੰਘ ਸੁਨਹਿਰੀ ਕਬਜੇ ਵਾਰੇ, ਤਿਨੈ ਮਸਖਰੀ ਲੋਗ ਕਰੈਂ।
ਜਪ ਤਪ ਸੰਜਮ,ਧਰਮਕਰਮ ਤਜ, ਪੈ ਕੁਕਰਮ ਮੇਂ ਸੋਊ ਪਰੈਂ।
ਭੈਰੋਂ ਕੋ ਚਢਾਇ ਮੁਰਗਾ, ਤੈ ਮਦ ਦੁਰਗਾ ਕੋ
ਉਰਗਾਂ ਕੋ ਪੂਜੈ, ਊਜੈ ਤੁਰਗਾ ਮਸਾਨੀ ਹੈ।
ਤਿਆਗ ਨਿੱਜ ਧਰਮ ਕਰਮ, ਸਭ ਤੂੰ ਤੈ ਭਾਗੈ
ਅਨੁਰਾਗੇ,ਸਤ ਸੰਗ ਸੈ ਨਾ ਪਾਗੈ ਬਾਨੀ ਹੈ।"
(ਪੰਥ ਪ੍ਰਕਾਸ਼,ਪੰਨਾ 931-39)

"ਸੰਨ 1850 ਈ. ਤਕ ਸਿੱਖ ਮੱਤ ਅੰਦਰ ਰਿਲੀਜੀਅਸ ਪੇਟਰੀਅਜ਼ (ਧਾਰਮਿਕ ਬਾਪੂਆਂ) ਦਾ ਬੜਾ ਭਾਰੀ ਜ਼ੋਰ ਚਲਿਆ। ਇਸ ਸਮੇਂ ਬੇਦੀਆਂ, ਸੋਢੀਆਂ, ਭੱਲਿਆਂ, ਗੁਰੂ ਕਿਆਂ ਸਾਹਿਬਜ਼ਾਦਿਆਂ, ਸਥਾਨਕ ਗੁਰੂਆਂ, ਸਾਧੂਆਂ ਦੀਆਂ ਜਮਾਤਾਂ ਨੇ ਸਿੱਖ ਪੰਥ ਨੂੰ ਲੁਟ ਖਾਧਾ। ਇਹ ਸਭ ਆਪਣੇ ਆਪਣੇ ਇਲਾਕਿਆਂ ਵਿਚ ਗੁਰੂ ਬਣ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੀ ਗੱਦੀਆਂ ਲਾ ਕੇ ਬੈਠਦੇ, ਗੁਰੂ ਸਿੱਖਾਂ ਤੋਂ ਆਪਣੇ ਪੈਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਪੂਜਵਾਂਦੇ, ਅਤੇ ਪੂਜਾ ਦਾ ਧਨ ਆਪੇ ਹੀ ਹਜ਼ਮ ਕਰ ਜਾਂਦੇ। ਤਖ਼ਤਾਂ, ਧਾਮਾਂ, ਬੁੰਗਿਆਂ, ਡੇਰਿਆਂ ਨੂੰ ਮਹੰਤ ਜਾਂ ਨਾਜ਼ਮ ਆਪਣੀ

---

f) Macaulf-"Not withstanding the Sikh Gurus virulent denunciation of Brahmins, secular sikhs as we have seen now, rarely do anything without their assistance. Brahmins help them to be born, help them to wed, to help them to die and help their souls after death and to obtain state of bliss. And the Brahmins with all the deftness, partially succeeded in persuading the sikhs to restore their niches, the images of Devi, the queen of heavens and of the saints and gods of the ancient faith."
"ਗੁਰਦੁਆਰਾ ਗਜ਼ਟ ਅੰਮ੍ਰਿਤਸਰ, ਜੂਨ 1969, ਪੰਨਾ 46 ਉਤੇ 1881 ਈ. ਵਿਚ ਪ੍ਰਗਟਾਏ ਗਏ ਲੇਖਕ ਦੇ ਵਿਚਾਰਾਂ ਨੂੰ ਦੋਬਾਰਾ ਛਾਪਿਆ।

g) Hukam Singh-Spokesman Weekly, New Delhi- Guru Nanak Number, 1973,p.17.

h) Khushwant Singh-" During Sikh rule the distinction between Sikh and Hindu became one of mere form. For the rest Brahminical Hinduism had come back into its own. The new sikh Jat nobility aped the practices of Hindu Rajput princes they worshiped Hindu gods alongside their own Granth, venerated the cow, fed Brahmins, consulted astrologers and sooth sayers and compelled widows to immolate themselves in funaeral pyres of their husbands."History of the Sikhs Vol.II,p.95.

i) Barrier-N.G.," Beginning in the Ranjit Singh period the erosion of the Sikh ideals and institutions had accelerated to the point that in 1860's the observers felt that Sikhism might disappear." The Sikhs and their Literature." Delhi,1970, Introduction, p.XIX.

j) Sahni- Ruchi Ram," The Sikhs showed no life, religious or national in them. They worshipped the same old gods, indulged in the same old superstitious practices from which their Gurus had so heroically worked to extricate them. Their baptism and five symbols became a mere anomoly."

"The Gurdwara Reform Movement and the Sikhs Awakening"- Jullundur,1922,p.134.

ਜੱਦੀ ਜਾਇਦਾਦ ਸਮਝਣ ਲਗੇ। ਕੁਰੀਤੀਆਂ ਪਰਚਲਿਤ ਹੋ ਗਈਆਂ ਅਤੇ ਸਿੱਖ ਵਿਚਾਰੇ ਅੰਧ-ਕੂਪ ਵਿਚ ਰਾਹ ਭਾਲਣ ਲਈ ਟੱਕਰਾਂ ਮਾਰਦੇ ਫਿਰਨ ਲਗੇ।"

" ਗੁਰਦੁਆਰਿਆਂ ਵਿੱਚ ਰਾਮ, ਕ੍ਰਿਸ਼ਨ ਦੀਆਂ ਮੂਰਤੀਆਂ ਰੱਖਣੀਆਂ, ਪੁਰਾਣਾਂ ਦੀ ਕਥਾ ਕਹਾਣੀਆਂ ਦੀ ਚਰਚਾ ਕਰਨੀ, ਤੇ ਸਾਰੇ ਹਿੰਦੂ ਤਿਉਹਾਰ ਮਨਾਉਣੇ, ਗੁਰੂ ਗ੍ਰੰਥ ਸਾਹਿਬ ਨੂੰ ਵੀ ਪੱਥਰ ਦੀਆਂ ਮੂਰਤੀਆਂ ਵਾਂਗ ਮੱਥਾ ਟੇਕ ਛੱਡਣਾ, ਸਿੱਖ ਗੁਰੂਆਂ ਨੂੰ ਵੀ ਹਿੰਦੁਸਤਾਨ ਦੇ ਤੇਤੀ ਕ੍ਰੋੜ ਦੇਵਤਿਆਂ ਵਿਚ ਸ਼ਾਮਲ ਕਰਨਾ, ਸਿੱਖਾਂ ਦੇ ਵਿਆਹ, ਮਰਨ ਆਦਿ ਦੇ ਸੰਸਕਾਰ ਵੀ ਹਿੰਦੂ ਰੀਤੀ ਅਨੁਸਾਰ ਕਰਾ ਦਿੰਦੇ।"[16] ਸਮੁਚੀ ਸਿੱਖ ਕੌਮ ਇਸ ਦਲਦਲ ਵਿਚ ਖੁਭੀ ਪਈ ਸੀ।

## ਨਿਰੰਕਾਰੀ ਲਹਿਰ

ਸਿੱਖਾਂ ਨੂੰ ਉਪਰ ਦੱਸੀ ਅਵੱਸਥਾ ਵਿੱਚੋਂ ਕੱਢਣ ਲਈ ਤੇ ਗ਼ੈਰ-ਸਿੱਖ ਵਰਤ-ਵਰਤਾਰੇ ਤੋਂ ਮੁਕਤ ਕਰਨ ਲਈ ਰਣਜੀਤ ਸਿੰਘ ਰਾਜ ਸਮੇਂ ਹੀ ਸਿੱਖ ਸੁਧਾਰ ਦੀ ਪਹਿਲੀ ਇਨਕਲਾਬੀ ਲਹਿਰ ਦਾ ਜਨਮ ਹੋਇਆ ਜੋ 'ਨਿਰੰਕਾਰੀ ਲਹਿਰ' ਕਰ ਕੇ ਪ੍ਰਸਿੱਧ ਹੋਈ। ਇਸ ਦੇ ਮੋਢੀ ਪਿਸ਼ਾਵਰ ਦੇ ਬਾਬਾ ਦਿਆਲ ਜੀ (1783-1855 ਈ.) ਸਨ। ਪਿਸ਼ਾਵਰ ਤੋਂ ਰਾਵਲਪਿੰਡੀ ਆ ਕੇ ਆਪ ਨੇ ਲੋਕਾਂ ਵਿਚ ਧਾਰਮਿਕ ਰਹੁ-ਰੀਤਾਂ ਵਿਚ ਸੁਧਾਰ ਲਿਆਉਣ ਲਈ ਬ੍ਰਾਹਮਣਵਾਦ ਵਾਲੀਆਂ ਰੀਤਾਂ, ਯਥਾ ਤੀਰਥਾਂ ਤੇ ਜਾਣਾ, ਦੇਵੀ ਦੇਵਤਿਆਂ ਦੀ ਪੂਜਾ ਕਰਨੀ, ਇਕਾਦਸ਼ੀ ਦੇ ਬ੍ਰਤ ਰਖਣੇ, ਸੂਤਕ ਪਾਤਕ, ਵਿਆਹ ਸ਼ਾਦੀਆਂ ਤੇ ਫ਼ਜ਼ੂਲ ਖ਼ਰਚ ਇਤ-ਆਦਿ ਦਾ ਖੁਲ੍ਹਮ ਖੁਲ੍ਹਾ ਖੰਡਨ ਕੀਤਾ। ਇਕ ਨਿਰੰਕਾਰ[17] ਤੋਂ ਬਿਨਾਂ ਹੋਰ ਕਿਸੇ ਦੈਵੀ ਜਾਂ ਦੁਨਿਆਵੀ ਸ਼ਕਤੀ ਅਗੇ ਸਿਰ ਨਾ ਝੁਕਾਉਣਾ, ਮਾਸ ਸ਼ਰਾਬ ਤੋਂ ਪਰਹੇਜ਼, ਜੀਵਨ ਦੇ ਹਰ ਪੱਖ ਵਿਚ ਸਚਿਆਰਾ ਹੋਣ ਦਾ ਯਤਨ, ਗੁਰੂ ਨਾਨਕ ਅਤੇ 'ਗੁਰੂ ਗ੍ਰੰਥ' ਤੋਂ ਬਿਨਾਂ ਹੋਰ ਕਿਸੇ ਨੂੰ ਗੁਰੂ ਨਾ ਮੰਨਣਾ, ਨਾਮ-ਬਾਣੀ ਤੇ ਕੀਰਤਨ ਦਾ ਪਰਵਾਹ ਸੰਗਤ ਵਿਚ ਚਲਾਉਣਾ, ਨਿਰੰਕਾਰੀ ਮਤ ਦੇ ਕੁਝ ਕੁ ਮੋਟੇ ਅਸੂਲ ਸਨ। ਛੇਤੀ ਹੀ ਉਨ੍ਹਾਂ ਦੀ ਸਿੱਖਿਆ ਦਾ ਪ੍ਰਭਾਵ ਹਿੰਦੂਆਂ ਸਿੱਖਾਂ ਦੋਹਾਂ ਉਤੇ[18] ਪੈਣਾ ਸ਼ੁਰੂ ਹੋਇਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਨ੍ਹਾਂ ਦੇ ਸੇਵਕ ਬਣ ਗਏ, ਜਿਨ੍ਹਾਂ ਨੂੰ ਸਪੱਸ਼ਟ ਸ਼ਬਦਾਂ ਵਿਚ ਉਪਦੇਸ਼ ਦਿੱਤੇ:-

---

16. ਨਾਹਰ ਸਿੰਘ —"ਸਾਡੀ ਦਸ਼ਾ" ਗੁਰਦੁਆਰਾ ਗਜ਼ਟ ਅੰਮ੍ਰਿਤਸਰ, ਅਗਸਤ 1953, ਪੰਨਾ 6 ਤੇ ਦੋਬਾਰਾ ਪ੍ਰਕਾਸ਼ਤ ਹੋਇਆ।
17. ਉਨ੍ਹਾਂ ਨੇ ਆਪਣੇ ਸੇਵਕਾਂ ਲਈ ਇਹ ਬੋਲਾ ਘੜਿਆ—" ਪਿਆਰਿਓ ਜਪੋ ਧੰਨ ਨਿਰੰਕਾਰ
ਦੇਹ-ਧਾਰੀ ਸਭ ਖੁਆਰ ।"
18. 1891 ਈ. ਦੀ ਮਰਦਮ ਸ਼ੁਮਾਰੀ ਵਿਚ ਨਿਰੰਕਾਰੀਆਂ ਦੀ ਗਿਣਤੀ 50724 ਦਿੱਤੀ ਹੋਈ ਹੈ, ਜਿਨ੍ਹਾਂ ਵਿੱਚੋਂ 11817 ਸਿੱਖ ਤੇ 38907 ਹਿੰਦੂ ਸਨ।

" ਕਿਸੇ ਦੇਵੀ ਦੇਵਤੇ, ਤਟ-ਤੀਰਥ, ਮੜ੍ਹੀ-ਮਸਾਣੀ, ਜਾਦੂ ਟੂਣੇ, ਸਾਧੂ ਫਕੀਰ ਤੇ ਪੀਰ ਪੈਗੰਬਰ ਨੂੰ ਨਾ ਮੰਨੋ। ਨਿਰੰਕਾਰ (ਅਕਾਲ ਪੁਰਖ) ਤੋਂ ਛੁਟ ਕੋਈ ਵੱਡਾ ਨਹੀਂ, ਇਸ ਲਈ ਬਨਾਉਟੀ ਰੱਬਾਂ ਅਗੇ ਨੱਕ ਨਾ ਰਗੜੋ। ਕਿਸੇ ਸਾਕ ਸੰਬੰਧੀ ਦੇ ਮਰਨ ਤੇ ਰੋਓ ਕੁਰਲਾਓ ਨਾ ਤੇ ਨਾ ਹੀ ਸਿਆਪਾ ਹੋਣ ਦਿਓ। ਸ਼ਾਂਤ-ਚਿਤ ਰਹਿ ਕੇ ਬਾਣੀ ਦਾ ਪਾਠ ਕਰੋ ਤੇ ਅਕਾਲ ਪੁਰਖ ਦਾ ਭਾਣਾ ਮੰਨੋ। ਪਿੰਡ, ਪੱਤਲ, ਕ੍ਰਿਆ, ਦੀਵੇ ਤੇ ਫੁਲ ਚੁਣਨੇ ਅਥਵਾ ਮੋਇਆਂ ਦੀਆਂ ਮੜ੍ਹੀਆਂ ਫੋਲਣੀਆਂ ਆਦਿ ਕਰਮ , ਗੁਰਮਤਿ ਤੋਂ ਉਲਟ ਹਨ। ਇਹ ਮਨਮਤਾਂ ਕਰਨੀਆਂ ਛੱਡੋ। ਕਿਸੇ ਪੰਡਿਤ ਪਾਂਧੇ, ਜੋਤਸ਼ੀ ਨਜੂਮੀ ਜਾਂ ਮੁਲਾਂ ਮੁਲਾਣੇ ਦੀਆਂ ਗੱਲਾਂ ਤੇ ਨਾ ਜਾਓ। ਰਾਹੂ ਕੇਤੂ ਆਦਿ ਗ੍ਰਹਿ ਤੇ ਹੋਰ ਦੇਵਤੇ ਤੁਹਾਡਾ ਕੁਝ ਨਹੀਂ ਵਿਗਾੜ ਸਕਦੇ, ਇਸ ਲਈ ਉਨ੍ਹਾਂ ਤੋਂ ਨਾ ਡਰੋ, ਤਦੇ ਹੀ ਤੁਹਾਡਾ ਭਲਾ ਹੋਵੇਗਾ। "[19]

ਅਜਿਹੇ ਕ੍ਰਾਂਤੀਕਾਰੀ ਵਿਚਾਰਾਂ ਦੇ ਪ੍ਰਗਟਾਵੇ ਦਾ ਲੋਕਾਂ ਤੇ ਅਸਰ ਹੋਣਾ ਬੜਾ ਸੁਭਾਵਿਕ ਸੀ ਪਰ ਨਾਲ ਹੀ ਵਿਰੋਧਤਾ ਵੀ ਪੂਰੇ ਜ਼ੋਰ ਸ਼ੋਰ ਨਾਲ ਆਰੰਭ ਹੋ ਗਈ। ਸਿੱਖ ਰਾਜ ਦੇ ਖ਼ਾਤਮੇ ਪਿਛੋਂ ਅੰਗਰੇਜ਼ੀ ਸਰਕਾਰ [10] ਵੀ ਨਿਰੰਕਾਰੀਆਂ ਨੂੰ ਕੁਝ ਸਮਾਂ ਸ਼ੱਕ ਦੀ ਨਜ਼ਰ ਨਾਲ ਦੇਖਦੀ ਰਹੀ। ਪਰ ਇਹ ਲਹਿਰ ਔਕੜਾਂ ਤੇ ਵਿਰੋਧਤਾਈਆਂ ਦੇ ਬਾਵਜੂਦ ਦਿਨੋ ਦਿਨ ਵਧਣ ਲਗੀ। 30 ਜਨਵਰੀ 1855 ਨੂੰ ਬਾਬਾ ਦਿਆਲ ਦੀ ਮ੍ਰਿਤੂ ਤੋਂ ਪਿਛੋਂ ਬਾਬਾ ਦਰਬਾਰਾ ਸਿੰਘ (ਮ੍ਰਿਤੂ 1870 ਈ.) ਉਨ੍ਹਾਂ ਦੇ ਛੋਟੇ ਭਾਈ ਬਾਬਾ ਰਤਨ ਚੰਦ (ਮ੍ਰਿਤੂ 1909) , ਬਾਬਾ ਗੁਰਦਿਤ ਸਿੰਘ (ਮ੍ਰਿਤੂ 1947) ਤੇ ਬਾਬਾ ਹਰਾ ਸਿੰਘ (ਮ੍ਰਿਤੂ 1971) ਕ੍ਰਮਵਾਰ ਨਿਰੰਕਾਰੀ ਗੁਰੂ ਬਣੇ। ਅੱਜ ਕਲ੍ਹ ਬਾਬਾ ਗੁਰਬਖ਼ਸ਼ ਸਿੰਘ ਗੁਰ-ਗੱਦੀ ਤੇ ਬਿਰਾਜਮਾਨ ਹਨ। ਬਾਬਾ ਦਰਬਾਰਾ ਸਿੰਘ ਜੀ ਦੇ ਵੇਲੇ ਗੁਰਮਤਿ ਅਨੁਸਾਰ 'ਅਨੰਦ ਕਾਰਜ' ਕਰਨ ਦੀ ਪਹਿਲ ਕੀਤੀ ਗਈ। 12 ਮਾਰਚ 1855 ਈ. ਨੂੰ ਇਕ ਜੋੜੇ ਦਾ ਵਿਆਹ ਗੁਰ-ਮਰਯਾਦਾ ਅਨੁਸਾਰ ਕੀਤਾ ਗਿਆ ਅਤੇ ਲਾਵਾਂ ਦਾ ਪਾਠ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਫੇਰੇ ਲਏ ਗਏ। ਇਹ ਇਕ ਕ੍ਰਾਂਤੀਕਾਰੀ ਘਟਨਾ ਸੀ। ਇਸ ਘਟਨਾ ਤੋਂ 54 ਵਰ੍ਹੇ ਪਿਛੋਂ, ਸਿੰਘ ਸਭਾ ਤੇ ਚੀਫ਼ ਖਾਲਸਾ ਦੀਵਾਨ ਦੇ ਉੱਦਮ ਨਾਲ ਇੰਪੀਰੀਅਲ ਲੈਜਿਸਲੇਟਿਵ ਕਾਊਂਸਲ ਵਿਚ ਅਨੰਦ ਵਿਆਹ ਕਾਨੂੰਨ 1909 ਈ. ਵਿਚ ਪਾਸ ਹੋਇਆ। ਸਿੱਖਾਂ ਲਈ ਜਨਮ ਤੋਂ ਮਰਨ ਤਕ ਦੀਆਂ ਸਾਰੀਆਂ ਰਸਮਾਂ

---

19. ਅਸ਼ੋਕ-ਸ਼ਮਸ਼ੇਰ ਸਿੰਘ - " ਪੰਜਾਬ ਦੀਆਂ ਲਹਿਰਾਂ "- ਪੰਨਾ 17 ਉਤੇ ਬਾਬਾ ਮਹਿੰਦਰ ਸਿੰਘ ਰਚਿਤ "ਨਿਰੰਕਾਰੀ ਪ੍ਰਾਰੰਭਤਾ" ਵਿੱਚੋਂ ਹੂ ਬ ਹੂ ਪੇਸ਼ ਕਰਦੇ ਹਨ।

20. ਪੰਜਾਬ ਪ੍ਰਬੰਧਕੀ ਰੀਪੋਰਟ — 1852-53.

ਨੂੰ ਗੁਰਮਤਿ ਅਨੁਸਾਰ ਢਾਲਣ ਲਈ 1857 ਈ. ਵਿਚ ਬਾਬਾ ਦਰਬਾਰਾ ਸਿੰਘ ਨੇ ਇਕ 'ਹੁਕਮਨਾਮਾ' ਤਿਆਰ ਕੀਤਾ ਜਿਹੜਾ ਮੂਲ ਰੂਪ ਵਿਚ ਨਿਰੰਕਾਰੀ ਦਰਬਾਰ ਚੰਡੀਗੜ੍ਹ ਵਿਚ ਅਜੇ ਤਕ ਸਾਂਭਿਆ ਪਿਆ ਹੈ।[21]

ਸਿੱਖਾਂ ਵਿਚ ਆ ਚੁੱਕੀ ਗਿਰਾਵਟ ਦੇ ਸਨਮੁਖ, ਜਿਨ੍ਹਾਂ ਦਾ ਵੇਰਵਾ ਇਸ ਅਧਿਆਇ ਦੇ ਪਿਛਲੇ ਪੰਨਿਆਂ ਵਿਚ ਵਿਸਤਾਰ ਸਹਿਤ ਦਿੱਤਾ ਗਿਆ ਹੈ, ਨਿਰੰਕਾਰੀ ਲਹਿਰ ਨੂੰ ਸਹੀ ਅਰਥਾਂ ਵਿਚ ਸੁਧਾਰ ਦੀ ਕ੍ਰਾਂਤੀਕਾਰੀ ਲਹਿਰ ਆਖਣਾ ਉਚਿਤ ਹੈ, ਕਿਉਂਜੋ ਮਨਮਤ ਤੇ ਬ੍ਰਾਹਮਣਵਾਦ ਦੇ ਵਿਰੁੱਧ ਸ਼ਕਤੀਸ਼ਾਲੀ ਲੋਕ ਰਾਇ ਨੂੰ ਖੜਾ ਕਰਨ ਤੇ ਅਮਲੀ ਜੀਵਨ ਦੁਆਰਾ ਗੁਰਮਤਿ ਦੀ ਮਰਯਾਦਾ ਨੂੰ ਪ੍ਰਚਲਿਤ ਕਰਨ ਵਿਚ ਇਸ ਲਹਿਰ ਨੇ ਪਹਿਲ ਕੀਤੀ। ਇਸ ਦੀ ਪੁਸ਼ਟੀ 1881 ਈ. ਦੀ ਮਰਦਮ ਸ਼ੁਮਾਰੀ ਦੀ ਸਰਕਾਰੀ ਰੀਪੋਰਟ ਵਿਚ ਇਸ ਤਰ੍ਹਾਂ ਕੀਤੀ ਗਈ ਮਿਲਦੀ ਹੈ " ਸਿੱਖਾਂ ਵਿਚ ਨਿਰੰਕਾਰੀ ਸੰਪਰਦਾਇ ਹੀ ਇਕ ਐਸੀ ਸੰਸਥਾ ਹੈ ਜੋ ਕਿ ਬ੍ਰਾਹਮਣਵਾਦ ਦੇ ਪੋਪ-ਜਾਲ ਵਿੱਚੋਂ ਮੁਕਤ ਹੋ ਚੁੱਕੀ ਹੈ।"[22] 1891 ਈ. ਦੀ ਮਰਦਮ ਸ਼ੁਮਾਰੀ ਦੀ ਰੀਪੋਰਟ ਵਿਚ ਵੀ ਐਸੇ ਵਿਚਾਰ ਦੀ ਪੁਸ਼ਟੀ ਕੀਤੀ ਗਈ ਹੈ।[23] ਨਿਰੰਕਾਰੀ ਲਹਿਰ ਤੋਂ ਪਿੱਛੋਂ ਸਿੱਖਾਂ ਵਿਚ ਸੁਧਾਰ ਦੀਆਂ ਦੋ ਹੋਰ ਲਹਿਰਾਂ "ਨਾਮਧਾਰੀ" ਅਤੇ 'ਸਿੰਘ ਸਭਾ' ਚਲ ਪਈਆਂ। 1850 ਤੋਂ 1870 ਈ. ਤਕ ਨਿਰੰਕਾਰੀ ਲਹਿਰ ਦਾ ਬੇਹੱਦ ਜ਼ੋਰ ਰਿਹਾ ਪਰ ਪਿੱਛੋਂ ਇਸ ਵਲ ਆਮ ਸਿੱਖਾਂ ਦੀ ਖਿੱਚ ਘਟ ਗਈ, ਕਿਉਂਜੋ ਨਿਰੰਕਾਰੀ ਆਪਣੇ ਆਪ ਨੂੰ 'ਸਤਿਗੁਰੂ'[24] ਅਖਵਾਉਣ ਲਗ ਪਏ। ਦੋ ਨਿਰੰਕਾਰੀ ਗੁਰੂਆਂ ਨੇ ਗੁਰੂ ਗੋਬਿੰਦ ਸਿੰਘ ਵਾਲੀ ਸਿੱਖੀ ਵੀ ਧਾਰਨ ਨਾ ਕੀਤੀ। ਬਾਬਾ ਦਿਆਲ ਤੇ ਬਾਬਾ ਰਤਨ ਚੰਦ ਨੇ ਆਪਣੇ ਨਾਂ ਨਾਲ 'ਸਿੰਘ' ਸ਼ਬਦ ਵੀ ਨਾ ਜੋੜਿਆ। ਨਾਲੇ ਇਸ ਲਹਿਰ ਦਾ ਬਹੁਤਾ ਪ੍ਰਭਾਵ ਉੱਤਰ-ਪੱਛਮੀ ਪੰਜਾਬ ਦੀ ਸ਼ਹਿਰੀ ਵੱਸੋਂ ਤਕ ਹੀ ਸੀਮਤ ਸੀ । ਇਸ ਲਈ ਇਹ ਲਹਿਰ ਸਾਰੇ ਸਿੱਖਾਂ ਦੀ ਅਗਵਾਈ ਕਰਨ ਦੇ ਯੋਗ ਨਾ ਰਹੀ । ਪਰ ਇਸ ਗਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਿਰੰਕਾਰੀ ਲਹਿਰ ਤੋਂ ਪ੍ਰਭਾਵਤ ਹੋ ਕੇ ਪਿੱਛੋਂ ਸਿੰਘ ਸਭਾ ਲਹਿਰ ਹੋਂਦ ਵਿਚ ਆਈ ਅਤੇ ਨਿਰੰਕਾਰੀਆਂ ਵਲੋਂ ਆਰੰਭੇ ਗਏ ਬਹੁਤ ਸਾਰੇ ਸੁਧਾਰ-ਮਨੋਰਥਾਂ

---

21. Man Singh-Dr.'Panjab Past and Present',Vol.VII,No.13,p.6.
22. Ibbetson-Sir Denzil," Census Report 1881" published in 1883.
23. Maclagan-Sir E.D.'Census Report 1891',published in 1892.
24. ਨਿਰੰਕਾਰੀਆਂ ਦਾ ਅਰਦਾਸਾ ਆਮ ਸਿਖ ਅਰਦਾਸ ਤੋਂ ਵੱਖਰਾ ਹੈ। ਉਸ ਦੇ ਸ਼ਬਦ ਹੀ ਸਪੱਸ਼ਟ ਕਰਦੇ ਹਨ ਕਿ ਪਿਛਲੇ ਨਿਰੰਕਾਰੀ,ਗੁਰੂ ਗ੍ਰੰਥ ਸਾਹਿਬ ਤੋਂ ਪਿੱਛੋਂ ਅਰਦਾਸ ਵਿਚ ਆਪਣਾ ਨਾਂ ਜਪਾਉਂਦੇ ਸਨ:-

"ਸਤਿਗੁਰੂ ਦਿਆਲ ਜੀ ਸਿਮਰੀਐ, ਜਿਨ ਜਮ ਤੋਂ ਲਿਆ ਛੁਡਾਇ।
ਸੁਆਮੀ ਸਤਿਗੁਰੂ ਸਾਹਿਬ ਰੱਤਾ, ਜੋ ਅੰਗ ਸੰਗ ਹੋਇ ਸਹਾਇ।
ਸਾਹਿਬ ਗੁਰਦਿਤ ਸਿੰਘ ਜੀ ਮਹਾਰਾਜ, ਜੋ ਕਲਜੁਗਿ ਨਾਮ ਜਪਾਏ।
ਸਭਨਾ ਸਤਿਗੁਰਾਂ ਜੀ ਕਾ ਚਰਨ ਕਮਲ, ਜੀ ਕਾ ਧਿਆਨ ਧਰ ਕੇ
ਸਾਧੂ ਸੰਗਤ ਜੀ ਜਪੋ ਨਿਰੰਕਾਰ"(ਨਿਰੰਕਾਰੀ ਗੁਰਮਤਿ ਪ੍ਰਾਰੰਭਤਾ ਪੰਨਾ 175.)

ਨੂੰ ਸਿੰਘ ਸਭਾ ਦੇ ਆਗੂਆਂ ਨੇ ਵੀ ਅਪਣਾ ਲਿਆ। ਡਾਕਟਰ ਮਾਨ ਸਿੰਘ ਅਨੁਸਾਰ "ਨਿਰੰਕਾਰੀ ਆਗੂਆਂ ਨੇ ਸਿੱਖੀ ਲਈ ਉਹ ਕੁਝ ਕੀਤਾ ਜੋ ਮਾਰਟਨ-ਲੂਥਰ ਨੇ ਈਸਾਈਅਤ ਲਈ ਅਤੇ ਸਵਾਮੀ ਦਯਾ ਨੰਦ ਨੇ ਹਿੰਦੂ ਧਰਮ ਲਈ ਕੀਤਾ।"[25] ਏਥੇ ਸੰਖੇਪ ਵਿਚ ਇਹ ਵਰਣਨ ਕਰਨਾ ਵੀ ਉਚਿਤ ਪ੍ਰਤੀਤ ਹੁੰਦਾ ਹੈ ਕਿ ਅੱਜ ਕਲ੍ਹ ਬਾਬਾ ਗੁਰਬਚਨ ਸਿੰਘ ਜੀ ਜਿਸ ਨਿਰੰਕਾਰੀ ਸੰਪਰਦਾਇ ਦੀ ਗੱਦੀ ਤੇ ਬੈਠੇ ਹਨ, ਉਹ ਵਾਸਤਵ ਵਿਚ ਮੁਢਲੀ ਨਿਰੰਕਾਰੀ ਲਹਿਰ ਨਾਲੋਂ 35 ਕੁ ਵਰ੍ਹੇ ਪਹਿਲਾਂ ਨਿਖੜੀ ਹੋਈ ਇਕ ਸ਼ਾਖਾ ਹੈ। ਇਸ ਨਿਖੇੜ ਦਾ ਕਾਰਨ ਡਾ. ਮਾਨ ਸਿੰਘ ਨਿਰੰਕਾਰੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ ਕਿ ਬਾਬਾ ਗੁਰਦਿਤ ਸਿੰਘ ਦੇ ਵੇਲੇ ਭਾਈ ਬੂਟਾ ਸਿੰਘ ਨਾਂ ਦਾ ਇਕ ਨਿਰੰਕਾਰੀ ਪ੍ਰਚਾਰਕ ਸੀ ਜਿਸ ਨੂੰ ਸ਼ਰਾਬ ਪੀਣ ਕਰ ਕੇ ਬਾਬਾ ਜੀ ਨੇ ਝਾੜਿਆ। ਕਿਉਂਜੋ ਨਿਰੰਕਾਰੀ ਮੱਤ ਵਿਚ ਸ਼ਰਾਬ, ਮਾਸ ਵਰਜਿਤ ਹੈ। ਭਾਈ ਬੂਟਾ ਸਿੰਘ ਨੇ ਰਾਵਲਪਿੰਡੀ ਤੋਂ ਪਿਸ਼ਾਵਰ ਜਾ ਕੇ ਆਪਣੇ ਵਾਂਗ ਖਾਣ ਪੀਣ ਵਾਲੇ ਇਕ ਹੋਰ ਸੱਜਣ ਸ. ਅਵਤਾਰ ਸਿੰਘ ਨੂੰ ਨਾਲ ਰਲਾ ਕੇ ਇਕ ਵੱਖਰਾ ਨਿਰੰਕਾਰੀ ਮੰਡਲ ਬਣਾ ਲਿਆ। ਇਸ ਮੰਡਲ ਦੇ ਨਿਯਮਾਂ ਅਨੁਸਾਰ ਧਰਮ, ਪ੍ਰਭੂ ਭਗਤੀ ਜਾਂ ਅਧਿਆਤਮਕ ਚਿੰਤਨ ਦਾ ਖਾਣ ਪੀਣ ਜਾਂ ਹੋਰ ਸਦਾਚਾਰਕ ਵਰਤ-ਵਰਤਾਰੇ ਨਾਲ ਕੋਈ ਵਾਸਤਾ ਨਹੀਂ।

## ਨਾਮਧਾਰੀ ਲਹਿਰ:

ਨਿਰੰਕਾਰੀ ਲਹਿਰ ਤੋਂ ਪਿੱਛੋਂ ਸਿੱਖਾਂ ਦੀ ਦੂਜੀ ਮਹੱਤਵਪੂਰਨ ਸੁਧਾਰਕ ਲਹਿਰ ਨਾਮਧਾਰੀ ਜਾਂ ਕੂਕਾ ਲਹਿਰ ਸੀ ਜਿਹੜੀ ਧਾਰਮਿਕ ਸੁਧਾਰ ਦੇ ਨਾਲ ਨਾਲ ਰਾਜਸੀ ਰੂਪ ਵੀ ਧਾਰ ਗਈ ਅਤੇ ਜਿਸ ਨੂੰ ਸਿੰਘ ਸਭਾ ਦੀ ਕਾਇਮੀ ਤੋਂ ਇਕ ਵਰ੍ਹਾ ਪਹਿਲਾਂ ਹੀ ਬਰਤਾਨਵੀ ਸਰਕਾਰ ਨੇ ਬੜੀ ਸਖ਼ਤੀ ਨਾਲ ਕੁਚਲ ਕੇ ਰੱਖ ਦਿੱਤਾ।

ਨਾਮਧਾਰੀ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਜੀ (1797-1862 ਈ.) ਹਜ਼ਰੋ, ਜ਼ਿਲਾ ਪਸ਼ੌਰ ਦੇ ਵਸਨੀਕ ਸਨ। ਬਾਬਾ ਬਾਲਕ ਸਿੰਘ ਦਾ ਮੇਲ ਹਰੀਪੁਰ ਦੇ ਸਾਈਂ ਬਾਬਾ ਜਵਾਹਰ ਮਲ ਨਾਲ ਹੋਇਆ ਜਿਹੜੇ ਸਿੱਖ ਧਰਮ ਦੇ ਸ਼ਰਧਾਲੂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਵਿਆਖਿਆਕਾਰ ਸਨ। ਉਨ੍ਹਾਂ ਨੂੰ ਜਗਿਆਸੀ ਵੀ ਕਿਹਾ ਜਾਂਦਾ ਸੀ। ਸਾਈਂ ਬਾਬਾ ਜੀ ਦੀ ਸਿਖਿਆ ਸਾਦਾ ਜੀਵਨ ਤੇ

---

25. Dr. Man Singh(Dr.),' Panjab Past & Present', Patiala Vol.VII, No.13, p.9.

26. Hukam Singh(Vagaries of Nirankari Mandal" Spokesman Delhi- 'Guru Nanak Special Number', 1973, p.17-18.

ਬ੍ਰਹਮਤਮਾ ਦਾ ਨਾਮ ਜਪਣਾ ਸੀ । ਬਾਬਾ ਬਾਲਕ ਸਿੰਘ ਨੇ ਬਾਬਾ ਜਵਾਹਰ ਮਲ ਤੋਂ ਨਾਮ ਦਾ ਉਪਦੇਸ਼ ਲਿਆ । ਬਾਬਾ ਜਵਾਹਰ ਮੱਲ ਹਜ਼ਰੋ ਤੋਂ ਰਾਵਲਪਿੰਡੀ ਮੁੜਨ ਲਗਿਆਂ ਹਜ਼ਰੋਂ ਦੀ ਸੰਗਤ ਦੀ ਅਗਵਾਈ ਬਾਬਾ ਬਾਲਕ ਸਿੰਘ ਨੂੰ ਸੌਂਪ ਗਏ,[27] ਜਿਨ੍ਹਾਂ ਨੇ 1847 ਈ. ਵਿਚ ਨਾਮਧਾਰੀ ਸੰਪਰਦਾਇ ਦਾ ਮੁਢ ਬੱਧਾ । ਬਾਬਾ ਬਾਲਕ ਸਿੰਘ ਹਰ ਵੇਲੇ ਨਾਮ ਸਿਮਰਨ ਵਿਚ ਮਸਤ ਰਹਿੰਦੇ ਤੇ ਆਏ ਗਏ ਸ਼ਰਧਾਲੂਆਂ ਨੂੰ 'ਗੁਰਬਾਣੀ ਉੱਤੇ ਭਰੋਸਾ, ਧਰਮ ਦੀ ਕਮਾਈ ਕਰਨੀ, ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਦੇਵੀ ਦੇਵਤੇ ਨੂੰ ਨਾ ਮੰਨਣਾ ਤੇ ਸਾਦਾ, ਸੱਚਾ ਤੇ ਸੁਚਾ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੰਦੇ ਸਨ। ਉਨ੍ਹਾਂ ਦਾ ਇਕ ਸਮਕਾਲੀ ਸੇਵਕ ਭਾਈ ਸੋਭਾ ਰਾਮ ਬਾਬਾ ਬਾਲਕ ਸਿੰਘ ਜੀ ਦੇ ਜੀਵਨ ਬਾਰੇ ਆਪਣੀ ਸੀਹਰਫ਼ੀ ਪੋਥੀ ਸ਼ਰਧਾ ਪੂਰਨ"[28] ਵਿਚ ਇਸ ਤਰ੍ਹਾਂ ਲਿਖਦਾ ਹੈ:

ਰਬ ਮਿਹਰਬਾਨੀ ਨਾਲ ਤੋੜ ਚਾੜ੍ਹੇ, ਬੈਂਤ ਜੋੜ ਸੁਣਾਵਾਂ ਸ਼ਿਤਾਬ ਲੋਕੋ ।
ਕਰਾਂ ਸਿਫ਼ਤ ਭਾਈ ਬਾਲਕ ਸਿੰਘ ਜੀ ਦੀ, ਹਰਫ਼ ਕੋਈ ਨਾ ਹੋਵੇ ਖ਼ਰਾਬ ਲੋਕੋ।
ਹਰ ਵੇਲੇ ਉਹ ਰੱਬ ਦਾ ਨਾਉਂ ਲੈਂਦੇ, ਸਿਫ਼ਤ ਜੋੜਨਾਂ ਕਰ ਸਵਾਬ ਲੋਕੋ ।
ਸ਼ੌਕਾ ਰਾਮ ਭੌਰਾ ਜਾ ਕੇ ਮੱਥਾ ਟੇਕੇ, ਨਜ਼ਰ ਆਂਵਦੇ, ਫੁਲ ਗੁਲਾਬ ਲੋਕੋ।
ਪੜ੍ਹਨ ਪੋਥੀਆਂ ਗ੍ਰੰਥ ਸੁਣਾਇ ਕੇ ਜੀ, ਸਮਝਾਂਵਦੇ ਲੋਕਾਂ ਨੂੰ ਗਿਆਨ ਕਰ ਕੇ।
ਬਾਲਕ ਸਿੰਘ ਦਾ ਤਉਰ ਫਕੀਰੀ ਹੈ ਜੀ, ਤੁਸੀਂ ਸੁਣੋਂ ਲੋਕੋ ਜ਼ਰਾ ਧਿਆਨ ਕਰ ਕੇ।
ਗੱਲ ਕਰਨ ਤਾਂ ਮੁਖ ਤੋਂ ਕਿਰਨ ਮੋਤੀ, ਸ਼ੌਕਾ ਰਾਮ ਨਹੀਂ ਕਹਿੰਦਾ ਗੁਮਾਨ ਕਰ ਕੇ।

ਭਾਈ ਬਾਲਕ ਸਿੰਘ ਜੀ ਆਪਣੇ ਅੰਤ ਸਮੇਂ ਆਪਣੇ ਸੇਵਕਾਂ ਲਈ ਹੇਠ ਲਿਖਿਆ ਹੁਕਮ ਛੱਡ ਗਏ:-[29]

" ਬਹਿੰਦੇ ਉਠਦੇ, ਸੌਂਦੇ ਜਾਗਦੇ, ਵਾਹਿਗੁਰੂ ਦਾ ਭਜਨ ਕਰਿਆ ਕਰੋ ਤੇ ਅੱਠਾਂ ਪਹਿਰਾਂ ਵਿਚ ਤਿੰਨ ਵਾਰੀ ਇਸ਼ਨਾਨ ਕਰੋ। ਚਮੜੇ ਦੇ ਡੋਲ ਚੋਂ ਪਾਣੀ ਨਾ ਪੀਓ। ਆਪਣੇ ਗੁਰ-ਭਾਈਆਂ ਤੋਂ ਬਿਨਾਂ ਕਿਸੇ ਹੋਰ ਦੇ ਹੱਥਾਂ ਦਾ ਬਣਿਆਂ ਪ੍ਰਸ਼ਾਦ ਨਾ ਛਕੋ। ਵਿਆਹ ਸ਼ਾਦੀ ਅਨੰਦ ਰੀਤੀ ਨਾਲ ਕਰੋ ਤੇ ਖ਼ਰਚ ਕੁਝ ਨਾ ਕਰੋ। ਲੜਕੀ ਨੂੰ ਦਾਜ ਵਿਚ ਕੁਝ ਨਾ ਦੇਵੋ। ਲੜਕੀ ਦੇ ਸਹੁਰਿਆਂ ਪਾਸੋਂ ਕੁਝ ਨਾ ਲਵੋ। ਮਾਸ ਨਾ ਖਾਓ, ਸ਼ਰਾਬ ਨਾ ਪੀਓ, ਤਮਾਕੂ ਨਾ ਵਰਤੋ, ਭਿਖ ਨਾ ਮੰਗੋ, ਕਿਰਤ ਕਮਾਈ ਕਰ ਕੇ ਗੁਜ਼ਰਾਨ ਕਰੋ। ਸਿਰ ਦੀ ਦਸਤਾਰ ਵਿਚ ਇਕ ਛੋਟੀ ਜਿਹੀ ਕਿਰਪਾਨ ਰੱਖੋ। ਝੂਠ ਨਾ ਬੋਲੋ, ਵਿਭਚਾਰ ਨਾ ਕਰੋ।"

---

27. ਚਕ੍ਰਵਰਤੀ - ਇੰਦਰ ਸਿੰਘ, 'ਨਾਮਧਾਰੀ ਇਤਿਹਾਸ', ਪੰਨਾ 9.
28. ਅਸ਼ੋਕ - ਸ਼ਮਸ਼ੇਰ ਸਿੰਘ, 'ਪੰਜਾਬ ਦੀਆਂ ਲਹਿਰਾਂ', ਪਟਿਆਲਾ 1972, ਪੰਨਾ 59-60.
29. ਕੁਰੈਸ਼ੀ - ਮੁਫ਼ਤੀ ਗ਼ੁਲਾਮ ਸਰਵਰ, 'ਤਾਰੀਖ਼ਿ - ਮਖ਼ਜ਼ਨਿ ਪੰਜਾਬ'(1877 ਈਸਵੀ)
ਹਵਾਲਾ - ਡਾ. ਗੰਡਾ ਸਿੰਘ ਪੰਜਾਬ(ਸੰਪਾਦਤ) 1962, ਪੰਨਾ 97-98

ਭਾਈ ਬਾਲਕ ਸਿੰਘ ਜੀ ਨੇ ਅਕਾਲ ਚਲਾਣੇ ਤੋਂ ਪਹਿਲਾਂ ਆਪਣੇ ਸਭ ਤੋਂ ਸ਼ਰਧਾਲੂ ਸੇਵਕ ਬਾਬਾ ਰਾਮ ਸਿੰਘ ਜੀ ਨੂੰ ਆਪਣਾ ਜਾਨਸ਼ੀਨ ਥਾਪਿਆ। ਬਾਬਾ ਰਾਮ ਸਿੰਘ ਭੈਣੀ ਅਰਾਈਆਂ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ ਅਤੇ ਲਾਹੌਰ ਦਰਬਾਰ ਦੇ ਤੋਪਖਾਨੇ ਵਿਚ ਨੌਕਰ ਸਨ। ਸੈਨਿਕ ਸਰਗਰਮੀਆਂ ਦੇ ਦੌਰਾਨ ਆਪ ਬਾਬਾ ਬਾਲਕ ਸਿੰਘ ਜੀ ਨੂੰ ਹਜ਼ਰੋਂ ਵਿਚ ਮਿਲੇ ਅਤੇ ਉਨ੍ਹਾਂ ਦੀ ਸਿੱਖਿਆ ਤੇ ਜੀਵਨ ਜਾਂਚ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੇ ਚੇਲੇ ਬਣ ਗਏ। ਸਿੱਖਾਂ ਦੀ ਪਹਿਲੀ ਲੜਾਈ ਪਿਛੋਂ (1845 ਈ.) ਆਪ ਫੌਜੀ ਨੌਕਰੀ ਛੱਡ ਕੇ ਹਜ਼ਰੋਂ ਚਲੇ ਗਏ ਅਤੇ ਕੁਝ ਸਮੇਂ ਪਿਛੋਂ ਆਪਣੇ ਪਿੰਡ ਆ ਕੇ ਦੁਕਾਨ ਪਾ ਲਈ ਤੇ ਬਾਬਾ ਬਾਲਕ ਸਿੰਘ ਜੀ ਦੇ ਉਪਦੇਸ਼ਾਂ ਨੂੰ ਪਰਚਾਰਨ ਲਗੇ। ਛੇਤੀ ਹੀ ਆਪ ਦੀ ਸੋਭਾ ਤੇ ਕੀਰਤੀ ਦੂਰ ਦੂਰ ਤਕ ਫੈਲ ਗਈ ਅਤੇ ਲੋਕ ਆਪ ਦਾ ਪ੍ਰਭਾਵ ਕਬੂਲਣ ਲਗੇ।

" ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦਾ ਮੁਢ, ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ (ਮ੍ਰਿਤੂ 1862 ਈ.) ਦੇ ਪ੍ਰੇਰਣਾ ਨਾਲ ਬੰਨ੍ਹਿਆ ਜਿਹੜਾ ਮੂਲ ਰੂਪ ਵਿਚ ਰਣਜੀਤ ਸਿੰਘ ਰਾਜ ਦੇ ਸਮੇਂ ਦੇ ਪਦਾਰਥਵਾਦੀ ਐਸ਼ਵਰਜ ਦਾ ਪ੍ਰਤਿਕਰਮ ਸੀ। ਉਨ੍ਹਾਂ ਦਾ ਜ਼ੋਰ ਸਾਦਾ ਜੀਵਨ ਜੀਉਣ ਅਤੇ ਭਗਤੀ ਅਤੇ ਨਾਮ ਸਿਮਰਨ ਉਤੇ ਸੀ। ਉਹ ਫ਼ਲਸਫ਼ੇ ਤੇ ਭਾਸ਼ਨਕਾਰੀ ਦੇ ਵਿਰੁਧ ਸਨ। ਇਸ ਨਾਲ ਸਿੱਖੀ ਦੇ ਵੇਦਾਂਤ ਵਲ ਮੋੜੇ ਨੂੰ ਠੱਲ੍ਹ ਪੈ ਗਈ।"[30]

ਬਾਬਾ ਰਾਮ ਸਿੰਘ ਜੀ ਦੀ ਜੀਵਨੀ ਤੇ ਉਦੇਸ਼ਾਂ ਸੰਬੰਧੀ ਨਾਮਧਾਰੀ ਵਿਦਵਾਨਾਂ ਅਤੇ ਕੁਝ ਕੁ ਇਤਿਹਾਸਕਾਰਾਂ ਵਿਚ ਵਾਦ-ਵਿਵਾਦ ਚਲਦਾ ਰਿਹਾ, ਪਰ ਇਸ ਵਿਚਾਰ ਨਾਲ ਕਿਸੇ ਨੂੰ ਵੀ ਅਸਹਿਮਤੀ ਨਹੀਂ ਕਿ 'ਰਾਜਸੀ ਸੁਤੰਤਰਤਾ, ਸਦਾਚਾਰਕ ਉੱਨਤਾ, ਸਮਾਜਕ ਸੁਧਾਰ ਤੇ ਸਰੀਰਕ ਕੁਸ਼ਲਤਾ ਉਤੇ ਬਲ'[31] ਆਪ ਦੀ ਸਿੱਖਿਆ ਦੇ ਮੂਲ ਲਕਸ਼ ਸਨ। "ਸਰਕਾਰੀ ਨੌਕਰੀ ਦੀ ਮਨਾਹੀ, ਅੰਗਰੇਜ਼ੀ ਵਿਦਿਆ ਤੇ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਭੇਜਣ ਦੀ ਰੋਕ, ਸਰਕਾਰੀ ਕਚਹਿਰੀਆਂ ਵਿਚ ਮੁਕੱਦਮੇ ਲਿਜਾਣ ਦੀ ਬਜਾਇ ਪੰਚਾਇਤਾਂ ਰਾਹੀਂ ਉਨ੍ਹਾਂ ਦਾ ਨਿਬੇੜਾ, ਬਦੇਸ਼ੀ ਮਾਲ ਦੀ ਬਜਾਇ ਦੇਸੀ ਚੀਜ਼ਾਂ ਦੀ ਵਰਤੋਂ, ਸਰਕਾਰੀ ਰੇਲਾਂ ਤੇ ਸਰਕਾਰੀ ਡਾਕ-ਸੇਵਾ ਦਾ ਬਾਈਕਾਟ[32] ਆਪ ਦੀ ਰਾਜਸੀ

---

30. Greenlees Duncan-'The Gospal of the Guru Granth Sahib', Madras, 1952, p. CXXXIX.

31. ਭਾਈ ਪਰਮਾ ਨੰਦ "ਤਾਰੀਖ਼ਿ-ਪੰਜਾਬ "(ਉਰਦੂ), ਲਾਹੌਰ - 1940, ਪੰਨਾ 557-558

32. Harbans Singh," Heritage of the Sikhs", Bombay, 1964, p. 131.

ਨੀਤੀ ਦੇ ਕੁਝ ਕੁ ਮਹੱਤਵ-ਪੂਰਨ ਅੰਗ ਸਨ। ਬਾਬਾ ਰਾਮ ਸਿੰਘ ਜੀ ਨੇ ਸਿੱਖ ਰਾਜ ਦਾ ਅੰਤ ਆਪਣੀ ਅੱਖੀਂ ਡਿੱਠਾ ਸੀ। ਨਵੇਂ ਰਾਜ ਵਿਚ ਸਿੱਖੀ ਨੂੰ ਖ਼ਤਮ ਕਰਨ ਲਈ ਸਰਕਾਰ ਵਲੋਂ ਕੀਤੇ ਗਏ ਸਿੱਧੇ ਤੇ ਸੁਚੇਤ ਯਤਨ ਅਤੇ ਮਿਸ਼ਨਰੀ ਪਾਦਰੀਆਂ ਦੇ ਪਰਚਾਰ ਦੁਆਰਾ ਸਿੱਖੀ ਨੂੰ ਲਗ ਰਹੀ ਢਾਹ ਆਪ ਦੇ ਸਾਹਮਣੇ ਸੀ। ਭਾਈ ਮਹਾਰਾਜ ਸਿੰਘ ਜੀ ਦੇ ਸੁਤੰਤਰਤਾ ਲਈ ਕੀਤੇ ਗਏ ਅਸਫਲ ਯਤਨਾਂ ਦੀ ਤਸਵੀਰ ਵੀ ਆਪ ਦੀਆਂ ਅੱਖਾਂ ਸਾਹਮਣੇ ਸੀ। ਇਸ ਲਈ ਆਪ ਦੀ ਨੀਤੀ ਅਜਿਹੀ ਵਿਦੇਸ਼ੀ ਸਰਕਾਰ ਨਾਲ ਨਾ-ਮਿਲਵਰਤਣ[33] ਦੀ ਸੀ। ਜਿਸ ਨੂੰ ਉਨ੍ਹਾਂ ਨੇ ਬੜੀ ਸਿਰੜਤਾ ਨਾਲ ਆਪਣੇ ਸੇਵਕਾਂ ਵਿਚ ਪਰਚਾਰਿਆ।

ਸਿੱਖੀ ਨੂੰ ਬ੍ਰਾਹਮਣਵਾਦ ਤੇ ਗੱਦੀਦਾਰ ਬੇਦੀਆਂ, ਸੋਢੀਆਂ ਵਲੋਂ ਲਾਈ ਜਾ ਰਹੀ ਢਾਹ[34] ਅਤੇ ਬੁਤ ਪੂਜਾ ਤੇ ਜਾਤ ਪਾਤ ਸੰਬੰਧੀ ਉਨ੍ਹਾਂ ਦਾ ਆਦੇਸ਼ ਸਪੱਸ਼ਟ ਸੀ ਜਿਸ ਦੀ ਪੁਸ਼ਟੀ ਉਸ ਵੇਲੇ ਦੇ ਸਰਕਾਰੀ ਰੀਕਾਰਡਾਂ ਤੋਂ ਦੇਖੀ ਜਾ ਸਕਦੀ ਹੈ।[35]

("ਗੁਰੂ) ਗੋਬਿੰਦ ਸਿੰਘ ਦਾ (ਪ੍ਰਵਾਣ ਕੀਤਾ ਹੋਇਆ ਆਦਿ) ਗ੍ਰੰਥ ਹੀ ਕੇਵਲ ਸਤਿ ਹੈ ਜੋ ਧੁਰ ਕੀ ਬਾਣੀ ਹੈ ਅਤੇ ਇਹ ਹੀ ਪਵਿਤਰ ਬਾਣੀ ਸਭ ਤੋਂ ਉੱਚੀ ਹੈ। ਕੇਵਲ ਗੁਰੂ ਗੋਬਿੰਦ ਸਿੰਘ ਹੀ ਗੁਰੂ ਹੈ। ਹਰ ਪਰਾਣੀ ਬਿਨਾਂ ਜ਼ਾਤ ਵਰਣ ਦੇ ਲਿਹਾਜ਼ ਦੇ ਸਿੱਖੀ ਵਿਚ ਸ਼ਾਮਲ ਹੋ ਸਕਦਾ ਹੈ। ਸੋਢੀ, ਬੇਦੀ, ਮਹੰਤ, ਬ੍ਰਾਹਮਣ ਅਤੇ ਇਹੋ ਜਿਹੇ ਹੋਰ ਦੂਸਰੇ ਸਭ ਪਖੰਡੀ ਬਹੁ-ਰੂਪੀਏ ਹਨ, ਕਿਉਂਕਿ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਹੈ। ਦੇਵੀ ਦੁਆਰੇ, ਸ਼ਿਵ ਦੁਆਲੇ ਅਤੇ ਮੰਦਰ ਲੁਟ ਦੇ ਸਾਧਨ ਬਣ ਗਏ ਹਨ ਜਿਨ੍ਹਾਂ ਦੀ ਮਾਨਤਾ ਅਤੇ ਯਾਤਰਾ ਘਿਰਣਾਯੋਗ ਹੈ। ਬੁਤ ਅਤੇ ਬੁਤ-ਪੂਜਾ ਪਰਮਾਤਮਾ ਦੀ ਨਿਰਾਦਰੀ ਹੈ ਜੋ ਖਿਮਾਂ ਨਹੀਂ ਕੀਤੀ ਜਾਏਗੀ। ਨਵੇਂ ਸਜੇ ਸਿੱਖ ਨੂੰ (ਗੁਰੂ) ਗੋਬਿੰਦ ਸਿੰਘ ਦੇ (ਪ੍ਰਵਾਣਿਤ ਆਦਿ) ਗ੍ਰੰਥ ਪੜ੍ਹਨ ਦੀ ਹੀ ਆਗਿਆ ਹੈ, ਹੋਰ ਕਿਸੇ ਗ੍ਰੰਥ ਦੀ ਨਹੀਂ।"

ਗੁਰੂ ਗ੍ਰੰਥ ਮੇ ਜੋ ਕਛੁ ਲਿਖਿਆ।
ਸੋਈ ਧਾਰੋ ਮਨ ਮੇਂ ਸਿਖਿਆ।
ਦਸਮ ਗੁਰੂ ਕੀ ਰੀਤ ਸੰਭਾਰੋ।
ਲੋਕ ਦੋਹਨ ਕੋ ਜੋ ਰਖਵਾਰੋ।[36]

---

33. ਉਸ ਵੇਲੇ ਇਹ ਲੋਕ-ਗੀਤ ਆਮ ਪੰਜਾਬੀਆਂ ਦੇ ਮੂੰਹਾਂ ਤੇ ਸੀ:-
ਕੂਕਿਆਂ ਦਾ ਪੰਥ ਨਿਆਰਾ, ਅੰਗਰੇਜ਼ਾਂ ਦੀ ਈਨ ਨਾ ਮੰਨਦੇ,
ਮੰਗਿਆਂ ਦੇਣ ਨਾ ਹਾਲਾ, ਰਾਜ ਫਰੰਗੀ ਦਾ, ਚੰਦ ਰੋਜ਼ ਦਾ ਚਾਲਾ।

34. Khushwant Singh, 'History of the Sikhs', 1964, Vol.II, p.129.

35। ਕ੍ਰਿਚੈਂਟ-ਕੂਕਿਆਂ ਦੇ ਨੇਮ (1863 ਈ.) ਕੂਕਾ ਪੇਪਰਜ਼ (1872 ਈ.) ਹਵਾਲਾ: ਪੰਜਾਬ (ਸੰਪਾਦਤ) ਡਾ: ਗੰਡਾ ਸਿੰਘ, ਪੰਨਾ 99-100.

36. ਕਪੂਰ ਸਿੰਘ - 'ਸਪਤ ਸ਼੍ਰਿੰਗ', ਅੰਮ੍ਰਿਤਸਰ, ਪੰਨਾ 20.

ਸਰਕਾਰੀ ਰਿਪੋਰਟਾਂ ਵਿਚ ਬਾਬਾ ਰਾਮ ਸਿੰਘ ਦੇ ਮਨੋਰਥਾਂ ਤੇ ਪਰਚਾਰ ਢੰਗਾਂ ਦਾ ਜਿਹੜਾ ਵੇਰਵਾ ਗੁਪਤ ਰੂਪ ਵਿਚ ਅਧਿਕਾਰੀਆਂ ਵਲੋਂ ਸਰਕਾਰ ਨੂੰ ਦਿੱਤਾ ਗਿਆ ਸੀ, ਉਹ ਸੰਖੇਪ ਵਿਚ ਇਸ ਪ੍ਰਕਾਰ ਹੈ:-[37]

> " ਉਹ ਸਿੱਖਾਂ ਵਿੱਚੋਂ ਜ਼ਾਤਪਾਤ ਦੇ ਭਿੰਨ ਭੇਦ ਮਿਟਾ ਰਿਹਾ ਹੈ। ਸਭ ਜ਼ਾਤਾਂ ਵਿਚ ਖੁਲ੍ਹੀਆਂ ਵਿਆਹ ਸ਼ਾਦੀਆਂ ਦੇ ਹੱਕ ਵਿਚ ਹੈ। ਵਿਧਵਾ ਵਿਆਹ ਕਰਨ ਲਈ ਆਖਿਆ ਕਰਦਾ ਹੈ। ਸ਼ਰਾਬ ਅਤੇ ਨਸ਼ਿਆਂ ਤੋਂ ਵਰਜਦਾ ਹੈ। ਪਰ ਮਰਦਾਂ ਅਤੇ ਇਸਤਰੀਆਂ ਵਿਚ ਮੇਲ ਜੋਲ ਦਾ ਹਾਮੀ ਹੈ ਅਤੇ ਉਸ ਦੇ ਦੀਵਾਨਾਂ ਵਿਚ ਇਸਤਰੀਆਂ ਮਰਦ ਪ੍ਰਸਪਰ ਖੁਲ੍ਹੇ ਵਿਚਰਦੇ ਹਨ। ਹਜ਼ਾਰਾਂ ਇਸਤਰੀਆਂ ਅਤੇ ਨੌਜਵਾਨ ਲੜਕੀਆਂ ਉਸ ਦੀ ਸੰਪਰਦਾਇ ਵਿਚ ਸ਼ਾਮਲ ਹੋਈਆਂ ਹੋਈਆਂ ਹਨ। ਉਹ ਆਪਣੇ ਸੇਵਕਾਂ ਨੂੰ ਪਵਿੱਤਰ ਅਤੇ ਸਤਿਵਾਦੀ ਹੋਣ ਦਾ ਉਪਦੇਸ਼ ਦਿੰਦਾ ਹੈ। ਉਸ ਦੀ ਇਕ ਹਦਾਇਤ ਇਹ ਹੈ : ਇਹ ਚੰਗਾ ਹੈ ਕਿ ਹਰ ਇਕ ਆਦਮੀ ਲਾਠੀ ਸੋਟਾ ਰੱਖੇ, ਅਤੇ ਉਹ ਸਭ ਰਖਦੇ ਹਨ। ਕੇਵਲ ਗ੍ਰੰਥ ਸਾਹਿਬ ਹੀ ਉਨ੍ਹਾਂ ਦੀ ਪ੍ਰਵਾਣੀਕ ਈਸ਼ਵਰੀ ਗ੍ਰੰਥ ਹੈ। ਇਨ੍ਹਾਂ ਦਾ ਭਾਈਚਾਰਾ ਸਿੱਧੀ ਪੱਗ, ਇਕ ਪਛਾਣ-ਸ਼ਬਦ ਅਤੇ ਚਿੱਟੀ ਉੱਨ ਦੀ ਗੰਢਾਂ ਵਾਲੀ ਮਾਲਾ ਤੋਂ, ਜੋ ਇਹ ਸਾਰੇ ਪਹਿਨਦੇ ਹਨ, ਪਛਾਣਿਆ ਜਾਂਦਾ ਹੈ।"

" ਇਹ ਅੰਦਰਲੀ ਪਕਿਆਈ ਤੇ ਗੁਰਮਤਿ ਪ੍ਰਚਾਰ ਦੀ ਡੂੰਘੀ ਨੀਂਹ ਸੀ, ਜਿਸ ਦੇ ਉਤੇ ਬਾਬਾ ਰਾਮ ਸਿੰਘ ਦੀ ਨਾਮਧਾਰੀ ਲਹਿਰ ਦਾ ਇਤਨਾ ਵੱਡਾ ਮਹਿਲ ਉਸਰਿਆ।[38]" ਮਨਮਤੀਆਂ ਜਾਂ ਅਨਮਤੀਆਂ ਦਾ ਡਰ ਸਿੱਖਾਂ ਵਿੱਚੋਂ ਕੱਢਣ ਲਈ ਬਾਬਾ ਰਾਮ ਸਿੰਘ ਜੀ ਨੇ ਦੂਜੇ ਭਾਈ ਗੁਰਦਾਸ ਬਹਿਲੋ ਕੇ ਦੀ ਵਾਰ ਦੀ 16ਵੀਂ ਪਉੜੀ ਦੀਆਂ ਤੁਕਾਂ ਨੂੰ ਕੁਝ ਅਗੇ ਪਿੱਛੇ ਕਰ ਕੇ ਆਪਣੇ ਸਿੱਖਾਂ ਨੂੰ ਵੰਗਾਰਿਆ:-

> ਮੜ੍ਹੀ ਮਸੀਤਾਂ ਢਾਇ ਕੇ ਕਰ ਦਿਓ ਮੈਦਾਨਾ।
> ਪਹਿਲਾਂ ਮਾਰੋ ਪੀਰ ਬਣੋਈ, ਫੇਰ ਮਾਰੋ ਸੁਲਤਾਨਾ।
> ਉੱਮਤ ਸਭੀ ਮੁਹੰਮਦੀ ਖਪ ਜਾਏ ਮੈਦਾਨਾ।
> ਸੁੰਨਤ ਕੋਈ ਨਾ ਕਰ ਸਕੇ, ਕੰਬਣ ਤੁਰਕਾਨਾ।[39]

---

37. ਕੂਕਾ ਸੰਪਰਦਾਇ ਸੰਬੰਧੀ ਸਰਕਾਰੀ ਪੇਪਰ(1872 ਈ.) ਹਵਾਲਾ - ਡਾ. ਜਸਵੰਤ ਸਿੰਘ ਦੀ ਪੁਸਤਕ 'ਬਾਬਾ ਰਾਮ ਸਿੰਘ' ਅੰਮ੍ਰਿਤਸਰ, 1958, ਪੰਨਾ 80

38. ਅਸ਼ੋਕ- ਸ਼ਮਸ਼ੇਰ ਸਿੰਘ -'ਪੰਜਾਬ ਦੀਆਂ ਲਹਿਰਾਂ', ਪੰਨਾ 67.

39. ਗੰਡਾ ਸਿੰਘ ਡਾ.,' ਪੰਜਾਬ'(ਸੰਪਾਦਤ), ਪੰਨਾ 100

" ਇਸ ਹੁਕਮ ਦੇ ਮੁਤਾਬਿਕ ਕਈ ਥਾਵੀਂ ਪੀਰਾਂ ਫਕੀਰਾਂ ਦੀਆਂ ਕਬਰਾਂ ਤੇ ਸਮਾਧਾਂ ਢਾਈਆਂ ਗਈਆਂ, ਪੀਰ ਖਾਨਿਆਂ ਦੇ ਗੁੰਬਜ਼ ਤੋੜੇ ਗਏ, ਸੀਤਲਾ ਦੇਵੀ(ਚੇਚਕ) ਦੇ ਥਾਨ ਮਿਸਮਾਰ ਕੀਤੇ ਗਏ,ਮੰਦਰਾਂ ਵਿੱਚੋਂ ਸ਼ਿਵ-ਲਿੰਗ ਤੇ ਨੰਦੀ ਬੈਲ ਦੇ ਬੁਤ ਭੰਨੇ ਗਏ। ਇਸ ਏਨੇ ਵੱਡੇ ਤਰੱਦਦ ਤੋਂ ਭਾਵ ਇਹ ਸੀ ਕਿ ਇਨ੍ਹਾਂ ਕਬਰਾਂ ਮੜ੍ਹੀਆਂ ਮਸਾਣੀਆਂ ਜਾਂ ਦੇਵ-ਮੰਦਿਰਾਂ ਵਿਚ ਕੋਈ ਸ਼ਕਤੀ ਨਹੀਂ, ਇਸ ਲਈ ਸਿੱਖ ਇਨ੍ਹਾਂ ਦਾ ਡਰ ਦਿਲਾਂ ਉਤੋਂ ਲਾਹ ਦੇਣ।"[40]

ਉਨ੍ਹਾਂ ਨੇ ਆਪਣੇ ਪ੍ਰਭਾਵ ਹੇਠ ਆਉਂਦੇ ਇਲਾਕੇ ਨੂੰ 22 ਸੂਬਿਆਂ ਵਿਚ ਵੰਡਿਆ ਤੇ ਹਰ ਇਕ ਦੇ ਮੁਖੀ ਨੂੰ 'ਸੂਬਾ' (ਗਵਰਨਰ) ਦੀ ਪਦਵੀ ਦਿਤੀ ਤੇ ਤਹਿਸੀਲਾਂ ਵਿਚ ਜਥੇਦਾਰ ਤੇ ਪਿੰਡਾਂ ਵਿੱਚ ਗ੍ਰੰਥੀ ਨਿਯੁਕਤ ਕਰਕੇ, ਇਕ ਜ਼ਬਰਦਸਤ ਨਾਮਧਾਰੀ ਸੰਗਠਨ ਕਾਇਮ ਕੀਤਾ। 1857 ਈ. ਦੇ ਗ਼ਦਰ ਤੋਂ ਡਰੀ ਹੋਈ ਸਰਕਾਰ ਨਾਮਧਾਰੀਆਂ ਦੀਆਂ ਕਾਰਵਾਈਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲਗ ਪਈ। ਬਾਬਾ ਰਾਮ ਸਿੰਘ ਨੂੰ ਆਪਣੇ ਪਿੰਡ ਭੈਣੀ ਹੀ ਨਜ਼ਰਬੰਦ ਕਰ ਦਿਤਾ ਅਤੇ ਕੂਕਿਆਂ ਦੇ ਸਾਰੇ ਸੰਮੇਲਨ ਬੰਦ ਕਰ ਦਿੱਤੇ।

ਭਾਵੇਂ ਨਾਮਧਾਰੀ ਅੰਗਰੇਜ਼ੀ ਸਰਕਾਰ ਦੀ ਸੈਨਾਂ ਵਿਚ ਭਰਤੀ ਨਹੀਂ ਸਨ ਹੁੰਦੇ, ਪਰ ਉਹ ਦੇਸੀ ਰਿਆਸਤਾਂ ਦੀਆਂ ਸੈਨਾਵਾਂ ਵਿਚ ਵੱਡੀ ਗਿਣਤੀ ਵਿਚ ਭਰਤੀ ਹੋਣ ਲਗ ਪਏ। ਜੰਮੂ ਕਸ਼ਮੀਰ ਦੇ ਮਹਾਰਾਜੇ ਨੇ ਇਕ ਕੂਕਾ ਰੈਜਮੈਂਟ ਕਾਇਮ ਕਰ ਦਿੱਤੀ। ਬਾਬਾ ਰਾਮ ਸਿੰਘ ਵਲੋਂ ਨੈਪਾਲ ਵਿਚ ਕੂਕਾ ਰੈਜਮੈਂਟ ਖੜੀ ਕਰਨ ਬਾਰੇ ਇਕ ਮਿਸ਼ਨ ਰਾਣਾ ਜੰਗ ਬਹਾਦਰ ਪਾਸ ਭੇਜਿਆ ਗਿਆ ਤੇ ਇਸੇ ਤਰ੍ਹਾਂ ਅਮੀਰ ਕਾਬਲ ਤੇ ਰੂਸ ਦੇ ਜ਼ਾਰ ਪਾਸ ਵੀ ਨਾਮਧਾਰੀ ਮਿਸ਼ਨ ਭੇਜੇ ਗਏ।

ਜਦ ਬਾਬਾ ਰਾਮ ਸਿੰਘ ਨਾਮਧਾਰੀਆਂ ਨੂੰ ਇਸ ਤਰ੍ਹਾਂ ਵਡੇਰੇ ਅੰਦੋਲਨ ਲਈ ਤਿਆਰ ਕਰ ਰਹੇ ਸਨ ਤਾਂ ਜੋ ਦੇਸ਼ ਵਿੱਚੋਂ ਫਰੰਗੀ ਰਾਜ[41] ਖ਼ਤਮ ਕੀਤਾ ਜਾ ਸਕੇ, ਤਾਂ ਬਹੁਤੇ ਜੋਸ਼ੀਲੇ ਨਾਮਧਾਰੀਆਂ ਨੇ ਗਊ ਰੱਖਿਆ ਲਈ ਬੁਚੜਖਾਨਿਆਂ ਤੇ ਹੱਲਾ ਬੋਲਣਾ ਸ਼ੁਰੂ ਕਰ ਦਿੱਤਾ। ਏਸੇ ਤਰ੍ਹਾਂ ਹਥਿਆਰ ਤੇ

---

40. ਗੰਡਾ ਸਿੰਘ ਡਾ. 'ਕੂਕਿਆਂ ਦੀ ਵਿਥਿਆ(1946 ਈ.) ਪੰਨਾ 68-69. ਅਤੇ ਸੱਯਦ ਮੁਹੰਮਦ ਹਸਨ — ਤਾਰੀਖ਼ਿ ਪਟਿਆਲਾ(ਉਰਦੂ) 1878 ਈ. ਸਫ਼ਾ 648-49, ਹਵਾਲਾ — ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ — ਪੰਨਾ 68.
41. ਨਹਿਰੂ-ਜਵਾਹਰ ਲਾਲ," ਬਾਬਾ ਰਾਮ ਸਿੰਘ ਜੀ ਨੇ ਆਪਣੀ- ਮਾਤ-ਭੂਮੀ ਨੂੰ ਸੁਤੰਤਰਤਾ ਦਿਵਾਉਣ ਲਈ ਜੋ ਮਹਾਨ, ਗੌਰਵ-ਸ਼ਾਲੀ ਪਰਿਸ਼੍ਰਮ ਕੀਤਾ, ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗ੍ਰਸ ਨੇ ਆਪ ਦੇ ਦਿਖਾਏ ਹੋਏ ਰਸਤੇ ਨੂੰ ਅਖ਼ਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ।"
'ਸਤਿਯੁਗ ਦਾ ਬਸੰਤ ਨੰਬਰ', 1955- ਹਵਾਲਾ ਇੰਦਰ ਸਿੰਘ ਚਕ੍ਰਵਰਤੀ— 'ਕੂਕਿਆਂ ਬਾਰੇ'।

ਘੋੜੇ ਇਕੱਠੇਕਰਨ ਲਈ ਇਨ੍ਹਾਂ ਨੇ 15 ਜਨਵਰੀ 1871 ਈ. ਨੂੰ ਮਲੇਰਕੋਟਲੇ ਦੇ ਖਜ਼ਾਨੇ ਨੂੰ ਲੁੱਟਣ ਦਾ ਯਤਨ ਕੀਤਾ। ਮਲੌਦ, ਇਕ ਸਰਦਾਰ ਦੇ ਘਰੋਂ 4 ਘੋੜੇ ਤੇ ਇਕ ਰਫ਼ਲ ਲੈ ਭੱਜੇ। ਕੁਝ ਕੂਕਿਆਂ ਨੂੰ ਫਾਂਸੀ ਤੇ ਉਮਰ ਕੈਦ ਦੀਆਂ ਸਜ਼ਾਵਾਂ ਹੋਈਆਂ। 65 ਬਾਗੀ ਕੂਕਿਆਂ ਨੂੰ 17-18 ਜਨਵਰੀ, 1872 ਈ. ਨੂੰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਾਵੁੱਨ ਦੇ ਹੁਕਮ ਨਾਲ ਮਾਲੇਰਕੋਟਲੇ ਵਿਚ ਤੋਪਾਂ ਨਾਲ ਉੜਾ ਦਿੱਤਾ ਗਿਆ। ਕਾਨੂੰਨ ਭੰਗ ਕਰਨ ਤੇ ਗਰੀਬ ਮੁਸਲਮਾਨ ਕਸਾਈਆਂ ਨੂੰ ਨਿਹੱਕ ਕਤਲ ਕਰਨ ਦੇ ਦੋਸ਼ ਵਿਚ ਕੂਕਿਆਂ ਨੂੰ ਦਿੱਤੀਆਂ ਗਈਆਂ ਫਾਂਸੀ ਤੇ ਉਮਰ ਕੈਦ ਦੀਆਂ ਸਜ਼ਾਵਾਂ ਨਾਲ ਇਸ ਲਹਿਰ ਨੂੰ ਸਰਕਾਰ ਨੇ ਸਖ਼ਤੀ ਨਾਲ ਕੁਚਲ ਦਿੱਤਾ। ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਵਿਚ 18 ਜਨਵਰੀ 1872 ਈ. ਨੂੰ ਕੈਦ ਕਰ ਦਿੱਤਾ। 29 ਨਵੰਬਰ 1884 ਨੂੰ ਆਪ ਦੀ ਮ੍ਰਿਤੂ ਹੋ ਗਈ ਅਤੇ ਉਨ੍ਹਾਂ ਦਾ ਛੋਟਾ ਭਾਈ ਹਰੀ ਸਿੰਘ ਗੁਰ ਗੱਦੀ ਤੇ ਬੈਠਾ। ਭੈਣੀ ਸਾਹਿਬ ਵਿਚ ਪੋਲੀਸ ਦੀ ਚੌਕੀ ਪੱਕੀ ਤਰ੍ਹਾਂ ਕਾਇਮ ਕਰ ਦਿੱਤੀ ਗਈ ਅਤੇ 21 ਵਰ੍ਹੇ ਤਕ ਬਾਬਾ ਹਰੀ ਸਿੰਘ ਨੂੰ ਭੈਣੀ ਤੋਂ ਬਾਹਰ ਨਾ ਨਿਕਲਣ ਦਿੱਤਾ ਗਿਆ। ਕੁਝ ਵਰ੍ਹਿਆਂ ਦੀ ਕੈਦ ਪਿਛੋਂ ਸਰਕਾਰ ਨੇ ਬਾਬਾ ਜੀ ਤੋਂ ਪਾਬੰਦੀਆਂ ਨਰਮ ਕਰ ਦਿੱਤੀਆਂ ਅਤੇ ਉਨ੍ਹਾਂ ਦੇ ਸੇਵਕਾਂ ਨੂੰ ਮਿਲਣ ਦੀ ਆਗਿਆ ਵੀ ਦੇ ਦਿੱਤੀ। ਬਾਬਾ ਜੀ ਵਲੋਂ ਲਿਖੀਆਂ ਗਈਆਂ ਆਪਣੇ ਸੇਵਕਾਂ ਨੂੰ ਚਿੱਠੀਆਂ ਜਿਹੜੀਆਂ 'ਅਰਦਾਸਾਂ' ਕਰ ਕੇ ਜਾਣੀਆਂ ਜਾਂਦੀਆਂ ਹਨ, ਉਨ੍ਹਾਂ ਤੋਂ ਬਾਬਾ ਜੀ ਦੀ ਸਖ਼ਸ਼ੀਅਤ, ਉਦੇਸ਼, ਭਾਵਨਾਵਾਂ, ਸੇਵਾ, ਲਗਨ ਆਦਿ ਦਾ ਸਪੱਸ਼ਟ ਪਤਾ ਲੱਗ ਜਾਂਦਾ ਹੈ। ਇਹ ਅਰਦਾਸਾਂ ਉਸ ਵੇਲੇ ਦੀ ਪੰਜਾਬੀ ਵਾਰਤਕ ਦਾ ਇਕ ਚੰਗਾ ਨਮੂਨਾ ਹਨ।[42]

ਕੂਕਾ ਲਹਿਰ ਨੂੰ ਨਿਸਚੇ ਹੀ ਦੇਸ਼ ਵਿਚ ਕੌਮੀ ਜਾਗ੍ਰਤੀ ਲਿਆਉਣ ਵਾਲੀ ਇਕ ਮਹੱਤਵਪੂਰਣ ਲਹਿਰ ਆਖਿਆ ਜਾ ਸਕਦਾ ਹੈ। ਅੰਗਰੇਜ਼ ਸਰਕਾਰ ਨੂੰ ਗ਼ਦਰ ਤੋਂ ਪਿਛੋਂ ਇਸ ਲਹਿਰ ਨੇ ਇਕ ਜ਼ਬਰਦਸਤ ਹਲੂਣਾ ਦਿੱਤਾ।[43] 1901 ਈ. ਦੀ ਮਰਦਮ ਸ਼ੁਮਾਰੀ ਵਿਚ ਕੂਕਿਆਂ ਦੀ ਗਿਣਤੀ 13788 ਦਰਜ ਹੈ।

ਭਾਵੇਂ ਨਾਮਧਾਰੀਆਂ ਨੇ ਅੱਜ ਆਪਣੀ ਵਖਰੀ ਗੁਰ-ਗੱਦੀ ਬਣਾ ਲਈ ਹੈ ਤੇ ਬਾਬਾ ਰਾਮ ਸਿੰਘ ਨੂੰ ਗਿਆਰ੍ਹਵਾਂ ਗੁਰੂ ਆਖ ਕੇ ਅਗੇ ਗੁਰ-ਮਰਯਾਦਾ ਤੋਰ ਲਈ ਹੈ, ਪਰ ਬਾਬਾ ਰਾਮ ਸਿੰਘ ਨੇ ਕਦੇ ਵੀ ਗੁਰਮਤਿ, ਗੁਰੂ ਗ੍ਰੰਥ ਸਾਹਿਬ ਜਾਂ ਦਸਾਂ ਗੁਰੂਆਂ ਤੋਂ ਬਿਨਾਂ, ਆਪਣੇ ਆਪ ਨੂੰ ਗੁਰੂ ਨਹੀਂ ਸੀ ਆਖਿਆ।

---

42. ਇਨ੍ਹਾਂ ਸੰਬੰਧੀ ਵਿਸਤਾਰ-ਪੂਰਵਕ ਚਰਚਾ 'ਵਾਰਤਕ ਸਾਹਿਤ ਦੇ ਸਰਵੇਖਣ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।

43. Harbans Singh, 'Heritage of the Sikhs'- p.137.

"ਮੈਨੂੰ ਤਾਂ/ਨਾ ਗੁਰੂ ਬਣਨ ਦੀ ਲੋੜ ਹੈ, ਨਾ ਬ੍ਰਹਮਾ ਬਣਨ ਦੀ ਲੋੜ ਹੈ। ਇਹ ਜਿਤਨੀ ਕਾਰ ਹੈ, ਸੋ ਸਾਹਿਬ ਦਸਵੇਂ ਪਾਤਸ਼ਾਹ ਦੀ ਹੈ, ਤੁਸੀਂ ਸਤਿ ਕਰ ਮੰਨਣਾ। ਮੈਂ ਤਾਂ ਗੁਰੂ ਨਹੀਂ, ਮੈਂ ਤਾਂ ਰਪਟੀਏ ਦੀ ਮਾਫ਼ਕ ਹਾਂ। ਹੋਰ ਭਾਈ ਦਸਾਂ ਪਾਤਸ਼ਾਹੀਆਂ ਦੇ ਪਿੱਛੇ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ ... ਹੋਰ ਗੁਰੂ ਕੋਈ ਨਹੀਂ।"[44]

ਬਾਬਾ ਰਾਮ ਸਿੰਘ ਜੀ ਨੇ ਭਾਵੇਂ ਸਿੱਖੀ ਵਿਚ ਆ ਚੁਕੀਆਂ ਕੁਰੀਤੀਆਂ ਦੇ ਸੁਧਾਰ ਦਾ ਬੀੜਾ ਚੁਕਿਆ ਅਤੇ ਸੁਧ ਅਤੇ ਪਵਿਤਰ ਜੀਵਨ ਜੀਉਣ ਅਤੇ ਅਕਾਲ ਪੁਰਖ ਦਾ ਨਾਮ-ਬਾਣੀ ਜਪਣ ਦੀ ਪ੍ਰੇਰਣਾ ਆਪਣੇ ਸੇਵਕਾਂ ਨੂੰ ਦਿੱਤੀ ਪਰ ਜੇ ਦੇਖਿਆ ਜਾਏ ਤਾਂ ਉਨ੍ਹਾਂ ਦਾ ਸਮੁਚਾ ਸੰਗਠਨ, ਜਾਹੋ-ਜਲਾਲ, ਹਜ਼ਾਰਾਂ ਸੇਵਕਾਂ ਦੇ ਜਥਿਆਂ ਸਮੇਤ ਵੱਖ ਵੱਖ ਗੁਰਧਾਮਾਂ ਤੇ ਜਾਣਾ, ਸੇਵਕਾਂ ਵਲੋਂ ਕਾਨੂੰਨ ਦੀ ਉਲੰਘਣਾ, ਬਦੇਸ਼ੀ ਤਾਕਤਾਂ ਨਾਲ ਸਾਜ਼-ਬਾਜ਼ ਤੇ ਹਥਿਆਰ ਇਕੱਠੇ ਕਰਨੇ, ਅਜਿਹੀਆਂ ਕਾਰਵਾਈਆਂ ਸਨ, ਜਿਹੜੀਆਂ ਇਸ ਲਹਿਰ ਨੂੰ ਧਾਰਮਿਕ ਨਾਲੋਂ ਰਾਜਸੀ ਰੰਗਣ ਵਿਚ ਵਧੇਰੇ ਪ੍ਰਗਟ ਕਰਦੀਆਂ ਹਨ। ਇਹੋ ਕਾਰਨ ਹੈ ਕਿ 1872 ਈ. ਦੀਆਂ ਘਟਨਾਵਾਂ ਪਿਛੋਂ ਇਸ ਲਹਿਰ ਦਾ ਨਾਮ ਨਿਸ਼ਾਨ ਹੀ ਕੁਝ ਵਰ੍ਹਿਆਂ ਲਈ ਮਿਟ ਗਿਆ। ਦੂਜੀ ਗਲ ਇਹ ਕਿ ਨਿਰੰਕਾਰੀ ਤੇ ਨਾਮਧਾਰੀ, ਦੋਵੇਂ ਸੁਧਾਰਕ ਲਹਿਰਾਂ, ਸ਼ੁਰੂ ਵਿੱਚ ਦੇਹ-ਧਾਰੀ ਗੁਰੂ ਦੇ ਵਿਰੁਧ ਆਰੰਭ ਹੋਈਆਂ ਤੇ ਗੁਰਮਤਿ, ਗੁਰੂ ਗ੍ਰੰਥ ਸਾਹਿਬ ਤੇ ਦਸਾਂ ਗੁਰੂਆਂ ਨੂੰ ਹੀ ਆਪਣਾ ਆਧਾਰ ਮਿਥਦੀਆਂ ਸਨ, ਪਰ ਪਿਛੋਂ ਦੋਹਾਂ ਨੇ ਦੇਹ-ਧਾਰੀ ਗੁਰੂਆਂ ਦੀ ਪਰੰਪਰਾ ਤੇ ਮਰਯਾਦਾ ਨੂੰ ਕਾਇਮ ਕਰ ਲਿਆ ਜਿਸ ਨਾਲ ਸਮੁੱਚੀ ਸਿੱਖ ਜਨਤਾ ਇਨ੍ਹਾਂ ਲਹਿਰਾਂ ਨਾਲ ਪੂਰੀ ਤਰ੍ਹਾਂ ਨਾ ਜੁੜ ਸਕੀ।[45]

ਸਿੱਖਾਂ ਸਾਹਮਣੇ ਪਹਿਲਾਂ ਵਾਲੀਆਂ ਸਮੱਸਿਆਵਾਂ ਉਵੇਂ ਦੀਆਂ ਉਵੇਂ ਕਾਇਮ ਰਹੀਆਂ। ਈਸਾਈ ਹਮਲੇ ਮੱਧਮ ਨਾ ਪਏ, ਸਿੱਖੀ ਦੇ ਸਰੂਪ ਤੇ ਆਸ਼ਿਆਂ ਸੰਬੰਧੀ ਦੁਬਿਧਾਵਾਂ, ਭੁਲੇਖੇ, ਅਨਿਸਚਤਤਾਵਾਂ, ਬਣੀਆਂ ਰਹੀਆਂ। ਪੱਛਮੀ ਵਿੱਦਿਆ, ਜਿਸ ਦੀ ਕਿ ਉਸ ਵੇਲੇ ਸਖ਼ਤ ਲੋੜ ਸੀ, ਉਸ ਵਲੋਂ, ਉਪਰੋਕਤ ਦੋਹਾਂ ਲਹਿਰਾਂ ਦੇ ਪ੍ਰਭਾਵ ਕਰਕੇ, ਸਿੱਖ ਅਭਿੱਜ ਰਹੇ, ਜਦ ਕਿ ਪੰਜਾਬ ਦੀਆਂ ਬਾਕੀ ਦੋਵੇਂ ਕੌਮਾਂ, ਹਿੰਦੂ, ਮੁਸਲਮਾਨ ਵਿੱਦਿਅਕ ਖੇਤਰ ਵਿਚ ਅਗੇ ਵੱਧਣ ਲਗੀਆਂ। 1881 ਈ. ਦੀ ਮਰਦਮ ਸ਼ੁਮਾਰੀ ਵਿਚ ਸਿੱਖਾਂ ਨੂੰ ਸਭ ਤੋਂ ਘੱਟ ਪੜ੍ਹੇ ਦਸਿਆ ਗਿਆ ਹੈ।[46]

---

44. ਹੁਕਮਨਾਮੇ ਵਿਚੋਂ ਹਵਾਲਾ — ਅਸ਼ੋਕ -'ਪੰਜਾਬ ਦੀਆਂ ਲਹਿਰਾਂ', ਪੰਨਾ 77 ਅਤੇ ਡਾ. ਗੰਡਾ ਸਿੰਘ- ਪੰਜਾਬ- ਪੰਨਾ 101.

45. Harbans Singh-"Because of their restricted scope and because of schismatic character they acquired, both the Nirankari and Namdhari movements failed to stir the Sikh people as a whole." 'Heriatege of the Sikhs', p.138.

46. 'Census Report', 1881, Part-I, p.38-39. " The Sikhs are the most un-educated class in the Panjab."

ਇਸ ਲਈ ਉਨ੍ਹੀਵੀਂ ਸਦੀ ਦੇ ਦੂਜੇ ਅਧ ਦੀਆਂ — ਪਹਿਲੀਆਂ ਦੋ ਸਿੱਖ ਸੁਧਾਰਕ ਲਹਿਰਾਂ ਚੰਗੀ ਆਸ਼ਿਆਂ ਤੇ ਭਾਵਨਾਵਾਂ ਦੇ ਬਾਵਜੂਦ ਸਮੇਂ ਦੇ ਹਾਣ ਨਾ ਹੋ ਸਕੀਆਂ। ਸਿੱਖ ਕੌਮ ਦਾ ਪੱਤਨ, ਵਿਸ਼ਾਦ, ਡਾਵਾਂ-ਡੋਲਤਾ ਪਹਿਲਾਂ ਨਾਲੋਂ ਵੀ ਗੰਭੀਰ ਰੂਪ ਵਿਚ ਉਭਰ ਕੇ ਸਾਹਮਣੇ ਆ ਗਏ ਅਤੇ ਅੰਗਰੇਜ਼ਾਂ ਵਲੋਂ ਕੀਤੀ ਗਈ ਭਵਿਖ-ਬਾਣੀ ਸੱਚੀ ਹੁੰਦੀ ਪ੍ਰਤੀਤ ਹੋਣ ਲੱਗੀ ਕਿ ਸਿੱਖ ਹੁਣ ਬਤੌਰ ਕੌਮ ਦੇ ਕੁਝ ਵਰ੍ਹਿਆਂ ਦੇ ਹੀ ਪ੍ਰਾਹੁਣੇ ਹਨ।

## ਸਿੰਘ ਸਭਾ ਲਹਿਰ:

ਜਿਸ ਤਰ੍ਹਾਂ ਇਸ ਅਧਿਆਇ ਦੇ ਸ਼ੁਰੂ ਵਿਚ ਲਿਖਿਆ ਗਿਆ ਹੈ, ਸਿੱਖੀ ਨੂੰ ਚਾਰ ਚੁਫੇਰਿਓਂ ਢਾਹ ਲਗੀ ਦੇਖ ਕੇ ਕੁਝ ਸੋਝੀਵਾਨ ਪੰਥ ਦਰਦੀਆਂ ਨੂੰ ਇਸ ਦੇ ਬਚਾਓ ਦਾ ਖ਼ਿਆਲ ਆਇਆ ਤੇ ਇਸ ਮਨੋਰਥ ਲਈ ਵਖੋ ਵੱਖ ਸੁਧਾਰਕ ਲਹਿਰਾਂ ਦਾ ਜਨਮ ਹੋਇਆ। ਨਿਰੰਕਾਰੀ ਤੇ ਨਾਮਧਾਰੀ ਲਹਿਰਾਂ ਵੀ ਸਮੂਚੀ ਸਿਖ ਜਨਤਾ ਨੂੰ ਪ੍ਰਭਾਵਤ ਨਾ ਕਰ ਸਕੀਆਂ। 1872 ਈ. ਵਿਚ ਨਾਮਧਾਰੀ ਲਹਿਰ ਦੇ ਦਬਾਏ ਜਾਣ ਨਾਲ ਸਿੱਖ ਪਹਿਲਾਂ ਨਾਲੋਂ ਵੀ ਵਧੇਰੇ ਵਿਸ਼ਾਦ-ਗ੍ਰਸਤ ਹੋ ਗਏ ਕਿਉਂਕਿ:-

ੳ) ਈਸਾਈ ਪ੍ਰਚਾਰ ਤੇ ਪ੍ਰਭਾਵ ਪਹਿਲਾਂ ਵਾਂਗ ਹੀ ਫੈਲ ਰਿਹਾ ਸੀ;

ਅ) ਸਿੱਖਾਂ ਦੀ ਅਨਪੜ੍ਹਤਾ ਕਰ ਕੇ ਹਿੰਦੂ ਤੇ ਮੁਸਲਮਾਨ ਵਿਦਵਾਨ, ਨਵੇਂ ਪਰਚਾਰ-ਮਾਧਿਅਮਾਂ ਯਥਾ ਪ੍ਰੈਸ ਤੇ ਪਲੈਟਫਾਰਮ ਰਾਹੀਂ ਸਿੱਖੀ ਦੀ ਬੜੀ ਕੋਹਜੀ ਤੇ ਘਟੀਆ ਤਸਵੀਰ ਪੇਸ਼ ਕਰ ਰਹੇ ਸਨ।

ੲ) ਸਿੱਖ ਇਤਿਹਾਸ ਤੇ ਸਿੱਖ ਗੌਰਵਤਾ ਨੂੰ ਅਜਿਹੇ ਗ਼ਲਤ ਮਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਸੀ, ਜਿਸ ਨਾਲ ਸਿੱਖਾਂ ਨੂੰ ਹੁਲਾਰਾ ਮਿਲਣ ਦੀ ਥਾਂ ਵਿਸ਼ਾਦ ਤੇ ਨਿਮੋਝੂਣਤਾ ਮਿਲੇ(ਉਦਾਹਰਣ ਲਈ ਸ਼ਰਧਾ ਰਾਮ ਫਿਲੌਰੀ ਦੀ ' ਸਿੱਖਾਂ ਦੇ ਰਾਜ ਦੀ ਵਿਥਿਆ )।

ਸ) ਸਿੱਖ ਧਰਮ ਦੀ ਵਿਆਖਿਆ ਹਿੰਦੂਆਣਾ ਢੰਗ ਨਾਲ ਕਰ ਕੇ, ਸਿੱਖ ਗੁਰੂਆਂ ਨੂੰ ਹਿੰਦੂ ਦੇਵੀ ਦੇਵਤਿਆਂ ਦੇ ਰੂਪ ਵਿਚ ਚਿਤ੍ਰਿਆ ਜਾਂਦਾ ਸੀ ਤੇ ਸਿੱਖ ਧਰਮ ਅਸਥਾਨਾਂ ਤੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਜਾਂਦੀਆਂ ਸਨ। ਸਹਿਜਧਾਰੀ ਪ੍ਰਭਾਵ ਤੇ ਹਿੰਦੂ ਪ੍ਰਭਾਵ ਦਿਨੋ ਦਿਨ ਵਧ ਰਿਹਾ ਸੀ।

ਹ) ਸਿੱਖਾਂ ਦੀ ਗਿਣਤੀ ਦਿਨੋ ਦਿਨ ਘਟ ਰਹੀ ਸੀ ਤੇ ਅੰਗਰੇਜ਼ਾਂ ਵਲੋਂ ਖੁਲ੍ਹਮ ਖੁਲ੍ਹਾ ਐਲਾਨ ਕੀਤਾ ਜਾਂਦਾ ਸੀ ਕਿ ਉਨ੍ਹੀਵੀਂ ਸਦੀ ਦੇ ਅੰਤ ਤੇ ਸਿੱਖ ਅਜਾਇਬ-ਘਰਾਂ ਦੀਆਂ ਮੂਰਤਾਂ ਵਿਚ ਹੀ ਦੇਖੇ ਜਾ ਸਕਣਗੇ।[47]

ਕ) ਹਿੰਦੂਆਂ ਤੇ ਮੁਸਲਮਾਨਾਂ ਦੇ ਟਾਕਰੇ ਤੇ ਸਿੱਖ ਸਭ ਤੋਂ ਘੱਟ ਪੜ੍ਹੇ ਹੋਏ ਤੇ ਅਗਿਆਨਤਾ ਕਰ ਕੇ ਹਰ ਮਾੜਾ ਪ੍ਰਭਾਵ ਤੁਰਤ ਗ੍ਰਹਿਣ ਕਰ ਲੈਂਦੇ ਸਨ।

ਖ) ਸਿੱਖਾਂ ਦੇ ਪਵਿਤਰ ਧਰਮ ਅਸਥਾਨਾਂ ਦੀਆਂ ਰਹੁ-ਰੀਤਾਂ ਸਭ ਹਿੰਦੂ ਢੰਗ ਦੀਆਂ ਸਨ , ਕਿਉਂਜੋ ਗ੍ਰੰਥੀ ਤੇ ਪੁਜਾਰੀ ਨਿਰਮਲੇ, ਉਦਾਸੀ ਜਾਂ ਹਿੰਦੂ ਬ੍ਰਾਹਮਣ ਸਨ।

ਇਹੋ ਜੇਹੀ ਸਥਿਤੀ ਵਿਚ ਪੜ੍ਹੇ ਲਿਖੇ, ਵਿਦਵਾਨ ਤੇ ਪੰਥ ਦਰਦੀ ਸਿੱਖਾਂ ਦੇ ਮਨਾਂ ਵਿਚ ਸਿੱਖ ਰਹੁ-ਰੀਤੀ ਦੀ ਪੁਨਰ-ਸਥਾਪਨਾ ਤੇ ਹਿੰਦੂ ਧਰਮ ਨਾਲੋਂ ਸਿੱਖ ਧਰਮ ਦੀ ਭਿੰਨਤਾ, ਅੱਡਰਤਾ ਤੇ ਵਿਲੱਖਣਤਾ ਨੂੰ ਸਿੱਧ ਕਰਨ ਲਈ ਜਥੇ-ਬੰਦਕ ਯਤਨ ਕਰਨ ਦਾ ਖ਼ਿਆਲ ਪੈਦਾ ਹੋਇਆ।

ਇਸ ਸੰਬੰਧ ਵਿਚ ਦੋ ਤਿੰਨ ਘਟਨਾਵਾਂ ਦੀਆਂ ਉਦਾਹਰਣਾਂ ਦੇਣੀਆਂ ਏਥੇ ਉਚਿੱਤ ਪ੍ਰਤੀਤ ਹੁੰਦੀਆਂ ਹਨ, ਜਿਨ੍ਹਾਂ ਤੋਂ ਉਪਰ ਦਸੀ ਸਥਿਤੀ ਵਧੇਰੇ ਸਪੱਸ਼ਟ ਹੋ ਸਕੇ:-

(1) ਪੰਡਤ ਸ਼ਰਧਾ ਰਾਮ ਫਲੌਰੀ ਨੂੰ ਲੁਧਿਆਣੇ ਦੇ ਈਸਾਈ ਮਿਸ਼ਨਰੀਆਂ ਨੇ ਸਿੱਖ ਵਿਰੋਧੀ ਪ੍ਰਚਾਰ ਲਈ ਨਿਯੁਕਤ ਕੀਤਾ ਅਤੇ ਉਸ ਪਾਸੋਂ ਸਿੱਖ ਗੁਰੂਆਂ ਤੇ ਸਿੱਖ ਇਤਿਹਾਸ ਨੂੰ ਗ਼ਲਤ ਰੂਪ ਵਿਚ ਪੇਸ਼ ਕਰਨ ਲਈ 'ਸਿੱਖਾਂ ਦੇ ਰਾਜ ਦੀ ਵਿਥਿਆ'[48] ਨਾਂ ਦੀ ਪੁਸਤਕ ਲਿਖਵਾਈ ਅਤੇ 1866 ਈ. ਵਿਚ ਪੰਜਾਬ ਸਰਕਾਰ ਨੇ ਆਪ ਛਪਵਾਈ। "ਇਸ ਪੁਸਤਕ ਵਿਚ ਕੁਝ ਅਯੋਗ ਅਨ-ਇਤਿਹਾਸਕ ਤੇ ਦੁਖਦਾਇਕ ਕਥਾਵਾਂ ਲਿਖੀਆਂ ਹੋਈਆਂ ਹਨ ਤੇ ਕਿਤੇ ਅਜਿਹੇ ਸ਼ਬਦ ਵਰਤਣ ਦੀ ਖੁਲ੍ਹ ਲੈ ਲਈ ਹੈ , ਜਿਨ੍ਹਾਂ ਤੋਂ ਅਨਾਦਰ ਦੀ ਬੋ ਆਉਂਦੀ ਹੈ।"[49]

---

47. ਗਿਆਨੀ ਦਿੱਤ ਸਿੰਘ ਜੀ ਨੇ 'ਖ਼ਾਲਸਾ ਅਖ਼ਬਾਰ' ਲਾਹੌਰ ਦੇ ਆਪਣੇ 25 ਮਈ, 1894 ਈ. ਵਾਲੇ ਅੰਕ ਵਿਚ ਕਿਸੇ ਗੁਮਨਾਮ ਅੰਗਰੇਜ਼ ਦਾ ਹਵਾਲਾ ਦਿੱਤਾ, ਜਿਸ ਨੇ ਸਿੱਖ ਰਾਜ ਦੇ ਖ਼ਾਤਮੇ ਅਤੇ ਮਹਾਰਾਜਾ ਦਲੀਪ ਸਿੰਘ ਦੇ ਈਸਾਈ ਧਰਮ ਗ੍ਰਹਿਣ ਕਰ ਲੈਣ ਉਤੇ ਕਿਸੇ ਅੰਗਰੇਜ਼ੀ ਅਖ਼ਬਾਰ ਵਿਚ ਇਹ ਮਜ਼ਮੂਨ ਬੜੇ ਫ਼ਖ਼ਰ ਨਾਲ ਛਾਪਿਆ ਸੀ —

" ਈਸਾਈ ਧਰਮ ਦੀ ਦਿਨ-ਬਦਿਨ ਉਨਤੀ ਹੋ ਰਹੀ ਹੈ, ਜਿਸ ਸਦਕਾ ਉਹ ਪੇਸ਼ੀਨਗੋਈ ਕਰਦਾ ਹੈ ਕਿ ਅੱਗੇ ਆਉਣ ਵਾਲੇ 25 ਵਰ੍ਹਿਆਂ ਨੂੰ ਮਾਝੇ ਦਾ ਤੀਸਰਾ ਹਿੱਸਾ ਈਸਾਈ ਹੋ ਜਾਏਗਾ। ਮਾਲਵਾ ਵੀ ਛੇਤੀ ਹੀ ਮਗਰੋਂ ਈਸਾਈ ਮਤ ਧਾਰਨ ਕਰ ਲਵੇਗਾ। ਜਿਥੇ ਬੁਧ ਧਰਮ ਅੱਜ ਇਥੇ ਨਜ਼ਰ ਨਹੀਂ ਆਉਂਦਾ, ਉਸ ਦੀਆਂ ਅਜਾਇਬ-ਘਰਾਂ ਵਿਚ ਮੂਰਤਾਂ ਜਾਂ ਮੂਰਤੀਆਂ ਹੀ ਹਨ, ਇਵੇਂ ਸਰਦਾਰਾਂ ਦੀਆਂ ਸੂਰਤਾਂ, ਜੋ ਸਿੱਧੇ ਦਾੜ੍ਹੇ, ਕੱਛਾਂ ਕੜੇ ਕਿਰਪਾਨਾਂ ਅਤੇ ਸਿੱਧੀਆਂ ਪੱਗਾਂ ਵਾਲੀਆਂ, ਜੋ ਹੁਣ ਕਿਤੇ ਕਿਤੇ ਦਿਸਦੀਆਂ ਹਨ, ਸੋ ਕਦੇ ਬੋਧਾਂ ਵਾਂਗ ਅਜਾਇਬ-ਘਰਾਂ ਵਿਚ ਮੂਰਤਾਂ ਹੋ ਕੇ ਦਿਖਾਈ ਦੇਣਗੀਆਂ। ਇਨ੍ਹਾਂ ਦੇ ਹੀ ਪੁਤਰ ਪੋਤਰੇ ਜੋ ਈਸਾਈ ਧਰਮ ਵਿਚ ਆ ਕੇ ਕੋਟ ਪਤਲੂਣ ਅਤੇ ਟੋਪੀ ਪਾਈ ਹੋਈ, ਅਜਾਇਬ ਘਰ ਨੂੰ ਦੇਖਣ ਆਇਆ ਕਰਨਗੇ, ਤਾਂ ਕਿਹਾ ਕਰਨਗੇ ਕਿ ਇਹ ਦੇਖੋ —' ਯਿਹ ਸਿੱਖ ਲੋਗ ਕਾ ਤਸਵੀਰ ਹੈ, ਜੋ ਕਭੀ ਇਸ ਦੇਸ਼ ਮੇ ਹੋਤਾ ਥਾ।"

48. ਇਹ ਪੁਸਤਕ "ਓਰੀਐਂਟਲ ਕਾਲਜ ਲਾਹੌਰ ਵਿਚ ਪੰਜਾਬੀ ਦੇ ਇਮਿਤਿਹਾਨਾਂ ਵਿਚ ਪਾਠ-ਪੁਸਤਕ ਵਜੋਂ ਪੜ੍ਹਾਈ ਜਾਂਦੀ ਰਹੀ।" ਖ਼ਾਲਸਾ ਐਡਵੋਕੇਟ ਅੰਮ੍ਰਿਤਸਰ, 20 ਸਤੰਬਰ 1903. ਇਸ ਦਾ ਪਹਿਲਾ ਅੰਗਰੇਜ਼ੀ ਅਨੁਵਾਦ 1888 ਈ. ਵਿਚ ਛਪਿਆ। ਅਨੁਵਾਦਕ ਹੈਨਰੀ ਕੋਰਟ ਸਨ।

49. ਪ੍ਰੀਤਮ ਸਿੰਘ — ਸਿੱਖਾਂ ਦੇ ਰਾਜ ਦੀ ਵਿਥਿਆ (ਸੰਪਾਦਤ) ਜਲੰਧਰ 1956, ਪੰਨਾ 88-89

ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲਾਗੇ ਗੁਰੂ ਦੇ ਬਾਗ਼ ਵਿਚ ਪੰਡਤ ਸ਼ਰਧਾ ਰਾਮ ਫਲੌਰੀ ਨੇ ਰੋਜ਼ ਸ਼ਾਮ ਨੂੰ ਕਥਾ ਕਰਨੀ ਸ਼ੁਰੂ ਕਰ ਦਿਤੀ। "ਦਰਬਾਰ ਸਾਹਿਬ ਉਸ ਵੇਲੇ ਸਿੱਖ ਪਰਚਾਰ ਦਾ ਅਸਥਾਨ ਨਹੀਂ ਸੀ। ਸਾਰੇ ਮਤਾਂ-ਮਤਾਂਤਰਾਂ ਦੇ ਮਿਲਣ ਦੀ ਇਕ ਸਾਂਝੀ ਥਾਂ ਸੀ। ਪ੍ਰਕਰਮਾ ਵਿਚ ਪੁਰਾਣਾਂ ਦੀ ਕਥਾ ਇਕ ਸਧਾਰਣ ਫੀਚਰ ਸੀ । ਹਰ ਸੰਪਰਦਾ, ਹਰ ਮਤ ਤੇ ਹਰ ਖ਼ਿਆਲ ਦਾ ਆਦਮੀ ਆਪਣੀ ਹੀ ਕਿਸਮ ਦੀ ਪੂਜਾ, ਪਾਠ, ਯੱਗ, ਹਵਨ ਕਰਦਾ ਸੀ। ਦਰਬਾਰ ਸਾਹਿਬ ਨਾਸਤਕਾਂ ਦੇ ਪਰਚਾਰ ਦਾ ਵੀ ਅੱਡਾ ਸੀ, ਗੁਲਾਬ ਦਾਸੀਏ, ਚਾਕੂ ਕਟੀਏ, ਤੇ ਹੋਰ ਮੁਨਕਰ ਸਾਧੂ ਆਪਣੇ ਖਿਆਲਾਂ ਦੀ ਹਵਾੜ ਆ ਕੱਢਦੇ।"[50]

ਪੰਡਤ ਸ਼ਰਧਾ ਰਾਮ ਕਥਾ ਦਾ ਆਰੰਭ ਇਸ ਭਜਨ ਨਾਲ ਕਰਦੇ:-

ਜੈ ਗੰਗਾ ਮਾਈ
ਜੋ ਜਨ ਤੇਰਾ ਦਰਸ਼ਣ ਪਾਵੈ, ਪਾਪ ਨ ਰਹਿਸੀ ਰਾਈ
ਜੈ ਗੰਗਾ ਮਾਈ ।

ਤਨ ਮਨ ਧਨ ਤੇ ਸਿਮਰਾਂ ਤੈਨੂੰ, ਤੂੰ ਜਗ ਵਿਚ ਸੁਖਦਾਈ,
ਜੋ ਜਨ ਤੇਰਾ ਧਿਆਨ ਕਰਤ ਹੈ, ਮਿਟੇ ਪਾਪ ਕੀ ਛਾਈ।
ਜੈ ਗੰਗਾ ਮਾਈ।

ਇਕ ਦਿਨ ਕੋਈ ਡੇਢ ਕੁ ਸੌ ਦੇ ਕਰੀਬ ਲੋਕੀਂ ਪੰਡਤ ਜੀ ਨਾਲ ਰਲ ਕੇ ਭਜਨ ਗਾ ਰਹੇ ਸਨ ਕਿ ਏਨੇ ਨੂੰ ਤਰਨ ਤਾਰਨ ਦੇ ਜੱਟਾਂ ਦਾ ਇਕ ਟੋਲਾ ਢੋਲਕੀਆਂ, ਛੈਣੇ ਖੜਕਾਉਂਦਾ ਆ ਗਿਆ ਤੇ ਕਥਾ ਅਸਥਾਨ ਦੇ ਕੋਲ ਦੀ ਸਿਰ ਮਾਰ ਮਾਰ ਕੇ ਬੋਲੀਆਂ ਦੀ ਧਾਰਨਾਂ ਤੇ ਇਹ ਗਾਉਂਦਾ ਹਰਮੰਦਿਰ ਸਾਹਿਬ ਨੂੰ ਜਾ ਰਿਹਾ ਸੀ :-

ਕੱਚੇ ਤਲਾ ਦੀਆਂ ਪੱਕੀਆਂ ਪੌੜੀਆਂ, ਗੜਵਾ ਭਰ ਲਿਆ ਪਾਣੀ ਦਾ।
ਝੂਠੇ ਫਕੀਰ ਨੇ ਕੁਝ ਨਾ ਵੇਖਿਆ, ਜੋਬਨ ਲੁਟ ਲਿਆ ਨੈਣੀ ਦਾ ।

ਕਥਾ ਸੁਣ ਰਹੇ ਲੋਕਾਂ ਵਿੱਚੋਂ ਕੁਝ ਕੁ ਜਥੇ ਦੇ ਨਾਲ ਰਲ ਗਏ। ਪੰਡਤ ਸ਼ਰਧਾ ਰਾਮ ਨੇ ਕਥਾ ਜਾਰੀ ਰਖਦਿਆਂ ਆਖਿਆ:-

" ਗੁਰੂ ਸਾਹਿਬ(ਗੁਰੂ ਨਾਨਕ ਦੇਵ ਜੀ) ਜਬ ਬਾਲ ਗੁਦਾਈ ਸੇ ਵਾਪਸ ਆਏ ਤੋ ਲਾਲੋ ਬੜ੍ਹਈ ਕੇ ਪਾਸ ਠਹਿਰੇ — ਉਸੀ ਜਗਹ ਉਨ ਕੀ ਸ਼ਾਦੀ, ਉਸ ਨੇਕ-ਬਖ਼ਤ ਔਰਤ ਸੇ ਹੁਈ ਜਿਨ ਕੋ ਮਾਤਾ ਮੰਝੋਤ ਕਹਿਤੇ ਹੈ।"

---

50. ਬਲਬੀਰ ਸਿੰਘ -, ' ਚਰਨ ਹਰਿ ਵਿਸਥਾਰ ', ਭਾਗ ਪਹਿਲਾ, ਅੰਮ੍ਰਿਤਸਰ, ਪੰਨਾ 63.

ਕਥਾ ਸੁਣਨ ਵਾਲਿਆਂ ਵਿੱਚੋਂ ਕੁਝ ਕੁ ਨੇ ਪੰਡਤ ਜੀ ਦੇ ਇਸ ਕਥਨ ਨੂੰ ਵੰਗਾਰਿਆ ਤਾਂ ਅੱਗੋਂ ਪੰਡਤ ਜੀ ਬੋਲੇ," ਮੇਰੇ ਪਾਸ ਏਕ ਪੁਰਾਣੀ ਕਿਤਾਬ ਹੈ ਜਿਸ ਮੈਂ ਯੇਹ ਬਾਤ ਲਿਖੀ ਹੈ — ਗ਼ਲਤ ਜਾਂ ਠੀਕ ਪਤਾ ਨਹੀਂ ਪਰ ਲਿਖਾ ਹੈ ਕਿ ਮਾਤਾ ਮੰਝੋਤ, ਹਯਾਤ ਖਾਂ ਮੰਝ ਕੀ ਛੋਟੀ ਲੜਕੀ ਥੀ।"[51]

ਏਨੇ ਵਿਚ ਰੌਲਾ ਪੈ ਗਿਆ। " ਕੁਝ ਕੁ ਪੜ੍ਹੇ ਲਿਖੇ ਸਿੱਖਾਂ ਨੇ ਪੰਡਤ ਸ਼ਰਧਾ ਰਾਮ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ, ਉਸ ਨੂੰ ਸ਼ਾਸਤ੍ਰਾਰਥ ਲਈ ਭੀ ਵੰਗਾਰਿਆ। ਪੰਡਤ ਨੇ ਜਦ ਸਿੱਖਾਂ ਦਾ ਵਤੀਰਾ ਬਦਲਿਆ ਦੇਖਿਆ ਤਾਂ ਉਹ ਆਪਣਾ ਬਸਤਾ ਲਪੇਟ ਕੇ ਨਸ ਗਿਆ।"[52]

ਜੱਟਾ ਦਾ ਜਥਾ ਉਸੇ ਤਰ੍ਹਾਂ ਬੋਲੀਆਂ ਪਾਉਂਦਾ, ਢੋਲਕੀਆਂ ਚਿਮਟੇ, ਖੜਕਾਉਂਦਾ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਦਾ ਚੱਕਰ ਲਾ ਕੇ ਬਾਹਰ ਆ ਗਿਆ ਤੇ ਬਾਬਾ ਅਟੱਲ ਵਲ ਨੂੰ ਤੁਰ ਪਿਆ। ਕਥਾ ਸੁਣਦੇ ਬਾਕੀ ਲੋਕ ਵੀ ਖਿੰਡ ਪੁੰਡ ਗਏ ਤੇ ਕੁਝ ਜਥੇ ਨਾਲ ਤੁਰ ਪਏ।

(2) ਇੰਡੀਆ ਆਫ਼ਿਸ ਨੇ ਇਕ ਜਰਮਨ ਭਾਸ਼ਾ-ਵਿਗਿਆਨੀ ਡਾ. ਅਰਨੈਸਟ੍ ਟ੍ਰੰਪ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਦਾ ਕੰਮ ਸੌਂਪਿਆ। ਇਸ ਅਨੁਵਾਦ ਦੇ ਛਪਣ ਨਾਲ ਸਿੱਖਾਂ ਵਿਚ ਬੇਹੱਦ ਨਿਰਾਸ਼ਤਾ ਪੈਦਾ ਹੋ ਗਈ ਕਿਉਂਜੋ ਇਕ ਤਾਂ ਅਨੁਵਾਦ ਬੜਾ ਗ਼ਲਤ, ਕੁਢੱਬਾ ਤੇ ਬੇ-ਤਰਤੀਬਾ ਸੀ। ਦੂਜੇ ਉਸ ਨੇ ਸਿੱਖ ਗੁਰੂਆਂ ਤੇ ਗੁਰਬਾਣੀ ਉੱਤੇ ਜਿਹੜੀਆਂ ਟਿਪਣੀਆਂ ਕੀਤੀਆਂ, ਉਹ ਵੀ ਸ਼ਰਾਰਤ ਭਰੀਆਂ ਸਨ।[53] ਈਸਾਈ ਮਿਸ਼ਨਰੀਆਂ ਤੇ ਅੰਗਰੇਜ਼ੀ ਸਰਕਾਰ ਦੇ ਹਿਤ ਵੀ ਇਹੀ ਸਨ[54] ਕਿ

---

51. ਇਹ ਸਾਰੀ ਘਟਨਾ ਡਾਕਟਰ ਬਲਬੀਰ ਸਿੰਘ ਜੀ ਨੇ 'ਚਰਨ ਹਰਿ ਵਿਸਥਾਰ' ਭਾਗ ਪਹਿਲਾ ਵਿਚ ਪੰਨਾ 63-64 ਤੇ ਹਵਾਲਾ ਦਿੱਤਾ ਹੈ ਕਿ ਡਾਕਟਰ ਚਰਨ ਸਿੰਘ ਜੀ ਦੇ ਪੁਰਾਣੇ ਕਾਗ਼ਜ਼ਾਂ ਵਿੱਚੋਂ ਉਨ੍ਹਾਂ ਨੂੰ ਇਹ ਬ੍ਰਿਤਾਂਤ ਮਿਲਿਆ।

52. ਗੁਰਦੁਆਰਾ ਗਜ਼ਟ — ਅਗਸਤ 1953, ਪੰਨਾ 9.

53. Trump-' The Adi-Granth',Jan.1877,

ੳ) "Nanak remained a thorough Hindu according to all his views." p.l.

ਅ) The 10th Guru Govind Singh relapsed in many points again into Hinduism, he being a special votary of Durga. p.xcvii.

ੲ) ੧ਓ ਦੀ ਥਾਂ ਓਮ ਲਿੱਖਿਆ ।

ਸ) "Nanak himself was not a speculative philosopher. He uttered his thought in a loose way. Himself was by no means an independant thinker, followed in all essential points,common to Hindu philosophy. His writings which were exposed in a vulgar tongue were accessible to the unlearned masses,.p.XCVII.

ਹ) Though I can hardly expect that the Granth will attract many readers, the less so, as Sikhism is a waning religion, that will soon belong to history. Preface p.VIV.

ਸਿੱਖ ਜਿਸ ਗ੍ਰੰਥ ਨੂੰ ਗੁਰੂ ਕਰ ਕੇ ਮੰਨਦੇ ਹਨ, ਉਸ ਸੰਬੰਧੀ ਇਹੋ ਜਿਹੇ ਵਿਚਾਰ ਦੇ ਕੇ, ਉਨ੍ਹਾਂ ਦੀ ਸ਼ਰਧਾ ਨੂੰ ਘਟਾਇਆ ਜਾਏ ਅਤੇ ਉਨ੍ਹਾਂ ਦੇ ਦਿਲਾਂ ਵਿਚ ਆਪਣੇ ਗੁਰੂਆਂ ਪ੍ਰਤੀ ਪੂਰਨ ਸਤਿਕਾਰ ਨਾ ਰਹੇ। ਅੰਗਰੇਜ਼ੀ ਸਰਕਾਰ ਨੇ ਹੀ ਇਸ ਦੀ ਛਪਾਈ ਆਦਿ ਦਾ ਸਾਰਾ ਖ਼ਰਚ ਦਿਤਾ ਜਿਸ ਤੋਂ ਸਿੱਖਾਂ ਵਲ ਉਨ੍ਹਾਂ ਦੀ ਨੀਤੀ ਦਾ ਗਿਆਨ ਵੀ ਹੋ ਜਾਂਦਾ ਹੈ। ਲਾਰਡ ਡਲਹੌਜ਼ੀ ਸਮੇਤ, ਇਕ ਦਰਜਨ ਦੇ ਕਰੀਬ ਪੱਛਮੀ ਵਿਦਵਾਨਾਂ ਨੇ ਬਾਰ ਬਾਰ ਇਹੀ ਦੁਹਰਾਇਆ ਕਿ ਸਿੱਖੀ ਹੁਣ ਆਖ਼ਰੀ ਦਮਾਂ ਤੇ ਹੈ।

(3) ਗੌਰਮਿੰਟ ਕਾਲਜ ਲਾਹੌਰ ਦੇ ਪ੍ਰੋਫ਼ੈਸਰ ਜੇ.ਸੀ.ਉਮਾਨ, ਦਰਬਾਰ ਸਾਹਿਬ ਅੰਮ੍ਰਿਤਸਰ ਕਈ ਵਾਰੀ ਗਏ। ਜੋ ਕੁਝ ਉਨ੍ਹਾਂ ਆਪਣੀ ਅੱਖੀਂ ਹਰਮੰਦਿਰ ਸਾਹਿਬ ਦੀ ਹਾਲਤ ਦੇਖੀ ਉਸ ਦਾ ਸੰਖੇਪ ਵੇਰਵਾ[55] ਏਥੇ ਦੇਣਾ ਉਚਿਤ ਪ੍ਰਤੀਤ ਹੁੰਦਾ ਹੈ ਜਿਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਿੱਖਾਂ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਦੀ ਉਸ ਵੇਲੇ ਕੀ ਹਾਲਤ ਸੀ:-

(ੳ) ਦਰਬਾਰ ਸਾਹਿਬ ਵਿਚ ਬ੍ਰਾਹਮਣ, ਹਿੰਦੂ ਸ਼ਾਸਤ੍ਰਾਂ ਵਿਚੋਂ ਕਥਾ ਕਰਕੇ ਸੁਣਾ ਰਹੇ ਸਨ(ਪੰਨਾ 95)।

(ਅ) ਦਰਬਾਰ ਸਾਹਿਬ ਦੀ ਪ੍ਰਕਰਮਾਂ ਦੇ ਆਲੇ ਦੁਆਲੇ ਭੈੜੇ ਆਚਰਨ ਵਾਲੇ ਮਰਦ ਇਸਤਰੀਆਂ ਰਹਿੰਦੇ ਸਨ, ਜਿਹੜੇ ਧਰਮ ਦੀ ਓਟ ਲੈ ਕੇ ਦੁਰਾਚਾਰੀ ਦੇ ਸੌਦੇ ਕਰਦੇ ਸਨ ਤੇ ਗੁਰਦੁਆਰੇ ਦੇ ਪੁਜਾਰੀਆਂ ਵਲੋਂ ਉਨ੍ਹਾਂ ਨੂੰ ਹਰ ਪ੍ਰਕਾਰ ਦਾ ਸਮਰਥਨ ਪ੍ਰਾਪਤ ਸੀ। (ਪੰਨਾ 96)

(ੲ) ਪ੍ਰਕਰਮਾਂ ਦੀ ਉੱਤਰੀ ਬਾਹੀ ਵਲ ਦੀ ਲੰਘਦਿਆਂ ਅਸੀਂ ਵੇਖਿਆ ਕਿ ਇਕ ਬ੍ਰਾਹਮਣ ਗਣੇਸ਼ ਤੇ ਕ੍ਰਿਸ਼ਨ ਦੀਆਂ ਛੋਟੀਆਂ ਮੂਰਤੀਆਂ ਦੀ ਪੂਜਾ ਕਰ ਰਿਹਾ ਸੀ ਤੇ ਇਕ ਹੋਰ ਬ੍ਰਾਹਮਣ ਸੂਰਜ ਵਲ ਨੂੰ ਮੂੰਹ ਕਰ ਕੇ ਪੂਜਾ ਵਿਚ ਰੁਝਾ ਸੀ(ਪੰਨਾ 97)।

---

54. 27 ਸਤੰਬਰ 1912 ਈ. ਨੂੰ ਮਿਸਟਰ ਮੈਕਾਲਫ਼ ਨੇ ਲੰਡਨ ਤੋਂ ਭਗਤ ਲਛਮਣ ਸਿੰਘ ਨੂੰ ਇੱਕ ਚਿੱਠੀ ਲਿਖੀ ਜਿਸ ਵਿਚ ਹੋਰ ਗੱਲਾਂ ਤੋਂ ਬਿਨਾਂ ਹੇਠ ਦਿੱਤਾ ਇਕੋ ਵਾਕ ਇਸ ਨੀਤੀ ਦੀ ਪੁਸ਼ਟੀ ਕਰਦਾ ਹੈ:-
"The India Office published Dr Trump's work at great expense and his insult to the Sikhs and their religion suited the Christian Missionary Policy of the Government. It is clear, it was with that object that Sir Macworth Young sought to perpatuate the insults and wrote a secret letter to the Government of India, against my work." Bhagat Lachman Singh "Autobiography" p.124.

55. Uman.J.Campbell-"Indian Life", Religion and Social", London, 1889. ਇਹੀ ਪੁਸਤਕ ਦੋਬਾਰਾ 1908 ਈ. ਵਿਚ " ਕੱਲਟਸ, ਕਸਟਮਜ਼ ਐਂਡ ਸੁਪਰਸਟੀਸ਼ਨਜ਼, ਆਫ਼ ਇੰਡੀਆ" ਨਾਂ ਹੇਠ ਛਪੀ।

(ਸ) ਪ੍ਰਕਰਮਾਂ ਦੀ ਉੱਤਰ-ਪੂਰਬੀ ਨੁਕਰ ਤੇ ਸਰੋਵਰ ਦੇ ਕੰਢੇ ਸ਼ਿਵਾਂ ਦਾ ਇਕ ਮੰਦਰ ਸੀ, ਜਿੱਥੇ ਸ਼ਿਵ-ਲਿੰਗ ਦੀ ਪੂਜਾ ਹੋ ਰਹੀ ਸੀ। ਇਹ ਸ਼ਿਵ-ਲਿੰਗ 4 ਇੰਚ ਉੱਚਾ ਤੇ ਸੰਗਮਰਮਰ ਦੇ ਥੜ੍ਹੇ ਤੇ ਟਿਕਾਇਆ ਹੋਇਆ ਸੀ। (ਪੰਨਾ 97)।

(ਹ) ਦੁਖ-ਭੰਜਣੀ ਬੇਰੀ ਦੇ ਨੇੜੇ ਇਕ ਈਸਾਈ ਪ੍ਰਚਾਰਕ ਬਾਈਬਲ ਵਿਚੋਂ ਉਦਾਹਰਣਾਂ ਦੇ ਕੇ 'ਜੀਵਨ ਦਾ ਉਦੇਸ਼' ਲੰਘ ਰਹੇ ਯਾਤਰੂਆਂ ਨੂੰ ਸਮਝਾ ਰਿਹਾ ਸੀ (ਪੰਨਾ 98)।

(ਕ) ਪ੍ਰਕਰਮਾ ਵਿਚ ਜ਼ਰਾ ਅੱਗੇ ਲੰਘੇ ਤਾਂ ਇਕ ਛੋਟੇ ਜਿਹੇ ਮੰਦਰ ਵਿਚ ਦੇਵੀ ਦੀ ਮੂਰਤੀ ਰੱਖੀ ਹੋਈ ਸੀ ਤੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ(ਪੰਨਾ 98)।

(ਖ) ਅੱਗੇ ਗਏ ਤਾਂ ਇਕ ਬ੍ਰਾਹਮਣ 'ਸਾਲਗ ਰਾਮ' ਸਾਹਮਣੇ ਪੂਜਾ ਕਰ ਰਿਹਾ ਸੀ ਤੇ ਉਸ ਦੇ ਹੱਥ ਵਿਚ ਬਦਰੀ-ਨਰਾਇਣ ਦੇ ਮੰਦਰ ਦੀ ਫੋਟੋ ਚੁੱਕੀ ਹੋਈ ਸੀ। ਇਕ ਹੋਰ ਬ੍ਰਾਹਮਣ ਸਾਲਗ ਰਾਮ ਨੂੰ ਤੁਲਸੀ ਨਾਲ ਸ਼ਿੰਗਾਰ ਰਿਹਾ ਸੀ।

(ਗ) ਪਰਕਰਮਾਂ ਦੇ ਸਿਰੇ ਤੇ ਛਬੀਲ ਦੇ ਨੇੜੇ ਪੰਡਤ ਹੀ ਪੰਡਤ ਦਿਖਾਈ ਦੇ ਰਹੇ ਸਨ(ਪੰਨਾ 99)।

ਫੇਰ ਉਹ ਆਖਦਾ ਹੈ ਕਿ " ਜਿੰਨੀ ਵਾਰੀ ਵੀ ਮੈਂ ਏਥੇ ਆਇਆ ਹਾਂ, ਬਾਰ ਬਾਰ ਮੇਰੇ ਮਨ ਵਿਚ ਇੱਕੋ ਖ਼ਿਆਲ ਆਉਂਦਾ ਰਿਹਾ ਹੈ ਕਿ ਜੇ ਬ੍ਰਾਹਮਣ-ਵਾਦ ਤੇ ਹਿੰਦੂ ਦੇਵੀ ਦੇਵਤੇ, ਇਸ ਪਵਿਤਰ ਅਸਥਾਨ ਦੇ ਚੌਗਿਰਦੇ ਵਿੱਚੋਂ ਹਟਾ ਦਿਤੇ ਜਾਣ ਤਾਂ ਇਹ ਥਾਂ ਕਿੰਨੀ ਸੋਹਣੀ ਲਗੇ। ਮੰਦਰ ਦੇ ਸੁਨਹਿਰੀ ਕਲਸ, ਪਵਿਤਰ ਅੰਮ੍ਰਿਤ, ਸੁਹਾਉਣਾ ਆਲਾ ਦੁਆਲਾ, ਕਿੰਨੀ ਧੂਹ ਪਾਉਣ ਵਾਲਾ ਹੈ– ਇਹੋ ਜਿਹੀ ਥਾਂ ਹੋਰ ਕਿਧਰੇ ਨਹੀਂ। "(ਪੰਨਾ 99) ਇਸ ਦਾ ਭਾਵ ਬਣਦਾ ਹੈ, "ਡਿਠੇ ਸਭੇ ਥਾਂਵ ਨਹੀਂ ਤੁਧ ਜੇਹਾ"।

ਉਸੇ ਪੁਸਤਕ ਦੇ ਪੰਨਾ 101 ਉਤੇ ਪ੍ਰੋ. ਉਮਾਨ ਲਿਖਦਾ ਹੈ ਕਿ ਬਾਰ ਬਾਰ ਅਖ਼ਬਾਰਾਂ ਭਾਸ਼ਣਾਂ ਤੇ ਗੋਸ਼ਟੀਆਂ ਵਿਚ ਇੱਕੋ ਸਵਾਲ ਕੀਤਾ ਜਾਂਦਾ ਹੈ ਕਿ ਕੀ ਸਿੱਖ ਹਿੰਦੂ ਹਨ ਤੇ ਉੱਤਰ ਸਦਾ ਹੀ ਨਾਂਹ ਵਿਚ ਮਿਲਦਾ ਹੈ, ਪਰ ਪੁਰਾਣੀ ਪੀੜ੍ਹੀ ਦੇ ਸਿੱਖ ਦੁਬਿਧਾ ਵਿਚ ਹਨ। ਸਿੱਖਾਂ ਵਿਚ ਇਸ ਮਸਲੇ ਸੰਬੰਧੀ ਦੁਬਿਧਾ, ਸੰਪਰਦਾਇਕਤਾ ਦੀ ਹੱਦ ਤਕ ਪੁਜੀ ਹੋਈ ਹੈ।"

" ਜੇ ਬ੍ਰਾਹਮਣਾਂ ਦਾ ਵਸ ਚਲੇ, ਤਾਂ ਮੈਂ ਦਾਅਵੇ ਨਾਲ ਆਖ ਸਕਦਾ ਹਾਂ ਕਿ ਉਹ ਬੜੀ ਖ਼ੁਸ਼ੀ ਨਾਲ ਬਾਬਾ ਨਾਨਕ ਤੇ ਗੁਰੂ ਗੋਬਿੰਦ ਸਿੰਘ ਅਤੇ ਬਾਕੀ ਅੱਠ ਗੁਰੂਆਂ ਨੂੰ ਕਿਸੇ ਨਾ ਕਿਸੇ ਹਿੰਦੂ ਦੇਵਤੇ ਦਾ ਸਰੂਪ ਸਿੱਧ ਕਰ ਦੇਣਗੇ ਅਤੇ ਏਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਲਈ ਵੀ ਸ਼ਾਸਤ੍ਰਾਂ ਵਿੱਚੋਂ ਕੋਈ ਨਾ ਕੋਈ ਹਵਾਲਾ ਇਸ ਸੰਬੰਧੀ ਲੱਭ ਲੈਣਗੇ। ਅਤੇ ਅੱਜ ਹਾਲਤ ਇਹ ਹੈ ਕਿ ਬਹੁਤ ਸਾਰੇ

ਸਿੱਖਾਂ ਨੂੰ ਆਪਣੇ ਗੁਰੂਆਂ ਤੇ ਆਪਣੇ ਗ੍ਰੰਥ ਦੀ ਇਹ ਸਥਿਤੀ ਤੇ ਪਦਵੀ ਪਰਵਾਨ ਹੋਵੇਗੀ।"[56]

ਪ੍ਰੋ. ਉਮਾਨ ਲਿਖਦਾ ਹੈ, " ਮੈਂ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਗਿਆ ਤਾਂ ਉਥੇ ਇਕ ਬ੍ਰਾਹਮਣ ਅਸ਼ਟ-ਭੁਜੀ ਦੇਵੀ ਦੀ ਪੂਜਾ ਕਰ ਰਿਹਾ ਸੀ ਤੇ ਉਥੇ ਹਵਨ ਹੁੰਦਾ ਸੀ । ਬ੍ਰਾਹਮਣ ਪੁਜਾਰੀ ਨੇ ਦੱਸਿਆ ਕਿ ਇਸ ਦੇਵੀ ਨੇ ਗੁਰੂ ਗੋਬਿੰਦ ਸਿੰਘ ਦੇ ਹੱਥ ਆਪਣੀ ਤਲਵਾਰ ਦਿੱਤੀ, ਜਿਸ ਦੀ ਸ਼ਕਤੀ ਕਰ ਕੇ ਉਹ ਬਲੀ ਬਣੇ। ਇਸ ਲਈ ਇਸ ਸਮਾਧ ਵਿਚ ਦੁਰਗਾ ਦੇਵੀ ਦੀ ਪੂਜਾ ਹੁੰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਸਮਾਧ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ, ਪਰ ਕੰਧਾਂ ਉਤੇ ਹਿੰਦੂ ਮਿਥਿਹਾਸ ਦੀਆਂ ਮੂਰਤਾਂ ਹੋਣ।" ਪੰਨਾ 107)।

ਸਿੱਖ ਧਰਮ ਅਸਥਾਨਾਂ ਤੇ ਸਿੱਖੀ ਦੀ ਇਹੋ ਜਿਹੀ ਹਾਲਤ ਦੇਖ ਕੇ ਪ੍ਰੋ. ਉਮਾਨ ਨੇ ਕਿਹਾ ਕਿ ਸਿੱਖ ਧਰਮ ਵਿਚ ਕੋਈ ਜਾਨ ਬਾਕੀ ਨਹੀਂ ਅਤੇ ਬਾਕੀ ਸਮਕਾਲੀ ਅੰਗਰੇਜ਼ਾਂ ਵਾਂਗ ਉਸ ਨੇ ਵੀ ਆਖਿਆ ਕਿ ਇਕ ਦੋ ਪੁਸ਼ਤਾਂ ਵਿਚ ਹੀ ਸਿੱਖ ਧਰਮ ਮੁੜ ਹਿੰਦੂ ਮਤ ਵਿਚ ਅਭੇਦ ਹੋ ਜਾਏਗਾ।[57]

(4) ਸੰਨ 1873 ਈ. ਦੇ ਸ਼ੁਰੂ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ, — ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਤੇ ਸੰਤੋਖ ਸਿੰਘ ਨੇ ਈਸਾਈ ਬਣਨ ਦੀ ਇੱਛਾ ਪ੍ਰਗਟ ਕੀਤੀ। ਪਤਾ ਲਗਣ ਤੇ ਕੁਝ ਕੁ ਉੱਘੇ ਸਿੱਖ ਆਗੂਆਂ ਨੇ ਉਨ੍ਹਾਂ ਵਿਦਿਆਰਥੀਆਂ ਨੂੰ ਈਸਾਈ ਬਨਣ ਤੋਂ ਰੋਕ ਲਿਆ, ਪਰ ਇਸ ਨਾਲ ਸਾਰੀ ਸਿੱਖ ਕੌਮ ਵਿਚ ਹਲਚਲ ਮੱਚ ਗਈ ਅਤੇ ਤੁਰਤ ਕੋਈ ਉੱਦਮ ਕਰਨ ਦੀ ਭਾਵਨਾ ਦੇ ਫਲ-ਸਰੂਪ "ਸਿੰਘ ਸਭਾ ਲਹਿਰ " ਹੋਂਦ ਵਿਚ ਆਈ।

" ਸਿੱਖ ਉਸ ਵੇਲੇ ਮਿਲਗੋਭੇਪਨ ਦੀ ਨਿਸਲਤਾ ਦੀ ਆਰਾਮ-ਜਨਕ ਤੰਦ੍ਰਾ ਵਿਚ ਊਂਘ ਰਹੇ ਸਨ । ਮੁੰਡਿਆਂ ਦੇ ਇਸਾਈ ਹੋ ਪੈਣ ਦੇ ਤਿਆਰੀ ਦੀ ਖ਼ਬਰ ਨੇ ਇਕ ਹਲੂਣਾ ਦੇ ਦਿੱਤਾ। ਊਂਘ ਖੁਲ੍ਹ ਪਈ ਤੇ ਉਹ ਅੱਖਾਂ ਮਲਣ ਲੱਗਾ। ਸ਼ਰਧਾ ਰਾਮ ਫਲੌਰੀ ਦਾ ਆਉਣਾ ਹੋਰ ਗਠੀਆ ਪੈਦਾ ਕਰ ਗਿਆ। ਕੌਮੀ ਰੋਗ ਦੇ ਚਿੰਨ੍ਹ ਬਦਲ ਗਏ। ਉਹ ਮਰੀਜ਼ ਜਿਸ ਦੇ ਹੱਡ ਗੋਡੇ ਜੁੜ ਗਏ ਹੋਏ ਸਨ, ਜੋ ਵਾਯੂ

---

56. ਉਹੀ, ਪੰਨਾ 102

57. Ibid, page 103. " Sikhism as a distinct religion possesses little vitality and that it will in all probability be re-united in a generation or two to the Hinduism, from which it sprang and with which it was so much in common."

ਦੇ ਰੋਗ ਨਾਲ ਮੰਜੇ ਉੱਪਰ ਸਿੱਥਲ ਪਿਆ ਸੀ, ਉਸ ਮਰੀਜ਼ ਨੂੰ ਬਲਗ਼ਮ ਦਾ ਦੌਰਾ ਹੋ ਗਿਆ - ਉਹ ਖੰਘਣ ਲਗ ਪਿਆ ਤੇ ਕੱਫ਼ ਦੇ ਜ਼ੋਰ ਉਠ ਕੇ ਬੈਠ ਗਿਆ।"[58]

ਉਪ੍ਰੋਕਤ ਘਟਨਾਵਾਂ ਤੇ ਪ੍ਰਸਿਥਿਤੀਆਂ ਨੂੰ ਦੇਖਦਿਆਂ ਹੋਇਆਂ, ਸ੍ਰ. ਠਾਕਰ ਸਿੰਘ ਸੰਧਾਂਵਾਲੀਆ ਨੇ 28 ਜੁਲਾਈ 1873 ਈ. ਨੂੰ ਮਜੀਠਿਆਂ ਦੇ ਬੁੰਗੇ ਅੰਮ੍ਰਿਤਸਰ ਵਿਚ ਸਿੱਖ ਕੌਮ ਦੀਆਂ ਸਾਰੀਆਂ ਸੰਪਰਦਾਵਾਂ, ਗੁਰਦੁਆਰਿਆਂ ਦੇ ਪੁਜਾਰੀਆਂ, ਗਿਆਨੀਆਂ, ਗ੍ਰੰਥੀਆਂ, ਉਦਾਸੀਆਂ, ਨਿਰਮਲੇ ਸੰਤਾਂ ਤੇ ਹੋਰ ਸ੍ਰੇਣੀਆਂ ਦੇ ਪ੍ਰਤਿਨਿਧਾਂ ਦਾ ਇਕ ਇਕੱਠ ਬੁਲਾਇਆ ਅਤੇ "ਸਿੰਘ ਸਭਾ" ਦੀ ਸਥਾਪਨਾ ਦਾ ਫੈਸਲਾ ਕੀਤਾ ਗਿਆ। ਇਕੱਤ੍ਰਤਾ ਵਿਚ ਭਾਗ ਲੈਣ ਵਾਲੇ ਉੱਘੇ ਨੇਤਾਵਾਂ ਵਿਚ," ਬੇਦੀ ਖੇਮ ਸਿੰਘ, ਕੰਵਰ ਬਿਕਰਮ ਸਿੰਘ ਫਰੀਦਕੋਟ, ਭਾਈ ਹਰਸਾ ਸਿੰਘ ਧੂਪੀਆ, ਗਿਆਨੀ ਗਿਆਨ ਸਿੰਘ, ਭਾਈ ਬੂੜ ਸਿੰਘ, ਭਾਈ ਆਗਿਆ ਸਿੰਘ ਤੇ ਗਿਆਨੀ ਹਜ਼ਾਰਾ ਸਿੰਘ ਸਨ।"[59] ਸਿੰਘ ਸਭਾ ਦੇ ਹੇਠ ਲਿਖੇ ਮਨੋਰਥ ਮਿਥੇ ਗਏ:-[60]

1) ਸਿੱਖ ਧਰਮ ਨੂੰ ਆਪਣੇ ਅਸਲੀ ਰੂਪ ਵਿਚ ਮੁੜ ਪ੍ਰਗਟ ਕਰਨਾ ।
2) ਧਾਰਮਿਕ ਅਤੇ ਇਤਿਹਾਸਕ ਪੁਸਤਕਾਂ, ਸੰਪਾਦਨ ਕਰਕੇ ਪ੍ਰਕਾਸ਼ਿਤ ਕਰਨੀਆਂ।
3) ਪੰਜਾਬੀ ਬੋਲੀ ਦੇ ਮਾਧਿਅਮ ਰਾਹੀਂ ਵਰਤਮਾਨ ਵਿਦਿਆ ਦਾ ਪ੍ਰਚਾਰ ਕਰਨਾ ਅਤੇ ਅਖ਼ਬਾਰਾਂ ਅਤੇ ਰਸਾਲੇ ਜਾਰੀ ਕਰਨੇ।
4) ਕੁਰਾਹੇ ਜਾਂਦਿਆਂ ਨੂੰ ਮੁੜ ਸਿੱਖ ਧਰਮ ਵਿਚ ਸ਼ਾਮਲ ਕਰਨਾ।
5) ਸਿੱਖਾਂ ਦੇ ਵਿੱਦਿਅਕ ਪ੍ਰੋਗਰਾਮਾਂ ਵਿਚ ਉਚੀਆਂ ਪਦਵੀਆਂ ਖ਼ੁਰ ਅਸਥਾਪਤ ਅੰਗਰੇਜ਼ਾਂ ਦੀ ਦਿਲਚਸਪੀ ਅਤੇ ਸਹਿਕਾਰਤਾ ਪ੍ਰਾਪਤ ਕਰਨੀ।

ਸਿੰਘ ਸਭਾ[61] ਦਾ ਮੂਲ ਮਨੋਰਥ ਤਾਂ ਸਿੱਖੀ ਨੂੰ ਮੁੜ ਚੜ੍ਹਦੀ ਕਲਾ ਵਿਚ ਲਿਜਾਣਾ ਸੀ, ਪਰ ਇਸ ਦੇ ਹੇਠ ਲਿਖੇ ਦੋ ਮਨੋਰਥ ਹਰ ਪੱਖੋਂ ਇਤਿਹਾਸਕ ਆਖੇ ਜਾ ਸਕਦੇ ਹਨ:-

1) ਧਾਰਮਿਕ ਤੇ ਇਤਿਹਾਸਕ ਪੁਸਤਕਾਂ ਦਾ ਸੰਪਾਦਨ ਤੇ ਪ੍ਰਕਾਸ਼ਨ,
2) ਵਰਤਮਾਨ ਯੁਗ ਦੀ ਉਚੇਰੀ ਸਿੱਖਿਆ ਨੂੰ ਪੰਜਾਬੀ ਦੇ ਮਾਧਿਅਮ ਰਾਹੀਂ ਪੜ੍ਹਾਉਣਾ ਤੇ ਪੰਜਾਬੀ ਵਿਚ ਅਖ਼ਬਾਰਾਂ ਤੇ ਰਸਾਲੇ ਜਾਰੀ ਕਰਨੇ।

---

58. 'ਬਲਬੀਰ ਸਿੰਘ' - ਡਾ. ," ਚਰਨ ਹਰਿ ਵਿਸਥਾਰ " , ਜਿਲਦ ਪਹਿਲੀ ਭਾਗ-2, ਪੰਨਾ 64.
59. "ਗੁਰਮਤਿ ਪ੍ਰਕਾਸ਼ਕ" ਰਾਵਲਪਿੰਡੀ - ਸਤੰਬਰ 1885 ਈ.
60. ਕੋਹਲੀ-ਸੁਰਿੰਦਰ ਸਿੰਘ(ਡਾ.)," ਭਾਈ ਵੀਰ ਸਿੰਘ:ਜੀਵਨ ਸਮਾਂ ਤੇ ਰਚਨਾ" (ਸੰਪਾਦਤ) ਵਿਚ ਅੰਕਿਤ ਭਾਈ ਜੋਧ ਸਿੰਘ ਦਾ ਲੇਖ —'ਭਾਈ ਵੀਰ ਸਿੰਘ ਅਤੇ ਸਿੰਘ ਸਭਾ' — ਚੰਡੀਗੜ੍ਹ 1973, ਪੰਨਾ 47.

ਪੰਜਾਬੀ ਭਾਸ਼ਾ ਦੀ ਸਰਬ-ਪੱਖੀ ਉਨਤੀ ਨੂੰ ਸੁਚੇਤ ਰੂਪ ਵਿਚ ਆਪਣੇ ਮਨੋਰਥ-ਪੱਤਰ ਵਿਚ ਸ਼ਾਮਲ ਕਰਨਾ ਬੇਹੱਦ ਮਹੱਤਵਪੂਰਨ ਹੈ ਕਿਉਂਕਿ ਪੰਜਾਬੀ ਸਾਹਿਤ ਦੇ ਪਿਤਾਮਾ ਸ਼ੇਖ਼ ਫ਼ਰੀਦ ਦੇ ਜਨਮ (1173 ਈ.) ਤੋਂ ਸਿੰਘ ਸਭਾ ਦੀ ਸਥਾਪਨਾ (1873 ਈ.) ਦੇ ਸੱਤ ਸੌ ਸਾਲ ਦੇ ਪੰਜਾਬੀ ਸਾਹਿੱਤ ਦੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਕਦੇ ਵੀ ਕਿਸੇ ਵਿਅਕਤੀ, ਸਰਕਾਰ, ਸੰਸਥਾ ਜਾਂ ਰਾਜ ਨੂੰ ਪੰਜਾਬੀ ਦੀ ਇਸ ਪ੍ਰਕਾਰ ਉੱਨਤੀ ਲਈ ਉਚੇਚੇ ਯਤਨ ਕਰਨ ਦਾ ਚਿਤ ਚੇਤਾ ਹੀ ਨਹੀਂ ਆਇਆ। ਅੰਗਰੇਜ਼ਾਂ ਦੇ ਆਉਣ ਨਾਲ ਪੱਛਮ ਦੇ ਗਿਆਨ ਤੇ ਵਿਗਿਆਨ ਅਧੀਨ ਉਚੇਰੀ ਪੜ੍ਹਾਈ ਲਈ

---

61. ਗੁਰਦੁਆਰਾ ਗਜ਼ਟ — ਅੰਮ੍ਰਿਤਸਰ ਅਗਸਤ 1953 ਈ., ਪੰਨਾ 11 ਉੱਤੇ ਜਨਰਲ ਸਿੰਘ ਸਭਾ ਦੇ ਹੇਠ ਲਿਖੇ ਨਿਯਮ ਦਰਜ ਹਨ, ਜਿਨ੍ਹਾਂ ਤੋਂ ਉਸ ਵੇਲੇ ਦੇ ਆਗੂਆਂ ਦੀ ਨੀਤੀ ਤੇ ਉਦੇਸ਼ਾਂ ਦਾ ਸਪੱਸ਼ਟ ਰੂਪ ਉਘੜਦਾ ਹੈ:-

1. ਤਮਾਮ ਸਿੱਖ ਭਾਈ ਅਤੇ ਖਾਲਸਾ ਜੀ ਨੂੰ ਸਿੱਖੀ·ਧਰਮ ਦੇ ਨਾਲ ਪਿਆਰ ਰੱਖਣਾ।
2. ਇਸ ਸ੍ਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਅਤੇ ਥਾਂ ਪੁਰ ਥਾਂ ਇਸ ਸ੍ਰੇਸ਼ਟ ਧਰਮ ਦੀ ਚਰਚਾ ਕਰਨੀ।
3. ਜਿਨ੍ਹਾਂ ਪੋਥੀਆਂ, ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਨ੍ਹਾਂ ਨੂੰ ਛਪਵਾ ਕੇ ਪ੍ਰਗਟ ਕਰਨਾ।
4. ਸੰਪਰਦਾਇਕ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਤਾਰੀਖ਼ੀ, ਮਜ਼ਹਬੀ ਪੋਥੀਆਂ ਨੂੰ ਜਿਹਾ ਕਿ ਜਨਮ ਸਾਖੀ ਅਤੇ ਗੁਰ-ਪ੍ਰਣਾਲੀ ਆਦਿਕ) ਜਿਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਕੁਝ ਸੰਸ਼ਾ ਹੈ, ਉਨ੍ਹਾਂ ਦੇ ਅਸਲੇ ਕਢਾ ਕੇ, ਅੱਗਾ ਪਿੱਛਾ ਦੇਖ ਕੇ ਸ਼ੁਧ ਕਰਨਾ।
5. ਪੰਜਾਬੀ ਜ਼ੁਬਾਨ ਦੁਆਰਾ ਇਲਮ ਮੁਰੱਵਜੇ ਦੀ ਉਨਤੀ ਕਰਨੀ ਅਤੇ ਇਸ ਅਭਿਪ੍ਰਾਇ ਨਾਲ ਰਸਾਲੇ ਤੇ ਅਖ਼ਬਾਰਾਂ ਕਿਢਲਣੀਆਂ।
6. ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ, ਅਥਵਾ ਜਿੰਨ੍ਹਾਂ ਇਸ ਦੇ ਵਿਰੁਧ ਕੁਝ ਕਿਹਾ ਅਥਵਾ ਸੁਣਿਆ ਹੈ, ਅਥਵਾ ਜੋ ਸਿੱਖ ਲੋਕ ਤਖ਼ਤਾਂ ਤੋਂ ਖ਼ਾਰਜ ਹਨ, ਅਥਵਾ ਜਿਹੜੇ ਆਪਣਾ ਧਰਮ ਛੱਡ ਕੇ ਦੂਸਰੇ ਧਰਮ ਜਾਂ ਸਭਾ ਸਮਾਜ ਵਿਚ ਜਾ ਰਲੇ ਹੋਣ, ਅਥਵਾ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ, ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫਸਦ ਗਿਣੇ ਗਏ ਹੋਣ, ਅਥਵਾ ਜੋ ਸਲਾਹ ਮਿਲਤ ਤੇ ਤਲਾਈਂ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਨ੍ਹਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖ਼ਾਹ ਲੁਆਵੇ ਅਤੇ ਅਗਰ ਸਭ ਦੀ ਰਾਇ ਹੋ ਜਾਏ ਤਾਂ ਮਿਲ ਸਕਦੇ ਹਨ।
7. ਵੱਡੇ ਮਰਤਬੇ ਵਾਲੇ ਅੰਗਰੇਜ਼ ਬਹਾਦਰ, ਵਿੱਦਿਆ, ਸਾਖ਼ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮਾਂ ਤੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਪੱਕੀ ਤਰ੍ਹਾਂ ਮਲੂਮ ਹੋ ਜਾਏ ਜੁ ਉਹ ਸਿੱਖੀ ਧਰਮ ਤੇ ਪੰਜਾਬੀ ਜ਼ੁਬਾਨ ਦੇ ਖ਼ੈਰ-ਖ਼ਾਹ ਹਨ।
8. ਕਿਸੀ ਦੂਸਰੇ ਮਤ ਦੇ ਵਿਰੁਧ ਕਹਿਣਾ ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ।

ਫੁ.ਨੋ. ...... ਚਲਦਾ

ਪੰਜਾਬੀ ਨੂੰ ਮਾਧਿਅਮ ਬਣਾਏ ਜਾਣ ਦਾ ਉਦੇਸ਼ ਅਜਿਹਾ ਹੈ ਜਿਹੜਾ ਲਗਭਗ ਸੌ ਸਾਲ ਦੇ ਘੋਲ ਦੇ ਬਾਵਜੂਦ ਵੀ ਅਜੇ ਤਕ ਸਿਰੇ ਨਹੀਂ ਚੜ੍ਹ ਸਕਿਆ। ਭਾਵੇਂ ਅੱਜ ਪੰਜਾਬੀ ਰਾਜ-ਭਾਸ਼ਾ ਬਣ ਗਈ ਹੈ ਅਤੇ ਉਚੇਰੀ ਸਿੱਖਿਆ ਲਈ ਪੰਜਾਬੀ ਨੂੰ ਮਾਧਿਅਮ ਬਨਾਉਣ ਦੇ ਉਦੇਸ਼ ਨਾਲ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵੀ ਹੋ ਚੁੱਕੀ ਹੈ। ਇਸ ਮਨੋਰਥ-ਪੱਤਰ ਤੋਂ ਨਿਸਚੇ ਹੀ ਸਿੰਘ ਸਭਾ ਦੇ ਉਸ ਵੇਲੇ ਦੇ ਆਗੂਆਂ ਦੀ ਸੂਝ ਤੇ ਦੂਰ-ਦਰਸ਼ਤਾ ਦਾ ਅਨੁਮਾਨ ਲਗ ਜਾਂਦਾ ਹੈ। ਪੰਜਾਬੀ ਵਿਚ ਅਖ਼ਬਾਰਾਂ ਤੇ ਰਸਾਲੇ ਛਾਪਣੇ ਅਤੇ ਧਾਰਮਿਕ ਤੇ ਇਤਿਹਾਸਕ ਪੁਸਤਕਾਂ ਦਾ ਸੰਪਾਦਨ ਤੇ ਪ੍ਰਕਾਸ਼ਨ ਦੋ ਹੋਰ ਅਜਿਹੇ ਉਦੇਸ਼ ਹਨ ਜਿਨ੍ਹਾਂ ਅਧੀਨ ਨਿਸਚੇ ਹੀ ਆਧੁਨਿਕ ਪੰਜਾਬੀ ਸਾਹਿੱਤ ਦਾ ਮੁਢ ਬੱਝਾ, ਨੁਹਾਰ ਨਿਖਰੀ ਤੇ ਭਾਸ਼ਾ ਦੀ ਬਹੁ-ਪੱਖੀ ਉਨਤੀ ਹੋਈ। ਨਿਸਚੇ ਹੀ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਉਨਤੀ ਵਲ ਸਿੰਘ ਸਭਾ ਦਾ ਇਹ ਜਥੇਬੰਦਕ ਯਤਨ, ਇਤਿਹਾਸਕ ਮਹੱਤਵ ਵਾਲਾ ਹੈ ਕਿਉਂਜੋ ਸਿੱਖੀ ਸਿੱਧਾਂਤਾਂ ਦੀ ਪੁਨਰ-ਸਥਾਪਨਾ ਦੇ ਨਾਲ ਨਾਲ ਪੰਜਾਬੀ ਜ਼ੁਬਾਨ ਦੀ ਉਨਤੀ ਨੂੰ ਇਕ ਉਚੇਰਾ ਮਨੋਰਥ ਮਿਥ ਕੇ ਬਾਰ ਬਾਰ ਇਸ ਨੂੰ ਦ੍ਰਿੜ੍ਹਾਇਆ ਗਿਆ ਹੈ। ਜਿਵੇਂ ਕਿ ਜਨਰਲ ਸਿੰਘ ਸਭਾ ਦੇ ਨੇਮ ਨੰਬਰ ਤਿੰਨ, ਪੰਜ, ਸੱਤ ਤੇ 10 ਤੋਂ ਪ੍ਰਗਟ ਹੈ।

ਏਸੇ ਤਰ੍ਹਾਂ ਧਰਮ ਦੀ ਖੋਜ, ਗ੍ਰੰਥਾਂ ਦੀ ਸੰਪਾਦਨਾ ਅਤੇ ਨਿਆਇ-ਸ਼ੀਲ ਦ੍ਰਿਸ਼ਟੀ ਅਪਣਾ ਕੇ ਅਸਲੀਅਤ ਨੂੰ ਸਾਹਮਣੇ ਲਿਆਉਣਾ, ਸਿੰਘ ਸਭਾ ਲਹਿਰ ਦਾ ਇਕ ਹੋਰ ਅਜਿਹਾ ਮਨੋਰਥ ਹੈ, ਜਿਸ ਨੂੰ ਨਿਸਚੇ ਹੀ ਸਾਰਥਕ ਤੇ ਅਗਾਂਹ-ਵਧੂ ਆਖਿਆ ਜਾ ਸਕਦਾ ਹੈ। ਇਹ ਗੁਰਮਤਿ ਦੇ ਸਿੱਧਾਂਤ " ਖੋਜੀ ਉਪਜੈ , ਵਾਦੀ ਵਿਨਸੈ " ਦੀ ਭਲੀ ਭਾਂਤ ਪ੍ਰਤੀ-ਪਾਲਣਾ ਕਰਦਾ ਹੈ। ਸਿੰਘ ਸਭਾ ਅੰਮ੍ਰਿਤਸਰ ਵਲੋਂ ਇਸ ਸੰਬੰਧ ਵਿਚ ਹੋਏ, ਮੁਢਲੇ ਯਤਨਾਂ ਅਧੀਨ ਨਜਿੱਠੇ ਗਏ[62] ਦੋ ਮਸਲੇ ਬੜੇ ਮਹੱਤਵਪੂਰਨ ਹਨ: (1) ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਕਿ ਵਿਸਾਖ ਅਤੇ ਏਸੇ ਤਰ੍ਹਾਂ ਹੋਰ ਗੁਰੂਆਂ ਸੰਬੰਧੀ ਵਿਚਾਰ ਵਟਾਂਦਰੇ ਉਪ੍ਰੰਤ "ਗੁਰ-ਪ੍ਰਨਾਲੀ" ਨਾਂ ਦੀ ਪੁਸਤਕ ਤਿਆਰ ਕੀਤੀ ਗਈ। (2) ਦਸਮ ਗ੍ਰੰਥ ਸੰਬੰਧੀ ਪਏ ਭੁਲੇਖਿਆਂ ਨੂੰ ਦੂਰ ਕਰਨ ਲਈ 32 ਪ੍ਰਕਾਰ ਦੀਆਂ ਬੀੜਾਂ ਇਕੱਠੀਆਂ ਕਰਕੇ, ਵਿਦਵਾਨ ਖੋਜੀ ਤੇ

---

(9) ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਬਾਤ ਸਰਕਾਰ ਦੇ ਤੱਲਕ ਨਹੀਂ ਕੀਤੀ ਜਾਵੇਗੀ।

(10) ਖ਼ੈਰਖਾਹੀ ਕੌਮ, ਫ਼ਰਮਾਬਰਦਾਰੀ ਸਰਕਾਰੀ, ਸਿੱਖੀ ਧਰਮ ਨਾਲ ਪਿਆਰ ਅਤੇ ਉਨਤੀ ਕਰਨਾ, ਵਿੱਦਿਆ, ਪੰਜਾਬੀ ਜ਼ੁਬਾਨ ਦੁਆਰਾ ਅਤੇ ਮਸਲੇਹਤ, ਉਸ ਦੀ ਹਰ ਬਾਤ ਵਿਚ ਲਿਹਾਜ਼ ਕਰਨਾ।

62. ਗੁਰਦੁਆਰਾ ਗਜ਼ਟ - ਅੰਮ੍ਰਿਤਸਰ- ਅਗਸਤ 1953, ਪੰਨਾ 9-10.

ਗਿਆਨੀਆਂ ਨੇ ਲਗਾਤਾਰ ਹਰ ਰੋਜ਼ ਨੌਂ ਮਹੀਨੇ (ਹਾੜ 1, 1952 ਬਿਕ੍ਰਮੀ ਤੋਂ 6 ਫਗਣ, 1952 ਬਿਕ੍ਰਮੀ ਤਕ) ਵਿਚਾਰ ਵਟਾਂਦਰੇ ਉਪ੍ਰੰਤ "ਰਪੋਟ ਦਸਮ ਗ੍ਰੰਥ ਦੀ ਸੁਧਾਈ ਦੀ" ਪ੍ਰਕਾਸ਼ਤ ਕੀਤੀ।

ਅੰਮ੍ਰਿਤਸਰ ਤੋਂ ਪਿਛੋਂ 2 ਨਵੰਬਰ 1879 ਈ. ਨੂੰ ਪ੍ਰੋ. ਗੁਰਮੁਖ ਸਿੰਘ ਤੇ ਭਾਈ ਹਰਸਾਂ ਸਿੰਘ ਦੇ ਉਦਮ ਨਾਲ ਲਾਹੌਰ ਵਿਚ ਵੀ ਸਿੰਘ ਸਭਾ ਦੀ ਸਥਾਪਨਾ ਹੋ ਗਈ। ਇਸ ਤੋਂ ਪਹਿਲਾਂ ਪ੍ਰੋ.ਗੁਰਮੁਖ ਸਿੰਘ ਦੇ ਉੱਦਮ ਨਾਲ ਪੰਜਾਬ ਯੂਨੀਵਰਸਿਟੀ ਕਾਲਜ (ਓਰੀਐਂਟਲ ਕਾਲਜ) ਵਿਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ 1877 ਈ. ਤੋਂ ਹੋ ਚੁੱਕਾ ਸੀ ਅਤੇ ਭਾਈ ਹਰਸਾ ਸਿੰਘ, ਪ੍ਰੋ. ਗੁਰਮੁਖ ਸਿੰਘ ਦੇ ਨਾਲ ਪੰਜਾਬੀ ਪੜ੍ਹਾਉਣ ਲਈ ਨਿਯੁਕਤ ਹੋਏ। ਓਰੀਐਂਟਲ ਕਾਲਜ ਵਿਚ ਉਸ ਵੇਲੇ ਕੇਵਲ ਕਲਾਸੀਕਲ ਭਾਸ਼ਾਵਾਂ ਅਰਬੀ, ਫਾਰਸੀ, ਸੰਸਕ੍ਰਿਤ, ਆਦਿ ਦੀ ਪੜ੍ਹਾਈ ਦਾ ਹੀ ਪ੍ਰਬੰਧ ਸੀ। ਪੰਜਾਬੀ ਉਸ ਕਾਲਜ ਵਿਚ ਪੜ੍ਹਾਈ ਜਾਣ ਵਾਲੀ ਪਹਿਲੀ ਪ੍ਰਾਂਤਕ ਭਾਸ਼ਾ ਸੀ ਜਿਸ ਨੂੰ ਮਾਨਤਾ ਪ੍ਰਾਪਤ ਹੋਈ। ਇਹ ਮਾਨਤਾ ਹਿੰਦੀ ਤੇ ਉਰਦੂ ਨੂੰ ਬਹੁਤ ਚਿਰ ਪਿਛੋਂ ਮਿਲੀ।

ਸਿੰਘ ਸਭਾ ਲਾਹੌਰ ਨੂੰ ਅੰਮ੍ਰਿਤਸਰ ਦੀ ਸਭਾ ਨਾਲ ਸੰਮਿਲਤ ਕਰਨ ਉਪ੍ਰੰਤ ਇਸ ਦਾ ਨਾਂ 'ਖਾਲਸਾ ਦੀਵਾਨ ਅੰਮ੍ਰਿਤਸਰ' (1883) ਰਖਿਆ ਗਿਆ ਅਤੇ ਦੇਸ ਭਰ ਵਿਚ ਥਾਂ ਥਾਂ ਤੇ ਪ੍ਰੋ. ਗੁਰਮੁਖ ਸਿੰਘ ਤੇ ਹੋਰ ਆਗੂਆਂ ਦੇ ਉਦਮ ਨਾਲ ਬਨਣ ਵਾਲੀਆਂ ਸਿੰਘ ਸਭਾਵਾਂ ਅੰਮ੍ਰਿਤਸਰ ਦੀਵਾਨ ਨਾਲ ਸੰਮਿਲਤ ਹੋ ਗਈਆਂ। ਬਾਬਾ ਖੇਮ ਸਿੰਘ ਬੇਦੀ ਦੀਵਾਨ ਦੇ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਮੁਖ ਸਕੱਤ੍ਰ ਸਨ। ਦਿਨਾਂ ਵਿਚ ਹੀ ਚਾਰ ਚੁਫੇਰੇ ਸਿੱਖੀ ਦੀ ਪੁਨਰ-ਸੁਰਜੀਤੀ ਤੇ ਉਜਲ ਭਵਿਖ ਦੇ ਬਾਨ੍ਹਣੂ ਬੱਝਣ ਲੱਗੇ।[63]

ਖਾਲਸਾ ਦੀਵਾਨ ਵਿਚ ਕੁਝ ਉਘੇ ਵਿਅਕਤੀ ਅਜਿਹੇ ਵੀ ਸਨ, ਜਿਨ੍ਹਾਂ ਨੇ ਆਪਣੇ ਪੁਰਾਣੇ ਸੰਸਕਾਰਾਂ ਨੂੰ ਪੂਰੀ ਤਰ੍ਹਾਂ ਨਾ ਤਿਆਗਿਆ ਅਤੇ ਜੋ ਛੂਤ ਛਾਤ, ਦੇਹ-ਧਾਰੀ ਪੂਜਾ ਤੇ ਮੂਰਤੀ ਪੂਜਾ ਵਿਚ ਵਿਸ਼ਵਾਸ਼ ਰਖਦੇ ਸਨ। ਪ੍ਰੋ. ਗੁਰਮੁਖ ਸਿੰਘ ਲਈ ਇਨ੍ਹਾਂ ਨੂੰ ਪਰਵਾਨ ਕਰਨਾ ਅਸੰਭਵ ਸੀ। ਬਾਬਾ ਖੇਮ ਸਿੰਘ ਬੇਦੀ ਗੁਰੂਵੰਸ਼ ਵਿਚੋਂ ਹੋਣ ਕਰਕੇ, ਦਰਬਾਰ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੇ

---

63. 'The catholic principles which it (Granth) inculcates are known but to a few and cloud of prejudice and superstition have spread over the horizon of the Sikh Religion. Now many Singh Sabhas have sprung up in different parts of the Punjab and the leaders of the community have awakened to their present condition, and there are ample grounds now to hope that there would be a Sikh revival."

Tribune Feb.7, 1885- quoted by Khushwant Singh,p.141.

ਬਰਾਬਰ ਗੱਦੀ ਲੁਆ ਕੇ ਮੱਥਾ ਟਿਕਵਾਉਣਾ ਚਾਹੁੰਦਾ ਸੀ ਪਰ ਪ੍ਰੋ. ਗੁਰਮੁੱਖ ਸਿੰਘ ਇਸ ਨੂੰ ਗੁਰ-ਮਰਯਾਦਾ ਦੇ ਉਲਟ ਸਮਝ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਭ ਨੂੰ ਬਰਾਬਰ ਦਰਜਾ ਦੇਣ ਦੇ ਹੱਕ ਵਿਚ ਸਨ। ਇਸ ਮਾਮਲੇ ਤੇ ਪ੍ਰੋ. ਗੁਰਮੁਖ ਸਿੰਘ ਨੂੰ ਖਾਲਸਾ ਦੀਵਾਨ ਅੰਮ੍ਰਿਤਸਰ ਨਾਲੋਂ ਆਪਣੇ ਸੰਬੰਧ ਤੋੜਨ ਲਈ ਮਜਬੂਰ ਹੋਣਾ ਪਿਆ। ਪ੍ਰੋ. ਗੁਰਮੁਖ ਸਿੰਘ ਨੇ ਖਾਲਸਾ ਦੀਵਾਨ ਲਾਹੌਰ ਦੀ ਸਥਾਪਨਾ ਕਰਕੇ ਪੰਜਾਬ ਦੀਆਂ ਲਗਭਗ ਸਾਰੀਆਂ ਸਿੰਘ ਸਭਾਵਾਂ ਨੂੰ ਇਸ ਨਾਲ ਸੰਮਿਲਤ ਕਰ ਲਿਆ। ਅੰਮ੍ਰਿਤਸਰ ਦੀਵਾਨ ਨਾਲ ਕੇਵਲ ਫਰੀਦਕੋਟ, ਰਾਵਲਪਿੰਡੀ ਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਹੀ ਰਹਿ ਗਈਆਂ।[64] ਪ੍ਰੋ. ਗੁਰਮੁਖ ਸਿੰਘ ਦੀ ਥਾਂ ਸ: ਅਵਤਾਰ ਸਿੰਘ ਵਹੀਰੀਆ ਸਕੱਤਰ ਥਾਪੇ ਗਏ।

ਅੰਮ੍ਰਿਤਸਰ ਖਾਲਸਾ ਦੀਵਾਨ ਸਨਾਤਨਵਾਦੀ ਵਿਚਾਰਾਂ ਵਾਲੇ ਸਿੰਘ ਸਭੀਆਂ ਦਾ ਧੜਾ ਬਣ ਕੇ ਰਹਿ ਗਿਆ ਜਿਸ ਦੇ ਆਗੂ ਬਾਬਾ ਖੇਮ ਸਿੰਘ, ਮਹਾਰਾਜਾ ਬਿਕਰਮ ਸਿੰਘ ਫਰੀਦਕੋਟ, ਸ. ਠਾਕਰ ਸਿੰਘ ਸੰਧਾਂਵਾਲੀਆ, ਭਾਈ ਸੁਮੇਰ ਸਿੰਘ ਪਟਨਾ ਨਿਵਾਸੀ, ਪੰਡਤ ਤਾਰਾ ਸਿੰਘ ਨਰੋਤਮ, ਅਤੇ ਗਿਆਨੀ ਗਿਆਨ ਸਿੰਘ ਸਨ। ਇਸ ਧੜੇ ਨੇ ਜਗੀਰ-ਦਾਰੀ ਹਿੱਤਾਂ ਦੀ ਸੁਰੱਖਿਆ ਅਤੇ ਪੂਜਾ ਪਾਠ ਉਤੇ ਜ਼ੋਰ ਦਿਤਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਪੁਰਾਣੇ ਵੇਦਾਂਤੀ ਤੇ ਹਿੰਦੂਆਣਾ ਢੰਗ ਨਾਲ ਕੀਤੀ।[65] ਅੰਮ੍ਰਿਤਸਰੀ ਦੀਵਾਨ ਵਲੋਂ ਗੁਰਬਾਣੀ ਦੀ ਵਿਆਖਿਆ ਵਧੇਰੇ ਬ੍ਰਿਜੀ ਵਿਚ ਹੀ ਹੁੰਦੀ ਸੀ ਅਤੇ ਗੁਰੂ ਇਤਿਹਾਸ ਵੀ ਬ੍ਰਿਜੀ ਵਿਚ ਲਿਖਵਾਏ ਜਾਂਦੇ ਸਨ। ਭਾਈ ਅਵਤਾਰ ਸਿੰਘ ਵਹੀਰੀਏ ਦੁਆਰਾ ਲਿਖੀਆਂ ਗਈਆਂ ਤਿੰਨ ਪੁਸਤਕਾਂ 'ਖਾਲਸਾ ਸੁਧਾਰ ਤਾਰੂ', 'ਖਾਲਸਾ ਧਰਮ ਸ਼ਾਸਤ੍ਰ' ਅਤੇ 'ਗੁਰ ਦਰਸ਼ਨ ਸ਼ਾਸਤ੍ਰ' ਨੇ ਸਿੰਘ ਸਭਾ ਦੇ ਆਗੂਆਂ ਅਤੇ ਸਮੁਚੀ ਕੌਮ ਵਿਚ ਇਕ ਨਵੇਂ ਵਾਦ ਵਿਵਾਦ ਨੂੰ ਜਨਮ ਦਿਤਾ, ਜਿਹੜਾ ਵੀਹਵੀਂ ਸਦੀ ਦੇ ਆਰੰਭ ਤਕ ਜਾਰੀ ਰਿਹਾ। ਉਪ੍ਰੋਕਤ ਪੁਸਤਕਾਂ ਵਿਚ ਭਾਈ ਅਵਤਾਰ ਸਿੰਘ ਨੇ ਇਹੀ ਪੱਖ ਪੇਸ਼ ਕੀਤਾ ਕਿ 'ਸਿੱਖ ਹਿੰਦੂ ਹੀ ਹਨ' ਵਖਰੀ ਕੌਮ ਨਹੀਂ। ਗੁਰੂਆਂ ਨੇ ਦੇਵੀ ਦੇਵਤਿਆਂ ਨੂੰ ਧਿਆਇਆ, ਜ਼ਾਤ ਪਾਤ ਤੇ ਛੂਤ ਛਾਤ ਦੇ ਭੇਦ ਨੂੰ ਮਿਟਾਉਣਾ ਉਚਿਤ ਨਹੀਂ ਅਤੇ ਮੁਸਲਮਾਨਾਂ ਨੂੰ ਸਿੱਖੀ ਵਿਚ ਲਿਆਉਣਾ ਯੋਗ ਨਹੀਂ।[66] ਆਰੀਆ ਸਮਾਜੀ ਪਹਿਲਾਂ ਹੀ ਸਿੱਖੀ

---

64. ਤੇਜਾ ਸਿੰਘ -, 'ਸਿੰਘ ਸਭਾ ਲਹਿਰ' - 'ਪੰਜਾਬ ਪਾਸਟ ਐਂਡ ਪ੍ਰੈਜ਼ੰਟ', ਅਪ੍ਰੈਲ-1973, ਨੰਬਰ 7/13, ਪੰਨਾ 34.
65. ਮਹਾਰਾਜਾ ਬਿਕਰਮ ਸਿੰਘ ਨੇ ਟ੍ਰੰਪ ਦੇ ਅੰਗਰੇਜ਼ੀ ਅਨੁਵਾਦ ਦੀਆਂ ਤ੍ਰੁਟੀਆਂ ਨੂੰ ਧਿਆਨ ਵਿਚ ਰੱਖ ਕੇ ਗਿ: ਬਦਨ ਸਿੰਘ ਪਾਸੋਂ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਵਾਇਆ ਅਤੇ ਆਪ ਆਪਣੇ ਖ਼ਰਚ ਤੇ ਛਾਪਿਆ। ਇਹ ਫਰੀਦਕੋਟੀ ਟੀਕਾ ਹਿੰਦੂ ਢੰਗ ਤੇ ਪਰੰਪਰਾਵਾਦੀ ਮਰਯਾਦਾ ਵਾਲਾ ਹੋਣ ਕਰਕੇ- ਪ੍ਰੋ. ਗੁਰਮੁਖ ਸਿੰਘ ਤੇ ਖਾਲਸਾ ਦੀਵਾਨ ਲਾਹੌਰ ਵਲੋਂ ਕਰੜੀ ਆਲੋਚਨਾ ਦਾ ਭਾਗੀ ਬਣਿਆ।
66. ਤੇਜਾ ਸਿੰਘ -'ਪੰਜਾਬ ਪਾਸਟ ਐਂਡ ਪ੍ਰੈਜ਼ੰਟ'— ਅਪ੍ਰੈਲ-1973, ਨੰਬਰ 4/13, ਪੰਨਾ 35

ਅਤੇ ਸਿੱਖ ਗੁਰੂਆਂ ਸੰਬੰਧੀ ਇਹੀ ਪਰਚਾਰ ਕਰ ਰਹੇ ਸਨ ਕਿ 'ਸਿੱਖ ਹਿੰਦੂ ਹਨ'। ਸਿੱਖ ਧਰਮ ਅਸਥਾਨਾਂ ਉੱਤੇ ਕਾਬਜ਼ ਮਹੰਤ ਤੇ ਪੁਜਾਰੀ ਪਹਿਲਾਂ ਹੀ ਮਨਮਤੀਆਂ ਕਰ ਰਹੇ ਸਨ ਤੇ ਉਨ੍ਹਾਂ ਦੀ ਰਹਿਤ-ਮਰਯਾਦਾ ਤੇ ਵਰਤ-ਵਰਤਾਰਾ ਸੱਭ ਹਿੰਦੂਆਂ ਵਾਲਾ ਸੀ।[67] ਇਸ ਲਈ ਸਿੱਖ ਕੌਮ ਵਿਚ ਇਸ ਰੁਚੀ ਦਾ ਸਖ਼ਤ ਵਿਰੋਧ ਹੋਇਆ ਅਤੇ ਸੂਝਵਾਨ ਸਿੱਖਾਂ ਨੇ ਪ੍ਰੈਸ ਤੇ ਪਲੈਟਫਾਰਮ ਰਾਹੀਂ ਦ੍ਰਿੜਤਾ ਨਾਲ ਸਿੱਧ ਕੀਤਾ ਕਿ ਸਿੱਖ ਹਿੰਦੂ ਨਹੀਂ। ਇਸ ਸੰਬੰਧੀ ਵਿਸਤਾਰ-ਪੂਰਵਕ ਚਰਚਾ ਅਗੇ ਕੀਤਾ ਜਾਏਗਾ, ਕਿਉਂਜੋ ਇਸ ਵਾਦ-ਵਿਵਾਦ ਵਿੱਚੋਂ ਹੀ ਨਵੇਂ ਸਿਧਾਂਤ ਅਤੇ ਬਹੁਤ ਸਾਰਾ ਅਖਬਾਰੀ ਤੇ ਕਿਤਾਬੀ ਸਾਹਿੱਤ ਪੈਦਾ ਹੋਇਆ।

## ਖ਼ਾਲਸਾ ਦੀਵਾਨ ਲਾਹੌਰ

ਪ੍ਰੋ. ਗੁਰਮੁਖ ਸਿੰਘ ਦੇ ਉੱਦਮ ਨਾਲ 11 ਅਪ੍ਰੈਲ 1886 ਈ. ਨੂੰ ਖਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਕੀਤੀ ਗਈ। ਨਾਭੇ ਦੇ ਮਹਾਰਾਜਾ ਹੀਰਾ ਸਿੰਘ ਦੀਵਾਨ ਦੇ ਪੈਟਰਨ ਅਤੇ ਸ਼ਮਸੁਲ-ਉਲਮਾ ਅਤੇ ਮਹਾਂ-ਮਹਾਂ ਉਪਾਧਿਆ ਸਰ ਅਤਰ ਸਿੰਘ ਭਦੌੜ ਇਸ ਦੇ ਪ੍ਰਧਾਨ ਤੇ ਪ੍ਰੋ. ਗੁਰਮੁਖ ਸਿੰਘ ਸਕੱਤ੍ਰ ਥਾਪੇ ਗਏ। ਖਾਲਸਾ ਦੀਵਾਨ ਲਾਹੌਰ ਦੇ ਹੇਠ ਲਿਖੇ ਉਦੇਸ਼ ਮਿਥੇ ਗਏ:-

1) ਖਾਲਸਾ ਪੰਥ ਵਿਚ ਲਾਭਦਾਇਕ ਵਿਦਿਆ ਅਤੇ ਗੁਣਾਂ ਦਾ ਪਰਚਾਰ ਕਰਨਾ।
2) ਇਲਮ ਅਤੇ ਹੁਨਰਾਂ ਦੀ ਬ੍ਰਿਧੀ ਕਰਨੀ।
3) ਪੰਜਾਬੀ ਭਾਖ਼ਾ ਦੀ ਉਨਤੀ ਕਰਨੀ। ਅਖ਼ਬਾਰਾਂ ਰਸਾਲੇ ਤੇ ਟ੍ਰੈਕਟ ਛਾਪਣੇ ਅਤੇ ਇਸ ਰਾਹੀਂ ਵਿਦਿਆ ਦੇਣੀ। ਹੋਰਨਾਂ ਭਾਖ਼ਾਂ ਵਿੱਚੋਂ ਗੁਰਮੁਖੀ ਤਰਜ਼ਮਾ ਕਰਕੇ ਇਸ ਨੂੰ ਭਰਪੂਰ ਕਰਨਾ(ਇਹ ਪੱਛਮੀ ਵਿਦਿਆ, ਅੰਜੁਮਨਿ ਪੰਜਾਬ ਅਤੇ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਸਦਕਾ ਸੀ)।
4) ਇਸਤਰੀ ਵਿਦਿਆ ਨੂੰ ਵਧਾਉਣਾ
5) ਹੁਨਰ ਅਤੇ ਕਾਸ਼ਤਕਾਰੀ ਵਿਦਿਆ ਦੇ ਦੇਣ ਲਈ, ਕਾਲਜ ਅਤੇ ਮਦਰਸੇ ਜਾਰੀ ਕਰਨੇ।
6) ਲਾਭਦਾਇਕ ਪੋਥੀਆਂ ਅਤੇ ਰਸਾਲੇ ਛਾਪਣ ਲਈ, ਇਕ ਅਥਵਾ ਵਧੀਕ ਪ੍ਰੈਸ ਖੋਲ੍ਹਣੇ।

---

67. "8 ਅਕਤੂਬਰ 1897 ਦੇ ਖ਼ਾਲਸਾ ਅਖ਼ਬਾਰ ਵਿਚ ਇਹ ਖਬਰ ਛਪੀ- "31 ਭਾਦੋਂ ਮੰਗਲ ਦੇ ਦਿਨ, ਤਰਨ ਤਾਰਨ ਦੇ ਪੁਜਾਰੀ ਸਿੰਘਾਂ ਨੇ ਗੁਰੂ ਅਰਜਨ ਦੇਵ ਜੀ ਦੇ ਨਾਮ ਦਾ ਸ਼ਰਾਧ ਕੀਤਾ। ਪੰਗਤ ਵਿੱਚ ਸਾਰੇ ਅਨਮਤੀ ਬਿਠਾਏ ਗਏ। ਜੋ ਹੁਕੇ ਪੀਂਦੇ ਸਨ।" ਕਰਤਾਰ ਸਿੰਘ ਸਰਹੱਦੀ — "ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ - ਯਮਨਾ ਨਗਰ, 1974, ਪੰਨਾ 80)।

ਇਸ ਦੀਵਾਨ ਦੇ ਮੁਖ ਉਸਰਈਏ ਪ੍ਰੋ. ਗੁਰਮੁਖ ਸਿੰਘ, ਗਿ: ਦਿੱਤ ਸਿੰਘ ਤੇ ਭਾਈ ਜਵਾਹਰ ਸਿੰਘ ਸਨ ਜਿਨ੍ਹਾਂ ਨੇ ਸਿੱਖਾਂ ਦੀ ਹਰ ਜ਼ੁਉ ਤੇ ਹਰ ਸ਼੍ਰੇਣੀ ਨੂੰ ਸਿੰਘ ਸਭਾ ਦੇ ਮੈਂਬਰ ਬਣਨ ਦਾ ਸੱਦਾ ਦਿੱਤਾ। "ਦਿਨਾਂ ਵਿਚ ਹੀ ਸਿੱਖ ਧਰਮ ਦੇ ਸ੍ਰੇਸ਼ਟਤਮ ਤੱਤ ਲਾਹੌਰ ਦੀਵਾਨ ਨਾਲ ਜੁੜਗਏ। [68]

ਅੰਮ੍ਰਿਤਸਰੀ ਦੀਵਾਨ ਵਿੱਚ ਕੁਝ ਮੂਲ ਦੋਸ਼ ਸਨ ਜਿਹੜੇ ਸਿੱਖਾਂ ਨੂੰ ਉਤੇਜਿਤ ਤੇ ਪ੍ਰਭਾਵਤ ਕਰਨ ਤੋਂ ਅਸਮਰੱਥ ਹੋ ਗਏ। ਉਹ ਸੰਸਥਾ ਅਮੀਰਾਂ ਤੇ ਸ਼ਹਿਰੀ ਤਬਕੇ ਦੇ ਪ੍ਰਭਾਵ ਤਕ ਸੀਮਤ ਹੋ ਗਈ। ਨੀਵੀਆਂ ਸ਼੍ਰੇਣੀਆਂ ਪ੍ਰਤੀ ਘ੍ਰਿਣਾ, ਨਿੱਜੀ ਪੂਜਾ, ਨਿੱਜੀ ਪ੍ਰਤਿਸ਼ਠਾ ਦੀ ਭੁਖ ਅਤੇ ਚੌਧਰ ਦੀ ਲਾਲਸਾ ਇਸ ਦੀਵਾਨ ਨੂੰ ਲੈ ਡੁਬੀ। ਇਸ ਦੇ ਉਲਟ ਲਾਹੌਰ ਦੀਵਾਨ ਨੇ " ਸਿੱਖ ਧਰਮ ਦਾ ਪ੍ਰਚਾਰ, ਧਾਰਮਿਕ ਸਿੱਧਾਂਤਾਂ ਤੇ ਇਤਿਹਾਸ ਦੀ ਪੱਛਮੀ ਪ੍ਰਣਾਲੀ ਅਨੁਸਾਰ ਵਿਗਿਆਨਕ ਖੋਜ, ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਦੀ ਉਨਤੀ, ਪਤਿਤ ਹੋ ਚੁਕੇ ਸਿੱਖਾਂ ਨਾਲ ਨਾ-ਮਿਲਵਰਤਣ ਅਤੇ ਵਿਦਿਆ ਦਾ ਪ੍ਰਚਾਰ ਆਦਿ ਸ਼ੁਭ,ਅਗਰਗਾਮੀ ਤੇ ਪ੍ਰਗਤੀਸ਼ੀਲ ਕੰਮ ਵੀ ਕੀਤੇ। ਸਿੱਖਾਂ ਵਿਚ ਕੌਮੀ ਜਾਗ੍ਰਤੀ ਲਿਆਂਦੀ। ਉਨ੍ਹਾਂ ਦੀ ਹਸਤੀ ਤੇ ਏਕਤਾ (ਵਿਲੱਖਣਤਾ ਤੇ ਅੱਡਰਤਾ) ਦੀ ਸਥਿਰਤਾ ਲਈ ਰਾਜਨੀਤੀ ਤੇ ਰਹੱਸਵਾਦ ਨੂੰ ਛੱਡ ਕੇ ਸਾਂਸਕ੍ਰਿਤਕ ਖੇਤਰ ਨੂੰ ਅਪਣਾਇਆ।"[69]

ਗਿਆਨੀ ਦਿਤ ਸਿੰਘ ਨੇ ਖਾਲਸਾ ਅਖ਼ਬਾਰ, ਪੈਂਫਲਿਟਾਂ, ਪੁਸਤਕਾਂ ਤੇ ਭਾਸ਼ਨਾਂ ਦੁਆਰਾ ਸਿੰਘ ਸਭਾ ਦੇ ਆਸ਼ਿਆਂ ਨੂੰ ਪ੍ਰਚਾਰਿਆ ਅਤੇ ਵਿਰੋਧੀਆਂ ਦੇ ਸਿੱਖੀ ਉਤੇ ਹੱਲਿਆਂ ਨੂੰ ਬੜੀ ਵਿਅੰਗ-ਭਰਪੂਰ , ਜ਼ੋਰਦਾਰ ਤੇ ਬਾਦਲੀਲ ਸ਼ੈਲੀ ਵਿਚ ਉੱਤਰ ਦੇ ਕੇ, ਲਾ-ਜਵਾਬ ਕਰ ਦਿੱਤਾ। 16 ਅਪ੍ਰੈਲ, 1887 ਦੇ 'ਖ਼ਾਲਸਾ ਅਖਬਾਰ' ਵਿਚ ਉਸ ਨੇ ਇਕ 'ਸੁਪਨ ਨਾਟਕ' ਲਿਖ ਕੇ ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕਰਮ ਸਿੰਘ, ਗਿਆਨੀ ਝੰਡਾ ਸਿੰਘ ਤੇ ਬਾਬਾ ਉਦੇ ਸਿੰਘ ਉਤੇ ਗੁਝੀਆਂ ਚੋਟਾਂ ਲਾਈਆਂ, ਅਤੇ ਬੇਦੀ ਖੇਮ ਸਿੰਘ ਨੂੰ 'ਸ਼ੈਤਾਨਾਂ ਦਾ ਗੁਰੂ' ਤਕ ਕਹਿ ਦਿੱਤਾ।[70] ਗਿ: ਦਿੱਤ ਸਿੰਘ ਤੇ ਮੁਕੱਦਮਾ ਚਲਿਆ, 'ਖਾਲਸਾ ਅਖਬਾਰ' ਤੇ ਪ੍ਰੈਸ ਕੁਝ ਚਿਰ ਲਈ ਬੰਦ ਹੋ ਗਏ।

---

68. ਤੇਜਾ ਸਿੰਘ —'ਪੰਜਾਬ ਪਾਸਟ ਐਂਡ ਪ੍ਰੈਜ਼ੰਟ' - ਅੰਕ 7/13, ਪੰਨਾ 35.
69. ਗੁਰਿੰਦਰ ਸਿੰਘ 'ਪਾਲ' - 'ਸਿੰਘ ਸਭਾ ਪਤ੍ਰਕਾ' — ਅੰਮ੍ਰਿਤਸਰ - ਜੁਲਾਈ 1974, ਪੰਨਾ 20.
70. ਟ੍ਰੀਬਿਊਨ, ਮਾਰਚ 7, 1888 .

ਖਾਲਸਾ ਦੀਵਾਨ ਦੀ ਸਭ ਤੋਂ ਵੱਡੀ ਪ੍ਰਾਪਤੀ 1892 ਈ. ਵਿਚ 'ਖਾਲਸਾ ਕਾਲਜ' ਅੰਮ੍ਰਿਤਸਰ ਦੀ ਸਥਾਪਨਾ ਹੈ। ਇਸ ਸੰਬੰਧ ਵਿਚ ਕਈ ਪ੍ਰਕਾਰ ਦੇ ਚਰਚੇ ਤੇ ਵਿਰੋਧ ਚਲਦੇ ਰਹੇ ਕਿ ਕਾਲਜ ਲਾਹੌਰ ਬਣੇ ਜਾਂ ਅੰਮ੍ਰਿਤਸਰ। ਅਖ਼ੀਰ ਅੰਮ੍ਰਿਤਸਰ ਦੇ ਹੱਕ ਵਿਚ ਫੈਸਲਾ ਹੋਇਆ।[71] ਅੰਮ੍ਰਿਤਸਰੀ ਤੇ ਲਾਹੌਰੀ ਧੜੇ ਦਾ ਝਗੜਾ ਤੇ ਵਾਦ-ਵਿਵਾਦ ਉਨ੍ਹੀਵੀਂ ਸਦੀ ਦੇ ਅੰਤ ਤਕ ਚਲਦਾ ਰਿਹਾ, ਜਦ ਇਕ ਇਕ ਕਰਕੇ ਲਾਹੌਰ ਦੀਵਾਨ ਦੇ ਸਾਰੇ ਉੱਘੇ ਸੰਚਾਲਕਾਂ ਦੀ ਮ੍ਰਿਤੂ ਨਾਲ[72] 'ਖਾਲਸਾ ਦੀਵਾਨ' ਲਾਹੌਰ ਲਗ ਭਗ ਸਮਾਪਤ ਹੋ ਗਿਆ।

ਉਨ੍ਹੀਵੀਂ ਸਦੀ ਦੇ ਅੰਤ ਤਕ ਸਿੱਖ ਕੌਮ ਦੀ ਸਥਿਤੀ ਕਾਫ਼ੀ ਬਦਲ ਚੁਕੀ ਸੀ। ਸਿੰਘ ਸਭਾ ਦੇ ਸਿਰਤੋੜ ਤੇ ਭਰਪੂਰ ਯਤਨਾਂ ਨਾਲ[73] ਸਿੱਖੀ ਦਾ ਪਤਨ ਰੁਕ ਗਿਆ ਸੀ ਤੇ ਇਸ ਪ੍ਰਸ਼ਨ ਦਾ ਨਿਰਣਾ ਵੀ ਪੱਕੀ ਤਰ੍ਹਾਂ ਹੋ ਗਿਆ ਸੀ ਕਿ 'ਸਿਖ ਹਿੰਦੂ ਨਹੀਂ "[74] ਸਗੋਂ ਇਕ ਸੁਤੰਤਰ ਕੌਮ ਹੈ ਜਿਸ ਦਾ ਧਰਮ, ਰਸਮ ਰਿਵਾਜ ਰਹੁ-ਰੀਤਾਂ ਅਤੇ ਭਾਸ਼ਾ ਬਿਲਕੁਲ ਨਿਵੇਕਲੀ ਹੈ।" ਪੱਛਮੀ ਵਿਦਿਆ ਦੇ ਫੈਲਾ ਨੇ ਸਿੱਖਾਂ ਨੂੰ ਕੌਮੀ ਤੌਰ ਤੇ ਸੁਚੇਤ ਤੇ ਤਕੜੇ ਕਰ ਦਿਤਾ ਸੀ ਤਾਂ ਜੋ ਉਹ ਮਨੁਖੀ ਸੋਚ ਵਿਚ ਆਈਆਂ ਨਵੀਆਂ ਰੁਚੀਆਂ ਦੇ ਦਬਾ ਦੇ ਅਨੁਕੂਲ ਢਲ ਕੇ ਦ੍ਰਿੜ੍ਹਤਾ ਨਾਲ ਉਨ੍ਹਾਂ ਦਾ ਟਾਕਰਾ ਕਰ ਸਕਣ।"[74-ਅ] " ਸਿੱਖਾਂ ਵਿਚ ਆਈਆਂ ਇਹ ਨਵੀਆਂ ਰੁਚੀਆਂ ਪੁਨਰ-ਉਥਾਨ ਤੇ ਬਗ਼ਾਵਤ ਦਾ ਸੁਮੇਲ ਸਨ — ਇਹ ਪੁਰਾਤਨ ਸਿੱਖ ਸੰਸਥਾਵਾਂ ਤੇ ਰਹੁ ਰੀਤਾਂ ਦਾ ਪੁਨਰ-ਉਥਾਨ ਸਨ, ਜਿਨ੍ਹਾਂ ਦੁਆਰਾ ਖ਼ਾਲਸੇ ਦੀ ਵਿਲੱਖਣ ਹੋਂਦ ਸੁਰੱਖਿਅਤ ਹੋ ਗਈ। ਇਹ ਉਨ੍ਹਾਂ ਬੋਦੀਆਂ ਹੋ ਚੁੱਕੀਆਂ ਰਸਮਾਂ ਦੇ ਵਿਰੁੱਧ ਬਗ਼ਾਵਤ ਸੀ, ਜਿਹੜੀਆਂ ਕੌਮ ਦੀ ਪ੍ਰਗਤੀ ਦੇ ਰਾਹ ਵਿਚ ਰੋਕ ਬਣ ਰਹੀਆਂ ਸਨ।"[74-ੲ]

---

71. Lachhman Singh Bhagat, 'Autobiography', 1965, pp 138-142.

72. ਸਰ ਅਤਰ ਸਿੰਘ ਭਦੌੜ ਦੀ ਮ੍ਰਿਤੂ 10-6-1896, ਪ੍ਰੋ. ਗੁਰਮੁਖ ਸਿੰਘ ਦੀ ਮ੍ਰਿਤੂ 24-11-98 ਈ. ਅਤੇ ਗਿ: ਦਿੱਤ ਸਿੰਘ ਦੀ ਮ੍ਰਿਤੂ 6-9-1901 ਈ. ਨੂੰ ਹੋਈ।

73. Harbans Singh, " The Singh Sabha touched the very base, the main springs of Sikh life and re-suscitated the essential content of Sikh belief and exercise. It enhanced the intellectual capacity of the Sikhs and restored to them, their creedal unity and their religious conscience. It opened for them the doors of modern progress and endowed them with the strength and adaptability to match the pressures created by new trends in man's thinking." Heritage of the Sikhs-1964, p.147.

74. ਗੁਰਦਰਸ਼ਨ ਸਿੰਘ - ਸਿੰਘ ਸਭਾ ਲਹਿਰ ਦਾ ਪੰਜਾਬ ਦੇ ਇਤਿਹਾਸ ਤੇ ਪ੍ਰਭਾਵ- ਪੀ.ਐਚ.ਡੀ. ਦਾ ਥੀਸਿਸ, ਪੰਨਾ 314.

74-ਅ Harbans Singh-Sikhs in the Quincentenary Year Lecture delivered in London on November 30, 1969.

74-ੲ. ਉਹੀ, - 74, ਪੰਨਾ 341.

ਲੋੜ ਮਹਿਸੂਸ ਹੋ ਰਹੀ ਸੀ ਕਿ ਕੋਈ ਅਜਿਹੀ ਨਵੀਂ ਸੰਸਥਾ ਕਾਇਮ ਕੀਤੀ ਜਾਏ ਜਿਹੜੀ ਸਿੱਖਾਂ ਦੇ ਰਾਜਸੀ ਅਧਿਕਾਰਾਂ ਦੀ ਰਾਖੀ ਕਰ ਸਕੇ।[75] ਸਮੇਂ ਦੀ ਮੰਗ ਦੇ ਮੁਤਾਬਿਕ ਅਜਿਹੇ ਹੱਕਾਂ ਦੀ ਸੰਵਿਧਾਨਕ ਢੰਗ ਨਾਲ ਮੰਗ ਉਚਿਤ ਸੀ। ਸਰਕਾਰ ਦਾ ਧਿਆਨ ਸਿੱਖ ਕੌਮ ਦੀਆਂ ਭਾਵਨਾਵਾਂ ਤੇ ਲੋੜਾਂ ਵਲ ਦੁਆਉਣ ਲਈ ਵਧੇਰੇ ਠੋਸ ਤੇ ਉਸਾਰੂ ਅਧਾਰਾਂ ਉਪਰ ਜਥੇਬੰਦੀ ਦੀ ਲੋੜ ਸੀ, ਜਿਹੜੀ ਸਿੱਖ ਕੌਮ ਦੀਆਂ ਰਾਜਸੀ, ਧਾਰਮਿਕ, ਸਭਿਆਚਾਰਕ ਅਤੇ ਸਾਂਸਕ੍ਰਿਤਿਕ ਉਮੰਗਾਂ ਤੇ ਰੀਝਾਂ ਦੀ ਪੂਰਤੀ ਕਰ ਸਕੇ। 30 ਅਕਤੂਬਰ 1902 ਈ. ਨੂੰ ਲਾਹੌਰ ਤੇ ਅੰਮ੍ਰਿਤਸਰ ਦੇ ਦੋਹਾਂ ਦੀਵਾਨਾਂ ਨੂੰ ਮਿਲਾ ਕੇ 'ਚੀਫ ਖਾਲਸਾ ਦੀਵਾਨ ਦੀ ਸਥਾਪਨਾ ਨਾਲ ਨਵੀਂ ਕੇਂਦਰੀ ਜਥੇਬੰਦੀ ਦੀ ਲੋੜ ਪੂਰੀ ਹੋ ਗਈ।

## ਸਿੰਘ ਸਭਾ ਤੇ ਹੋਰ ਕੌਮਾਂ

ਸਿੰਘ ਸਭਾ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਸਮੁਚੀ ਦੇਣ ਸੰਬੰਧੀ[76] ਵਿਸਤਾਰ ਪੂਰਵਕ ਚਰਚਾ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਦੀਆਂ ਬਾਕੀ ਕੌਮਾਂ ਨਾਲ ਸਿੱਖਾਂ ਦੇ ਇਸ ਦੌਰ ਵਿਚਲੇ ਸੰਬੰਧਾਂ ਦਾ ਕੁਝ ਕੁ ਵੇਰਵਿਆਂ ਸਹਿਤ ਵਿਸ਼ਲੇਸ਼ਣ ਕੀਤਾ ਜਾਵੇ ਜਿਹੜੀਆਂ ਸਿੱਖਾਂ ਵਾਂਗ ਹੀ ਆਪੋ ਆਪਣੇ ਖੇਤਰਾਂ ਵਿਚ ਧਾਰਮਿਕ ਤੇ ਸਮਾਜਿਕ ਸੁਧਾਰ ਲਈ, ਸਿੱਖਾਂ ਜਿੰਨੇ ਹੀ ਜੋਸ਼ ਤੇ ਉਤਸ਼ਾਹ ਨਾਲ ਪਲਸੇਟੇ ਮਾਰ ਰਹੀਆਂ ਸਨ। ਇਹ ਬੜਾ ਸੁਭਾਵਿਕ ਸੀ ਕਿ ਨਵੇਂ ਰਾਜ-ਪ੍ਰਬੰਧ ਅਧੀਨ ਅਤੇ ਬਦਲੇ ਹੋਏ ਹਾਲਾਤ ਦੇ ਮੁਤਾਬਿਕ ਪੰਜਾਬ ਦੀਆਂ ਅੱਡ ਅੱਡ ਕੌਮਾਂ ਦੇ ਹਿਤ ਟਕਰਾਉਣ ਅਤੇ ਉਹ ਇਸ ਦਾ ਪ੍ਰਗਟਾਵਾ ਕਰਨ ਲਈ ਨਵੇਂ ਸਾਧਨ ਤੇ ਨਵੀਆਂ ਵਿਧੀਆਂ ਅਪਨਾਉਣ, ਜਿਨ੍ਹਾਂ ਵਿਚ ਪ੍ਰੈਸ ਤੇ ਪਲੈਟਫਾਰਮ ਉਸ ਵੇਲੇ ਸਭ ਤੋਂ ਵੱਧ ਅਸਰਦਾਰ ਸਾਬਤ ਹੋਏ। ਨਵੇਂ ਸ਼ਾਸਕਾਂ ਦਾ ਇਨ੍ਹਾਂ ਸੁਧਾਰਕ ਲਹਿਰਾਂ ਪ੍ਰਤੀ ਰਵੱਈਆ ਵੀ ਗੰਭੀਰਤਾ ਨਾਲ ਵਿਚਾਰਨ-ਯੋਗ ਹੈ, ਜਿਨ੍ਹਾਂ ਦੇ ਹਿਤ ਐਸੇ

75. Ibid. " The growing political consciousness, in the country led the Sikh leaders to believe that they could no longer afford to shun politics. They realized that they must unite under a common platform in order to safeguard the political rights of the Sikhs."

76. ' ਇਸ ਦਾ ਵਿਸਥਾਰ-ਪੂਰਵਕ ਚਰਚਾ ਇਕ ਵੱਖਰੇ ਅਧਿਆਇ ਵਿਚ ਕੀਤਾ ਗਿਆ ਹੈ।

ਗਲ ਵਿਚ ਸਨ ਕਿ ਇਹ ਸਾਰੀਆਂ ਜਾਤੀਆਂ ਜਾਂ ਧੜੇ ਸੰਗਠਤ ਹੋ ਕੇ ਬਰਤਾਨਵੀ ਸਰਕਾਰ ਲਈ ਕੋਈ ਬਿਪਤਾ ਖੜੀ ਕਰਨ ਦੀ ਬਜਾਇ, ਆਪੋ ਵਿਚ ਉਲਝੇ ਰਹਿਣ। ਇਸ ਲਈ ਸ਼ਾਸ਼ਕਾਂ ਨੇ ਆਪੋ ਆਪਣੀ ਥਾਂ ਇਨ੍ਹਾਂ ਸਭਨਾਂ ਲਹਿਰਾਂ ਪ੍ਰਤੀ ਹਮਦਰਦੀ ਤੇ ਉਤਸ਼ਾਹ ਵਾਲਾ ਰਵੱਈਆ ਅਪਨਾਉਣਾ ਹੀ ਯੋਗ ਸਮਝਿਆ।

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀਆਂ ਸਿੱਖ ਸੁਧਾਰਕ ਲਹਿਰਾਂ ਵਿੱਚੋਂ ਸਿੰਘ ਸਭਾ ਲਹਿਰ ਸਭ ਤੋਂ ਵੱਧ ਸ਼ਕਤੀਸ਼ਾਲੀ ਤੇ ਪ੍ਰਭਾਵਮਈ ਸਿੱਧ ਹੋਈ ਜਿਹੜੀ ਸਮੁਚੀ ਕੌਮ ਤੇ ਇਸ ਦੇ ਹਰ ਵਰਗ ਦੀਆਂ ਅੰਤਰੀਵੀ ਭਾਵਨਾਵਾਂ ਅਤੇ ਉਸਾਰੂ ਤੇ ਪ੍ਰਗਤੀਵਾਦੀ ਪ੍ਰੇਰਣਾਵਾਂ ਦੀ ਪ੍ਰਤਿਨਿਧ ਬਣੀ ਅਤੇ ਉਨ੍ਹਾਂ ਦੀ ਪੂਰਤੀ ਦੀ ਜ਼ਾਮਨ ਸਿੱਧ ਹੋਈ। ਇਹ ਲਹਿਰ ਕਿਨ੍ਹਾਂ ਕ੍ਰਿਆਵਾਂ ਜਾਂ ਪ੍ਰਤਿਕ੍ਰਿਆਵਾਂ ਕਰਕੇ ਹੋਂਦ ਵਿਚ ਆਈ ਤੇ ਕਿਉਂ ਏਨੀ ਛੇਤੀ ਸਿੱਖਾਂ ਵਿਚ ਪ੍ਰਿਯ ਹੋ ਗਈ, ਇਸ ਸੰਬੰਧੀ ਵਿਸਤਾਰ ਪੂਰਵਕ ਚਰਚਾ ਪਿਛੇ ਕੀਤਾ ਜਾ ਚੁਕਾ ਹੈ। ਏਥੇ ਕੇਵਲ ਉਨ੍ਹਾਂ ਸੰਬੰਧਾਂ ਤੇ ਵਾਦ-ਵਿਵਾਦਾਂ ਦਾ ਜ਼ਿਕਰ ਕਰਨਾ ਜ਼ਰੂਰੀ ਜਾਪਦਾ ਹੈ ਜਿਹੜਾ ਉਸ ਵੇਲੇ ਦੀਆਂ ਹੋਰ ਸੁਧਾਰਕ ਲਹਿਰਾਂ ਦੇ ਹਿਤਾਂ ਨਾਲ ਟਕਰਾਉਣ[77] ਦੇ ਫਲਸਰੂਪ ਸਿੰਘ ਸਭਾ ਦੇ ਆਗੂਆਂ ਅਤੇ ਸਮੁਚੀ ਕੌਮ ਨੂੰ ਦੇਖਣਾ ਤੇ ਭੁਗਤਣਾ ਪਿਆ।

ਸਭ ਤੋਂ ਪਹਿਲਾਂ ਉਨ੍ਹਾਂ ਕਾਰਨਾਂ ਵਲ ਸੰਖੇਪ ਵਿਚ ਨਜ਼ਰ ਮਾਰਨੀ ਪਵੇਗੀ, ਜਿਨ੍ਹਾਂ ਅਧੀਨ ਇਹ ਖਿੱਚੋਤਾਣ ਵਧੀ ਤੇ ਸਮੁਚੇ ਭਾਰਤ ਅਤੇ ਵਿਸ਼ੇਸ਼ ਕਰ ਕੇ ਪੰਜਾਬ ਦਾ ਮਾਹੌਲ ਇਨ੍ਹਾਂ ਵਰ੍ਹਿਆਂ ਵਿਚ, ਏਨਾ ਗੰਧਲਾ ਹੋਇਆ:-

(1) ਜਿਸ ਵਿਧੀ-ਬੱਧ ਢੰਗ, ਲਗਨ, ਸਿਰੜਤਾ, ਨਿਸ਼ਕਾਮਤਾ ਤੇ ਵਿਰਾਟਤਾ ਨਾਲ ਈਸਾਈ ਮਿਸ਼ਨਰੀਆਂ ਨੇ ਆਪਣੀਆਂ ਪ੍ਰਚਾਰ ਸਰਗਰਮੀਆਂ ਆਰੰਭ ਕੀਤੀਆਂ, ਜਿਹੜੀਆਂ ਪਰਚਾਰ ਦੇ ਨਵੀਨ ਸਾਧਨਾਂ- ਯਥਾ ਅਖ਼ਬਾਰਾਂ, ਰਸਾਲੇ, ਟ੍ਰੈਕਟ, ਅਨੁਵਾਦ ਤੇ ਪੱਛਮ ਦੇ ਨਵੇਂ ਸਾਹਿੱਤ ਰੂਪਾਂ ਆਦਿ ਰਾਹੀਂ ਰੋਚਿਕ ਸਾਹਿੱਤ ਦੇ ਰੂਪ ਵਿਚ ਆਮ ਹੱਥਾਂ ਤਕ ਪੁਚਾਉਣ ਦੀ ਜ਼ੋਰਦਾਰ ਮੁਹਿੰਮ ਸ਼ੁਰੂ ਕੀਤੀ; ਜਿਸ ਤਰ੍ਹਾਂ ਲੋਕਾਂ ਦੇ ਸੁਭਾ, ਸਭਿਆਚਾਰ, ਇਤਿਹਾਸ ਤੇ ਰਸਮਾਂ-ਰੀਤਾਂ, ਚੱਜ ਅਚਾਰਾਂ ਤੇ

---

77. Jones-Kenneth W., "The process of identity reformation created in late 19th Century Punjab a period of intense dynamism, of ideological and religious conflict, amidst an increasingly polemical atmosphere as each group with in a given religious community, Hindu, Sikh or Muslim, sought to project its own concepts and in the process struggled with others, within their own community and beyond,. This process of questioning and its resultant answers, permanently alterd relations among Punjab religious communities." Arya Sikh Relations-1877-1905 A.D. Journal of Asian Studies- Reproduced by Spokesman, Guru Nanak Number, 1973, p.27.

ਵਰਤ-ਵਿਹਾਰਾਂ ਸੰਬੰਧੀ ਉਨ੍ਹਾਂ ਨੇ ਅਧਿਐਨ ਕਰਕੇ ਲੋਕਾਂ ਦੀਆਂ ਮਨੋ-ਵਿਗਿਆਨਕ ਬ੍ਰਿਤੀਆਂ ਨੂੰ ਸਮਝਣ ਦਾ ਯਤਨ ਕੀਤਾ; ਜਿਵੇਂ ਲੋਕਾਂ ਦੀਆਂ ਆਪਣੀਆਂ ਭਾਸ਼ਾਵਾਂ ਵਿਚ, ਸਰਲ ਤੇ ਲੋਕ-ਲਹਿਜੇ ਦੀ ਪੱਧਰ ਦੇ ਅਨੁਕੂਲ ਰਹਿ ਕੇ ਮਣਾ-ਮੂੰਹੀਂ ਸਾਹਿੱਤ ਪੈਦਾ ਕੀਤਾ; ਜਿਵੇਂ ਉਨ੍ਹਾਂ ਨੇ ਭਾਰਤ ਦੇ ਪਰਚਲਿਤ ਧਰਮ-ਗ੍ਰੰਥਾਂ ਤੇ ਸ਼ਾਸਤ੍ਰਾਂ ਦਾ ਅਧਿਐਨ ਕਰ ਕੇ, ਨਵੇਂ ਵਿਗਿਆਨਕ ਯੁੱਗ ਦੇ ਵਿਵੇਕੀ ਪਰਮਾਣਾਂ ਤੇ ਨਿਆਇ-ਯੁਕਤ ਦਲੀਲਾਂ ਨਾਲ ਉਨ੍ਹਾਂ ਦਾ ਖੰਡਨ ਕੀਤਾ,[78] ਜਿਵੇਂ ਅੰਧ-ਵਿਸ਼ਵਾਸ਼ਾਂ, ਕਰਮ-ਕਾਂਡਾਂ, ਬੁਤ ਪੂਜਾ, ਵਹਿਮਾਂ ਭਰਮਾਂ, ਫੋਕੀਆਂ ਰੀਤਾਂ ਰਸਮਾਂ ਦੇ ਗੋਰਖ ਜਾਲ ਦਾ ਫੀਤਾ ਫੀਤਾ ਕਰ ਕੇ, ਸਹਿਜ ਸੁਭਾ ਢੰਗ ਨਾਲ ਕਿਸੇ ਪਰਾ-ਸਰੀਰਕ ਸ਼ਕਤੀ ਦਾ ਡਰ ਜਾਂ ਵਾਸਤਾ ਪਾਉਣ ਤੋਂ ਬਿਨਾਂ, ਧਰਮ ਨੂੰ ਨਿਰੋਲ ਲੌਕਿਕ ਸਦਾਚਾਰ ਦੀ ਪੱਧਰ ਤੇ ਰਖ ਕੇ ਪੇਸ਼ ਕੀਤਾ। ਇਸ ਨਾਲ ਇਕ ਵਾਰਗੀ ਹੀ ਸਾਰੇ ਭਾਰਤੀ ਧਰਮਾਂ ਦਾ ਮਹਿਲ ਇਸ ਝੱਖੜ ਸਾਹਵੇਂ ਢਹਿ ਢੇਰੀ ਹੁੰਦਾ ਪ੍ਰਤੀਤ ਹੋਇਆ। ਮੁਢਲੇ ਝਟਕੇ ਦੀ ਮੂਰਛਾ-ਘਾਤ ਅਵਸਥਾ ਵਿਚੋਂ ਜਦ ਕੁਝ ਹੋਸ਼ ਪਰਤੀ ਤਾਂ ਆਪੋ ਆਪਣੇ ਅੰਦਰੀਂ ਝਾਤੀ ਮਾਰ ਕੇ ਸਭਨਾਂ ਨੂੰ ਆਪਣੀਆਂ ਕਮਜ਼ੋਰੀਆਂ ਅਤੇ ਆਪਣੀਆਂ ਮੂਰਖਤਾਵਾਂ ਦੀ ਸੋਝੀ ਹੋਈ। ਸੁਚੇਤ ਤੇ ਚੌਕੰਨੇ ਹੋ ਕੇ ਜਦ ਆਪਣੇ ਹਮ-ਮਜ਼ਹਬਾਂ ਨੂੰ ਈਸਾਈਅਤ ਦੇ ਹੜ੍ਹ ਦੀ ਘੁੰਮਣ-ਘੇਰੀ ਵਿਚ ਡੁਬਦੇ ਦੇਖਿਆ ਤਾਂ ਕੰਢੇ ਤੇ ਰਹਿ ਕੇ ਬਾਕੀਆਂ ਨੂੰ ਬਚਾਉਣ ਦਾ ਫਿਕਰ ਹੋਇਆ। ਇਸ ਮਾਨਸਿਕ ਸਥਿਤੀ ਦੀਆਂ ਹੀ ਜੰਮ-ਪਲ ਉਹ ਸਾਰੀਆਂ ਧਾਰਮਿਕ ਸੁਧਾਰਵਾਦੀ ਲਹਿਰਾਂ ਹਨ, ਜਿਨ੍ਹਾਂ ਦਾ ਚਰਚਾ ਅਸੀਂ ਇਸ ਅਧਿਆਇ ਵਿਚ ਕਰਨ ਦਾ ਯਤਨ ਕਰ ਰਹੇ ਹਾਂ।

(2) ਦੂਜਾ ਕਾਰਨ, ਪੱਛਮੀ ਵਿਦਿਆ ਦਾ ਪਸਾਰ ਅਤੇ ਨਵੇਂ ਰਾਜ-ਪ੍ਰਬੰਧਕੀ ਢਾਂਚੇ ਵਿਚ ਪੱਛਮੀ ਢੰਗ ਦੀਆਂ ਸੰਸਥਾਵਾਂ ਦੀ ਸਥਾਪਨਾ, ਪੱਛਮੀ ਗਿਆਨ ਅਤੇ ਵਿਗਿਆਨ ਦੇ ਫੈਲਾ ਨਾਲ ਜੀਵਨ ਵਿਚ ਆਇਆ ਨਵਾਂ, ਉਦਾਰ ਤੇ ਉਸਾਰੂ ਦ੍ਰਿਸ਼ਟੀਕੋਣ, ਕੁਝ ਕੁ ਅਜਿਹੇ ਤੱਥ ਹਨ, ਜਿਨ੍ਹਾਂ ਦੇ ਗਤੀ-ਜਾਲ ਵਿਚ ਜਾਤੀ ਹਿਤਾਂ ਦੀ ਸੁਰੱਖਿਅਤਾ ਅਤੇ ਸੰਪਰਦਾਇਕ ਭਾਵਨਾਵਾਂ ਦੀ ਪ੍ਰਤਿਪਾਲਣਾ, ਹਰ ਕੌਮ ਦਾ ਮੂਲ ਲਕਸ਼ ਬਣ ਗਈ। ਵਿੱਦਿਅਕ ਖੇਤਰ ਵਿਚ ਹੋਰ ਜਾਤੀਆਂ ਨਾਲੋਂ ਅੱਗੇ ਵਧਣ ਦੀ ਲੋੜ ਤੇ ਦੌੜ, ਸੰਸਥਾਗਤ ਰਾਜ-ਪ੍ਰਬੰਧੀ ਢਾਂਚੇ ਵਿਚ ਆਪਣੀ ਜਾਤੀ ਲਈ ਵੱਧ ਤੋਂ ਵੱਧ ਪ੍ਰਤਿਨਿਧਤਾ ਪ੍ਰਾਪਤ ਕਰਨ ਲਈ ਹਰ ਜਾਇਜ਼ ਨਾਜਾਇਜ਼, ਸਿੱਧਾ ਤੇ ਅਸਿੱਧਾ ਹੰਭਲਾ, ਨਵੇਂ ਅੰਗਰੇਜ਼ ਮਾਲਕਾਂ ਪ੍ਰਤੀ,

---

78. Archer John Clark.," They denounced the heathen scriptures, the Quran, the Shastras and the Granth and condemned as false guides in morals and religious, the Bhagat, the Sufi, Sadhus and Mahants."

'The Sikhs', Princeton-1946,p.266.

ਜਿਨ੍ਹਾਂ ਦੀ ਸ੍ਰੇਸ਼ਟ ਸੈਨਿਕ ਸ਼ਕਤੀ ਤੋਂ ਕਾਇਲ ਹੋ ਕੇ ਉਹ ਸਿੱਥਲ ਹੋ ਚੁੱਕੇ ਸਨ, ਦੁਆਰਾ ਲਿਆਂਦਾ ਗਿਆ ਪੱਛਮੀ ਗਿਆਨ, ਜਿਹੜਾ ਉਨ੍ਹਾਂ ਨੂੰ ਪ੍ਰਗਤੀ ਲਈ ਕਲਿਆਣਕਾਰੀ ਪ੍ਰਤੀਤ ਹੋ ਰਿਹਾ ਸੀ ਅਤੇ ਵਿਗਿਆਨ ਜਿਸ ਦੇ ਉਹ ਚਮਤਕਾਰ ਰੇਲਾਂ, ਤਾਰਾਂ ਆਦਿ ਦੇ ਰੂਪ ਵਿੱਚ ਪ੍ਰਤੱਖ ਦੇਖ ਰਹੇ ਸਨ, ਉਨ੍ਹਾਂ ਦਾ ਰਵਈਆ ਸ਼ਰਧਾ ਤੇ ਸਤਿਕਾਰ ਪੂਰਨ ਹੋ ਗਿਆ, ਉਨ੍ਹਾਂ ਦੀ ਖੁਸ਼ਨੂਦੀ ਤੇ ਸਰਪ੍ਰਸਤੀ ਹਾਸਿਲ ਕਰਨ ਲਈ ਸਾਰੀਆਂ ਜ਼ਾਤੀਆਂ ਇਕ ਦੂਜੇ ਤੋਂ ਅੱਗੇ ਅੱਗੇ ਹੋਣ ਲਗੀਆਂ ਤੇ ਆਪੋ ਆਪਣੀ ਵਫ਼ਾਦਾਰੀ ਜਤਲਾਉਣ ਲਈ ਦੂਜੀਆਂ ਦੀ ਹੇਠੀ ਕਰਨ ਤੇ ਤੁਲ ਪਈਆਂ।

(3) 'ਪਾੜੋ ਤੇ ਰਾਜ ਕਰੋ' ਭਾਰਤ ਵਿਚ ਅੰਗਰੇਜ਼ੀ ਸਾਮਰਾਜ ਦੀ ਵ੍ਰਿਧੀ ਅਤੇ ਸਫਲ ਪਰਚਲਨ ਲਈ ਮੂਲ ਨੀਤੀ-ਆਦੇਸ਼ ਸੀ । 1857 ਈ. ਦੇ ਗਦਰ ਤੋਂ ਪਿੱਛੋਂ ਇਸ ਨੀਤੀ ਨੂੰ ਹੋਰ ਵੀ ਕੁਟਿਲਤਾ ਤੇ ਸੁਘੜਤਾ ਨਾਲ ਅਪਣਾਇਆ ਗਿਆ। ਅੰਤਰ-ਪ੍ਰਾਂਤਕ, ਅੰਤਰ-ਜਾਤੀ, ਹਰ ਜਾਤੀ ਦੇ ਅਗੋਂ ਅੰਦਰੂਨੀ ਵਖੇਵੇਂ ਤੇ ਝਗੜੇ, ਪੜ੍ਹੇ ਤੇ ਅਨਪੜ੍ਹੇ, ਸ਼ਹਿਰੀ ਤੇ ਪੇਂਡੂ, ਅਮੀਰ ਤੇ ਗ਼ਰੀਬ, ਪਰੰਪਰਾ-ਵਾਦੀ ਤੇ ਅਗਰਗਾਮੀ, ਪ੍ਰਗਤੀਵਾਦੀ ਤੇ ਪ੍ਰਤਿਕਿਰਿਆ-ਵਾਦੀ, ਗੱਲ ਕੀ ਹਰ ਵਰਗ ਵਿਸ਼ੇਸ਼ ਵਲ ਅਜਿਹੀ ਨੀਤੀ ਅਪਨਾਉਣੀ ਕਿ ਉਸ ਨੂੰ ਸਿਵਾਇ ਆਪਣੇ ਹਿੱਤਾਂ ਦੇ ਹੋਰ ਕੁਝ ਵੀ ਨਾ ਸੁਝੇ ਅਤੇ ਖੂਬੀ ਇਹ ਕਿ ਸਦਾ ਆਪਣੀ ਨਿਰਪੱਖਤਾ, ਨਿਰਲੇਪਤਾ ਅਤੇ ਨਿਰਚੇਸ਼ਟਤਾ ਦਾ ਪ੍ਰਭਾਵ ਦੇਣਾ, ਅੰਗਰੇਜ਼ੀ ਨੀਤੀ ਦਾ ਸ਼ਕਤੀਸ਼ਾਲੀ ਹਥਿਆਰ ਸੀ।

(4) ਪਰੰਪਰਾ ਨਾਲ ਬੱਝੇ ਹੋਏ ਲੋਕਾਂ ਦੀ ਅਗਿਆਨਤਾ ਦਾ ਲਾਭ ਉਠਾ ਕੇ ਆਪਣੇ ਸੁਆਰਥ ਦੀ ਪੂਰਤੀ ਕਰਨ ਵਾਲਿਆਂ ਦੇ ਹਿਤ ਅਗਰ-ਗਾਮੀਆਂ ਤੇ ਸੁਧਾਰਵਾਦੀਆਂ ਨਾਲ ਸਦਾ ਹੀ ਟਕਰਾਉਂਦੇ ਆਏ ਹਨ। ਇਹ ਟੱਕਰ ਆਪਣੇ ਘੋਰ ਤੇ ਵਿਕਰਾਲ ਰੂਪ ਵਿਚ ਇਸ ਕਾਲ ਵਿਚ ਪਹਿਲੀ ਵਾਰੀ ਸਪੱਸ਼ਟ ਤੌਰ ਤੇ ਉਘੜ ਕੇ ਸਾਹਮਣੇ ਆਈ।

(5) ਪੱਛਮੀ ਸਭਿਅਤਾ ਦੇ ਪ੍ਰਭਾਵਾਂ ਤੋਂ ਆਪੋ ਆਪਣੇ ਧਰਮਾਂ ਤੇ ਰਹੁ-ਰੀਤਾਂ ਨੂੰ ਬਚਾਉਣ ਅਤੇ ਪਵਿੱਤਰ ਰੱਖਣ ਦੀ ਰੀਝ ਨੇ ਵੀ ਕਾਫ਼ੀ ਖਿਚੋਤਾਣ ਪੈਦਾ ਕੀਤੀ। ਕਲਿਆਣ ਜਾਂ ਮੁਕਤੀ ਦਾ ਮੂਲ-ਰੂਪ ਸਾਧਨ, ਆਪਣੇ ਭੂਤ, ਆਪਣੀ ਸੰਸਕ੍ਰਿਤੀ ਤੇ ਆਪਣੇ ਗਿਆਨ ਭੰਡਾਰੇ ਵਿੱਚੋਂ ਲੱਭਣਾ ਤੇ ਉਸੇ ਦੀ ਸ੍ਰੇਸ਼ਟਤਾ ਦੇ ਸੋਹਿਲੇ ਗਾਉਣੇ ਜਾਂ ਫੇਰ ਹਰ ਪ੍ਰਕਾਰ ਦੀਆਂ ਨਵੀਨਤਮ ਕਾਢਾਂ, ਮੰਤਰਾਂ ਤੇ ਗਿਆਨ ਕਿਰਨਾਂ ਦਾ ਸ੍ਰੋਤ ਆਪਣੇ ਪੁਰਾਤਨ ਧਾਰਮਿਕ ਰਿਸ਼ੀਆਂ ਨੂੰ ਦੱਸ ਕੇ, ਗੌਰਵ ਮਹਿਸੂਸ ਕਰਨਾ, ਤੇ ਨਵੀਨਤਾ ਨੂੰ ਅਪਸਾਰਤਾ ਦੱਸ ਕੇ ਲੋਕਾਂ ਨੂੰ ਗੁੰਮਰਾਹ ਕਰਨਾ।

(6) ਕਿਸੇ ਧਰਮ ਦੀ ਸ੍ਰੇਸ਼ਟਤਾ, ਉਤਮਤਾ ਤੇ ਪ੍ਰਭੁੱਤਾ ਦਾ ਅਨੁਮਾਨ ਇਸ ਗਲ ਤੋਂ ਲਾਉਣਾ ਕਿ ਉਸ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਕਿੰਨੀ ਹੈ, ਅਤੇ ਕੀ ਇਹ ਗਿਣਤੀ ਘਟ ਰਹੀ ਹੈ ਜਾਂ ਵਧ ਰਹੀ ਹੈ। ਜੇ ਵੱਧ ਰਹੀ ਹੋਵੇ ਤਾਂ ਉਸ ਦੇ ਭਵਿੱਖ ਵਿਚ ਪੈ ਸਕਣ ਵਾਲੇ ਪ੍ਰਭਾਵਾਂ ਤੋਂ ਸੁਚੇਤ

ਹੋਣਾ ਅਤੇ ਜੇ ਘਟ ਰਹੀ ਹੋਵੇ ਤਾਂ ਉਸ ਦਾ ਪੂਰਾ-ਖੋਜ ਛੇਤੀ ਹੀ ਮਿਟ ਜਾਣ ਸੰਬੰਧੀ ਭਵਿੱਖ-ਬਾਣੀ, ਵੀ ਅੰਤਰ-ਜਾਤੀ ਸੰਬੰਧਾਂ ਨੂੰ ਨਿਰਧਾਰਤ ਕਰਦੀ ਹੈ, ਕਿਉਂਜੋ ਇਸ ਗਿਣਤੀ ਉਤੇ ਹੀ ਸਰਕਾਰੀ ਨੌਕਰੀਆਂ ਤੇ ਰਾਜ-ਭਾਗ ਵਿਚ ਭਾਈਵਾਲਤਾ ਨਿਰਭਰ ਹੁੰਦੀ ਹੈ।

(7) ਭਾਰਤੀਆਂ ਵਿਚ ਸਾਂਝੀ ਕੌਮੀਅਤ ਦੇ ਭਾਵ ਅਜੇ ਜਾਗੇ ਨਹੀਂ ਸਨ, ਇਸ ਲਈ ਸਾਂਝਾ ਮਨੋਰਥ ਸਾਹਮਣੇ ਕੋਈ ਹੈ ਨਹੀਂ ਸੀ। ਰਾਸ਼ਟਰਵਾਦ, ਅੰਤਰ-ਰਾਸ਼ਟਰਵਾਦ, ਜਾਂ ਏਥੋਂ ਤਕ ਕਿ ਮਾਨਵਵਾਦ ਦਾ ਵੀ ਕੋਈ ਸੰਕਲਪ ਅਜੇ ਉਭਰਿਆ ਨਹੀਂ ਸੀ। ਧਾਰਮਿਕ ਚੇਤੰਨਤਾ ਨੇ ਸੰਪਰਦਾਇਕਤਾ ਨੂੰ ਜਨਮ ਦਿੱਤਾ ਸੀ ਅਤੇ ਆਪੋ ਆਪਣੇ ਸੰਪਰਦਾਇਕ ਹਿਤਾਂ ਤਕ ਹੀ ਸਾਰੇ ਲੋਕਾਂ ਦੀ ਸੋਚ ਸੀਮਤ ਸੀ।

ਉਪ੍ਰੋਕਤ ਤੱਥਾਂ ਦੇ ਆਧਾਰ ਤੇ ਹੀ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸਿੱਖਾਂ ਤੇ ਹੋਰ ਜਾਤੀਆਂ ਦੇ ਆਪਸੀ ਸੰਬੰਧਾਂ ਨੂੰ ਬਿਆਨ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ।

## ਈਸਾਈ ਤੇ ਸਿੱਖ:

ਪੰਜਾਬ ਵਿਚ ਈਸਾਈ ਲਹਿਰ ਵਾਲੇ ਅਧਿਆਇ ਵਿਚ ਦੱਸਿਆ ਜਾ ਚੁਕਾ ਹੈ ਕਿ ਕਿਵੇਂ ਈਸਾਈ ਪ੍ਰਚਾਰਕਾਂ ਨੇ ਭੋਲੀ ਭਾਲੀ ਪੇਂਡੂ ਸਿੱਖ ਜਨਤਾ ਨੂੰ ਗੁਮਰਾਹ ਕਰ ਕੇ, ਈਸਾਈ ਬਨਾਉਣ ਦੀ ਜ਼ੋਰਦਾਰ ਮੁਹਿੰਮ ਸ਼ੁਰੂ ਕੀਤੀ ਅਤੇ ਭਵਿੱਖ-ਬਾਣੀ ਕੀਤੀ ਕਿ ਕੁਝ ਵਰ੍ਹਿਆਂ ਦੇ ਅੰਦਰ ਅੰਦਰ 'ਮਾਝਾ ਤੇ ਮਾਲਵਾ' ( ਸਿਖ ਵਸੋਂ ਵਾਲੇ ਇਲਾਕੇ) ਈਸਾਈ ਮੱਤ ਗ੍ਰਹਿਣ ਕਰ ਲਵੇਗਾ।

(ੳ) ਜਾਗੀਰਦਾਰ, ਰਜਵਾੜੇ ਤੇ ਉੱਚੀਆਂ ਪਦਵੀਆਂ ਵਾਲੇ ਸਰਦਾਰ ਆਪਣੀਆਂ ਜਾਇਦਾਦਾਂ, ਅਹੁਦਿਆਂ ਤੇ ਮਾਣ-ਪ੍ਰਤਿਸ਼ਠਾ ਨੂੰ ਸੁਰੱਖਿਅਤ ਰੱਖਣ ਲਈ ਈਸਾਈ ਬਣ ਰਹੇ ਸਨ।

(ਅ) ਨੀਵੀਆਂ ਜਾਂ ਲਤਾੜੀਆਂ ਹੋਈਆਂ ਜਾਤੀਆਂ, ਆਪਣੇ ਸਮਾਜਕ ਰੁਤਬੇ ਤੇ ਆਰਥਕ ਲਾਭਾਂ ਲਈ ਈਸਾਈ ਮਤ ਵੱਲੋਂ ਖਿੱਚੇ ਜਾ ਰਹੇ ਸਨ।

(ੲ) ਈਸਾਈ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਨ ਵਾਲੇ ਵਿਦਿਆਰਥੀ ਮਿਸ਼ਨਰੀਆਂ ਦੇ ਪਰਚਾਰ ਤੋਂ ਪ੍ਰਭਾਵਤ ਹੋ ਕੇ ਅਜਿਹਾ ਕਰ ਰਹੇ ਸਨ।

ਕੁਝ ਮਿਸ਼ਨਰੀਆਂ ਨੇ ਬੜੇ ਸੂਖਮ ਢੰਗ ਨਾਲ ਗੁਰਬਾਣੀ ਤੇ ਸਿੱਖ ਗੁਰੂਆਂ ਦੀ ਸਿੱਖਿਆ ਨੂੰ ਲੈ ਕੇ, ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ —

(1) ਸਿੱਖ ਮੱਤ ਕੋਲ ਅਜੋਕੇ ਸੰਸਾਰ ਨੂੰ ਦੇਣ ਲਈ ਕੁਝ ਵੀ ਨਵਾਂ ਨਹੀਂ;

(2) ਸਾਰੇ ਸਿੱਖ ਗੁਰੂ ਈਸਾਈ ਮਤ ਤੋਂ ਪ੍ਰਭਾਵਤ ਹੋਏ ਸਨ।

(3) ਸਿੱਖੀ ਦੇ ਦਾਰਸ਼ਨਿਕ ਸਿੱਧਾਂਤ ਬਾਈਬਲ ਵਿਚੋਂ ਮਾਂਗਵੇਂ ਲਏ ਗਏ ਹਨ।[79]

ਏਥੋਂ ਤਕ ਕਿ ਦਸਮ ਗ੍ਰੰਥ ਦੀ ਇਹ ਤੁਕ "ਸ੍ਰੀ ਅਸਕੇਤ ਜਗਤ ਕੇ ਈਸਾ" ਦਾ ਹਵਾਲਾ ਦੇ ਕੇ ਮਿਸ਼ਨਰੀਆਂ ਨੇ ਇਹ ਆਖਣਾ ਸ਼ੁਰੂ ਕਰ ਦਿੱਤਾ ਕਿ ਇਸ ਤੁਕ ਰਾਹੀਂ ਈਸਾ ਦੀ ਵਡਿਆਈ ਕੀਤੀ ਗਈ ਹੈ।

ਸਿੱਖ ਵਿਦਵਾਨਾਂ, ਸਿੰਘ ਸਭਾ ਦੇ ਆਗੂਆਂ ਅਤੇ ਪੰਥ-ਦਰਦੀਆਂ ਨੇ ਬੜੀ ਦ੍ਰਿੜ੍ਹਤਾ ਨਾਲ ਈਸਾਈਅਤ ਦੇ ਹੜ੍ਹ ਨੂੰ ਰੋਕਿਆ ਅਤੇ ਅਖ਼ਬਾਰਾਂ, ਟ੍ਰੈਕਟਾਂ ਤੇ ਭਾਸ਼ਨਾਂ ਦੁਆਰਾ ਸਭ ਹੱਲਿਆਂ ਦਾ ਟਾਕਰਾ ਕੀਤਾ। ਐਸੇ ਸੰਬੰਧ ਵਿਚ ਦੋ ਪੁਸਤਕਾਂ ਦਾ ਵਿਸ਼ੇਸ਼ ਤੌਰ ਤੇ ਵਰਣਨ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ:-

(1) ਭਾਈ ਰੰਗਾ ਸਿੰਘ ਦੀ ਪੁਸਤਕ "ਈਸਾਈ ਪ੍ਰਬੋਧ" ਜਿਸ ਵਿਚ ਈਸਾਈ ਤੇ ਸਿੱਖ ਪਾਤਰਾਂ ਦੀ ਆਪੋ ਆਪਣੇ ਧਰਮਾਂ ਸੰਬੰਧੀ ਵਾਰਤਾਲਾਪ ਕਰਵਾ ਕੇ ਅਖ਼ੀਰ ਵਿਚ ਸਿੱਖੀ ਦੀ ਵਿਸ਼ੇਸ਼ਤਾ ਸਿੱਧ ਕੀਤੀ ਗਈ ਹੈ।

(2) ਸਰਦਾਰ ਠਾਕਰ ਸਿੰਘ ਦੀ ਪੁਸਤਕ :- ਕੰਪੈਰੇਜ਼ਨ ਔਫ ਗੁਰੂ ਨਾਨਕ ਐਂਡ ਜੀਸਸ ਕ੍ਰਾਈਸਟ "।

## ਮੁਸਲਮਾਨ ਤੇ ਸਿੱਖ:

ਮੁਸਲਮਾਨਾਂ ਦੀ ਮਿਰਜ਼ਾ ਗ਼ੁਲਾਮ ਅਹਿਮਦ ਵਲੋਂ ਚਲਾਈ ਗਈ ਲਹਿਰ 'ਜਮਾਇਤੇ-ਅਹਿਮਦੀਆਂ' ਜਾਂ ਕਾਦਿਆਨੀ ਲਹਿਰ, ਪੰਜਾਬ ਦੀ ਇਕ ਹੋਰ ਸਿੱਖ ਵਿਰੋਧੀ ਲਹਿਰ ਹੈ, ਜਿਸ

---

79. Pandit Valjee: " Nanak Sahib and his followers taking many things from Bible, inserted them in the Adi-Granth, in the altered form. All these Biblical texts shine in the Adi-Granth like a star shining in the darkness. The Sikhs appear to be satisfied with this glimmering light and consider their Shastra and their knowledge to be perfect, but if one were to look at their things without prejudice, he will have to acknowledge that the Adi-Granth has the Bible for its original source. The Bible is Divine and a perfect treasure for Salvation. So our readers will make a comparison between it and the Adi-Granth and when they find where truth has, they will accept it with a true heart, for by so doing they will be abundantly profitted, both in this world and the world to come."
Hari Charitra or Comparison between the Adi-Granth and the Bible-Ludhiana- 1894.

ਨੇ ਸਾਰਾ ਜ਼ੋਰ ਇਸ ਗੱਲ ਤੇ ਲਾਇਆ ਹੈ ਕਿ ਗੁਰੂ ਨਾਨਕ ਸਾਹਿਬ ਮੁਸਲਮਾਨ ਸਨ ਅਤੇ ਉਨ੍ਹਾਂ ਨੇ ਹਿੰਦੂਆਂ ਨੂੰ ਇਸਲਾਮ ਦੀ ਉੱਚਤਾ ਨੂੰ ਦਰਸਾਉਣ ਤੇ ਦ੍ਰਿੜ੍ਹਾਉਣ ਲਈ ਹੀ ਜਨਮ ਧਾਰਿਆ।[80]

ਮਿਰਜ਼ਾ ਗੁਲਾਮ ਅਹਿਮਦ ਦੀ ਪੁਸਤਕ "ਸਤ ਬਚਨ" ਵਿਚ ਵੀ ਇਹੀ ਸਿੱਧਾਂਤ ਪੇਸ਼ ਕੀਤਾ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਮੁਸਲਮਾਨ ਸ਼ਨ ਅਤੇ ਉਨ੍ਹਾਂ ਦੁਆਰਾ ਚਲਾਇਆ ਗਿਆ ਸਿੱਖ ਧਰਮ ਇਸਲਾਮ ਦਾ ਹੀ ਇਕ ਅੰਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ 'ਕੁਰਾਨ ਸ਼ਰੀਫ਼' ਦੀ ਵਿਆਖਿਆ ਹੀ ਹੈ ਅਤੇ ਗੁਰੂ ਨਾਨਕ ਦੇਵ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਲਈ ਸਾਰੀ ਉਮਰ ਪ੍ਰਚਾਰ ਕਰਦੇ ਰਹੇ।[81]

ਯੂਸਫ਼ ਸ਼ੇਖ ਮੁਹੰਮਦ ਨੇ ਵੀ ਆਪਣੀ ਪੁਸਤਕ 'ਤਾਰੀਖਿ ਗੁਰੂ ਗ੍ਰੰਥ ਸਾਹਿਬ' ਵਿਚ ਏਸੇ ਸਿੱਧਾਂਤ ਨੂੰ ਦ੍ਰਿੜ੍ਹਾਉਣ ਉੱਤੇ ਸਾਰਾ ਜ਼ੋਰ ਲਾਇਆ ਕਿ 'ਗੁਰੂ ਗ੍ਰੰਥ ਸਾਹਿਬ ਇਸਲਾਮ ਦੀਆਂ ਵਾਸਤਵਿਕ ਭਾਵਨਾਵਾਂ ਦੀ ਸਿਖਿਆ ਦਿੰਦਾ ਹੈ।"

ਸਿੰਘ ਸਭਾ ਨੇ ਮਿਰਜ਼ਈਆਂ ਦੇ ਇਸ ਕੁਫ਼ਰ ਦਾ ਵੀ ਮੂੰਹ ਤੋੜ ਜਵਾਬ ਦਿੱਤਾ ਤੇ ਇਸ ਦੰਭ ਦਾ ਪੂਰਨ ਨਿਵਾਰਨ ਕਰਕੇ ਸਿੱਖਾਂ ਨੂੰ ਇਸ ਲਹਿਰ ਦੇ ਮਨੋਰਥਾਂ ਤੋਂ ਖ਼ਬਰਦਾਰ ਕੀਤਾ।[82] ਮਿਰਜ਼ਈਆਂ ਨੇ ਸਿਖਾਂ ਨੂੰ ਮੁਸਲਮਾਨ ਬਨਾਉਣਾ ਸ਼ੁਰੂ ਕਰ ਦਿਤਾ ਅਤੇ ਬਟਾਲੇ ਦੇ ਨੇੜੇ ਦੇ ਪਿੰਡਾਂ ਦੇ ਕੁਝ ਸਿੱਖ ਪਰਿਵਾਰਾਂ ਦੇ ਕੇਸ ਕਤਲ ਕਰ ਕੇ ਉਨ੍ਹਾਂ ਨੂੰ ਗਊ ਮਾਸ ਖਲਾਉਣ ਲਗ ਪਏ। ਪਰ ਛੇਤੀ ਹੀ ਪਤਿਤ ਹੋਏ ਸਿੱਖ ਮੁੜ ਸਿੰਘ ਸੱਜ ਗਏ। ਸਿੱਖਾਂ ਦੀ ਤਿੰਨ ਸੌ ਵਰ੍ਹਿਆਂ ਦੀ ਲਗਾਤਾਰ ਟੱਕਰ ਕਾਰਨ, ਮੁਸਲਮਾਨਾਂ ਵਲ ਘ੍ਰਿਣਾ ਤੇ ਕਰੁਚੀ ਬੜੀ ਸੁਭਾਵਿਕ ਸੀ। ਇਸ ਲਈ ਵਡੀ ਗਿਣਤੀ ਵਿਚ ਸਿੱਖ ਇਨ੍ਹਾਂ ਦੇ ਪ੍ਰਭਾਵ ਹੇਠ ਨਾ ਆ ਸਕੇ।

## ਹਿੰਦੂ ਅਤੇ ਸਿੱਖ

ਦੋ ਹੋਰ[83] ਸੁਧਾਰਕ ਲਹਿਰਾਂ 'ਬ੍ਰਹਮੋ ਸਮਾਜ' ਅਤੇ 'ਦੇਵ ਸਮਾਜ' ਵੀ ਪੰਜਾਬ ਵਿੱਚ ਇਨ੍ਹਾਂ ਦਿਨਾਂ ਵਿਚ ਉੱਠੀਆਂ, ਪਰ ਇਨ੍ਹਾਂ ਦਾ ਬਹੁਤਾ ਪ੍ਰਭਾਵ ਹਿੰਦੂ ਜਨਤਾ ਤਕ ਹੀ ਸੀਮਤ ਰਿਹਾ। ਸਿੱਖਾਂ

---

80. Welter H.A." Mirza claimed to have made the unique discovery that Guru Nanak was genuine and acknowledged Muslim and was sent to teach the Hindus, the truth of Islam. " 'The Ahmadiya Movement', Calcutta-1918,p.133.

81. Greenlees Duncan- "Mirza Ghulam Ahmed is putting an extra-ordinary claim that Granth Sahib is simply a sort of commentary on the Quran Sharif and that Nanak was simply a Muslim, preaching Islam to convert the Hindus." ' The Gospal of Guru Granth Sahib'- Madras-1952,p.CLXXV.

ਵਿੱਚੋਂ ਦਿਆਲ ਸਿੰਘ ਮਜੀਠੀਆ ਬ੍ਰਹਮੋ ਸਮਾਜੀ ਬਣ ਗਏ ਅਤੇ ਦੇਵ ਸਮਾਜੀਆਂ ਨੇ ਸਿੱਖ ਵਸੋਂ ਵਾਲੇ ਇਲਾਕਿਆਂ ਵਿਚ ਈਸਾਈ ਮਿਸ਼ਨਰੀਆਂ ਵਾਂਗ ਸਕੂਲ ਖੋਲ੍ਹ ਕੇ, ਆਪਣੇ ਪ੍ਰਭਾਵ ਖੇਤਰ ਨੂੰ ਵਧਾਉਣ ਦਾ ਯਤਨ ਕੀਤਾ। ਸਿੰਘ ਸਭਾ ਦੇ ਪ੍ਰਚਾਰ ਸਦਕਾ ਸਿੱਖਾਂ ਵਿਚ ਇਹ ਲਹਿਰਾਂ ~~ਅਸਰਦਾਰ~~ ਅਸਰਦਾਰ ਨਾ ਬਣ ਸਕੀਆਂ।

## ਆਰੀਆ ਸਮਾਜ ਤੇ ਸਿੱਖ:[84]

ਈਸਾਈ ਮਿਸ਼ਨਰੀਆਂ ਨੂੰ ਛੱਡ ਕੇ ਸਭ ਤੋਂ ਵੱਧ ਗੰਭੀਰ ਤੇ ਨਿਰੰਤਰ ਵਿਰੋਧ ਵਾਲੀ ਆਰੀਆ ਸਮਾਜੀ ਲਹਿਰ ਹੈ, ਜਿਸ ਨਾਲ ਲਗਭਗ ਪਿਛਲੇ ਇਕ ਸੌ ਸਾਲ ਤੋਂ ਵੱਖ ਵੱਖ ਸਿੱਧਾਂਤਕ, ਸੰਪਰਦਾਇਕ ਤੇ ਸਭਿਆਚਾਰਕ ਮਾਮਲਿਆਂ ਸੰਬੰਧੀ ਸਿੱਖਾਂ ਦੀ ਟੱਕਰ ਤੁਰੀ ਆ ਰਹੀ ਹੈ। ਇਸ ਵਿਰੋਧ ਜਾਂ ਟੱਕਰ ਦਾ ਰੂਪ ਤੇ ਸਰੂਪ ਤਾਂ ਸਮੇਂ ਸਮੇਂ ਬਦਲਦਾ ਰਿਹਾ, ਪਰ ਮੂਲ ਮਤ-ਭੇਦ ਅੱਜ ਤਕ ਵੀ ਚਲੇ ਆ ਰਹੇ ਹਨ। ਇਨ੍ਹਾਂ ਵਿਰੋਧਾਂ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਵਿਸਤਾਰ ਸਹਿਤ ਵਿਚਾਰਨ ਨਾਲ ਜਿੱਥੇ ਸਿੰਘ ਸਭਾ ਦੀ ਸਮੁੱਚੀ ਘਾਲਣਾ ਉਘੜ ਕੇ ਸਾਹਮਣੇ ਆ ਜਾਂਦੀ ਹੈ, ਉਥੇ ਹਿੰਦੂ ਸਿੱਖ ਸੰਬੰਧਾਂ ਦਾ ਅਸਲੀ ਸਰੂਪ ਅਤੇ ਵਿਰੋਧ ਦਾ ਕਾਰਣ ਵੀ ਸਪੱਸ਼ਟ ਹੋ ਜਾਂਦਾ ਹੈ।

ਸੁਆਮੀ ਦਯਾ ਨੰਦ ਦੀ ਪੰਜਾਬ ਫੇਰੀ ਅਤੇ ਆਰੀਆ ਸਮਾਜ ਦੀ ਏਸ ਪ੍ਰਾਂਤ ਵਿਚ ਸਥਾਪਨਾ ਤੋਂ ਪਹਿਲਾਂ ਹਿੰਦੂਆਂ ਤੇ ਸਿੱਖਾਂ ਵਿੱਚ ਬਹੁਤ ਪਿਆਰ ਸੀ।[85] ਸਿੱਖ ਧਰਮ ਅਸਥਾਨਾਂ ਤੇ ਹਿੰਦੂ ਸਭ

---

82. 'ਖਾਲਸਾ ਧਰਮ ਪ੍ਰਚਾਰਕ' ਦੇ 12 ਜਨਵਰੀ 1896 ਈ. ਦੇ ਅੰਕ ਵਿਚ ਇਸ ਸੰਬੰਧੀ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਹੈ।
83. ਇਨ੍ਹਾਂ ਲਹਿਰਾਂ ਸੰਬੰਧੀ ਵਿਸਤਾਰ ਪੂਰਵਕ ਚਰਚਾ ' ਹਿੰਦੂਆਂ ਦੀਆਂ ਸੁਧਾਰਕ ਲਹਿਰਾਂ' ਦੇ ਸਿਰਲੇਖ ਹੇਠ ਕੀਤਾ ਗਿਆ ਹੈ।
84. ਆਰੀਆ ਸਮਾਜ ਲਹਿਰ ਸੰਬੰਧੀ ਸੰਪੂਰਨ ਜਾਣਕਾਰੀ ਵੀ ਹਿੰਦੂ ਸੁਧਾਰਕ ਲਹਿਰਾਂ ਦੇ ਸਿਰਲੇਖ ਹੇਠ ਦਿੱਤੀ ਗਈ ਹੈ।
85. "ਹਿੰਦੂ ਸਿੱਖ ਉਦੋਂ ਇਕ ਸਨ । ਹਿੰਦੂ ਵੀਰ ਤੇ ਭੈਣਾਂ ਗੁਰਮੁਖੀ ਪੜ੍ਹਦੇ ਸਨ, ਗੁਰਬਾਣੀ ਪੜ੍ਹਦੇ ਸਨ, ਗੁਰਦੁਆਰੇ ਆਉਂਦੇ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਸਨ , ਗੁਰਪੁਰਬਾਂ ਸਮੇਂ ਹਿੰਦੂ ਸਿਖ ਰਲ ਕੇ ਇਹੋ ਜਿਹੀਆਂ ਕਵਿਤਾਵਾਂ ਪੜ੍ਹਿਆ ਕਰਦੇ ਸਨ:-

    ਜਬ ਕੀ ਕਹੋਂ, ਨਾ ਤਬ ਕੀ ਕਹੋਂ, ਬਾਤ ਕਹੂੰਗਾ ਅੱਬ ਕੀ
    ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ ।" —

ਹਰਨਾਮ ਸਿੰਘ, " ਸਿੰਘ ਸਭਾ ਲਹਿਰ ਵੇਲੇ ਦੀਆਂ ਗੱਲਾਂ " ਖਾਲਸਾ ਐਡਵੋਕੇਟ, ਅੰਮ੍ਰਿਤਸਰ, 12 ਦਸੰਬਰ, 1966.

ਰਹੁ-ਰੀਤਾਂ ਨਿਭਾਉਂਦੇ ਸਨ, ਸਾਰੇ ਤਿਉਹਾਰ ਸਾਂਝੇ ਮਨਾਏ ਜਾਂਦੇ ਸਨ, ਹਿੰਦੂਆਂ ਸਿੱਖਾਂ ਵਿਚ ਵਿਆਹ-ਸ਼ਾਦੀਆਂ ਆਮ ਹੁੰਦੀਆਂ ਸਨ, ਸਾਰੇ ਇਤਿਹਾਸਕ ਤੇ ਮਿਥਿਹਾਸਕ ਨਾਇਕਾਂ ਤੇ ਗੁਰੂਆਂ ਅਵਤਾਰਾਂ ਦੀ ਸਾਂਝੀ ਮਾਨਤਾ ਹੁੰਦੀ ਸੀ। ਗਲ ਕੀ ਹਿੰਦੂਆਂ ਤੇ ਸਿੱਖਾਂ ਵਿਚ ਕਿਸੇ ਪ੍ਰਕਾਰ ਦੀ ਹੱਦ ਖਿੱਚਣੀ ਸੰਭਵ ਨਹੀਂ ਸੀ, ਸਿਵਾਇ ਕੇਸਾਂ ਦਾੜ੍ਹੀਆਂ ਦੇ।[86]

ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਉਪ੍ਰੰਤ, ਅੰਗਰੇਜ਼ੀ ਪੜ੍ਹੇ ਲਿਖੇ ਬੰਗਾਲੀ ਬਾਬੂ ਸਰਕਾਰੀ ਦਫ਼ਤਰਾਂ ਦਾ ਕੰਮ ਕਾਰ ਚਲਾਉਣ ਲਈ ਉਨ੍ਹਾਂ ਦੇ ਨਾਲ ਆਏ ਅਤੇ ਆਪਣੇ ਨਾਲ 'ਬ੍ਰਹਮੋ ਸਮਾਜ' ਦੀ ਲਹਿਰ ਲਿਆਏ ਜਿਸ ਵਲ ਪੰਜਾਬ ਦੀ ਨਵੀਂ ਪੀੜ੍ਹੀ ਦੇ ਅੰਗਰੇਜ਼ੀ ਪੜ੍ਹੇ ਲਿਖੇ ਹਿੰਦੂ ਖਿਚੇ ਗਏ ਅਤੇ ਉਨ੍ਹਾਂ ਨੇ ਆਧੁਨਿਕਤਾ ਲਈ ਬੰਗਾਲੀਆਂ ਦੇ ਆਦਰਸ਼ ਤੇ ਕੀਮਤਾਂ ਨੂੰ ਅਪਨਾਉਣਾ ਸ਼ੁਰੂ ਕੀਤਾ। ਪਰ ਛੇਤੀ ਹੀ ਇਹ ਪੰਜਾਬੀ 'ਬ੍ਰਹਮੋ ਸਮਾਜ' ਤੋਂ ਹਟ ਕੇ ਆਰੀਆ ਸਮਾਜ ਵਲ ਆਕ੍ਰਸ਼ਤ ਹੋ ਗਏ ਜਿਹੜਾ ਉਨ੍ਹਾਂ ਦੀਆਂ ਭਾਵਨਾਵਾਂ ਦੀ ਵਧੇਰੇ ਚੰਗੀ ਤਰਜਮਾਨੀ ਕਰਨ ਦੀ ਸਮਰੱਥਾ ਰਖਦਾ ਸੀ। ਸਨਾਤਨਵਾਦ ਦੇ ਮੂਰਤੀ ਪੂਜਾ ਅਤੇ ਬ੍ਰਾਹਮਣਾਂ ਦੇ ਕਰਮ ਕਾਂਡੀ ਜਕੜ-ਜਾਲ ਵਿਚੋਂ ਨਿਕਲ ਕੇ ਵੇਦਾਂ ਦੀ ਸਿੱਧੀ ਸਾਦੀ ਸਿੱਖਿਆ, ਜਿਸ ਵਿਚ ਕਿਸੇ ਮੰਦਰ ਜਾਂ ਪੁਜਾਰੀ ਲਈ ਕੋਈ ਥਾਂ ਨਹੀਂ ਸੀ, ਪੰਜਾਬੀਆਂ ਨੂੰ ਖਿੱਚ ਪਾਉਣ ਲੱਗੀ। ਨਵੀਂ ਉਪਜੀ ਪੱਛਮੀ ਢੰਗ ਵਿਚ ਪੜ੍ਹੀ ਲਿਖੀ ਸ਼ਹਿਰੀ ਹਿੰਦੂ ਮੱਧ ਸ਼੍ਰੇਣੀ, ਬੜੀ ਛੇਤੀ ਸਵਾਮੀ ਦਯਾਨੰਦ ਦੀ ਸਿੱਖਿਆ ਤੇ ਪ੍ਰਚਾਰ ਮੁਹਿੰਮ ਵਲ ਖਿੱਚੀ ਗਈ।

ਜਦ ਸੁਆਮੀ ਦਯਾ ਨੰਦ 1877 ਈ. ਵਿਚ ਪਹਿਲੀ ਵਾਰੀ ਲਾਹੌਰ ਆਏ ਤਾਂ ਏਥੋਂ ਦੇ ਬੰਗਾਲੀਆਂ ਤੇ ਹਿੰਦੂਆਂ ਤੋਂ ਬਿਨਾਂ ਸਿੱਖਾਂ ਦੇ ਕੁਝ ਉੱਘੇ ਆਗੂਆਂ, ਵਿਸ਼ੇਸ਼ ਤੌਰ ਤੇ ਸ. ਬਿਕਰਮ ਸਿੰਘ ਆਹਲੂਵਾਲੀਆ ਆਦਿ ਨੇ ਸਵਾਮੀ ਜੀ ਦਾ ਸੁਆਗਤ ਕੀਤਾ। ਆਰੀਆ ਸਮਾਜੀ ਲਹਿਰ ਨੂੰ ਚਲਾਉਣ ਵਿਚ ਸਿੱਖ ਸਭ ਤੋਂ ਅੱਗੇ ਸਨ ਅਤੇ ਸੁਆਮੀ ਜੀ ਦਾ ਲਾਹੌਰ ਵਿਚ ਪਹਿਲਾ ਭਾਸ਼ਨ ਵੀ ਗੁਰਦੁਆਰਾ ਡੇਹਰਾ ਸਾਹਿਬ ਵਿਚ ਸਿੱਖਾਂ ਵਲੋਂ ਹੀ ਕਰਵਾਇਆ ਗਿਆ।[88] ਕਈ ਉੱਘੇ ਸਿੱਖ ਆਗੂ ਆਰੀਆ ਸਮਾਜ

---

86. Tandon-Prakash,"Panjabi Century",New York,1961,p.30-31.

87. Ibid, To our new professional class it provided a Western Socialist, re-orientation combined with simple Vedic belief and ritual. Its opposition to orthodoxy and idol worship and its revival of Vedic ritual in modern form, without temple and priest made a direct appeal to the Panjabi intelligentsia." p.33.

88. ਅਮਰ ਸਿੰਘ (ਗਿਆਨੀ), " ਪਰ ਇਸ ਦੇ ਨਾਲ ਹੀ ਇਹ ਵੀ ਗੱਲ ਖਾਸ ਹੈ ਕਿ ਸ਼ੁਰੂ ਵਿੱਚ ਆਰੀਆ ਸਮਾਜ ਲਹਿਰ ਦੇ ਚਲਾਣ ਵਿਚ ਵੀ ਸਿੱਖਾਂ ਦਾ ਹੀ ਬਹੁਤਾ ਹਿੱਸਾ ਸੀ, ਕਿਉਂਕਿ ਆਰੰਭ ਵਿਚ ਅਜੇ ਆਰੀਆ ਸਮਾਜੀਆਂ ਨੇ ਸਿੱਖ ਧਰਮ ਵਿਰੁਧ ਜ਼ਹਿਰੀਲੇ-ਪਨ ਦਾ ਇਜ਼ਹਾਰ ਨਹੀਂ ਸੀ ਕੀਤਾ। ਸਿਰਫ਼ ਈਸਾਈ ਮਤ ਦੇ ਖੰਡਨ ਉਤੇ ਹੀ ਜ਼ੋਰ ਸੀ। ਏਸੇ ਲਈ ਜਦ ਆਰੀਆ ਸਮਾਜੀ ਲੀਡਰ ਸਵਾਮੀ ਦਯਾ ਨੰਦ ਪਹਿਲੀ ਵਾਰੀ ਲਾਹੌਰ ਆਏ ਤਾਂ ਉਨ੍ਹਾਂ ਦੀ ਤਕਰੀਰ ਕਰਨ ਲਈ ਗੁਰਦੁਆਰਾ ਡੇਰਾ ਸਾਹਿਬ ਵਿਚ ਹੀ ਸਿੱਖਾਂ ਵਲੋਂ ਪ੍ਰਬੰਧ ਕੀਤਾ ਗਿਆ।"
"ਜੀਵਨ ਚਰਿਤ੍ਰ ਗਿਆਨੀ ਦਿਤ ਸਿੰਘ ਜੀ" ਅੰਮ੍ਰਿਤਸਰ 1962, ਪੰਨਾ 18.

ਦੇ ਮੈਂਬਰ ਬਣ ਗਏ ਕਿਉਂਕਿ ਉਨ੍ਹਾਂ ਨੂੰ ਸੁਆਮੀ ਜੀ ਦੀ ਸਿੱਖਿਆ ਸਿੱਖੀ ਦੇ ਅਨੁਕੂਲ ਪ੍ਰਤੀਤ ਹੋਈ। ਇਸ ਲਈ ਸੁਆਮੀ ਜੀ ਪੰਜਾਬ ਵਿਚ ਜਿੱਥੇ ਜਿੱਥੇ ਵੀ ਗਏ, ਸਿੱਖਾਂ ਨੇ ਵੱਧ ਚੜ੍ਹ ਕੇ ਉਨ੍ਹਾਂ ਦਾ ਸੁਆਗਤ ਕੀਤਾ।[89] ਭਾਈ ਜਵਾਹਰ ਸਿੰਘ ਲਾਹੌਰ ਆਰੀਆ ਸਮਾਜ ਦੇ ਪਹਿਲੇ ਮੀਤ-ਪ੍ਰਧਾਨ ਚੁਣੇ ਗਏ। ਸੁਆਮੀ ਜੀ ਪੰਜਾਬ ਵਿਚ ਕੇਵਲ 15 ਮਹੀਨੇ ਰਹੇ ਅਤੇ ਸਨਾਤਨਵਾਦੀ ਹਿੰਦੂ ਵਿਚਾਰਧਾਰਾ, ਇਸਲਾਮ ਤੇ ਈਸਾਈਅਤ ਦਾ ਬੜਾ ਜ਼ੋਰਦਾਰ ਖੰਡਨ ਕੀਤਾ, ਜਿਸ ਦੇ ਫਲਸਰੂਪ ਸਾਰੇ ਪੰਜਾਬ ਵਿਚ ਥਾਂ ਥਾਂ ਤੇ ਆਰੀਆ ਸਮਾਜ ਸਥਾਪਤ ਹੋ ਗਏ। ਭਾਵੇਂ ਸਿੱਖਾਂ ਬਾਰੇ ਸ਼ੁਰੂ ਸ਼ੁਰੂ ਵਿਚ ਸੁਆਮੀ ਜੀ ਨੇ ਕੁਝ ਨਾ ਆਖਿਆ, ਕਿਉਂਕਿ ਉਹ ਸਿੱਖੀ ਨੂੰ ਹਿੰਦੂ ਧਰਮ ਦੀਆਂ ਅਨ-ਗਿਣਤ ਸ਼ਾਖਾਂ ਵਿਚੋਂ ਇਕ ਸਮਝਦੇ ਸਨ। ਉਨ੍ਹਾਂ ਲਈ ਸਿੱਖ ਧਰਮ ਦਾ ਏਨਾ ਹੀ ਮਹੱਤਵ ਸੀ ਕਿ ਇਸ ਸੰਬੰਧੀ "ਸਹਿਜ ਸੁਭਾ ਜ਼ਿਕਰ ਕਰਕੇ, ਖੰਡਨ ਉਪ੍ਰੰਤ ਸਦਾ ਲਈ ਭੁਲ ਜਾਇਆ ਜਾਏ ਕਿ ਇਹ ਵੀ ਕੋਈ ਧਰਮ ਹੈ।"[90]

ਸਿੱਖਾਂ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਅੰਮ੍ਰਿਤਸਰ ਵਿਚ ਜਦ ਸੁਆਮੀ ਜੀ ਗਏ ਤਾਂ ਉਥੇ ਉਨ੍ਹਾਂ ਨੇ ਸਿੱਖੀ, ਸਿੱਖ ਗੁਰੂਆਂ ਅਤੇ ਸਿੱਖ ਸੰਸਥਾਵਾਂ ਦੀ ਬੜੀ ਕਰੜੀ ਤੇ ਕੋੜੀ ਆਲੋਚਨਾ ਕੀਤੀ ਜਿਸ ਨਾਲ ਸਿੱਖ ਬੇਹੱਦ ਨਾਰਾਜ਼ ਹੋ ਗਏ। ਇਕ ਨਿਹੰਗ ਸਿੰਘ ਨੇ ਤਾਂ ਸੁਆਮੀ ਜੀ ਨੂੰ ਜਾਨੋ ਮਾਰ ਦੇਣ ਦੀ ਵੀ ਧਮਕੀ ਦਿਤੀ।

"ਸਤਿਆਰਥ ਪ੍ਰਕਾਸ਼"[91] ਵਿਚ ਸਿੱਖਾਂ ਬਾਰੇ ਕੇਵਲ ਸਾਢੇ ਤਿੰਨ ਸਫ਼ੇ ਹਨ ਜਿਨ੍ਹਾਂ ਵਿਚ ਸੁਆਮੀ ਜੀ ਨੇ ਸਿੱਖੀ ਵਿਰੁਧ ਮਨ ਦੀ ਪੂਰੀ ਭੜਾਸ ਕੱਢੀ। ਸੁਆਮੀ ਜੀ ਦੀ ਆਲੋਚਨਾ-ਵਿਧੀ, ਸਿੱਖ ਗੁਰੂਆਂ ਉਤੇ ਹੱਲੇ ਲਈ ਵਰਤੀਆਂ ਜਾਣ ਵਾਲੀਆਂ ਦਲੀਲਾਂ ਦੀ ਅਨੁਚਿਤਤਾ, ਅਤੇ ਭਾਸ਼ਾ ਦੀ

---

89. Ganda Singh," Whereever he went, the Sikhs were foremost to accord him welcome."

"History of Khalsa College", Amritsar, p.5.

90. Jones-K.W." His vision of Hinduism, based on the infallibility of the Vedas, shorn of idolatory, polytheism, Brehmannical domination and this intricacies of the Jatti System possessing rationality and modern science, found ready acceptance among educated Hindus. His major targets for criticism remained orthodox Hinduism, Islam and the Christian Missions."

" Arya-Sikh Relations ", 1877-1905, p.27.

91. Ibid- p.27.

ਭੜਕਾਊ, ਕੁਢੱਬੀ ਤੇ ਅਸੱਭਯ ਵਰਤੋਂ, ਦਾ ਠੀਕ ਅਨੁਮਾਨ ਲਾਉਣ ਲਈ ਸਤਿਆਰਥ ਪ੍ਰਕਾਸ਼ ਦੇ ਪੰਜਾਬੀ ਅਨੁਵਾਦ[92] ਵਿੱਚੋਂ ਕੁਝ ਕੁ ਉਦਾਹਰਣਾਂ ਦੇਣੀਆਂ ਉਚਿਤ ਪ੍ਰਤੀਤ ਹੁੰਦੀਆਂ ਹਨ। ਮੌਲਿਕ ਹਿੰਦੀ ਰੂਪ ਵਿਚ ਵਰਤੀ ਗਈ ਭਾਸ਼ਾ ਇਸ ਤੋਂ ਵੀ ਵੱਧ ਦੁਖਾਵੀਂ ਹੈ। ਇਹ ਸਾਰੀ ਚਰਚਾ ਪ੍ਰਸ਼ਨ-ਉੱਤਰ ਰੂਪ ਵਿਚ ਚਲਦੀ ਹੈ।

(ੳ) ਪ੍ਰਸ਼ਨ:- ਅੰਮ੍ਰਿਤਸਰ ਦਾ ਤਲਾ ਅੰਮ੍ਰਿਤ ਰੂਪ ਹੈ। ਕੀ ਇਹ ਮੰਨਣਯੋਗ ਨਹੀਂ?

ਉੱਤਰ:- ਨਹੀਂ, ਉਸ ਤਲਾ ਦਾ ਨਾਮ ਮਾਤ੍ਰ ਅੰਮ੍ਰਿਤਸਰ ਹੈ, ਜਦ ਕਦੀ ਜੰਗਲ ਹੋਵੇਗਾ ਤਦ ਉਸ ਦਾ ਪਾਣੀ ਚੰਗਾ ਹੋਵੇਗਾ, ਏਸ ਥੀਂ ਉਸ ਦਾ ਨਾਂ ਅੰਮ੍ਰਿਤਸਰ ਧਰਿਆ ਗਿਆ। ਜੇ ਅੰਮ੍ਰਿਤ ਹੁੰਦਾ ਤਾਂ ਪਾਣੀਆਂ ਦੇ ਮੰਨਣ ਤੁਲ ਕੋਈ ਕਿਉਂ ਮਰਦਾ?

(ਪੰਨਾ 385)

(ਅ) ਪ੍ਰਸ਼ਨ:- ਪੰਜਾਬ ਦੇਸ਼ ਵਿਚ ਨਾਨਕ ਜੀ ਨੇ ਇਕ ਮਾਰਗ ਚਲਾਇਆ, ਕਿਉਂਕਿ ਉਹ ਬੀ ਮੂਰਤੀ ਦਾ ਖੰਡਨ ਕਰਦੇ ਸਨ। ਮੁਸਲਮਾਨ ਹੋਣ ਥੀਂ ਬਚਾਏ, ਉਹ ਸਾਧੂ ਬੀ ਨਹੀਂ ਹੋਏ, ਕਿੰਤੂ ਗ੍ਰਿਹਿਸਥੀ ਬਣੇ ਰਹੇ। ਉਨ੍ਹਾਂ ਨੇ ਇਕ ਮੰਤਰ ਉਪਦੇਸ਼ ਕੀਤਾ ਹੈ – ਏਥੋਂ ਹੀ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦਾ ਆਸ਼ਾ ਚੰਗਾ ਸੀ।

ਉੱਤਰ:- ਨਾਨਕ ਜੀ ਦਾ ਆਸ਼ਾ ਤਾ ਚੰਗਾ ਸੀ ਪਰ ਵਿਦਿਆ ਕੁਝ ਬੀ ਨਹੀਂ ਸੀ। ਹਾਂ ਭਾਖਾ ਉਸ ਦੇਸ਼ ਦੀ ਜੋ ਕਿ ਪਿੰਡਾਂ ਦੀ ਹੈ, ਉਸ ਨੂੰ ਜਾਣਦੇ ਸਨ। ਵੇਦ ਆਦੀ ਸ਼ਾਸਤ੍ਰ ਅਰ ਸੰਸਕ੍ਰਿਤ ਕੁਝ ਬੀ ਨਹੀਂ ਜਾਣਦੇ ਸਨ। ਜੇ ਜਾਣਦੇ ਹੁੰਦੇ ਤਾਂ ਨਿਰਭੈ ਸ਼ਬਦ ਨੂੰ ਨਿਰਭਓ ਕਿਉਂ ਲਿਖਦੇ ? ਅਰ ਏਸ ਦਾ ਦ੍ਰਿਸ਼ਟਾਂਤ ਉਨ੍ਹਾਂ ਦਾ ਬਣਾਇਆ ਸੰਸਕ੍ਰਿਤੀ ਸੋਤ੍ਰ ਹੈ। ਚਾਹੁੰਦੇ ਸਨ ਕਿ ਮੈਂ ਬੀ ਸੰਸਕ੍ਰਿਤ ਵਿੱਚ ਪੈਰ ਅੜਾਂਵਾਂ, ਪ੍ਰੰਤੂ ਬਿਨਾਂ ਪੜ੍ਹਿਆਂ ਸੰਸਕ੍ਰਿਤ ਕੀਕਣ ਆ ਸਕਦੀ ਹੈ। ਹਾਂ, ਉਨ੍ਹਾਂ ਪੇਂਡੂਆਂ ਦੇ ਸਾਹਮਣੇ ਜਿਨ੍ਹਾਂ ਕਦੀ ਸੰਸਕ੍ਰਿਤ ਸੁਣੀ ਬੀ ਨਹੀਂ, ਸੰਸਕ੍ਰਿਤ ਬਣਾ ਕੇ ਸੰਸਕ੍ਰਿਤ ਦੇ ਬੀ ਪੰਡਤ ਬਣ ਗਏ ਹੋਣਗੇ। ਇਹ ਗਲ ਆਪਣੇ ਮਾਨ, ਪ੍ਰਤਿਸ਼ਠਾ ਅਰ ਆਪਣੀ ਮਸ਼ਹੂਰੀ ਦੀ ਇਛਿਆ ਦੇ ਬਗੈਰ ਕਦੀ ਨਾ ਕਰਦੇ। ਉਨ੍ਹਾਂ ਨੂੰ ਆਪਣੀ ਪ੍ਰਤਿਸ਼ਠਾ ਦੀ ਇੱਛਿਆ ਜ਼ਰੂਰ ਸੀ, ਨਹੀਂ ਤਾਂ ਜਿਹੋ ਜਿਹੀ ਬੋਲੀ ਜਾਣਦੇ ਸਨ, ਕਹਿੰਦੇ ਰਹਿੰਦੇ ਅਰ ਇਹ ਬੀ ਕਹ ਦਿੰਦੇ ਕਿ ਮੈਂ ਸੰਸਕ੍ਰਿਤ ਨਹੀਂ ਪੜ੍ਹਿਆ। ਜਦ ਕੁਝ ਅਭਿਮਾਨ ਸੀ ਤਾਂ ਮਾਨ-ਪ੍ਰਤਿਸ਼ਠਾ ਦੇ ਵਾਸਤੇ ਕੁਝ ਦੰਭ ਬੀ ਕੀਤਾ ਹੋਵੇਗਾ, ਏਸ ਲਈ ਉਨ੍ਹਾਂ ਦੇ ਗ੍ਰੰਥ ਵਿਚ ਜਿੱਥੇ ਕਿਥੇ ਵੇਦਾਂ ਦੀ

---

92. ਸਤਿਆਰਥ ਪ੍ਰਕਾਸ਼ 1882 ਈ. ਵਿਚ ਪ੍ਰਕਾਸ਼ਤ ਹੋਇਆ, ਜਿਸ ਵਿਚ ਸੁਆਮੀ ਜੀ ਦੇ ਵਿਚਾਰ ਦਰਜ ਹਨ। ਪੰਜਾਬੀ ਵਿਚ ਇਸ ਦਾ ਅਨੁਵਾਦ ਲਾਲਾ ਆਤਮਾ ਰਾਮ ਨੇ ਕੀਤਾ, ਜਿਹੜਾ 1899 ਈ. ਵਿਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਵਿਚ ਛਪਿਆ। ਸਿੱਖਾਂ ਬਾਰੇ ਚਰਚਾ ਇਸ ਦੇ ਪੰਨਾ 430-434 ਤੇ ਕੀਤੀ ਗਈ ਹੈ।

ਨਿੰਦਿਆ ਅਰ ਉਸਤਤੀ ਬੀ ਹੈ, ਕਿਉਂਕਿ ਜੇ ਏਸ ਤਰਾਂ ਨਾ ਕਰਦੇ ਤਾਂ ਉਨ੍ਹਾਂ ਕੋਲੋਂ ਬੀ ਕੋਈ ਵੇਦ ਦਾ ਅਰਥ ਪੁਛਦਾ, ਅਰ ਜਦ ਨਾ ਆਉਂਦਾ ਤਦ ਪ੍ਰਤਿਸ਼ਠਾ ਨਸ਼ਟ ਹੁੰਦੀ। ਏਸ ਲਈ ਪਹਿਲਾਂ ਹੀ ਆਪਣੇ ਚੇਲਿਆਂ ਸਾਹਮਣੇ ਕਿਧਰੇ ਕਿਧਰੇ ਵੇਦਾਂ ਦੇ ਵਿਰੁਧ ਬੋਲਦੇ ਸਨ ਅਰ ਕਿਧਰੇ ਵੇਦਾਂ ਦੇ ਵਾਸਤੇ ਅੱਛਾ ਬੀ ਕਹਿਆ ਹੈ, ਕਿਉਂਕਿ ਜੇ ਕਿਧਰੇ ਅੱਛਾ ਨਾ ਕਹਿੰਦੇ ਤਾਂ ਲੋਕ ਉਨ੍ਹਾਂ ਨੂੰ ਨਾਸਤਕ ਕਹਿੰਦੇ ।

ਵੇਦ ਪੜ੍ਹਤ ਬ੍ਰਹਮਾ ਮਰੇ, ਚਾਰੋਂ ਵੇਦ ਕਹਾਣੀ।
ਸੰਤ ਕੀ ਮਹਿਮਾ ਵੇਦ ਨਾ ਜਾਨੀ, ਬ੍ਰਹਮ ਗਿਆਨੀ ਆਪ ਪਰਮੇਸ਼ਰ।

ਜੇ ਨਾਨਕ ਜੀ ਵੇਦਾਂ ਦਾ ਮਾਨ ਕਰਦੇ ਤਾਂ ਉਨ੍ਹਾਂ ਦੀ ਸੰਪਰਦਾ ਕਦੇ ਨਾ ਚਲ ਸਕਦੀ: ਸੰਸਕ੍ਰਿਤ ਵਿੱਦਿਆ ਤਾਂ ਪੜ੍ਹੇ ਹੀ ਨਹੀਂ ਸਨ, ਤਾਂ ਦੂਜੇ ਨੂੰ ਪੜ੍ਹਾ ਕੇ ਚੇਲਾ ਕਿਵੇਂ ਬਣਾ ਸਕਦੇ ਸਨ। ਅਵਿਦਵਾਨਾਂ ਵਿਚ ਇਹ ਚਾਲ ਹੈ ਕਿ ਮਰੇ ਪਿਛੋਂ ਉਨ੍ਹਾਂ ਨੂੰ ਸੋਧੇ ਬਣਾ ਲੈਂਦੇ ਹਨ — ਪਿਛੋਂ ਬਹੁਤ ਸਾਰਾ ਮਹਾਤਮ ਕਰਕੇ, ਈਸਵਰ ਦੀ ਨਿਆਈਂ ਮੰਨ ਲੈਂਦੇ ਹਨ।"

ਸੁਆਮੀ ਜੀ ਦੀ ਆਲੋਚਨਾ ਦੇ ਕੁਝ ਕੁ ਹੋਰਨੁਕਤੇ ਇਹ ਹਨ:-

ੳ) ਛੋਟੇ ਛੋਟੇ ਪੁਸਤਕ ਸਨ, ਉਨ੍ਹਾਂ ਸਭਨਾਂ ਨੂੰ ਇਕੱਠਾ ਕਰਕੇ ਜਿਲਦ ਬੰਨ੍ਹਵਾ ਦਿੱਤੀ – ਇਹ ਗ੍ਰੰਥ ਗੁਰੂ ਕਿਵੇਂ ਬਣ ਗਿਆ ?(ਪੰਨਾ 433)।

ਅ) ਗੁਰੂ ਗੋਬਿੰਦ ਸਿੰਘ ਨੇ ਇਕ ਪੁਰਸਚਰਨ ਕਰਵਾਇਆ ਅਤੇ ਪ੍ਰਸਿੱਧੀ ਕੀਤੀ ਕਿ ਮੈਨੂੰ ਦੇਵੀ ਨੇ ਵਰ ਤਲਵਾਰ ਦਿੱਤੀ ਹੈ ਕਿ ਤੁਸੀਂ ਮੁਸਲਮਾਨਾਂ ਨਾਲ ਲੜੋ। (ਪੰਨਾ 435 ) ।

ੲ) ਜਿਸ ਤਰ੍ਹਾਂ ਵਾਮ-ਮਾਰਗੀਆਂ ਨੇ ਪੰਜ "ਭਕ੍ਰਾਕਤਾ" ਦੇ ਪੰਜ ਸੰਸਕਾਰ ਚਲਾਏ, ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ 'ਪੰਜ ਕਕਾਰ', ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬੁਧ-ਮਤਾ ਨਾਲ ਉਸ ਸਮੇਂ ਦੇ ਵਾਸਤੇ ਕੀਤੀ ਸੀ, ਹੁਣ ਏਸ ਸਮੇਂ ਦੇ ਵਿਚ ਉਨ੍ਹਾਂ ਨੂੰ ਰੱਖਣਾ ਕੁਝ ਕੰਮ ਦੀ ਗੱਲ ਨਹੀਂ। (ਪੰਨਾ 433)।

ਸ) ਜਿਸ ਤਰ੍ਹਾਂ ਮੂਰਤੀ ਵਾਲਿਆਂ ਨੇ ਆਪਣੀ ਦੁਕਾਨ ਜਮਾ ਕੇ, ਜੀਵਕਾ ਚਲਾਈ ਹੈ, ਜਿਸ ਤਰ੍ਹਾਂ ਪੁਜਾਰੀ ਲੋਕ ਮੂਰਤੀ ਦਾ ਦਰਸ਼ਨ ਕਰਾਉਂਦੇ, ਭੇਟ ਵੀ ਚੜ੍ਹਾਉਂਦੇ ਹਨ, ਉਸੇ ਤਰ੍ਹਾਂ ਸਿੱਖ ਗ੍ਰੰਥ ਸਾਹਿਬ ਦੀ ਕਰਦੇ ਹਨ। ਪ੍ਰੰਤੂ ਮੂਰਤੀ ਪੂਜਾ ਵਾਲੇ ਜਿਨ੍ਹਾਂ ਵੇਦ ਦਾ ਮਾਣ ਕਰਦੇ ਹਨ, ਓਨਾ ਇਹ ਲੋਕ ਗ੍ਰੰਥ ਸਾਹਿਬ ਵਾਲੇ ਨਹੀਂ ਕਰਦੇ। (ਪੰਨਾ 434)।[93]

ਸਮੁਚੀ ਸਿੱਖ ਕੌਮ ਤੇ ਸਿੱਖ ਆਗੂਆਂ ਲਈ ਆਰੀਆ ਸਮਾਜ ਤੋਂ ਦੂਰ ਚਲੇ ਜਾਣ ਜਾਂ ਸਦਾ ਲਈ ਉਨ੍ਹਾਂ ਨੂੰ ਆਪਣੇ ਧਰਮ ਦਾ ਵਿਰੋਧੀ ਸਮਝ ਲੈਣ ਲਈ ਉਪ੍ਰੋਕਤ ਗੁਰੂ ਨਿੰਦਾ ਕਾਫ਼ੀ ਸੀ।

ਬਾਕੀ ਧਰਮਾਂ [94] ਤੇ ਉਨ੍ਹਾਂ ਦੇ ਸੰਚਾਲਕਾਂ ਤੇ ਅਵਤਾਰਾਂ ਬਾਰੇ ਵੀ ਸਤਿਆਰਥ ਪ੍ਰਕਾਸ਼ ਵਿਚ ਏਸੇ ਲਹਿਜੇ ਵਿਚ ਨਿੰਦਾ ਕੀਤੀ ਗਈ ਹੈ। ਈਸਾਈ ਤੇ ਮੁਸਲਮਾਨਾਂ ਨਾਲ ਰਲ ਕੇ ਸਿੱਖਾਂ ਨੇ ਮੰਗ ਕੀਤੀ ਕਿ ਸਤਿਆਰਥ ਪ੍ਰਕਾਸ਼ ਦੇ ਵਿਕਣ ਉੱਤੇ ਪਾਬੰਦੀ ਲਾ ਦਿਤੀ ਜਾਏ। ਪੰਜਾਬ ਸਰਕਾਰ ਨੇ ਹਜ਼ਰਤ ਮੁਹੰਮਦ ਸੰਬੰਧੀ ਕੀਤੀ ਗਈ ਟਿਪਣੀ ਦੇ ਅਧਾਰ ਤੇ ਇਸ ਉੱਤੇ ਪਾਬੰਦੀ ਲਾ ਦਿੱਤੀ।[95]

ਦਯਾ ਨੰਦ ਤੋਂ ਸ਼ਹਿ ਪ੍ਰਾਪਤ ਕਰਕੇ ਉਸ ਦੇ ਚੇਲੇ ਹੋਰ ਵੀ ਮੂੰਹ-ਜ਼ੋਰ ਹੋ ਗਏ ਅਤੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ, ਸਿੱਖ ਗੁਰੂਆਂ ਤੇ ਸਿੱਖੀ ਸੰਬੰਧੀ ਜੋ ਮੂੰਹ ਆਇਆ ਕਹਿਣਾ ਤੇ ਲਿਖਣਾ ਸ਼ੁਰੂ ਕਰ ਦਿੱਤਾ। ਆਰੀਆਂ ਸਮਾਜ ਵਲੋਂ ਛਪਦੇ 'ਆਰੀਆ ਸਮਾਚਾਰ' ਨਾਂ ਦੇ ਪੱਤਰ ਨੇ ਹੇਠ ਲਿਖੀਆਂ ਤੁਕਾਂ ਛਾਪ ਕੇ ਸਿੱਖ ਜਜ਼ਬਾਤਾਂ ਨੂੰ ਠੇਸ ਪੁਚਾਉਣ ਵਿਚ ਕੋਈ ਕਸਰ ਨਾ ਛੱਡੀ:-

" ਨਾਨਕ ਸ਼ਾਹ ਫਕੀਰ ਨੇ, ਨਯਾ ਚਲਾਇਆ ਪੰਥ,
ਇਧਰ ਉਧਰ ਸੇ ਜੋੜ ਕੇ, ਲਿਖ ਮਾਰਾ ਇਕ ਗ੍ਰੰਥ।
ਪਹਿਲੇ ਚੇਲੇ ਕਰ ਲੀਏ, ਪੀਛੇ ਬਦਲਾ ਭੇਸ,
ਸਿਰ ਪਰ ਸਾਫ਼ਾ ਬਾਂਧ ਕੇ, ਰੱਖ ਲੀਨੇ ਸਭ ਕੇਸ।"[96]

---

93. ਡਾਕਟਰ ਚਰੰਜੀਵ ਭਾਰਦਵਾਜ ਵਲੋਂ ਸਤਿਆਰਥ ਪ੍ਰਕਾਸ਼ ਦੇ ਕੀਤੇ ਗਏ ਅੰਗਰੇਜ਼ੀ ਅਨੁਵਾਦ ਵਿਚ ਪੰਨਾ 412-13 ਤੇ ਲਿਖਿਆ ਹੈ:-
"It is true that they do not practice idolatory but they worship$ the Granth even more than idols. Now is this not idolatory? They ply their trade just like all other idolators and make a good living by it just as the idolator priests, show their idols( in the temples) to the visitors and receive gifts offered by them to the idols, Like-wise do the followers of Nanak worship the Granth and teach others to do the same and receive what is offered to it."

94. ਮਹਾਤਮਾ ਗਾਂਧੀ ਨੇ ਜਦ ਸਤਿਆਰਥ ਪ੍ਰਕਾਸ਼ ਪੜ੍ਹਿਆ ਤਾਂ ਉਨ੍ਹਾਂ ਨੂੰ ਵੀ ਸੁਆਮੀ ਜੀ ਵਲੋਂ ਬਾਕੀ ਧਰਮਾਂ ਦੀ ਕੀਤੀ ਗਈ ਨਿੰਦਿਆ ਦਾ ਕਾਫ਼ੀ ਦੁਖ ਹੋਇਆ। ਉਨ੍ਹਾਂ ਲਿਖਿਆ :-
"I have not read a more disappointing book from a reformer so great" Trilochan Singh(Dr.)- Spokesman-Delhi,November,1964.

95. Khushwant Singh-' History of the Sikhs', Vol.II, p.140.

96. ਗੰਡਾ ਸਿੰਘ ,' ਏ ਹਿਸਟਰੀ ਔਫ਼ ਖਾਲਸਾ ਕਾਲਜ ', ਅੰਮ੍ਰਿਤਸਰ, ਪੰਨਾ 7.

1887 ਤੇ 1888 ਈ. ਵਿਚ ਅਖ਼ਬਾਰਾਂ [97] ਤੇ ਪੈਂਫਲਿਟਾਂ ਰਾਹੀਂ ਆਰੀਆ ਸਮਾਜੀਆਂ ਨੇ ਸਿੱਖਾਂ ਦੀ ਬੇਹੱਦ ਨਿੰਦਿਆ ਕੀਤੀ ਅਤੇ ਇਨ੍ਹਾਂ ਨੂੰ ਖੁਲ੍ਹੀਆਂ ਗਾਲ੍ਹਾਂ ਕੱਢ ਕੇ 'ਅਗਿਆਨਤਾ ਦੀ ਦੇਵੀ' ਦੀ ਛਤਰ ਛਾਇਆ ਹੇਠ ਪਲਣ ਵਾਲੇ ਲੋਕ ਆਖਿਆ।[98]

ਆਰੀਆ ਸਮਾਜੀਆਂ ਵਲੋਂ ਸਿੱਖਾਂ ਦੀ ਨਿੰਦਿਆ ਸਿਖਰ ਤੇ ਪੁਜ ਗਈ ਜਦ 25 ਨਵੰਬਰ 1888 ਈ. ਨੂੰ ਆਪਣੇ ਵਾਰਸ਼ਿਕ ਸਮਾਗਮ ਸਮੇਂ ਭਾਸ਼ਨ ਦਿੰਦਿਆਂ ਪੰਡਤ ਗੁਰੂ ਦੱਤ ਨੇ ਸਟੇਜ ਉਤੇ ਜ਼ੋਰ ਦੀ ਲਤ ਮਾਰ ਕੇ ਸਿੱਖ ਧਰਮ ਦੇ ਵਿਰੁਧ ਬੜੇ ਕੋਝੇ ਸ਼ਬਦ ਵਰਤੇ[99] ਤੇ ਆਖਿਆ ਕਿ, " ਗੁਰੂ ਗੋਬਿੰਦ ਸਿੰਘ ਤੇ ਕੇਸ਼ਬ ਚੰਦਰ, ਸੁਆਮੀ ਦਯਾ ਨੰਦ ਜੀ ਦਾ ਸੌਵਾਂ ਹਿੱਸਾ ਵੀ ਨਹੀਂ ਅਤੇ ਇਹ ਆਖਣਾ ਔਖਾ ਹੈ ਕਿ ਇਨ੍ਹਾਂ ਦਾ ਕੋਈ ਧਰਮ ਹੈ ਵੀ ਜਾਂ ਨਹੀਂ। ਪਰ ਨਿਸਚੇ ਹੀ ਇਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਗਿਆਨ ਨਹੀਂ। ਜੇ ਸਵਾਮੀ ਦਯਾਨੰਦ ਸ੍ਰਸੱਵਤੀ ਮਹਾਰਾਜ ਨੇ ਗੁਰੂ ਨਾਨਕ ਨੂੰ ਵੱਡਾ ਦੰਭੀ ਆਖਿਆ ਤਾਂ ਕੀ ਹੋ ਗਿਆ? ਉਨ੍ਹਾਂ ਦੇ ਹੱਥਾਂ ਵਿਚ ਵੇਦਾਂ ਦਾ ਚਾਨਣ ਸੀ ਤੇ ਉਸ ਚਾਨਣ ਦੇ ਸਾਹਮਣੇ ਕੋਈ ਖਲੋ ਨਹੀਂ ਸਕਦਾ। "

---

97. ਆਰੀਆ ਸਮਾਜ ਦੇ ਪਰਚਾਰ ਲਈ ਚਾਲੂ ਹੋਏ, ਉਸ ਵੇਲੇ ਦੇ ਹੇਠ ਲਿਖੇ ਅਖ਼ਬਾਰ ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ:-

    1) ਆਰੀਆ ਮੈਸੰਜਰ(ਅੰਗਰੇਜ਼ੀ) ਸੰਪਾਦਕ ਬਾਵਾ ਛੱਜੂ ਸਿੰਘ।
    2) ਆਰੀਆ ਗਜ਼ਟ(ਉਰਦੂ), ਸੰਪਾਦਕ ਲਾਲਾ ਹੰਸ ਰਾਜ।
    3) ਰੀਜਨਰੇਟਰ ਔਫ ਆਰੀਆਵਰਤ(ਅੰਗਰੇਜ਼ੀ), ਸੰਪਾਦਕ ਬਾਵਾ ਅਰਜਨ ਸਿੰਘ।
    4) ਸੱਤ ਧਰਮ ਪ੍ਰਚਾਰਕ(ਉਰਦੂ), ਸੰਪਾਦਕ ਲਾਲਾ ਮੁਨਸ਼ੀ ਰਾਮ।
    5) ਆਰੀਆ ਪਤ੍ਰਿਕਾ(ਸਪਤਾਹਕ ਅੰਗ੍ਰੇਜ਼ੀ)।

98. Arya Patrika-"Sikhism Past and Present",July,1887.

99. Ganda Singh," If the Swami had wished to become a General, he would have shown himself, several thousand times better than Bonaparte... Yes, Keshab Chand(sen) and Guru Guru Gobind Singh were not even one hundredth part of our Swami, Dayanand Saraswati Ji. The Sikhs might have some religion in them, but their Guru had no learning whatsoever. If Swami Dayanand Saraswati Ji Maharaj had called Guru Nanak a 'Dambhi'( a hypoerite, an imposter) then what is wrong theirin? He had the sun of the vedas in his hands."

'History of Khalsa College,Amritsar', p.8.

ਹੋਰ ਆਰੀਆ ਸਮਾਜੀ ਨੇਤਾ, ਵਿਸ਼ੇਸ਼ ਤੌਰ ਤੇ ਪੰਡਤ ਲੇਖ ਰਾਮ ਆਰੀਆ ਮੁਸਾਫ਼ਰ, ਤੇ ਲਾਲਾ ਮੁਰਲੀ ਧਰਮ, ਪੰਡਤ ਗੁਰੂ ਦੱਤ ਦੀ ਪਰੇਰਨਾ ਲਈ ਉਠੇ ਅਤੇ ਇਨ੍ਹਾਂ ਦੋਹਾਂ ਨੇ ਵੀ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਕਾਫ਼ੀ ਭੈੜੇ ਸ਼ਬਦ [100] ਆਖੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਵੀ ਬੇਅਦਬੀ ਕੀਤੀ ਜਿਹੜੀ ਬਿਨਾਂ ਰੁਮਾਲਿਆਂ ਦੇ ਸਾਹਮਣੇ ਮੇਜ਼ ਉਤੇ ਆਮ ਪੁਸਤਕਾਂ ਵਾਂਗ ਰਖੀ ਹੋਈ ਸੀ।[101] ਇਸ ਦਾ ਤੁਰਤ ਪ੍ਰਤਿਕਰਮ ਇਹ ਹੋਇਆ ਕਿ ਭਾਈ ਜਵਾਹਰ ਸਿੰਘ, ਭਾਈ ਦਿੱਤ ਸਿੰਘ ਤੇ ਭਾਈ ਮਈਆ ਸਿੰਘ ਨੇ ਆਰੀਆ ਸਮਾਜ ਵਿਚੋਂ ਅਸਤੀਫ਼ਾ ਦੇ ਦਿੱਤਾ ਅਤੇ ਸਿੰਘ ਸਭਾ ਵਿਚ ਸ਼ਾਮਲ ਹੋ ਗਏ। 2 ਦਸੰਬਰ 1888 ਈ. ਨੂੰ ਗੁਰਦੁਆਰਾ ਬਾਉਲੀ ਸਾਹਿਬ ਵਿਚ ਆਰੀਆ ਸਮਾਜੀਆਂ ਦੇ ਰਵੱਈਏ ਵਿਰੁਧ ਬੜਾ ਭਾਰੀ ਦੀਵਾਨ ਹੋਇਆ।[102] ਭਾਈ ਜਵਾਹਰ ਸਿੰਘ ਨੇ ਆਰੀਆ ਸਮਾਜ ਸੰਬੰਧੀ 'ਅਮਲਿ-ਆਰੀਆ' ਨਾਂ ਦੀ ਪੁਸਤਕ ਲਿਖ ਕੇ ਆਰੀਆ ਸਮਾਜ ਦੀ ਜ਼ੋਰਦਾਰ ਭਾਸ਼ਾ ਵਿਚ ਨਿੰਦਿਆ ਕੀਤੀ ਅਤੇ ਸੁਆਮੀ ਦਯਾਨੰਦ ਦੀ ਅਜਿਹੀ ਜੀਵਨੀ ਲਿਖੀ ਜਿਸ ਨੂੰ ਪੜ੍ਹ ਕੇ ਆਰੀਆ ਸਮਾਜੀ ਹੋਰ ਵੀ ਭੜਕ ਉਠੇ ਅਤੇ ਇਸ ਦੇ ਉੱਤਰ ਵਿਚ ਰਾਧਾ ਕ੍ਰਿਸ਼ਨ ਮਹਿਤਾ ਨੇ 'ਨੁਸਖ਼ਾਇ-ਗ੍ਰੰਥੀ ਫੋਬੀਆ' ਲਿਖਿਆ ਜਿਸ ਵਿਚ ਸਿੱਖ ਗੁਰੂਆਂ ਦੀ ਨਿੰਦਿਆ ਅਤੇ ਗੁਰੂ ਗ੍ਰੰਥ ਸਾਹਿਬ ਦੀ ਭੰਡੀ ਕੀਤੀ ਗਈ। ਇਸ ਨਾਲ ਦੋਹਾਂ ਕੌਮਾਂ ਵਿਚਕਾਰ ਖੁਲ੍ਹਮ ਖੁਲ੍ਹਾ ਟੱਕਰ ਸ਼ੁਰੂ ਹੋ ਗਈ ਤੇ ਅਜਿਹੀਆਂ ਭੜਕਾਊ ਲਿਖਤਾਂ ਦੋਹਾਂ ਪਾਸਿਆਂ ਵਲੋਂ ਛਪੀਆਂ ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

ਗਿਆਨੀ ਦਿੱਤ ਸਿੰਘ ਨੇ "ਦੰਭ ਵਿਦਾਰਨ " ਲਿਖ ਕੇ ਸਵਾਮੀ ਦਯਾ ਨੰਦ ਨੂੰ ਦੰਭੀ ਆਖਿਆ। ਉੱਤਰ ਵਿਚ ਲਾਲਾ ਸਾਹਿਬ ਦਿਆਲ ਦੀ ਪੁਸਤਕ " ਇਲਾਜੇ ਵਾਹਮਤਿ - ਦਿੱਤ ਸਿੰਘੀਆ" ਪ੍ਰਕਾਸ਼ਤ ਹੋਈ। ਫੇਰ ਭਾਈ ਗੰਡਾ ਸਿੰਘ ਵਲੋਂ 'ਨੁਸਖ਼ਾਇ ਖ਼ਬਤੇ ਦਯਾਨੰਦੀਆ" ਅਤੇ ਮੋਹਨ ਸਿੰਘ ਦੁਆਰਾ "ਸਾਹਿਬ ਦਿਆਲ ਕੇ ਪ੍ਰਗਿਦਾਹ ਖਿਆਲੋਂ ਕੀ ਪੜਤਾਲ" ਉਪਰੋਥਲੀ ਛਪ ਕੇ ਸਾਹਮਣੇ ਆਈਆਂ। ਏਸੇ ਤਰ੍ਹਾਂ ਗਿਆਨੀ ਦਿੱਤ ਸਿੰਘ ਦੀ 'ਤਾਲੀਮੇ ਸਤਿਆਰਥ ਪ੍ਰਕਾਸ਼ ਕਾ ਅਸਲੀ ਫੋਟੋ' ਅਤੇ ਭਾਈ ਅਮਰ ਸਿੰਘ ਦੀਆਂ ਦੋ ਪੁਸਤਕਾਂ " ਦਯਾ ਨੰਦੀ ਫਿਰਕਾ ਕੀ ਮੁਕਰਮਾਨਾਂ ਕਾਰਵਾਈਆਂ", ਅਤੇ "ਆਰੀਆ ਸਮਾਜ ਔਰ ਉਸ ਕੇ ਬਾਨੀ ਕੀ ਤਰਫ਼ ਸੇ, ਦੁਨੀਆਂ ਕੇ ਮਖ਼ਤਿਲਿਫ ਹਾਦੀਆਏ ਮਜ਼ਹਬ ਕੀ ਬੇ-ਇਜ਼ਤੀ" ਏਸੇ ਟੱਕਰ ਦੇ ਫਲਸਰੂਪ ਸਾਹਮਣੇ ਆਈਆਂ।

---

100. Jones-Kenneth W.'Arya Sikh Relations', 1877-1905, Spokesman- Guru Nanak Number, 1973.

101. Ganda Singh (Dr.),' Panjab Past and Present', October-1972, p.248

102. Teja Singh,'Panjab Past and Present'Vol.7/13,April,1973, p.90.

ਇਹ ਵਾਦ-ਵਿਵਾਦ ਉਨ੍ਹੀਵੀਂ ਸਦੀ ਦੇ ਅਖੀਰ ਤਕ ਬੜੇ ਜ਼ੋਰ ਸ਼ੋਰ ਨਾਲ ਚਲਦਾ ਰਿਹਾ। ਪੱਛਮੀ ਢੰਗ ਦੀ ਵਿੱਦਿਆ ਗ੍ਰਹਿਣ ਕਰਨ ਵਾਲੇ ਪੜ੍ਹੇ ਲਿਖੇ ਸਿੱਖ, ਇਸ ਪ੍ਰਸ਼ਨ ਨੂੰ ਪਹਿਲ ਦੇਣ ਲਗੇ ਕਿ ਜੇ ਉਹ ਹਿੰਦੂ ਧਰਮ ਦਾ ਅੰਗ ਨਹੀਂ ਅਤੇ ਨਾਂ ਹੀ ਆਰੀਆ ਸਮਾਜੀਆਂ ਨਾਲ ਉਨ੍ਹਾਂ ਦੀ ਕੋਈ ਸਾਂਝ ਹੈ ਤਾਂ ਫੇਰ ਉਹ ਕੌਣ ਹਨ? ਅਰਥਾਤ ਉਨ੍ਹਾਂ ਦੇ ਧਰਮ ਦੀ ਕੀ ਵਿਲੱਖਣਤਾ ਹੈ ਜਿਹੜੀ ਉਨ੍ਹਾਂ ਨੂੰ ਬਾਕੀ ਧਰਮਾਂ, ਵਿਸ਼ੇਸ਼ ਤੌਰ ਤੇ ਹਿੰਦੂਆਂ ਨਾਲੋਂ ਵਖਰਿਆਉਂਦੀ ਹੈ। ਪੁਸਤਕਾਂ, ਪੈਂਫਲਿਟਾਂ ਤੇ ਪੱਤਰਕਾਵਾਂ ਰਾਹੀਂ ਸਿੱਖ ਆਪਣੀ ਅੱਡਰੀ ਹੋਂਦ ਤੇ ਹਸਤੀ ਨੂੰ ਦਰਸਾਉਣ ਤੇ ਸੁਰੱਖਿਅਤ ਕਰਨ ਵਿਚ ਲਗੇ ਰਹੇ ਅਤੇ ਆਰੀਆ ਸਮਾਜੀਆਂ ਦਾ ਸਾਰਾ ਜ਼ੋਰ ਇਨ੍ਹਾਂ ਨੂੰ ਹਿੰਦੂ ਧਰਮ ਦਾ ਇਕ ਅੰਗ ਹੀ ਸਿੱਧ ਕਰਨ ਲਈ ਲਗਦਾ ਰਿਹਾ। ਇਸ ਮਨੋਰਥ ਲਈ ਆਰੀਆ ਸਮਾਜ ਨੇ ਕੁਝ ਸਾਬਤ ਸਰੂਪ ਸਿੱਖ ਨੌਕਰ ਰਖੇ ਹੋਏ ਸਨ, ਵਿਸ਼ੇਸ਼ ਤੌਰ ਤੇ ਬਾਵਾ ਛੱਜੂ ਸਿੰਘ ਤੇ ਬਾਵਾ ਅਰਜਨ ਸਿੰਘ ਜਿਨ੍ਹਾਂ ਨੇ ਗੁਰਬਾਣੀ ਦੀਆਂ ਤੁਕਾਂ ਦੀ ਗ਼ਲਤ ਵਿਆਖਿਆ ਕਰ ਕੇ ਅਤੇ ਸਿੱਖ ਗੁਰੂਆਂ ਸੰਬੰਧੀ ਮਨ-ਘੜਤ ਸਾਖੀਆਂ ਸੁਣਾ ਕੇ, ਸਿੱਖਾਂ ਨੂੰ ਆਰੀਆ ਧਰਮ ਦੀ ਰੰਗਣ ਵਿਚ ਪੇਸ਼ ਕਰਨ ਅਤੇ ਸਿੱਖੀ ਨੂੰ ਹਿੰਦੂ ਧਰਮ ਦਾ ਇਕ ਅੰਗ ਦਰਸਾਉਣ ਲਈ ਸਾਰਾ ਜ਼ੋਰ ਲਾ ਦਿੱਤਾ ਅਤੇ ਇਹ ਵੀ ਆਖਿਆ ਕਿ ਅੰਗਰੇਜ਼ੀ ਸਰਕਾਰ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਸਿੱਖਾਂ ਨੂੰ ਹਿੰਦੂਆਂ ਨਾਲੋਂ ਨਿਖੇੜ ਰਹੀ ਹੈ ਅਤੇ ਪੱਛਮੀ ਲੇਖਕ ਜਾਣ ਬੁਝ ਕੇ ਆਪਣੀਆਂ ਲਿਖਤਾਂ ਵਿਚ ਇਨ੍ਹਾਂ ਨੂੰ ਵੱਖਰੀਆਂ ਵੱਖਰੀਆਂ ਕੌਮਾਂ ਸਿੱਧ ਕਰ ਰਹੇ ਹਨ।[103]

ਆਪਣੀ ਵੱਖਰਤਾ ਤੇ ਵਿਲੱਖਣਤਾ ਨੂੰ ਅਧਾਰ ਬਣਾ ਕੇ ਸਿੱਖਾਂ ਨੇ ਸਰਕਾਰ ਪਾਸੋਂ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਸਿੱਖਾਂ ਨੂੰ ਸਰਕਾਰੀ ਨੌਕਰੀਆਂ ਵਿਚ ਰਾਖਵੀਆਂ ਥਾਵਾਂ ਦਿੱਤੀਆਂ ਜਾਣ ਅਤੇ ਹਰ ਪ੍ਰਕਾਰ ਦੇ ਸਰਕਾਰੀ ਰੀਕਾਰਡਾਂ ਅਤੇ ਹੋਰ ਕਾਰ-ਵਿਹਾਰ ਵਿਚ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖਰੀ ਕੌਮ ਸਮਝਿਆ ਜਾਏ ਅਤੇ ਪੰਜਾਬ ਦੀ ਭਾਸ਼ਾ ਨੂੰ ਵਿੱਦਿਆ ਦਾ ਮਾਧਿਅਮ ਬਣਾਇਆ ਜਾਏ।[104]

---

103. Jones Kenneth W.," In part British writers were blamed for raising this question as another example of their divide and rule tactics." Arya Sikh Relations 1877-1905' Spokesman, Guru Nanak Number-1973, p.30.

104. ਨਵੰਬਰ 1888 ਈ. ਨੂੰ ਲਾਹੌਰ ਦੀਵਾਨ ਵਲੋਂ ਭਾਈ ਜਵਾਹਰ ਸਿੰਘ ਨੇ ਭਾਰਤ ਦੇ ਵਾਇਸਰਾਏ ਲਾਰਡ ਡਫਰਨ ਦੇ ਮਾਣ ਵਿਚ ਵਿਦਾਇਗੀ ਪੱਤਰ ਪੇਸ਼ ਕੀਤਾ ਜਿਸ ਵਿਚ ਹੇਠ ਲਿਖੀਆਂ ਮੰਗਾਂ ਰੱਖੀਆਂ ਗਈਆਂ:

(1) They be no longer confounded with Hindus but treated in all respects as a separate community.
(2) The language of the Panjab should be the basis of education with due provision for the subsequent acquisition of English and high scholarship.

... f.n...cont..

ਇਸ ਵਾਦ ਵਿਵਾਦ ਨੇ ਇਕ ਨਵਾਂ ਰੂਪ ਉਦੋਂ ਧਾਰਨ ਕੀਤਾ ਜਦੋਂ 1898 ਈ. ਵਿਚ ਸਰਦਾਰ ਦਿਆਲ ਸਿੰਘ ਮਜੀਠੀਏ ਦੀ ਮ੍ਰਿਤੂ ਉਤੇ ਉਸ ਦੀ ਪਤਨੀ ਨੇ ਲਾਹੌਰ ਹਾਈ ਕੋਰਟ ਵਿਚ ਮੁਕੱਦਮਾ ਕੀਤਾ ਕਿ ਸਰਦਾਰ ਨੇ ਵਰਾਸਤ ਦੇ ਜਿਸ ਹਿੰਦੂ ਕਾਨੂੰਨ ਅਧੀਨ ਆਪਣੀ ਸਾਰੀ ਜਾਇਦਾਦ ਇਕ ਟ੍ਰੱਸਟ ਨੂੰ ਦਿੱਤੀ ਹੈ, ਉਹ ਸਿੱਖਾਂ ਉਤੇ ਲਾਗੂ ਨਹੀਂ ਹੁੰਦਾ। ਇਸ ਲਈ ਇਹ ਗੈਰ-ਕਾਨੂੰਨੀ ਹੈ।[105] 1898 ਈ. ਤੋਂ 1900 ਈ. ਤਕ ਅਖ਼ਬਾਰਾਂ ਤੇ ਟ੍ਰੈਕਟਾਂ ਰਾਹੀਂ ਫੇਰ ਇਹ ਚਰਚਾ ਜ਼ੋਰਾਂ ਤੇ ਚਲ ਪਈ ਕਿ ਸਿੱਖ ਹਿੰਦੂ ਹਨ। ਆਰੀਆ ਸਮਾਜ ਦਾ ਇਕ ਸਿੱਖ ਮੈਂਬਰ ਭਾਈ ਜਗਤ ਸਿੰਘ, ਪੁਰਾਣੀਆਂ ਦਲੀਲਾਂ ਨੂੰ ਲੈ ਕੇ ਹੀ ਆਪਣੇ ਟ੍ਰੈਕਟ "ਰਸਾਲਾ ਸਤ ਪ੍ਰਕਾਸ਼" ਵਿਚ ਸਾਬਤ ਕਰਨ ਲਗਾ ਕਿ ਸਿੱਖ ਹਿੰਦੂ ਹਨ। ਪੰਡਿਤ ਜੈ ਚੰਦ ਸ਼ਰਮਾ ਨੇ ਪੁਸਤਕ ਲਿਖੀ "ਸਿੱਖ ਹਿੰਦੂ ਹਨ ਤੇ ਮੂਰਤੀ-ਪੂਜਕ ਹਨ।" ਲਾਲਾ ਠਾਕਰ ਦਾਸ ਤੇ ਬਾਵਾ ਨਰੈਣ ਸਿੰਘ ਨੇ ਏਸੇ ਦੀ ਪੁਸ਼ਟੀ ਲਈ 'ਸਿੱਖ ਹਿੰਦੂ ਹੈਂ" ਨਾਂ ਦਾ ਪੈਂਫਲਿਟ ਛਾਪਿਆ। 'ਆਰੀਆ ਮੈਸੰਜਰ' ਤੇ 'ਆਰੀਆ ਪਤ੍ਰਕਾ' ਨੇ ਵੀ ਏਸੇ ਭਾਵ ਦੇ ਲੇਖ ਛਾਪੇ।[106] ਇਨ੍ਹਾਂ ਦੇ ਉੱਤਰ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀ ਪ੍ਰਸਿੱਧ ਪੁਸਤਕ "ਹਮ ਹਿੰਦੂ ਨਹੀਂ" ਛਪ ਕੇ ਸਾਹਮਣੇ ਆਈ।[107] ਇਸ ਦੇ ਆਰੰਭ ਵਿਚ ਹੀ ਕਰਤਾ ਵਲੋਂ ਜ਼ਰੂਰੀ ਬੇਨਤੀ ਦੇ ਸਿਰਲੇਖ ਹੇਠ ਲਿਖਿਆ ਹੈ— "ਇਸ ਪੁਸਤਕ ਨੂੰ ਪੜ੍ਹ ਕੇ ਆਪ ਨੂੰ ਕੇਵਲ ਇਹ ਜਾਨਣਾ ਯੋਗਯ ਹੈ ਕਿ ਸਿੱਖ ਧਰਮ ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ, ਅਰ ਸਿੱਖ ਕੌਮ ਹੋਰ ਕੌਮਾਂ ਦੀ ਤਰ੍ਹਾਂ ਇਕ ਜੁਦੀ ਕੌਮ ਹੈ।"(ਪੰਨਾ-1)।

---

(3) A fair proportion of official and military appointments is asked for Sikhs."
(Allens' Indian Mail dated 11th March 1889,p.228.
quoted by Teja Singh-Pb.Past and Present,April,73,p.92

105. Griffin-Sir Lapel H.,"The Rajas of the Panjab",p.338.
'ਸਿੱਖਾਂ ਨੇ ਹਿੰਦੂ ਧਰਮ ਛੱਡ ਦਿੱਤਾ ਹੈ। ਇਸ ਵਾਸਤੇ ਹਿੰਦੂਆਂ ਦਾ ਕਾਨੂੰਨ ਵੀ ਨਾਲ ਹੀ ਛੁਟ ਗਿਆ। ਅਤੇ ਸਿੱਖਾਂ ਨੂੰ ਹਿੰਦੂ ਕਾਨੂੰਨ ਦਾ ਹਵਾਲਾ ਦੇਣਾ, ਉਹੋ ਜਿਹਾ ਹੈ, ਜਿਸ ਤਰ੍ਹਾਂ ਕੋਈ ਮੁਸਲਮਾਨ ਸਿੱਖ ਬਣ ਕੇ, ਸ਼ਰ੍ਹਾ-ਮੁਹੰਮਦੀ ਦਾ ਹਵਾਲਾ ਦੇਵੇ।

106. ਭਗਤ ਲਛਮਣ ਸਿੰਘ ਜੀ ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ ਕਿ ਇਨ੍ਹਾਂ ਆਰੀਆ ਸਮਾਜੀ ਪੱਤ੍ਰਕਾਵਾਂ ਦੀ ਗ਼ਲਤ ਬਿਆਨੀ ਤੇ ਝੂਠੇ ਪ੍ਰਾਪੇਗੰਡੇ ਨੇ ਮੇਰੇ ਸਿੱਖ ਜਜ਼ਬਾਤ ਤੇ ਸਿੱਖ ਗੁਰੂਆਂ ਸੰਬੰਧੀ ਮੇਰੀ ਸ਼ਰਧਾ ਨੂੰ ਟੁੰਬਿਆ ਤੇ ਮੈਂ ਲਾਹੌਰ ਤੋਂ 5 ਜਨਵਰੀ 1899 ਨੂੰ ~~ਲਾਹੌਰ ਤੋਂ~~ ਸਿੱਖਾਂ ਦਾ ਪਹਿਲਾ ਅੰਗਰੇਜ਼ੀ ਅਖ਼ਬਾਰ "ਦੀ ਖਾਲਸਾ" ਚਾਲੂ ਕੀਤਾ। ਭਾਈ ਵੀਰ ਸਿੰਘ ਜੀ ਨੇ ਵੀ ਏਸੇ ਸਾਲ ਕੋਈ ਦਸ ਮਹੀਨੇ ਬਾਦ ਨਵੰਬਰ ਵਿਚ 'ਖਾਲਸਾ ਸਮਾਚਾਰ' ਸ਼ੁਰੂ ਕੀਤਾ।"
'Autobiography' Calcutta-1965,p.130-38.

107. ਇਹ ਪੁਸਤਕ 30 ਜੂਨ 1899 ਈ. ਨੂੰ ਉਸ ਵੇਲੇ ਪ੍ਰਕਾਸ਼ਿਤ ਹੋਈ ਜਦ ਹਿੰਦੂ ਸਿੱਖ ਵਾਦ-ਵਿਵਾਦ ਜ਼ੋਰਾਂ ਤੇ ਸੀ।

ਅਗੇ ਚਲ ਕੇ ਲਿਖਿਆ ਹੈ," ਕੇਵਲ ਹਿੰਦੂ ਧਰਮ ਤੋਂ ਹੀ ਖਾਲਸੇ ਦੀ ਭਿੰਨਤਾ ਇਸ ਪੁਸਤਕ ਵਿਚ ਇਸ ਵਾਸਤੇ ਲਿਖੀ ਹੈ ਕਿ ਹੋਰਨਾਂ ਧਰਮਾਂ ਤੋਂ ਤਾਂ ਪਹਿਲਾਂ ਹੀ ਸਾਡੇ ਭਾਈ ਆਪਣੇ ਆਪ ਨੂੰ ਜੁਦਾ ਸਮਝਦੇ ਸਨ, ਪਰ ਅਗਯਾਨ ਕਰ ਕੇ ਖਾਲਸੇ ਨੂੰ ਹਿੰਦੂ ਅਥਵਾ ਹਿੰਦੂਆਂ ਦਾ ਹੀ ਇਕ ਫਿਰਕਾ ਖਿਆਲ ਕਰਦੇ ਹਨ।"(ਪੰਨਾ 7)

217 ਪੰਨਿਆਂ ਦੀ ਇਸ ਪੁਸਤਕ ਵਿਚ ਇਤਿਹਾਸਕ ਅਤੇ ਗੁਰਮਤਿ ਦੇ ਹਵਾਲੇ ਦੇ ਕੇ ਸਿੱਖਾਂ ਦੀ ਵਿਲੱਖਣਤਾ ਨੂੰ ਬੜੇ ਨਿਆਂਸ਼ੀਲ ਢੰਗ ਨਾਲ ਦ੍ਰਿਸ਼ਟੀਗੋਚਰ ਕੀਤਾ ਹੈ ਅਤੇ ਅਖ਼ੀਰ ਵਿਚ ਲਿਖਿਆ ਹੈ:-

"ਜੇ ਕਿਤੇ ਸਿੱਖਾਂ ਦਾ ਕੁਝ ਹਿੱਸਾ ਫੌਜ ਵਿਚ, ਔਰ ਵਾਹਿਗੁਰੂ ਦੀ ਦਯਾ ਕਰ ਕੇ ਜੇਹਾ ਕਿ ਹੁਣ ਨਿਤ ਨਵਾਂ ਵਿਦਿਆ ਦਾ ਪ੍ਰਕਾਸ਼ ਹੋ ਰਿਹਾ ਹੈ, ਨਾ ਹੁੰਦਾ ਤਾਂ ਹੁਣ ਨੂੰ ਆਪ ਸਿਖ ਧਰਮ ਕਾਗਜ਼ਾਂ ਵਿਚ ਹੀ ਦੇਖਦੇ। ਪਰ ਅਕਾਲ ਪੁਰਖ ਦਾ ਧੰਨਵਾਦ ਹੈ ਕਿ ਉਸ ਨੇ ਕਿਰਪਾ ਕਰਕੇ ਇਹ ਗੱਲ ਸੁਝਾਈ ਹੈ ਕਿ ਇਸ ਸਮਯ ਸਾਨੂੰ ਆਪਣੀ ਧਾਰਮਿਕ ਔਰ ਬਿਵਹਾਰਕ ਦਸ਼ਾ ਸੁਧਾਰਨੀ ਚਾਹੀਏ ਔਰ ਸਤਿਗੁਰੂ ਦੇ ਪਵਿਤਰ ਬਚਨਾਂ ਪਰ ਭਰੋਸਾ ਕਰ ਕੇ, "ਸਿਖ ਕੌਮ " ਬਣ ਕੇ ਸੰਸਾਰ ਪਰ ਆਪਣੀ 'ਹਸਤੀ' ਕਾਇਮ ਰੱਖਣੀ ਚਾਹੀਏ।"(ਪੰਨਾ 215-16)

ਅਖੀਰ ਵਿਚ ਬ੍ਰਿਜ-ਭਾਸ਼ਾ ਵਿਚ ਇਕ ਅਦਿਲ ਦੁਆਰਾ ਇਕ ਪ੍ਰਕਾਰ ਦਾ ਨਾਅਰਾ ਦੇ ਕੇ ਸਿੱਖਾਂ ਨੂੰ ਵੰਗਾਰਿਆ ਹੈ:-

"ਗੁਰਬਾਣੀ ਕੋ ਗਯਾਨ, ਸ਼ਸਤ੍ਰ ਸਮ ਧਾਰਿਯੇ।
ਭੇਦ ਭਰਮ ਅਗਯਾਨ, ਪਖੰਡ ਪ੍ਰਹਾਰਿਯੈ ।
ਪਿਤਾ ਏਕ ਕੇ ਪੂਤ, ਵਿਸ਼ਵ ਮੇਂ ਜਹਿ ਕਹੀਂ।
ਹੋ ਇਸ ਪਰ ਭੀ ਲਿਹੁ ਜਾਨ ਕਿ "ਹਮ ਹਿੰਦੂ ਨਹੀਂ"।(ਪੰਨਾ 217)

ਆਰੀਆ - ਸਿੱਖ ਵਿਵਾਦ ਉਸ **ਸਦੀ** ਦੇ ਅੰਤਲੇ ਵਰ੍ਹੇ ਵਿਚ ਪੂਰੀ ਤਰ੍ਹਾਂ ਉਭਰ ਕੇ ਫੇਰ ਸਾਹਮਣੇ ਆਇਆ ਜਦ 30 ਮਜ਼ਹਬੀ ਸਿੱਖ, ਜਿਹੜੇ ਸਿੱਖੀ ਰਹਿਤ ਬਹਿਤ ਵਿਚ ਪੱਕੇ ਸਨ, ਆਰੀਆ ਸਮਾਜ ਦੀ 'ਸ਼ੁਧੀ' ਦੀ ਯੋਜਨਾ ਅਧੀਨ ਹਿੰਦੂ ਧਰਮ ਵਿਚ ਰਲਾਏ ਗਏ, ਕਿਉਂਜੋ ਸਿੱਖਾਂ ਵਲੋਂ ਅੰਮ੍ਰਿਤ ਛਕਾਏ ਜਾਣ ਸਮੇਂ ਬਰਾਬਰੀ ਦੇ ਅਧਿਕਾਰਾਂ ਦੇ ਵਾਇਦੇ ਪੂਰੇ ਨਹੀਂ ਸਨ ਕੀਤੇ ਗਏ। ਸਿੱਖ ਆਗੂਆਂ ਦੇ, 'ਰਹਿਤੀਏ ਸਿੱਖਾਂ' ਅਤੇ ਸਮਾਜ ਦੇ ਲੀਡਰਾਂ ਨੂੰ ਅਜਿਹਾ ਨਾ ਕਰਨ ਦੇ ਸਾਰੇ ਯਤਨ **ਅਸਫਲ ਰਹੇ** ਅਤੇ ਹਜ਼ਾਰਾਂ ਦਰਸ਼ਕਾਂ ਦੇ ਸਾਹਮਣੇ [108] ਇਕ ਉਚੇ ਚਬੂਤਰੇ ਤੇ ਬਿਠਾ ਕੇ ਅੱਧੀ ਦਰਜਨ ਨਾਈਆਂ ਦੁਆਰਾ

---

108. Lachman Singh Bhagat,"Autobiography", p.165.

ਉਨ੍ਹਾਂ ਤੀਹਾਂ ਦੇ ਕੇਸ ਦਾਹੜੀਆਂ ਕਤਲ ਕੀਤੇ ਗਏ। ਇਹ ਅਜਿਹੀ ਘਟਨਾ ਸੀ ਜਿਸ ਦਾ ਪ੍ਰਤਿਕਰਮ ਸਿੱਖ ਹਲਕਿਆਂ ਵਿਚ ਏਨਾ ਹੋਇਆ ਕਿ ਉਨ੍ਹਾਂ ਨੂੰ ਸਰਕਾਰ ਅਗੇ ਬੇਨਤੀ ਕਰਨੀ ਪਈ ਕਿ ਜੇ ਆਰੀਆ ਸਮਾਜੀਆਂ ਦੀਆਂ ਇਨ੍ਹਾਂ ਸ਼ਰਾਰਤੀ ਕਾਰਵਾਈਆਂ ਨੂੰ ਤੁਰਤ ਨਾ ਰੋਕਿਆ ਗਿਆ ਤਾਂ ਪੰਜਾਬ ਵਿਚ ਅਜਿਹੀ ਭਿਆਨਕ ਤਰਥੱਲੀ ਮੱਚ ਜਾਏਗੀ ਜਿਸ ਨੂੰ ਰੋਕਣਾ ਸਰਕਾਰ ਲਈ ਵੀ ਕਠਿਨ ਹੋ ਜਾਏਗਾ।[109] ਬਹੁਤ ਸਾਰੇ ਸਿਆਣੇ ਤੇ ਸੂਝਵਾਨ ਹਿੰਦੂਆਂ ਨੇ ਵੀ ਆਰੀਆ ਸਮਾਜੀਆਂ ਦੇ ਸਿੱਖੀ ਦੇ ਇਸ ਤਰ੍ਹਾਂ ਖੁਲ੍ਹੇ ਨਿਰਾਦਰ ਦੀ ਕਰੜੀ ਆਲੋਚਨਾ ਕੀਤੀ।[110]

ਲਾਹੌਰ ਦੇ ਸਿੱਖਾਂ ਵਲੋਂ ਕੀਤੀ ਗਈ ਭਾਰੀ ਰੋਸ ਸਭਾ ਵਿਚ ਭਗਤ ਲੱਛਮਣ ਸਿੰਘ ਨੇ ਸੰਖੇਪ ਵਿਚ ਆਖਿਆ ਕਿ ਇਹ ਮੌਕਾ ਲੈਕਚਰ ਦੇਣ ਦਾ ਨਹੀਂ, ਸੋਗ ਮਨਾਉਣ ਦਾ ਹੈ — ਸੋਗ ਉਨ੍ਹਾਂ ਸਦੀਆਂ ਦੇ ਚਲੇ ਆ ਰਹੇ ਹਿੰਦੂ ਸਿੱਖ ਸੰਬੰਧਾਂ ਦੇ ਟੁਟ ਜਾਣ ਦਾ ਹੈ, ਜਿਹੜੇ ਇਸ ਘਟਨਾ ਕਰ ਕੇ ਟੁੱਟ ਰਹੇ ਹਨ। ਜੇ ਆਰੀਆ ਸਮਾਜ ਦੇ ਸਿਆਣੇ ਆਗੂ ਬਾਜ਼ ਨਾ ਆਏ ਤਾਂ ਉਨ੍ਹਾਂ ਨੂੰ ਜਵਾਬੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਸਿੱਖ ਚੰਗੀ ਤਰ੍ਹਾਂ ਜਾਣਦੇ ਹਨ ਕਿ ਵਿਰੋਧੀ ਨਾਲ ਕਿਵੇਂ ਨਜਿੱਠੀਦਾ ਹੈ।[111] ਸ੍ਰ: ਮੇਹਰ ਸਿੰਘ ਚਾਵਲਾ ਦੀ ਪ੍ਰਧਾਨਗੀ ਹੇਠ 'ਖ਼ਾਲਸਾ ਸੁਧਾਰ ਸਭਾ' ਕਾਇਮ ਕਰ ਕੇ ਪਰਚਾਰ ਦੀ ਇਕ ਨਵੀਂ ਲਹਿਰ ਚਲਾਈ ਗਈ ਅਤੇ ਹਜ਼ਾਰਾਂ ਟ੍ਰੈਕਟ ਛਾਪ ਕੇ ਸਾਰੇ ਪ੍ਰਾਂਤ ਵਿਚ ਘਰ ਘਰ ਵੰਡੇ ਗਏ। ਆਰੀਆ ਸਮਾਜੀਆਂ ਦੀ ਸ਼ੁਧੀ ਦੀ ਮੁਹਿੰਮ ਅਧੀਨ ਸਿੱਖਾਂ ਦੇ ਪਿਛੜੇ ਵਰਗਾਂ ਦੇ ਲੋਕਾਂ ਨੂੰ ਸਿੱਖੀ ਤੋਂ ਪਤਿਤ ਕਰਨ ਦੇ ਯਤਨ ਜਾਰੀ ਰਹੇ, ਪਰ ਛੇਤੀ ਹੀ ਸਿੰਘ ਸਭਾ ਦੇ ਪ੍ਰਚਾਰ ਸਦਕਾ ਇਸ ਵਿਚ ਠੱਲ੍ਹ ਪੈ ਗਈ, ਕਿਉਂਜੋ ਇਹ ਰਹਿਤੀਏ ਮਜ਼ਹਬੀ ਜਦ ਪਤਿਤ ਹੋ ਕੇ ਪਿੰਡਾਂ ਵਿਚ ਜਾਂਦੇ ਤਾਂ ਸਿੱਖਾਂ ਵਲੋਂ ਉਨ੍ਹਾਂ ਲਈ ਉਥੇ ਰਹਿਣਾ ਅਸੰਭਵ ਬਣਾ ਦਿੱਤਾ ਜਾਂਦਾ। ਇਸ ਤਰ੍ਹਾਂ ਸਾਰੇ ਪ੍ਰਾਂਤ ਵਿਚ ਹਿੰਦੂ-ਸਿੱਖ ਖਿੱਚੋਤਾਣ ਪੂਰੇ ਜ਼ੋਰ ਤੇ ਉਭਰ ਆਈ

---

109- Jones Kenneth, "Arya Sikh Relations", p.32.

110. The great mass of Hindu community was rudely shocked and we heard dozens of the Hindus, young and old violently cursing the men who had dared to insult the race, who had protected their mothers and daughters from nameless atrocities at the cost of their own lives and those of their nearest and dearest in this world.
"The Khalsa" June, 6, 1900, p.3-4.

111. Lachman Singh Bhagat," If men of light and lead in the ranks of Arya Samaj, did not mend their ways, they must be prepared for retaliatory measures from a community who knew how to punish."
"Autobiography", p.166.

ਅਤੇ 1905 ਈ. ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਇਤਿਹਾਸਕ ਸਿੱਖ ਗੁਰਦੁਆਰਿਆਂ ਵਿਚੋਂ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਹਟਾਉਣ ਨਾਲ, ਇਹ ਪਾੜਾ ਤੇ ਅੰਤਰਤਾ ਸਦਾ ਲਈ ਕਾਇਮ ਹੋ ਗਈ।

ਆਰੀਆ ਸਮਾਜੀਆਂ ਨੇ ਆਪਣੇ ਸੰਸਕ੍ਰਿਤ ਵਿਕਾਸ ਲਈ ਹਿੰਦੀ ਭਾਸ਼ਾ ਨੂੰ ਦੇਵਨਾਗਰੀ ਲਿੱਪੀ ਰਾਹੀਂ ਅਪਣਾਏ ਜਾਣ ਉਤੇ ਜ਼ੋਰ ਦੇਣਾ ਸ਼ੁਰੂ ਕੀਤਾ। ਸਿੱਖਾਂ ਨੇ ਪੰਜਾਬੀ ਨੂੰ ਗੁਰਮੁਖੀ ਲਿੱਪੀ ਰਾਹੀਂ ਅਪਣਾ ਕੇ, ਆਪਣੀ ਵਿਲੱਖਣਤਾ ਦਾ ਪਰਮਾਣ ਦੇਣਾ ਚਾਹਿਆ। ਇਹ ਭਾਸ਼ਾਈ ਵਾਦ-ਵਿਵਾਦ ਵੀ ਆਉਣ ਵਾਲੇ ਵਰ੍ਹਿਆਂ ਵਿਚ ਸਿੱਖਾਂ ਤੇ ਆਰੀਆ ਸਮਾਜੀਆਂ ਦੀ ਖਿੱਚੋਤਾਣ ਦਾ ਇਕ ਵੱਡਾ ਕਾਰਨ ਬਣ ਗਿਆ। ਇਸ ਵਿਸ਼ੇ ਸੰਬੰਧੀ ਵਿਸਤਾਰ ਪੂਰਵਕ ਚਰਚਾ 'ਵਿਦਿਆ ਤੇ ਭਾਸ਼ਾ ਨੀਤੀ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।

ਇਸ ਅਧਿਆਇ ਵਿਚ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਪੰਜਾਬ ਦੀਆਂ ਭਿੰਨ ਭਿੰਨ ਕੌਮਾਂ ਦੇ ਆਪਸੀ ਸੰਬੰਧਾਂ ਨੂੰ ਪੂਰੇ ਵੇਰਵਿਆਂ ਸਹਿਤ ਅੰਕਿਤ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਦੁਆਰਾ ਪੰਜਾਬੀ ਕੌਮ ਦੀ ਸਮੁੱਚੀ ਮਨੋ-ਦਸ਼ਾ, ਉਨ੍ਹਾਂ ਦੀਆਂ ਭਾਵਨਾਵਾਂ, ਘਾਲਣਾਵਾਂ ਅਤੇ ਆਪੋ ਆਪਣੀ ਹੋਂਦ ਦੀ ਵਿਲੱਖਣਤਾ ਦੀ ਸਥਾਪਨਾ ਲਈ ਕੀਤੇ ਜਾ ਰਹੇ ਪ੍ਰੀਸ਼ਰਮਾਂ ਦਾ ਪੂਰਣ ਭਾਂਤ ਗਿਆਨ ਹੋ ਸਕੇ। ਜਿੱਥੋਂ ਤਕ ਸਿੱਖਾਂ ਦਾ ਸੰਬੰਧ ਹੈ, ਉਨ੍ਹਾਂ ਬਾਰੇ ਗੁਜਰਾਂਵਾਲੇ ਤੋਂ ਛਪਣ ਵਾਲਾ ਪੱਤਰ ਆਪਣੇ ਇਕ ਜੁਲਾਈ 1904 ਦੇ ਅੰਕ ਵਿਚ ਲਿਖਦਾ ਹੈ[112] "ਪੰਜਾਬ ਵਿਚ ਕੁਝ ਵਰ੍ਹੇ ਪਹਿਲਾਂ ਤਕ ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਵਿਚ ਜਿਹੜੇ ਮਿਤ੍ਰਤਾ ਵਾਲੇ ਆਪਸੀ ਸੰਬੰਧ ਸਨ, ਉਹ ਹੁਣ ਹੋ ਬੀਤੇ ਸਮੇਂ ਦੀ ਗਲ ਜਾਪਦੇ ਹਨ।" ਉਹੀ ਪੱਤਰ 1 ਅਕਤੂਬਰ 1904 ਵਾਲੇ ਅੰਕ ਵਿਚ ਫੇਰ ਲਿਖਦਾ ਹੈ [113] "ਮੈਂ ਆਪਣੇ ਭਰਾਵਾਂ ਨੂੰ ਉਸ ਖ਼ਤਰੇ ਵਲੋਂ ਸੁਚੇਤ ਕਰਨਾ ਚਾਹੁੰਦਾ ਹਾਂ ਜਿਹੜਾ ਵੱਖ ਵੱਖ ਧਰਮਾਂ ਵਾਲੇ ਲੋਕ-ਜਥਾ, ਆਰੀਏ, ਮੁਸਲਮਾਨ ਤੇ ਈਸਾਈ ਆਦਿ ਟ੍ਰੈਕਟਾਂ, ਅਖ਼ਬਾਰਾਂ ਤੇ ਰਸਾਲਿਆਂ ਰਾਹੀਂ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਸਾਡੇ ਗੁਰੂਆਂ ਨੇ ਉਨ੍ਹਾਂ ਦੇ ਧਰਮਾਂ ਦਾ ਹੀ ਪਰਚਾਰ ਕੀਤਾ ਸੀ।" ਪਰ ਉਸ ਵੇਲੇ ਤਕ ਇਹ ਪ੍ਰਸ਼ਨ ਸਦਾ ਲਈ ਹੱਲ ਹੋ ਚੁੱਕਾ ਸੀ ਕਿ "ਸਿੱਖ ਹਿੰਦੂ ਨਹੀਂ।"[114]

---

112. The friendly relations between the Hindus, the Sikhs and the Mohamddans, which existed in the Panjab only a few years back are now things of the past." Sikhs and Sikhism" Gujjranwala July 1,1904.

113. Ibid."In this transitory world of our, there are men of different religions viz Arya,Christians, Mohamadens etc.They all through the medium of tracts, newspapers and Magazines, claim that our Gurus preached their respective religions. I warn my brothern against their over-impeding danger."
1 October,1904.

114. Ibid." The Sikhs in proportion to their numbers, show greater activity and there has been a strong separtist movements in the past decade, advocating the abandonment of Hindu Customs."

## ਸਿੰਘ ਸਭਾ ਤੇ ਅੰਗਰੇਜ਼ੀ ਸਰਕਾਰ :

ਪੰਜਾਬ ਦੀਆਂ ਵਖੋ ਵੱਖ ਕੌਮਾਂ ਦੇ ਸਿੱਖਾਂ ਨਾਲ ਇਨ੍ਹਾਂ ਵਰ੍ਹਿਆਂ ਦੇ ਸੰਬੰਧਾਂ ਨੂੰ ਵਿਚਾਰਨ ਤੋਂ ਬਾਦ ਸੰਖੇਪ ਵਿਚ ਏਥੇ ਇਹ ਦਸਣਾ ਵੀ ਜ਼ਰੂਰੀ ਜਾਪਦਾ ਹੈ ਕਿ ਸਿੱਖਾਂ ਦੀਆਂ ਸੁਧਾਰਕ ਲਹਿਰਾਂ ਜਾਂ ਸਿੱਖਾਂ ਦੀ ਬਾਕੀ ਕੌਮਾਂ ਨਾਲ ਖਿੱਚੋਤਾਣ ਵਲ ਅੰਗਰੇਜ਼ੀ ਸਰਕਾਰ ਦਾ ਕੀ ਰਵੱਈਆ ਸੀ। ਪੰਜਾਬ ਉਤੇ ਕਬਜ਼ੇ ਉਪ੍ਰੰਤ ਅੰਗਰੇਜ਼ੀ ਸਰਕਾਰ ਵਲੋਂ ਸਿੱਖਾਂ ਪ੍ਰਤੀ ਅਪਣਾਈ ਗਈ ਨੀਤੀ ਨੂੰ ਬੜੇ ਵਿਸਤਾਰ ਵਿਚ ਪਿੱਛੇ ਵਿਚਾਰਿਆ ਜਾ ਚੁਕਾ ਹੈ। ਸਿੱਖ ਰਾਜ ਨੂੰ ਖ਼ਤਮ ਕਰਕੇ, ਸਿੱਖਾਂ ਦੀ ਸੈਨਿਕ ਸ਼ਕਤੀ ਨੂੰ ਨਸ਼ਟ ਕਰ ਕੇ, ਸਿੱਖ ਸੰਸਥਾਵਾਂ, ਸਿੱਖ ਮਰਯਾਦਾ ਤੇ ਰਹੁ-ਰੀਤ ਅਤੇ ਉਹ ਸਾਰੇ ਇਤਿਹਾਸਕ ਕਾਰਨਾਮੇ, ਜਿਨ੍ਹਾਂ ਉਤੇ ਸਿੱਖ ਕੌਮ ਦੀ ਸਮੁਚੀ ਗੌਰਵਤਾ ਦਾ ਮਹੱਲ ਉਸਰਿਆ ਹੋਇਆ ਸੀ, ਸਭਨਾਂ ਨੂੰ ਆਪਣੇ ਰੰਗ ਵਿਚ ਰੰਗ ਕੇ ਜਾਂ ਆਪਣੇ ਹਿੱਤਾਂ ਅਨੁਕੂਲ ਚਿਤਰ ਕੇ, ਅੰਗਰੇਜ਼ ਸਿੱਖ ਸਪਿਰਿਟ ਨੂੰ ਕੁਚਲ ਕੇ, ਆਪਣੇ ਰਾਜ ਨੂੰ ਹਰ ਤਰ੍ਹਾਂ ਨਾਲ ਸੁਰਖਿਅਤ ਕਰਨਾ ਲੋਚਦੇ ਸਨ, ਕਿਉਂਜੋ ਜਿਸ ਤਰ੍ਹਾਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਅੰਗਰੇਜ਼ੀ ਸਰਕਾਰ ਨੂੰ ਭਾਰਤ ਵਿਚ ਆਪਣੇ ਸ਼ਾਸ਼ਨ ਨੂੰ ਸਥਿਰ ਤੇ ਸਦੀਵੀ ਰੱਖਣ ਲਈ, ਜੇ ਕਿਸੇ ਪਾਸਿਓਂ ਕੋਈ ਖ਼ਤਰਾ ਸੀ ਤਾਂ ਉਹ ਕੇਵਲ ਸਿੱਖਾਂ ਪਾਸੋਂ। ਇਸ ਲਈ ਸਿੱਖਾਂ ਦੀ ਹਸਤੀ ਤੇ ਹੋਂਦ ਨੂੰ ਖ਼ਤਮ ਕਰਨਾ, ਉਨ੍ਹਾਂ ਦਾ ਮੁਖੀ ਲਕਸ਼ ਸੀ, ਜਿਸ ਦੇ ਪਰਮਾਣ ਗੁਪਤ ਸਰਕਾਰੀ ਰੀਪੋਰਟਾਂ ਤੋਂ ਮਿਲਦੇ ਹਨ।[115] ਇਸ ਨੀਤੀ ਵਿਚ ਜੇ ਕੁਝ ਪਰਿਵਰਤਨ-ਆਇਆ ਤਾਂ ਉਹ 1857 ਈ. ਦੇ ਗ਼ਦਰ ਵਿਚ ਸਿੱਖਾਂ ਵਲੋਂ ਅੰਗਰੇਜ਼ੀ ਸਰਕਾਰ ਦੇ ਵਿਰੁਧ ਬਾਗ਼ੀਆਂ ਦਾ ਸਾਥ ਨਾ ਦੇਣ ਕਰ ਕੇ, ਜਾਂ ਕੁਝ ਹਾਲਤਾਂ ਵਿਚ ਅੰਗਰੇਜ਼ਾਂ ਦਾ ਸਾਥ ਦੇ ਕੇ ਬਗਾਵਤ ਨੂੰ ਦਬਾਉਣ ਵਿਚ ਸਹਾਇਕ ਬਨਣ ਦੇ ਫਲ-ਸਰੂਪ ਸੀ।

ਨਿਰੋਲ ਧਾਰਮਿਕ ਤੇ ਸੁਧਾਰਕ ਮਨੋਰਥਾਂ ਲਈ ਜਥੇਬੰਦ ਹੋਣ ਨੂੰ ਵੀ ਸਰਕਾਰ ਸ਼ਕ ਦੀ ਨਜ਼ਰ ਨਾਲ ਦੇਖਦੀ ਸੀ। ਨਾਮਧਾਰੀ ਲਹਿਰ ਦਾ ਹਸ਼ਰ ਸਿੱਖਾਂ ਦੇ ਸਾਹਮਣੇ ਸੀ। ਉਹ ਰਾਹ ਅਪਣਾ ਕੇ ਸਿੱਖ ਨਵੇਂ ਵਾਤਾਵਰਣ ਵਿਚ ਨਾਂ ਤਾਂ ਖੁਲ੍ਹ ਕੇ ਸਾਹ ਲੈ ਸਕਦੇ ਸਨ, ਨਾ ਵਿੱਦਿਅਕ ਤੇ ਆਰਥਿਕ ਉੱਨਤੀ ਕਰ ਸਕਦੇ ਸਨ, ਨਾ ਹੀ ਈਸਾਈਆਂ, ਮੁਸਲਮਾਨਾਂ ਤੇ ਆਰੀਆ ਸਮਾਜੀਆਂ ਦੇ ਆਪਣੇ ਧਰਮ ਵਿਰੋਧੀ ਹੱਲਿਆਂ ਦਾ ਟਾਕਰਾ ਕਰ ਸਕਦੇ ਸਨ। ਇਸ ਲਈ ਉਨ੍ਹਾਂ ਸਾਹਮਣੇ ਅੰਗਰੇਜ਼ੀ ਰਾਜ ਦੇ ਵਫ਼ਾਦਾਰ ਬਣ ਕੇ, ਉਨ੍ਹਾਂ ਦੀ ਸਹਾਇਤਾ, ਹਮਾਇਤ ਤੇ ਸ਼ੁਭ ਇੱਛਾਵਾਂ ਪ੍ਰਾਪਤ ਕਰਨ ਤੋਂ ਬਿਨਾਂ ਹੋਰ ਕੋਈ ਰਾਹ

---

115. Ganda Singh(Dr.),'Panjab Past & Present'- Vol.VII, No.13 April 73, p.VIII.

ਬਾਕੀ ਨਹੀਂ ਸੀ। ਇਸ ਲਈ ਸਿੰਘ ਸਭਾ ਦੇ ਆਗੂਆਂ ਨੇ ਸਿੱਖਾਂ ਨੂੰ ਵਿੱਦਿਅਕ ਤੇ ਸਮਾਜਕ ਖੇਤਰਾਂ ਵਿਚ ਉੱਨਤ ਕਰਨ ਦਾ ਬੀੜਾ ਚੁਕਿਆ ਅਤੇ ਉਹ ਵੀ ਸਰਕਾਰੀ ਸਹਾਇਤਾ ਤੇ ਸਰਪ੍ਰਸਤੀ ਅਧੀਨ। ਹੋਰ ਸਾਰੀਆਂ ਕੌਮਾਂ[116] ਵੀ ਉਸ ਵੇਲੇ ਏਸੇ ਨੀਤੀ ਨੂੰ ਅਪਣਾ ਰਹੀਆਂ ਸਨ ਅਤੇ ਇਸ ਵਿਚ ਕਿਸੇ ਪ੍ਰਕਾਰ ਦੀ ਹੇਠੀ ਵੀ ਕੋਈ ਨਹੀਂ ਸੀ।" ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਆਏ ਵਿਚਾਰਾਂ ਤੇ ਮਿਆਰਾਂ ਉਤੇ ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਦੀ ਸਥਿਤੀ ਨੂੰ ਮੁਖ ਰੱਖ ਕੇ ਪਰਖਣਾ, ਬੇ-ਇਨਸਾਫ਼ੀ ਹੋਵੇਗੀ। ਬਾਹਰਮੁਖੀ ਇਤਿਹਾਸ ਇਹ ਮੰਗ ਕਰਦਾ ਹੈ ਕਿ ਵਿਅੱਕਤੀਆਂ ਤੇ ਘਟਨਾਵਾਂ ਨੂੰ ਆਪਣੇ ਸਮੇਂ ਦੇ ਵਾਤਾਵਰਣ ਤੇ ਪ੍ਰਸਿੱਥਿਤੀਆਂ ਦੇ ਅਨੁਕੂਲ ਵਿਚਾਰਿਆ ਜਾਏ।"[117]

ਸਿੰਘ ਸਭਾ ਲਹਿਰ ਭਾਵੇਂ ਸਮੁਚੀ ਸਿੱਖ ਜਨਤਾ ਦੇ ਮਨੋ-ਭਾਵਾਂ ਦੀ ਤਰਜਮਾਨੀ ਕਰਦੀ ਸੀ ਅਤੇ ਉਸ ਸਮੇਂ ਦੀਆਂ ਬਾਕੀ ਅਜਿਹੀਆਂ ਲਹਿਰਾਂ ਨਾਲੋਂ ਇਹੀ ਇਸ ਦੀ ਭਿੰਨਤਾ ਤੇ ਵਿਸ਼ੇਸ਼ਤਾ ਸੀ ਕਿ ਇਹ ਨਿਰੋਲ ਜਨਤਕ ਲਹਿਰ ਸੀ ਅਤੇ ਕਿਸੇ ਇਕ ਆਗੂ ਜਾਂ ਵਿਅਕਤੀ-ਵਿਸ਼ੇਸ਼ ਵਲੋਂ ਆਪਣੇ ਨਿੱਜੀ ਵਿਚਾਰਾਂ ਨੂੰ ਪ੍ਰਗਟਾਉਣ ਲਈ ਹੋਂਦ ਵਿਚ ਨਹੀਂ ਸੀ ਆਈ, ਪਰ ਇਸ ਦੇ ਉਘੇ ਆਗੂ ਉਪਰਲੀ ਮੱਧ ਸ਼੍ਰੇਣੀ ਦੇ ਸਰਦਾਰ ਤੇ ਰਈਸ ਲੋਕ ਸਨ ਜਿਹੜੇ ਸਰਕਾਰ ਦੇ ਕੇਵਲ ਵਫ਼ਾਦਾਰ ਹੀ ਨਹੀਂ ਸਨ, ਸਗੋਂ ਇਸ ਰਾਜ ਦੀਆਂ ਬਰਕਤਾਂ ਦੇ ਸੋਹਿਲੇ ਗਾਉਣ ਵਾਲੇ ਵੀ ਸਨ। ਜਿਸ ਤਰ੍ਹਾਂ ਉਪਰ ਹਵਾਲਾ ਦਿੱਤਾ ਜਾ ਚੁੱਕਾ ਹੈ, ਉਸ ਸਮੇਂ ਸੁਧਾਰ ਰਾਜਨੀਤੀ ਤੋਂ ਦੂਰ ਰਹਿ ਕੇ ਹੀ ਸੰਭਵ ਸੀ। ਸੁਧਾਰ ਲਈ ਸਰਕਾਰੀ ਵਫ਼ਾਦਾਰੀ ਤੇ ਸਰਪ੍ਰਸਤੀ ਦੀ ਭਾਵਨਾ ਪਿਛੇ ਇਹ ਵੀ ਕਾਰਨ ਸਨ ਕਿ ਜਦ ਸਭ ਪਾਸਿਆਂ ਤੋਂ ਸਿੱਖਾਂ ਦੀ ਵਿਰੋਧਤਾ ਹੋ ਰਹੀ ਹੋਵੇ, ਕੌਮ ਨੂੰ ਢਾਹ ਲਗ ਰਹੀ ਹੋਵੇ, ਕੌਮ ਗ਼ਰੀਬ, ਅਨਪੜ੍ਹ, ਪਛੜੀ ਹੋਈ ਤੇ ਸਾਧਨ ਰਹਿਤ ਹੋਵੇ, ਅਤੇ ਇਸ ਦਾ ਵਡੇਰਾ ਭਾਗ ਪਿੰਡਾਂ ਵਿਚ ਵਸਦਾ ਹੋਵੇ, ਜਿਹੜਾ ਨਵੀਂ ਰੋਸ਼ਨੀ ਤੇ ਨਵੇਂ ਗਿਆਨ ਦੇ ਚਾਨਣ ਤੋਂ ਬਿਲਕੁਲ ਸੱਖਣਾ ਹੋਵੇ, ਕੌਮ ਵਿਚ ਏਕਤਾ ਨਾ ਹੋਵੇ, ਧੜੇਬੰਦੀ ਜ਼ੋਰਾਂ ਤੇ ਹੋਵੇ, ਧਰਮ ਅਸਥਾਨਾਂ ਦੇ ਮਹੰਤ-ਪੁਜਾਰੀ ਹਿੰਦੂ ਪੱਖੀ, ਸਨਾਤਨੀ-ਵਿਚਾਰਾਂ ਵਿਚ ਗ੍ਰਸਤ, ਅਤੇ ਬ੍ਰਾਹਮਣੀ ਰੁਚੀਆਂ ਦੇ ਸਮਰਥਕ ਹੋਣ ਤਾਂ ਸਿੰਘ ਸਭੀਏ ਕੀ ਕਰਦੇ? ਸਭਨਾਂ ਨਾਲ ਟੱਕਰ ਲੈਣ ਲਈ ਘੱਟੋ ਘੱਟ ਸਰਕਾਰ ਦੀ ਹਮਾਇਤ ਪ੍ਰਾਪਤ ਕਰਨੀ ਤਾਂ ਉਚਿੱਤ ਸੀ।

---

116. Ibid, "The Hindus of the Arya Samajist persuation and Muslims of Aligarh School of thought, the Christians, the Brahmos and the Dev Samajist, were also then following the path of loyalty to and co-operation with the Government." p.ix.

117. ਗੁਰਦੁਆਰਾ ਗਜ਼ਟ, ਅਗਸਤ, 1953, ਪੰਨਾ 16.

ਅਗੋਂ ਸਰਕਾਰੀ ਨੀਤੀ ਵੀ ਇਹੀ ਜਾਪਦੀ ਹੈ ਕਿ ਉਹ ਵੱਖ ਵੱਖ ਸ਼੍ਰੇਣੀਆਂ ਦਾ ਧਿਆਨ ਰਾਜਨੀਤੀ ਵਲੋਂ ਮੋੜ ਕੇ ਆਪੋ ਆਪਣੀ ਕੌਮ ਦੇ ਧਾਰਮਿਕ ਤੇ ਸਮਾਜਕ ਸੁਧਾਰ ਵਲ ਲਾਵੇ, ਜਾਂ ਫੇਰ ਆਰਥਕ ਤੌਰ ਤੇ ਲੋਕਾਂ ਨੂੰ ਖੁਸ਼ਹਾਲ ਹੋਣ ਵਿੱਚ ਵੱਧ ਤੋਂ ਵੱਧ ਸਹਾਇਤਾ ਤੇ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਉਹ ਸਰਕਾਰ ਦਾ ਜੱਸ ਗਾਉਣ।

ਖਾਲਸਾ ਦੀਵਾਨ ਲਾਹੌਰ ਦੀ ਸਥਾਪਨਾ ਸਮੇਂ ਇਸ ਦੇ ਜਿਹੜੇ ਨਿਯਮ- ਉਪ-ਨਿਯਮ ਘੜੇ ਗਏ ਉਨ੍ਹਾਂ ਵਿਚ "(ਚ) ਸਰਕਾਰ ਅੰਗਰੇਜ਼ੀ ਅੱਗੇ ਖਾਲਸਾ ਪੰਥ ਦੇ ਹਕੂਕ ਪ੍ਰਗਟ ਕਰਨੇ ਅਤੇ ਸਿਖਾਂ ਨੂੰ ਸਰਕਾਰ ਅੰਗ੍ਰੇਜ਼ੀ ਦੇ ਰਾਜ ਦੀਆਂ ਅਨਗਿਣਤ ਬਰਕਤਾਂ ਦਸਣੀਆਂ"[118] ਵੀ ਸ਼ਾਮਲ ਸੀ। ਗਵਰਨਰ ਪੰਜਾਬ ਤੇ ਕਮਾਂਡਰ-ਇਨ-ਚੀਫ਼ ਹਿੰਦ, ਦੀਵਾਨ ਦੇ ਸਰਪ੍ਰਸਤ ਬਣਾਏ ਗਏ। ਅੰਗਰੇਜ਼ ਵੀ ਸਿੱਖਾਂ ਦੀਆਂ ਸ਼ੁਭ ਇਛਾਵਾਂ ਦੇ ਤਾਂਘੀ ਸਨ ਜਿਸ ਦੇ ਬਹੁਤ ਸਾਰੇ ਪਰਮਾਣ ਸਮਕਾਲੀ ਲਿਖਤਾਂ ਵਿੱਚੋਂ ਮਿਲਦੇ ਹਨ । ਗੌਰਡਨ ਲਿਖਦਾ ਹੈ:[119] "ਪੰਜਾਬ ਵਿਚ ਇੰਗਲੈਂਡ ਪ੍ਰਤੀ ਭੁੱਪਣ ਅਤੇ ਤਾਜ ਪ੍ਰਤੀ ਵਫ਼ਾਦਾਰੀ ਦੀ ਭਾਵਨਾ ਪੈਦਾ ਹੋ ਗਈ ਹੈ ਅਤੇ ਇਹ ਸਾਡਾ ਆਪਣਾ ਦੋਸ਼ ਹੋਵੇਗਾ ਜੇ ਅਸੀਂ ਇਸ ਨੂੰ ਗੁਆ ਦਈਏ।" ਐਸੇ ਤਰ੍ਹਾਂ ਸਮਿੱਥ ਲਿਖਦਾ ਹੈ," ਸਿੱਖ ਸਾਰੇ ਭਾਰਤ ਵਿਚ ਸਭ ਤੋਂ ਵੱਧ ਬਹਾਦਰ ਤੇ ਸੂਰਮੇ ਹਨ ਅਤੇ ਉਹ ਮਰਦਾਂ ਵਾਂਗ ਸਾਡੀ ਸ੍ਰੇਸ਼ਟ ਸੈਨਿਕ ਸ਼ਕਤੀ ਦੇ ਸਾਹਮਣੇ ਆਪਣੇ ਆਪ ਨੂੰ ਅਰਪਤ ਕਰਨ ਲਈ ਤਿਆਰ ਹੋਏ। ਪਰ ਇਹ ਸੰਬੰਧ ਤਾਂ ਹੀ ਰਹਿ ਸਕਦੇ ਹਨ ਜੇ ਅਸੀਂ ਉਨ੍ਹਾਂ ਵਲ ਬ੍ਰਾਬਰੀ ਤੇ ਸਹਿਣ-ਸ਼ੀਲਤਾ ਵਾਲਾ ਰਵੱਈਆ ਅਪਣਾਈਏ।"[120] ਸਰ ਰਿਚਰਡ ਟੈਂਪਲ ਨੇ ਵੀ ਇਹੋ ਜਿਹੇ ਭਾਵ ਪ੍ਰਗਟਾਉਂਦਿਆਂ ਆਖਿਆ," ਕਿ ਸਿੱਖ ਅਜਿਹੀ ਭੜਕੀਲੀ ਕੌਮ ਹੈ ਜਿਸ ਦਾ ਇਕ ਚੰਗਿਆੜਾ ਭਬੂਕਾ ਬਣ ਸਕਦਾ ਹੈ। ਇਸ ਵੇਲੇ ਇਸ ਦੀ ਰਾਜ-ਭਗਤੀ ਬਿਲਕੁਲ ਸੁਰੱਖਿਅਤ ਹੈ ਪਰ ਜੇ ਇਸ ਨੂੰ ਬਹੁਤਾ ਦਬਾਇਆ ਗਿਆ ਤਾਂ ਇਹ ਮੁੜ ਆਪਣਾ ਆਪ ਦਿਖਾ ਕੇ ਕਿਸੇ ਕੌਮੀ ਲਹਿਰ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗੀ।[121]

---

118. ਗੁਰਦੁਆਰਾ ਗਜ਼ਟ, ਅਗਸਤ, 1953, ਪੰਨਾ 10

119. Gordon-"The Sikhs ",London 1904, p.204.

120. Smith R.Bosworth,"Life of Lord Lawerence" London,1883, Vol.I, p.207.

121. Temple-Richard, "Sikhism, though quiet and loyal at present, is one of those imflamable things of which, a spark might kindle into a flame. Its fidelity to the empire is well-preserved. It would stand proof against many trials and temptations, but if tried over much, it would re-assert itself and would assume the leadership of a national movement."
'India in 1880',London-1881, p.120.

ਇਹੋ ਜਿਹੀ ਸਾਂਝ ਤੇ ਸਦ-ਭਾਵਨਾ ਦਾ ਪ੍ਰਗਟਾਵਾ, ਉਸ ਵੇਲੇ ਦੀਆਂ ਸਾਰੀਆਂ ਸਿੱਖ ਅਖ਼ਬਾਰਾਂ[122] ਦੇ ਸੰਪਾਦਕੀ ਨੋਟਾਂ, ਖ਼ਬਰਾਂ ਅਤੇ ਕੁਝ ਕੁ ਛਪੀਆਂ ਪੁਸਤਕਾਂ ਵਿਚ ਕੀਤਾ ਗਿਆ ਮਿਲਦਾ ਹੈ।[123] ਪਰ ਇਹ ਗੱਲ ਸਪੱਸ਼ਟ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਜਿਥੇ ਅੰਮ੍ਰਿਤਸਰੀ ਖਾਲਸਾ ਦੀਵਾਨ ਦੇ ਸੰਚਾਲਕ ਸਰਕਾਰ ਵਿਰੋਧੀ ਸਨ ਉਥੇ ਲਾਹੌਰ ਦੀਵਾਨ ਵਾਲੇ ਸਰਕਾਰ ਦੀ ਵਫ਼ਾਦਾਰੀ ਦਾ ਦਮ ਭਰਦੇ ਸਨ। ਸ. ਠਾਕਰ ਸਿੰਘ ਸੰਧਾਵਾਲੀਆ ਅਤੇ ਬਾਬਾ ਪ੍ਰੇਮ ਸਿੰਘ, ਮਹਾਰਾਜਾ ਦਲੀਪ ਸਿੰਘ ਦੇ ਹੱਕ ਵਿਚ ਆਵਾਜ਼ ਉਠਾ ਕੇ ਉਸ ਨਾਲ ਹੋਈ ਬੇਇਨਸਾਫ਼ੀ ਨੂੰ ਦੂਰ ਕਰ ਕੇ, ਪੰਜਾਬ ਦਾ ਰਾਜ ਉਸ ਨੂੰ ਦਿਵਾਉਣ ਦੇ ਇੱਛਕ ਸਨ। 30 ਅਪ੍ਰੈਲ, 1888 ਦੇ ਸਿਵਲ ਐਂਡ ਮਿਲਟਰੀ ਗਜ਼ਟ ਲਾਹੌਰ ਦੇ ਅੰਕ ਵਿਚ ਇਸ ਦਾ ਪ੍ਰਗਟਾਵਾ ਕੀਤਾ ਗਿਆ ਮਿਲਦਾ ਹੈ। 'ਪੰਜਾਬ ਦਰਪਨ' ਨੇ ਆਪਣੇ 19 ਅਕਤੂਬਰ 1885 ਵਾਲੇ ਅੰਕ ਵਿੱਚ ਟਾਈਟਲ ਉਤੇ ਮਹਾਰਾਜਾ ਦਲੀਪ ਸਿੰਘ ਦੀ ਫ਼ੋਟੋ ਤੇ ਜੀਵਨੀ ਛਾਪੀ। ਬਾਵਾ ਨਿਹਾਲ ਸਿੰਘ ਨੇ 1886 ਵਿਚ 'ਖੁਰਸ਼ੀਦ – ਖਾਲਸਾ' (ਉਰਦੂ) ਨਾਂ ਦੀ ਕਿਤਾਬ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦਾ ਰਾਜ ਮੁੜ ਦੁਆਉਣ ਲਈ ਜ਼ੋਰਦਾਰ ਅਪੀਲ ਕੀਤੀ। ਪਰ ਲਾਹੌਰ ਦੀਵਾਨ ਵਾਲਿਆਂ ਨੇ ਇਸ ਦੀ ਵਿਰੋਧਤਾ ਕੀਤੀ।[124]

ਸਰ ਅਤਰ ਸਿੰਘ ਭਦੌੜ ਨੇ 'ਸੌ ਸਾਖੀ' ਦਾ ਅੰਗਰੇਜ਼ੀ ਅਨੁਵਾਦ ਕਰ ਕੇ ਛਪਵਾਇਆ ਅਤੇ ਇਹ ਸਾਬਤ ਕੀਤਾ[125] ਕਿ ਇਹ ਸਾਖੀ 1834 ਈ. ਵਿਚ ਤਿਆਰ ਕੀਤੀ ਗਈ ਸੀ ਨਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੀ ਗਈ, ਜਿਸ ਤਰ੍ਹਾਂ ਕਿ ਨਾਮਧਾਰੀਏ ਪਰਚਾਰ ਕਰ ਰਹੇ ਸਨ। ਨਾਮਧਾਰੀਏ 'ਸੌ ਸਾਖੀ' ਦਾ ਹਵਾਲਾ ਦੇ ਕੇ ਆਖਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਭਵਿੱਖ ਬਾਣੀ ਕਰ ਗਏ ਸਨ ਕਿ ਬਾਬਾ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਦਾ ਰੂਪ ਧਾਰ ਕੇ ਮੁੜ ਜਨਮ ਲਵੇਗਾ ਅਤੇ ਅੰਗਰੇਜ਼ਾਂ ਪਾਸੋਂ ਪੰਜਾਬ ਦਾ ਰਾਜ ਖੋਹੇਗਾ। ਇਸ ਪੁਸਤਕ ਨੇ ਵੀ ਨਾਮਧਾਰੀਆਂ ਦੇ ਸਰਕਾਰ ਵਿਰੋਧੀ ਪਰਚਾਰ ਨੂੰ ਰੋਕ ਪਾਈ।

---

122. 'ਖਾਲਸਾ ਅਖ਼ਬਾਰ' 21 ਅਪ੍ਰੈਲ, 1899 ਦਾ 'ਸੰਪਾਦਕੀ' ਨੋਟ ਅਤੇ ਖਾਲਸਾ ਸਮਾਚਾਰ 21 ਜਨਵਰੀ 1901.

123. ਭਾਈ ਗੁਰਮੁਖ ਸਿੰਘ ਦੀ ਪੁਸਤਕ "ਅਕ੍ਰਿਤਘਣ ਅਤੇ ਕ੍ਰਿਤੱਗਯ" , ਲਾਹੌਰ 1887 ਇਸ ਦਾ ਪਰਮਾਣ ਹੈ ਜਿਸ ਵਿਚ ਅੰਗਰੇਜ਼ੀ ਰਾਜ ਦੀ ਮਹਿਮਾਂ ਤੇ ਸਰਕਾਰ ਵਿਰੋਧੀਆਂ ਦੀ ਕਾਰਵਾਈ ਨੂੰ ਦੇਸ਼-ਧਰੋਹੀ ਆਖਿਆ ਗਿਆ ਹੈ।

124. Teja Singh, 'Panjab Past & Present', April, 1973, p.38-90.

125. Attar Singh Bhadaur 'Sakhee Book', Banaras 1873, p.45.

ਇਸ ਤਰ੍ਹਾਂ ਉਨ੍ਹੀਵੀਂ ਸਦੀ ਦੇ ਅਖੀਰ ਤਕ ਕੁਝ ਇੱਕਾ ਦੁਕਾ ਸਰਕਾਰ ਵਿਰੋਧੀ ਘਟਨਾਵਾਂ ਤੋਂ ਬਿਨਾਂ ਸਮੁਚੇ ਤੌਰ ਤੇ ਸਿੱਖ ਕੌਮ ਦੇ ਸੰਬੰਧ ਸਰਕਾਰ ਨਾਲ ਕਾਫ਼ੀ ਚੰਗੇ ਰਹੇ ਜਿਸ ਦਾ ਪ੍ਰਗਟਾਵਾ[126] ਦੋਹਾਂ ਪਾਸਿਆਂ ਵਲੋਂ ਸਮੇਂ ਸਮੇਂ ਹੁੰਦਾ ਰਿਹਾ।

## ਹਿੰਦੂਆਂ ਦੀਆਂ ਧਾਰਮਿਕ-ਸੁਧਾਰਵਾਦੀ ਲਹਿਰਾਂ

### ਬ੍ਰਹਮੋ ਸਮਾਜ:-

ਬ੍ਰਹਮੋ ਸਮਾਜ ਬੰਗਾਲ ਤੋਂ ਪੰਜਾਬ ਵਿਚ ਆਈ ਸੂਝਵਾਨ ਹਿੰਦੂਆਂ ਦੀ ਪਹਿਲੀ[127] ਸੰਗਠਤ ਤੇ ਬੌਧਿਕ ਧਾਰਮਿਕ-ਸੁਧਾਰਕ ਲਹਿਰ ਸੀ ਜਿਸ ਨੇ ਨਿਆਇ-ਸ਼ੀਲਤਾ ਤੇ ਨਵੇਂ ਵਿਚਾਰਾਂ ਦਾ ਆਧੁਨਿਕ ਭਾਰਤ ਵਿਚ ਮੁਢ ਬੰਨ੍ਹਿਆ। ਰਾਜਾ ਰਾਮ ਮੋਹਨ ਰਾਏ ਨੇ 23 ਜਨਵਰੀ 1830 ਈਸਵੀ ਨੂੰ ਇਸ ਦੀ ਸਥਾਪਨਾ ਕੀਤੀ।[128] ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ੇ ਉਪ੍ਰੰਤ, ਸਰਕਾਰੀ ਦਫ਼ਤਰਾਂ ਦਾ ਕੰਮ ਕਾਜ ਚਲਾਉਣ ਲਈ ਅੰਗਰੇਜ਼ੀ ਪੜ੍ਹੇ ਬੰਗਾਲੀ ਬਾਬੂਆਂ ਨੂੰ ਨਾਲ ਲੈ ਆਂਦਾ ਤੇ ਉਨ੍ਹਾਂ ਦੇ ਨਾਲ ਹੀ ਪੰਜਾਬ ਵਿਚ ਬ੍ਰਹਮੋ ਧਰਮ ਦਾ ਪ੍ਰਵੇਸ਼ ਹੋਇਆ। 1864 ਈ.[129] ਵਿਚ ਲਾਹੌਰ ਵਿਚ ਬੰਗਾਲੀਆਂ ਨੇ ਇਸ ਦੀ ਬਾਕਾਇਦਾ ਸ਼ਾਖ਼ ਕਾਇਮ ਕੀਤੀ ਤੇ 1872 ਈ. ਵਿਚ ਅਨਾਰਕਲੀ ਵਿਚ ਵੱਖਰਾ ਬ੍ਰਹਮੋ ਸਮਾਜੀ ਮੰਦਰ ਉਸਾਰ ਲਿਆ।

"ਸਾਰੇ ਮਨੁਖ ਭਰਾ ਭਰਾ ਹਨ, ਪ੍ਰਮਾਤਮਾ ਸਭ ਦਾ ਪਿਤਾ ਹੈ ਤੇ ਉਸ ਸਾਂਝੇ ਪਿਤਾ ਦੀ ਪੂਜਾ ਮਿਲ ਕੇ ਵੀ, ਅਤੇ ਵਿਅੱਕਤੀਗਤ ਰੂਪ ਵਿਚ ਵੀ, ਉਸ ਦੇ ਸਾਰੇ ਬਚਿਆਂ ਨੂੰ ਕਰਨੀ ਚਾਹੀਦੀ ਹੈ। ਇਹ ਸੀ ਰਾਜਾ ਰਾਮ ਮੋਹਨ ਰਾਏ ਦਾ ਸਿੱਧਾ ਸਾਦਾ ਸੁਨੇਹਾ। ਉਨ੍ਹਾਂ ਅਨੁਸਾਰ ਸਾਰੀ ਮਾਨਵ-ਜਾਤੀ ਇਕ ਹੈ ਤੇ ਇਕੋ ਦੀ ਪੂਜਾ ਹੀ ਸਭਨਾਂ ਨੂੰ ਕਰਨੀ ਚਾਹੀਦੀ ਹੈ।"[130]

---

126.-Tribune Nov.15, 1889,Ref.Khushwant Singh,p.142.
-Tribune Oct.23, 1890,Ref.Khushwant Singh,p.143.
-Panjab Past & Present,Vol.VII, April-1973,p.92.

127. Karunakaran K.P.,'Religious and Political awakening in India', Meerutt 1965, p.51.

128. Ghosh-B.C.,'Brahama Dharma' p.1. Simla-1961,p.2.

129. Khushwant Singh," There was an influx of Bengali intellectuals who brought with them the message of Liberal Hinduism of Raja Ram Mohan Roy(1771-1833) and the Brahmo Samaj. They opened a branch in Lahore in 1864 and won a notable convert in Dayal Singh Majithia." "History of the Sikhs",Vol.II, p.140.

130. Ghosh B.C.," Brahma Dharma', P.I.Simla,p.3.

"ਉਨ੍ਹਾਂ ਨੇ ਹਿੰਦੂ ਧਰਮ ਨੂੰ ਭੈੜੀਆਂ ਰਸਮਾਂ, ਯਥਾ ਬ੍ਰਾਹਮਣਵਾਦ, ਮੂਰਤੀ ਪੂਜਾ, ਬਾਲ-ਵਿਆਹ, ਸਤੀ, ਜੰਮਦੇ ਬਚਿਆਂ ਨੂੰ ਮਾਰ ਦੇਣਾ ਆਦਿ ਤੋਂ ਮੁਕਤ ਕਰਨ ਲਈ ਜ਼ੋਰਦਾਰ ਮੁਹਿੰਮ ਚਲਾਈ ਅਤੇ ਦਾਜ ਦੀ ਪ੍ਰਥਾ ਦਾ ਮਖੌਲ ਉਡਾ ਕੇ ਵਿਧਵਾ ਵਿਆਹ ਦੇ ਹੱਕ ਵਿਚ ਅਵਾਜ਼ ਉਠਾਈ।[131] ਇਸ ਪੱਖੋਂ ਇਹ ਹਿੰਦੁਸਤਾਨ ਦੀ ਪਹਿਲੀ ਸੁਧਾਰਕ ਲਹਿਰ ਸੀ।

ਬ੍ਰਹਮੋ ਸਮਾਜੀ ਵੇਦ ਅਤੇ ਹੋਰ ਸਭ ਧਰਮ ਗ੍ਰੰਥਾਂ ਦੇ ਵਿਰੁਧ ਸਨ ਅਤੇ ਜ਼ਾਤ ਪਾਤ ਦਾ ਖੰਡਨ ਕਰਕੇ, ਸਾਰੇ ਵਿਸ਼ਵ ਨੂੰ ਇਕ ਇਕਾਈ ਤੇ ਉਸ ਦੇ ਕਰਤਾ ਨੂੰ ਇਕ ਮੰਨ ਕੇ ਉਸ ਦੀ ਪੂਜਾ ਉਤੇ ਜ਼ੋਰ ਦਿੰਦੇ ਸਨ। 1862 ਈ. ਵਿਚ ਬਾਬੂ ਕੇਸ਼ਵ ਚੰਦਰ ਸੈਨ, ਬ੍ਰਹਮੋ ਸਮਾਜ ਦੇ ਅਚਾਰਯ ਥਾਪੇ ਗਏ ਅਤੇ ਉਨ੍ਹਾਂ ਨੇ ਇਸ ਵਿਚ ਨਿੱਜੀ ਸੁਤੰਤਰਤਾ ਤੇ ਸਮਾਜਕ ਬਰਾਬਰੀ ਦੇ ਆਦਰਸ਼ਾਂ ਨੂੰ ਵੀ ਸ਼ਾਮਲ ਕਰ ਲਿਆ। ਕੇਸ਼ਵ ਚੰਦਰ ਦੇ ਉੱਦਮ ਨਾਲ ਹੀ ਬ੍ਰਹਮੋ ਸਮਾਜ ਦੀਆਂ ਸ਼ਾਖਾਂ ਬੰਗਾਲ ਤੋਂ ਬਾਹਰ ਵੀ ਸਥਾਪਤ ਹੋਈਆਂ ਅਤੇ ਏਸੇ ਮਨੋਰਥ ਲਈ ਉਨ੍ਹਾਂ ਨੇ ਬਾਹਰਲੇ ਦੇਸ਼ਾਂ ਵਿਚ ਚੱਕਰ ਲਾਏ ਅਤੇ ਐਲਾਨ ਕੀਤਾ ਕਿ "ਬ੍ਰਹਮੋ ਸਮਾਜ ਪੂਰਬ ਤੇ ਪੱਛਮ ਨੂੰ ਜੋੜ ਦੇਵੇਗਾ, ਉੱਤਰ ਤੇ ਦੱਖਣ ਨੂੰ ਮੇਲ ਦੇਵੇਗਾ।"[132] ਚੰਗੇ ਉਦੇਸ਼ਾਂ ਦੇ ਬਾਵਜੂਦ ਬ੍ਰਹਮੋ ਸਮਾਜ ਆਮ ਲੋਕਾਂ ਦੇ ਮਨਾਂ ਵਿਚ ਥਾਂ ਨਾ ਬਣਾ ਸਕੀ, ਕਿਉਂਜੋ ਇਹ ਲਹਿਰ ਹਿੰਦੂ ਪਰੰਪਰਾ ਤੋਂ ਬਿਲਕੁਲ ਟੁੱਟ ਕੇ ਨਿਰੋਲ ਨਵੀਨਤਾ ਦੀ ਸਮਰਥਕ ਸੀ।[133] ਨਾਲੇ ਬ੍ਰਹਮੋ ਸਮਾਜੀਆਂ ਦਾ ਪਰਚਾਰ ਢੰਗ ਵੀ ਕੁਝ ਕੁੱਝ ਈਸਾਈ ਗਿਰਜਿਆਂ ਵਾਲਾ ਸੀ,[134] ਜਿਸ ਤੋਂ ਲੋਕਾਂ ਨੂੰ ਸ਼ੱਕ ਹੋਣ ਲਗ ਪਈ ਸੀ ਕਿ ਅਸਿੱਧੇ ਤੌਰ ਤੇ ਇਹ ਸਾਨੂੰ ਈਸਾਈ ਬਣਾਉਣ ਵਲ ਪਹਿਲਾ ਕਦਮ ਹੈ। ਇਨ੍ਹਾਂ ਢੰਗਾਂ, ਉਦਾਰ ਸਿੱਧਾਂਤਾਂ ਅਤੇ ਸਮਾਜ ਸੁਧਾਰ ਦੀ ਭਰਵੀਂ ਤੀਬਰਤਾ ਤੋਂ ਬਹੁਤ ਸਾਰੇ ਪੱਛਮੀ ਵਿਦਵਾਨਾਂ ਦਾ ਵੀ ਇਹੋ ਵਿਚਾਰ ਬਣ ਗਿਆ ਸੀ ਕਿ ਬ੍ਰਹਮੋ ਸਮਾਜ, ਹਿੰਦੁਸਤਾਨ ਦੇ ਲੋਕਾਂ ਦਾ ਈਸਾਈ ਮਤ ਵਿਚ ਪ੍ਰਵੇਸ਼ ਕਰ ਲੈਣ ਵਲ ਪਹਿਲਾ ਮਹਾਨ ਕਦਮ ਹੈ।"[135]

---

131. Scott-G.B.,"Religion and Short History of the Sikhs",p.63.
132. "The Brahmo-Samaj will unite the East and the West, the North and the South." Three Pioneers of Barahmo Samaj' p.24.
133. Pannikar K.M.," The Religious work of Ram Mohan Roy was too intellectual , too unrelated to the tradition of Hinduism, too deeply imbued with modern ideas to have any great effect on the people as a whole."
'A Survey of Indian History'-Bombay-1962,p.215.
134. Tara Chand,"History of Freedom Movement",Vol.II,p.122.
135. Ibid. p.130.

ਸ਼ੁਰੂ ਸ਼ੁਰੂ ਵਿਚ ਪੱਛਮੀ ਢੰਗ ਦੀ ਵਿੱਦਿਆ ਪ੍ਰਾਪਤ ਕਰ ਲੈਣ ਵਾਲੇ ਪੰਜਾਬੀ ਹਿੰਦੂ ਬ੍ਰਹਮੋ ਸਮਾਜ ਵਲ ਖਿੱਚੇ ਗਏ। ਉਹ ਆਰੀਆ ਸਮਾਜ ਨੂੰ ਪ੍ਰਤਿਕ੍ਰਿਆਵਾਦੀ, ਖਿਆਲ ਕਰ ਕੇ, ਇਸ ਵਿਚ ਸ਼ਾਮਲ ਹੋਣੋਂ ਝਿਜਕਦੇ ਸਨ[136] ਪਰ ਛੇਤੀ ਹੀ ਸਾਰੇ ਪੰਜਾਬ ਵਿਚ ਥਾਂ ਥਾਂ ਤੇ ਆਰੀਆ ਸਮਾਜ ਦੇ ਕੇਂਦਰ ਬਣ ਗਏ ਅਤੇ ਸਿੰਘ ਸਭਾ ਦਾ ਪਰਚਾਰ ਵੀ ਜ਼ੋਰ ਸ਼ੋਰ ਤੇ ਚਲ ਰਿਹਾ ਸੀ, ਇਸ ਲਈ ਪੰਜਾਬੀਆਂ ਦੀ ਦਿਲਚਸਪੀ ਬ੍ਰਹਮੋ ਸਮਾਜ ਵਲੋਂ ਘਟ ਗਈ।[137] ਇਸ ਲਹਿਰ ਨੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਪੰਜਾਬੀ ਭਾਸ਼ਾ ਜਾਂ ਸਾਹਿੱਤ ਨੂੰ ਉੱਕਾ ਪ੍ਰਭਾਵਤ ਨਾ ਕੀਤਾ, ਸਿਵਾਇ, ਪੰਜਾਬੀ ਅਖ਼ਬਾਰਾਂ ਵਿਚ ਛਪੇ ਕੁਝ ਲੇਖਾਂ ਦੇ, ਜਿਨ੍ਹਾਂ ਵਿਚ ਸਿੱਖਾਂ ਨੂੰ ਬ੍ਰਹਮੋ ਸਮਾਜ ਦੇ ਪ੍ਰਚਾਰਕਾਂ ਤੋਂ ਬਚਣ ਦੀ ਪ੍ਰੇਰਣਾ ਹੁੰਦੀ ਸੀ। ਇਹ ਵਿਸ਼ੇਸ਼ ਤੌਰ ਤੇ ਸ. ਦਿਆਲ ਸਿੰਘ ਮਜੀਠੀਆ ਦੇ ਬ੍ਰਹਮੋ ਸਮਾਜੀ ਬਣ ਜਾਣ ਤੋਂ ਪਿਛੋਂ ਦਾ ਪ੍ਰਤਿਕਰਮ ਸੀ।" ਕਈ ਵਿਚਾਰਵਾਨਾਂ ਦਾ ਖਿਆਲ ਹੈ ਕਿ ਜੇ ਪੰਜਾਬ ਵਿਚ ਆਰੀਆ ਸਮਾਜ ਦੀ ਥਾਂ ਬ੍ਰਹਮੋ ਸਮਾਜ ਪੱਕੇ ਪੈਰ ਜਮਾ ਲੈਂਦੀ ਤਾਂ ਅੱਜ ਹਿੰਦੁਸਤਾਨ ਦਾ ਨਕਸ਼ਾ ਬਿਲਕੁਲ ਵਖਰਾ ਹੀ ਹੁੰਦਾ। ਨਾ ਦੁਖਾਵੀਂ ਨੁਕਤਾਚੀਨੀ ਦੇ ਬੋਲ ਕਬੋਲ ਸ਼ੁਰੂ ਹੁੰਦੇ, ਨਾ ਸ਼ਾਸਤ੍ਰਾਰਥਾਂ ਦੇ ਦੰਗਲ ਲਗਦੇ, ਨਾ ਅਖ਼ਬਾਰਾਂ, ਇਸ਼ਤਿਹਾਰਾਂ ਅਤੇ ਕਿਤਾਬਾਂ ਰਾਹੀਂ, ਇਕ ਦੂਸਰੇ ਦੇ ਧਰਮਾਂ ਅਤੇ ਬਜ਼ੁਰਗਾਂ ਦੇ ਵਿਰੁਧ ਦੂਖਣ ਲਾਏ ਜਾਂਦੇ, ਨਾ ਕਤਲਾਂ ਤਕ ਨੌਬਤ ਪਹੁੰਚਦੀ, ਨਾ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਦੁਫੇੜ ਪੈਂਦੇ, ਨਾ ਦੋ ਕੌਮਾਂ ਦੇ ਸਿੱਧਾਂਤ ਦੀ ਕਲਪਨਾ ਹੁੰਦੀ, ਅਤੇ ਨਾ ਹੀ ਇਸ ਦੇ ਅਧਾਰ ਤੇ ਦੇਸ ਵੰਡਿਆ ਜਾਂਦਾ।"[138] 36 ਵਰ੍ਹਿਆਂ ਦੇ ਲਗਾਤਾਰ ਪਰਚਾਰ ਉਪ੍ਰੰਤ ਵੀ 1901 ਈ. ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿਚ ਬ੍ਰਹਮੋ ਸਮਾਜੀਆਂ ਦੀ ਗਿਣਤੀ 4050 ਸੀ।[139]

ਦੇਵ ਸਮਾਜ

ਲਾਹੌਰ ਦੇ ਇਕ ਬ੍ਰਾਹਮਣ ਪੰਡਤ ਸਤਿਆ ਨੰਦ ਅਗਨੀਹੋਤਰੀ ਨੇ 16 ਫਰਵਰੀ 1887 ਈ. ਨੂੰ ਇਸ ਦੀ ਨੀਂਹ ਰੱਖੀ। ਪੰਡਤ ਅਗਨੀਹੋਤਰੀ ਗੌਰਮਿੰਟ ਸਕੂਲ ਲਾਹੌਰ ਵਿਚ ਅਧਿਆਪਕ ਸਨ। ਪਹਿਲਾਂ

---

136. Lachman Singh Bhagat, "In fact most educated Hindus of those days were more or less inclined towards the Brahmo Samaj and fought Shy of the Arya Samaj, which they looked upon as a reactionary movement." "Autobiography", p.64.

137. ਗੰਡਾ ਸਿੰਘ(ਡਾ.), 'ਪੰਜਾਬ' (ਸੰਪਾਦਤ), ਪੰਨਾ 145.

138. ਉਹੀ, ਪੰਨਾ 145-46.

139. ਮਰਦਮ ਸ਼ੁਮਾਰੀ ਰੀਪੋਰਟ - 1901, ਪੰਨਾ 172

ਬ੍ਰਹਮੋ ਸਮਾਜ ਦੇ ਪ੍ਰਭਾਵ ਹੇਠ ਆਏ ਪਰ ਛੇਤੀ ਹੀ ਉਨ੍ਹਾਂ ਨੇ ਆਪਣਾ ਨਵਾਂ ਮਤ ਚਲਾ ਦਿੱਤਾ। ਇਸ ਮਤ ਅਨੁਸਾਰ ਅੰਤਰ-ਜਾਤੀ ਤੇ ਅੰਦਰ ਪ੍ਰਾਂਤਿਕ ਵਿਆਹ ਸ਼ਾਦੀਆਂ ਦੀ ਪ੍ਰੇਰਣਾ, ਇਸਤਰੀ ਵਿਦਿਆ ਤੇ ਇਸਤਰੀਆਂ ਦੀ ਡਾਕਟਰੀ ਸਹਾਇਤਾ, ਤੀਰਥਾਂ ਦੀ ਯਾਤਰਾ ਦਾ ਵਿਰੋਧ ਤੇ ਹਰ ਤਰ੍ਹਾਂ ਦੇ ਪਾਪ ਤੋਂ ਬਚਣਾ, ਕੁਝ ਕੁ ਵਿਸ਼ੇਸ਼ ਲੱਛਣ ਹਨ। ਆਪਣੇ ਆਸ਼ਿਆਂ ਦੇ ਪਰਚਾਰ ਲਈ ਉਨ੍ਹਾਂ ਨੇ ਉਰਦੂ ਵਿਚ "ਬਰਾਦਰਿ-ਹਿੰਦ' ਅਤੇ ਹਿੰਦੀ ਵਿਚ 'ਹਿੰਦੂ ਬੰਧਵ' ਨਾਂ ਦੇ ਰਸਾਲੇ ਜਾਰੀ ਕੀਤੇ। ਉਨ੍ਹਾਂ ਦੇ ਧਰਮ ਦੀ ਸਮੁੱਚੀ ਫਿਲਾਸਫੀ ਉਨ੍ਹਾਂ ਦੁਆਰਾ ਰਚਿਤ ਹਿੰਦੀ ਪੁਸਤਕ " ਵਿਗਿਆਨ ਮੂਲਕ ਮੱਤ ਔਰ ਕਲਪਨਾ - ਮੂਲਕ ਮਤ" (1900 ਈ.) ਵਿਚ ਦਰਜ ਹੈ। ਦੇਵ ਸਮਾਜੀਆਂ ਦਾ ਆਰੀਆ ਸਮਾਜੀਆਂ ਨਾਲ ਸਿੱਧਾ ਤੇ ਸਖ਼ਤ ਵਿਰੋਧ ਸੀ।[140] ਭਾਵੇਂ ਦੇਵ ਸਮਾਜ ਵਿਚ ਆਮ ਲੋਕਾਂ ਨੂੰ ਰਲਾਉਣ ਦੇ ਇਨ੍ਹਾਂ ਦੇ ਯਤਨ ਪੰਜਾਬ ਵਿਚ ਬਹੁਤੇ ਸਫਲ ਨਾ ਹੋ ਸਕੇ ਪਰ ਵਿੱਦਿਆ ਦੇ ਖੇਤਰ ਵਿਚ ਇਨ੍ਹਾਂ ਦੀ ਦੇਣ ਬੜੀ ਮਹੱਤਵ-ਪੂਰਨ ਹੈ। ਖ਼ਾਸ ਤੌਰ ਤੇ ਦੇਵ ਸਮਾਜ ਗਰਲਜ਼ ਹਾਈ ਸਕੂਲ (1901) ਫ਼ੀਰੋਜ਼ਪੁਰ ਪੰਜਾਬ ਵਿਚ ਕੁੜੀਆਂ ਦਾ ਪਹਿਲਾ ਹਿੰਦੂ ਹਾਈ ਸਕੂਲ ਸੀ।[141] 1901 ਈ. ਦੀ ਮਰਦਮ ਸ਼ੁਮਾਰੀ ਰੀਪੋਰਟ ਅਨੁਸਾਰ 1900 ਈ. ਵਿਚ ਇਸ ਦੇ 12 ਪਰਚਾਰਕ ਤੇ 190 ਮੈਂਬਰ ਸਨ। ਜਿੱਥੋਂ ਤਕ ਪੰਜਾਬੀ ਭਾਸ਼ਾ ਜਾਂ ਸਾਹਿਤ ਦਾ ਸੰਬੰਧ ਹੈ, ਇਸ ਲਹਿਰ ਦਾ ਕੋਈ ਸਿੱਧਾ ਜਾਂ ਅਸਿੱਧਾ ਪ੍ਰਭਾਵ ਨਹੀਂ ਪਿਆ।

## ਆਰੀਆ ਸਮਾਜ:

ਉਨ੍ਹੀਵੀਂ ਸਦੀ ਦੀਆਂ ਹਿੰਦੂ ਸੁਧਾਰਵਾਦੀ ਲਹਿਰਾਂ ਵਿੱਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ, ਕ੍ਰਾਂਤੀਕਾਰੀ, ਵਿਵਾਦ-ਗ੍ਰਸਤ ਤੇ ਜ਼ੋਰਾਵਰੀ ਵਾਲੀ ਲਹਿਰ ਆਰੀਆ ਸਮਾਜ ਸੀ ਜਿਸ ਦੀ ਸੰਸਥਾਪਨਾ, ਇਸ ਦੇ ਸੰਚਾਲਕ ਸਵਾਮੀ ਦਯਾਨੰਦ[142] ਦੁਆਰਾ 7 ਅਪ੍ਰੈਲ 1875 ਈ. ਨੂੰ ਬੰਬਈ ਵਿਚ ਕੀਤੀ ਗਈ ਸੀ, ਪਰ ਵਾਸਤਵ ਵਿਚ

---

140. ਮਰਦਮ ਸ਼ੁਮਾਰੀ ਰੀਪੋਰਟ- 1901, ਪੰਨਾ 180-181.
141. ਪੰਜਾਬ ਪਾਸਟ ਐਂਡ ਪ੍ਰੈਜ਼ੈਂਟ - ਅਪ੍ਰੈਲ-1973, ਪੰਨਾ 237.( ਇਹ ਸਕੂਲ ਪੋਸਟ ਗ੍ਰੈਜੂਏਟ ਦੀ ਪੱਧਰ ਤੇ ਸਿਖਿਆ ਦੇ ਰਿਹਾ ਹੈ ਤੇ ਰਾਜ ਦਾ ਇਸਤਰੀਆਂ ਦਾ ਇੱਕ ਉਘਾ ਵਿੱਦਿਅਕ ਕੇਂਦਰ ਹੈ।)
142. ਸਵਾਮੀ ਦਯਾਨੰਦ(1824-1883) ਦਾ ਜਨਮ ਇਕ ਅਮੀਰ ਬ੍ਰਾਹਮਣ ਅੰਬਾ ਸ਼ੰਕਰ ਦੇ ਘਰ ਟੰਕਾਰਾ (ਕਾਠੀਆਵਾੜ) ਵਿਚ ਹੋਇਆ। ਮੁਢਲਾ ਨਾਂ ਮੂਲਾ ਸ਼ੰਕਰ ਰਖਿਆ ਗਿਆ। 21 ਵਰ੍ਹਿਆਂ ਦੀ ਆਯੂ ਵਿਚੋਂ ਘਰੋਂ ਚਲੇ ਗਏ ਤੇ ਕਈ ਵਰ੍ਹੇ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਦਾ ਅਧਿਐਨ ਕਰਦੇ ਰਹੇ। ਪਤੰਜਲੀ ਦਾ ਵਿਆਕਰਣ ਤੇ ਵੇਦਾਂਤ ਸੂਤਰਾਂ ਤੋਂ ਉਪ੍ਰੰਤ ਭਾਗਵਤ ਪੁਰਾਣ ਆਦਿ ਵੀ ਘੋਖੇ। 1874 ਈ. ਵਿਚ ਆਪਣਾ ਪ੍ਰਸਿੱਧ ਗ੍ਰੰਥ ਸਤਿਆਰਥ ਪ੍ਰਕਾਸ਼ ਸੰਪੂਰਨ ਕੀਤਾ ਅਤੇ ਲਗਭਗ ਵੀਹ ਵਰ੍ਹੇ ਉੱਤਰੀ ਭਾਰਤ ਵਿਚ ਆਰੀਆ ਸਮਾਜ ਦਾ ਪਰਚਾਰ ਕਰਦੇ ਰਹੇ।

ਇਸ ਲਹਿਰ ਦਾ ਆਰੰਭ ਪੰਜਾਬ ਵਿਚ(1877 ਈ.) ਹੀ ਹੋਇਆ ਸਮਝਣਾ ਚਾਹੀਦਾ ਹੈ।[143] ਸੁਆਮੀ ਜੀ ਦੀ ਸਿੱਖਿਆ ਦਾ ਮੂਲ ਅਧਾਰ, ਵੈਦਿਕ ਫਿਲਾਸਫੀ ਦੀ ਪੁਨਰ-ਮਾਨਤਾ, ਧਾਰਨਾ ਜਾਂ ਵਿਆਖਿਆ ਸੀ।

ਆਰੀਆ ਸਮਾਜ ਦੀ ਸਥਾਪਨਾ ਤੋਂ ਪਹਿਲੋਂ ਦੇ ਹਿੰਦੂ ਸਮਾਜ ਦੀ ਦਸ਼ਾ ਨੂੰ ਬਿਆਨ ਕਰਦਾ ਹੋਇਆ ਇਕ ਉੱਘਾ ਆਰੀਆ ਸਮਾਜੀ ਪਰਚਾਰਕ ਮੁਨਸ਼ੀ ਰਾਮ ਜਗਿਆਸੂ[144] ਲਿਖਦਾ ਹੈ:- "**ਦਯਾ** ਨੰਦ ਤੋਂ ਪਹਿਲਾਂ ਈਸਾਈ ਮਿਸ਼ਨਰੀ ਤੇ ਮੁਸਲਮਾਨ ਮੁਲਾਂ " ਹਿੰਦੂ ਨੂੰ ਯੋਗ ਤੌਰ ਤੇ ਆਪਣਾ ਸ਼ਿਕਾਰ ਸਮਝਦਾ ਸੀ। ਉਹ ਹਿੰਦੂ ਜਿਹੜਾ ਇਕ ਵਾਰੀ ਕਿਸੇ ਹੋਰ ਧਰਮ ਵਿਚ ਚਲਾ ਗਿਆ, ਜਾਂ ਜਿਸ ਨੇ ਕਿਸੇ ਈਸਾਈ ਜਾਂ ਮੁਸਲਮਾਨ ਦੇ ਹੱਥੋਂ ਖਾਣਾ ਖਾ ਲਿਆ ਜਾਂ ਪਾਣੀ ਪੀ ਲਿਆ, ਸਦਾ ਲਈ ਆਪਣੇ ਧਰਮ ਤੋਂ ਛੇਕਿਆ ਜਾਂਦਾ ਸੀ ਅਤੇ ਕਿਸੇ ਕੀਮਤ ਉਤੇ ਵੀ ਆਪਣੇ ਧਰਮ ਵਿੱਚ ਦੋਬਾਰਾ ਸ਼ਾਮਲ ਨਹੀਂ ਸੀ ਹੋ ਸਕਦਾ। ਇਸਲਾਮ ਦੇ ਫੈਲਾ ਦਾ ਅਤੇ ਹੁਣ ਦੀ ਈਸਾਈਅਤ ਦੇ ਵਾਧੇ ਦਾ ਇਹੀ ਮੁਖੀ ਕਾਰਨ ਹੈ। ਸਾਰੇ ਪਿੰਡ ਨੂੰ ਜ਼ਬਰਦਸਤੀ ਕਲਮਾ ਪੜ੍ਹਾਇਆ ਜਾਂਦਾ ਸੀ। ਮੁਸਲਮਾਨ ਬਣ ਕੇ ਵੀ ਉਹ ਹਿੰਦੂ ਰਹੁ-ਰੀਤਾਂ ਨਿਭਾਉਂਦੇ ਰਹਿੰਦੇ ਪਰ ਕੱਟੜਵਾਦੀ ਪੁਜਾਰੀ ਉਨ੍ਹਾਂ ਨੂੰ ਦੋਬਾਰਾ ਆਪਣੇ ਧਰਮ ਵਿਚ ਨਾ ਰਲਣ ਦਿੰਦੇ ਅਤੇ ਉਹ ਸਦਾ ਲਈ ਮੁਸਲਮਾਨੀ ਧਰਮ ਵਿਚ ਚਲੇ ਜਾਂਦੇ। ਪਰ ਆਰੀਆ ਸਮਾਜ ਦੀ ਸੁਧੀ ਦੀ ਇਸ ਸੁਧਾਰਕ ਲਹਿਰ ਦੇ ਹੋਂਦ ਵਿਚ ਆ ਜਾਣ ਨਾਲ, ਨਾ ਕੇਵਲ, ਮੁਸਲਮਾਨ ਤੇ ਈਸਾਈ ਬਣ ਚੁਕੇ ਹਿੰਦੂ ਹੀ ਵਾਪਸ ਆਪਣੇ ਧਰਮ ਵਿਚ ਆ ਗਏ ਸਗੋਂ ਜਮਾਂਦਰੂ ਈਸਾਈ ਤੇ ਮੁਸਲਮਾਨ ਵੀ ਹਿੰਦੂ ਮਤ ਧਾਰਨ ਕਰਨ ਲਗ ਪਏ। "

---

143. " ਕਿਆ ਯੇਹ ਤੁਅੱਜਬ ਕਾ ਮੁਕਾਮ ਨਹੀਂ ਕਿ ਬਾਵਜੂਦ ਇਸ ਕੇ ਕਿ ਸਵਾਮੀ ਦਯਾ-ਨੰਦ ਇਸ ਸੇ ਪਹਿਲੇ ਕਰੀਬਨ 12 ਯਾ 13 ਸਾਲ ਤਕ ਮੁਮਾਲਕ ਮਗ਼ਰਬੀ ਵਾ ਸ਼ੁਮਾਲੀ ਮੇਂ ਧਰਮ ਉਪਦੇਸ਼ ਕਰਤੇ ਰਹੇ, ਮਗਰ ਵਹਾਂ ਕੇ ਲੋਗੋਂ ਮੇਂ ਕਭੀ ਆਰੀਆ ਸਮਾਜ ਕਾਇਮ ਕਰਨੇ ਕਾ ਖ਼ਿਆਲ ਪੈਦਾ ਨਹੀਂ ਹੂਆ। ਸਭ ਸੇ ਪਹਿਲੇ ਯੇਹ ਖਿਆਲ ਬੰਬਈ ਕੇ ਲੋਗੋਂ ਮੇਂ ਪੈਦਾ ਹੂਆ। ਵਹਾਂ ਸੇ ਸੁਆਮੀ ਜੀ ਫਿਰ ਮੁਮਾਲਕ ਮਗ਼ਰਬੀ ਵਾ ਸ਼ੁਮਾਲੀ ਮੇਂ ਗਏ, ਮਗਰ ਵਹਾਂ ਫਿਰ ਆਰੀਆ ਸਮਾਜ ਕੀ ਕਾਇਮੀ ਕਾ ਚਰਚਾ ਨਹੀਂ ਹੂਆ। ਹਤਾ ਕਿ ਪੰਜਾਬ ਮੇਂ ਆਏ ਹੂਏ ਦੋ ਮਾਹ ਭੀ ਗੁਜ਼ਰਨੇ ਨਾ ਪਾਏ ਥੇ ਕਿ ਅਹਿਲੇ-ਪੰਜਾਬ ਨੇ ਆਰੀਆ ਸਮਾਜ ਕਾਇਮ ਕਰ ਲੀਆ। ਸੱਚ ਪੂਛੋ ਤੋ ਆਰੀਆ ਸਮਾਜ ਨਾਮ ਮਾਤਰ ਕੇ ਲੀਏ ਬੰਬਈ ਮੇਂ ਕਾਇਮ ਹੋ ਗਿਆ ਥਾ ਲੇਕਿਨ ਅਸਲ ਮੇਂ ਆਰੀਆ ਸਮਾਜ ਲਾਹੌਰ ਮੇਂ ਹੀ ਕਾਇਮ ਹੂਆ। " ਮਹਾਂਰਿਸ਼ੀ ਸੁਆਮੀ ਦਯਾਨੰਦ ਔਰ ਉਨ ਕਾ ਕਾਮ(ਉਰਦੂ) ਲਾਹੌਰ, ਪੰਨਾ 345.

144. Jagyasu Munshi and Ram Deva,"Arya Samaj and its Detractors- A Vindication" Hardwar,1911, p.13.

"ਬ੍ਰਾਹਮਣਵਾਦ ਦਾ ਖੰਡਨ, ਪਾਠ-ਪੂਜਾ, ਧਰਮ ਕਰਮ ਤੇ ਬੇਸ਼ੁਮਾਰ ਰਹੁ-ਰੀਤਾਂ ਦੀ ਵਿਰੋਧਤਾ, ਅਨੇਕ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਨੂੰ ਵਾਧੂ, ਤੇ ਬੇਲੋੜਾ ਤੇ ਅਗਿਆਨਤਾ ਭਰਪੂਰ ਦੱਸਣਾ, ਧਾਰਮਿਕ ਵਹਿਮਾਂ ਭਰਮਾਂ ਦੀ ਭੰਡੀ ਕਰਨ ਅਤੇ ਨਿਰੋਲ ਇਕ ਨਿਰਾਕਾਰ ਪ੍ਰਮਾਤਮਾ ਵਿਚ ਵਿਸ਼ਵਾਸ਼ ਰੱਖ ਕੇ, ਵੇਦਾਂ ਦੇ ਫਲਸਫੇ ਨੂੰ ਧਾਰਨ ਕਰ ਕੇ ਜੀਵਨ ਨੂੰ ਉਸੇ ਅਨੁਕੂਲ ਢਾਲ ਕੇ, ਇਕ ਨਵੇਂ ਹਿੰਦੂ ਸਮਾਜ ਦੀ ਸਿਰਜਣਾ ਸਵਾਮੀ ਦਯਾ ਨੰਦ ਦੀ ਸਿੱਖਿਆ ਦੇ ਮੂਲ ਤੱਤ ਤੇ ਆਦਰਸ਼ ਸਨ।"[145] ਆਪਣੇ ਮਤ ਦੀ ਵਿਆਖਿਆ ਲਈ ਉਨ੍ਹਾਂ ਨੇ ਕਈ ਗ੍ਰੰਥ ਲਿਖੇ ਜਿੰਨ੍ਹਾਂ ਵਿਚੋਂ ਹੇਠ ਲਿਖੇ ਵਧੇਰੇ ਪਰਚਲਿਤ ਹਨ:[146]

(ੳ) <u>ਸਤਿਆਰਥ ਪ੍ਰਕਾਸ਼</u> :- ਇਸ ਹਿੰਦੀ ਗ੍ਰੰਥ ਵਿਚ ਵਿਆਹ, ਬੱਚੇ, ਵਿੱਦਿਆ, ਸਰਕਾਰ , ਪ੍ਰਮਾਤਮਾ, ਵੇਦ, ਸ੍ਰਿਸ਼ਟੀ, ਮਨੁਖ, ਮੁਕਤੀ ਤੇ ਖਾਧ ਖੁਰਾਕ ਸੰਬੰਧੀ ਵਿਚਾਰ ਪ੍ਰਗਟਾਏ ਗਏ ਹਨ, ਪਰ ਸਭ ਤੋਂ ਵੱਧ ਇਸ ਗ੍ਰੰਥ ਵਿਚ ਹੋਰ ਸਾਰੇ ਧਰਮਾਂ ਸੰਬੰਧੀ ਲੰਬੀ ਚੌੜੀ ਚਰਚਾ ਕਰ ਕੇ, ਬੜੇ ਖਰ੍ਹਵੇ ਤੇ ਤਿੱਖੇ ਢੰਗ ਨਾਲ ਸੱਭ ਦੀ ਆਲੋਚਨਾ ਤੇ ਭੰਡੀ ਕੀਤੀ ਗਈ ਹੈ।

(ਅ) <u>ਵੇਦ ਭਾਸ਼ਯ</u>:- ਇਸ ਗ੍ਰੰਥ ਵਿਚ ਸੰਸਕ੍ਰਿਤ ਭਾਸ਼ਾ ਵਿਚ ਵੇਦਾਂ ਦੀ ਵਿਆਖਿਆ ਕੀਤੀ ਗਈ ਹੈ , ਪਰ ਯਜੁਰਵੇਦ ਦੀ ਪੂਰੀ ਅਤੇ ਰਿਗਵੇਦ ਦੀ ਅਧੂਰੀ ਵਿਆਖਿਆ ਹੀ ਹੈ, ਬਾਕੀ ਵੇਦ ਨਹੀਂ ਲਏ ਗਏ।

(ੲ) <u>ਰਿਗਵੇਦੀ ਭਾਸ਼ਯ ਭੂਮਿਕਾ</u>: ਸੰਸਕ੍ਰਿਤ ਤੇ ਹਿੰਦੀ ਵਿਚ ਰਿਗਵੇਦ ਦੀ ਵਿਆਖਿਆ, ਜਿਸ ਵਿਚ ਸੁਆਮੀ ਜੀ ਨੇ ਰਿਗਵੇਦ ਦੀਆਂ ਇਸ ਤੋਂ ਪਹਿਲਾਂ ਹੋ ਚੁਕੀਆਂ ਸਾਰੀਆਂ ਵਿਆਖਿਆਵਾਂ ਨੂੰ ਗ਼ਲਤ ਸਿੱਧ ਕੀਤਾ।

ਡਾ. ਗ੍ਰਿਸਵਲਡ[147] ਦਾ ਕਥਨ ਹੈ ਕਿ ਸਵਾਮੀ ਦਯਾ ਨੰਦ ਬ੍ਰਾਹਮਣਵਾਦ ਦੇ ਜਾਲ ਤੋਂ ਉਸੇ ਤਰ੍ਹਾਂ ਮੁਕਤ ਹੋ ਗਏ, ਜਿਵੇਂ ਲੂਥਰ, ਰੋਮ ਦੇ ਚਰਚ ਦੇ ਅਧਿਕਾਰਾਂ ਤੋਂ ਮੁਕਤ ਹੋ ਗਏ ਸਨ। ਲੂਥਰ ਦਾ ਮੁਖ-ਸ਼ਬਦ ਸੀ "ਬਾਈਬਲ ਤੇ ਟੇਕ ਰੱਖੋ" ਅਤੇ ਸਵਾਮੀ ਦਯਾਨੰਦ ਦਾ ਮੁਖ-ਸ਼ਬਦ ਸੀ "ਵੇਦਾਂ ਉਤੇ ਟੇਕ ਰੱਖੋ।"

---

145. Besant Annie,'India a Nation', Madras-1925,p.79.

146. Farquhar-J.N.'Modern Religions Movements in India,p.108

147. Griswold,' Indian Evangelical Review- Jan, 1892.
Quoted by Farquhar, p.111-112.

ਵੇਦਾਂ ਸੰਬੰਧੀ ਸਵਾਮੀ ਜੀ ਦੀ ਧਾਰਨਾ ਕਾਫ਼ੀ ਵਾਦ-ਵਿਵਾਦ ਦਾ ਕਾਰਨ ਬਣੀ। ਉਹ ਵੇਦਾਂ ਨੂੰ ਦੈਵੀ ਰਚਨਾ ਮੰਨਦੇ ਸਨ। ਸੁਧਾਰ ਸੰਬੰਧੀ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਦੀ ਦ੍ਰਿੜ੍ਹਤਾ ਦੇ ਨਾਲ ਨਾਲ ਉਹ ਪੱਛਮੀ ਗਿਆਨ ਵਿਗਿਆਨ ਦੇ ਮਹੱਤਵ ਤੋਂ ਵੀ ਪੂਰੀ ਤਰ੍ਹਾਂ ਸੁਚੇਤ ਸਨ, ਪਰ ਉਹ ਵੇਦਾਂ ਨੂੰ ਇਸ ਹੱਦ ਤਕ ਪਰੀਪੂਰਨ ਸਮਝਦੇ ਸਨ ਕਿ ਉਨ੍ਹਾਂ ਅਨੁਸਾਰ ਵਿਗਿਆਨ ਦੀਆਂ ਨਵੀਨਤਮ ਕਾਢਾਂ ਦੇ ਹਵਾਲੇ ਵੀ ਇਨ੍ਹਾਂ ਵਿਚ ਉਪਲਬਧ ਹਨ।[148]

ਵੇਦਾਂ ਸੰਬੰਧੀ ਉਨ੍ਹਾਂ ਦੀ ਵਿਆਖਿਆ ਏਨੀ ਉਲਾਰ, ਨਿੱਜੀ ਤੇ ਉਪਯੋਗੀ ਸੀ ਕਿ ਕੋਈ ਵੀ ਭਾਰਤੀ ਵਿਦਵਾਨ ਉਨ੍ਹਾਂ ਨਾਲ ਸਹਿਮਤ ਨਹੀਂ ਹੋ ਸਕਦਾ ਅਤੇ ਇਹ ਵੀ ਠੀਕ ਹੈ ਕਿ ਕਿਸੇ ਪੱਛਮੀ ਵਿਦਵਾਨ ਨੇ ਵੀ ਸੁਆਮੀ ਜੀ ਦੁਆਰਾ ਅਪਣਾਏ ਢੰਗਾਂ ਅਤੇ ਸਿੱਟਿਆਂ ਦੀ ਪੁਸ਼ਟੀ ਨਹੀਂ ਕੀਤੀ।[149] ਦਯਾ ਨੰਦ ਦੇ ਵੇਦਾਂ ਸੰਬੰਧੀ ਦਾਅਵੇ ਨੂੰ ਵੀ ਕੁਝ ਵਿਦਵਾਨਾਂ ਨੇ ਉਸ ਦੀ ਰਾਜਨੀਤੀ[150] ਦੱਸਿਆ ਹੈ ਤੇ ਇਸ ਦਲੀਲ ਦੇ ਹੱਕ ਜਾਂ ਵਿਰੋਧ ਵਿਚ ਉਸ ਦੇ ਸਮਰਥਕਾਂ ਤੇ ਵਿਰੋਧੀਆਂ ਵਿਚ ਕਾਫ਼ੀ ਚਿਰ ਵਾਦ-ਵਿਵਾਦ ਚਲਦਾ ਰਿਹਾ।[151]

ਜਿਥੇ ਆਪਣੇ ਮੱਤ ਨੂੰ ਸਰਵ-ਸ੍ਰੇਸ਼ਟ ਮੰਨ ਕੇ ਇਸ ਦਾ ਮੂਲ ਆਧਾਰ ਉਸ ਨੇ 'ਵੇਦਾਂ'[152] ਨੂੰ ਮਿਥਿਆ, ਉਥੇ ਉਸ ਦੀ ਹੋਰ ਧਰਮਾਂ ਸੰਬੰਧੀ ਰਾਏ ਅਤੇ ਵਿਆਖਿਆ ਏਨੀ ਘ੍ਰਿਣਤ ਤੇ ਵਿਅੰਗ-ਭਰਪੂਰ

---

148.a. Max-Mullar-" By the most incredible interpretations, Swami Dayanand succeeded in persuading himself and others that everything worth knowing, even the most recent inventions of modern Science were alluded to in the Vedas. Steam engines, Railway and steam boats and aeroplanes were all known to atleast in their germs to the poets of Vedas, for Veda he argued means knowledge and how could anything be hid from that."
(Biographical Essays'II,p.170) quoted by Farquhar in Modern Religious Movements in India.

b. Farquhar, "Hundreds of the men of student class, under Daya-Nand's influence believe that the ancient Hindus were as far advanced in natural Sciences as modern Europeans, that they had invented not only fire arms and locomotives, but telegraphs and aeroplanes as well." p.431.

149. Farquhar-J.N.," Panjab Past & Present', April,1973,p.218.

150. Ibid, p.220.

151. Agnihotri-S.N.,'~~Panjab Past & Present', April-1973, p.218~~ "Pandit Dayanand unveiled", Lahore-1891 and Rambhaj Datta-" Agnihotri Demolished"- Lahore 1891.

152. "He held that Aryan were the chosen people, the vedas the chosen Gospal and India the chosen land. All other religions were imperfect and it was the duty of Arya Samaj to convert the followers of other religions to the Hindu faith."
'Tara Chand,'History of Freedom Movement',Vol.II,p.422-23.'

ਢੰਗ ਵਾਲੀ ਸੀ ਕਿ ਸਾਰੇ ਮਜ਼ਹਬਾਂ ਦੇ ਆਗੂ ਸੁਆਮੀ ਜੀ ਦੇ ਇਸ ਰਵੱਈਏ ਤੋਂ ਬੇਜ਼ਾਰ ਹੋ ਗਏ ਅਤੇ ਉਨ੍ਹਾਂ ਨੇ ਜਵਾਬੀ ਕਾਰਵਾਈ ਲਈ ਉਨ੍ਹਾਂ ਨੂੰ ਵੰਗਾਰਿਆ ਅਤੇ ਸੰਗਠਿਤ ਹੋ ਕੇ ਆਪੋ ਆਪਣੇ ਧਰਮਾਂ ਦੇ ਪੱਖ ਵਿਚ ਪ੍ਰੈਸ ਤੇ ਪਲੇਟਫਾਰਮ(ਸ਼ਾਸਤ੍ਰਾਰਥ) ਦੁਆਰਾ ਜ਼ੋਰਦਾਰ ਯਤਨ ਆਰੰਭ ਦਿਤੇ।[153] ਵਿਸ਼ੇਸ਼ ਤੌਰ ਤੇ ਸੁਆਮੀ ਜੀ ਦੀ ਕਰੜੀ ਆਲੋਚਨਾ ਦੇ ਭਾਗੀ ਸਿੱਖ, ਜੈਨੀ, ਮੁਸਲਮਾਨ ਤੇ ਅਹਿਮਦੀਏ ਬਣੇ। ਇਸ ਵਾਦ-ਵਿਵਾਦ ਵਿੱਚੋਂ ਰੋਖਾ ਸਾਹਿੱਤ ਉਪਜਿਆ, ਜਿਸ ਦਾ ਵੇਰਵਾ ਵਖਰੇ ਅਧਿਆਇ ਵਿਚ ਦਿੱਤਾ ਗਿਆ ਹੈ। ਸਵਾਮੀ ਜੀ ਦੀ ਮ੍ਰਿਤੂ ਤੋਂ ਪਿਛੋਂ ਉਸ ਦੇ ਚੇਲਿਆਂ ਨੇ ਵੀ ਉਹੋ ਖੁਰਦਰਾ, ਅਯੋਗ ਤੇ ਗਾਲ-ਗਲੋਚ ਵਾਲਾ, ਢੰਗ ਤੇ ਲਹਿਜਾ ਅਪਣਾ ਕੇ ਧਾਰਮਿਕ ਵਾਦ-ਵਿਵਾਦ ਨੂੰ ਗਲੀਆਂ ਬਾਜ਼ਾਰਾਂ ਵਿਚ ਲਿਆ ਕੇ, ਦੰਗਲ ਵਾਲੀ ਸ਼ਕਲ ਦੇ ਦਿੱਤੀ।[154]

ਹੋਰ ਧਰਮਾਂ ਦੇ ਅਸੂਲਾਂ ਅਤੇ ਉਨ੍ਹਾਂ ਦੇ ਆਗੂਆਂ ਦੀ ਖੁਲ੍ਹਮ ਖੁਲ੍ਹਾ ਨਿੰਦਿਆ ਦਾ ਮੁਢ ਤਾਂ ਈਸਾਈ ਮਿਸ਼ਨਰੀਆਂ ਨੇ ਬੰਨ੍ਹਿਆ ਸੀ ਅਤੇ ਇਸ ਸੰਬੰਧ ਵਿਚ ਹਰ ਯੋਗ ਅਯੋਗ ਢੰਗ ਅਪਣਾਏ ਅਤੇ ਕੌੜੀ ਤੇ ਨਿੰਦਿਆ-ਭਰਪੂਰ ਨੀਵੀਂ ਭਾਸ਼ਾ ਦੀ ਵਰਤੋਂ ਵੀ ਕੀਤੀ ਪਰ ਸਰਕਾਰ ਦੀ ਪੂਰਨ ਹਮਾਇਤ ਹੋਣ ਕਰ ਕੇ ਅਤੇ ਸ਼ਾਸ਼ਕਾਂ ਦਾ ਆਪਣਾ ਧਰਮ ਹੋਣ ਕਰ ਕੇ, ਉਨ੍ਹਾਂ ਵਿਰੁਧ ਹੋਰ ਧਰਮਾਂ ਵਾਲਿਆਂ ਦਾ ਪ੍ਰਤਿਕਰਮ ਤਿੱਖਾ ਹੋਣ ਦੇ ਬਾਵਜੂਦ, ਇਸ ਨੀਵੀਂ ਪੱਧਰ ਤਕ ਨਹੀਂ ਸੀ ਡਿਗਿਆ, ਜਿਸ ਪੱਧਰ ਤਕ ਕਿ ਆਰੀਆ ਸਮਾਜੀਆਂ ਤੇ ਹੋਰ ਧਰਮਾਂ ਵਾਲਿਆਂ ਦਾ ਜਾ ਪੁਜਾ। ਆਰੀਆ ਸਮਾਜੀਆਂ ਨੇ ਅਜਿਹੇ ਕੋਝੇ ਢੰਗਾਂ ਨੂੰ ਅਪਨਾਉਣ ਦੀ ਪ੍ਰੇਰਣਾ, ਈਸਾਈ ਮਿਸ਼ਨਰੀਆਂ ਪਾਸੋਂ ਹੀ ਪ੍ਰਾਪਤ ਕੀਤੀ ਜਾਪਦੀ ਹੈ।

1892 ਈ. ਵਿਚ ਆਰੀਆ ਸਮਾਜ ਦੋ ਧੜਿਆਂ ਵਿਚ ਵੰਡਿਆ ਗਿਆ। ਇਕ "ਕਾਲਜ ਪਾਰਟੀ" ਤੇ ਦੂਜੀ "ਮਹਾਤਮ ਪਾਰਟੀ" ਅਖਵਾਈ। ਕਾਲਜ ਪਾਰਟੀ ਵਾਲੇ ਅਗਾਂਹ-ਵਧੂ ਵਿਚਾਰਾਂ ਵਾਲੇ ਸਨ ਅਤੇ ਪੱਛਮੀ ਵਿੱਦਿਆ ਦੇ ਪੱਖੀ ਅਤੇ ਖਾਣ ਪੀਣ ਦੇ ਮਾਮਲੇ ਵਿਚ ਪੂਰਨ ਸੁਤੰਤਰਤਾ ਦੇ ਹਾਮੀ ਸਨ। ਉਹ ਆਰੀਆ ਸਮਾਜ ਨੂੰ ਵਿਸ਼ਵ-ਧਰਮ ਵਜੋਂ ਪਰਚਾਰਨ ਦੇ ਇੱਛਕ ਸਨ। ਇਸ ਦੇ

---

153. Farquhar," All the outstanding Hindu sects, and Jainism, Sikhism, Islam and Christianity as well are mercilessly criticized in it(Satyarth Parkash) and here or there with a good deal of malice and injustice. It has created hatred against the Samaj in many quarters. Daya-Nand's stinging taunts have been effective in rousing a number of sects, to retaliation and defensive organization noticeably, TheSikhs, Jains, the Ahmadyas and Mohammdans".
'Panjab Past & Present', April-1973, p.222.

154. Ibid, p.223.

ਉਲਟ "ਮਹਾਤਮ" ਪਾਰਟੀ ਵਾਲੇ ਵੈਸ਼ਨੋ ਸਨ ਅਤੇ ਆਰੀਆ ਸਮਾਜ ਨੂੰ ਨਿਰੋਲ ਹਿੰਦੂ ਮਤ ਸਮਝ ਕੇ, ਪੱਛਮੀ ਦੀ ਥਾਂ 'ਹਿੰਦੂ ਸਿੱਖਿਆ' ਦੁਆਰਾ ਹਿੰਦੂ ਜਾਤੀ ਦਾ ਉਧਾਰ ਕਰਨਾ ਚਾਹੁੰਦੇ ਸਨ। ਇਨ੍ਹਾਂ ਨੂੰ ਗੁਰੂਕੁਲ ਪਾਰਟੀ ਵੀ ਆਖਿਆ ਜਾਂਦਾ ਹੈ। ਕਾਲਜ ਪਾਰਟੀ ਨੇ ਪੱਛਮੀ ਵਿੱਦਿਆ ਦੇ ਪਸਾਰ ਵਿਚ ਬੜਾ ਸ਼ਲਾਘਾਯੋਗ ਕੰਮ ਕੀਤਾ ਅਤੇ ਸਕੂਲਾਂ ਕਾਲਜਾਂ ਦਾ ਸਾਰੇ ਦੇਸ਼ ਵਿਚ ਇਕ ਜਾਲ ਵਿਛਾ ਦਿੱਤਾ। ਲਾਹੌਰ ਦਾ ਦਯਾਨੰਦ ਐਂਗਲੋ ਵੈਦਿਕ ਕਾਲਜ ਸੁਆਮੀ ਜੀ ਦੀ ਯਾਦ ਵਿਚ 1886 ਈ. ਵਿਚ ਸਥਾਪਤ ਕੀਤਾ ਗਿਆ। ਇਹ ਉਨ੍ਹੀਵੀਂ ਸਦੀ ਦੀ ਹਿੰਦੂਆਂ ਦੀ ਸਭ ਤੋਂ ਵੱਡੀ ਵਿੱਦਿਅਕ ਸੰਸਥਾ ਸੀ। 1894 ਈ. ਵਿਚ ਪ੍ਰਕਾਸ਼ਤ ਹੋਏ ਡਿਸਟ੍ਰਿਕਟ ਗਜ਼ਟੀਅਰ (ਲਾਹੌਰ — ਪੰਨਾ 93) ਉਤੇ ਲਿਖਿਆ ਹੈ ਕਿ "ਸੁਆਮੀ ਜੀ ਦੀ ਮ੍ਰਿਤੂ ਤੋਂ ਪਿਛੋਂ ਆਰੀਆ ਸਮਾਜ ਸੰਬੰਧੀ ਲੋਕਾਂ ਦਾ ਉਤਸ਼ਾਹ ਮੱਠਾ ਪੈ ਗਿਆ ਹੈ ਤੇ ਇਨ੍ਹਾਂ ਦੀ ਗਿਣਤੀ ਵਿਚ ਬਹੁਤਾ ਉਤਸ਼ਾਹ-ਜਨਕ ਵਾਧਾ ਨਹੀਂ ਹੋ ਰਿਹਾ।

## ਚੇਤ ਰਾਮੀ

1865 ਈ. ਦੇ ਨੇੜੇ ਤੇੜੇ ਲਾਹੌਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਸ਼ਰਕਪੁਰ ਦੇ ਚੇਤ ਰਾਮ ਨੇ ਇਕ ਫਿਰਕਾ ਚਾਲੂ ਕੀਤਾ ਅਤੇ ਇਸ ਦੇ ਸੰਚਾਲਕ ਦੇ ਨਾਂ ਤੇ ਹੀ ਇਸ ਦਾ ਨਾਂ 'ਚੇਤ ਰਾਮੀ'[155] ਪੈ ਗਿਆ। ਚੇਤ ਰਾਮ ਬਹੁਤਾ ਪੜ੍ਹਿਆ ਲਿਖਿਆ ਨਹੀਂ ਸੀ ਅਤੇ ਕੇਵਲ ਲੰਡੇ ਹੀ ਜਾਣਦਾ ਸੀ। 1858 ਤੋਂ 1860 ਈ. ਤਕ ਉਹ ਚੀਨ ਵਿਚ ਰਿਹਾ ਤੇ ਵਾਪਸ ਆ ਕੇ ਆਪਣੇ ਸਹੁਰਿਆਂ ਦੇ ਪਿੰਡ ਭੁਚੋਕੀ ਵਿਚ ਸ਼ਰਾਬ ਤੇ ਅਫੀਮ ਦਾ ਠੇਕਾ ਲੈ ਲਿਆ। ਠੇਕੇ ਤੇ ਹੀ ਰੋਜ਼ ਉਸ ਦਾ ਮੇਲ 'ਸਯਦ ਮਹਿਮੂਦ ਸ਼ਾਹ' ਨਾਲ ਹੋ ਜਾਂਦਾ ਜਿਸ ਪਾਸੋਂ ਉਸ ਨੇ ਯਸੂਹ ਮਸੀਹ ਤੇ ਬਾਈਬਲ ਦੀ ਵਡਿਆਈ ਸੁਣੀ। ਚੇਤ ਰਾਮ ਉਸ ਦਾ ਸੇਵਕ ਬਣ ਗਿਆ ਤੇ ਉਸ ਦੀ ਮੌਤ ਤੋਂ ਪਿਛੋਂ ਉਸ ਦੀ ਕਬਰ ਤੇ ਹੀ ਰਹਿਣ ਲਗ ਪਿਆ ਅਤੇ ਉਸ ਉਤੇ ਇਕ ਗਿਰਜਾ ਖੜਾ ਕਰਕੇ, ਵਿਚ ਬਾਈਬਲ ਟਿਕਾ ਦਿੱਤੀ। ਹੌਲੀ ਹੌਲੀ ਉਸ ਦੇ ਬਹੁਤ ਸਾਰੇ ਚੇਲੇ ਬਣ ਗਏ ਜਿਨ੍ਹਾਂ ਨੂੰ ਨਾਲ ਲੈ ਕੇ ਉਹ ਯਸੂਹ ਮਸੀਹ ਦਾ ਪਰਚਾਰ ਕਰਨ ਲਗਾ। ਉਸ ਦੇ ਸੇਵਕਾਂ ਦੇ ਹੱਥਾਂ ਵਿਚ ਹਮੇਸ਼ਾਂ ਇਕ ਡਾਂਗ ਹੁੰਦੀ ਸੀ, ਜਿਸ ਉਤੇ ਸੂਲੀ ਦਾ ਚਿੰਨ੍ਹ ਹੁੰਦਾ ਸੀ। ਹਿੰਦੂ ਤੇ ਮੁਸਲਮਾਨ ਦੋਵੇਂ ਹੀ ਉਸ ਦੇ ਮੁਰੀਦ ਸਨ ਜਿਹੜੇ ਫੀਰੋਜ਼ਪੁਰ, ਮਿੰਟਗੁਮਰੀ, ਅੰਮ੍ਰਿਤਸਰ, ਗੁਰਦਾਸਪੁਰ ਤੇ ਲਾਹੌਰ ਦੇ ਜ਼ਿਲ੍ਹਿਆਂ ਵਿਚ ਫੈਲੇ ਹੋਏ ਸਨ।

---

155. Griswold- Chet Rami Sect- Cownpore- 1904- reproduced by Farquhar in his Book," Modern Religious Movements in India." London, 1924.

ਚੇਤ ਰਾਮ ਦੀ ਮ੍ਰਿਤੂ ਤੇ ਉਸ ਦੀ ਲੜਕੀ ਗੱਦੀ ਤੇ ਬੈਠੀ ਜਿਸ ਨੇ ਸਾਰੀ ਉਮਰ ਵਿਆਹ ਨਾ ਕਰਾਉਣ ਦਾ ਫੈਸਲਾ ਕੀਤਾ। 1901 ਈ. ਦੀ ਮਰਦਮ ਸ਼ੁਮਾਰੀ ਦੀ ਰੀਪੋਰਟ ਵਿਚ ਚੇਤ ਰਾਮੀਆਂ ਦੀ ਗਿਣਤੀ ਇਕ ਹਜ਼ਾਰ ਦੇ ਕਰੀਬ ਦੱਸੀ ਗਈ ਹੈ।[156]

## ਗੁਲਾਬ ਦਾਸੀਏ

ਇਕ ਉਦਾਸੀ ਫਕੀਰ ਪ੍ਰੀਤਮ ਦਾਸ ਨੇ ਇਹ ਨਵਾਂ ਫਿਰਕਾ ਚਾਲੂ ਕੀਤਾ। ਉਸ ਦਾ ਮੁਖ ਸ਼ਿਸ਼ ਗੁਲਾਬ ਦਾਸ, ਇਕ ਜੱਟ ਸਿਖ ਸੀ ਜਿਹੜਾ ਮਹਾਰਾਜਾ ਸ਼ੇਰ ਸਿੰਘ ਦੀ ਫੌਜ ਵਿਚ ਸੈਨਿਕ ਸੀ ਅਤੇ ਸਿੱਖ ਰਾਜ ਦੇ ਅੰਤ ਤੇ ਨੌਕਰੀ ਛੱਡ ਕੇ ਇਸ ਫਿਰਕੇ ਵਿਚ ਸ਼ਾਮਲ ਹੋ ਗਿਆ।[157] ਗੁਲਾਬ ਦਾਸ ਨੇ "ਉਪਦੇਸ਼ ਬਿਲਾਸ" ਨਾਂ ਦਾ ਇਕ ਗ੍ਰੰਥ ਲਿਖਿਆ ਅਤੇ ਸਿਖਿਆ ਦਿੱਤੀ ਕਿ ਜੀਵ, ਪਰਮੇਸ਼ਰ ਦਾ ਹੀ ਅੰਗ ਹੈ ਤੇ ਉਸੇ ਵਿਚ ਸਮਾ ਜਾਏਗਾ। ਉਸ ਦੇ ਨਾਂ ਤੇ ਹੀ ਫਿਰਕੇ ਦਾ ਨਾਂ ਵੀ "ਗੁਲਾਬ ਦਾਸੀਏ" ਪੈ ਗਿਆ। ਉਹ ਹਰ ਪ੍ਰਕਾਰ ਦੀ ਪੂਜਾ, ਤੀਰਥ ਯਾਤ੍ਰਾ, ਰਸਮਾਂ ਰੀਤਾਂ ਤੇ ਕਰਮ ਕਾਂਡ ਤੋਂ ਮੁਕਤ ਸਨ। ਐਸ਼-ਇਸ਼ਰਤ , ਦੁਨੀਆਂ ਦੇ ਭੋਗ-ਬਿਲਾਸ, ਸ਼ਰਾਬ ਤਮਾਕੂ, ਸੋਹਣੀ ਪੁਸ਼ਾਕ, ਇੰਦ੍ਰਿਆਵੀ ਖਾਹਸ਼ਾਂ ਦੀ ਪੂਰਤੀ ਤੇ ਮਨ ਦੀ ਮੌਜ[158], ਇਸ ਫਿਰਕੇ ਦੇ ਮੋਟੇ ਅਸੂਲ ਸਨ। ਕਿਸੇ ਉਚੇਰੀ ਭਗਤੀ, ਗਿਆਨ ਧਿਆਨ ਜਾਂ ਅਧਿਆਤਮਕ ਰਹੱਸ ਨਾਲ ਇਸ ਫਿਰਕੇ ਦਾ ਕੋਈ ਵਾਸਤਾ ਨਹੀਂ ਸੀ। ਇਸ ਫਿਰਕੇ ਬਾਰੇ "ਸੂਧੀ ਪੱਤਰ"[159] ਵਿਚ ਲਿਖਿਆ ਹੈ— " ਗੁਲਾਬ ਦਾਸ ਦਾ ਮਤ ਇਹ ਖਾਣੇ ਉਜਾੜਨੇ, ਵਿਸ਼ੇ ਭੋਗਣ ਵਾਲਾ ਅਜਬ ਤਰ੍ਹਾਂ ਦਾ ਅਨੋਖਾ ਮਤ ਹੈ। ਇਹ ਲੋਗ ਧਰਮ ਦੀਆਂ ਵੱਡੀਆਂ ਵੱਡੀਆਂ ਗੱਲਾਂ ਅਰਥਾਤ ਸ੍ਰੇਸ਼ਟ ਅਰ ਮੂਲ ਨਿਯਮਾਂ ਤੋਂ ਮੂੰਹ ਮੋੜ ਕਰ ਕੇਵਲ ਇੰਦਰੀਆਂ ਦੀ ਤ੍ਰਿਪਤੀ ਜਾਂ ਭੋਗ ਬਿਲਾਸ ਵਿਚ ਹੀ ਫਸੇ ਰਹਿੰਦੇ ਹਨ। ਇਹ ਲੋਕ ਹੁਕਾ ਪੀਦੇ ਅਰ ਕੁਠਾ ਖਾਂਦੇ ਹਨ।"

---

156. Census Report, 1901, p.117.

157. ਬਲਬੀਰ ਸਿੰਘ (ਡਾ.), 'ਚਰਣ ਹਰਿ ਵਿਸਥਾਰ', ਭਾਗ ਪਹਿਲਾ ਜਿਲਦ ਦੂਜੀ ਦੇ ਪੰਨਾ 59 ਤੇ ਲਿਖਿਆ ਹੈ ਕਿ ਗੁਲਾਬ ਦਾਸ ਦਾ ਉਸਤਾਦ ਦੇਵਾ ਸਿੰਘ ਨਿਰਮਲਾ ਸੀ ਪਰ ਮਰਦਮ ਸ਼ੁਮਾਰੀ ਦੀ 1881 ਦੀ ਰਿਪੋਰਟ ਪੰਨਾ 138 ਤੇ ਇਸ ਫਿਰਕੇ ਦਾ ਮੋਢੀ ਪ੍ਰੀਤਮ ਦਾਸ ਲਿਖਿਆ ਹੈ।

158. Chhabra G.S., "Pleasure alone was their aim and renouncing all higher objects, they sought only for the gratification of the senses, for costly dress and tobacoo, wine and woman, the lust of the eyes and the pride of life."
"Social and Economic History of Panjab" Doctoral Thesis, p.128.

159. 'ਸੂਧੀ ਪੱਤਰ' ਨੰਬਰ 5, ਜਿਲਦ 2, ਸਾਲ 1897 ਈ.

"ਗੁਲਾਬ ਦਾਸ ਸੁਤੰਤਰ ਖਿਆਲਾਂ ਦਾ ਪੁਰਸ਼ ਸੀ। ਕੁਝ ਵੇਦਾਂਤ ਦੀਆਂ ਪੁਸਤਕਾਂ ਪੜ੍ਹਨ ਨਾਲ ਕਰਮ ਕਾਂਡ ਦੇ ਭਰਮਾਂ ਤੋਂ ਨਵਿਰਤ ਹੋ ਗਿਆ। ਗੁਲਾਬ ਦਾਸ ਦਾ ਮਨ ਇਕ ਖਿਆਲਾਂ ਦਾ ਹੜ੍ਹ ਸੀ, ਜੋ ਸਾਰੇ ਹੱਦ ਬੰਨੇ ਤੋੜ ਕੇ, ਆਪਣੇ ਵਿਚ ਗਤੀਮਾਨ ਹੁੰਦਾ ਹੈ। ਉਸ ਦੀ ਸਿੱਖਿਆ ਸੀ – ਸਾਰੀ ਮਜ਼ਹਬੀਅਤ, ਸਾਰਾ ਸਦਾਚਾਰ, ਸਾਰੇ ਰਸਮ ਰਿਵਾਜ ਸਭ ਬੰਧਨ ਹਨ।"[160]

ਆਪਣੇ ਉਦਾਰ ਸਦਾਚਾਰ ਵਤੀਰੇ ਨੂੰ ਯੋਗ ਤੇ ਉਚਿਤ ਦੱਸਣ ਲਈ ਗੁਲਾਬ ਦਾਸੀਏ, ਹੇਠ ਲਿਖੇ ਕਾਵਿ ਟੋਟੇ ਨੂੰ ਝੂਮ ਝੂਮ ਕੇ ਪੜ੍ਹਦੇ ਸਨ:-

ਅੱਵਲ ਇਸ਼ਕ ਸੀ, ਉਸ ਖ਼ੁਦਾ ਤਾਈਂ, ਜਿਸ ਪੈਦਾ ਜੀ ਸਭ ਸੰਸਾਰ ਕੀਤਾ।
ਬ੍ਰਹਮਾ ਬਿਸ਼ਨ ਤੋਂ ਆਦਿ ਮਹਾਂ ਦੇਵ ਲੈ ਕੇ, ਰਾਮ ਚੰਦਰ ਪੁਕਾਰਦਾ ਹਾਏ ਸੀਤਾ।
ਦੇਖ ਕ੍ਰਿਸ਼ਨ ਦੇ ਹਾਲ ਨੂੰ ਧਿਆਨ ਧਰ ਕੇ, ਨਦੀ ਵਿਚ ਪਰਾਸ਼ਰ ਨੇ ਕੀ ਕੀਤਾ।
ਸਾਰਾ ਜੱਗ ਹੀ ਇਸ਼ਕ ਦਾ ਖੇਲ ਹੈ ਜੇ, ਗੁਲਾਬ ਦਾਸ ਨੇ ਕੀ ਅਸਚਰਜ ਕੀਤਾ।

( ਕਿਸ਼ਨ ਸਿੰਘ ਆਰਿਫ਼ )

ਸੰਤ ਗੁਲਾਬ ਦਾਸ ਦੇ ਚੇਲੇ ਬੜੀ ਦੂਰ ਦੂਰ ਤਕ ਫੈਲੇ ਹੋਏ ਸਨ ਪਰ ਮੁਖ ਕੇਂਦਰ ਲਾਹੌਰ ਤੇ ਜਲੰਧਰ ਵਿਚ ਸਨ। ਉਨ੍ਹਾਂ ਦੇ ਉੱਘੇ ਸੇਵਕਾਂ[161] ਵਿੱਚੋਂ ਕਿਸ਼ਨ ਸਿੰਘ ਆਰਿਫ਼, ਗਿ: ਦਿੱਤ ਸਿੰਘ, ਭਾਈ ਜਵਾਹਰ ਸਿੰਘ ਤੇ ਭਾਈ ਮਈਆ ਸਿੰਘ ਦਸੇ ਜਾਂਦੇ ਹਨ। ਅਖੀਰਲੇ ਤਿੰਨੇ ਸੱਜਣ ਪਿਛੋਂ ਸਿੰਘ ਸਭਾ ਦੇ ਸਿਰਕੱਢ ਆਗੂ ਬਣੇ।

## ਕਾਚੂ ਕਟੀਏ

ਇਹ ਮਤ ਵੀ ਇਕ ਸਿਖੀਓਂ ਪਤਿਤ ਹੋ ਚੁਕੇ ਨਿਰੰਜਣ ਦਾਸ ਨੇ ਚਲਾਇਆ ਅਤੇ ਆਪਣਾਂ ਨਾਂ ਰਮਤਾ ਰਾਮ ਕਾਚੂ ਕਟੀਆ ਰਖਿਆ। ਪ੍ਰਸਿੱਧ ਕਵੀ ਕਿਸ਼ਨ ਸਿੰਘ ਆਰਿਫ਼ ਦਾ ਉਹ ਮੇਲੀ ਸੀ। **ਰੱਬ** ਤੋਂ ਮੁਨੱਕਰ, ਸ਼ਰਾਬੀ, ਕਬਾਬੀ ਤੇ ਅਵਾਰਾ, ਗਲੀਆਂ ਵਿੱਚ ਸ਼ਰਾਬ ਦੇ ਨਸ਼ੇ ਵਿਚ ਚੂਰ ਘੁੰਮਣਾ, ਰੋਟੀ ਮੰਗ ਕੇ ਖਾਣੀ ਤੇ ਜਾਂਦੀ ਵਾਰੀ ਆਖਣਾ– " ਲੈ ਮਾਈ ਤੇਰੀ ਰੋਟੀ ਗਈ, ਸੰਤਾਂ ਦੀ ਭੁਖ ਗਈ" ਲੇਖਾ ਬਰਾਬਰ, ਨਾ ਲੈਣਾ ਨਾ ਦੇਣਾ"। ਕਾਚੂ ਕਟੀਏ ਦੇ ਕਈ ਚੇਲੇ ਸਨ ਪਰ ਇਹ ਅੰਮ੍ਰਿਤਸਰ ਤੋਂ ਬਾਹਰ ਨਾ ਨਿਕਲੇ। ਉਸ ਦੀ ਇਕ ਕਵਿਤਾ[162] ਦਾ ਨਮੂਨਾ ਇਸ ਪ੍ਰਕਾਰ ਹੈ:-

---

160. ਬਲਬੀਰ ਸਿੰਘ-(ਡਾ.), 'ਚਰਣ ਹਰਿ ਵਿਸਥਾਰ', ਪੰਨਾ 59
161. ਉਹੀ, ਪੰਨਾ 57( ਇਨ੍ਹਾਂ ਚੌਹਾਂ ਬਾਰੇ ਵਿਸਤਾਰ ਪੂਰਬਕ ਚਰਚਾ ਵੱਖੋ ਵੱਖ ਸੰਪਰਕਾਂ ਵਿਚ ਅਗੇ ਕੀਤੀ ਗਈ ਹੈ।
162. ਉਹੀ, ਪੰਨਾ 60

ਰਾਮ ਰਮਤਾ ਰੋਮ ਪੀਏ, ਰਮ ਰਮ ਰੋਮ ਸਮਾਇ।
ਰਮ ਬਿਨ ਰਾਮ ਨਾ ਸੁੱਝਈ, ਬੇ-ਰਮ ਜਾਇ ਕੁਥਾਇ।
ਦੋਨੋ ਰੱਮ ਕਨੂੰਈ ਨੇ, ਬੋਤਲ ਇਕ ਘਟਾਇ।
ਰਮਤੇ ਰਾਮ ਸੁਮੱਤ ਤਜੀ, ਲੇਖਾ ਗਿਆ ਮੁਕਾਇ।

## ਮੁਸਲਮਾਨਾਂ ਦੀਆਂ ਸੁਧਾਰਕ ਲਹਿਰਾਂ

### ਜਮਾਇਤ - ਅਹਿਮਦੀਆ

ਜਮਾਇਤਿ-ਅਹਿਮਦੀਆ ਦੀ ਸਥਾਪਨਾ ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਮਿਰਜ਼ਾ ਗ਼ੁਲਾਮ ਅਹਿਮਦ( 1839-1908) ਦੁਆਰਾ ਕਾਦੀਆਂ(ਗੁਰਦਾਸਪੁਰ) ਵਿਚ ਰੱਖੀ ਗਈ, ਏਸੇ ਲਈ ਇਸ ਲਹਿਰ ਨੂੰ ਕਈ ਵਾਰੀ 'ਕਾਦੀਆਨੀ' ਲਹਿਰ ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਹ ਲਹਿਰ ਮੂਲ ਰੂਪ ਵਿਚ ਕੁਝ ਪ੍ਰਤਿਕਰਮਾਂ[163] ਦਾ ਸਿੱਟਾ ਹੈ ਜਿਹੜਾ ਹੋਰ ਕੌਮਾਂ ਵਾਂਗ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਮੁਸਲਮਾਨਾਂ ਦੀ ਉਸ ਵੇਲੇ ਦੀ ਗਿਰਦੀ ਦਸ਼ਾ ਦੇ ਸਨਮੁਖ ਇਸ ਦੇ ਸੰਚਾਲਕ ਤੇ ਸੰਸਥਾਪਕ ਨੇ ਅਨੁਭਵ ਕੀਤਾ।[164] ਇਨ੍ਹਾਂ ਪ੍ਰਤਿਕਰਮਾਂ ਦੇ ਕੁਝ ਕੁ ਆਧਾਰ ਇਹ ਸਨ:-

(ੳ) ਪੁਰਾਤਨ ਇਸਲਾਮੀ ਗੌਰਵਤਾ ਦਾ ਪੱਤਨ ਤੇ ਵਿਘਟਨ ਅਤੇ ਇਸ ਉਤੇ ਨਵੇਂ ਸਭਿਆਚਾਰ ਦਾ ਪੈ ਰਿਹਾ ਡੂੰਘਾ ਪ੍ਰਭਾਵ।

(ਅ) ਈਸਾਈ ਮਿਸ਼ਨਰੀਆਂ ਵਲੋਂ ਇਸਲਾਮ ਦੀਆਂ ਜੜ੍ਹਾਂ ਖੋਖਲੀਆਂ ਕਰਨ ਦੇ ਯਤਨ ਅਤੇ ਆਰੀਆ ਸਮਾਜੀਆਂ ਦੇ ਇਸਲਾਮ ਉਤੇ ਹੱਲੇ ਅਤੇ ਸ਼ੁਧੀ ਦੀ ਲਹਿਰ ਦਾ ਉਨ੍ਹਾਂ ਤੇ ਪ੍ਰਭਾਵ।

(ੲ) ਸਰ ਸਯੱਦ ਅਹਿਮਦ ਦੁਆਰਾ ਮੁਸਲਮਾਨਾਂ ਨੂੰ ਪੱਛਮੀ ਢੰਗ ਦੀ ਵਿੱਦਿਆ ਦੇ ਕੇ, ਇਸਲਾਮੀ ਅਸੂਲਾਂ ਨੂੰ ਨਿਆਇ-ਸ਼ੀਲਤਾ ਦੀ ਰੰਗਣ ਦੇਣ ਦੇ ਯਤਨਾਂ ਦਾ ਵਿਰੋਧ।

(ਸ) ਹੋਰ ਧਰਮਾਂ ਦੇ ਆਪਣੇ ਵਿਰਸੇ ਅਤੇ ਭੂਤ ਵਿਚੋਂ ਨਵੇਂ ਯੁਗ ਲਈ ਚਾਨਣ ਲੈਣ ਦੇ ਯਤਨ ਅਤੇ ਇਸਲਾਮ ਨੂੰ ਉਨ੍ਹਾਂ ਦੇ ਟਾਕਰੇ ਤੇ ਨੀਵਾਂ ਸਿੱਧ ਕਰਨ ਦੀ ਰੁਚੀ।

ਮਿਰਜ਼ਾ ਗ਼ੁਲਾਮ ਅਹਿਮਦ ਨੇ ਮਾਰਚ 1889 ਈ. ਨੂੰ ਆਪਣੀ ਪੈਗ਼ੰਬਰੀ ਦੇ ਦਾਅਵੇ ਦਾ ਐਲਾਨ ਕਰ ਕੇ ਅਹਿਮਦੀਆ ਲਹਿਰ ਦੀ ਬੁਨਿਆਦ ਰੱਖੀ ਅਤੇ ਮੁਸਲਮਾਨਾਂ ਨੂੰ, ਉਪ੍ਰੋਕਤ ਸਾਰੇ ਖ਼ਤਰਿਆਂ

---

163. Smith-Wilfred Cantwell-"Modern Islam in India", London, p.298.

164. Farquhar-'Modern Religious Movements in India', London, 1924, p.137.

ਤੋਂ ਸੁਚੇਤ ਕਰਕੇ, ਨਵੀਂ ਉਦਾਰ ਇਸਲਾਮੀ ਵਿਆਖਿਆ ਦੁਆਰਾ ਭਾਵਕ ਤੌਰ ਤੇ, ਸੁਰੱਖਿਅਤ ਕਰਨ ਦਾ ਯਤਨ ਕੀਤਾ। ਉਨ੍ਹਾਂ ਨੇ ਆਪਣੇ ਪੈਗ਼ੰਬਰੀ ਦਾਅਵੇ ਨੂੰ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ:-[165]

" ਮੈਨੂੰ ਪ੍ਰਭੂ ਨੇ ਹੁਕਮ ਦਿਤਾ ਹੈ ਕਿ ਨਿਮ੍ਰਤਾ, ਹਲੀਮੀ ਅਤੇ ਅਜਜ਼ੀ ਨਾਲ ਲੋਕਾਂ ਦਾ ਧਿਆਨ ਉਸ ਪ੍ਰਭੂ ਵਲ ਫੇਰਾਂ ਜੋ ਸੱਚਾ ਅਨਾਦੀ ਅਤੇ ਅਜਿਹਾ ਹੈ, ਜਿਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਉਹ ਪੂਰਨ ਪਵਿਤਰਤਾ, ਪੂਰਨ ਗਿਆਨ, ਪੂਰਨ ਰਹਿਮ ਅਤੇ ਪੂਰਨ ਇਨਸਾਫ ਰਖਦਾ ਹੈ। ਇਸ ਅੰਧਕਾਰ ਦੇ ਸਮੇਂ ਮੈਂ ਹੀ ਇਕ ਪ੍ਰਕਾਸ਼ ਹਾਂ, ਜੋ ਮੇਰੀ ਪੈਰਵੀ ਕਰਦਾ ਹੈ, ਉਹ ਉਨ੍ਹਾਂ ਟੋਇਆਂ ਅਤੇ ਖਾਈਆਂ ਤੋਂ ਬਚਾਇਆ ਜਾਏਗਾ, ਜੋ ਸ਼ੈਤਾਨ ਨੇ ਅੰਨ੍ਹੇਰੇ ਵਿਚ ਚਲਣ ਵਾਲਿਆਂ ਲਈ ਤਿਆਰ ਕਰ ਰੱਖੀਆਂ ਹਨ। ਮੈਨੂੰ ਉਸ ਪ੍ਰਭੂ ਨੇ ਭੇਜਿਆ ਹੈ ਤਾਂ ਜੋ ਸ਼ਾਂਤੀ ਅਤੇ ਹਲੀਮੀ ਨਾਲ ਸਾਰੇ ਜੱਗ ਦੇ ਲੋਕਾਂ ਨੂੰ ਸੱਚੇ ਪ੍ਰਭੂ ਦਾ ਸੱਦਾ ਦੇਵਾਂ ਅਤੇ ਮੁਸਲਮਾਨਾਂ ਦੀਆਂ ਆਚਰਨਕ ਹਾਲਤਾਂ ਨੂੰ ਸੁਧਾਰਾਂ ਅਤੇ ਮੈਨੂੰ ਉਸ ਨੇ ਸਚਾਈ ਦੇ ਖੋਜੀਆਂ ਦੀ ਤਸੱਲੀ ਲਈ ਆਕਾਸ਼ੀ ਚਮਤਕਾਰ ਭੀ ਬਖ਼ਸ਼ੇ ਹਨ ਅਤੇ ਮੇਰੀ ਪ੍ਰੋੜ੍ਹਤਾ ਲਈ ਅਦਭੁਤ ਕੰਮ ਵੀ ਦਿਖਾਏ ਹਨ। ਗੈਬ ਦੀਆਂ ਗੱਲਾਂ ਅਤੇ ਭਵਿਖਤ ਭੇਦ ਮੇਰੇ ਉਤੇ ਖੋਲ੍ਹੇ ਹਨ।"

ਆਪਣੇ ਵਿਚਾਰਾਂ ਦੇ ਪ੍ਰਗਟਾ ਲਈ ਮਿਰਜ਼ਾ ਗੁਲਾਮ ਅਹਿਮਦ ਨੇ ਚਾਲੀ ਕੁ ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚੋਂ 20 ਅਰਬੀ ਵਿਚ ਤੇ ਬਾਕੀ ਉਰਦੂ ਵਿਚ ਹਨ। ਸ਼ੁਰੂ ਵਿਚ ਮਿਰਜ਼ਈਆਂ ਦਾ ਟੀਚਾ ਕੇਵਲ ਮੁਸਲਮਾਨਾਂ ਨੂੰ ਹੀ ਕਾਦੀਆਨੀ ਮਤ ਵਿਚ ਪਰਵਿਸ਼ਟ ਕਰਨਾ ਸੀ, ਪਰ ਪਿਛੋਂ ਈਸਾਈ ਮਿਸ਼ਨਰੀਆਂ ਤੇ ਆਰੀਆ ਸਮਾਜੀਆਂ ਦੀ ਦੇਖਾ ਦੇਖੀ ਬਾਕੀ ਧਰਮਾਂ ਦੇ ਗ੍ਰੰਥਾਂ ਅਤੇ ਗੁਰੂਆਂ ਪੀਰਾਂ ਸੰਬੰਧੀ ਵੀ ਚਰਚਾ ਆਰੰਭ ਦਿੱਤੀ। ਵਿਸ਼ੇਸ਼ ਤੌਰ ਤੇ ਉਨ੍ਹਾਂ ਦੀ ਆਲੋਚਨਾ ਦੇ ਮੁਖ ਟੀਚੇ ਹਿੰਦੂ ਤੇ ਸਿੱਖ ਹੀ ਸਨ। ਮਿਰਜ਼ਈਆਂ ਨੇ ਗੁਰੂ ਨਾਨਕ ਦੇਵ ਜੀ ਦੀ ਥਾਂ ਥਾਂ ਬੇਹੱਦ ਉਸਤਤ ਕੀਤੀ --

ਬੂਦ ਨਾਨਕ ਆਰਫਿ ਮਰਦਿ ਖ਼ੁਦਾ,[166]
ਰਾਜ਼ਹਾਇ ਮਾਰਫ਼ਤ ਰਾ ਰਾਹ-ਕੁਸ਼ਾ।

"ਉਨ੍ਹੀ ਦਿਨੀ ਹੀ ਕਈ ਪੈਂਫਲਿਟ ਕਾਦੀਆਨੀਆਂ ਵਲੋਂ ਛਪੇ ਜੋ ਧਾਰਮਿਕ ਰੁਜ਼- ਗਿਆਨ, ਵਿਚ ਆਰੀਆ ਸਮਾਜੀਆਂ ਜਿੰਨੇ ਹੀ ਝਗੜਾਲੂ ਸਨ, ਜਿਨ੍ਹਾਂ ਵਿਚ ਬੜੇ ਦਿਲ-ਖਿਚਵੇਂ ਸਟਾਈਲ ਤੇ ਭੁਲਾਣੀਆਂ ਦਲੀਲਾਂ ਨਾਲ ਹਿੰਦੂਆਂ ਸਿੱਖਾਂ ਅਤੇ ਮੁਸਲਮਾਨਾਂ ਦੇ ਅਕੀਦਿਆਂ ਨੂੰ ਪੁਠੇ ਰਾਹੀਂ ਪਾਉਣ ਦਾ ਯਤਨ ਕੀਤਾ ਗਿਆ।"[167]

---

165. ਗੰਡਾ ਸਿੰਘ(ਡਾ.), 'ਪੰਜਾਬ', ਪੰਨਾ 168.
166. ਉਹੀ, ਪੰਨਾ 169.
167. ਤਾਲਿਬ, ਗੁਰਬਚਨ ਸਿੰਘ, " ਪੰਜਾਬੀ ਉਤੇ ਅੰਗਰੇਜ਼ੀ ਅਤੇ ਹੋਰ ਯੂਰਪੀਅਨ ਬੋਲੀਆਂ ਦਾ ਪ੍ਰਭਾਵ" ਪਟਿਆਲਾ, ਪੰਨਾ 108.

ਇਨ੍ਹਾਂ ਪੈਂਫਲਿਟਾਂ ਦੁਆਰਾ ਇਹ ਸਾਬਤ ਕਰਨ ਦਾ ਪੂਰਾ ਯਤਨ ਕੀਤਾ ਗਿਆ ਕਿ ਗੁਰੂ ਨਾਨਕ ਸਾਹਿਬ ਮੁਸਲਮਾਨ ਸਨ[168] ਅਤੇ ਅੱਲਾ ਵਲੋਂ ਉਹ ਹਿੰਦੂਆਂ ਨੂੰ ਇਸਲਾਮ ਸੰਬੰਧੀ ਸੱਚ ਦਾ ਚਾਨਣ ਪੁਚਾਉਣ ਲਈ ਭੇਜੇ ਗਏ ਸਨ।[169] ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਤਾਂ ਕੇਵਲ ਕੁਰਾਨ ਸ਼ਰੀਫ ਦੀ ਵਿਆਖਿਆ ਹੀ ਹੈ,[170] ਅਤੇ ਗ੍ਰੰਥ ਸਾਹਿਬ ਰਾਹੀਂ ਇਸਲਾਮ ਦੀ ਸੱਚੀ ਸਪਿਰਟ ਨੂੰ ਹੀ ਪ੍ਰਗਟਾਇਆ ਗਿਆ ਹੈ।[171]

ਬੜੀ ਸੁਭਾਵਿਕ ਗੱਲ ਸੀ ਕਿ ਕਾਦੀਆਨੀਆਂ ਦੇ ਇਸ ਪ੍ਰਚਾਰ ਤੇ ਉਪ੍ਰੋਕਤ ਦਾਵਿਆਂ ਦਾ ਜ਼ੋਰਦਾਰ ਪ੍ਰਤਿਕਰਮ ਹੁੰਦਾ। ਸਿੰਘ ਸਭਾ ਦੇ ਆਗੂਆਂ ਨੂੰ ਅਖ਼ਬਾਰਾਂ ਰਾਹੀਂ[172] ਭੋਲੀ ਭਾਲੀ ਪੇਂਡੂ ਸਿੱਖ ਜਨਤਾ ਨੂੰ ਇਸ ਵਲੋਂ ਸੁਚੇਤ ਕਰਨ ਲਈ ਜ਼ੋਰਦਾਰ ਮੁਹਿੰਮ ਚਲਾਈ।

ਕਠਨਾਈਆਂ ਤੇ ਵਿਰੋਧਤਾਵਾਂ ਦੇ ਬਾਵਜੂਦ ਹਿੰਦੁਸਤਾਨ ਤੇ ਪਾਕਿਸਤਾਨ ਤੋਂ ਛੁਟ ਸਾਰੇ ਸੰਸਾਰ ਵਿਚ ਇਸ ਵੇਲੇ ਜਮਾਇਤਿ ਅਹਿਮਦੀਆਂ ਦੀਆਂ 300 ਤੋਂ ਉਪਰ ਸ਼ਾਖ਼ਾਂ ਹਨ। ਭਾਵੇਂ ਦੇਸ਼ ਵੰਡ ਤੋਂ ਪਿਛੋਂ ਬਹੁਤ ਸਾਰੇ ਕਾਦੀਆਨੀ ਪਾਕਿਸਤਾਨ ਤੇ ਹੋਰ ਦੇਸ਼ਾਂ ਵਿਚ ਚਲੇ ਗਏ ਹਨ ਪਰ ਕਾਦੀਆਂ ਵਿਚ ਇਨ੍ਹਾਂ ਦਾ ਮੁਖ ਕੇਂਦਰ ਪਹਿਲਾਂ ਵਾਂਗ ਸਥਿਤ ਹੈ।

## ਦਿੱਤੇ ਸ਼ਾਹੀ

ਏਸੇ ਕਾਲ ਵਿਚ ਮੁਸਲਮਾਨਾਂ ਵਿਚ "ਦਿੱਤੇ ਸ਼ਾਹੀ" ਨਾਂ ਦਾ ਇਕ ਹੋਰ ਫ਼ਿਰਕਾ ਉਠਿਆ ਜਿਸ ਦਾ ਮੋਢੀ ਦਿੱਤੇ ਸ਼ਾਹ 'ਗੁਜਰਾਂਵਾਲਾ' ਜ਼ਿਲ੍ਹੇ ਦੇ ਪਿੰਡ ਸੂਕ ਕਲਾਂ ਦਾ ਅਰਾਈਂ ਸੀ। ਉਸ ਦੀ ਸਿੱਖਿਆ, ਧਾਰਮਿਕ ਰਹੁ-ਰੀਤਾਂ ਨੂੰ ਤਿਆਗ ਕੇ ਸਾਦਾ ਜੀਵਨ ਬਤੀਤ ਕਰਨ ਦੀ ਸੀ। ਉਹ ਲਾਲ ਰੰਗ ਦੇ ਕਪੜੇ ਪਾਉਂਦਾ ਸੀ। ਉਸ ਦੇ ਚੇਲਿਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੋ ਗਈ। ਮ੍ਰਿਤੂ ਤੋਂ ਪਿਛੋਂ ਦਿੱਤੇ ਸ਼ਾਹੀ ਗੱਦੀ ਚਲਦੀ ਰਹੀ ਅਤੇ ਸੇਵਕ ਇਸ ਦੇ ਮੋਢੀ ਨੂੰ 'ਰਬ' ਸਮਝ ਕੇ ਪੂਜਦੇ ਰਹੇ।[173]

---

168. ਪਰਗਨਾ ਬਟਾਲਾ ਦਾ ਗੁਰੂ - ਨਾਜ਼ਿਰ ਦਾਅਵਤ ਤਬਲੀਗ਼, ਕਾਦੀਆਂ, ਪੰਨਾ 5 ਤੇ ਲਿਖਿਆ ਹੈ," ਹਮਾਰੀ ਰਾਏ ਬਾਬਾ ਨਾਨਕ ਸਾਹਿਬ ਕੀ ਨਿਸਬਤ ਯਿਹ ਹੈ ਕਿ ਬਿਲਾ ਸ਼ੁਬਾ ਵੋਹ ਸੱਚੇ ਮੁਸਲਮਾਨ ਥੇ ਔਰ ਯਕੀਨਨ ਵੋਹ ਵੇਦ ਸੇ ਬੇਜ਼ਾਰ ਹੋ ਕਰ ਕਲਮਾ ਲਾਇਲਾਹ ਇਲੱਲਾਹ ਮੁਹੰਮਦ ਰਸੂਲ- ਅਲਾ ਮੇ ਮੁਸ਼ਰਫ ਹੋ ਕਰ ਉਸ ਨਈ ਜ਼ਿੰਦਗੀ ਕੋ ਪਾ ਚੁਕੇ ਥੇ, ਜੋ ਬਗ਼ੈਰ ਖ਼ੁਦਾ ਤਆਲਾ ਕੇ, ਪਾਕ ਰਸੂਲ ਕੀ ਪੈਰਵੀ ਕੇ ਕਿਸੀ ਕੋ ਨਸੀਬ ਨਹੀਂ ਹੋਤੀ।"

169. Walter H.A.,"The Ahmadiya Movement',Calcutta,1918,p.133.

170. Green Lees Duncan-," The Gospal of Guru Granth Sahib,Preface p.CLXXV.

171. ਯੂਸਫ਼-ਸ਼ੇਖ ਮੁਹੰਮਦ,"ਤਾਰੀਖ਼ ਗੁਰੂ ਗ੍ਰੰਥ ਸਾਹਿਬ", ਲਾਹੌਰ ।

172. 'ਖਾਲਸਾ ਧਰਮ ਪ੍ਰਚਾਰਕ'- 12 ਜਨਵਰੀ,1896 ਈ. ਅਤੇ The'Khalsa' Lahore, Jan.31,1900," Sikhs, ready to resist the Muslim challenge in peace as they had been in war."

173. ਮਰਦਮ ਸ਼ੁਮਾਰੀ ਰੀਪੋਰਟ 1901, ਪੰਨਾ 143

## ਅੰਜੁਮਨਿ - ਇਸਲਾਮੀਆ

ਇਸ ਦੀ ਸਥਾਪਨਾ 1869 ਈ. ਵਿਚ ਹੋਈ। ਇਹ ਸੰਸਥਾ ਮੂਲ ਰੂਪ ਵਿਚ ਸਰਕਾਰ ਤੇ ਮੁਸਲਮਾਨਾਂ ਵਿਚਕਾਰ 'ਲੋਕ ਸੰਪਰਕ' ਦਾ ਕੰਮ ਕਰਦੀ ਸੀ। ਸਰਕਾਰ ਵਲੋਂ ਮੁਸਲਮਾਨਾਂ ਸੰਬੰਧੀ ਅਪਣਾਈਆਂ ਗਈਆਂ ਨੀਤੀਆਂ ਨੂੰ ਉਨ੍ਹਾਂ ਤਕ ਪੁਚਾ ਕੇ, ਉਨ੍ਹਾਂ ਦੀਆਂ ਭਾਵਨਾਵਾਂ ਤੇ ਮੰਗਾਂ ਨੂੰ ਸਰਕਾਰ ਤਕ ਪੁਚਾਉਣਾ ਇਸ ਸੰਸਥਾ ਦਾ ਮੂਲ ਮਨੋਰਥ ਸੀ।[174] ਸਰਕਾਰੀ ਨੌਕਰੀਆਂ ਤੇ ਹੋਰ ਸਰਕਾਰੀ ਕੰਮ ਕਾਜ ਵਿਚ ਮੁਸਲਮਾਨਾਂ ਨੂੰ ਯੋਗ ਪ੍ਰਤਿਨਿਧਤਾ ਦਿਵਾਉਣ ਵਿਚ ਅੰਜੁਮਨਿ ਇਸਲਾਮੀਆ ਨੇ ਬਹੁਤ ਹੀ ਮਹੱਤਵ-ਪੂਰਨ ਹਿੱਸਾ ਪਾਇਆ।[175] ਇਸ ਸੰਸਥਾ ਦੀ ਦੇਖਾ ਦੇਖੀ ਲਾਹੌਰ ਖਾਲਸਾ ਦੀਵਾਨ ਦੇ ਆਗੂਆਂ ਨੇ ਵੀ ਸਿੱਖਾਂ ਲਈ ਯੋਗ ਪ੍ਰਤਿਨਿਧਤਾ ਪ੍ਰਾਪਤ ਕਰਨ ਹਿਤ ਕੁਝ ਮੈਮੋਰੈਂਡਮ[176] ਸਰਕਾਰ ਸਾਹਮਣੇ ਰੱਖੇ।

## ਅੰਜੁਮਨਿ ਖਾਦਮਿ ਉਮ-ਇਸਲਾਮੀਆ

ਅਰਬੀ ਭਾਸ਼ਾ ਦੀ ਪੜ੍ਹਾਈ ਨੂੰ ਉਤਸ਼ਾਹ ਦੇਣ ਲਈ ਇਹ ਸੰਸਥਾ 1888 ਈ. ਵਿਚ ਲਾਹੌਰ ਵਿਚ ਸਥਾਪਿਤ ਹੋਈ। ਮੁਸਲਮਾਨਾਂ ਦੇ ਸਮਾਜਕ ਤੇ ਰਾਜਸੀ ਹਿੱਤਾਂ ਦੀ ਰੱਖਿਆ ਤੋਂ ਬਿਨਾਂ, ਦੀਨੀ ਤੇ ਦੁਨਿਆਵੀ ਸਿੱਖਿਆ ਦਾ ਪ੍ਰਚਾਰ ਮੁਸਲਮਾਨਾਂ ਵਿਚ ਕਰਨਾ, ਇਸ ਸੰਸਥਾ ਦਾ ਉਦੇਸ਼ ਸੀ। ਇਸ ਅੰਜੁਮਨਿ ਦੇ ਪ੍ਰਬੰਧ ਅਧੀਨ ਇਕ ਸ਼ਾਨਦਾਰ 'ਮਕਤਬ' ਵੀ ਚਾਲੂ ਸੀ।

ਐਸੇ ਤਰ੍ਹਾਂ ਹੀ ਨਿਸ਼ਚਿਤ ਮਨੋਰਥਾਂ ਜਾਂ ਸੀਮਤ ਉਦੇਸ਼ਾਂ ਦੀ ਪੂਰਤੀ ਲਈ ਹੋਰ ਵੀ ਕਈ ਨਿੱਕੀਆਂ ਵੱਡੀਆਂ ਸੰਸਥਾਵਾਂ ਜਾਂ ਸੰਗਠਨ ਹੋਂਦ ਵਿਚ ਆਏ ਜਿਨ੍ਹਾਂ ਦਾ ਜਾਂ ਤਾਂ ਡੂੰਘਾ ਪ੍ਰਭਾਵ ਤੇ ਮਹੱਤਵ ਕੋਈ ਨਹੀਂ ਸੀ, ਜਾਂ ਜਿਨ੍ਹਾਂ ਨੂੰ ਇਨ੍ਹਾਂ ਲਹਿਰਾਂ ਨਾਲ ਜੋੜਨਾ ਉਚਿਤ ਪ੍ਰਤੀਤ ਨਹੀਂ ਹੁੰਦਾ, ਉਨ੍ਹਾਂ ਸੰਬੰਧੀ ਵਰਣਨ ਜਾਂ ਵਿਸਥਾਰ ਏਥੇ ਨਹੀਂ ਦਿੱਤਾ ਗਿਆ। ਇਨ੍ਹਾਂ ਵੱਖ ਵੱਖ ਲਹਿਰਾਂ ਦੇ ਜੋ ਪ੍ਰਤੱਖ ਸਿੱਟੇ ਨਿਕਲ ਕੇ ਸਾਹਮਣੇ ਆਏ ਉਨ੍ਹਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:-

(1) ਇਨ੍ਹਾਂ ਲਹਿਰਾਂ ਨੇ ਸਦੀਆਂ ਤੋਂ ਚਲਿਆ ਆ ਰਿਹਾ ਸਮਾਜਕ ਢਾਂਚਾ ਅਤੇ ਅੰਤਰ-ਜਾਤੀ ਸੰਬੰਧਾਂ ਦਾ ਨਕਸ਼ਾ ਬਿਲਕੁਲ ਬਦਲ ਦਿੱਤਾ। ਹਰ ਜਾਤੀ ਆਪਣੇ ਆਪ ਵਿਚ ਹੀ ਸਿਮਟ ਗਈ ਅਤੇ ਆਪਣੇ ਮਤ ਜਾਂ ਧਰਮ ਦੇ ਹਿਤਾਂ ਤੋਂ ਲਾਂਭੇ ਉਨ੍ਹਾਂ ਦੀ ਸੋਚ ਕੰਮ ਕਰਨੋਂ ਹਟ ਗਈ।

---

174. ਸਰਕਾਰ ਦੀ ਪ੍ਰਬੰਧਕੀ ਰੀਪੋਰਟ - 1901-02, ਪੰਨਾ 183
175. ਰੀਪੋਰਟ ਗ੍ਰਹਿ-ਵਿਭਾਗ, 1889-(ਸਿਖਿਆ), ਪੰਨਾ 47-52.
176. ਤੇਜਾ ਸਿੰਘ, 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ', ਅਪ੍ਰੈਲ 1973, ਪੰਨਾ 92-94.

(2) ਲੋਕਾਂ ਵਿੱਚੋਂ ਧਾਰਮਿਕ ਅਕੀਦਿਆਂ ਸੰਬੰਧੀ ਅੰਧ-ਵਿਸ਼ਵਾਸ਼ੀ ਬਹੁਤ ਹੱਦ ਤਕ ਸਮਾਪਤ ਹੋ ਗਈ ਅਤੇ ਤੱਥਾਂ ਤੇ ਅਸਲੀਅਤ ਨੂੰ ਜਾਨਣ ਦੀ ਉਤਸੁਕਤਾ ਪੈਦਾ ਹੋ ਗਈ ਜਿਸ ਨੇ ਧਰਮ ਸੰਬੰਧੀ ਉਦਾਰ ਦ੍ਰਿਸ਼ਟੀ ਤੇ ਨਰੋਏ ਆਧਾਰਾਂ ਨੂੰ ਜਨਮ ਦਿੱਤਾ। ਸਮਾਜੀ ਸੁਧਾਰ ਦੀ ਭਾਵਨਾ ਇਸ ਹੱਦ ਤਕ ਪ੍ਰਬਲ ਹੋ ਗਈ ਕਿ ਹਰ ਧਰਮ ਵਾਲੇ ਆਪਣੇ ਆਪ ਨੂੰ ਸਭ ਤੋਂ ਵੱਧ ਪ੍ਰਗਤੀਵਾਦੀ ਸਿੱਧ ਕਰਨ ਲਈ, ਭੈੜੀਆਂ ਰਸਮਾਂ ਵਿਰੁਧ ਜਹਾਦ ਕਰਨ ਲਗੇ।

(3) ਪੰਜਾਬ ਦੀ ਕੋਈ ਵੀ ਲਹਿਰ ਰਾਜਸੀ ਮਨੋਰਥਾਂ ਦੀ ਪੂਰਤੀ ਲਈ ਸਾਹਮਣੇ ਨਾ ਆਈ। ਧਰਮ ਦੀ ਓਟ ਲੈ ਕੇ ਕੀਤੇ ਗਏ ਰਾਜਸੀ ਉੱਦਮ ਸਰਕਾਰ ਦੀ ਸਖ਼ਤ ਕਰੋਪੀ ਦਾ ਸ਼ਿਕਾਰ ਬਣੇ।[177] ਬੇ-ਇਨਸਾਫੀਆਂ ਵਿਰੁਧ ਕੇਵਲ ਰੋਸ ਹੀ ਪ੍ਰਗਟ ਹੁੰਦਾ ਸੀ ਜਾਂ ਮੈਮੋਰੈਂਡਮ ਦੇ ਕੇ ਆਪਣੀਆਂ ਲੋੜਾਂ ਤੇ ਮੰਗਾਂ ਜਾਂ ਉਮੰਗਾਂ ਵਲ ਸਰਕਾਰ ਦਾ ਕੇਵਲ ਧਿਆਨ ਹੀ ਖਿੱਚਿਆ ਜਾਂਦਾ ਸੀ। ਜੇ ਕੋਈ ਮਹੱਤਵ-ਪੂਰਨ ਰਾਜਸੀ ਘਟਨਾ ਇਸ ਦੌਰ ਵਿਚ ਵਾਪਰੀ ਤਾਂ ਉਹ 'ਆਲ ਇੰਡੀਆ ਕਾਂਗ੍ਰਸ'[178] ਦਾ ਸੋਲ੍ਹਵਾਂ ਸਮਾਗਮ 1900 ਈ. ਵਿਚ ਲਾਹੌਰ ਵਿਚ ਹੋਣਾ ਸੀ, ਜਿਸ ਦੀ ਪ੍ਰਧਾਨਗੀ ਐ.ਜੀ. ਚੰਦਰ-ਵਾਰਕਰ ਨੇ ਕੀਤੀ ਅਤੇ ਲੋਕਮਾਨਯ ਸ੍ਰੀ ਬਾਲ ਗੰਗਾਧਰ ਤਿਲਕ ਨੇ ਇਹ ਇਤਿਹਾਸਕ ਬਚਨ ਉਚਾਰੇ:-

> "ਅਸੀਂ ਏਥੇ ਇਹ ਮੰਗ ਕਰਨ ਲਈ ਇਕੱਤਰ ਹੋਏ ਹਾਂ ਕਿ ਸਾਡੀ ਮਾਤ-ਭੂਮੀ ਦਾ ਰਾਜ ਸਾਡੇ ਹੱਥਾਂ ਵਿਚ ਦੇ ਦਿੱਤਾ ਜਾਏ। ਸੁਤੰਤਰਤਾ ਸਾਡਾ ਜਮਾਂਦਰੂ ਹੱਕ ਹੈ ਅਤੇ ਇਹ ਹੱਕ ਬਦੇਸ਼ੀ ਨੌਕਰਸ਼ਾਹੀ ਤੋਂ ਖੋਹ ਲੈਣ ਲਈ ਪੱਕਾ ਇਰਾਦਾ ਧਾਰ ਲਿਆ ਹੈ।"

ਉਪ੍ਰੋਕਤ ਐਲਾਨ ਦਾ ਜੋ ਪ੍ਰਭਾਵ ਪਿਆ, ਉਹ ਸਾਡਾ ਵੀਹਵੀਂ ਸਦੀ ਦਾ ਸੁਤੰਤਰਤਾ ਦਾ ਇਤਿਹਾਸ ਹੈ, ਪਰ ਸਰਕਾਰ ਕਾਂਗ੍ਰਸ ਸੰਗਠਨ ਤੇ ਉਸ ਦੇ ਐਲਾਨਾਂ ਦੀ ਬਹੁਤੀ ਪਰਵਾਹ ਕਰਦੀ ਪ੍ਰਤੀਤ ਨਹੀਂ ਹੁੰਦੀ ਤੇ ਉਨ੍ਹਾਂ ਦੇ ਵਿਚਾਰ ਵਿਚ ਉਸ ਵੇਲੇ ਕਾਂਗ੍ਰਸ ਆਖ਼ਰੀ ਦਮਾਂ ਤੇ ਸਾਹ ਤੋੜ ਰਹੀ ਸੀ ਤੇ ਜਲਦੀ ਹੀ ਇਹ ਡੂੰਘੀ ਤਰ੍ਹਾਂ ਦਫਨਾ ਦਿੱਤੀ ਜਾਏਗੀ।[179]

---

177. ਨਾਮਧਾਰੀ ਲਹਿਰ, ਖਾਲਸਾ ਦੀਵਾਨ ਅੰਮ੍ਰਿਤਸਰ ਦੁਆਰਾ ਮਹਾਰਾਜਾ ਦਲੀਪ ਸਿੰਘ ਨੂੰ ਦੁਬਾਰਾ ਅਧਿਕਾਰ ਦੁਆਉਣ ਦੇ ਉੱਦਮ, ਸਵਾਮੀ ਦਯਾਨੰਦ ਦਾ 'ਭਾਰਤ – ਭਾਰਤ ਵਾਸੀਆਂ ਲਈ" ਦਾ ਨਾਅਰਾ – ਕੁਝ ਕੁ ਰਾਜਸੀ ਯਤਨ ਆਖੇ ਜਾ ਸਕਦੇ ਹਨ। 'ਸਵਰਾਜ', 'ਸਵਦੇਸ਼ੀ' ਆਦਿ ਸ਼ਬਦਾਂ ਦੀ ਵਰਤੋਂ ਸਭ ਤੋਂ ਪਹਿਲਾਂ ਸੁਆਮੀ ਜੀ ਨੇ ਕੀਤੀ ਅਤੇ ਹਿੰਦੀ ਨੂੰ ਭਾਰਤ ਦੀ ਕੌਮੀ ਜ਼ੁਬਾਨ ਬਨਾਉਣ ਦੀ ਮੰਗ ਵੀ ਸਭ ਤੋਂ ਪਹਿਲਾਂ ਉਨ੍ਹਾਂ ਨੇ ਹੀ ਕੀਤੀ।
    Sarda H.B, 'Daya Nand', p.cxx(ii).
178. ਨਾਰੰਗ – ਕ੍ਰਿਪਾਲ ਸਿੰਘ, 'ਪੰਜਾਬ'(1849-1900 ਈ: ) ਸੰਪਾਦਕ ਗੰਡਾ ਸਿੰਘ- ਪੰਨਾ 42.
179. ਲਾਰਡ ਕਰਜ਼ਨ ਨੇ ਹੈਮਿਲਟਨ ਨੂੰ 18 ਨਵੰਬਰ 1900 ਈ. ਨੂੰ ਇਕ ਪਤ੍ਰਕਾ ਲਿਖੀ:-
    "My own belief is that Congress is tottering to its fall and one of my greatest ambitions, while in India is to assist it to a peaceful demise." p.413.

(4) ਸੱਭ ਤੋਂ ਵੱਧ ਮਹੱਤਵ-ਪੂਰਨ ਸਿੱਟਾ ਇਨ੍ਹਾਂ ਲਹਿਰਾਂ ਦਾ ਇਹ ਨਿਕਲਿਆ ਕਿ ਈਸਾਈ ਮਿਸ਼ਨਰੀਆਂ ਤੇ ਅੰਗਰੇਜ਼ ਸ਼ਾਸਕਾਂ ਦੇ ਸਾਰੇ ਭਾਰਤ[180] ਨੂੰ ਈਸਾਈ ਬਣਾ ਲੈਣ ਦੇ ਯਤਨ, ਸੁਪਨਾ ਬਣ ਕੇ ਰਹਿ ਗਏ। ਸਾਰੇ ਧਰਮਾਂ ਵਾਲੇ ਈਸਾਈਆਂ ਦੀਆਂ ਸਰਗਰਮੀਆਂ[181] ਅਤੇ ਮਨਸੂਬਿਆਂ[182] ਤੋਂ ਚੌਕੰਨੇ ਹੋ ਗਏ, ਅਤੇ ਦ੍ਰਿੜ੍ਹਤਾ ਅਤੇ ਜਥੇਬੰਦਕ ਰੂਪ ਵਿਚ ਇਸ ਹੜ੍ਹ ਨੂੰ ਰੋਕ ਪਾਉਣ ਵਿਚ ਸਫ਼ਲ ਹੋ ਗਏ।

(5) ਪਰ ਇਨ੍ਹਾਂ ਲਹਿਰਾਂ ਦਾ ਸਭ ਤੋਂ ਡੂੰਘਾ, ਬਹੁ-ਪੱਖੀ ਤੇ ਚਿਰ-ਸਥਾਈ ਪ੍ਰਭਾਵ ਵਿੱਦਿਅਕ ਅਤੇ ਸਾਹਿੱਤਕ ਖੇਤਰਾਂ ਵਿਚ ਉਘੜਿਆ। ਜਿੱਥੇ ਪੁਰਾਣੀ ਵਿੱਦਿਅਕ ਪ੍ਰਣਾਲੀ ਨੂੰ ਤਿਆਗ ਕੇ ਪੱਛਮੀ ਢੰਗ ਦੀ ਸਿਲਸਿਲੇਵਾਰ ਸਿੱਖਿਆ ਦਾ ਰਿਵਾਜ ਪੈ ਗਿਆ ਉਥੇ ਲੌਕਿਕ ਤੇ ਉਪਯੋਗੀ ਸਿੱਖਿਆ ਦੇ ਮਹੱਤਵ ਨੂੰ ਵੀ ਪਹਿਲੀਵਾਰ ਸਵੀਕਾਰ ਕੀਤਾ ਗਿਆ। ਇਸ ਸਿੱਖਿਆ ਨੇ ਨਵੇਂ ਬੁਧੀ-ਜੀਵੀ ਸਮਾਜ ਦੀ ਸਿਰਜਣਾ ਕੀਤੀ ਜਿਹੜਾ ਮਾਨਸਿਕ ਤੇ ਬੌਧਿਕ ਤੌਰ ਤੇ ਚੇਤੰਨ ਹੋ ਕੇ ਸਮੁਚੀ ਜਨਤਾ ਨੂੰ ਆਧੁਨਿਕ ਯੁਗ ਵਿਚ ਪ੍ਰਵਿਸ਼ਟ ਕਰਾਉਣ ਵਿਚ ਸਹਾਇਕ ਬਣਿਆ। ਦੂਜਾ ਪੱਖ ਸਾਹਿੱਤਕ ਹੈ। ਇਨ੍ਹਾਂ ਲਹਿਰਾਂ ਦੇ ਸੰਚਾਲਕਾਂ ਨੇ ਮਣਾ-ਮੂੰਹੀ ਸਾਹਿਤ ਸਿਰਜਿਆ ਤੇ ਇਸ ਨੂੰ ਆਵਾ-ਜਾਈ ਤੇ ਮੇਲ-ਜੋਲ ਦੇ ਨਵੇਂ ਸਾਧਨਾਂ ਦੀ ਸਹਾਇਤਾ ਨਾਲ ਘਰ ਘਰ ਪੁਚਾਇਆ। ਅਖ਼ਬਾਰਾਂ, ਰਸਾਲੇ, ਪੈਂਫਲਿਟ, ਟ੍ਰੈਕਟ, ਪੁਸਤਕਾਂ ਗ੍ਰੰਥ, ਸਭਨਾਂ ਨੇ ਇਕ ਨਵਾਂ ਸਾਹਿੱਤਕ ਮਾਹੌਲ ਪੈਦਾ ਕਰ ਦਿੱਤਾ। ਭਾਵੇਂ ਇਸ ਕਾਲ ਦਾ ਬਹੁਤਾ ਸਾਹਿੱਤ ਪਰਚਾਰ ਦੀ ਪੱਧਰ ਦਾ ਹੀ ਸੀ, ਪਰ ਨਿਸਚੇ ਹੀ ਇਸ ਨੇ ਵਧੇਰੇ ਗੰਭੀਰ ਤੇ ਉੱਤਮ ਸਾਹਿੱਤ ਲਈ ਪਾਠਕ-ਵਰਗ ਪੈਦਾ ਕਰਨ ਲਈ ਭੋਇੰ ਤਿਆਰ ਕੀਤੀ।

---

180. 1901 ਈ. ਦੀ ਮਰਦਮ ਸ਼ੁਮਾਰੀ ਅਨੁਸਾਰ ਪੰਜਾਬ ਵਿਚ ਈਸਾਈਆਂ ਦੀ ਗਿਣਤੀ 27980 ਸੀ ਜਦ ਕਿ ਪੰਜਾਬ ਦੀ ਕੁਲ ਆਬਾਦੀ ਦੋ ਕਰੋੜ, ਇਕਵੰਜਾ ਲੱਖ ਤੇਹ ਹਜ਼ਾਰ ਇਕ ਸੌ ਸਤਾਈ ਸੀ।

181. ਮਲਕਾ ਵਿਕਟੋਰੀਆ ਨੇ ਪਹਿਲੀ ਨਵੰਬਰ 1854 ਈ: ਨੂੰ ਲਾਰਡ ਡਲਹੌਜ਼ੀ ਗਵਰਨਰ ਜਨਰਲ ਨੂੰ ਹੇਠ ਲਿਖੀ ਚਿੱਠੀ ਲਿਖੀ:

"The development of Railway communication in the country would facilitate the spread of Christianity." 'Letter of Queen Victoria', Vol.III, London 1908, p.68-69.

182. ਈਸਟ ਇੰਡੀਆ ਕੰਪਨੀ ਦੇ ਪ੍ਰਧਾਨ ਡਾਇਰੈਕਟਰ ਮਿਸਟਰ ਮਾਰਲੇ ਨੇ ਹਾਊਸ ਔਫ਼ ਕਾਮਨਜ਼ ਵਿਚ 1857 ਈ. ਵਿਚ ਜੋ ਭਾਸ਼ਣ ਦਿੱਤਾ ਉਸ ਦੀਆਂ ਕੁਝ ਸਤਰਾਂ ਇਹ ਸਨ:-

"Providence has entrusted the extensive empire of Hindustan to England in order that the banner of Christ should wave triumphantly from one end of India to the other. Everyone must exert all his strength so that there may be no dilatoriness on any account in continuing in the country, the great work of making all India Christian."

Topa I.N., 'The Growth and Development of National Thought in India'-Hamburg-1930, p.66.

(6) ਇਨ੍ਹਾਂ ਲਹਿਰਾਂ ਦਾ ਦੁਖਦਾਈ ਪੱਖ, ਇਹ ਉਘੜ ਕੇ ਸਾਹਮਣੇ ਆਇਆ ਕਿ ਧਾਰਮਿਕ ਤੇ ਜਾਤੀ ਮਤ ਭੇਦਾਂ ਤੇ ਵੰਡੀਆਂ ਨੇ ਭਾਸ਼ਾਈ ਵੰਡੀਆਂ ਵੀ ਪਾ ਦਿੱਤੀਆਂ। ਪੰਜਾਬ ਦੀ ਸਾਂਝੀ ਭਾਸ਼ਾ ਪੰਜਾਬੀ ਕੇਵਲ ਸਿੱਖਾਂ ਜੋਗੀ ਰਹਿ ਗਈ। ਮੁਸਲਮਾਨ ਉਰਦੂ ਫਾਰਸੀ ਨਾਲ ਜੁੜ ਗਏ ਅਤੇ ਹਿੰਦੂਆਂ ਨੇ ਹਿੰਦੀ ਨੂੰ ਦੇਵਨਾਗਰੀ ਲਿੱਪੀ ਰਾਹੀਂ ਆਪਣੀ ਭਾਸ਼ਾ ਅਪਣਾ ਲਿਆ। ਸਰਕਾਰੀ ਨੌਕਰੀਆਂ ਲਈ ਅੰਗਰੇਜ਼ੀ ਤੇ ਉਰਦੂ ਦੇ ਗਿਆਨ ਦੀ ਆਵਸ਼ਕਤਾ ਨੇ ਸਿੱਖਾਂ ਦੀ ਵੀ ਪੂਰੀ ਰੁਚੀ ਪੰਜਾਬੀ ਵਿਚ ਨਾ ਰਹਿਣ ਦਿੱਤੀ। (ਭਾਸ਼ਾ ਤੇ ਸਾਹਿੱਤ ਸੰਬੰਧੀ ਵਿਸਤਾਰ ਪੂਰਵਕ ਚਰਚਾ ਵਖਰੇ ਅਧਿਆਇ ਵਿਚ ਕੀਤੀ ਗਈ ਹੈ।)

(7) ਇਨ੍ਹਾਂ ਲਹਿਰਾਂ ਨਾਲ ਸੰਬੰਧਿਤ ਸਮੱਸਿਆਵਾਂ ਤੇ ਉਪਜੇ ਵਾਦ-ਵਿਵਾਦ, ਉਨ੍ਹੀਵੀਂ ਸਦੀ ਦੇ ਅੰਤ ਤਕ ਵੀ ਕਾਇਮ ਰਹੇ, ਭਾਵੇਂ ਵੀਹਵੀਂ ਸਦੀ ਵਿਚ ਪ੍ਰਵੇਸ਼ ਉਪ੍ਰੰਤ ਇਨ੍ਹਾਂ ਵਿੱਚੋਂ ਬਹੁਤਿਆਂ ਦੇ ਸੁਭਾ, ਸਰੂਪ, ਉਦੇਸ਼ ਵਿਧੀ ਤੇ ਸੰਗਠਨਾ ਵਿਚ ਪਰਿਵਰਤਨ ਹੋਏ। ਮੂਲ ਸਮੱਸਿਆਵਾਂ ਦੇ ਨਾਲ ਨਾਲ ਬਦਲੇ ਹਾਲਾਤ ਅਧੀਨ, ਨਵੀਆਂ ਲੋੜਾਂ ਤੇ ਉਮੰਗਾਂ ਹੋਰ ਸ਼ਾਮਲ ਹੋ ਗਈਆਂ ਅਤੇ ਉਨ੍ਹਾਂ ਦੀ ਪੂਰਤੀ ਲਈ ਅਪਣਾਏ ਜਾਣ ਵਾਲੇ ਸਾਧਨ ਵੀ ਬਦਲ ਗਏ।

*****

ਕਧਿਆਇ ਚੌਥਾ

# ਪੰਜਾਬੀ ਭਾਸ਼ਾ ਤੇ ਸਾਹਿੱਤ ਉੱਤੇ ਪੱਛਮੀ ਪ੍ਰਭਾਵ

## ਪੰਜਾਬੀ ਭਾਸ਼ਾ ਤੇ ਸਾਹਿੱਤ ਉਤੇ ਪੱਛਮੀ ਪ੍ਰਭਾਵ

ਜਿਸ ਤਰ੍ਹਾਂ ਪਿਛੇ ਦਸਿਆ ਜਾ ਚੁਕਾ ਹੈ ਕਿਸੇ ਵੀ ਯੁਗ-ਵਿਸ਼ੇਸ਼ ਦਾ ਸਾਹਿੱਤ, ਆਪਣੇ ਸਮੇਂ ਦੀਆਂ ਸਮਾਜਕ, ਸਭਿਆਚਾਰਕ, ਰਾਜਸੀ ਤੇ ਆਰਥਕ ਪ੍ਰਸਿਥਤੀਆਂ ਤੇ ਗਤੀ ਵਿਧੀਆਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ।[1] ਇਨ੍ਹਾਂ ਪ੍ਰਸਿਥਤੀਆਂ ਦੀ ਨੁਹਾਰ ਨੂੰ ਘੜਨ, ਜਾਂ ਉਸਾਰਨ ਵਿਚ ਆਂਤ੍ਰਿਕ ਤੇ ਬਾਹਰੀ ਤੱਥਾਂ ਦਾ ਵਿਸ਼ੇਸ਼ ਹੱਥ ਹੁੰਦਾ ਹੈ ਜਿਹੜੇ ਤੱਥ ਅਗੋਂ ਲੋਕ-ਰੁਚੀਆਂ ਤੇ ਲੋਕ-ਭਾਵਨਾਵਾਂ ਨੂੰ ਨਿਸ਼ਚਿਤ ਸੇਧ ਦਿੰਦੇ ਹਨ। ਸਾਹਿੱਤ ਵਾਸਤਵ ਵਿਚ ਇਨ੍ਹਾਂ ਰੁਚੀਆਂ, ਭਾਵਨਾਵਾਂ ਜਾਂ ਉਦਗਾਰਾਂ ਦਾ ਹੀ ਪ੍ਰਤਿਕਰਮਕ ਜਾਂ ਪ੍ਰਤਿਬਿੰਬਤ ਸਰੂਪ ਹੁੰਦਾ ਹੈ। ਜਿੰਨੀ ਵਿਕਰਾਲਤਾ, ਵਿਰਾਟਤਾ, ਤੀਬਰਤਾ, ਸੰਜਮ, ਸਹਜ, ਸੁਗਮਤਾ ਬੌਧਿਕਤਾ ਤੇ ਸ੍ਰੇਸ਼ਟਤਾ ਦੀਆਂ ਧਾਰਨੀ ਇਹ ਲੋਕ-ਰੁਚੀਆਂ ਜਾਂ ਭਾਵਨਾਵਾਂ ਹੋਣਗੀਆਂ, ਓਨਾ ਹੀ ਸਾਹਿਤ ਦਾ ਸਰੂਪ ਵਿਆਪਕ, ਪਾਰਦਰਸ਼ੀ, ਅਨੇਕ-ਭਾਂਤੀ ਤੇ ਸਦੀਵੀ ਗੁਣਾਂ-ਲੱਛਣਾਂ ਵਾਲਾ ਹੋਵੇਗਾ। ਸਾਹਿੱਤ ਦੀ ਗੱਤੀ ਵੀ ਜੀਵਨ ਦੀ ਗਤੀ ਵਾਂਗ ਨਿਰੰਤਰ ਤੇ ਬੇਰੋਕ ਚਲਦੀ ਰਹਿੰਦੀ ਹੈ, ਪਰ ਜਿਸ ਤਰ੍ਹਾਂ ਜੀਵਨ ਵਿੱਚ ਕੁਝ ਅਜਿਹੇ ਮੋੜ ਤੇ ਪਲਟੇ ਆਉਂਦੇ ਹਨ ਜਿਹੜੇ ਸਾਧਾਰਣ ਨਾਲੋਂ ਵੱਧ ਘਾਲਣਾ-ਭਰਪੂਰ ਜਾਂ ਹੋਣੀਆਂ ਭਰਪੂਰ ਹੁੰਦੇ ਹਨ ਤੇ ਮਨੁਖੀ ਸ਼ਖ਼ਸੀਅਤ ਉਤੇ ਆਪਣੀ ਅਮਿਟ ਛਾਪ ਛੱਡ ਜਾਂਦੇ ਹਨ, ਏਸੇ ਤਰ੍ਹਾਂ ਸਾਹਿੱਤ ਦੇ ਆਯੂ-ਕਾਲ ਵਿਚ ਵੀ ਅਨੇਕ ਮੋੜ, ਪਲਟੇ ਜਾਂ ਪਰਿਵਰਤਨ ਅਜਿਹੇ ਆਉਂਦੇ ਹਨ ਜਿਹੜੇ ਸਮੁਚੇ ਸਾਹਿੱਤ ਦੀ ਹੋਂਦ ਦਾ ਰੁਖ ਮੋੜ ਦਿੰਦੇ ਹਨ ਤੇ ਕਈ ਵਾਰੀ ਸਮੁਚੇ ਸਾਹਿੱਤ ਦਾ ਕਾਇਆਂ ਕਲਪ ਕਰ ਦੇਣ ਦੇ ਵੀ ਜ਼ਿੰਮੇਵਾਰ ਬਣਦੇ ਹਨ। ਪੱਛਮੀ ਪ੍ਰਭਾਵ ਅਧੀਨ ਨਿਸਚੇ ਹੀ ਭਾਰਤੀ ਭਾਸ਼ਾਵਾਂ ਤੇ ਉਨ੍ਹਾਂ ਦੇ ਸਾਹਿੱਤਾਂ ਦਾ ਕਾਇਆ-ਕਲਪ ਹੋਇਆ। ਇਹ ਇਕ ਅਜਿਹਾ ਅਨੁਭਵ ਜਾਂ ਤਜਰਬਾ ਸੀ ਜਿਹੜਾ ਸਦੀਆਂ ਦੇ ਪੁਰਾਣੇ ਇਤਿਹਾਸ ਵਿਚ ਏਨੀ ਵਿਸ਼ਾਲਤਾ, ਵਿਆਪਕਤਾ, ਸ਼ਿੱਦਤ ਤੇ ਸ਼ਕਤੀ ਨਾਲ ਦੇਸ਼ ਵਾਸੀਆਂ ਨੇ ਪਹਿਲਾਂ ਕਦੇ ਵੀ ਮਹਿਸੂਸ ਨਹੀਂ ਸੀ ਕੀਤਾ।

ਪੰਜਾਬ ਅੰਗਰੇਜ਼ੀ ਅਧਿਕਾਰ ਹੇਠ ਆਉਣ ਵਾਲਾ ਭਾਰਤ ਦਾ ਅਖ਼ੀਰੀ ਰਾਜ ਸੀ। ਬਾਕੀ ਦੇਸ਼ ਵਿਚ ਅੰਗਰੇਜ਼ੀ ਰਾਜ ਲਗਭਗ ਇਕ ਸੌ ਸਾਲ ਪਹਿਲਾਂ ਤੋਂ ਚਲਿਆ ਆ ਰਿਹਾ ਸੀ ਤੇ ਇਸ ਦਾ ਸਿੱਧਾ ਜਾਂ ਅਸਿੱਧਾ ਪ੍ਰਭਾਵ 1849 ਈ. ਦੇ ਪੰਜਾਬ-ਕਬਜ਼ੇ ਤੋਂ ਪਹਿਲਾਂ ਵੀ ਅਨੁਭਵ ਕੀਤਾ ਜਾਣ ਲਗ ਪਿਆ ਸੀ। ਉੱਤਰ ਪੱਛਮੀ ਸੀਮਾਂਵਰਤੀ ਰਾਜ ਹੋਣ ਕਰ ਕੇ ਪੰਜਾਬੀਆਂ ਦਾ ਵਾਹ ਸਦੀਆਂ ਤੋਂ ਅਨੇਕ

---

1. Tara Chand-"Literature portrays the life of the society, and records its yearinigs, aspirations and doubts. It is therefore an invaluable record of the changes through which society passes. History of Social and intellectual transformation during the 19th century may be read with advantage on the Literary work produced during the period." History of Freedom Movement, Delhi, p.582.

ਬਦੇਸ਼ੀ ਤਾਕਤਾਂ ਨਾਲ ਪੈਂਦਾ ਆ ਰਿਹਾ ਸੀ ਜਿਨ੍ਹਾਂ ਦੀ ਸਿੱਧੀ ਗੁਲਾਮੀ ਅਧੀਨ ਜਾਂ ਜਿਨ੍ਹਾਂ ਨਾਲ ਵਪਾਰਕ, ਸਭਿਆਚਾਰਕ, ਸਾਂਸਕ੍ਰਿਤਕ ਮੇਲ ਜੋਲ ਜਾਂ ਅਦਾਨ ਪ੍ਰਦਾਨ, ਏਥੋਂ ਦੀ ਭਾਸ਼ਾ, ਸਾਹਿੱਤ ਤੇ ਰਹਿਣੀ ਬਹਿਣੀ ਨੂੰ ਆਵੱਸ਼ ਤੇ ਨਿਰੰਤਰ ਪ੍ਰਭਾਵਤ ਕਰਦਾ ਆ ਰਿਹਾ ਸੀ ਪਰ ਇਹ ਵਰਤ-ਵਰਤਾਰਾ ਇਸ ਪੱਖੋਂ ਜ਼ਰੂਰ ਨਿਵੇਕਲਾ ਸੀ ਕਿ ਹਾਕਮ ਸ਼੍ਰੇਣੀ ਤੇ ਬਾਹਰੋਂ ਆਏ ਬਦੇਸ਼ੀ, ਸਮਾਂ ਪਾ ਕੇ ਏਥੋਂ ਦੇ ਪੱਕੇ ਵਸਨੀਕ ਬਣ ਜਾਂਦੇ ਸਨ ਤੇ ਉਹ ਆਪਣੇ ਨਾਲ ਲਿਆਏ ਬਾਹਰੀ ਪ੍ਰਭਾਵ ਏਥੋਂ ਦੇ ਲੋਕਾਂ ਉਤੇ ਪਾਉਂਦੇ ਹੀ ਨਹੀਂ ਸਨ ਸਗੋਂ ਬਹੁਤ ਕੁਝ ਏਥੋਂ ਗ੍ਰਹਿਣ ਕਰਕੇ, ਕੌਮੀ ਤੇ ਸਭਿਆਚਾਰਕ ਤੌਰ ਤੇ ਏਥੋਂ ਦਾ ਅੰਗ ਹੀ ਬਣ ਜਾਂਦੇ ਰਹੇ ਸਨ। ਪਰ ਅੰਗਰੇਜ਼ਾਂ ਦਾ ਭਾਰਤ ਵਿਚ ਪ੍ਰਵੇਸ਼ ਇਕ ਵੱਖਰੀ ਕਿਸਮ ਦਾ ਸੀ ਜਿਸ ਦਾ ਉਦੇਸ਼ ਏਥੇ ਇਕ ਸਰਵ-ਸ਼੍ਰੇਸ਼ਟ, ਵੱਧ ਸੱਭਯ ਤੇ ਉਚੇਰੀ ਪ੍ਰਭਤਾ ਵਾਲੀ ਕੌਮ ਦਾ ਉਪ-ਨਿਵੇਸ਼ੀ ਢੰਗ ਦਾ ਅਜਿਹਾ ਰਾਜ ਸਥਾਪਤ ਕਰਨਾ ਸੀ ਜਿਹੜਾ ਏਥੋਂ ਦੀ ਵਸੋਂ ਦਾ ਅੰਗ ਬਨਣ ਦੀ ਥਾਂ, ਜਾਂ ਏਥੋਂ ਕਿਸੇ ਪ੍ਰਕਾਰ ਦਾ ਕੁਝ ਗ੍ਰਹਿਣ ਕਰਨ ਦੀ ਬਜਾਇ, ਨਿਰੋਲ ਹਾਕਮ ਤੇ ਮਹਿਕੂਮ ਵਾਲੇ ਸੰਬੰਧਾਂ ਰਾਹੀਂ ਇਥੇ ਸ਼ਕਤੀਸ਼ਾਲੀ ਢੰਗ ਦਾ ਸਾਮਰਾਜ ਸਥਾਪਤ ਕਰਨਾ ਅਤੇ ਰਾਜਪ੍ਰਬੰਧ ਵਿਚ ਅਜਿਹੀਆਂ ਵਿਧੀਆਂ ਤੇ ਨੀਤੀਆਂ ਨੂੰ ਅਪਨਾਉਣਾ ਸ਼ਾਮਿਲ ਸੀ, ਜਿਨ੍ਹਾਂ ਦੁਆਰਾ ਇਸ ਨਵੇਂ ਪ੍ਰਾਪਤ ਕੀਤੇ ਰਾਜ ਨੂੰ ਵੱਧ ਤੋਂ ਵੱਧ ਚਿਰ-ਸਥਾਈ ਗੁਲਾਮ ਬਣਾਇਆ ਜਾ ਸਕਦਾ ਹੋਵੇ।

ਉਪ੍ਰੋਕਤ ਨੀਤੀਆਂ ਦੇ ਦੋ ਉਘੜਵੇਂ ਪੱਖ ਸਪੱਸ਼ਟ ਸਨ। ਪਹਿਲਾ ਭਾਰਤ ਵਾਸੀਆਂ ਨੂੰ ਸਭਿਆਚਾਰਕ ਤੌਰ ਤੇ ਆਪਣਾ ਗੁਲਾਮ ਬਣਾਉਣਾ, ਅਤੇ ਦੂਜਾ ਉਨ੍ਹਾਂ ਦੇ ਧਰਮ ਨੂੰ ਸਮਿਓਂ ਖੁੰਝਿਆ ਤੇ ਪ੍ਰਾਚੀਨ ਸਿੱਧ ਕਰਕੇ, ਆਪਣੇ ਧਰਮ ਵਿਚ ਪ੍ਰਵਿਸ਼ਟ ਕਰਨ ਦੀ ਪ੍ਰੇਰਣਾ ਦੇਣਾ।[2] ਪਹਿਲੇ ਮਨੋਰਥ ਦੀ ਪੂਰਤੀ ਲਈ ਪੱਛਮੀ ਢੰਗ ਦੀ ਵਿਦਿਆ ਦੁਆਰਾ ਏਥੋਂ ਦੇ ਲੋਕਾਂ ਦੇ ਰਹਿਣ ਸਹਿਣ , ਚੱਜ ਆਚਾਰ ਤੇ ਵਰਤੋਂ ਵਿਹਾਰ, ਨੂੰ ਆਪਣੇ ਅਨੁਸਾਰ ਢਾਲਣਾ ਸੀ ਅਤੇ ਦੂਜੀ ਨੀਤੀ ਦੀ ਪੂਰਤੀ ਈਸਾਈ ਮਿਸ਼ਨਰੀਆਂ ਦੀਆਂ ਪ੍ਰਚਾਰ ਸਰਗਰਮੀਆਂ ਦੁਆਰਾ ਕਰਨੀ ਜਿਨ੍ਹਾਂ ਨੂੰ 1833 ਈ. ਵਿਚ ਹੀ ਇਕ ਕਾਨੂੰਨ ਦੁਆਰਾ ਖੁਲ੍ਹ ਦੇ ਦਿੱਤੀ ਗਈ ਕਿ ਉਹ ਏਥੋਂ ਦੇ ਲੋਕਾਂ ਨੂੰ ਬਿਨਾਂ ਰੋਕ ਟੋਕ ਬਾਈਬਲ ਦੇ ਸੱਚ ਤੋਂ ਜਾਣੂ ਕਰਵਾ ਸਕਣ।[3]

---

2. Radha Krishnan-Dr.S., "The Christian Missionaries of that day, did not recognize anything vital or valuable in the Indian Religions. For them the native faiths were a mass of un-redeemed darkness and error." East and West in Religion ", p.22.

3. Charlas Grant," By planting our language, knowledge, our opinion, our religion on our Asiatic territories, we shall put a great work, beyond the reach of contingencies."Quoted by Tara Chand-History of Freedom Movement, Vol.II, p.238.

ਪ੍ਰਬੰਧਕੀ ਢਾਂਚੇ ਨੂੰ ਪੱਛਮੀ ਲੀਹਾਂ ਉਤੇ ਢਾਲ ਕੇ ਉਪ੍ਰੋਕਤ ਨੀਤੀਆਂ ਨੂੰ ਅਮਲੀ ਰੂਪ ਦੇਣ ਦੇ ਯਤਨ ਆਰੰਭੇ ਗਏ। ਇਹ ਦੋਵੇਂ ਨੀਤੀਆਂ ਆਪੋ ਵਿਚ ਜੁੜੀਆਂ ਹੋਈਆਂ ਸਨ ਕਿਉਂਜੋ ਪੱਛਮੀ ਢੰਗ ਦੀ ਵਿਦਿਆ ਗ੍ਰਹਿਣ ਕਰ ਕੇ ਪੱਛਮੀ ਰਹਿਣ ਸਹਿਣ ਨੂੰ ਸਵੀਕਾਰ ਕਰਨ ਵਾਲੇ ਭਾਰਤੀ[4] ਈਸਾਈਅਤ ਨੂੰ ਵੀ ਬਿਨਾਂ ਝਿਜਕ ਦੇ ਖੁਸ਼ੀ ਖੁਸ਼ੀ ਪਰਵਾਨ ਕਰ ਲੈਂਦੇ ਸਨ, ਅਤੇ ਇਸ ਤਰ੍ਹਾਂ ਈਸਾਈ ਬਣੇ ਭਾਰਤੀ, ਅੰਗਰੇਜ਼ਾਂ ਨੂੰ ਆਪਣੇ ਹਮ-ਮਜ਼ਹਬ ਸਮਝ ਕੇ, ਉਨ੍ਹਾਂ ਦੇ ਰਾਜ ਨੂੰ ਓਪਰਾ ਨਹੀਂ, ਸਗੋਂ ਆਪਣਾ ਰਾਜ ਸਮਝਦੇ ਅਤੇ ਇਸ ਦੀ ਸਥਿਰਤਾ ਤੇ ਸਦੀਵਤਾ ਲਈ ਆਪਣਾ ਸਾਰਾ ਜ਼ੋਰ ਲਾਉਂਦੇ ਸਨ। ਉਹ " ਭਾਰਤੀ ਲੋਕਾਂ ਦਾ ਇਕ ਅਜਿਹਾ ਵਿਸ਼ੇਸ਼ ਵਰਗ ਕਾਇਮ ਕਰਨ ਦੇ ਇੱਛਕ ਸਨ ਜਿਹੜੇ ਲੱਖਾਂ ਗ਼ੁਲਾਮ ਭਾਰਤੀਆਂ ਦੇ ਸਨਮੁਖ ਅੰਗਰੇਜ਼ਾਂ ਦਾ ਪੱਖ ਪੂਰ ਸਕਣ। ਅਜਿਹੇ ਭਾਰਤੀ ਲੋਕਾਂ ਦਾ ਵਰਗ, ਜਿਹੜੇ ਰੰਗ ਜਾਂ ਖ਼ੂਨ ਕਰਕੇ ਤਾਂ ਭਾਰਤੀ ਹੋਣ ਪਰ ਸੋਹਜ, ਰਾਏ, ਸਦਾਚਾਰ ਤੇ ਬੌਧਿਕਤਾ ਵਿਚ ਪੂਰੇ ਅੰਗਰੇਜ਼ ਹੋਣ।"[5]

ਸੋ ਅਜਿਹੇ ਭਾਰਤੀਆਂ ਨੂੰ ਪੱਛਮੀ ਢੰਗ ਨਾਲ ਸਿਖਸ਼ਤ ਕਰਨ ਲਈ 1835 ਈ. ਵਿਚ ਮੈਕਾਲੇ ਦੀ ਵਿਦਿੱਅਕ ਨੀਤੀ ਅਪਣਾਈ ਗਈ ਜਿਸ ਅਨੁਸਾਰ(ੳ) ਸਰਕਾਰ ਨੇ ਲੋਕਾਂ ਦੇ ਧਾਰਮਿਕ ਮਾਮਲਿਆਂ ਵਿਚ ਨਿਰਪੱਖ ਰਹਿਣ ਦਾ ਫੈਸਲਾ ਕੀਤਾ, (ਅ) ਸਰਕਾਰੀ ਸਹਾਇਤਾ ਕੇਵਲ ਉਨ੍ਹਾਂ ਵਿਦਿੱਅਕ ਸੰਸਥਾਵਾਂ ਨੂੰ ਦਿੱਤੀ ਜਾਣ ਲਗੀ ਜਿਹੜੀਆਂ ਪੱਛਮੀ ਵਿਦਿਆ ਨੂੰ ਅੰਗਰੇਜ਼ੀ ਦੇ ਮਾਧਿਅਮ ਰਾਹੀਂ ਦੇਣਾ ਮੰਨੀਆਂ, (ੲ) ਸਰਕਾਰੀ ਨੌਕਰੀਆਂ ਕੇਵਲ ਅੰਗਰੇਜ਼ੀ ਪੜ੍ਹੇ ਲਿਖੇ ਲੋਕਾਂ ਲਈ ਰਾਖਵੀਆਂ ਕਰ ਦਿੱਤੀਆਂ ਗਈਆਂ।

ਮੈਕਾਲੇ ਨੇ ਭਾਰਤੀ ਵਿਦਿੱਅਕ ਪ੍ਰਣਾਲੀ ਦਾ ਜ਼ੋਰਦਾਰ ਖੰਡਨ ਕੀਤਾ ਅਤੇ ਇਹ ਸਿਫਾਰਸ਼ ਕੀਤੀ ਕਿ ਸੰਸਕ੍ਰਿਤ, ਅਰਬੀ ਜਾਂ ਫਾਰਸੀ ਦੀ ਪੜ੍ਹਾਈ ਉਤੇ ਸਰਕਾਰ ਧੰਨ ਦਾ ਨਸ਼ਟ ਨਾ ਕਰੇ। ਉਸ ਨੇ ਆਸ ਪ੍ਰਗਟ ਕੀਤੀ ਕਿ ਜਿਹੜੇ ਭਾਰਤੀ ਪੱਛਮੀ ਗਿਆਨ ਤੇ ਵਿਗਿਆਨ ਤੋਂ ਜਾਣੂੰ ਹੋਣਗੇ, ਉਹ ਛੇਤੀ ਹੀ ਆਪਣੇ ਦੇਸ ਵਿਚ ਪੱਛਮ ਵਿਚ ਪਰਚਲਿਤ ਲੋਕ-ਰਾਜ ਦੀਆਂ ਮਰਯਾਦਾਵਾਂ ਨੂੰ ਚਾਲੂ ਕਰਨ ਦੇ ਇੱਛਕ ਹੋਣਗੇ ਅਤੇ ਉਹ ਦਿਨ ਇੰਗਲੈਂਡ ਲਈ ਬੜੇ ਗੌਰਵ ਵਾਲਾ ਹੋਵੇਗਾ, ਜਦ ਇਸ ਤਰ੍ਹਾਂ ਸਿਖਸ਼ਿਤ ਭਾਰਤੀ

---

4. Macaulay, "Indians a race based by 3000 years of despotism and priest-craft and sunk in slavery in superstition. Shake Hinduism and Mohammdinism to their centre and firmly establish our language and learning and ultimately our religion in India." Quoted by G.D, Bearce-Charlas.

5. Luniya B.N.,"We must at present do our best to form a Class who may be interpretors between us and the millions we govern, a class of persons, Indian in blood and colour but English in taste, in opinion, in morals and in intellect." Evolution of the Indian Culture, Agra, 1960, p.669.

ਕੌਮ, ਇੰਗਲੈਂਡ ਪਾਸੋਂ ਆਪਣੇ ਦੇਸ ਦਾ ਰਾਜ ਸੰਭਾਲਣ ਦੇ ਯੋਗ ਹੋ ਜਾਏਗੀ।[6]

ਮੈਕਾਲੇ ਵਲੋਂ ਦਰਸਾਈ ਗਈ ਯੋਜਨਾ ਅਧੀਨ, ਅੰਗਰੇਜ਼ੀ ਅਧਿਕਾਰ ਹੇਠ ਆਏ ਸਾਰੇ ਇਲਾਕਿਆਂ ਵਿੱਚ ਅੰਗਰੇਜ਼ੀ ਵਿਦਿਆ ਦੇਣ ਵਾਲੀਆਂ ਸੰਸਥਾਵਾਂ ਖੋਲ੍ਹੀਆਂ ਗਈਆਂ। ਏਸੇ ਨੀਤੀ ਦੀ ਪੁਸ਼ਟੀ ਅਗਲੇਰੀਆਂ ਸਭ ਵਿਦਿੱਅਕ ਯੋਜਨਾਵਾਂ ਵਿਚ ਕੀਤੀ ਜਾਂਦੀ ਰਹੀ।[7] ਪੰਜਾਬ ਵਿਚ ਪੱਛਮੀ ਢੰਗ ਦੀ ਵਿਦਿਆ ਪਹਿਲੋਂ ਪਹਿਲ ਈਸਾਈ ਮਿਸ਼ਨਰੀਆਂ ਦੁਆਰਾ ਲੁਧਿਆਣੇ ਵਿਚ ਖੋਲ੍ਹੇ ਗਏ ਸਕੂਲ ਵਿਚ ਦਿੱਤੀ ਜਾਣ ਲੱਗੀ।[8] ਜਿਉਂ ਜਿਉਂ ਅੰਗਰੇਜ਼ੀ ਰਾਜ ਪੰਜਾਬ ਵਿਚ ਪਸਰਦਾ ਗਿਆ, ਨਾਲੋ ਨਾਲ ਸਰਕਾਰੀ ਤੇ ਮਿਸ਼ਨਰੀ ਸਕੂਲ ਖੁਲ੍ਹਦੇ ਗਏ।[9] ਇਨ੍ਹਾਂ ਸਕੂਲਾਂ ਦੀ ਗਿਣਤੀ ਥੋੜੀ ਹੋਣ ਕਰਕੇ ਪੱਛਮੀ ਵਿਦਿਆ ਸੀਮਤ ਰਹੀ ਅਤੇ ਪਹਿਲਾਂ ਵਾਂਗ ਹੀ ਆਮ ਪੰਜਾਬੀ ਵਸੋਂ ਦਾ ਵਡੇਰਾ ਭਾਗ ਪੁਰਾਣੀ ਵਿਦਿਆ ਗ੍ਰਹਿਣ ਕਰਦਾ ਰਿਹਾ। "ਪਰ ਇਸ ਵਿਦਿੱਅਕ ਪ੍ਰਣਾਲੀ ਵਿੱਚ ਕੰਠ ਵਿਦਿਆ ਅਤੇ ਆਲੋਚਨਾ ਰਹਿਤ ਢੰਗ ਪ੍ਰਧਾਨ ਸੀ, ਜਿਸ ਕਰਕੇ ਇਹ ਮੌਲਵੀ, ਮੁਨਸ਼ੀ ਅਤੇ ਸ਼ਾਸਤ੍ਰੀ ਕਿਸੇ ਲੰਮੀ ਨਦਰ ਤੋਂ ਸੱਖਣੇ, ਵਿਚਾਰਾਂ ਤੋਂ ਹੀਣ, ਇਤਿਹਾਸਕ ਦ੍ਰਿਸ਼ਟੀ ਤੋਂ ਵਾਂਝੇ ਅਤੇ ਆਮ ਵਿਚਾਰਾਂ ਤੋਂ ਅਨਜਾਣ ਸਨ।"[10] ਇਸ ਲਈ ਛੇਤੀ ਹੀ ਲੋਕ ਨਵੀਂ ਪੱਛਮੀ ਵਿਦਿਆ ਗ੍ਰਹਿਣ ਕਰਨ ਲਈ ਉਤਸਕ ਹੋ ਗਏ ਅਤੇ ਸਰਕਾਰੀ ਜਾਂ ਮਿਸ਼ਨਰੀਆਂ ਤੋਂ ਬਿਨਾਂ ਵੀ ਵਖ ਵਖ ਜਾਤੀਆਂ ਵਲੋਂ ਨਵੀਂ ਵਿਦਿਆ ਲਈ ਸਕੂਲ ਤੇ ਕਾਲਜ ਖੁਲ੍ਹਣੇ ਆਰੰਭ ਹੋ ਗਏ। ਪਰ ਉਨ੍ਹੀਵੀਂ ਸਦੀ ਦੇ ਅੰਤ ਤਕ ਨਵੀਂ ਵਿਦਿਆ ਦੇ ਪਸਾਰ ਦੀ ਰਫ਼ਤਾਰ ਏਨੀ ਮੱਧਮ ਸੀ ਕਿ ਪੰਜਾਹ ਸਾਲਾਂ ਦੇ ਬਰਤਾਨਵੀ ਰਾਜ ਦੇ ਬਾਵਜੂਦ ਅੰਗਰੇਜ਼ੀ ਵਿਦਿਆ ਦੇਣ ਵਾਲੇ ਸੈਕੰਡਰੀ ਸਕੂਲਾਂ ਦੀ ਗਿਣਤੀ 351 ਸੀ ਅਤੇ ਉਚੇਰੀ ਵਿਦਿਆ ਦੇਣ ਲਈ 16 ਕਾਲਜ ਸਨ,[11] ਜਿਨ੍ਹਾਂ ਵਿਚ 1900 ਈ. ਨੂੰ ਕੇਵਲ 1460 ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਹੇ ਸਨ। ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਸਥਾਪਨਾ ਵੀ ਹੋ ਚੁਕੀ ਸੀ ਜਿਥੇ ਉਚੇਰੀ ਵਿਦਿਆ ਦੇ ਇਮਤਿਹਾਨਾਂ ਦਾ ਮਾਧਿਅਮ ਅੰਗਰੇਜ਼ੀ ਸੀ। ਅੱਧੀ ਦਰਜਨ ਦੇ ਕਰੀਬ ਪ੍ਰੋਫੈਸ਼ਨਲ ਕਾਲਜ ਵੀ ਹੋਂਦ ਵਿਚ ਆ ਗਏ ਸਨ। ਪੱਛਮੀ ਵਿਦਿਆ ਦੇ ਉਪ੍ਰੋਕਤ ਪਸਾਰ ਵਿਚ ਸਰਕਾਰੀ ਯਤਨ, ਈਸਾਈ ਮਿਸ਼ਨਰੀਆਂ

---

6. Griffiths- Sir Percival-"It may be that the public mind of India may expand under our system, untill it has outgrown our system and having been instructed in European knowledge. This may in some future age demand European institution. It would be the proudest day in English History." The British Impact on India, p.247.
7. Ibid. "Promotion of European Literature and Science was to be the aim of the British Educational efforts, henceforth."
Resolution of Court of Directors dated 7th March, 1853, page 248.
8. ਲੁਧਿਆਣਾ ਗਜ਼ਟੀਅਰ, 1904, ਪੰਨਾ 93. "ਸਿਟੀ ਹਾਈ ਸਕੂਲ ਫ਼ਾਰ ਬੁਆਇਜ਼ 1834 ਈ. ਵਿਚ ਸਥਾਪਿਤ ਹੋਇਆ।"
9. ਇਨ੍ਹਾਂ ਦਾ ਵੇਰਵਾ "ਵਿਦਿਆ ਦਾ ਪਸਾਰ ਅਤੇ ਸਿੱਖਿਆ ਦੇ ਮਾਧਿਅਮ' ਵਾਲੇ ਅਧਿਆਇ ਵਿਚ ਦਿੱਤਾ ਗਿਆ ਹੈ।
10. ਤਾਲਿਬ-ਗੁਰਬਚਨ ਸਿੰਘ, ਪੰਜਾਬੀ ਦੁਨੀਆਂ-ਪਟਿਆਲਾ, ਅਪ੍ਰੈਲ-ਮਈ, 1955, ਪੰਨਾ 99
11. ਪੰਜਾਬ ਪ੍ਰਬੰਧਕੀ ਰਿਪੋਰਟ—1901-02, ਪੰਨਾ 167 ਅਤੇ ਪੰਜਾਬ ਪ੍ਰਬੰਧਕੀ ਰੀਪੋਰਟ 1899-1900, ਪੰ.26

ਦਾ ਉਤਸ਼ਾਹ ਤੇ ਵੱਖ ਵੱਖ ਜਾਤੀਆਂ ਵਿਚ ਆਈ ਨਵੀਂ ਜਾਗ੍ਰਤੀ ਅਧੀਨ ਨਵੀਂ ਵਿਦਿਆ ਪ੍ਰਾਪਤੀ ਸੰਬੰਧੀ ਤੀਬਰ ਰੀਝ ਕੰਮ ਕਰ ਰਹੀ ਸੀ, ਪਰ ਇਸ ਦੇ ਬਾਵਜੂਦ ਜਦ ਅਸੀਂ ਸਰਕਾਰੀ ਅੰਕੜਿਆਂ ਵਲ ਦੇਖਦੇ ਹਾਂ [12] ਤਾਂ ਸਾਨੂੰ ਬੇਹੱਦ ਹੈਰਾਨੀ ਹੁੰਦੀ ਹੈ ਕਿ ਉਨ੍ਹੀਵੀਂ ਸਦੀ ਦੇ ਅਖੀਰ ਤਕ ਅੰਗਰੇਜ਼ੀ ਜਾਨਣ ਵਾਲਿਆਂ ਦੀ ਪੰਜਾਬ ਵਿਚ ਕੁਲ ਗਿਣਤੀ 91313 ਸੀ ਜਦ ਕਿ ਪੰਜਾਬ ਦੀ ਕੁਲ ਵਸੋਂ ਦੋ ਕ੍ਰੋੜ ਇਕਵੰਜਾ ਲੱਖ ਤੀਹ ਹਜ਼ਾਰ ਇਕ ਸੌ ਸਤਾਈ ਸੀ ਅਤੇ ਇਨ੍ਹਾਂ ਵਿੱਚੋਂ ਅੰਗਰੇਜ਼ੀ ਪੜ੍ਹੇ ਕੇਵਲ .275 ਪ੍ਰਤੀਸ਼ਤ ਬਣਦੇ ਹਨ। ਇਹ ਤੱਥ ਵੀ ਧਿਆਨ ਵਿਚ ਰੱਖਣ ਵਾਲਾ ਹੈ ਕਿ ਉਸ ਵੇਲੇ ਦੇ ਪੰਜਾਬ ਵਿਚ ਅਜ ਦਾ ਸਾਰਾ ਹਰਿਆਣਾ, ਦਿੱਲੀ, ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ, ਉੱਤਰ ਪੱਛਮੀ ਸਰਹੱਦੀ ਪ੍ਰਾਂਤ ਤੇ ਪੰਜਾਬ ਦੀਆਂ ਸਾਰੀਆਂ ਦੇਸੀ ਰਿਆਸਤਾਂ ਸ਼ਾਮਲ ਸਨ। ਆਮ ਜਨਤਾ ਜਾਂ ਤਾਂ ਅਨਪੜ੍ਹ ਸੀ ਜਾਂ ਪੁਰਾਣੇ ਢੰਗ ਦੀ ਵਿਦਿਆ ਪ੍ਰਾਪਤ ਕਰ ਰਹੀ ਸੀ। ਜੇ ਅੰਗਰੇਜ਼ੀ ਪੜ੍ਹਿਆਂ ਦੀ ਕੁਲ ਗਿਣਤੀ ਵਿਚੋਂ 31116 ਈਸਾਈ ਕੱਢ ਦਿੱਤੇ ਜਾਣ ਜਿਹੜੇ ਆਪਣੀ ਮਾਤ-ਭਾਸ਼ਾ ਹੀ ਅੰਗਰੇਜ਼ੀ ਸਮਝਦੇ ਸਨ ਤਾਂ ਬਾਕੀ 60197 ਸਾਰੀਆਂ ਕੌਮਾਂ[13] ਦੇ ਰਹਿ ਜਾਂਦੇ ਹਨ। ਇਸ ਵਿਸਤਾਰ ਵਿਚ ਜਾਣ ਦਾ ਉਦੇਸ਼ ਕੇਵਲ ਇਹ ਸਿੱਧ ਕਰਨਾ ਹੈ ਕਿ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਆਮ ਪੰਜਾਬੀ ਜਨਤਾ ਅੰਗਰੇਜ਼ੀ ਵਿਦਿਆ ਤੋਂ ਕੋਰੀ ਸੀ ਤੇ ਇਹ ਵਿਦਿਆ ਵੀ ਕੁਝ ਕੁ ਵੱਡੇ ਸ਼ਹਿਰੀ ਕੇਂਦਰਾਂ ਤਕ ਸੀਮਤ ਸੀ। ਇਸ ਸੰਬੰਧੀ ਸਿਆਣੇ ਅੰਗਰੇਜ਼ ਸ਼ਾਸ਼ਕ[14] ਆਪ ਵੀ ਚੇਤੰਨ ਸਨ ਤੇ ਸਮੇਂ ਸਮੇਂ ਇਸ ਦਾ ਪ੍ਰਗਟਾਵਾ ਕਰਦੇ ਰਹਿੰਦੇ ਸਨ।

ਜਿਸ ਤਰ੍ਹਾਂ ਪਹਿਲਾਂ ਵਿਚਾਰ ਕੀਤੀ ਜਾ ਚੁਕੀ ਹੈ, ਸੰਪਰਦਾਇਕ ਖਿੱਚੋਤਾਣ ਕਰਕੇ, ਪੰਜਾਬੀ ਦੇ ਮੁਦਈ ਕੇਵਲ ਸਿੱਖ ਹੀ ਰਹਿ ਗਏ ਸਨ। ਬਾਕੀ ਕੌਮਾਂ ਹਿੰਦੀ ਤੇ ਉਰਦੂ ਦੀ ਗੋਦ ਵਿਚ ਜਾ ਬਿਰਾਜਮਾਨ ਹੋਈਆਂ ਸਨ।[15] ਅੰਗਰੇਜ਼ੀ ਪੜ੍ਹੇ ਹੋਏ ਸਿੱਖਾਂ ਦੀ ਗਿਣਤੀ 1901 ਈ. ਵਿਚ ਕੇਵਲ 5141 ਸੀ, ਜਿਨ੍ਹਾਂ

---

12. ਮਰਦਮ ਸ਼ੁਮਾਰੀ ਰੀਪੋਰਟ, 1901
13. 1901 ਈ. ਦੀ ਮਰਦਮ ਸ਼ੁਮਾਰੀ ਅਨੁਸਾਰ ਕੁਲ 91313 ਅੰਗਰੇਜ਼ੀ ਪੜ੍ਹਿਆਂ ਵਿਚੋਂ ਹਿੰਦੂ ਸਭ ਤੋਂ ਵੱਧ ਸਨ ਅਰਥਾਤ 36845, ਉਸ ਤੋਂ ਘੱਟ ਈਸਾਈ – 31116, ਮੁਸਲਮਾਨ 17116, ਸਿੱਖ 5141, ਜੈਨੀ 800 ਤੇ ਪਾਰਸੀ 282 ਸਨ ਤੇ ਬਾਕੀ ਹੋਰ ਛੋਟੀਆਂ ਮੋਟੀਆਂ ਜ਼ਾਤਾਂ ਵਿਚੋਂ ਸਨ। ਹਿੰਦੂਆਂ ਨੇ ਇਸ ਨਵੀਂ ਵਿਦਿਆ ਨੂੰ ਗ੍ਰਹਿਣ ਕਰਨ ਵਿਚ ਸਭ ਤੋਂ ਵੱਧ ਦਿਲਚਸਪੀ ਲਈ ਜਿਸ ਦਾ ਪਰਮਾਣ ਕੇਵਲ ਇੱਕੋ ਉਦਾਹਰਣ ਤੋਂ ਮਿਲ ਜਾਂਦਾ ਹੈ ਕਿ 31 ਮਈ, 1882 ਈ: ਨੂੰ ਗੌਰਮਿੰਟ ਕਾਲਜ ਲਾਹੌਰ ਵਿਚ ਪੜ੍ਹ ਰਹੇ ਕੁਲ 103 ਵਿਦਿਆਰਥੀਆਂ ਵਿੱਚੋਂ ਦੋ ਭਾਰਤੀ ਈਸਾਈ, ਇਕ ਏਸ਼ਿਆਈ, 13 ਮੁਸਲਮਾਨ, 3 ਸਿੱਖ ਅਤੇ 84 ਹਿੰਦੂ ਸਨ। (ਪੰਜਾਬ ਪ੍ਰਬੰਧਕੀ ਰੀਪੋਰਟ, 1882-83)
14. Temple, Richard- "While English is and must be the medium of imparting much of the best and highest education, the various vernaculars will probably continue to be the media for instructing the masses." Men and Events of my time in India' London, 1883.
15. Mohan Singh- "Punjabi has come to be allocated gratuitously enough to the Sikh comunity alone, which realises the religious and historical nature of its attachment to the medium and feels the keener for its growth."
History of Punjabi Literature, p.79.

ਵਿਚ 23 ਇਸਤਰੀਆਂ ਵੀ ਸ਼ਾਮਲ ਸਨ। ਸੋ ਪੰਜਾਬੀ ਸਾਹਿਤ ਉਤੇ ਉਨ੍ਹੀਵੀਂ ਸਦੀ ਦੇ ਅਖੀਰ ਤਕ ਜੋ ਸਿੱਧਾ ਪੱਛਮੀ ਪ੍ਰਭਾਵ ਪਿਆ, ਉਹ ਵਧੇਰੇ ਕਰਕੇ ਉਪ੍ਰੋਕਤ ਅੰਗਰੇਜ਼ੀ ਪੜ੍ਹੇ ਸਿੱਖਾਂ ਰਾਹੀਂ ਹੀ ਸੰਭਵ ਸੀ। ਜਾਂ ਫੇਰ ਹਿੰਦੂ ਤੇ ਮੁਸਲਮਾਨਾਂ ਵਿੱਚੋਂ ਕੋਈ ਟਾਵਾਂ ਟਾਵਾਂ ਅਜਿਹਾ ਸਾਹਿੱਤਕਾਰ ਸੀ, ਜਿਹੜਾ ਵਿਆਪਕ ਤੌਰ ਸੰਪਰਦਾਇਕ ਤੁਅੱਸਬ ਤੋਂ ਉਤਾਂਹ ਸੀ ਅਤੇ ਪੱਛਮੀ ਪ੍ਰਭਾਵਾਂ ਅਧੀਨ ਪੰਜਾਬੀ ਵਿਚ ਲਿਖਦਾ ਸੀ। ਅੰਗਰੇਜ਼ੀ ਪੜ੍ਹੇ ਲਿਖੇ ਸਿੱਖ ਵੀ ਸੌ ਫੀਸਦੀ ਪੰਜਾਬੀ ਦੇ ਸ਼ੈਦਾਈ ਨਹੀਂ ਸਨ ਜਿਹੜੇ ਇਸ ਦੀ ਉਨਤੀ ਲਈ, ਯਤਨ ਕਰਕੇ ਇਸ ਨੂੰ ਨਵੀਆਂ ਲੀਹਾਂ ਤੇ ਉਸਾਰਨ ਦਾ ਯਤਨ ਕਰਦੇ। ਜਾਂ ਫੇਰ ਈਸਾਈ ਮਿਸ਼ਨਰੀਆਂ ਰਾਹੀਂ ਜਿਨ੍ਹਾਂ ਨੇ ਸੁਚੇਤ ਹੋ ਕੇ ਇਸ ਪਾਸੇ ਵਲ ਯਤਨ ਕੀਤੇ। ਤੀਜਾ ਪ੍ਰਭਾਵ ਅੰਗਰੇਜ਼ੀ ਰਾਜ ਪ੍ਰਬੰਧ ਅਧੀਨ ਸੰਸਥਾਪਤ ਜਾਂ ਪਰਚਲਿਤ ਸੰਸਥਾਵਾਂ ਦੁਆਰਾ ਹੀ ਸੰਭਵ ਸੀ। ਈਸਾਈ ਮਿਸ਼ਨਰੀਆਂ ਦੀਆਂ ਸਰਗਰਮੀਆਂ ਤੇ ਅੰਗਰੇਜ਼ੀ ਰਾਜ-ਪ੍ਰਬੰਧਕੀ ਢਾਂਚੇ ਦਾ ਪ੍ਰਭਾਵ ਨਿਸਚੇ ਹੀ ਸਮੂਚੀ ਪੰਜਾਬੀ ਕੌਮ ਤੇ ਪਿਆ। ਇਨ੍ਹਾਂ ਸਾਰੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰ ਕੇ ਹੀ ਅਸੀਂ ਕਿਸੇ ਨਿਸਚਿਤ ਸਿੱਟੇ ਤੇ ਪੁੱਜ ਸਕਦੇ ਹਾਂ।

ਸਭ ਤੋਂ ਪਹਿਲਾ, ਸਿੱਧਾ ਤੇ ਅਤਿ ਡੂੰਘਾ ਪ੍ਰਭਾਵ ਈਸਾਈ ਮਿਸ਼ਨਰੀਆਂ ਦਾ ਹੈ। ਇਨ੍ਹਾਂ ਦਾ ਮਨੋਰਥ ਤਾਂ ਭਾਵੇਂ ਈਸਾਈਅਤ ਦਾ ਪ੍ਰਚਾਰ ਹੀ ਸੀ, ਪਰ ਇਸ ਮਨੋਰਥ ਲਈ ਜੋ ਵਿਧੀਆਂ ਜਾਂ ਢੰਗ ਅਪਣਾਏ ਗਏ ਉਹ ਏਨੇ ਸਾਰਥਕ, ਵਿਗਿਆਨਕ ਤੇ ਮਨੋ-ਵਿਗਿਆਨਕ ਤੱਥਾਂ ਉਤੇ ਆਧਾਰਿਤ ਸਨ ਕਿ ਹਰ ਪੰਜਾਬੀ ਭਾਵੇਂ ਉਹ ਕਿਸੇ ਵੀ ਜਾਤੀ ਜਾਂ ਕੌਮ ਨਾਲ ਸੰਬੰਧਿਤ ਸੀ ਅਤੇ ਈਸਾਈਅਤ ਦੇ ਵਾਧੇ ਨੂੰ ਕਿੰਨੀ ਘ੍ਰਿਣਾ ਤੇ ਨਫ਼ਰਤ ਦੀ ਨਜ਼ਰ ਨਾਲ ਦੇਖਦਾ ਸੀ, ਫੇਰ ਵੀ ਉਹ ਇਨ੍ਹਾਂ ਪ੍ਰਚਾਰਕਾਂ ਦੀ ਸੁਹਿਰਦਤਾ, ਸਿਰੜਤਾ ਤੇ ਨਿਸ਼ਕਾਮਤਾ ਤੋਂ ਵਾਰੇ ਵਾਰੇ ਜਾਂਦਾ ਸੀ। ਇਨ੍ਹਾਂ ਮਿਸ਼ਨਰੀਆਂ ਨੇ ਪ੍ਰਚਾਰ ਦਾ ਨਵੀਨਤਮ ਤੇ ਆਧੁਨਿਕਤਮ ਢੰਗ ਅਪਣਾਇਆ ਜਿਸ ਤੋਂ ਅਸੀਂ ਬਿਲਕੁਲ ਅਗਿਆਤ ਸਾਂ, ਤੇ ਉਹ ਸੀ ਲੋਕ ਬੋਲੀਆਂ ਤੇ ਉਪ-ਬੋਲੀਆਂ ਵਿਚ ਸੌਖੀ ਤੇ ਸਰਲ ਸ਼ੈਲੀ ਵਿੱਚ ਮਣਾਂ ਮੂੰਹੀਂ ਸਾਹਿੱਤ ਰਚ ਕੇ ਆਮ ਲੋਕਾਂ ਦੇ ਹੱਥਾਂ ਵਿਚ ਪੁਚਾਉਣਾ। ਉਨ੍ਹਾਂ ਨੇ ਬੜੇ ਯੋਜਨਾ-ਬੱਧ ਢੰਗ ਨਾਲ ਲਗਭਗ ਸਾਰੇ ਈਸਾਈ ਸਾਹਿੱਤ ਨੂੰ ਪੰਜਾਬੀ ਵਿਚ ਅਨੁਵਾਦਿਆ[16] ਅਤੇ ਸਾਰੀ ਸਾਮਗ੍ਰੀ ਨੂੰ ਸੁਆਦਲਾ ਤੇ ਪੜ੍ਹਨ ਯੋਗ ਬਣਾਉਣ ਲਈ ਪੱਛਮ ਦੇ ਗਲਪ-ਰੂਪ ਤੇ ਹੋਰ ਕਲਾ-ਰੂਪਾਂ ਨੂੰ ਵਰਤੋਂ ਵਿਚ ਲਿਆਂਦਾ। ਅਨੁਵਾਦ ਦੇ ਬਿਖੜੇ ਕੰਮ ਨੂੰ ਨਜਿੱਠਣ ਲਈ ਭਾਵੇਂ ਪੰਜਾਬੀਆਂ ਦੀ ਸਹਾਇਤਾ ਪ੍ਰਾਪਤ ਕੀਤੀ ਗਈ ਪਰ ਇਸ ਦਾ ਮੁਢਲਾ ਤੇ ਅਤਿ ਲੋੜੀਂਦਾ ਗਿਆਨ ਪ੍ਰਾਪਤ ਕਰਨ ਲਈ ਸ਼ਬਦ-ਕੋਸ਼, ਵਿਆਕਰਣ ਤੇ ਮੁਹਾਵਰਾ-ਕੋਸ਼ ਆਦਿ ਤਿਆਰ ਕੀਤੇ। ਰਚੇ ਗਏ ਸਾਹਿੱਤ ਨੂੰ

---

16. Farquhar J.N.,"The Christian contention that the sacred books can be of no value, unless they are understood by the people - has led for the production of translation." "Modern Religious Movements in India, 1914, p.439.

ਛਾਪਣ ਲਈ ਟਾਈਪ ਤਿਆਰ ਕਰਵਾਏ। ਇਸ ਸਭ ਕੁਝ ਦਾ ਪ੍ਰਭਾਵ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਪ੍ਰਗਤੀ[17] ਉੱਤੇ ਉਘੜਵੇਂ ਰੂਪ ਵਿਚ ਪਿਆ ਜਿਹੜਾ ਸੰਖੇਪ ਵਿਚ ਇਸ ਤਰ੍ਹਾਂ ਹੈ:-

(1) ਅਨੁਵਾਦਾਂ ਦੀ ਪਿਰਤ ਪਈ ਜਿਸ ਨਾਲ ਪੰਜਾਬੀ ਭਾਸ਼ਾ ਵਿਚ ਅਨੇਕ ਨਵੇਂ ਸ਼ਬਦ ਘੜੇ ਗਏ, ਤੇ ਭਾਸ਼ਾ ਦੀ ਪ੍ਰਗਟਾ ਸਮਰਥਾ ਵਿਚ ਵਾਧਾ ਹੋਇਆ। (2) ਪੱਛਮੀ ਕਲਾ-ਰੂਪਾਂ ਨਾਲ ਜਾਣ-ਪਛਾਣ ਹੋਈ, ਜਿਨ੍ਹਾਂ ਨੂੰ ਪੰਜਾਬੀ ਵਿਦਵਾਨਾਂ ਨੇ ਅਪਣਾ ਲਿਆ। (3) ਪੰਜਾਬੀ ਭਾਸ਼ਾ ਦੇ ਵਿਗਿਆਨਕ ਅਧਿਐਨ ਲਈ ਰਾਹ ਤਿਆਰ ਹੋ ਗਿਆ। (4) ਸਾਰੀਆਂ ਜਾਤਾਂ ਨੇ ਆਪੋ ਆਪਣੇ ਧਾਰਮਿਕ ਪ੍ਰਚਾਰ ਲਈ ਮਿਸ਼ਨਰੀਆਂ ਵਾਲੀਆਂ ਵਿਧੀਆਂ ਅਪਣਾਈਆਂ ਜਿਸ ਨਾਲ ਸਾਹਿੱਤ ਦੀ ਉਪਜ ਵਿਚ ਢੇਰ ਵਾਧਾ ਹੋਇਆ। (5) ਛਾਪਾ ਵੀ ਈਸਾਈਆਂ ਨਾਲ ਹੀ ਪੰਜਾਬ ਵਿਚ ਆਇਆ, ਜਿਸ ਨਾਲ ਸਸਤਾ ਤੇ ਬਹੁਗਿਣਤੀ ਵਿੱਚ ਸਾਹਿੱਤ ਆਮ ਲੋਕਾਂ ਦੇ ਹੱਥਾਂ ਵਿਚ ਅਪੜਨ ਲੱਗਾ। (6) ਲੋਕਾਂ ਵਿਚ ਸਾਹਿੱਤ ਪੜ੍ਹਨ ਦੀ ਰੁਚੀ ਪੈਦਾ ਹੋ ਗਈ ਤੇ ਮੰਗ ਵਧਣ ਨਾਲ ਸਾਹਿੱਤ ਦੀ ਉਪਜ ਦੀ ਰਫ਼ਤਾਰ ਤੇਜ਼ ਹੋ ਗਈ। (7) ਪੰਜਾਬੀ ਦੇ ਸ਼ਬਦ-ਭੰਡਾਰ ਵਿਚ ਵੀ ਢੇਰ ਵਾਧਾ ਹੋਇਆ ਤੇ ਨਵੇਂ ਸ਼ਬਦਾਂ ਦੇ ਨਾਲ ਨਾਲ ਅੰਗਰੇਜ਼ੀ ਦੇ ਅਨਗਿਣਤ ਤਤਸਮ ਤੇ ਤਦਭਵ ਸ਼ਬਦ ਪੰਜਾਬੀ ਭਾਸ਼ਾ ਦਾ ਸਦਾ ਲਈ ਅੰਗ ਬਣ ਗਏ। (8) ਪਹਿਲੀ ਵਾਰੀ ਪੰਜਾਬੀ ਵਾਰਤਕ ਦਾ ਠੁਕ ਬੱਝਣ ਲੱਗਾ ਤੇ ਵਿਆਕਰਣ ਦੇ ਨਿਯਮਾਂ ਦੀ ਪਾਲਣਾਂ ਦੇ ਨਾਲ ਨਾਲ ਬ੍ਰਿਸ਼ਾਮ ਚਿੰਨ੍ਹਾਂ ਦੀ ਵਰਤੋਂ ਵੀ ਕੀਤੀ ਜਾਣ ਲਗੀ ਜਿਸ ਨਾਲ ਲਿਖਤ ਦੇ ਅਰਥਾਂ ਨੂੰ ਸਮਝਣ ਵਿਚ ਸੌਖ ਹੋ ਗਈ। (9) ਹਰ ਰਚਨਾਂ ਨੂੰ ਕਾਂਡਾਂ ਵਿਚ ਵੰਡ ਕੇ, ਵਿਸ਼ੇ ਅਨੁਕੂਲ ਉਨ੍ਹਾਂ ਨੂੰ ਸਿਰਲੇਖ ਦੇਣ ਦਾ ਵੀ ਰਿਵਾਜ ਪੈ ਗਿਆ। (10) ਪੰਜਾਬੀ ਵਿਆਕਰਣ, ਮੁਹਾਵਰੇ, ਅਖੌਤਾਂ ਤੇ ਸ਼ਬਦ-ਕੋਸ਼ ਆਦਿ ਤਿਆਰ ਕਰਨ ਦੀ ਪਿਰਤ ਵੀ ਈਸਾਈ ਮਿਸ਼ਨਰੀਆਂ ਨੇ ਹੀ ਪਾਈ ਜਿਨ੍ਹਾਂ ਦੀ ਦੇਖਾ ਦੇਖੀ ਅਜਿਹੇ ਹੋਰ ਉੱਦਮ ਹੋਏ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਸਰੂਪ ਨੂੰ ਨਿਸ਼ਚਿਤ ਕਰਨ ਤੇ ਇਸ ਦੇ ਨਵੀਨ ਲੀਹਾਂ ਉੱਤੇ ਵਿਕਾਸ ਕਰਨ ਵਿਚ ਸਹਾਇਤਾ ਕੀਤੀ। ਵਾਸਤਵ ਵਿਚ ਜੋ ਵਿਧੀਆਂ, ਸਾਧਨ ਤੇ ਆਦਰਸ਼ ਇਨ੍ਹਾਂ ਮਿਸ਼ਨਰੀਆਂ ਨੇ ਅਪਣਾਏ, ਹਰ ਧਾਰਮਿਕ ਫਿਰਕੇ, ਸੰਪਰਦਾ ਜਾਂ ਲਹਿਰ ਨੇ ਉਸੇ ਨੂੰ ਆਪਣਾ ਮਾਡਲ ਜਾਂ ਨਮੂਨਾ ਮਿਥ ਲਿਆ। ਇਹ ਸਭ ਤੋਂ ਵੱਧ ਮਹੱਤਵਪੂਰਨ ਉਘੜਵਾਂ ਤੇ ਸਪੱਸ਼ਟ ਪ੍ਰਭਾਵ ਸੀ।

ਪੱਛਮੀ ਪ੍ਰਭਾਵ ਦਾ ਦੂਜਾ ਮਹੱਤਵਪੂਰਨ ਪੱਖ ਬ੍ਰਤਾਨਵੀ ਰਾਜ ਪ੍ਰਬੰਧ ਦਾ ਢਾਂਚਾ ਸੀ ਜਿਹੜਾ ਸਾਰੇ ਭਾਰਤੀਆਂ ਲਈ ਨਵਾਂ ਸੀ। ਪੰਜਾਬ ਅੰਗਰੇਜ਼ੀ ਅਧਿਕਾਰ ਹੇਠ ਆਉਣ ਵਾਲਾ ਸਭ ਤੋਂ ਅਖੀਰੀ ਰਾਜ ਸੀ ਅਤੇ ਇਤਿਹਾਸਕ, ਰਾਜਸੀ ਤੇ ਪ੍ਰਬੰਧਕੀ ਕਾਰਨਾਂ ਕਰਕੇ ਬਿਦੇਸ਼ੀ ਸ਼ਾਸ਼ਕਾਂ ਨੇ ਪੰਜਾਬ ਵਿੱਚ ਸਰਕਾਰੀ

---

17. ਈਸਾਈ ਮਿਸ਼ਨਰੀਆਂ ਦੀ ਦੇਣ ਬਾਰੇ ਵਿਸਤਾਰ ਪੂਰਵਕ ਚਰਚਾ ਇਕ ਵੱਖਰੇ ਅਧਿਆਇ ਵਿੱਚ ਕੀਤੀ ਗਈ ਹੈ।

ਕੰਮ ਕਾਰ ਨੂੰ ਨਮੂਨੇ ਦੀਆਂ ਲੀਹਾਂ ਤੇ ਚਲਾਉਣ ਲਈ ਉਚੇਚੇ ਯਤਨ ਕੀਤੇ। ਏਥੋਂ ਦੇ ਪ੍ਰਬੰਧ ਨੂੰ ਚਲਾਉਣ ਲਈ ਜਿਥੇ ਸੱਭ ਤੋਂ ਯੋਗ ਅਧਿਕਾਰੀ ਚੁਣੇ ਗਏ, ਉਥੇ ਪੰਜਾਬ ਦੇ ਆਰਥਕ ਵਿਕਾਸ ਵਲ ਉਚੇਚਾ ਧਿਆਨ ਦਿੱਤਾ ਗਿਆ ਕਿਉਂਜੋ ਅੰਗਰੇਜ਼ੀ ਸਰਕਾਰ ਪੰਜਾਬੀਆਂ ਦਾ ਸਮੁਚਾ ਧਿਆਨ ਲੜਾਈ ਅਤੇ ਗੁਆਚੇ ਰਾਜ ਨੂੰ ਮੁੜ ਪ੍ਰਾਪਤ ਕਰਨ ਦੀ ਭਾਵਨਾ ਵਲੋਂ ਹਟਾ ਕੇ ਸਭਿਆਚਾਰਕ, ਧਾਰਮਿਕ ਤੇ ਆਰਥਿਕ ਹਿੱਤਾਂ ਵਲ ਮੋੜਨਾ ਚਾਹੁੰਦੀ ਸੀ ਤਾਂ ਜੋ ਪੰਜਾਬ ਵਿਚ ਸਥਾਈ ਸ਼ਾਂਤੀ ਕਾਇਮ ਕੀਤੀ ਜਾ ਸਕੇ। ਇਸ ਲਈ ਯੋਜਨਾ-ਬਧ ਢੰਗ ਨਾਲ ਪੰਜਾਬ ਦੇ ਵਿਕਾਸ ਸੰਬੰਧੀ ਜਿੰਨੀ ਛੇਤੀ ਤੇ ਜਿੰਨੀਆਂ ਬਹੁ-ਪੱਖੀ ਸਕੀਮਾਂ ਤਿਆਰ ਕੀਤੀਆਂ ਗਈਆਂ, ਉਹ ਭਾਰਤ ਦੇ ਕਿਸੇ ਹੋਰ ਪ੍ਰਾਂਤ ਵਿਚ ਦੇਖਣ ਵਿਚ ਨਹੀਂ ਆਉਂਦੀਆਂ। ਸੜਕਾਂ, ਰੇਲਾਂ, ਨਹਿਰਾਂ, ਡਾਕ ਤੇ ਤਾਰ ਸੇਵਾਵਾਂ ਦੇ ਸਾਰੇ ਪੰਜਾਬ ਵਿਚ ਤੁਰਤ ਪਸਾਰੇ ਨੇ ਲੋਕਾਂ ਦੀ ਦਿਲਚਸਪੀ ਨੂੰ ਨਵੇਂ ਰਾਜ ਨਾਲ ਭਾਵੁਕ ਤੌਰ ਤੇ ਜੋੜ ਦਿੱਤਾ। ਆਰਥਕ ਖ਼ੁਸ਼ਹਾਲੀ ਨੇ ਦੋ ਤਰ੍ਹਾਂ ਦੀਆਂ ਨਵੀਆਂ ਸ਼੍ਰੇਣੀਆਂ ਨੂੰ ਜਨਮ ਦਿੱਤਾ। ਇਕ ਤਾਂ ਪਿੰਡਾਂ ਦੇ ਵੱਡੇ ਵੱਡੇ ਜ਼ਿਮੀਂਦਾਰ ਤੇ ਜਾਗੀਰਦਾਰ ਜਿਨ੍ਹਾਂ ਦੀ ਉਪਜ ਦਾ ਨਾ ਕੇਵਲ ਮੁਲ ਹੀ ਵਧ ਗਿਆ, ਸਗੋਂ ਨਵੇਂ ਪ੍ਰਬੰਧ ਅਧੀਨ ਪ੍ਰਾਪਤ ਸਹੂਲਤਾਂ ਨੇ ਉਨ੍ਹਾਂ ਨੂੰ ਰਾਜ ਭਗਤ ਵੀ ਬਣਾ ਦਿੱਤਾ। ਸ਼ਹਿਰਾਂ ਵਿਚ ਵਪਾਰੀਆਂ ਦੀ ਇਕ ਨਵੀਂ ਮੱਧ-ਸ਼੍ਰੇਣੀ ਪੈਦਾ ਹੋ ਗਈ ਜਿਹੜੀ ਬਦੇਸ਼ੀ ਮਾਲ ਦੀ ਵਿਕਰੀ ਤੇ ਦੇਸੀ ਉਪਜ ਦੀ ਨਿਰਯਾਤ ਦੇ ਮੁਨਾਫ਼ੇ ਨਾਲ ਖ਼ੁਸ਼ਹਾਲ ਹੋ ਗਈ। ਸ਼ਹਿਰਾਂ ਵਿਚ ਵਸਣ ਕਰਕੇ ਇਸ ਸ਼੍ਰੇਣੀ ਨੂੰ ਹਰ ਪ੍ਰਕਾਰ ਦੀਆਂ ਵਿਦਿੱਅਕ ਸਹੂਲਤਾਂ ਪ੍ਰਾਪਤ ਸਨ। ਇਸ ਲਈ ਇਹ ਛੇਤੀ ਪੜ੍ਹ ਗਏ ਅਤੇ ਬਦੇਸ਼ੀ ਰਾਜ ਦੀ ਮਸ਼ੀਨਰੀ ਦੇ ਨਿਕੇ ਪੁਰਜ਼ਿਆਂ ਵਜੋਂ ਵਿਚਰਨ ਲਗੇ। ਆਪਣੇ ਵਰਤ ਵਰਤਾਰੇ ਵਿਚ ਵੀ ਉਹ ਪੱਛਮੀ ਪ੍ਰਭਾਵ ਨੂੰ ਗ੍ਰਹਿਣ ਕਰਨ ਲਗ ਪਏ, ਪਰ ਪਿੰਡਾਂ ਦੇ ਲੋਕ ਇਸ ਵਿੱਦਿਆ ਤੋਂ ਵਾਂਝੇ ਰਹਿਣ ਕਰਕੇ ਸਮਾਜਕ ਤੌਰ ਤੇ ਪੁਰਾਣੇ ਢੰਗ ਦਾ ਜੀਵਨ ਬਤੀਤ ਕਰਦੇ ਰਹੇ ਤੇ ਇਨ੍ਹਾਂ ਉਤੇ ਇਸ ਸਦੀ ਦੇ ਅਖੀਰ ਤਕ ਬਹੁਤਾ ਪ੍ਰਤੱਖ ਤੇ ਵਿਆਪਕ ਪ੍ਰਭਾਵ ਦਿਖਾਈ ਨਾ ਦਿੱਤਾ। ਨਵੇਂ ਸ਼ਾਸ਼ਕਾਂ ਦੀਆਂ ਵਿਕਾਸ-ਯੋਜਨਾਵਾਂ ਦੇ ਫਲਸਰੂਪ ਪੱਛਮੀ ਟੈਕਨਾਲੋਜੀ ਤੇ ਵਿਗਿਆਨ ਦੀ ਵਰਤੋਂ ਨੂੰ ਉਹ ਵਧੇਰੇ ਹੈਰਾਨੀ ਤੇ ਉਤਸੁਕਤਾ ਨਾਲ ਦੇਖਦੇ ਸਨ ਤੇ ਕੁਝ ਤਾਂ ਅਗਿਆਨਤਾ ਵਸ ਇਹ ਵੀ ਸਮਝਦੇ ਸਨ ਕਿ ਅੰਗਰੇਜ਼ਾਂ ਨੇ ਭੂਤ ਵਸ ਕੀਤੇ ਹੋਏ ਹਨ, ਜਿਨ੍ਹਾਂ ਰਾਹੀਂ ਇਹ ਗੱਡੀਆਂ ਚਲਾਉਂਦੇ ਜਾਂ ਤਾਰਾਂ ਪੁਚਾਉਂਦੇ ਹਨ। ਸੀਰਾਮਪੁਰ ਵਿਚ ਜਦ ਈਸਾਈ ਮਿਸ਼ਨਰੀਆਂ ਨੇ ਪਹਿਲਾ ਛਾਪਾਖਾਨਾ ਲਾਇਆ ਸੀ, ਤਾਂ ਉਸ ਨੂੰ ਦੇਖਣ ਲਈ ਵੀ ਦੂਰੋਂ ਦੂਰੋਂ ਲੋਕ ਆਉਂਦੇ ਸਨ ਅਤੇ ਇਸ ਨੂੰ ਵੀ ਕਿਸੇ ਪਰਾ-ਸਰੀਰਕ ਸ਼ਕਤੀ ਦੀ ਕਰਾਮਾਤ ਹੀ ਸਮਝਦੇ ਸਨ।[18] ਪ੍ਰਬੰਧਕੀ ਢਾਂਚੇ ਨਾਲ ਸੰਬੰਧਿਤ ਸੰਸਥਾਵਾਂ ਯਥਾ ਪੁਲੀਸ, ਕਚਹਿਰੀਆਂ, ਡਾਕ ਤਾਰ

---

18. ਕਲਾਰਕ - " ਦੀ ਸਟੋਰੀ ਔਫ਼ ਕੇਰੀ, ਮਾਰਸ਼ਮੈਨ ਐਂਡ ਵਾਰਡ " ਨਿਊਯਾਰਕ, ਪੰਨਾ 100.

ਅਧਿਕਾਰੀ, ਸ਼ਹਿਰੀ ਅਫ਼ਸਰ ਆਦਿ ਇਨ੍ਹਾਂ ਸਭਨਾਂ ਦੇ ਕੰਮਾਂ ਕਾਜਾਂ ਨਾਲ ਸੰਬੰਧਿਤ ਸ਼ਬਦਾਵਲੀ ਜਿਥੇ ਆਮ ਲੋਕਾਂ ਦੀ ਬੋਲ ਚਾਲ ਦੀ ਭਾਸ਼ਾ ਦਾ ਅੰਗ ਬਣ ਗਈ, ਉਥੇ ਅੰਗਰੇਜ਼ ਅਫ਼ਸਰਾਂ ਦੇ ਪੱਛਮੀ ਢੰਗ ਨਾਲ ਰਹਿਣ ਸਹਿਣ ਤੇ ਉਨ੍ਹਾਂ ਦੀ ਦੇਖਾ ਦੇਖੀ ਏਥੋਂ ਦੇ ਲੋਕਾਂ ਵਲੋਂ, ਨਕਲ ਵਜੋਂ, ਉਸ ਢੰਗ ਨੂੰ ਅਪਨਾਉਣ ਨਾਲ ਪੱਛਮੀ ਸਭਿਆਚਾਰ ਦਾ ਉੱਘੜਵਾਂ ਪ੍ਰਭਾਵ ਪੰਜਾਬੀਆਂ ਤੇ ਪੈਣ ਲੱਗਾ। ਇਸ ਨਾਲ ਸੈਂਕੜੇ ਅੰਗਰੇਜ਼ੀ ਸ਼ਬਦ ਨਿਤ-ਵਰਤੋਂ ਦੇ ਜੀਵਨ ਵਿਚ ਲੋਕਾਂ ਦੇ ਮੂੰਹ ਤੇ ਚੜ੍ਹ ਗਏ ਤੇ ਉਹ ਸ਼ਬਦ ਫੇਰ ਪੰਜਾਬੀ ਭਾਸ਼ਾ ਦਾ ਅੰਗ ਬਣ ਕੇ ਸਾਹਿਤ ਵਿਚ ਆ ਗਏ। ਇਸ ਦੀ ਇਕ ਉਦਾਹਰਣ ਏਥੇ ਦੇਣੀ ਉਚਿਤ ਹੈ। ਭਾਈ ਵੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਨੇ ਨਵੇਂ ਰਾਜ ਪ੍ਰਬੰਧ ਵਿਚ ਇਸਤਰੀ ਵਿਦਿਆ ਦੇ ਵਾਧੇ ਸੰਬੰਧੀ ਇਕ ਕਵਿਤਾ ਲਿਖੀ ਜਿਹੜੀ ਹੈ ਤਾਂ ਭਾਵੇਂ ਬ੍ਰਿਜ ਭਾਸ਼ਾ ਵਿਚ, ਪਰ ਉਸ ਤੋਂ ਪੱਛਮੀ ਸ਼ਬਦਾਵਲੀ ਦੇ ਪ੍ਰਭਾਵ ਨੂੰ ਦੇਖਿਆ ਜਾ ਸਕਦਾ ਹੈ:-[19]

> 'ਸੁਧਾਸਰ ਸ਼ਹਿਰ ਸਹੀ, ਵਿਦਿਆ ਦੀ ਨਹਿਰ ਬਹੀ, ਗਲੀ ਗਲੀ ਬੀਚ ਬਨੇਂ ਫ਼ੀਮੇਲ ਅਸਕੂਲ।
> ਗੁਰਮੁਖੀ ਹਿੰਦੀ ਪੁਨਾ, ਜੋਗਰਫ਼ੀ ਪਾਰਸੀ ਵ, ਅਰਥਮੈਟਿਕ ਔਰ ਅਰਬੀ, ਅਰਬ ਤੂਲ।
> ਸਾਥ ਬਨੇ ਨਾਰਮਲ, ਬਨਾਏ ਉਸਤਾਦ ਜੋ, ਵਿਦਿਆ ਪ੍ਰਚਾਰ ਸਕੇ, ਬਿਨਾਂ ਕੀਏ ਧਰਮ ਭੂਲ।
> ਭਣਤ 'ਹਜ਼ੂਰ ਹਰਿ' ਵਿਦਯਾ ਕੀ ਸ਼ਾਨ ਦੇਖੇ, ਕੂਚੇ ਕੂਚੇ ਬੀਚ ਰਹਯੋ, ਸੁੰਦਰ ਸੁ ਬਾਗ਼ ਫੂਲ।

ਅੰਗਰੇਜ਼ੀ ਸਰਕਾਰ ਦੀ ਪ੍ਰਬੰਧਕੀ, ਆਰਥਕ ਤੇ ਵਪਾਰਕ ਨੀਤੀ ਨੇ ਆਮ ਲੋਕਾਂ ਦੀ ਦ੍ਰਿਸ਼ਟੀ ਨੂੰ ਭੌਤਕ ਯਥਾਰਥਵਾਦੀ ਤੇ ਵਸਤੂਵਾਦੀ ਬਣਾ ਦਿੱਤਾ ਅਤੇ ਅਧਿਆਤਮਕ, ਭਾਵਕ ਤੇ ਕਲਪਨਾਸ਼ੀਲ ਰੁਚੀ ਦੀ ਉਪਯੋਗਤਾ ਜਾਂ ਸਾਰਥਕਤਾ ਸੰਬੰਧੀ ਨਿਸਚੇ ਨੂੰ ਕੁਝ ਹੱਦ ਤਕ ਡੁਲਾ ਦਿੱਤਾ। ਇਸ ਦਾ ਇਕ ਮਨੋਵਿਗਿਆਨਕ ਪੱਖ ਇਹ ਵੀ ਸੀ ਕਿ ਕੁਝ ਸਮੇਂ ਲਈ ਪੱਛਮੀ ਪ੍ਰਭਾਵ ਨੇ ਲੋਕਾਂ ਨੂੰ ਅਜਿਹਾ ਕੀਲਿਆ ਜਾਂ ਇਸ ਹੱਦ ਤਕ ਅੰਨ੍ਹਾ ਕਰ ਦਿੱਤਾ ਕਿ ਉਹ ਸਮਝਣ ਲਗ ਪਏ ਕਿ ਨਵੇਂ ਪ੍ਰਭਾਵ ਨੂੰ ਕਬੂਲਣ, ਗ੍ਰਹਿਣ ਕਰਨ ਜਾਂ ਅੱਖਾਂ ਮੀਟ ਕੇ ਉਸ ਦੇ ਪਿੱਛੇ ਚਲਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ। ਇਹ ਮਨੋ-ਸਥਿਤੀ ਜੀਵਨ-ਮਈ ਸ਼ਕਤੀ ਦੇ ਰੂਪ ਵਿਚ ਭਿੰਨ ਭਿੰਨ ਦਿਸ਼ਾਵਾਂ ਵਿਚ ਪਸਰਨ ਲਗੀ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਪੱਛਮੀ ਸਾਂਸਕ੍ਰਿਤੀ ਦੇ ਪ੍ਰਭਾਵ ਅਤੇ ਰਾਜ-ਕਾਜ ਦੀ ਮਸ਼ੀਨਰੀ ਦੇ ਨਾਲ ਗਿਆਨ ਤੇ ਵਿਗਿਆਨ ਦੇ ਪਸਾਰ ਨੇ ਲੋਕਾਂ ਵਿੱਚ ਆਪਣੇ ਆਪੇ ਸੰਬੰਧੀ ਤੇ ਨਵੀਂ ਸਰਬ-ਪੱਖੀ ਪ੍ਰਗਤੀ ਸੰਬੰਧੀ ਜੋ ਨਵੀਂ ਚੇਤਨਤਾ ਲਿਆਂਦੀ, ਉਸ ਨਾਲ ਇਕ ਨਵੇਂ ਯੁਗ ਦਾ ਆਰੰਭ ਹੋਇਆ।

---

19. ਬਲਬੀਰ ਸਿੰਘ (ਡਾ.), ਚਰਣ ਹਰਿ ਵਿਸਥਾਰ, ਜਿਲਦ ਪਹਿਲੀ, ਸੈਂਚੀ ਦੂਜੀ, ਪੰਨਾ 75.

ਨਵੇਂ ਯੁਗ ਦੇ ਪ੍ਰਵੇਸ਼ ਦੀ ਵਿਆਖਿਆ ਇਕ ਹੋਰ ਦ੍ਰਿਸ਼ਟੀ ਤੋਂ ਵੀ ਕੀਤੀ ਜਾ ਸਕਦੀ ਹੈ। ਸਦੀਆਂ ਤੋਂ ਭਾਰਤ ਵਿਚ ਆਉਣ ਵਾਲੇ ਬਦੇਸ਼ੀ ਹਮਲਾ ਕਰਨ ਵਾਲਿਆਂ ਨਾਲੋਂ ਅੰਗਰੇਜ਼ਾਂ ਦੀ ਜਿੱਤ ਨੇ ਇੱਕ ਵਖਰੀ ਕਿਸਮ ਦਾ ਵਾਤਾਵਰਣ ਪੈਦਾ ਕਰ ਦਿੱਤਾ, ਜਿਹੜਾ ਭਾਰਤੀਆਂ ਲਈ ਅਨੋਖਾ ਅਨੁਭਵ ਸੀ। ਅੰਗਰੇਜ਼ ਸ਼ਾਸ਼ਕਾਂ ਨੇ ਆਪਣੇ ਆਪ ਨੂੰ ਵਧੇਰੇ ਸਭੱਯ ਤੇ ਉਚੇਰੇ ਰਾਸ਼ਟਰ ਦਾ ਅੰਗ ਸਮਝ ਕੇ, ਭਾਰਤੀਆਂ ਨਾਲੋਂ ਹਰ ਖੇਤਰ ਵਿਚ ਅੱਡਰਾ ਰਹਿਣ ਦਾ ਯਤਨ ਕੀਤਾ ਤੇ ਏਥੋਂ ਦੀ ਵਸੋਂ ਨੂੰ ਇਹ ਇਹਸਾਸ ਕਰਵਾਇਆ ਕਿ ਦੁਨਿਆਵੀ, ਪਦਾਰਥਕ ਤੇ ਵਿਗਿਆਨਕ ਪੱਖਾਂ ਤੋਂ ਉਹ ਉਨ੍ਹਾਂ ਨਾਲੋਂ ਕਿਤੇ ਵਧ ਉੱਨਤ ਹਨ ਅਤੇ ਉਨ੍ਹਾਂ ਦਾ ਰਾਜ ਜਿਥੇ ਸ਼ਾਨਤੀ ਤੇ ਅਮਨ-ਭਰਪੂਰ ਹੈ, ਉਥੇ ਇਹ ਨਿਆਂ, ਬਰਾਬਰੀ ਤੇ ਮਾਨਵੀ ਕਦਰਾਂ ਕੀਮਤਾਂ ਉਤੇ ਵੀ ਆਧਾਰਿਤ ਹੈ। ਆਵਾਜਾਈ ਦੇ ਸਾਧਨਾਂ ਦੇ ਵਿਕਾਸ ਦੁਆਰਾ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿਚਕਾਰ ਏਕਤਾ ਦਾ ਇਹਸਾਸ ਅੰਗਰੇਜ਼ੀ ਸ਼ਾਸ਼ਕਾਂ ਦੀ ਇਕ ਹੋਰ ਦੇਣ ਸੀ ਜਿਸ ਨਾਲ ਭਿੰਨ ਭਿੰਨ ਜਾਤੀਆਂ, ਕਬੀਲਿਆਂ, ਪ੍ਰਾਂਤਾਂ ਵਿਚਕਾਰ ਸਰਬ-ਪੱਖੀ ਅਦਾਨ-ਪ੍ਰਦਾਨ ਦਾ ਨਵਾਂ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਦੇ ਫਲਸਰੂਪ ਪੱਛਮੀ ਪ੍ਰਭਾਵ ਸਾਰੇ ਦੇਸ਼ ਵਿਚ ਬਹੁਤ ਛੇਤੀ ਫੈਲ ਗਿਆ, ਜਿਸ ਨਾਲ ਨਵੀਂ ਜਾਗ੍ਰਤੀ ਤੇ ਨਵੀਂ ਚੇਤਨਤਾ ਦਾ ਪਸਾਰ ਹੋਇਆ। ਭਾਵੇਂ ਅੰਗਰੇਜ਼ਾਂ ਦੀ ਇਸ ਦੇਸ਼ ਨਾਲ ਕੋਈ ਹਮਦਰਦੀ ਨਹੀਂ ਸੀ ਤੇ ਜੋ ਕੁਝ ਵੀ ਉਹ ਕਰਦੇ ਸਨ, ਉਸ ਦੇ ਪਿਛੇ ਉਨ੍ਹਾਂ ਦੇ ਆਪਣੇ ਦੇਸ਼ ਦੇ ਹਿਤ ਜੁੜੇ ਹੋਏ ਸਨ, ਪਰ ਤਾਂ ਵੀ ਉਹ ਪ੍ਰਚਾਰ ਕਰਦੇ ਸਨ ਕਿ ਭਾਰਤ ਵਾਸੀਆਂ ਨੂੰ ਪੱਛਮੀ ਗਿਆਨ ਦਾ ਦਾਨ ਦੇਣ ਵਿਚ ਭਾਵੇਂ ਉਨ੍ਹਾਂ ਦੇ ਰਾਜ ਨੂੰ ਖ਼ਤਰਾ ਵੀ ਹੋਵੇ, ਪਰ ਫੇਰ ਵੀ ਉਹ ਇਨ੍ਹਾਂ ਨੂੰ ਗਿਆਨ ਤੋਂ ਸੱਖਣੇ ਰੱਖ ਕੇ ਆਪਣੇ ਰਾਜ ਨੂੰ ਦੇਸ਼ ਲਈ ਲਾਅਨਤ ਸਮਝਣਗੇ। ਉਨ੍ਹਾਂ ਦੇ ਰਾਜ ਦਾ ਮਨੋਰਥ ਤਾਂ ਇਸ ਧਰਤੀ ਉਤੇ ਯੂਰਪ ਦੀ ਕਲਾ, ਵਿਗਿਆਨ, ਗਿਆਨ ਤੇ ਸਭਿਆਚਾਰ ਦਾ ਪ੍ਰਕਾਸ਼ ਪਾਉਣਾ ਹੀ ਹੈ।[20]

ਬਦੇਸ਼ੀ ਗ਼ੁਲਾਮੀ ਦੀ ਲਾਅਨਤ ਦੇ ਬਾਵਜੂਦ ਭਾਰਤੀ ਆਗੂਆਂ, ਵਿਦਵਾਨਾਂ ਤੇ ਬੁਧੀਜੀਵੀਆਂ ਨੇ ਵੀ ਪੱਛਮੀ ਪ੍ਰਭਾਵ ਦੇ ਨਰੋਏ ਪਹਿਲੂਆਂ ਤੇ ਸਾਰਥਕ ਪ੍ਰਾਪਤੀਆਂ ਨੂੰ ਬਿਨਾਂ ਝਿਜਕ ਦੇ ਸਵੀਕਾਰ ਕੀਤਾ ਹੈ। ਉਨ੍ਹਾਂ ਅਨੁਸਾਰ ਏਥੋਂ ਦਾ ਬੌਧਿਕ ਤੇ ਅਧਿਆਤਮਕ ਜੀਵਨ ਅਧੋਗਤੀ ਦੀ ਅੰਤਿਮ ਸੀਮਾ ਨੂੰ

---

20. Kay-"If the argument be that the spread of knowledge may eventually be fatal to our rule in India, I maintain that whatever may be the consequence, it is duty to communicate the benefits of knowledge. If India could be preserved as a part of British Empire by keeping its inhabitants in a state of ignorance, our dominion would be a curs to the country. We are here to pour the enlightened knowledge and civilization, the Arts and Science of Europe over the land."

"Life of Lord Matcaf". Vol.II, p.262-64.

ਛੁਹਣ ਲਗ ਪਿਆ ਸੀ। ਅੰਗਰੇਜ਼ਾਂ ਵਰਗੀ ਅਗਾਂਹ-ਵਧੂ ਜਾਤੀ ਦਾ ਮੇਲ ਤੇ ਉਨ੍ਹਾਂ ਰਾਹੀਂ ਯੂਰਪ ਦੀ ਯਾਂਤ੍ਰਿਕ ਤੇ ਉਦਯੋਗਕ ਸਭਿਅਤਾ ਦਾ ਪ੍ਰਵੇਸ਼ ਨਿਸ਼ਚੇ ਹੀ ਦੇਸ਼ ਵਾਸੀਆਂ ਲਈ ਪਰਿਵਰਤਨਸ਼ੀਲ, ਕ੍ਰਾਂਤੀਕਾਰੀ ਤੇ ਕਲਿਆਣਕਾਰੀ ਸਿੱਧ ਹੋਇਆ। ਭਾਰਤ-ਵਾਸੀ ਬਿਲਕੁਲ ਨਿਰਜਿੰਦ ਨਹੀਂ ਸਨ ਹੋਏ। ਥੋੜ੍ਹਾ ਜਿਹਾ ਉਤਸ਼ਾਹ ਤੇ ਹੁਲਾਰਾ ਮਿਲਦਿਆਂ ਸਾਰ ਉਹ ਮੁੜ ਆਪਣੇ ਪੈਰਾਂ ਤੇ ਖਲੋਣ ਲਗੇ। ਯੂਰਪੀ ਸਭਿਅਤਾ ਨੇ ਭਾਰਤ-ਵਾਸੀਆਂ ਨੂੰ ਅਤਿ ਲੋੜੀਂਦੀਆਂ ਹੇਠ ਲਿਖੀਆਂ ਤਿੰਨ ਮਨੋ-ਪ੍ਰੇਰਣਾਵਾਂ ਦਿੱਤੀਆਂ:-[21]

(ੳ) ਇਕ ਬੌਧਿਕ ਤੇ ਆਲੋਚਕ ਦੀ ਅਵਿੱਅਕਤ ਤੇ ਅਣ-ਉਪਯੁਕਤ ਦ੍ਰਿਸ਼ਟੀ ਦਿੱਤੀ।

(ਅ) ਭਾਰਤੀ ਨਵ-ਨਿਰਮਾਣ ਦੀ ਸਮਰੱਥਾ ਤੇ ਸ਼ਕਤੀ ਵਿਚ ਢੇਰ ਭਰ ਦਿੱਤਾ।

(ੲ) ਭਾਰਤੀ ਸਾਂਸਕ੍ਰਿਤੀ ਦੀ ਆਤਮਾ ਦਾ ਪੁਨਰ-ਉਥਾਨ ਕਰਕੇ, ਨਵੀਆਂ ਪ੍ਰਸਥਿਤੀਆਂ ਨੂੰ ਸਮਝਣ, ਅਪਨਾਉਣ ਤੇ ਅਖੀਰ ਵਿਚ ਉਨ੍ਹਾਂ ਉਤੇ ਜਿੱਤ ਪ੍ਰਾਪਤ ਕਰਨ ਦਾ ਅਵਸਰ ਦਿੱਤਾ।

## ਭਾਸ਼ਾਈ ਤੇ ਸਾਹਿੱਤਕ ਪ੍ਰਭਾਵ:

ਪੱਛਮੀ ਗਿਆਨ, ਵਿਗਿਆਨ, ਰਾਜ-ਪ੍ਰਬੰਧ ਸੰਸਕ੍ਰਿਤੀ ਤੇ ਵਿਦਿਅਕ ਢਾਂਚੇ ਨੇ ਭਾਸ਼ਾਈ ਤੇ ਸਾਹਿੱਤਕ ਖੇਤਰਾਂ ਵਿਚ ਵਿਸ਼ੇਸ਼ ਪ੍ਰਭਾਵ ਪਾਇਆ, ਜਿਸ ਦਾ ਵਿਸ਼ਲੇਸ਼ਣ, ਸਾਡੇ ਇਸ ਅਧਿਆਇ ਦਾ ਮੁੱਖ ਉਦੇਸ਼ ਹੈ।" ਭਾਰਤ ਵਿਚ ਇਸ ਨਵੇਂ ਯੁਗ ਦੇ ਆਰੰਭ ਤੋਂ ਪਹਿਲਾਂ, ਸਾਰੇ ਭਾਰਤੀ ਸਾਹਿੱਤ ਵਿਚ ਸਭ੍ਹੂੰ ਧਾਰਮਕ ਵਿਸ਼ੈ, ਸ਼ਿੰਗਾਰ ਭਾਵਨਾ, ਪੌਰਾਣਿਕ ਤੇ ਬੀਰ-ਗਾਥਾਵਾਂ ਦਾ ਵਰਣਨ ਮਿਲਦਾ ਹੈ।"[22] ਇਸ ਪਰੰਪਰਾਈ ਸਾਹਿੱਤ ਸਿਰਜਣਾ ਨੇ ਲੋਕਾਂ ਦੀ ਸੋਚ ਨੂੰ ਸੀਮਤ ਤੇ ਸਾਹਿਤਕਾਰਾਂ ਦੀ ਸਿਰਜਨਾਤਮਕ ਪ੍ਰਕ੍ਰਿਆ ਨੂੰ ਜ਼ੰਗ ਲਾ ਦਿੱਤਾ ਸੀ। ਇਸ ਸੰਕੀਰਣਤਾ ਨੂੰ ਤਿਆਗਣ ਅਤੇ ਨਵੀਆਂ ਸਾਹਿੱਤਕ ਪ੍ਰੇਰਣਾਵਾਂ ਨੂੰ ਗ੍ਰਹਿਣ ਕਰਨ ਲਈ ਕਿਸੇ ਨਵੇਂ ਹਲੂਣੇ ਤੇ ਝੰਜੋੜੇ ਦੀ ਲੋੜ ਸੀ। ਅੰਗਰੇਜ਼ੀ ਵਿਦਿਆ ਦੇ ਪਸਾਰ ਦੁਆਰਾ ਸੰਭਵ ਹੋਈ ਪੱਛਮੀ ਵਿਚਾਰ-ਧਾਰਾ ਨੇ ਇਹ ਝੰਜੋੜਾ ਦਿੱਤਾ ਜਿਸ ਨਾਲ ਇਕ ਵਾਰੀ ਫੇਰ ਭਾਰਤੀ ਵਿਚਾਰਧਾਰਾ ਵਿਚ ਸਿਰਜਣਾਤਮਕਤਾ ਪਲਸੇਟੇ ਲੈਣ ਲਗੀ ਅਤੇ ਧਰਮ, ਇਤਿਹਾਸ, ਰਾਜਨੀਤੀ ਤੇ ਵਿਗਿਆਨ ਵਿਚ ਭਾਰਤ ਦੇ ਉਚਤਮ ਦਿਮਾਗ਼, ਨਵੇਂ ਵਿਚਾਰਾਂ ਦਾ ਪ੍ਰਸਾਰ ਤੇ ਵਿਸਤਾਰ ਕਰਨ ਲਗੇ।[23]

" ਧਰਮ, ਸਮਾਜ ਤੇ ਰਾਜਨੀਤੀ ਸੰਬੰਧੀ ਵਿਚਾਰਾਂ ਵਿਚ ਏਡੀਆਂ ਉਘੜਵੀਆਂ ਤਬਦੀਲੀਆਂ ਆਈਆਂ, ਅਤੇ ਬਾਹਰਲੀ ਦੁਨੀਆਂ ਦੇ ਗਿਆਨ ਦੁਆਰਾ ਵਿਸਤ੍ਰਿਤ ਤੇ ਵਿਸ਼ਾਲ ਹੋਏ ਮਨੁੱਖਾਂ ਤੇ ਵਸਤੂਆਂ

---

21. ਅਰਵਿੰਦ ਘੋਸ਼, " ਦੀ ਰੇਨਾਸਾਂ ਇਨ ਇੰਡੀਆ" ਕਲਕੱਤਾ (ਤੀਜੀ ਵਾਰ), ਪੰਨਾ 27-29
22. ਸਰਕਾਰ-ਜਾਦੂ ਨਾਥ, " ਇੰਡੀਆ ਥਰੂ ਦੀ ਏਜਜ਼ ", ਪੰਨਾ 68
23. ਗ੍ਰਿਫ਼ਥਸ ਪਰਸੀਵਲ - " ਦੀ ਬ੍ਰਿਟਿਸ਼ ਇੰਪੈਕਟ ਆਨ ਇੰਡੀਆ ", ਪੰਨਾ 250

ਸੰਬੰਧੀ ਉਦਾਰ ਦ੍ਰਿਸ਼ਟੀਕੋਣ ਅਧੀਨ ਰਚੇ ਗਏ ਅਥਾਹ ਸਾਹਿੱਤ ਦੇ ਸਨਮੁਖ ਬਿਨ੍ਹਾ ਝਿਜਕ ਦੇ ਆਖਿਆ ਜਾ ਸਕਦਾ ਹੈ ਕਿ ਉਨ੍ਹੀਵੀਂ ਸਦੀ ਦੇ ਮੁਕਣ ਤਕ ਭਾਰਤ ਮਧ-ਕਾਲ ਤੋਂ ਆਧੁਨਿਕ ਕਾਲ ਵਿਚ ਪ੍ਰਵੇਸ਼ ਕਰ ਚੁੱਕਾ ਸੀ।[24] ਇਸ ਮਹੱਤਵਪੂਰਨ ਪਰਿਵਰਤਨ ਤੇ ਮਹਾਨ ਕਾਇਆ-ਕਲਪ ਦਾ ਇੱਕੋ ਇੱਕ ਤੱਥ ਜਾਂ ਅਧਾਰ ਅੰਗਰੇਜ਼ੀ ਵਿਦਿਆ ਦੁਆਰਾ ਪਰਵਿਸ਼ਟ ਹੋਇਆ ਪੱਛਮੀ ਗਿਆਨ ਸੀ।

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦਾ ਸਭ ਤੋਂ ਵੱਡਾ ਇਤਿਹਾਸਕ ਮਹੱਤਵ ਇਹ ਹੈ ਕਿ ਇਸ ਕਾਲ ਵਿਚ ਅੰਗਰੇਜ਼ੀ ਵਿਦਿਆ ਤੇ ਪੱਛਮੀ ਪ੍ਰਭਾਵ ਨੇ ਅਚੇਤ ਰੂਪ ਵਿਚ ਹੀ ਲੋਕਾਂ ਵਿਚ ਅਜਿਹੀ ਜਾਗ੍ਰਤੀ ਲਿਆਂਦੀ ਜਿਸ ਨਾਲ ਉਹ ਪੱਛਮ ਦੇ ਆਧੁਨਿਕ ਯੁਗ ਦੀਆਂ ਲੋੜਾਂ, ਭਾਵਨਾਵਾਂ ਤੇ ਪ੍ਰਸਥਿਤੀਆਂ ਦੇ ਹਾਣ ਹੋਣ ਲਈ ਉਤਾਵਲੇ ਹੋ ਉਠੇ। ਵਰਤਮਾਨ ਦੇ ਹੜ੍ਹ ਅਗੇ, ਉਹ ਆਪਣੇ ਭੂਤ ਨਾਲੋਂ ਬਿਲਕੁਲ ਟੁਟੇ ਤਾਂ ਨਾ,[25] ਪਰ ਭੂਤ ਜਾਂ ਅਤੀਤ ਸੰਬੰਧੀ ਗ੍ਰਹਿਣ ਕੀਤੀ ਨਵੀਂ ਸੋਝੀ ਨੇ, ਹਰ ਚੀਜ਼ ਨੂੰ ਅੱਖਾਂ ਮੀਟ ਕੇ ਸਵੀਕਾਰ ਕਰਨ ਦੀ ਰੁਚੀ ਨੂੰ ਠੱਲ੍ਹ ਪਾ ਦਿੱਤੀ। ਕੇਵਲ ਪਰੰਪਰਾ ਜਾਂ ਰਿਵਾਜ ਵੱਸ ਹਰ ਗੱਲ ਨੂੰ ਮੰਨਣ ਵਿਚ, ਲੋਕਾਂ ਦਾ ਵਿਸ਼ਵਾਸ਼ ਉਡ ਗਿਆ। ਇਸ ਦੇ ਉਲਟ ਪੁਰਾਣੇ ਵਿਸ਼ਵਾਸ਼ਾਂ ਨੂੰ ਨਵੇਂ ਜੀਵਨ ਦੀਆਂ ਲੋੜਾਂ ਤੇ ਪ੍ਰਸਥਿਤੀਆਂ ਦੇ ਅਨੁਕੂਲ ਢਾਲਣ, ਸੁਆਰਨ ਜਾਂ ਇਕ-ਸੁਰ ਕਰਨ ਦੀ ਪ੍ਰੇਰਣਾ ਮਿਲੀ। ਪੁਰਾਤਨ ਯੁਗ ਦੀਆਂ ਕੀਮਤਾਂ ਦੇ ਪੁਨਰ-ਮੁਲਾਂਕਣ ਦੀ ਸ਼ਕਤੀ-ਸ਼ਾਲੀ ਆਤਮ-ਪ੍ਰੇਰਣਾ ਅਧੀਨ ਪੂਰਬ ਤੇ ਪੱਛਮ ਨੂੰ ਮੇਲਣ ਜਾਂ ਇਕ-ਸੁਰ ਕਰਨ ਦੇ ਯਤਨ ਹੋਣ ਲਗੇ। ਪ੍ਰਮਾਤਮਾ, ਪ੍ਰਕਿਰਤੀ ਤੇ ਮਨੁਖ ਦੇ ਸੰਬੰਧਾਂ ਬਾਰੇ ਨਵੀਆਂ ਧਾਰਨਾਵਾਂ ਸਾਹਮਣੇ ਆਈਆਂ।[26] ਇਹ ਤਬਦੀਲੀ ਆਧੁਨਿਕਤਾ ਵਲ ਨੂੰ ਇਕ ਨਿਸਚਿਤ ਕਦਮ ਸੀ।

ਉਸ ਵੇਲੇ ਦੀ ਸਥਿੱਤੀ ਬਾਰੇ , ' ਓ ਮੈਲੇ ' ਦਾ ਕਥਨ ਸਾਡਾ ਵਿਸ਼ੇਸ਼ ਧਿਆਨ ਖਿੱਚਦਾ ਹੈ। ਉਸ ਦੇ ਸ਼ਬਦਾਂ ਵਿਚ " ਜਿਸ ਤਰ੍ਹਾਂ ਪੱਛਮੀ ਯੂਰਪ ਮੱਧ-ਕਾਲ ਦੀ ਸਿਥਲਤਾ ਜਾਂ ਨਿਰਜੀਵਤਾ ਵਿਚੋਂ ਜਾਗਿਆ ਅਤੇ ਵਿਚਾਰਾਂ ਤੇ ਸ਼ੈਲੀ ਦੇ ਨਮੂਨੇ ਲਈ ਯੂਨਾਨ ਤੇ ਰੋਮ ਦੇ ਸਾਹਿੱਤਾਂ ਵਲ ਨੂੰ ਮੁੜਿਆ,

---

24. ਮਜੂਮਦਾਰ - ਆਰ.ਸੀ., "ਹਿਸਟਰੀ ਆਫ਼ ਫਰੀਡਮ ਮੂਵਮੈਂਟ ਇਨ ਇੰਡੀਆ" ਕਲਕੱਤਾ, 1962, ਪੰਨਾ 289

25. Pasricha H.R."Western Liberal thought, was superimposed on an under-coating of feudalism, complacancy, dacility, and submission, but action quite often is still motivated by the old compulsions. This is a remarkable phenomenon, the capacity of the Indian mind to absorb the new but without renouncing much of the old."

" Quest. Spring Issue of 1962.

26. Tara Chand.," The flood of modernism of the West struck India. It carried of much that was decadent, but was unable to sweep all that was old. It changed attitude for blind acceptance of the past and brought dynamic approach to the problem of man. Shook faith in what was based only on custom and habit. It urged

f.n.......contd..

ਏਸੇ ਤਰ੍ਹਾਂ ਭਾਰਤ, ਪੱਛਮ ਦੇ ਮੇਲ ਦੁਆਰਾ ਆਪਣੀ ਬੌਧਿਕ ਬੇਹੋਸ਼ੀ ਤੋਂ ਉਠ ਬੈਠਾ ਅਤੇ ਸਭਿਆਚਾਰਕ ਪ੍ਰੇਰਣਾ ਲਈ ਪੱਛਮੀ ਸਾਹਿੱਤ, ਵਿਗਿਆਨ ਤੇ ਫਲਸਫ਼ੇ ਵਲ ਨੂੰ ਰੁਚਿਤ ਹੋਇਆ।"[27]

ਏਥੇ ਇਹ ਤੱਥ ਮੁੜ ਦੁਹਰਾਉਣਾ ਵੀ ਉਚਿੱਤ ਪ੍ਰਤੀਤ ਹੁੰਦਾ ਹੈ ਕਿ ਜੇ ਭਾਰਤੀ ਵਿਦਵਾਨ ਪੱਛਮੀ ਸਾਹਿੱਤ, ਫ਼ਲਸਫ਼ੇ ਤੇ ਗਿਆਨ ਵਲ ਰੁਚਿਤ ਹੋਏ ਤਾਂ ਪੱਛਮੀ ਵਿਦਵਾਨਾਂ ਨੇ ਵੀ ਏਥੋਂ ਦੀਆਂ ਭਾਸ਼ਾਵਾਂ ਤੇ ਪੁਰਾਤਨ ਸਾਹਿੱਤ, ਫ਼ਲਸਫ਼ੇ ਤੇ ਅਧਿਆਤਮਕ ਚਿੰਤਨ ਵਿਚ ਦਿਲਚਸਪੀ ਲਈ ਅਤੇ ਡੂੰਘੀ ਖੋਜ ਤੇ ਵਿਗਿਆਨਕ ਦ੍ਰਿਸ਼ਟੀ ਅਪਣਾ ਕੇ ਸਾਡੇ ਪੁਰਾਤਨ ਵਿਰਸੇ ਨੂੰ ਨਵੇਂ ਸਿਰਿਓਂ ਇਸ ਢੰਗ ਨਾਲ ਸਾਡੇ ਸਾਹਮਣੇ ਲਿਆਂਦਾ, ਜਿਸ ਨਾਲ ਸਾਨੂੰ ਆਪਣੇ ਪੁਰਾਤਨ ਸਾਹਿੱਤ ਉਤੇ ਗੌਰਵ ਦਾ ਅਹਿਸਾਸ ਹੋਣ ਲਗਾ। ਇਸ ਸੰਬੰਧ ਵਿਚ ਐਚ. ਐਚ. ਵਿਲਸਨ(ਬੰਗਾਲੀ), ਮੈਕਸਮੂਲਰ(ਸੰਸਕ੍ਰਿਤ), ਤੇ ਸਰ ਰਿਚਰਡ ਟੈਂਪਲ, ਐਬਟ ਚਾਰਲਸ, ਸਵਿਨਰਟਨ ਆਦਿ(ਪੰਜਾਬੀ) ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨ-ਯੋਗ ਹੈ। ਏਸੇ ਸੂਚੀ ਵਿਚ ਜਰਮਨ ਵਿਦਵਾਨ ਟ੍ਰੰਪ ਤੇ ਅੰਗਰੇਜ਼ੀ ਵਿਦਵਾਨ ਮੈਕਾਲਫ਼ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਜਾਨ ਨਿਊਟਨ, ਗ੍ਰਾਹਮ ਬੇਲੀ, ਲੀਚ, ਜੂਕਸ ਤੇ ਕੈਪਟਨ ਸਟਾਰਕੀ ਆਦਿ ਦੀਆਂ ਪੰਜਾਬੀ ਵਿਆਕਰਣ ਤੇ ਸ਼ਬਦ-ਕੋਸ਼ਾਂ ਸੰਬੰਧੀ ਘਾਲਣਾਵਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।[28] ਏਸੇ ਸੰਬੰਧ ਵਿਚ 'ਇੰਡੀਅਨ ਐਂਟੀਕੁਏਰੀ"[29] ਨਾਂ ਦੇ ਜਰਨਲ ਦਾ ਜ਼ਿਕਰ ਵੀ ਜ਼ਰੂਰੀ ਪ੍ਰਤੀਤ ਹੁੰਦਾ ਹੈ ਜਿਸ ਦਾ ਮਨੋਰਥ ਪੂਰਬ ਤੇ ਪੱਛਮ ਦੇ ਗਿਆਨ ਦੇ ਅਦਾਨ ਪ੍ਰਦਾਨ ਦਾ ਮਾਧਿਅਮ ਬਨਣਾ, ਅਤੇ ਖੋਜ ਦੇ ਕਾਰਜ ਨੂੰ ਉਤਸਾਹਤ ਕਰਨਾ ਸੀ। ਇਸ ਪੱਤਰ ਨੇ ਪੰਜਾਬ ਦੇ ਲੋਪ ਹੋਏ ਸਾਹਿੱਤ ਨੂੰ ਖੋਜ ਕੇ ਬਾਹਰ ਲਿਆਉਣ ਵਿਚ ਬਹੁਤ ਹੀ ਮਹੱਤਵ-ਪੂਰਨ ਹਿੱਸਾ ਪਾਇਆ ਹੈ ਅਤੇ ਪੰਜਾਬੀ ਦੀ ਸ਼ਬਦਾਵਲੀ ਤੇ ਕੋਸ਼ਕਾਰੀ ਸੰਬੰਧੀ

---

f.n. from pre page

the Indian mind to modify, refine and readjust the ancient beliefs to the conditions of modern life. It provided a powerful impulse for the re-evaluation of the old values and for reconciling the west with the East. New attitude in relation to God, man and nature." History of Freedom Movement, Vol.II,p.590.

27. ਓ ਮੈਲੇ " ਮੌਡਰਨ ਇੰਡੀਆ ਐਂਡ ਦੀ ਵੈਸਟ " ਲੰਡਨ 1941, ਪੰਨਾ 764.

28. ਇਨ੍ਹਾਂ ਬਾਰੇ ਵਿਸਤਾਰ-ਪੂਰਵਕ ਚਰਚਾ ਏਸੇ ਅਧਿਆਇ ਵਿਚ ਅੱਗੇ ਕੀਤਾ ਗਿਆ ਹੈ। ਕੁਝ ਕੁ ਵਰਣਨ ਤੇ ਵਿਸਤਾਰ ਈਸਾਈ ਮਿਸ਼ਨਰੀਆਂ ਦੀ ਦੇਣ ਵਾਲੇ ਅਧਿਆਇ ਵਿਚ ਵੀ ਦਿੱਤਾ ਗਿਆ ਹੈ।

29. ਇਹ ਜਰਨਲ ਡਾਕਟਰ ਜੇਮਜ਼ ਬਰਗਿਸ ਦੁਆਰਾ ਜਨਵਰੀ 1872 ਈ. ਵਿਚ ਜਾਰੀ ਕੀਤਾ ਗਿਆ।

ਵਡਮੁਲੇ ਸੁਝਾ ਦਿੱਤੇ। ਪੱਛਮੀ ਵਿਦਵਾਨਾਂ ਦੀਆਂ ਇਨ੍ਹਾਂ ਬਹੁਮੁਲੀਆਂ ਕ੍ਰਿਤਾਂ ਤੋਂ ਪ੍ਰਭਾਵਤ ਹੋ ਕੇ, ਸਾਡੇ ਵਿਦਵਾਨਾਂ ਨੂੰ ਵੀ ਸੋਝੀ ਆਈ ਅਤੇ ਉਨ੍ਹਾਂ ਨੇ ਵੀ ਵਿਆਕਰਣ, ਕੋਸ਼, ਸੰਪਾਦਨ ਤੇ ਅਨੁਵਾਦ ਆਦਿ ਦੇ ਕੰਮ ਵਿਚ ਬਹੁਤ ਸ਼ਾਨਦਾਰ ਹਿੱਸਾ ਪਾਇਆ।[30] ਲਾ. ਬਿਹਾਰੀ ਲਾਲ ਪੁਰੀ ਦੇ ਵਿਆਕਰਣ ਤੇ ਸਿੰਘ ਸਭਾ ਲਾਹੌਰ ਵਲੋਂ ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ (1897 ਈ.) ਉਦਾਹਰਣ ਵਜੋਂ ਪੇਸ਼ ਕੀਤੇ ਜਾ ਸਕਦੇ ਹਨ।

ਭਾਰਤ ਵਿਚ ਪੱਛਮੀ ਪ੍ਰਭਾਵ ਹੇਠ ਆਉਣ ਵਾਲੇ ਸਭ ਤੋਂ ਪਹਿਲੇ ਬੰਗਾਲੀ ਹੀ ਸਨ ਕਿਉਂਜੋ ਅੰਗਰੇਜ਼ੀ ਸਰਕਾਰ ਦੇ ਮੁਖ ਦਫ਼ਤਰ ਕਲਕੱਤੇ ਵਿਚ ਸਨ ਤੇ ਵੱਡੇ ਹਿੰਦੁਸਤਾਨੀ ਅਫ਼ਸਰ ਤੇ ਕਰਮਚਾਰੀ ਵੀ ਬੰਗਾਲੀ ਹੀ ਸਨ। ਪੱਛਮੀ ਢੰਗ ਦੀ ਉਚੇਰੀ ਵਿਦਿਆ ਪ੍ਰਾਪਤ ਕਰਨ ਵਾਲੇ ਭਾਰਤੀਆਂ ਵਿੱਚੋਂ ਬੰਗਾਲੀਆਂ ਦੀ ਗਿਣਤੀ ਸੱਭ ਤੋਂ ਵੱਧ ਸੀ। ਉੱਤਰੀ ਭਾਰਤ ਦੀਆਂ ਉਚੇਰੀ ਵਿਦਿਆ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਕਲਕੱਤਾ ਯੂਨੀਵਰਸਿਟੀ (ਸਥਾਪਨਾ 1857 ਨਾਲ ਹੀ ਸੰਬੰਧਿਤ ਸਨ। ਬੰਕਿਮ ਚੰਦਰ ਚੈਟਰਜੀ, ਤਾਰੂਦੱਤ, ਮਾਈਕਲ, ਰਮੇਸ਼ ਚੰਦਰ ਦੱਤ ਆਦਿ ਪਹਿਲੇ ਬੰਗਾਲੀ ਵਿਦਵਾਨ ਸਨ ਜਿਨ੍ਹਾਂ ਨੇ ਪੱਛਮੀ ਪ੍ਰਭਾਵਾਂ ਅਧੀਨ ਹੀ ਸਾਹਿੱਤਕ ਰਚਨਾ ਕੀਤੀ। ਭਾਰਤ ਵਿਚ ਨਾਵਲ ਵੀ ਸੱਭ ਤੋਂ ਪਹਿਲੋਂ ਬੰਗਾਲੀ ਭਾਸ਼ਾ ਵਿਚ ਹੀ ਲਿਖੇ ਜਾਣ ਲਗੇ। ਪੱਛਮੀ ਪ੍ਰਭਾਵ ਹੇਠ ਆਉਣ ਵਾਲੀ ਦੂਜੀ ਭਾਰਤੀ ਭਾਸ਼ਾ ਉਰਦੂ ਸੀ ਜਿਹੜੀ ਫ਼ਾਰਸੀ ਦੀ ਸਾਹਿੱਤਕ ਤੇ ਸਰਕਾਰੀ ਕੰਮ ਕਾਜ ਵਿਚ ਜਾਨਸ਼ੀਨ ਹੋਣ ਦੇ ਨਾਲ ਨਾਲ ਅੰਗਰੇਜ਼ ਅਧਿਕਾਰੀਆਂ ਦੀ ਵੀ ਚਹੇਤੀ ਭਾਸ਼ਾ ਸੀ, ਜਿਹੜੀ ਹਿੰਦੁਸਤਾਨੀ ਕਹਿ ਕੇ ਪ੍ਰਚਲਿਤ ਕੀਤੀ ਗਈ ਤੇ ਸਰਕਾਰੀ ਸਰਪ੍ਰਸਤੀ ਪ੍ਰਾਪਤ ਹੋਣ ਕਰਕੇ, ਹੋਰ ਸਾਰੀਆਂ ਪ੍ਰਾਂਤਕ ਭਾਸ਼ਾਵਾਂ ਨਾਲੋਂ ਵੱਧ ਤੇ ਛੇਤੀ ਵਿਗਸਤ ਤੇ ਪ੍ਰਫੁਲਤ ਹੋਈ। "ਉਰਦੂ ਨੂੰ ਜੋ ਅਵਸਰ ਵਾਰਤਕ ਦੀ ਰਚਨਾ, ਉਸ ਦੇ ਬਹੁ-ਅੰਗੀ ਫੈਲਾਉ ਅਤੇ ਉਨਤੀ ਦਾ ਮਿਲਿਆ, ਉਸ ਨੇ ਉਨ੍ਹੀਵੀਂ ਸਦੀ ਦੇ ਅੱਧ ਤੀਕ ਉਰਦੂ ਨੂੰ ਸੱਚ ਮੁੱਚ ਇਕ ਅਜਿਹੀ ਉਚੀ ਪੱਧਰ ਉੱਪਰ ਪਹੁੰਚਾ ਦਿੱਤਾ ਸੀ ਜਿੱਥੇ ਪਹੁੰਚ ਕੇ ਉਸ ਦੀ ਪ੍ਰਗਟਾਉ ਸ਼ਕਤੀ, ਲੋਚ ਤੇ ਲਚਕ, ਲਗਭਗ ਅੰਗਰੇਜ਼ੀ ਦੇ ਨੇੜੇ ਆਉਣ ਲਗ ਪਈ ਸੀ ਅਤੇ ਇਸ ਪੱਧਰ ਉਪਰ ਹੋਰ ਭਾਰਤੀ ਬੋਲੀਆਂ ਕਿੰਨੇ ਦਹਾਕੇ ਪਿੱਛੋਂ ਪਹੁੰਚ ਸਕੀਆਂ ਸਨ।"[31]

---

30. Farquhar J.N.,"Under the western impact, since 1870, Oriental study has reacted very powerfully on the Indian mind in various ways. Indian Scholars, inspired and trained in European methods have done brilliant service both in the editing of texts and in translation etc." Modern Religious Movements in India, p.25.

31. ਤਾਲਿਬ-ਗੁਰਬਚਨ ਸਿੰਘ, 'ਪੰਜਾਬੀ ਦੁਨੀਆਂ, ਪਟਿਆਲਾ, ਅਪ੍ਰੈਲ-ਮਈ, 1955, ਪੰਨਾ 102-103

ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਅੰਗਰੇਜ਼ੀ ਪੜ੍ਹੇ ਲਿਖੇ ਪੰਜਾਬੀਆਂ ਦੀ ਗਿਣਤੀ ਬਹੁਤ ਥੋੜ੍ਹੀ ਸੀ, ਪਰ ਉਰਦੂ ਦੇ ਸਰਕਾਰੀ ਤੇ ਵਿਦਿਅਕ ਭਾਸ਼ਾ ਵਜੋਂ ਥਾਪੇ ਜਾਣ ਉਪਰੰਤ, ਉਰਦੂ, ਜਾਣਨ ਵਾਲੇ ਪੰਜਾਬੀਆਂ ਦੀ ਗਿਣਤੀ ਬਹੁਤ ਵੱਧ ਗਈ। ਫ਼ਾਰਸੀ ਦੇ ਸਾਹਿੱਤਕ ਵਿਰਸੇ ਦੀ ਧਾਰਨੀ ਹੋਣ ਕਰਕੇ ਅਤੇ ਈਸਾਈ ਪਾਦਰੀਆਂ ਵਲੋਂ ਪ੍ਰਚਾਰ ਲਈ ਅਪਣਾਈ ਜਾਣ ਵਾਲੀ ਮੁਖ ਭਾਸ਼ਾ ਦੇ ਰੂਪ ਵਿਚ, ਉਰਦੂ ਨੂੰ ਉੱਨਤ ਹੋਣ ਦੇ ਵੱਧ ਅਵਸਰ ਪ੍ਰਾਪਤ ਹੋਏ। ਅਖ਼ਬਾਰਾਂ ਤੇ ਰਸਾਲੇ ਜਿਹੜੇ ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਜਾਰੀ ਹੋਏ ਉਨ੍ਹਾਂ ਵਿਚੋਂ 82 ਫ਼ੀਸਦੀ ਉਰਦੂ ਵਿਚ ਸਨ, ਜਦ ਕਿ ਪੰਜਾਬੀ ਵਿਚ ਕੇਵਲ 4.5 ਫ਼ੀਸਦੀ ਹੀ ਸਨ।[32] ਏਸ ਲਈ ਇਕ ਗਲ ਬਿਨ੍ਹਾਂ ਝਿਜਕ ਦੇ ਆਖੀ ਜਾ ਸਕਦੀ ਹੈ ਕਿ ਪੰਜਾਬੀ ਉਤੇ ਪੱਛਮੀ ਪ੍ਰਭਾਵ ਅਸਿੱਧੇ ਰੂਪ ਵਿਚ ਉਰਦੂ ਰਾਹੀਂ ਹੀ ਪਿਆ। ਪੱਤਰ-ਪੱਤਰਕਾਵਾਂ ਤੋਂ ਬਿਨਾਂ ਪੰਜਾਬ ਦੀਆਂ ਅੱਡ ਅੱਡ ਜਾਤੀਆਂ ਤੇ ਧਾਰਮਕ ਸੰਪਰਦਾਵਾਂ ਵਿਚਕਾਰ ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਜਿਹੜਾ ਸੰਪਰਦਾਇਕ ਖਿਚਾਉ ਚਲ ਰਿਹਾ ਸੀ, ਉਸ ਅੰਦੋਲਨ ਤੇ ਵਾਦ-ਵਿਵਾਦ ਦੀ ਮੁਖ ਭਾਸ਼ਾ ਵੀ ਉਰਦੂ ਹੀ ਸੀ ਤੇ ਆਰੀਆ ਸਮਾਜੀ, ਮਿਰਜ਼ਈ, ਈਸਾਈ ਆਦਿ ਸਭ ਉਰਦੂ ਵਿਚ ਹੀ ਅਪਣਾ ਪ੍ਰਚਾਰ ਕਰਦੇ ਸਨ ਤੇ ਪੈਂਫਲਿਟਾਂ, ਟ੍ਰੈਕਟਾਂ ਤੇ ਇਸ਼ਤਿਹਾਰਾਂ ਆਦਿ ਦੀ ਮੁਖ ਭਾਸ਼ਾ ਉਰਦੂ ਹੀ ਸੀ।[33] ਇਸ ਪੈਟਰਨ, ਰੁਚੀ ਤੇ ਲਹਿਜੇ ਤੋਂ ਪ੍ਰੇਰਿਤ ਹੋ ਕੇ ਸਿੱਖਾਂ ਨੇ ਆਪਣਾ ਬਹੁਤ ਸਾਰਾ ਉਪ੍ਰੋਕਤ ਢੰਗ ਵਾਲਾ ਸਾਹਿੱਤ ਪੰਜਾਬੀ ਵਿਚ ਲਿਖਿਆ ਜਿਹੜਾ ਪ੍ਰਾਪੇਗੰਡਾ ਸਾਹਿੱਤ ਹੀ ਆਖਿਆ ਜਾ ਸਕਦਾ ਹੈ। ਅੰਗਰੇਜ਼ੀ ਦੇ ਸਿੱਧੇ ਪ੍ਰਭਾਵ ਅਧੀਨ ਪੰਜਾਬੀ ਵਿਚ ਸਾਹਿੱਤ ਰਚਨਾ ਜਾਂ ਤਾਂ ਈਸਾਈ ਮਿਸ਼ਨਰੀਆਂ ਨੇ ਕੀਤੀ ਜਾਂ ਫੇਰ ਅੰਗਰੇਜ਼ੀ ਪੜ੍ਹੇ ਪੰਜਾਬੀਆਂ; ਵਿਸ਼ੇਸ਼ ਕਰਕੇ ਸਿੱਖਾਂ ਨੇ ਉਨ੍ਹੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ ਕਰਨੀ ਸ਼ੁਰੂ ਕੀਤੀ।

ਸੰਸਾਰ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਦੇ ਇਤਿਹਾਸਕ ਵਿਕਾਸ ਵਿਚ ਇਕ ਤੱਥ ਸਰਬ-ਵਿਆਪਕ ਹੈ ਕਿ ਇਕ ਦੂਜੇ ਦੇ ਸੰਪਰਕ ਵਿਚ ਆਉਣ ਵਾਲੀਆਂ ਭਾਸ਼ਾਵਾਂ ਅਵੱਸ਼ ਇਕ ਦੂਜੀ ਦੇ

---

32. Barrier N.G., "Language of the Press was over-whelmingly Urdu, Approximately 82% of all the news-papers in Panjab were in Urdu." The Panjab Press 1880-1905, East Lensing-Michigan-Occasional Paper No14, 1970, p.3.

33. ਉਹੀ, ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ, ਉਨ੍ਹੀਵੀਂ ਸਦੀ ਦੇ ਪੰਜਾਬ ਨਾਲ ਸੰਬੰਧਤ 2000 ਪੈਂਫਲਿੱਟ ਤੇ ਟ੍ਰੈਕਟ ਉਰਦੂ ਵਿਚ, 900 ਪੰਜਾਬੀ ਵਿਚ ਤੇ 800 ਹਿੰਦੀ ਵਿੱਚ ਸੁਰੱਖਿਅਤ ਪਏ ਹਨ।" ਪੰਜਾਬ ਪਾਸਟ ਐਂਡ ਪ੍ਰੈਜ਼ੰਟ, ਅਪ੍ਰੈਲ-1970, ਪੰਨਾ 156-186.

ਪ੍ਰਭਾਵ ਗ੍ਰਹਿਣ ਕਰਦੀਆਂ ਹਨ। ਇਹ ਪ੍ਰਭਾਵ ਹਾਕਮ ਤੇ ਮਹਿਕੂਮ ਦੀ ਸਥਿਤੀ ਵਿਚ ਆਪਣਾ ਸਰੂਪ ਬਦਲ ਲੈਂਦਾ ਹੈ, ਕਿਉਂਜੋ ਹਾਕਮ ਆਪਣੀ ਪ੍ਰਭਤਾ ਦੇ ਅਹਿਸਾਸ ਅਧੀਨ ਆਪਣੀ ਭਾਸ਼ਾ, ਰੱਜ ਆਚਾਰ ਤੇ ਸਭਿਆਚਾਰ ਗ਼ੁਲਾਮ ਕੌਮ ਉਤੇ ਠੋਸ ਕੇ ਆਪਣੀ ਸ਼ਕਤੀ ਤੇ ਅਧਿਕਾਰ ਨੂੰ ਚਿਰ-ਸਥਾਈ ਬਣਾਉਣ ਦਾ ਇੱਛਕ ਹੁੰਦਾ ਹੈ। ਮਹਿਕੂਮ ਦੀ ਭਾਸ਼ਾ ਪ੍ਰਭਾਵ ਤਾਂ ਗ੍ਰਹਿਣ ਕਰੇਗੀ, ਪਰ ਉਸ ਦੀ ਹੋਂਦ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ। ਪੰਜਾਬੀ ਉੱਤੇ ਫ਼ਾਰਸੀ ਤੇ ਉਰਦੂ ਦੇ ਪ੍ਰਭਾਵਾਂ ਦੀ ਉਦਾਹਰਣ ਸਾਡੇ ਸਾਹਮਣੇ ਹੈ। ਏਸੇ ਤਰ੍ਹਾਂ ਅੰਗ੍ਰੇਜ਼ੀ ਦਾ ਪ੍ਰਭਾਵ ਪੰਜਾਬੀ ਭਾਸ਼ਾ, ਸਾਹਿੱਤ ਤੇ ਸੰਸਕ੍ਰਿਤੀ ਉਤੇ ਤਾਂ ਪ੍ਰਤੱਖ ਹੈ, ਪਰ ਪੰਜਾਬੀ ਭਾਸ਼ਾ ਹਾਕਮਾਂ ਦੀ ਭਾਸ਼ਾ ਵਿਚ ਅਭੇਦ ਨਹੀਂ ਹੋਈ, ਅਮੀਰ ਜ਼ਰੂਰ ਹੋਈ ਹੈ ।[34] ਭਾਸ਼ਾਈ ਪ੍ਰਭਾਵ ਤੋਂ ਬਿਨਾਂ ਦੂਜਾ ਪ੍ਰਭਾਵ ਸਾਹਿੱਤਕ ਹੈ, ਜਿਹੜਾ ਵਿਸ਼ੇਸ਼ ਮਰਯਾਦਾ, ਰੂਪ ਤੇ ਸਮੱਗ੍ਰੀ ਤੇ ਕੁਝ ਹੱਦ ਤਕ ਨਵੀਂ ਗ੍ਰਹਿਣ ਕੀਤੀ ਚੇਤਨਤਾ ਦੁਆਰਾ ਪ੍ਰਵਿਸ਼ਟ ਹੁੰਦਾ ਹੈ। ਪੰਜਾਬੀ ਉਤੇ ਅੰਗਰੇਜ਼ੀ ਪ੍ਰਭਾਵ ਨੂੰ ਅਸੀਂ ਇਨ੍ਹਾਂ ਦੋਹਾਂ ਦ੍ਰਿਸ਼ਟੀਆਂ ਤੋਂ ਵਿਚਾਰਨਾ ਹੈ।

ਅੰਗਰੇਜ਼ੀ ਦਾ ਭਾਸ਼ਾਈ ਪ੍ਰਭਾਵ ਹੇਠ ਲਿਖੇ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ:-

ੳ) ਸ਼ਬਦ ਭੰਡਾਰ,
ਅ) ਵਾਕ-ਬਣਤਰ,
ੲ) ਵਿਆਕਰਣਕ ਨੇਮ,
ਸ) ਪ੍ਰਗਟਾ ਪ੍ਰਣਾਲੀ, ਮੁਹਾਵਰਾ ਲਹਿਜਾ ਅਖਾਉਤਾਂ ਆਦਿ।
ਹ) ਮੂਲ ਸ਼ਬਦਾਵਲੀ,
ਕ) ਬਿਸਰਾਮ ਚਿੰਨ੍ਹ ।

(ੳ) ਸ਼ਬਦ-ਭੰਡਾਰ:

ਪੱਛਮੀ ਭਾਸ਼ਾਵਾਂ ਤੇ ਅੰਗਰੇਜ਼ੀ ਦੇ ਸ਼ਬਦ ਪੰਜਾਬੀ ਵਿਚ ਤੱਤਸਮ ਤੇ ਤਦਭਵ ਦੋਹਾਂ ਰੂਪਾਂ ਵਿਚ ਆਏ ਹਨ। ਇਹ ਨਾਂ ਤਾਂ ਝਟਪਟ ਹੀ ਸਾਡੀ ਭਾਸ਼ਾ ਦਾ ਅੰਗ ਬਣ ਗਏ ਤੇ ਨਾ ਹੀ ਵਿਉਤ-ਬੱਧ

---

34. Marys. Serjinson-"When one nation subdues another, which speak a different language, the conquerors if their object has been political power, rather than settlement, may constitute an authority or ruling class, which is in point of view of numbers, much in the minority, compared with the whole body of conquered people. In case like this, it is only the native language, which survives, though the incoming dialect will very probably transfer to native vocabulary, words which express its own method of government and other cultural words." 'A History of Foreign Words in English' London, P.1-2.

ਢੰਗ ਨਾਲ ਲਿਆਂਦੇ ਗਏ ਹਨ। ਜਿਉਂ ਜਿਉਂ ਅੰਗਰੇਜ਼ੀ ਰਾਜ ਫੈਲਦਾ ਗਿਆ ਤੇ ਪੱਕੇ ਪੈਰਾਂ ਤੇ ਹੁੰਦਾ ਗਿਆ, ਉਸ ਦੇ ਨਾਲ ਹੀ ਜੀਵਨ ਦੇ ਵੱਖ ਵੱਖ ਖੇਤਰਾਂ ਵਿਚ, ਵੱਧ ਘੱਟ ਮਾਤ੍ਰਾ ਵਿਚ, ਅਪਨਾਉਣ ਤੇ ਗ੍ਰਹਿਣ ਕਰਨ ਵਾਲੇ ਦੀ ਰੁਚੀ ਅਨੁਸਾਰ ਤੇ ਆਵਸ਼ਕਤਾ, ਅਨੁਸਾਰ ਇਹ ਸ਼ਬਦ ਆਉਂਦੇ ਗਏ। ਵਪਾਰਕ ਵਸਤੂਆਂ, ਪ੍ਰਬੰਧਕੀ ਸੰਸਥਾਵਾਂ, ਵਿੱਦਿਅਕ ਲੋੜਾਂ ਤੇ ਸਾਹਿੱਤਕ ਪ੍ਰਗਟਾ ਦੀਆਂ ਆਵਸ਼ਕਤਾਵਾਂ ਨੇ ਸ਼ਬਦ ਗ੍ਰਹਿਣ ਕਰਨ ਦੀ ਗਤੀ ਨੂੰ ਨਿਸ਼ਚਿਤ ਕੀਤਾ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸੈਨਿਕ ਸੰਗਠਨ ਲਈ ਯੂਰਪੀ ਤੇ ਫ਼੍ਰਾਂਸੀਸੀ ਅਧਿਕਾਰੀ ਨਿਯੁਕਤ ਕੀਤੇ ਜਿਨ੍ਹਾਂ ਨੇ ਉਸ ਦੀ ਸੈਨਾ ਨੂੰ ਪੱਛਮੀ ਢੰਗ ਦੀ ਕਵਾਇਦ ਦੇ ਨਾਲ ਨਾਲ ਪੱਛਮੀ ਢਾਂਚੇ ਵਿਚ ਢਾਲਣ ਦਾ ਯਤਨ ਕੀਤਾ। ਸੁਭਾਵਿਕ ਹੀ ਸੀ ਕਿ ਨਵੀਂ ਸੈਨਿਕ ਸ਼ਬਦਾਵਲੀ ਪ੍ਰਚਲਿਤ ਹੋ ਜਾਂਦੀ। ਸੈਨਿਕ ਪੰਜਾਬ ਦੇ ਹਰ ਭਾਗ ਵਿੱਚੋਂ ਹੋਣ ਕਰਕੇ, ਛੁਟੀ ਜਾਂਦੇ ਜਾਂ ਉਨ੍ਹਾਂ ਦੇ ਸੇਵਾ-ਮੁਕਤ ਹੋ ਕੇ ਜਾਣ ਨਾਲ ਇਹ ਸ਼ਬਦਾਵਲੀ ਪੰਜਾਬ ਦੇ ਪਿੰਡ ਪਿੰਡ ਵਿਚ ਪੁਜ ਗਈ। ਇਹ ਪੱਛਮੀ ਭਾਸ਼ਾ ਦਾ ਪੰਜਾਬੀ ਉੱਤੇ ਪਹਿਲਾ ਪ੍ਰਭਾਵ ਆਖਿਆ ਜਾ ਸਕਦਾ ਹੈ, ਜਿਸ ਅਧੀਨ ਕੰਪਨੀ, ਮਾਰਚ, ਪਰੇਡ, ਪਲਟਨ, ਜਰਨੈਲ, ਕਪਤਾਨ, ਬੈਟਰੀ ਆਦਿ ਸੈਂਕੜੇ ਸ਼ਬਦ ਵਰਤੋਂ ਵਿਚ ਆ ਗਏ। ਰਾਜ-ਪ੍ਰਬੰਧ ਨੂੰ ਪੱਛਮੀ ਲੀਹਾਂ ਤੇ ਚਲਾਉਣ ਲਈ ਪੱਛਮੀ ਸ਼ਬਦਾਵਲੀ ਦਾ ਆ ਜਾਣਾ ਵੀ ਸੁਭਾਵਿਕ ਸੀ ਜਿਵੇਂ ਪੁਲੀਸ, ਇਨਸਪੈਕਟਰ, ਡਿਪਟੀ ਕਮਿਸ਼ਨਰ, ਕਮਿਸ਼ਨਰ, ਜੱਜ, ਮੈਜਿਸਟ੍ਰੇਟ, ਜੇਲ੍ਹ, ਬੈਰਿਸਟਰ, ਹਾਈ ਕੋਰਟ, ਸਾਰਜੰਟ, ਕਲਰਕ, ਡਾਕਟਰ, ਕੰਪਾਊਂਡਰ, ਹਸਪਤਾਲ, ਓਵਰਸੀਅਰ, ਇੰਜਨੀਅਰ, ਡਵੀਯਨ, ਹੈਡ ਕੁਆਰਟਰ, ਕਮੇਟੀ, ਅਪੀਲ ਇਤਿਆਦਿ। ਭਿੰਨ ਭਿੰਨ ਕਾਢਾਂ, ਪਰਚਲਿਤ ਵਿੱਦਿਅਕ ਸਰਗਰਮੀਆਂ ਤੇ ਵਿਕਾਸ ਨਾਲ ਸੰਬੰਧਿਤ ਵਰਤੋਂ ਵਿਚ ਆਉਣ ਵਾਲੀਆਂ ਹੋਰ ਵਸਤਾਂ ਦੇ ਨਾਂ ਯਥਾ ਰੇਲ, ਇੰਜਨ, ਲਾਈਨ, ਸਟੇਸ਼ਨ, ਟਿਕਟ, ਗਾਰਡ, ਪਲੈਟਫਾਰਮ, ਮਾਸਟਰ, ਪਾਰਸਲ, ਕਾਲਜ, ਸਕੂਲ, ਯੂਨੀਵਰਸਿਟੀ, ਪ੍ਰੋਫ਼ੈਸਰ, ਪ੍ਰਿੰਸੀਪਲ, ਕਾਪੀ, ਗ੍ਰਾਮਰ, ਡਿਕਸ਼ਨਰੀ, ਅਲਜਬਰਾ, ਜੁਮੈਟਰੀ, ਡਰਾਇੰਗ, ਰਜਿਸਟਰ, ਨਿੱਬ, ਹੋਲਡਰ, ਡੈਸਕ, ਬੈਂਚ ਡ੍ਰਿੱਲ, ਆਦਿ ਅਨੇਕ ਸ਼ਬਦ।

ਵਪਾਰੀਆਂ ਵਲੋਂ ਪ੍ਰਦੇਸ਼ਾਂ ਤੋਂ ਲਿਆਂਦੀਆਂ ਚੀਜ਼ਾਂ, ਪਹਿਰਾਵੇ ਤੇ ਹੋਰ ਸਮਾਜਕ ਘਟਨਾਵਾਂ ਲਈ ਵੀ ਹਜ਼ਾਰਾਂ ਨਵੇਂ ਸ਼ਬਦ ਆਮ ਲੋਕਾਂ ਦੇ ਮੂੰਹ ਤੇ ਚੜ੍ਹ ਗਏ:-

<u>ਪਹਿਰਾਵਾ ਤੇ ਖਾਣ ਪੀਣ</u>: ਬਟਨ, ਕੋਟ, ਬੂਟ, ਕਾਲਰ, ਟਾਈ, ਹੈਟ, ਫ਼ੈਸ਼ਨ, ਲੇਡੀ, ਵਾਸਕਟ, ਪਾਲਸ਼, ਪਾਊਡਰ, ਕੱਪ, ਪਲੇਟ, ਬੀਅਰ, ਬ੍ਰਾਂਡੀ, ਵਿਸਕੀ;

<u>ਖੇਡਾਂ ਨਾਲ ਸੰਬੰਧਿਤ</u> : ਹਾਕੀ, ਫ਼ੁੱਟਬਾਲ, ਕ੍ਰਿਕਿੱਟ, ਵਾਲੀਬਾਲ, ਟੈਨਸ, ਟੀਮ, ਕੈਪਟਨ, ਟੂਰਨਾਮੈਂਟ, ਬਾਲ, ਵਿਕਟ, ਪਿੱਚ, ਗਰਾਊਂਡ, ਰੈਫ਼ਰੀ, ਮੈਚ।

<u>ਆਰਥਕ ਢਾਂਚੇ ਨਾਲ ਸੰਬੰਧਿਤ</u>: ਬੈਂਕ, ਨੋਟ, ਪੌਂਡ, ਪਾਸ ਬੁਕ, ਚੈੱਕ।

ਕੁਝ ਪੁਰਤਗਾਲੀ ਸ਼ਬਦ ਵੀ ਪੰਜਾਬੀ ਭਾਸ਼ਾ ਦਾ ਅੰਗ ਬਣ ਗਏ ਭਾਵੇਂ ਇਹ ਸਿੱਧੇ ਨਹੀਂ ਸਗੋਂ ਹੋਰ ਭਾਸ਼ਾਵਾਂ ਦੇ ਰਾਹੀਂ ਹੀ ਪੰਜਾਬੀ ਵਿਚ ਆਏ ਹਨ:- ਅੰਗਰੇਜ਼, ਅਲਮਾਰੀ, ਗਿਰਜਾ, ਬੋਤਲ, ਪੀਪਾ, ਫੀਤਾ, ਪਾਦਰੀ, ਨਿਲਾਮ ਆਦਿ।[35]

(ਅ) <u>ਵਾਕ ਬਣਤਰ</u>:

ਪੱਛਮੀ ਪ੍ਰਭਾਵ ਤੋਂ ਪਹਿਲਾਂ ਪੰਜਾਬੀ ਵਾਰਤਕ ਦਾ ਠੁਕ ਨਹੀਂ ਸੀ ਬੱਝਾ ਅਤੇ ਇਸ ਦਾ ਘੇਰਾ ਸੀਮਿਤ ਤੇ ਭਿੰਨਤਾ ਰਹਿਤ ਸੀ।[36] ਸ਼ਬਦ ਤੇ ਵਾਕ ਜੁੜਵੇਂ ਸਨ ਅਤੇ ਇਨ੍ਹਾਂ ਨੂੰ ਨਿਖੇੜਨ ਤੇ ਠੀਕ ਅਰਥ ਜੋੜਨ ਜਾਂ ਕੱਢਣ ਵਿਚ ਪਾਠਕਾਂ ਨੂੰ ਕਾਫ਼ੀ ਔਕੜ ਹੁੰਦੀ ਸੀ। ਵਾਕ ਛੋਟੇ ਛੋਟੇ, ਟੁਟਵੇਂ ਤੇ ਕਾਵਿ-ਮਈ ਢੰਗ ਦੇ ਅਤੇ ਬਹੁਤੀ ਵਾਰੀ ਬੋਲ ਚਾਲ ਦੇ ਲਹਿਜੇ ਵਾਲੇ ਹੁੰਦੇ ਸਨ, ਜਿਵੇਂ ਕੋਈ ਕਥਾ ਕਰ ਰਿਹਾ ਹੋਵੇ। ਆਖੀ ਗਈ ਗੱਲ ਅਸਪਸ਼ਟ ਹੁੰਦੀ ਸੀ ਅਤੇ ਆਪਣੀ ਸੂਝ ਤੇ ਅਨੁਭਵ ਨਾਲ ਹੀ ਬਹੁਤੀ ਵਾਰੀ ਅਰਥਾਂ ਦੀ ਥਾਹ ਪਾਈ ਜਾਂਦੀ ਸੀ। ਵਾਕਾਂ ਦੀ ਬਣਤਰ, ਢੁਕਵੇਂ ਸ਼ਬਦਾਂ ਨੂੰ ਠੀਕ ਥਾਂ ਸਿਰ ਟਿਕਾਉਣ ਤੇ ਉਨ੍ਹਾਂ ਵਿਚ ਇਕਸਾਰਤਾ, ਨਿਆਇ-ਸ਼ੀਲਤਾ ਲਿਆਉਣ ਤੇ ਇਸ ਨੂੰ ਇੱਕ ਬੱਝਵੇਂ ਵਿਆਕਰਣਕ ਨੇਮ ਅਧੀਨ ਉਸਾਰਨ ਦੀ ਪਿਰਤ ਪੱਛਮੀ ਪ੍ਰਭਾਵ ਦੀ ਹੀ ਦੇਣ ਹੈ।[37] ਵਾਕ ਵਾਰਤਕ ਦੀ ਸੁਤੰਤਰ ਇਕਾਈ ਹੁੰਦਾ ਹੈ, ਜਿਸ ਉਪਰ ਵਾਰਤਕ ਦੇ ਮਹਿਲ ਦੀ ਉਸਾਰੀ ਹੋਣੀ ਹੁੰਦੀ ਹੈ। ਭਾਸ਼ਾ ਦੇ ਇਤਿਹਾਸ ਵਿੱਚ ਵਾਕ ਇਕ ਅਟੁਟ ਪੂਰਣ ਅੰਗ ਮੰਨਿਆ ਗਿਆ ਹੈ।... ਵਾਕ ਇਕ ਇਕੱਲੀ ਆਵਾਜ਼ ਹੈ। ਇਹ ਪ੍ਰਗਟਾਅ ਦੀ ਇਕਾਈ ਹੈ। ਲੰਮਾਈ, ਲੈਅ ਤੇ ਢਾਂਚਾ ਇਸ ਦੇ ਵਖ ਵਖ ਗੁਣ ਹਨ। ਇਹ ਸਭ ਸਮੂਚੇ ਤੌਰ ਤੇ ਵਾਕ ਬਣਾਉਂਦੇ ਹਨ। "ਸਧਾਰਣ ਵਾਕ, ਸੰਯੁਕਤ ਵਾਕ ਤੇ ਮਿਸ਼ਰਤ ਵਾਕ - ਬਣਤਰ ਦਾ ਰਿਵਾਜ ਵੀ ਏਸੇ ਸਮੇਂ ਪਿਆ। ਵਾਕਾਂ ਵਿਚ ਸ਼ਬਦਾਂ ਦੇ ਮੇਲ(ਕਨਕਾਰਡ) ਅਧਿਕਾਰ ਤੇ ਤਰਤੀਬ ਦੀ ਸੋਝੀ ਵੀ ਸਾਡੇ ਲੇਖਕਾਂ ਨੂੰ ਪੱਛਮੀ ਪ੍ਰਭਾਵ ਸਦਕਾ ਹੋਈ। ਸ਼ੈਲੀ ਦੇ ਬਾਹਰੀ ਰੂਪ ਦੇ ਗੁਣਾਂ ਦਾ ਆਧਾਰ ਸੁਚੱਜੀ ਵਾਕ-ਬਣਤਰ ਹੈ ਜਿਸ ਦੇ ਮਹੱਤਵ ਨੂੰ ਸਵੀਕਾਰ ਕਰਨ ਦੀ ਰੁਚੀ ਵੀ ਏਸੇ ਪ੍ਰਭਾਵ ਦਾ ਸਿੱਟਾ ਹੈ। ਸਾਰੀ ਪੁਸਤਕ ਨੂੰ ਵੱਖ ਵੱਖ ਕਾਂਡਾਂ ਵਿਚ ਵੰਡ ਕੇ, ਹਰ ਕਾਂਡ ਦਾ ਵੱਖਰਾ ਸਿਰਲੇਖ ਦੇਣਾ ਵੀ ਪੱਛਮੀ ਪ੍ਰਭਾਵ ਦਾ ਸਿੱਟਾ ਹੈ। ਪਹਿਲਾਂ ਲਗਭਗ ਸਾਰੀਆਂ ਕ੍ਰਿਤਾਂ ਆਦਿ ਤੋਂ ਅੰਤ ਤਕ ਇੱਕੋ ਤਰਤੀਬ ਤੇ ਢੰਗ ਵਿਚ ਚਲਦੀਆਂ ਸਨ।

---

35. ਉਪਰੋਕਤ ਸ਼ਬਦਾਂ ਦੀ ਚੋਣ, ਬਿਨਾਂ ਉਚੇਚ ਦੇ, ਉਨ੍ਹੀਵੀਂ ਸਦੀ ਦੇ ਅਖੀਰ ਤਕ ਛਪਣ ਵਾਲੀਆਂ ਅਖ਼ਬਾਰਾਂ ਵਿੱਚੋਂ ਕੀਤੀ ਗਈ ਹੈ। ਸੈਂਕੜੇ ਸ਼ਬਦ ਹੋਰ ਵੀ ਲਿਖਤ ਵਿਚ ਆ ਗਏ ਸਨ, ਜਿਨ੍ਹਾਂ ਨੂੰ ਏਥੇ ਇਸ ਲਈ ਦਰਜ ਨਹੀਂ ਕੀਤਾ ਤਾਂ ਜੋ ਸੂਚੀ ਬਹੁਤ ਲੰਬੀ ਨਾ ਹੋ ਜਾਏ।

36. ਇਸ ਬਾਰੇ ਵਿਸਤਾਰ ਪੂਰਵਕ ਚਰਚਾ, 'ਪੰਜਾਬੀ ਵਾਰਤਕ ਸਾਹਿਤ ਤੇ ਸਰਵੇਖਣ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।

37. ਸੋਤਲ-ਜੀਤ ਸਿੰਘ," ਵਾਰਤਕ ਤੇ ਵਾਰਤਕ ਸ਼ੈਲੀ- ਚੰਡੀਗੜ੍ਹ, 1974, ਪੰਨਾ 47-48.

(ੲ) <u>ਵਿਆਕਰਣ</u> :

ਭਾਸ਼ਾ ਲਈ ਵਿਆਕਰਣ ਦੀ ਮਹੱਤਤਾ, ਸੰਸਕ੍ਰਿਤ ਸਾਹਿੱਤ ਦਾ ਸਾਡੇ ਲਈ ਵਡਮੁਲਾ ਵਿਰਸਾ ਹੈ। ਫ਼ਾਰਸੀ ਵਿਆਕਰਣ ਦੀ ਪਰੰਪਰਾ ਵੀ ਸਾਡੇ ਲਈ ਓਪਰੀ ਨਹੀਂ ਸੀ। ਪਰ ਪੰਜਾਬੀ ਵਿਆਕਰਣ ਦਾ ਮੁਢ ਬੰਨ੍ਹਣ ਵਿਚ ਵੀ ਈਸਾਈ ਪਾਦਰੀਆਂ ਨੇ ਹੀ ਪਹਿਲ ਕੀਤੀ।[38] ਉਰਦੂ ਗ੍ਰਾਮਰ ਦੇ ਅਸੂਲ ਬਹੁਤ ਕਰਕੇ ਪੰਜਾਬੀ ਦੇ ਅਨੁਕੂਲ ਹੀ ਹਨ। ਉਰਦੂ, ਪੰਜਾਬ ਦੀ ਸਰਕਾਰੀ ਜ਼ੁਬਾਨ ਤੇ ਵਿਦਿਆ ਦਾ ਮਾਧਿਅਮ ਹੋਣ ਕਰਕੇ, ਪੰਜਾਬ ਵਿਚ ਆਮ ਪ੍ਰਚਲਿਤ ਸੀ ਤੇ ਇਸ ਦਾ ਸਿੱਧਾ ਪ੍ਰਭਾਵ ਪੰਜਾਬੀ ਉੱਤੇ ਪੈਣਾ ਬੜਾ ਸੁਭਾਵਿਕ ਸੀ। ਅੰਗਰੇਜ਼ੀ ਤੋਂ ਉਰਦੂ ਵਿਚ ਹਜ਼ਾਰਾਂ ਕਿਤਾਬਾਂ ਅਨੁਵਾਦ ਹੋ ਚੁਕੀਆਂ ਸਨ, ਜਿਸ ਨਾਲ ਉਰਦੂ ਵਾਰਤਕ ਦਾ ਪ੍ਰਭਾਵ ਪ੍ਰਤੱਖ ਹੈ। ਵਰਣ-ਬੋਧ, ਸ਼ਬਦ-ਬੋਧ ਤੇ ਵਾਕ-ਬੋਧ ਵਿਆਕਰਣ ਦੇ ਤਿੰਨ ਭਾਗ ਹਨ। ਇਨ੍ਹਾਂ ਸੰਬੰਧੀ ਘੜੇ ਗਏ ਨਿਯਮਾਂ ਦਾ ਆਧਾਰ ਅੰਗਰੇਜ਼ੀ ਵਿਆਕਰਣ ਹੀ ਹੈ।

(ਸ) <u>ਪ੍ਰਗਟਾ ਪ੍ਰਣਾਲੀ</u> :

ਪੱਛਮੀ ਭਾਸ਼ਾ ਤੇ ਸਾਹਿੱਤ ਦੇ ਗਿਆਨ ਨੇ ਜੀਵਨ ਦੇ ਭਿੰਨ ਭਿੰਨ ਪੱਖਾਂ ਅਤੇ ਗਿਆਨ ਵਿਗਿਆਨ ਦੀਆਂ ਅਨੇਕ ਧਾਰਾਵਾਂ ਨੂੰ ਪ੍ਰਗਟਾਉਣ ਦੀ ਸਮਰੱਥਾ ਬਖ਼ਸ਼ੀ। ਇਸ ਗਿਆਨ ਜਾਂ ਸੋਝੀ ਤੋਂ ਬਿਨਾਂ ਪੰਜਾਬੀ ਵਿਚ ਪਰਚਲਿਤ ਪ੍ਰਗਟਾ ਪ੍ਰਣਾਲੀਆਂ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਇਸ ਤੋਂ ਬਿਨਾਂ ਸਾਹਿੱਤ ਦੇ ਭਿੰਨ ਭਿੰਨ ਰੂਪਾਂ ਦਾ ਵਿਕਾਸ ਵੀ ਸੰਭਵ ਨਹੀਂ ਸੀ। ਇਸ ਬਾਰੇ ਵਧੇਰੇ ਚਰਚਾ ਏਸੇ ਅਧਿਆਇ ਦੇ ਸਾਹਿੱਤਕ ਪ੍ਰਭਾਵ ਵਾਲੇ ਭਾਗ ਵਿੱਚ ਕੀਤੀ ਗਈ ਹੈ।

(ਹ) <u>ਮੂਲ ਸ਼ਬਦਾਵਲੀ</u>:

ਹਰ ਵਿਗਸਤ ਭਾਸ਼ਾ ਦੀ ਮੂਲ ਸ਼ਬਦਾਵਲੀ ਹੁੰਦੀ ਹੈ। ਅਜਿਹੀ ਸ਼ਬਦਾਵਲੀ ਦੀ ਗਿਣਤੀ ਬਹੁਤੀ ਨਹੀਂ ਹੁੰਦੀ ਪਰ ਇਸ ਸ਼ਬਦਾਵਲੀ ਨੂੰ ਭਾਵ, ਵਿਚਾਰ ਜਾਂ ਸਾਹਿੱਤਕ ਪ੍ਰਗਟਾਵੇ ਲਈ ਭਿੰਨ ਭਿੰਨ ਰੂਪਾਂ ਜਾਂ ਅਰਥਾਂ ਵਿਚ ਵਰਤਿਆ ਜਾ ਸਕਦਾ ਹੈ। ਉਦਾਹਰਣ ਲਈ ਪੜ੍ਹਨਾ ਨੂੰ ਪੜ੍ਹਾਈ, ਪਾੜ੍ਹਾ, ਪੜ੍ਹਿਆ, ਪੜ੍ਹਨਹਾਰਾ, ਪੜ੍ਹਾਕੂ, ਪੜ੍ਹਨ-ਯੋਗ ਅਨਪੜ੍ਹ, ਇਤਿਆਦਿ ਰੂਪਾਂ ਤੇ ਅਰਥਾਂ ਵਿਚ ਵਰਤਿਆ ਜਾ ਸਕਦਾ ਹੈ। ਇਹ ਪ੍ਰਭਾਵ ਵੀ ਅੰਗਰੇਜ਼ੀ ਦਾ ਹੀ ਹੈ। ਏਸੇ ਤਰ੍ਹਾਂ ਸ਼ਬਦ ਦੇ ਸਥਾਈ ਅਰਥਾਂ ਨੂੰ ਲੇਖਕ ਦੀ ਅਨੁਭੂਤੀ ਅਨੁਸਾਰ ਨਵੇਂ ਕਾਵਿ-ਮਈ ਰੂਪਕ ਜਾਂ ਚਿਤ੍ਰਾਤਮਕ ਅਰਥਾਂ ਵਿਚ ਵਰਤਣ ਦਾ ਰਿਵਾਜ ਵੀ ਅੰਗਰੇਜ਼ੀ ਦੇ ਸੰਪਰਕ ਨਾਲ ਹੀ ਪਿਆ।

---

38. ਇਸ ਬਾਰੇ ਵਧੇਰੇ ਚਰਚਾ 'ਮਿਸ਼ਨਰੀਆਂ ਦੀ ਦੇਣ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।

(ਕ) ਬਿਸਰਾਮ ਚਿੰਨ੍ਹ :

ਬਿਸਰਾਮ ਚਿੰਨ੍ਹਾਂ ਦੀ ਵਰਤੋਂ ਭਾਰਤੀ ਭਾਸ਼ਾਵਾਂ ਉੱਤੇ ਪੱਛਮ ਦਾ ਇਕ ਬਹੁਤ ਵੱਡਾ ਪਰਉਪਕਾਰ ਆਖਿਆ ਜਾ ਸਕਦਾ ਹੈ। ਪਹਿਲੀ ਵਾਰ ਸਾਨੂੰ ਈਸਾਈ ਪਾਦਰੀਆਂ ਦੀਆਂ ਲਿਖਤਾਂ ਵਿਚ ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਦਿਖਾਈ ਦਿੰਦੀ ਹੈ । ਬਿਸਰਾਮ ਚਿੰਨ੍ਹਾਂ ਦੇ ਮਹੱਤਵ ਬਾਰੇ ਹਰਬਰਟ ਰੀਡ ਲਿਖਦਾ ਹੈ: [39]
" ਬਿਸਰਾਮ, ਚਿੰਨ੍ਹਾਂ ਦੀ ਬਣਤਰ ਕਰ ਕੇ ਨਿਆਇ-ਪੂਰਤ ਹੁੰਦਾ ਹੈ। ਇਹ ਲਿਖਤ ਵਿਚ ਪ੍ਰਗਟਾਏ ਜਾਣ ਵਾਲੇ ਭਾਵਾਂ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ ਤੇ ਵਿਚਾਰ-ਕ੍ਰਮ ਨੂੰ ਸਥਾਪਿਤ ਕਰਦਾ ਹੈ। ਇਹ ਵਿਤਰਕ-ਕ੍ਰਮ ਜਾਂ ਦਲੀਲ ਲਈ ਕੀਤੇ ਜਾਂਦੇ ਯਤਨਾਂ ਦੀ ਰੂਪ-ਰੇਖਾ ਘੜਦਾ ਹੈ ਅਤੇ ਵਾਸਤਵ ਵਿਚ ਕਥਨ ਦੇ ਪ੍ਰਗਟਾਅ ਨੂੰ ਅਰਥਾਂ ਦੇ ਹਿੱਤਾਂ ਲਈ, ਨਿਯੰਤਰਨ ਵਿਚ ਰਖਦਾ ਤੇ ਯੁਕਤੀ-ਬੱਧ ਬਣਾਉਂਦਾ ਹੈ।" ਹਰ ਬਿਸਰਾਮ ਚਿੰਨ੍ਹ, ਅਟਕਾ, ਜਾਂ ਠਹਿਰਾ ਦਾ ਸੂਚਕ ਹੁੰਦਾ ਹੈ ਜਿਸ ਦਾ ਸਮੇਂ ਨਾਲ ਸੰਬੰਧ ਹੁੰਦਾ ਹੈ, ਜਾਂ ਦੂਜੇ ਸ਼ਬਦਾਂ ਵਿਚ, ਹਰ ਬਿਸਰਾਮ ਦਾ ਥੋੜ੍ਹਾ ਜਾਂ ਬਹੁਤ ਠਹਿਰਾ-ਸਮਾਂ ਹੁੰਦਾ ਹੈ। ਹਰ ਬਿਸਰਾਮ ਇਸ ਗੱਲ ਦਾ ਸੂਚਕ ਹੁੰਦਾ ਹੈ ਕਿ ਇਸ ਥਾਂ ਕਿੰਨਾ ਠਹਿਰਨਾ ਹੈ।

ਬਿਸਰਾਮ ਚਿੰਨ੍ਹਾਂ ਦੀ ਵਰਤੋਂ, ਤਰਕ, ਭੌਤਿਕ ਲੋੜਾਂ ਅਤੇ ਰਚਨਾਂ ਦੀ ਚਾਲ ਦੀ ਦ੍ਰਿਸ਼ਟੀ ਤੋਂ ਪ੍ਰੇਰਿਤ ਮੰਨੀ ਜਾਂਦੀ ਹੈ। ਅੱਜ ਅਸੀਂ ਕਿਸੇ ਲਿਖਤ ਨੂੰ ਬਿਸਰਾਮ ਚਿੰਨ੍ਹਾਂ ਤੋਂ ਬਿਨਾਂ ਕਲਪਨਾ ਵਿਚ ਹੀ ਨਹੀਂ ਲਿਆ ਸਕਦੇ। ਇਹ ਸਭ ਪੱਛਮੀ ਪ੍ਰਭਾਵ ਦੀ ਹੀ ਦੇਣ ਹੈ।

ਪੱਛਮ ਦੇ ਉਪ੍ਰੋਕਤ ਭਾਸ਼ਾਈ ਪ੍ਰਭਾਵ, ਲਿਖਤ ਦੇ ਬਾਹਰੀ ਸਰੂਪ ਨੂੰ ਘੜਨ, ਬਨਾਉਣ, ਉਸਾਰਨ ਜਾਂ ਨਿਖਾਰਨ ਵਿਚ ਸਹਾਈ ਹੁੰਦੇ ਹਨ, ਪਰ ਲਿਖਤ ਦੇ ਅੰਤਰੀਵੀ ਗੁਣਾਂ ਦਾ ਆਧਾਰ ਹੋਰ ਤੱਥਾਂ ਉੱਤੇ ਹੈ। ਬਾਹਰੀ ਤੇ ਅੰਤਰੀਵੀ ਗੁਣ ਰਲ ਕੇ ਸ਼ੈਲੀ ਨੂੰ ਜਨਮ ਦਿੰਦੇ ਹਨ। ਅੰਤਰੀਵੀ ਗੁਣਾਂ ਦੀ ਵਿਆਖਿਆ ਦਾ ਆਧਾਰ ਵੀ ਪੱਛਮੀ ਪ੍ਰਭਾਵਾਂ ਦਾ ਪ੍ਰਤਿਫਲ ਹੈ ਜਿਸ ਵਿਚ ਲੇਖਕ ਦੀ ਬੌਧਿਕਤਾ, ਅਨੁਭੂਤੀ ਜਾਂ ਭਾਵਾਤਮਕਤਾ, ਤਰਕ, ਚਿੰਤਨ, ਕਲਪਨਾ, ਭਾਵ, ਵਿਅੱਕਤਿਤ੍ਵ, ਚਰਿਤਰ, ਨਿੱਜੀ ਸੂਝ ਤੇ ਪਰਿਪਰਾਈ ਰੁਚੀ ਸ਼ਾਮਲ ਹਨ। ਅਰਸਤੂ ਅਨੁਸਾਰ ਸ਼ੈਲੀ " ਉਨ੍ਹਾਂ ਸੰਭਵ ਸਾਧਨਾਂ ਨੂੰ ਦੇਖ ਸਕਣ ਦੀ ਸ਼ਕਤੀ ਹੈ ਜਿਨ੍ਹਾਂ ਅਨੁਸਾਰ ਕਿਸੇ ਦਿੱਤੇ ਹੋਏ ਵਿਸ਼ੇ ਸੰਬੰਧੀ ਲੋਕਾਂ ਨੂੰ ਮਨਾਇਆ ਜਾ ਸਕੇ । ਇਸ ਤਰ੍ਹਾਂ

---

39. Reade-Herbert," Punctuation by structure is logical. It serves to indicate and help the sense of what is being said. It marks off the process of thought, out-lines of the steps of argument, infact orders and controls the expression in the interests of meaning."

English Prose Style, P.47.

ਸ਼ੈਲੀ, ਰਚਨਾ-ਵਿਧਾਨ, ਪ੍ਰਗਟਾ ਸਾਧਨਾ, ਪ੍ਰਗਟਾ ਢੰਗਾਂ ਦੀ ਨਵੀਨਤਾ ਅਤੇ ਲੇਖਕ ਦੇ ਨਿੱਜੱਤਵ ਉਤੇ ਆਧਾਰਿਤ ਹੁੰਦੀ ਹੈ। ਸ਼ੈਲੀ ਸੰਬੰਧੀ ਇਹ ਸੂਝ ਵੀ ਪੱਛਮੀ ਪ੍ਰਭਾਵਾਂ ਸਦਕਾ ਹੀ ਆਈ। ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਸਾਡੀਆਂ ਭਾਸ਼ਾਵਾਂ ਦੇ ਸਾਹਿੱਤ ਵਿਚ ਇਸ ਨਵੀਨਤਾ, ਨਰੋਏ-ਪਨ ਤੇ ਪਹਿਲ-ਕਦਮੀ ਤੇ ਸ਼ਕਤੀਸ਼ਾਲੀ ਪ੍ਰਗਟਾ ਦੇ ਅਨੋਖੇ ਪਰਮਾਣ ਮਿਲਦੇ ਹਨ। ਇਨ੍ਹਾਂ ਨਵੇਂ ਘਟਨਾਂ ਜਾਂ ਉਦਮਾਂ ਅਧੀਨ ਬਹੁਤ ਸਾਰੇ ਨਵੇਂ ਸਾਹਿੱਤਕ ਰੂਪਾਂ ਹੋਂਦ ਵਿਚ ਆ ਗਏ[40] ਜਿਵੇਂ ਕਿ ਨਾਟਕ, ਇਕਾਂਗੀ, ਨਾਵਲ, ਕਹਾਣੀ ਲੇਖ, ਨਿੱਕੀ ਕਵਿਤਾ ਆਦਿ।

ਸਭ ਤੋਂ ਪਹਿਲਾ ਤੇ ਮੁਢਲਾ ਪੱਛਮੀ ਪ੍ਰਭਾਵ[41] ਪੰਜਾਬੀ ਵਾਰਤਕ ਉਤੇ ਪਿਆ।[42] ਵਾਰਤਕ ਦੀ ਉਪਜ ਤਾਂ ਕਈ ਸੌ ਸਾਲਾਂ ਤੋਂ ਹੋ ਰਹੀ ਸੀ। ਪਰ ਇਕ ਤਾਂ ਇਸ ਦੀ ਮਾਤ੍ਰਾ ਬਹੁਤ ਘੱਟ ਸੀ, ਦੂਜਾ ਇਸ ਨੂੰ ਬਹੁਤ ਸੀਮਿਤ ਮਨੋਰਥਾਂ, ਤੇ ਸੀਮਿਤ ਕਲਾ-ਰੂਪਾਂ ਯਥਾ ਜਨਮਸਾਖੀਆਂ, ਟੀਕੇ ਗੋਸ਼ਟਾਂ, ਪਰਮਾਰਥਾਂ ਆਦਿ ਲਈ ਹੀ ਵਰਤਿਆ ਜਾਂਦਾ ਸੀ। ਤੀਜਾ ਇਸ ਦੀ ਸ਼ੈਲੀ ਤੇ ਭਾਸ਼ਾ ਦਾ ਠੁਕ ਨਹੀਂ ਸੀ ਬੱਝਾ। ਸ਼ੈਲੀ ਵਿਆਖਿਆਤਮਕ, ਬੋਲ-ਚਾਲ ਦੇ ਲਹਿਜੇ ਵਾਲੀ, ਤੇ ਅਸਪੱਸ਼ਟ ਸੀ ਅਤੇ ਭਾਸ਼ਾ ਵਿਚ ਵੀ ਇਕਸਾਰਤਾ ਨਹੀਂ ਸੀ ਆਈ। ਸਥਾਨਕ ਰੰਗ ਹਰ ਲਿਖਤ ਉਤੇ ਪ੍ਰਬਲ ਸੀ ਅਤੇ ਇਸ ਦਾ ਆਧਾਰ ਲੇਖਕ ਦੇ ਇਲਾਕੇ ਦੀ ਉਪ-ਭਾਖਾ ਹੁੰਦਾ ਸੀ। ਸ਼ੈਲੀ ਤੇ ਭਾਸ਼ਾ ਦੀ ਕੋਈ ਮਰਯਾਦਾ ਹਾਲੇ ਨਹੀਂ ਸੀ ਬੱਝੀ। ਪੰਜਾਬੀ ਵਾਰਤਕ ਦੀ ਨਵੀਨ ਉਸਾਰੀ ਵਿਚ ਉਰਦੂ ਵਾਰਤਕ ਦਾ ਬਹੁਤ ਵੱਡਾ ਹੱਥ ਹੈ, ਜਿਸ ਨੇ

---

40. Farquhar J.N., "Only by 1870 a great change manifests itself in the spirit of the educated class in India. Wonderful outbursts of freshness, energy, initiative were visible. Many forms of new effort and organization appear." Modern Religious Movements in India- p.26.

41. ਇਸ ਵਿਸ਼ੇ ਤੇ ਵਿਚਾਰ ਕਰਨ ਤੋਂ ਪਹਿਲਾਂ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਯੂਰਪੀ ਜਾਂ ਪੱਛਮੀ ਸਾਹਿੱਤ ਦਾ ਜੋ ਵੀ ਪ੍ਰਭਾਵ ਪੰਜਾਬੀ ਉਤੇ ਪਿਆ, ਉਹ ਸੱਭ ਅੰਗਰੇਜ਼ੀ ਰਾਹੀਂ ਹੀ ਸੀ। ਸਾਡਾ ਸਿੱਧਾ ਵਾਹ ਅੰਗਰੇਜ਼ੀ ਨਾਲ ਹੀ ਪਿਆ, ਅਤੇ ਯੂਰਪੀ ਸਾਹਿੱਤ ਦੀਆਂ ਜਿਨ੍ਹਾਂ ਰੁਚੀਆਂ, ਧਾਰਨਾਵਾਂ ਜਾਂ ਅਨੁਭੂਤੀਆਂ ਤੇ ਕਲਾ-ਰੂਪਾਂ ਨੂੰ ਅੰਗਰੇਜ਼ੀ ਭਾਸ਼ਾ ਤੇ ਸਾਹਿੱਤ ਨੇ ਪੂਰਨ ਰੂਪ ਵਿਚ ਗ੍ਰਹਿਣ ਕਰ ਲਿਆ ਸੀ, ਪੰਜਾਬੀ ਸਾਹਿੱਤ ਵਿਚ ਉਸ ਦੇ ਹੀ ਕੁਝ ਕੁ ਪੈਰ-ਚਿੰਨ੍ਹ ਜਾਂ ਝਲਕਾਰੇ ਦੇਖੇ ਜਾ ਸਕਦੇ ਹਨ। ਇਸ ਲਈ ਇਸ ਅਧਿਆਇ ਵਿਚ ਜਿੱਥੇ ਜਿੱਥੇ ਵੀ ਪੱਛਮੀ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ, ਉਥੇ ਇਸ ਦਾ ਭਾਵ ਅੰਗਰੇਜ਼ੀ ਜਾਂ ਅੰਗਰੇਜ਼ੀ ਰਾਹੀਂ ਪ੍ਰਾਪਤ ਪੱਛਮੀ ਖ਼ਿਆਲ ਹੀ ਹੈ।

42. ਇਸ ਸੰਬੰਧੀ ਵਿਸਤਾਰ ਪੂਰਵਕ ਚਰਚਾ "ਪੰਜਾਬੀ ਵਾਰਤਕ ਸਾਹਿਤ ਦਾ ਸਰਵੇਖਣ" ਵਾਲੇ ਅਧਿਆਇ ਵਿਚ ਕੀਤੀ ਗਈ ਹੈ।

ਸਿੱਧੇ ਪੱਛਮੀ ਪ੍ਰਭਾਵ ਨੂੰ ਪੰਜਾਬੀ ਨਾਲੋਂ ਪਹਿਲਾਂ ਗ੍ਰਹਿਣ ਕੀਤਾ ਅਤੇ ਜਿਸ ਕੋਲ ਵਧੇਰੇ ਉਨਤ ਧਾਰਾ ਸੀ। ਇਸ ਵਾਰਤਕ ਦੀਆਂ ਦੋ ਖੂਬੀਆਂ ਸਾਡਾ ਵਿਸ਼ੇਸ਼ ਧਿਆਨ ਖਿਚਦੀਆਂ ਹਨ — ਆਪੇ ਨੂੰ ਪ੍ਰਗਟਾਉਣ ਦਾ ਨਿਸਚਿਤ ਮਨੋਰਥ ਅਤੇ ਆਖੀ ਗਈ ਗੱਲ ਨੂੰ ਵੱਧ ਤੋਂ ਵੱਧ ਪ੍ਰਭਾਵ-ਸ਼ਾਲੀ ਬਨਾਉਣ ਦੀ ਇੱਛਾ।

ਨਵੀਂ ਵਾਰਤਕ ਦਾ ਮੁੱਢ ਸਹੀ ਅਰਥਾਂ ਵਿਚ ਸ਼ਰਧਾ ਰਾਮ ਫਲੌਰੀ ਨਾਲ ਬੱਝਦਾ ਹੈ ਜਿਸ ਨੂੰ ਲੁਧਿਆਣੇ ਮਿਸ਼ਨ ਲਈ ਉਰਦੂ ਵਿਚ ਅੰਗਰੇਜ਼ੀ ਪੁਸਤਕਾਂ ਨੂੰ ਅਨੁਵਾਦ ਕਰਨ ਦਾ ਕਾਫ਼ੀ ਅਭਿਆਸ ਸੀ। ਇਸ ਤੋਂ ਪਿੱਛੋਂ ਮਿਸ਼ਨਰੀਆਂ ਵਲੋਂ ਪਾਏ ਗਏ ਪੂਰਨਿਆਂ ਉਤੇ ਪੰਜਾਬੀ ਵਿਚ ਟ੍ਰੈਕਟ, ਪੈਂਫਲਿਟ ਤੇ ਗਲਪ-ਰੂਪੀ ਕਹਾਣੀਆਂ[43] ਦੀ ਰਚਨਾ ਆਰੰਭੀ ਗਈ ਜਿਨ੍ਹਾਂ ਦਾ ਮਨੋਰਥ ਗੁਰਮਤਿ ਦੀ ਵਿਆਖਿਆ, ਗੁਰੂਆਂ ਦੀਆਂ ਜੀਵਨੀਆਂ, ਉਘੇ ਸੂਰਬੀਰਾਂ, ਭਗਤਾਂ ਤੇ ਸ਼ਹੀਦਾਂ ਦੀਆਂ ਕਰਨੀਆਂ ਨੂੰ ਦ੍ਰਿੜਾਉਣਾ ਸੀ। ਇਨ੍ਹਾਂ ਲਿਖਤਾਂ ਦਾ ਪੈਟਰਨ ਜਾਂ ਨਮੂਨਾ ਉਹੀ ਸੀ ਜਿਹੜਾ ਈਸਾਈ ਮਿਸ਼ਨਰੀਆਂ ਜਾਂ ਹੋਰ ਧਰਮਾਂ ਵਾਲਿਆਂ ਵਲੋਂ ਆਪੋ ਆਪਣੀਆਂ ਭਾਸ਼ਾਵਾਂ ਵਿਚ ਅਜਿਹੇ ਮਨੋਰਥਾਂ ਲਈ ਹੀ ਵਰਤਿਆ ਜਾਂਦਾ ਸੀ। ਇਸ ਨਾਲ ਪੰਜਾਬੀ ਵਾਰਤਕ ਟਕਸਾਲੀ ਰੂਪ ਧਾਰ ਕੇ ਜਾਂ ਠੇਠ ਤੇ ਪਰਮਾਣਿਕ ਮਿਯਾਰਾਂ ਨੂੰ ਪਾ ਕੇ ਹੈਰਾਨ ਜਨਕ ਢੰਗ ਨਾਲ ਪ੍ਰਫੁਲਤ ਹੋਣ ਲਗੀ। " ਬ੍ਰਜੀ ਤੇ ਫਾਰਸੀ ਦੋਹਾਂ ਦੇ ਪ੍ਰਭਾਵਾਂ ਤੋਂ ਮੁਕਤ ਹੋ ਕੇ ਪੰਜਾਬੀ ਵਾਰਤਕ ਵਧੇਰੇ ਅਮੀਰ, ਵੰਨ-ਸਵੰਨੀ ਤੇ ਤਾਲ-ਮਈ ਇਕਸਾਰਤਾ ਨੂੰ ਗ੍ਰਹਿਣ ਕਰਨ ਲਗੀ। "[44]

ਜਿਸ ਤਰ੍ਹਾਂ ਪਿੱਛੇ ਹਵਾਲਾ ਦਿੱਤਾ ਜਾ ਚੁਕਾ ਹੈ, ਅੰਗਰੇਜ਼ੀ ਨਾਵਲ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੇ ਆਰੰਭ ਤਕ ਬਹੁਤ ਵਿਗਸਤ ਹੋ ਚੁਕਾ ਸੀ ਅਤੇ ਬੰਗਾਲੀ ਤੇ ਉਰਦੂ ਵਿਚ ਨਾਵਲ ਰਚਨਾ ਦੇ ਤਜਰਬੇ ਉਨ੍ਹੀਵੀਂ ਸਦੀ ਦੇ ਅੱਧ ਤਕ ਹੋ ਚੁਕੇ ਸਨ। ਸਰ ਵਾਲਟਰ ਸਕਾਟ ਦਾ ਨਾਂ ਇਤਿਹਾਸਕ ਨਾਵਲਕਾਰ ਦੇ ਮੋਢੀ ਦੇ ਤੌਰ ਤੇ ਸਾਰੇ ਯੂਰਪ ਵਿਚ ਫੈਲ ਚੁੱਕਾ ਸੀ। ਉਸੇ ਦਾ ਪ੍ਰਭਾਵ ਭਾਈ ਵੀਰ ਸਿੰਘ ਦੁਆਰਾ ਰਚਿਤ ਅਰਧ-ਇਤਿਹਾਸਕ ਨਾਵਲਾਂ, ਸੁੰਦਰੀ, ਬਿਜੈ ਸਿੰਘ ਤੇ ਸਤਵੰਤ ਕੌਰ ਵਿਚ ਦੇਖਿਆ

---

43. ਇਨ੍ਹਾਂ ਟ੍ਰੈਕਟਾਂ, ਪੈਂਫਲਿਟਾਂ ਤੇ ਹੋਰ ਅਜਿਹੇ ਸਾਹਿੱਤ ਦੀ ਸਰਬ-ਪੱਖੀ ਵਿਆਖਿਆ, " ਵਾਰਤਕ ਸਾਹਿਤ ਦਾ ਸਰਵੇਖਣ " ਵਾਲੇ ਅਧਿਆਇ ਵਿਚ ਕੀਤੀ ਗਈ ਹੈ।

44. Mohan Singh(Dr.), "In this period Prose has made astonishing advances. It has shed its stiltedness, involutions, repetitions and Braji heaviness and Persian truncation. Its gait is lighter, its heart is richer, its colours more striking and its rhythms more balanced."History of Punjabi Literature- Amritsar,1956, page 92.

ਜਾ ਸਕਦਾ ਹੈ। ਭਾਵੇਂ ਇਨ੍ਹਾਂ ਨੂੰ ਨਾ ਤਾਂ ਸਫ਼ਲ ਇਤਿਹਾਸਕ ਨਾਵਲ ਹੀ ਆਖਿਆ ਜਾ ਸਕਦਾ ਹੈ ਤੇ ਨਾ ਹੀ ਕਲਾ ਜਾਂ ਰੂਪ ਦੇ ਪੱਖੋਂ ਇਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਸੰਪੂਰਨਤਾ ਜਾਂ ਪਕਿਆਈ ਦਿਖਾਈ ਦਿੰਦੀ ਹੈ। ਬੰਗਲਾ ਤੇ ਉਰਦੂ ਦੇ ਇਸ ਕਾਲ ਦੇ ਨਾਵਲਾਂ ਵਿਚ ਵੀ ਕਿਸੇ ਆਦਰਸ਼ਕ ਨਾਇਕ ਨਾਇਕਾਵਾਂ ਜਾਂ ਇਤਿਹਾਸਕ ਵਿਅਕਤੀਆਂ ਨੂੰ ਹੀ ਚਿਤ੍ਰਿਆ ਹੁੰਦਾ ਸੀ ਜਿਹੜੇ ਰੋਮਾਂਟਿਕ ਘਟਨਾਵਾਂ ਤੇ ਅਦਭੁਤ ਵਾਤਾਵਰਣ ਵਿਚ ਵਿਚਰਦੇ ਯਥਾਰਥ ਜੀਵਨ ਨਾਲੋਂ ਟੁੱਟੇ ਪ੍ਰਤੀਤ ਹੁੰਦੇ ਸਨ। ਲੁਧਿਆਣਾ ਮਿਸ਼ਨ ਦੁਆਰਾ 1882 ਈ. ਵਿਚ ਪ੍ਰਕਾਸ਼ਤ ਨਾਵਲ "ਜਯੋਤਿਰੁਦੇ" ਕਲਾ ਦੇ ਪੱਖੋਂ ਸੰਪੂਰਨ ਤੇ ਵਿਸ਼ੇ ਦੇ ਪੱਖੋਂ ਵਧੇਰੇ ਨਰੋਆ ਤੇ ਯਥਾਰਥਕ ਹੈ, ਪਰ ਇਸ ਨਾਵਲ ਨੇ ਨਾ ਤਾਂ ਪੰਜਾਬੀ ਨਾਵਲ ਦੀ ਕਿਸੇ ਨਵੀਂ ਪਰੰਪਰਾ ਨੂੰ ਜਨਮ ਦਿੱਤਾ ਜਾਂ ਮੁਢ ਬੰਨ੍ਹਿਆ ਅਤੇ ਨਾ ਹੀ ਉਨ੍ਹੀਵੀਂ ਸਦੀ ਦੇ ਅਖੀਰ ਤਕ ਰਚੇ ਗਏ ਨਾਵਲਾਂ ਨੂੰ ਪ੍ਰਭਾਵਿਤ ਕੀਤਾ। ਏਸੇ ਤਰ੍ਹਾਂ ਮੌਲਵੀ ਨਜ਼ੀਰ ਅਹਿਮਦ ਦੇ ਉਰਦੂ ਨਾਵਲ "ਮੀਰਾਤ-ਉਲ-ਅਰੂਸ" ਦਾ 1880 ਈ. ਵਿਚ ਪੰਜਾਬੀ ਅਨੁਵਾਦ, ਭਾਈ ਹਜ਼ਾਰਾ ਸਿੰਘ ਨੇ 'ਦੁਲਹਨ ਦਰਪਨ' ਨਾਂ ਹੇਠ ਕੀਤਾ, ਪਰ ਉਰਦੂ ਜਾਂ ਬੰਗਾਲੀ ਵਿਚ ਰਚੇ ਜਾ ਚੁੱਕੇ ਸੈਂਕੜੇ ਨਾਵਲਾਂ ਵਿੱਚੋਂ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਕਿਸੇ ਦਾ ਵੀ ਅਨੁਵਾਦ ਛਪ ਕੇ ਸਾਹਮਣੇ ਨਾ ਆਇਆ। ਕੁਝ ਇਕ ਗਲਪ ਰਚਨਾਵਾਂ ਦੇ ਹਵਾਲੇ ਤਾਂ ਮਿਲਦੇ ਹਨ, ਪਰ ਉਹ ਨਾਵਲ ਨਾਲੋਂ ਕਹਾਣੀ ਦੇ ਵੱਧ ਨੇੜੇ ਹਨ। ਪੰਜਾਬੀ ਪਾਠਕਾਂ ਵਲੋਂ ਇਸ ਨਵੇਂ ਪੱਛਮੀ ਰੂਪ ਦੀ ਮੰਗ ਹੋਣੀ ਸੁਭਾਵਿਕ ਸੀ। "ਖ਼ਾਲਸਾ ਧਰਮ ਪ੍ਰਚਾਰਕ" ਨੇ 26 ਨਵੰਬਰ 1895 ਈ. ਦੇ ਪਰਚੇ ਤੋਂ "ਦੋ ਸਹੇਲੀਆਂ ਦਾ ਸੰਬਾਦ" ਨਾਂ ਦਾ ਨਾਵਲ ਲੜੀਵਾਰ ਛਾਪਣਾ ਸ਼ੁਰੂ ਕੀਤਾ ਤੇ ਇਸ ਬਾਰੇ ਸੰਪਾਦਕ ਵਲੋਂ ਇਹ ਨੋਟ ਦਿੱਤਾ ਗਿਆ:-

> "ਅੱਜ ਕਲ੍ਹ ਬਹੁਤ ਪੁਰਖਾਂ ਨੂੰ ਨਾਵਲ ਦਾ ਸ਼ੌਕ ਹੈ। ਇਸ ਲਈ ਅਸੀਂ ਇਕ ਅਜਿਹੀ ਨਾਵਲ ਪ੍ਰਾਰੰਭ ਕਰਦੇ ਹਾਂ ਕਿ ਜੋ ਕਈ ਪ੍ਰਕਾਰ ਕਰ ਕੇ ਲਾਭਦਾਇਕ ਹੋਵੇਗੀ। ਪਾਠਕਾਂ ਨੂੰ ਚਾਹੀਦਾ ਹੈ ਕਿ ਜ਼ਰੂਰ ਇਸ ਨੂੰ ਪੜ੍ਹਿਆ ਕਰਨ।"

ਏਸੇ ਤਰ੍ਹਾਂ ਮਹਾਰਾਜਾ ਨਾਭਾ ਦੁਆਰਾ ਸੰਗ੍ਰਹਿ ਕੀਤਾ ਗ੍ਰੰਥ "ਜੋ ਦੇਸ਼ ਤੇ ਕੌਮ ਦੇ ਸੁਧਾਰ ਲਈ" ਲਿਖਿਆ ਗਿਆ, ਉਪ੍ਰੋਕਤ ਅਖ਼ਬਾਰ ਵਿਚ "ਇਕ ਸਿੰਘ ਅਰ ਜ਼ਿਮੀਦਾਰ" ਨਾਂ ਹੇਠ 4 ਮਈ 1895 ਤੋਂ ਛਪਣਾ ਸ਼ੁਰੂ ਹੋਇਆ ਤੇ ਲਗਭਗ 35 ਕਿਸ਼ਤਾਂ ਵਿਚ ਛਪਦਾ ਰਿਹਾ। ਇਹ ਵੀ ਨਾਵਲ ਵਰਗੀ ਇਕ ਲੰਬੀ ਕਹਾਣੀ ਹੀ ਹੈ। ਉਨ੍ਹੀਵੀਂ ਸਦੀ ਦੇ ਅੰਤ ਤੇ ਲਗਭਗ ਨਾਵਲ ਲਿਖਣ ਦੇ ਜੋ ਤਜਰਬੇ ਭਾਰਤੀ ਬੋਲੀਆਂ ਵਿਚ ਕੀਤੇ ਗਏ, ਉਹ ਯੂਰਪੀਨ ਉਨਤ ਨਾਵਲ ਨਾਲ ਮੋਢੇ ਨਾਲ ਮੋਢਾ ਨਹੀਂ ਡਾਹ ਸਕਦੇ। ਲੇਖਕ ਹਾਲੀ ਅਨਜਾਣ ਸਨ ਅਤੇ ਇਸ ਕਰਕੇ ਆਪਣੇ ਕਲਾ-ਤਾਣ ਅਤੇ ਆਪਣੀ ਆਪਣੀ ਬੋਲੀ ਦੀ ਪਰੰਪਰਾ ਅਨੁਸਾਰ ਨਾਵਲ ਦਿਆਂ ਕੁਛ ਅੰਗਾਂ ਨੂੰ ਹੀ ਅਪਣਾ ਸਕੇ। .. ਸਭਨਾਂ ਬੋਲੀਆਂ ਵਿਚ ਹੀ ਨਾਵਲ, ਆਦਰਸ਼ ਮਨੁੱਖ

ਦੀ ਕਥਾ ਬਣਿਆ, ਜਿਸ ਵਿਚ ਪਾਤਰ ਕਿਸੇ ਆਦਰਸ਼ - ਆਚਰਨ ਨੂੰ ਪ੍ਰਗਟਾਉਣ ਵਾਲੇ ਅਤੇ ਘੋਰ ਅਸੱਤ ਨਾਲ ਯੁਧ ਕਰਨ ਵਾਲੇ ਕਹੇ ਜਾ ਸਕਦੇ ਹਨ।"[45]

ਸੋ ਨਿਸਚੇ ਨਾਲ ਆਖਿਆ ਜਾ ਸਕਦਾ ਹੈ ਕਿ ਉਨ੍ਹੀਵੀਂ ਸਦੀ ਦੇ ਅਖੀਰ ਤਕ ਦਾ ਪੰਜਾਬੀ ਨਾਵਲ, ਮੁਢਲੇ ਅਵਿਗਸਤ ਤੇ ਪ੍ਰਯੋਗਮਈ ਪੜਾ ਤੋਂ ਅਗਾਂਹ ਨਾ ਲੰਘ ਸਕਿਆ ਤੇ ਇਨ੍ਹਾਂ ਵਿਚੋਂ 'ਜੋਯਤ ਰ੍ਰਿਦਯ' ਤੇ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਹੀ ਕੁਝ ਮਹੱਤਵ ਹੈ ਜਿਨ੍ਹਾਂ ਦੀਆਂ ਕ੍ਰਿਤਾਂ ਨੂੰ ਆਦਰਸ਼ਵਾਦੀ ਅਰਧ-ਇਤਿਹਾਸਕ ਨਾਵਲਾਂ ਦਾ ਨਾਂ ਦਿੱਤਾ ਜਾ ਸਕਦਾ ਹੈ। ਜਿਥੋਂ ਤਕ "ਗਲਪ" ਦੇ ਦੂਜੇ ਅੰਗ, ਕਹਾਣੀ ਦਾ ਸੰਬੰਧ ਹੈ, ਇਸ ਦਾ ਆਰੰਭ ਵੀ ਈਸਾਈ ਮਿਸ਼ਨਰੀਆਂ ਨਾਲ ਹੀ ਚੌਪਤ੍ਰੀਆਂ[46] ਦੇ ਰੂਪ ਵਿਚ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਹੋਇਆ। ਰੋਚਿਕਤਾ ਕਰ ਕੇ, ਕਹਾਣੀ ਪ੍ਰਚਾਰ ਦਾ ਸਭ ਤੋਂ ਵਧੀਆ ਸਾਧਨ ਹੈ ਤੇ ਮਿਸ਼ਨਰੀ ਇਸ ਗੱਲੋਂ ਸੁਚੇਤ ਸਨ। ਇਸ ਲਈ ਉਨ੍ਹਾਂ ਨੇ ਬਾਈਬਲ ਵਿੱਚੋਂ ਘਟਨਾਵਾਂ ਲੈ ਕੇ, ਉਨ੍ਹਾਂ ਨੂੰ ਕਹਾਣੀ ਰੂਪ ਵਿਚ ਪੇਸ਼ ਕਰਨ ਦੀ ਪਹਿਲ ਕੀਤੀ। ਇਹ ਕਹਾਣੀਆਂ ਕਲਾ ਦੇ ਪੱਖ ਤੋਂ ਬਿਲਕੁਲ ਸੰਪੂਰਨ ਹਨ। ਕਹਾਣੀਆਂ ਦਾ ਆਰੰਭ ਝਟ ਪਟਾ ਤੇ ਦੋ ਪਾਤਰਾਂ ਦੀ ਵਾਰਤਾਲਾਪ ਨਾਲ ਹੁੰਦਾ ਹੈ। ਪਾਤਰਾਂ ਦੇ ਚਰਿਤ੍ਰਾਂ ਦੀ ਬਰੀਕ ਛੋਹਾਂ ਦੁਆਰਾ ਉਸਾਰੀ ਕੀਤੀ ਹੁੰਦੀ ਹੈ ਤੇ ਉਨ੍ਹਾਂ ਦੇ ਸੁਭਾਵਾਂ ਨੂੰ ਮਨੋ-ਵਿਗਿਆਨਕ ਦ੍ਰਿਸ਼ਟੀ ਤੋਂ ਚਿਤ੍ਰਿਆ ਹੁੰਦਾ ਹੈ। ਗੋਂਦ ਨੂੰ ਘਟਨਾਵਾਂ ਉਤੇ ਉਸਾਰ ਕੇ ਸਿਖ਼ਰ ਵਲ ਨੂੰ ਲਿਜਾਇਆ ਜਾਂਦਾ ਹੈ ਤੇ ਇਕ ਦੋ ਛੋਹਾਂ ਲਾ ਕੇ ਸੁਝਾਊ ਢੰਗ ਨਾਲ ਕਹਾਣੀਆਂ ਦਾ ਅੰਤ ਹੋ ਜਾਂਦਾ ਹੈ। ਆਧੁਨਿਕ ਨਿੱਕੀ ਕਹਾਣੀ ਵਾਲੇ ਲਗਭਗ ਸਾਰੇ ਤੱਤ ਅਸੀਂ ਇਨ੍ਹਾਂ ਕਹਾਣੀਆਂ ਵਿੱਚੋਂ ਦੇਖ ਸਕਦੇ ਹਾਂ। ਇਨ੍ਹਾਂ ਤੋਂ ਪ੍ਰੇਰਣਾ ਲੈ ਕੇ ਵਖ ਵਖ ਕੌਮਾਂ ਵਲੋਂ ਆਪੋ ਅਪਣੇ ਧਰਮਾਂ ਸੰਬੰਧੀ ਪ੍ਰਚਾਰ ਕਰਨ ਲਈ, ਬੜੀ ਉਦਾਰਤਾ ਤੇ ਕੁਸ਼ਲਤਾ ਨਾਲ ਏਸੇ ਰੂਪ ਨੂੰ ਅਪਣਾਇਆ ਗਿਆ ਤੇ ਟ੍ਰੈਕਟਾਂ[47] ਪੈਂਫ਼ਲਿਟਾਂ ਤੇ ਅਖ਼ਬਾਰਾਂ ਰਾਹੀਂ ਇਸ ਕਲਾ-ਰੂਪ ਨੂੰ ਵਿਗਸਾਇਆ ਗਿਆ। ਭਾਵੇਂ ਮਨੋਰਥ

---

45. ਤਾਲਿਬ-ਗੁਰਬਚਨ ਸਿੰਘ , ਪੰਜਾਬੀ ਦੁਨੀਆਂ, ਪਟਿਆਲਾ, ਅਪ੍ਰੈਲ-ਮਈ 1955, ਪੰਨਾ 118.

46. Uppal S.S., Story is the most suitable literary form which can make dogmatic preachings palatable and digestable. This form of fiction has the potentialities of sugar-coating the bitter dogma, with this thing in view the story form was put to service. Stories from the Bible were published in Gurmukhi Character in a lucid style."Bible dian Kahanian" published by Ludhiana Mission Press in 1377. The beauty is that each of them contains a story complete in all respects. "Panjabi Short Story, Its Origin and Development." Delhi-1966, p.230.

47. ਇਨ੍ਹਾਂ ਟ੍ਰੈਕਟਾਂ ਵਿਚ ਪ੍ਰਗਟਾਏ ਗਏ " ਕਹਾਣੀ ਦੇ ਤੱਤਾਂ" ਬਾਰੇ ਵਧੇਰੇ ਚਰਚਾ 'ਵਾਰਤਕ ਸਾਹਿੱਤ ਦਾ ਸਰਵੇਖਣ' ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।

ਸਭਨਾਂ ਦਾ ਧਾਰਮਿਕ ਤੇ ਸੁਧਾਰਕ ਸੀ, ਪਰ ਖੂਬੀ ਇਹ ਹੈ ਕਿ ਪਰਾਸਰੀਰਕ ਅੰਸ਼ ਲਿਆਉਣ ਦੀ ਬਜਾਇ ਇਨ੍ਹਾਂ ਵਿਚ ਨਿਆਇਸ਼ੀਲਤਾ ਤੇ ਯਥਾਰਥ ਦੀ ਝਲਕ ਪੈਂਦੀ ਹੈ। ਈਸਾਈ ਮਿਸ਼ਨਰੀਆਂ ਵਲੋਂ ਲਿਖੇ ਗਏ ਚੌਪਤ੍ਰੀਆਂ ਤੇ ਕਹਾਣੀ ਸੰਗ੍ਰਹਿਾਂ ਦੀ ਗਿਣਤੀ ਸੱਠ ਦੇ ਕਰੀਬ ਹੈ।[48] ਨਾਵਲ ਦੇ ਟਾਕਰੇ ਤੇ ਕਹਾਣੀ ਦੀ ਉਪਜ ਤਾਂ ਬੇਸ਼ਕ ਵੱਧ ਆਖੀ ਜਾ ਸਕਦੀ ਹੈ, ਪਰ ਪੱਛਮੀ ਪ੍ਰਭਾਵਾਂ ਅਧੀਨ ਰਚੀ ਗਈ ਪੰਜਾਬੀ ਕਹਾਣੀ ਦਾ ਅਸਲੀ ਰੂਪ ਤੇ ਮੁਹਾਂਦਰਾ ਵੀਹਵੀਂ ਸਦੀ ਵਿਚ ਹੀ ਉਘੜਿਆ।

ਇਸ ਕਾਲ ਦੇ ਪੰਜਾਬੀ ਨਾਟਕ ਉਤੇ ਪੱਛਮੀ ਪ੍ਰਭਾਵ ਨਾ ਹੋਇਆਂ ਬਰਾਬਰ ਹੀ ਹੈ। ਕੁਲ ਪੰਜ ਜਾਂ ਛੇ ਨਾਟਕੀ ਕ੍ਰਿਤਾਂ ਦੇ ਹਵਾਲੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਮਿਲਦੇ ਹਨ। ਗਿ: ਦਿੱਤ ਸਿੰਘ ਦੇ ਦੋਵੇਂ ਨਾਟਕ 'ਰਾਜ ਪ੍ਰਬੋਧ ਨਾਟਕ' ਤੇ 'ਸੁਪਨ ਨਾਟਕ' ਬ੍ਰਜੀ ਵਿਚ ਹਨ। 'ਮਖ਼ਮੂਰ ਚੰਦ' ਦਾ ਨਾਟਕ, ਸ਼ਰਾਬ ਤੇ ਹੋਰ ਨਸ਼ਿਆਂ ਦੇ ਵਿਰੁਧ ਪ੍ਰਚਾਰ ਦੇ ਆਸ਼ੇ ਅਧੀਨ ਲਿਖਿਆ ਗਿਆ ਜਿਸ ਨੂੰ ਡਾਕਟਰ ਜੇ.ਸੀ. ਉਮਾਨ ਨੇ "ਐਨ ਅਪਟੂਡੇਟ ਟੈਂਪ੍ਰੈਂਸ ਪਲੇ" ਆਖਿਆ।[49] ਉਸ ਨੇ ਹਿੰਦੁਸਤਾਨ ਦੇ ਹੋਰ ਨਾਟਕ ਵੀ ਸਟੇਜ ਉਤੇ ਖੇਡੇ ਜਾਂਦੇ ਦੇਖੇ ਸਨ ਤੇ ਉਨ੍ਹਾਂ ਸਭਨਾਂ ਦੇ ਟਾਕਰੇ ਤੇ ਇਸ ਨਾਟਕ ਨੂੰ ਸਫਲ ਆਖਿਆ ਹੈ। ਉਹ ਇੰਗਲੈਂਡ ਦੇ ਵੀ ਚੰਗੇ ਤੋਂ ਚੰਗੇ ਨਾਟਕਾਂ ਨੂੰ ਦੇਖਦਾ ਆਇਆ ਸੀ ਤੇ ਉਸ ਦੀ ਪ੍ਰਸ਼ੰਸਾ ਨਿਸਚੇ ਹੀ ਪੱਛਮੀ ਆਧਾਰਾਂ ਤੇ ਮਿਯਾਰਾਂ ਉਤੇ ਉਸਰੀ ਆਖੀ ਜਾ ਸਕਦੀ ਹੈ। ਹਜ਼ਾਰੀ ਲਾਲ ਦੇ ਨਾਟਕ "ਸਭ ਦਿਲ ਪਸੰਦ"[50] ਨੂੰ ਉਸ ਵੇਲੇ ਦੀ ਇਕ ਸਫਲ ਨਾਟਕੀ ਕ੍ਰਿਤ ਆਖਿਆ ਜਾ ਸਕਦਾ ਹੈ। ਇਹ ਨਾਟਕ 'ਇੰਦਰ ਸਭਾ' ਨਾਟਕ ਦੇ ਨਮੂਨੇ ਜਾਂ ਪੈਟਰਨ ਤੇ ਲਿਖਿਆ ਗਿਆ। 'ਇੰਦਰ ਸਭਾ' ਨਾਟਕ ਪੰਜਾਬ ਵਿਚ ਪਾਰਸੀ ਥੀਏਟਰ ਕੰਪਨੀ ਵਲੋਂ ਖੇਡ ਕੇ ਦਿਖਾਇਆ ਜਾਂਦਾ ਰਿਹਾ, ਜਿਸ ਨੂੰ ਉਰਦੂ ਵਿਚ ਇਕ ਮੁਸਲਮਾਨ ਨੇ ਅਵਧ ਦੇ ਬਾਦਸ਼ਾਹ ਵਾਜਦ ਅਲੀ ਦੇ ਕਹਿਣ ਤੇ ਤਿਆਰ ਕੀਤਾ ਗਿਆ ਸੀ।[51] ਹਜ਼ਾਰੀ ਲਾਲ ਦਾ ਨਾਟਕ ਵੀ ਸਟੇਜ ਉਤੇ ਖੇਡ ਕੇ ਵਿਖਾਇਆ ਗਿਆ। ਇਸੇ ਤਰ੍ਹਾਂ 'ਪ੍ਰਹਿਲਾਦ ਭਗਤ' ਤੇ 'ਪੂਰਨ ਭਗਤ' ਨਾਂ ਦੇ ਨਾਟਕ ਵੀ ਪੰਜਾਬੀ ਤੋਂ ਉਰਦੂ ਵਿਚ ਅਨੁਵਾਦ ਕਰ ਕੇ ਪਾਰਸੀ ਕੰਪਨੀਆਂ ਵਲੋਂ

---

47. ਇਨ੍ਹਾਂ ਟ੍ਰੈਕਟਾਂ ਵਿਚ ਪ੍ਰਗਟਾਏ ਗਏ "ਕਹਾਣੀ ਦੇ ਤੱਤਾਂ" ਬਾਰੇ ਵਧੇਰੇ ਚਰਚਾ 'ਵਾਰਤਕ ਸਾਹਿੱਤ ਦਾ ਸਰਵੇਖਣ' ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।
48. ਇਨ੍ਹਾਂ ਬਾਰੇ ਵਿਸਤਾਰ ਪੂਰਵਕ ਚਰਚਾ 'ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।
49. ਓਮਾਨ, ਜੇ.ਸੀ., "ਕੱਲਟਸ, ਕੱਸਟਮਜ਼ ਐਂਡ ਸੁਪਰਸਟੀਸ਼ਨਜ਼ ਔਫ਼ ਇੰਡੀਆ" ਲੰਡਨ 1908, ਪੰਨਾ 190.
50. ਪ੍ਰਕਾਸ਼ਨਾ ਦੀ ਸੂਚੀ(ਗ੍ਰਹਿ ਵਿਭਾਗ) ਭਾਰਤ ਸਰਕਾਰ ਸਾਲ 1886 ਈ., ਪੰਨਾ 60.
51. ਉਹੀ, ਨੰਬਰ 38, ਪੰਨਾ 61.

ਲਾਹੌਰ ਵਿਚ ਖੇਡੇ ਗਏ। "ਸਵਾਂਗ ਰਾਜਾ ਹਰੀ ਚੰਦ"[52] ਨਾਂ ਦਾ ਨਾਟਕ ਵੀ ਪੰਜਾਬੀ ਵਿਚ 1887 ਈ. ਵਿਚ ਪ੍ਰਕਾਸ਼ਤ ਹੋਇਆ ਤੇ 'ਸਵਾਂਗ' ਸ਼ਬਦ ਦੀ ਵਰਤੋਂ ਦਸਦੀ ਹੈ ਕਿ ਇਹ ਨਾਟਕ ਵੀ ਸਟੇਜ ਲਈ ਹੀ ਲਿਖਿਆ ਗਿਆ। 'ਸੰਗ ਪ੍ਰਹਿਲਾਦ" ਤੇ ' ਜੰਮੂ ਨਾਟਕ - ਯਾਨੀ ਪੁਲੀਟੀਕਲ ਡਰਾਮਾ ਕਸ਼ਮੀਰ ਪਰ" ਦੇ ਛਪਣ ਦੇ ਪ੍ਰਮਾਣ ਵੀ ਮਿਲਦੇ ਹਨ, ਪਰ ਯਤਨ ਕਰਨ ਤੇ ਵੀ ਇਹ ਪੁਸਤਕਾਂ ਮਿਲ ਨਹੀਂ ਸਕੀਆਂ। 1891 ਈ. ਵਿਚ ਬਾਲਕ ਰਾਮ ਕ੍ਰਿਤ 'ਸਾਂਗ ਪੂਰਨ ਭਗਤ' ਪ੍ਰਕਾਸ਼ਤ ਹੋਇਆ।[54] ਇਨ੍ਹਾਂ ਨਾਟਕਾਂ ਉਤੇ ਪੱਛਮੀ ਪ੍ਰਭਾਵ ਕਿਸ ਹਦ ਤਕ ਪਿਆ, ਇਸ ਦਾ ਨਿਰਣਾ ਏਸੇ ਗਲ ਤੋਂ ਹੋ ਜਾਂਦਾ ਹੈ ਕਿ ਪੰਜਾਬ ਵਿਚ ਨਾਟਕ ਦਾ ਪੁਨਰ-ਉਥਾਨ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਪਿਛੋਂ ਹੀ ਹੁੰਦਾ ਹੈ ਤੇ ਪਾਰਸੀ ਥੀਏਟਰ ਕੰਪਨੀਆਂ ਦੀ ਪੰਜਾਬ ਫੇਰੀ ਵੀ ਉਸੇ ਸਮੇਂ ਆਰੰਭ ਹੋਈ। ਇਹ ਕੰਪਨੀਆਂ ਉਰਦੂ ਦੇ ਮੌਲਿਕ ਅਤੇ ਅੰਗਰੇਜ਼ੀ ਦੇ ਅਨੁਵਾਦਤ ਨਾਟਕ ਖੇਡ ਕੇ ਵਿਖਾਉਂਦੀਆਂ ਸਨ। ਪੰਜਾਬੀ ਵਿਚ ਇਸ ਕਾਲ ਵਿਚ ਜਿੰਨੇ ਵੀ ਨਾਟਕੀ ਪ੍ਰਯੋਗ ਹੋਏ, ਉਨ੍ਹਾਂ ਉਤੇ ਸਿੱਧਾ ਜਾਂ ਅਸਿੱਧਾ ਪੱਛਮੀ ਪ੍ਰਭਾਵ ਪ੍ਰਤੱਖ ਹੈ।[55]

ਪੱਛਮੀ ਪ੍ਰਭਾਵਾਂ ਅਧੀਨ ਪੰਜਾਬੀ ਕਵਿੱਤਾ ਦਾ ਆਧੁਨਿਕ ਯੁਗ ਭਾਈ ਵੀਰ ਸਿੰਘ ਨਾਲ ਵੀਹਵੀਂ ਸਦੀ ਵਿਚ ਆਰੰਭ ਹੁੰਦਾ ਹੈ, ਪਰ ਬੀਜ ਰੂਪ ਵਿਚ ਕੁਝ ਕੁ ਅਜਿਹੀਆਂ ਘਟਨਾਵਾਂ, ਪ੍ਰਸਥਿਤੀਆਂ ਅਤੇ ਸੁਚੇਤ ਯਤਨ ਹੋਏ ਜਿਨ੍ਹਾਂ ਅਧੀਨ ਇਨ੍ਹਾਂ ਵਰ੍ਹਿਆਂ ਵਿਚ ਪੰਜਾਬੀ ਕਵਿਤਾ ਨਵੇਂ ਪ੍ਰਭਾਵ ਗ੍ਰਹਿਣ ਕਰਨ ਲਗੀ। 1872 ਈ. ਵਿਚ ਲਾਹੌਰ ਵਿਚ ਉਰਦੂ ਮੁਸ਼ਾਹਰਿਆਂ ਦਾ ਮੁਢ ਬੱਝਾ ਜਿਨ੍ਹਾਂ ਤੋਂ ਪ੍ਰੇਰਣਾ ਲੈ ਕੇ ਪੰਜਾਬੀ ਕਵੀ ਦਰਬਾਰਾਂ ਦਾ ਵੀ ਰਿਵਾਜ ਪੈ ਗਿਆ। ਇਨ੍ਹਾਂ ਕਵੀ ਦਰਬਾਰਾਂ ਵਿਚ ਪੜ੍ਹੀਆਂ ਜਾਣ ਵਾਲੀਆਂ ਕਵਿਤਾਵਾਂ ਆਕਾਰ ਵਿਚ ਛੋਟੀਆਂ ਤੇ ਇੱਕੋ ਵਿਸ਼ੇ ਦੁਆਲੇ ਘੁੰਮਦੀਆਂ ਸਨ ਤੇ ਵਿਸ਼ੇਸ਼ ਸਾਹਿੱਤਕ ਸੋਹਜ ਦੀਆਂ ਧਾਰਨੀ ਸਨ। ਇਹ ਨਿੱਕੀ ਕਵਿਤਾ ਲਿਖਣ ਦਾ ਰਿਵਾਜ ਸਿੱਧਾ ਪੱਛਮੀ ਪ੍ਰਭਾਵ ਅਧੀਨ ਪਿਆ। ਇਨ੍ਹਾਂ ਨਿੱਕੀਆਂ ਕਵਿਤਾਵਾਂ ਦੇ ਨਮੂਨੇ ਉਸ ਵੇਲੇ ਦੀਆਂ ਅਖ਼ਬਾਰਾਂ ਤੇ ਰਸਾਲਿਆਂ ਵਿੱਚੋਂ ਦੇਖੇ ਜਾ ਸਕਦੇ ਹਨ।

---

52. ਪ੍ਰਕਾਸ਼ਨਾਂ ਦੀ ਸੂਚੀ(ਗ੍ਰਿਹਿ ਵਿਭਾਗ) ਭਾਰਤ ਸਰਕਾਰ, ਨੰਬਰ 39, ਸੂਚੀ ਸਾਲ 1887
53. ਉਹੀ, ਨੰਬਰ 41, ਸੂਚੀ ਸਾਲ 1889
54. ਉਹੀ, ਨੰਬਰ 42, ਸੂਚੀ ਸਾਲ 1891
55. Harcharan Singh(Dr.)," The Modern theatre came into existence absolutely in imitation of the Western theatre, so much so that styles of acting, the forms in which a great number of our dramas are cast, out production technique and even our theatre buildings were all westernized. No one denies these facts in general."The Dramatic Traditions in the Panjab" Ph.D. Thesis, Delhi(unpublished.).

ਭਾਈ ਵੀਰ ਸਿੰਘ ਮਿਸ਼ਨਰੀ ਸਕੂਲ ਵਿਚ ਪੜ੍ਹੇ ਤੇ ਉਨ੍ਹਾਂ ਨੇ ਈਸਾਈ ਅਧਿਆਪਕਾਂ ਪਾਸੋਂ ਉੱਘੇ ਅੰਗਰੇਜ਼ ਕਵੀਆਂ ਸੰਬੰਧੀ ਮੁਢਲੀ ਜਾਣਕਾਰੀ ਪ੍ਰਾਪਤ ਕੀਤੀ, ਸਕੂਲ ਦੇ ਪਾਠ-ਕ੍ਰਮ ਵਿਚ ਅੰਗਰੇਜ਼ੀ ਦੀ ਕੋਈ ਪਾਠ-ਪੁਸਤਕ ਨੀਯਤ ਨਹੀਂ ਸੀ, ਤਾਂ ਵੀ ਭਾਈ ਸਾਹਿਬ ਨੇ ਅੰਗਰੇਜ਼ੀ ਦੀ ਇਕ ਪ੍ਰਸਿੱਧ ਕਵਿਤਾ "ਜੁਗਨੂੰ ਤੇ ਬੁਲਬੁਲ ਦੀ ਵਾਰਤਾਲਾਪ" ਨੂੰ 'ਦੋਹਾ' ਨਾਂ ਹੇਠ ਅਨੁਵਾਦ ਕਰ ਕੇ ਪ੍ਰਕਾਸ਼ਤ ਕੀਤਾ। ਭਾਈ ਸਾਹਿਬ ਨੇ ਛੋਟੀਆਂ ਸੁਧਾਰਕ ਤੇ ਧਾਰਮਿਕ ਕਵਿਤਾਵਾਂ ਦੇ ਨਾਲ ਨਾਲ ਏਸੇ ਸਮੇਂ ਕੁਝ ਕੁ ਗੀਤ ਵੀ ਲਿਖੇ ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਲਿਰਿਕ ਆਖਿਆ ਜਾਂਦਾ ਹੈ। ਇਹ ਗੀਤ ਗੁਰਪੁਰਬਾਂ ਦੇ ਮੌਕੇ ਤੇ ਲਿਖੇ ਜਾਂਦੇ ਸਨ ਤੇ ਖ਼ਾਲਸਾ ਟ੍ਰੈਕਟ ਸੁਸਾਇਟੀ ਜਾਂ ਖ਼ਾਲਸਾ ਸਮਾਚਾਰ ਵਿਚ ਪ੍ਰਕਾਸ਼ਤ ਕੀਤੇ ਜਾਂਦੇ ਸਨ। "ਕੰਬਦੀ ਕਲਾਈ" ਕਾਵਿ-ਸੰਗ੍ਰਹਿ ਵਿਚ ਇਨ੍ਹਾਂ ਸਭਨਾਂ ਦੇ ਨਮੂਨੇ ਦੇਖੇ ਜਾ ਸਕਦੇ ਹਨ। ਇਹ ਵੈਦਿਕ ਜਾਂ ਸੰਗੀਤਮਈ ਗੀਤ ਲਿਖਣ ਦੀ ਰੁਚੀ ਸਿੱਧੇ ਪੱਛਮੀ ਪ੍ਰਭਾਵ ਦਾ ਸਿੱਟਾ ਆਖੀ ਜਾ ਸਕਦੀ ਹੈ।

ਪਰ ਇਸ ਕਾਲ ਵਿਚ ਰਚੀ ਗਈ ਪੰਜਾਬੀ ਦੀ ਬਹੁਤੀ ਕਵਿਤਾ ਪਰੰਪਰਾਵਾਦੀ ਹੀ ਹੈ ਤੇ ਪੁਰਾਣੇ ਵਿਸ਼ੈ, ਰੂਪ, ਅਲੰਕਾਰ, ਬਿੰਬਾਵਲੀ ਤੇ ਕਾਵਿ-ਸ਼ਿਲਪ ਤੋਂ ਉਤਾਂਹ ਨਹੀਂ ਉਠ ਸਕੀ। ਏਥੋਂ ਤਕ ਕਿ ਈਸਾਈ ਮਿਸ਼ਨਰੀਆਂ ਦੁਆਰਾ ਰਚੀ ਗਈ ਪੰਜਾਬੀ ਕਵਿਤਾ ਵੀ ਸਧਾਰਣ ਤੁਕ-ਬੰਦੀ ਤੋਂ ਉਤਾਂਹ ਨਹੀਂ ਉਠ ਸਕੀ ਜਦ ਕਿ ਬਾਕੀ ਕਲਾ-ਰੂਪਾਂ ਵਿੱਚ ਰਚਿਆ ਗਿਆ ਸਾਹਿੱਤ ਕਾਫ਼ੀ ਸਫ਼ਲ, ਸੰਪੂਰਨ ਤੇ ਸਾਹਿੱਤਕ ਗੁਣਾਂ ਨਾਲ ਭਰਪੂਰ ਦਿਖਾਈ ਦਿੰਦਾ ਹੈ।

ਪੱਛਮੀ ਪ੍ਰਭਾਵ ਦਾ ਇਕ ਹੋਰ ਸ਼ਕਤੀਸ਼ਾਲੀ ਤੇ ਸਾਰਥਕ ਅਧਾਰ ਅਨੁਵਾਦ ਹਨ, ਜਿਹੜੇ ਬਦੇਸ਼ੀ ਭਾਸ਼ਾਵਾਂ, ਵਿਸ਼ੇਸ਼ ਕਰ ਕੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਬਹੁਤ ਵੱਡੀ ਮਾਤ੍ਰਾ ਵਿਚ ਕੀਤੇ ਜਾਣ ਲਗੇ। ਇਹ ਅਨੁਵਾਦ ਸੰਸਥਾਗਤ ਤੇ ਵਿਅਕਤੀਗਤ ਦੋਹਾਂ ਰੂਪਾਂ ਵਿੱਚ ਹੋਏ। ਅਨੁਵਾਦ ਕੀਤੇ ਜਾਣ ਵਾਲੀ ਰਚਨਾ ਦੀ ਚੋਣ, ਅਨੁਵਾਦ ਦਾ ਮਨੋਰਥ, ਅਨੁਵਾਦ ਦੀ ਪੱਧਰ, ਤੇ ਇਨ੍ਹਾਂ ਦਾ ਪ੍ਰਭਾਵ ਖੇਤਰ ਵੀ ਵਖ ਵਖ ਹੈ। ਅਨੁਵਾਦਾਂ ਨਾਲ ਜਿਥੇ ਕਿਸੇ ਭਾਸ਼ਾ ਦੀ ਪ੍ਰਗਟਾ-ਸਮਰੱਥਾ ਵਧਦੀ ਹੈ, ਉਥੇ ਨਵੇਂ ਕਲਾ-ਰੂਪਾਂ, ਵਿਚਾਰ-ਪਰਵਾਹਾਂ, ਨਵੀਆਂ ਚੇਤਨਾਵਾਂ ਤੇ ਭਾਵਨਾਵਾਂ ਦਾ ਵੀ ਪ੍ਰਕਾਸ਼ ਹੁੰਦਾ ਹੈ, ਜਿਹੜਾ ਅੱਗੋਂ ਸਾਹਿੱਤਕਾਰਾਂ ਦੀਆਂ ਮੌਲਿਕ ਕ੍ਰਿਤਾਂ ਲਈ ਪ੍ਰੇਰਣਾ ਦਾ ਸ੍ਰੋਤ ਵੀ ਬਣਦਾ ਹੈ ਤੇ ਸਾਹਿੱਤਕ ਸੂਝ ਦੇ ਸੰਚਾਰ ਦੁਆਰਾ, ਪ੍ਰਕ੍ਰਿਆ-ਜਗਤ ਵਿਚ ਨਵੀਆਂ ਸੰਭਾਵਨਾਵਾਂ ਵੀ ਪੈਦਾ ਕਰਦਾ ਹੈ। ਅੰਗਰੇਜ਼ੀ ਭਾਸ਼ਾ ਦੇ ਵਿਕਾਸ ਵਿਚ ਯੂਨਾਨੀ, ਲਾਤੀਨੀ, ਫ੍ਰਾਂਸੀਸੀ ਤੇ ਇਤਲਾਵੀ ਭਾਸ਼ਾਵਾਂ ਵਿੱਚੋਂ ਉੱਤਮ ਕਲਾ-ਕ੍ਰਿਤਾਂ ਦੇ ਅੰਗਰੇਜ਼ੀ ਅਨੁਵਾਦਾਂ ਦਾ ਬਹੁਤ ਵੱਡਾ ਹੱਥ ਹੈ ਜਿਸ ਨਾਲ ਉਹ ਸੰਸਾਰ ਦੀ ਸਭ ਤੋਂ ਉੱਤਮ ਭਾਸ਼ਾ ਬਣ ਗਈ। ਅੰਗਰੇਜ਼ੀ ਤੋਂ ਪੰਜਾਬੀ ਵਿਚ ਹੋਏ ਅਨੁਵਾਦਾਂ ਨੇ ਵੀ ਸਾਡੀ ਭਾਸ਼ਾ ਦੀ ਸਮਰੱਥਾ ਨੂੰ ਚਮਕਾਇਆ।

ਮੁਢਲੇ ਪੰਜਾਬੀ ਅਨੁਵਾਦ ਈਸਾਈ ਮਿਸ਼ਨਰੀਆਂ ਵਲੋਂ ਹੋਏ ਜਿਨ੍ਹਾਂ ਨੇ ਬਾਈਬਲ ਤੇ ਹੋਰ ਈਸਾਈ ਸਾਹਿੱਤ ਦੇ ਅਨੁਵਾਦ, ਸਰਲ ਤੇ ਲੋਕ-ਪੱਧਰ ਦੀ ਬੋਲ-ਚਾਲ ਦੀ ਭਾਸ਼ਾ ਵਿਚ ਸੈਂਕੜਿਆਂ

ਦੀ ਗਿਣਤੀ ਵਿਚ ਕੀਤੇ।[56] ਨਿਰੋਲ ਸਾਹਿੱਤਕ ਕ੍ਰਿਤਾਂ ਨਾਲੋਂ ਪਹਿਲਾਂ ਧਾਰਮਿਕ ਪ੍ਰਚਾਰ, ਸੁਧਾਰ ਜਾਂ ਜੀਵਨ-ਜਾਚ ਸੰਬੰਧੀ ਪੁਸਤਕਾਂ ਜਾਂ ਪੈਂਫਲਿਟਾਂ ਦੇ ਅਨੁਵਾਦ, ਲਫ਼ਜ਼-ਬਲਫ਼ਜ਼ ਜਾਂ ਆਧਾਰਿਤ ਰੂਪ ਵਿਚ ਹੋਏ। ਪੱਛਮੀ ਢੰਗ ਦੀਆਂ ਪਾਠ-ਪੁਸਤਕਾਂ ਦੇ ਵੀ, ਸਿੱਧੇ ਅੰਗਰੇਜ਼ੀ ਜਾਂ ਉਰਦੂ ਅਨੁਵਾਦਾਂ ਰਾਹੀਂ ਪੰਜਾਬੀ ਵਿਚ ਫੇਰ ਅਨੁਵਾਦ ਹੋਏ। ਵਿਅੱਕਤੀਗਤ ਯਤਨਾਂ ਤੋਂ ਬਿਨਾਂ "ਅੰਜੁਮਨਿ-ਪੰਜਾਬ" ਦਾ ਇਸ ਵਿਚ ਵਿਸ਼ੇਸ਼ ਹੱਥ ਹੈ। ਡਾਕਟਰੀ, ਇੰਜੀਨੀਅਰੀ, ਕਾਨੂੰਨ, ਨਿਆਂ ਤੇ ਰਾਜਨੀਤੀ ਦੀਆਂ ਪੁਸਤਕਾਂ ਤੋਂ ਬਿਨਾਂ ਹਿਸਾਬ, ਅਲਜਬਰਾ, ਜੁਮੈਟਰੀ, ਦਰਸ਼ਨ ਤੇ ਨਿਆਇ-ਸ਼ਾਸ਼ਤ੍ਰ ਆਦਿ ਦੇ ਵੀ ਅਨੁਵਾਦ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਕਾਫ਼ੀ ਮਾਤ੍ਰਾ ਵਿਚ ਪ੍ਰਕਾਸ਼ਤ ਹੋ ਚੁਕੇ ਸਨ।[57]

ਪੱਛਮੀ ਪ੍ਰਭਾਵ ਦਾ ਇਕ ਹੋਰ ਮਹੱਤਵ-ਪੂਰਨ ਅੰਗ, ਵਿਆਕਰਣ ਸ਼ਬਦ-ਕੋਸ਼, ਮੁਹਾਵਰੇ ਤੇ ਅਖਾਣ ਸੰਗ੍ਰਹਿ, ਜਾਤੀਆਂ, ਕਬੀਲਿਆਂ ਤੇ ਕੌਮਾਂ ਦੇ ਸੁਭਾ, ਚਰਿਤ੍ਰ, ਪਰੰਪਰਾ ਇਤਿਹਾਸ, ਭਾਸ਼ਾ ਤੇ ਸੰਸਕ੍ਰਿਤੀ ਆਦਿ ਸੰਬੰਧੀ ਮਾਨਵ-ਵਿਗਿਆਨ ਤੇ ਸਮਾਜ -ਵਿਗਿਆਨ ਦੇ ਅਸੂਲਾਂ ਦੇ ਆਧਾਰ ਤੇ ਅਧਿਐਨ ਸੀ, ਜਿਸ ਨੇ ਨਾ ਕੇਵਲ ਸਾਡੇ ਇਤਿਹਾਸ ਤੇ ਸਮਾਜ ਸੰਬੰਧੀ ਨਵੀਂ ਸੋਝੀ ਕਰਵਾਈ ਸਗੋਂ ਸਮਾਂ ਪਾ ਕੇ ਸਾਡੇ ਵਿਦਵਾਨ ਆਪ ਉਪ੍ਰੋਕਤ ਭਿੰਨ ਭਿੰਨ ਪੱਖਾਂ ਸੰਬੰਧੀ ਖੋਜ ਤੇ ਅਧਿਐਨ ਵਿੱਚ ਜੁਟ ਪਏ ਤੇ ਇਸ ਤਰ੍ਹਾਂ ਸਾਡੇ ਸਾਹਿੱਤ ਦਾ ਇਕ ਹੋਰ ਪੱਖ ਉਭਰਨ ਲੱਗਾ। ਇਸ ਪੱਖ ਦਾ ਭਰਪੂਰ ਉਭਾਰ ਤਾਂ ਨਿਸਚਿਤ ਰੂਪ ਵਿਚ ਵੀਹਵੀਂ ਸਦੀ ਵਿਚ ਹੀ ਸਾਡੇ ਦ੍ਰਿਸ਼ਟੀਗੋਚਰ ਹੋਇਆ, ਪਰ ਪੱਛਮੀ ਵਿਦਵਾਨਾਂ ਨੇ ਵਿਗਿਆਨਕ ਦ੍ਰਿਸ਼ਟੀ ਅਪਣਾ ਕੇ, ਮੁਢਲਾ ਤੇ ਅਤੀ ਲੋੜੀਂਦਾ ਕੰਮ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਬਹੁਤ ਹੱਦ ਤਕ ਮੁਕਾ ਲਿਆ ਸੀ। ਉਦਾਹਰਣ ਲਈ ਕੁਝ ਕੁ[58] ਅਜਿਹੀਆਂ ਰਚਨਾਵਾਂ ਦਾ ਵੇਰਵਾ ਏਥੇ ਦਿੱਤਾ ਜਾ ਰਿਹਾ ਹੈ:-

1) ਡਾਕਟਰ ਡਬਲਯੂ ਕੇਰੀ – " ਏ ਗ੍ਰਾਮਰ ਆਫ਼ ਪੰਜਾਬੀ ਲੈਂਗੂਏਜ " ਸੀਰਾਮਪੁਰ(1812 ਈ:)
2) ਲੈਫਟੀਨੈਂਟ ਸੀ.ਬੀ.ਲੀਚ—"ਪੰਜਾਬੀ ਗ੍ਰਾਮਰ "(1838 ਈ:)

---

56. ਇਸ ਬਾਰੇ ਵਿਸਤਾਰ-ਪੂਰਵਕ ਚਰਚਾ " ਈਸਾਈ ਮਿਸ਼ਨਰੀਆਂ ਦੀ ਦੇਣ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।
57. ਇਨ੍ਹਾਂ ਪਾਠ ਪੁਸਤਕਾਂ ਤੇ ਤਕਨੀਕੀ ਪੁਸਤਕਾਂ ਬਾਰੇ ਚਰਚਾ 'ਵਾਰਤਕ ਸਾਹਿੱਤ ਦਾ ਸਰਵੇਖਣ ਵਾਲੇ ਅਧਿਆਇ ਵਿਚ ਕੀਤੀ ਗਈ ਹੈ।
58. ਇਨ੍ਹਾਂ ਸੰਬੰਧੀ ਵਧੇਰੇ ਚਰਚਾ " ਈਸਾਈ ਮਿਸ਼ਨਰੀਆਂ ਦੀ ਦੇਣ " ਵਾਲੇ ਅਧਿਆਇ ਵਿਚ ਕੀਤੀ ਗਈ ਹੈ। 1901 ਈ: ਤੋਂ ਪਿਛੋਂ ਪ੍ਰਕਾਸ਼ਤ ਹੋਈਆਂ ਪੁਸਤਕਾਂ ਦਾ ਹਵਾਲਾ ਨਹੀਂ ਦਿੱਤਾ ਗਿਆ।

3) ਪਾਦਰੀ ਜੈਨਵੀਅਰ, " ਈਡੀਓਮੈਟਿਕ ਸੈਂਟਨਸਜ਼ ਇਨ ਇੰਗਲਿਸ਼ ਐਂਡ ਪੰਜਾਬੀ "(1846ਈ.)

4) ਜੇ.ਨਿਊਟਨ - " ਗ੍ਰਾਮਰ ਔਫ ਦੀ ਪੰਜਾਬੀ ਲੈਂਗੂਏਜ",(1851 ਈ.)।

5) ਕੈਪਟਨ ਸਟਾਰਕੀ ਤੇ ਬਸਾਵਾ ਸਿੰਘ – ਆਊਟ ਲਾਈਨ ਔਫ ਗ੍ਰਾਮਰ - ਅਲਸੋ ਡਾਇਲਾਗ," (1849 ਈ.)

6) ਕੈਪਟਨ ਸਟਾਰਕੀ "ਇੰਗਲਿਸ਼ ਪੰਜਾਬੀ ਡਿਕਸ਼ਨਰੀ "(1853 ਈ.)

7) ਜੈਨੀਵੀਅਰ " ਏ ਡਿਕਸ਼ਨਰੀ ਔਫ਼ ਦੀ ਪੰਜਾਬੀ ਲੈਂਗੂਏਜ(1854 ਈ.)

8) ਐਬਿਟ –"ਆਨ ਦੀ ਬੈਲਡਜ਼ ਐਂਡ ਲੀਜੰਡਜ਼ ਆਫ਼ ਪੰਜਾਬ(1854 ਈ.)।

9) ਜੌਹਨ ਬੀਮਜ਼ – " ਏ ਕੰਪੈਰੇਟਿਵ ਗ੍ਰਾਮਰ ਔਫ ਦੀ ਮੌਡਰਨ ਏਰੀਅਨ ਲੈਂਗੂਏਜਜ " (ਪੰਜਾਬੀ ਬਾਰੇ ਪੰਨੇ - 49,58,69,70,73-75)।

10) ਓ ਬਰੈਨ – 'ਗਲਾਸਰੀ ਔਫ਼ ਦੀ ਮੁਲਤਾਨੀ ਲੈਂਗੂਏਜ '(1881 ਈ:)।

11) ਟੀ.ਐਚ.ਥਾਮਸ– ਦੀ ਵਰਨੈਕੂਲਰ ਲਿਟ੍ਰੇਚਰ ਐਂਡ ਫੋਕਲੋਰ ਔਫ ਪੰਜਾਬ(1885)[59]

12) ਪਾਦਰੀ ਟ੍ਰੇਵਰ ਬੋਮਫੋਰਡ –' ਲੈਂਗੂਏਜ ਸਪੋਕਨ ਇਨ ਵੈਸਟ ਪੰਜਾਬ'(1895)[60]

13) ਮਿਸਟਰ ਜੇ.ਵਿਲਸਨ – "ਗ੍ਰਾਮਰ ਐਂਡ ਡਿਕਸ਼ਨਰੀ ਔਫ ਵੈਸਟ੍ਰਨ ਪੰਜਾਬੀ"(1898 ਈ.)। ਇਸ ਵਿਚ ਪੰਜਾਬੀ ਲੋਕ ਗੀਤ ਤੇ ਮੁਹਾਵਰੇ ਵੀ ਅਖ਼ੀਰ ਵਿਚ ਦੇ ਦਿੱਤੇ ਗਏ ਹਨ)।

14) ਈ.ਪੀ. ਨਿਊਟਨ –'ਪੰਜਾਬੀ ਮੈਨੂਅਲ ਐਂਡ ਗ੍ਰਾਮਰ'(1898 ਈ.)

15) ਡਾਕਟਰ ਜਿਊਕਸ - "ਡਿਕਸ਼ਨਰੀ ਔਫ ਜਟਕੀ ਆਰ ਵੈਸਟ੍ਰਨ ਪੰਜਾਬੀ ਲੈਂਗੂਏਜ '(1900)

16) ਮਿਸਟਰ ਓ.ਬਰੇਨ-' ਕਾਂਗੜੇ ਦੀ ਉਪ ਭਾਖ਼ਾ ਸੰਬੰਧੀ ਅਣ ਛਪਿਆ ਖਰੜਾ(1900 ਈ.)

17) ਟੀ.ਗ੍ਰਾਹਮ ਬੇਲੀ – ' ਸਾਂਸੀ ਉਪ-ਭਾਖਾ[61] ( ਇਹੀ ਪੁਸਤਕ ਦੋਬਾਰਾ 'ਸੀਕ੍ਰਿਟ ਵਰਡਜ਼ ਔਫ਼ ਕਸਾਈਜ਼, ਚੂੜ੍ਹਾਜ਼ ਐਂਡ ਅਰਗਾਟ ਵਰਡਜ਼ ਔਫ਼ ਪੰਜਾਬੀ ਰੈਬਲਰਜ਼ " ਦੇ ਨਾਂ ਹੇਠ ਛਪੀ।

18) ਸਰ ਚਾਰਲਸ ਇਬਟਸਨ -'ਪੰਜਾਬ ਕਾਸਟਸ(1883 ਈ.)

19) ਥਾਮਸ ਥਾਰਨਟਨ - " ਦੀ ਵਰਨੈਕੂਲਰ ਲਿਟ੍ਰੇਚਰ ਐਂਡ ਫੋਕਲੋਰ ਔਫ ਦੀ ਪੰਜਾਬ" (1885)

20) ਐਚ.ਏ.ਰਾਸ –' ਲੀਜੰਡਜ਼ ਫ੍ਰਾਮ ਦੀ ਪੰਜਾਬ'

21) ਐਚ.ਟੈਂਪਲ- ਸਰ ਰਿਚਰਡ ਓ – 'ਲੀਜੰਡਜ਼, ਫੋਕ-ਸਾਂਗਜ਼ ਐਂਡ ਫੋਕਲੋਰ ' ।

---

59. ਜਰਨਲ ਔਫ਼ ਦੀ ਰਾਇਲ ਏਸ਼ੀਆਟਕ ਸੁਸਾਇਟੀ, ਨੰਬਰ 15, ਪੰਨਾ 378-474.

60. ਉਹੀ, 1895 ਈ. ਵਿਚ ਪ੍ਰਕਾਸ਼ਤ ਹੋਇਆ।

61. ਉਹੀ – ਜਿਲਦ ਪਹਿਲੀ 1901, ਪੰਨਾ 7-14.

-(ਅ) ਸਮ ਹਿੰਦੂ ਫੋਕ-ਸਾਂਗਜ਼ ਫ੍ਰਾਮ ਦੀ ਪੰਜਾਬ – 1882 ਈ:

-(ੲ) ਡਾਇਸਰਟੇਸ਼ਨ ਔਨ ਦੀ ਪ੍ਰਾਪਰ ਨੇਮਜ਼ ਔਫ਼ ਪੰਜਾਬ – 1883 ਈ.

-(ਸ) ਪੰਜਾਬੀ ਪ੍ਰਾਨੰਨਸੀਏਸ਼ਨ – 1884 ਈ.

-(ਹ) ਵਰਡਜ਼ ਇਨ ਪੰਜਾਬੀ – 1884 ਈ.

ਇਨ੍ਹਾਂ ਪੱਛਮੀ ਵਿਦਵਾਨਾਂ ਦੇ ਪ੍ਰਭਾਵ ਨੂੰ ਕਬੂਲ ਕਰ ਕੇ ਲਾਲਾ ਅਮਰ ਨਾਥ ਨੇ ਪੰਜਾਬੀ ਵਿਆਕਰਣ ਤੇ ਰੋਮਨ ਅੱਖਰਾਂ ਵਿਚ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਲਿਖੀ। ਬਿਹਾਰੀ ਲਾਲ ਪੁਰੀ ਨੇ ਪੰਜਾਬੀ ਬਿਆਕਰਣ ਤੇ ਪਿੰਗਲ ਮੰਜਰੀ ਪ੍ਰਕਾਸ਼ਤ ਕੀਤੀ। ਡਾ: ਜਵਾਹਰ ਸਿੰਘ ਨੇ ਅੰਗਰੇਜ਼ੀ ਤੋਂ ਪੰਜਾਬੀ ਦੇ ਦੋ ਹਜ਼ਾਰ ਸ਼ਬਦਾਂ ਦਾ ਸ਼ਬਦ-ਕੋਸ਼ ਤਿਆਰ ਕੀਤਾ, ਜਿਹੜਾ 1895 ਈ. ਵਿਚ ਪ੍ਰਕਾਸ਼ਤ ਹੋਇਆ। 1895 ਈ. ਵਿਚ ਹੀ ਭਾਈ ਮੱਯਾ ਸਿੰਘ ਨੇ ਪੰਜਾਬੀ-ਅੰਗਰੇਜ਼ੀ ਕੋਸ਼ ਤਿਆਰ ਕੀਤਾ। ਸਾਲਗ ਰਾਮ ਨੇ 1897 ਈ. ਵਿਚ ਐਂਗਲੋ-ਗੁਰਮੁਖੀ ਡਿਕਸ਼ਨਰੀ ਛਾਪੀ।

ਪੱਛਮੀ ਢੰਗ ਦੀ ਸਾਹਿੱਤਕ ਪਰਖ ਪੜਚੋਲ ਦਾ ਰਿਵਾਜ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਦੇਖਣ ਵਿਚ ਨਹੀਂ ਆਉਂਦਾ, ਪਰ ਇਤਿਹਾਸਕ ਖੋਜ ਤੇ ਪਰਚਲਿਤ ਵਾਦ-ਵਿਵਾਦ ਸੰਬੰਧੀ ਨਿਆਇ-ਯੁਕਤ ਨਿਰਣਿਆਂ ਤੇ ਅਪੜਨ ਲਈ ਵਿਚਾਰ ਵਟਾਂਦਰੇ ਦੁਆਰਾ, ਠੀਕ ਸਿੱਟੇ ਕੱਢਣ ਦੀ ਰੁਚੀ ਦਾ ਆਰੰਭ ਜ਼ਰੂਰ ਹੋ ਗਿਆ ਸੀ। ਇਹ ਖੋਜ ਵਧੇਰੇ ਕਰ ਕੇ ਸਿੱਖ ਇਤਿਹਾਸ, ਗੁਰਮਤਿ ਸਿੱਧਾਂਤ ਤੇ ਪਰਚਲਿਤ ਮਾਨ-ਮਰਯਾਦਾ ਸੰਬੰਧੀ ਹੀ ਸੀ।[62]

ਜਿਸ ਤਰ੍ਹਾਂ ਪਿੱਛੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਜਾ ਚੁਕਾ ਹੈ, ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਪੰਜਾਬੀ ਭਾਸ਼ਾ ਤੇ ਸਾਹਿੱਤ ਉੱਤੇ ਜਿਹੜਾ ਵੀ ਪੱਛਮੀ ਪ੍ਰਭਾਵ ਪਿਆ, ਉਹ ਬਹੁਤ ਡੂੰਘਾ, ਬਹੁ-ਪੱਖੀ, ਸਰਬ-ਵਿਆਪੀ ਜਾਂ ਝਟ-ਪਟਾ ਨਹੀਂ ਸੀ। ਸਗੋਂ ਕੇਵਲ ਉਤੇਜਨਾ-ਮਈ ਤੇ ਉਤਸ਼ਾਹ-ਭਰਪੂਰ ਹੀ ਆਖਿਆ ਜਾ ਸਕਦਾ ਹੈ, ਪਰ ਇਸ ਉਤਸ਼ਾਹ ਜਾਂ ਉਤੇਜਨਾ ਦੀ ਭਾਵਨਾ, ਏਨੀ ਪ੍ਰਬਲ ਤੇ ਗਤੀ ਏਨੀ ਤੇਜ਼ ਸੀ, ਕਿ ਜਿੱਥੇ ਹੋਰ ਭਾਰਤ-ਵਾਸੀ ਸੌ ਸਾਲ ਵਿਚ ਪੁਜੇ, ਪੰਜਾਬੀਆਂ ਨੇ ਇਹ ਪੰਧ ਪੰਜਾਹ ਵਰ੍ਹਿਆਂ ਵਿਚ ਹੀ ਮੁਕਾ ਲਿਆ ਅਤੇ ਵੀਹਵੀਂ ਸਦੀ ਦੇ ਚੜ੍ਹਾ ਨਾਲ, ਜੇ ਵੱਧ ਨਹੀਂ ਤਾਂ ਘੱਟੋ ਘੱਟ ਬਾਕੀ ਭਾਸ਼ਾਵਾਂ ਜਾਂ ਪ੍ਰਾਂਤਾਂ ਜਿੰਨ੍ਹਾਂ ਪ੍ਰਭਾਵ ਤੇ ਉਨ੍ਹਤੀ ਜ਼ਰੂਰ ਹੋ ਚੁੱਕੀ ਸੀ। ਪੰਜਾਬੀ ਕੌਮ, ਅੰਤਹ-ਕਰਣ ਜਾਂ ਅੰਤਰਮੁਖਤਾ ਦਾ

---

62. ਉਦਾਹਰਣ ਲਈ 'ਦਸਮ ਗ੍ਰੰਥ ਦੀ ਸੁਧਾਈ ਦੀ ਰਪੋਟ', 'ਗੁਰ-ਪ੍ਰਨਾਲੀ', 'ਗੁਰਪੁਰਬ ਪ੍ਰਕਾਸ਼', ਤੇ 'ਗੁਰ-ਸਿੱਖਾਂ ਦੇ ਨਿਤ-ਕਰਮ' ਕੁਝ ਕੁ ਅਜਿਹੀਆਂ ਰਚਨਾਵਾਂ ਹਨ ਜਿਹੜੀਆਂ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਕੀਤੀਆਂ ਗਈਆਂ।

ਪੱਲਾ ਛੱਡ ਕੇ ਵਿਗਿਆਨਕ, ਬਾਹਰ-ਮੁਖੀ, ਆਲੋਚਨਾਤਮਿਕ ਤੇ ਨਿਰ-ਅਧਿਕਾਰਿਤ ਬ੍ਰਿਤੀ ਨੂੰ ਧਾਰਨ ਕਰਨ ਯੋਗ ਹੋ ਗਏ ਸਨ, ਜਿਹੜੀ ਬੌਧਿਕ ਤੇ ਨਿਆਇ-ਸ਼ੀਲ ਵਰਤ-ਵਰਤਾਰੇ ਦੁਆਰਾ ਹੀ ਗ੍ਰਹਿਣ ਕੀਤੀ ਜਾ ਸਕਦੀ ਸੀ।

ਡਾਕਟਰ ਮੋਹਨ ਸਿੰਘ ਦਾ ਇਸ ਸੰਬੰਧੀ ਕਥਨ ਹੈ— " ਇਹ ਬੜੀ ਸੰਤੋਸ਼ਜਨਕ ਗੱਲ ਹੈ ਕਿ ਪੱਛਮੀ ਭਾਸ਼ਾ ਤੇ ਸਭਿਆਚਾਰ ਨੇ, ਹੌਲੀ ਹੌਲੀ ਸਾਡੇ ਜੀਵਨ ਤੇ ਸਾਹਿੱਤ ਨੂੰ ਧਾਰਮਿਕਤਾ ਤੇ ਸ਼ਿੰਗਾਰਤਮਕਤਾ ਦੇ ਅਣਮਨੁਖੀ ਅਨ-ਨਸ਼ਿਆਉਂਦੇ ਪੀੜ-ਭਰਪੂਰ ਮਵਾਦ ਦੀ ਮਸਤੀ ਅਤੇ ਵੇਗ ਤੋਂ ਛੁਟਕਾਰਾ ਦੁਆ ਦਿੱਤਾ।[63]

ਪੱਛਮੀ ਪ੍ਰਭਾਵ ਨੇ ਨਿਸਚੇ ਹੀ ਨਰੋਈ ਤੇ ਆਧੁਨਿਕ ਸਾਹਿੱਤਕ ਸਿਰਜਣਾ ਲਈ ਨਵਾਂ ਵਾਤਾਵਰਣ ਪੈਦਾ ਕਰ ਦਿੱਤਾ, ਜਿਸ ਵਾਤਾਵਰਣ ਨੇ ਸਾਹਿੱਤ ਨੂੰ ਨਵੀਂ ਨੁਹਾਰ ਵੀ ਦਿਤੀ ਤੇ ਗਤੀ ਵੀ। ਨਵੇਂ ਪ੍ਰਗਟਾ ਮਾਧਿਅਮਾਂ ਤੇ ਸਾਹਿਤ-ਰੂਪਾਂ ਦੇ ਨਾਲ ਨਾਲ ਨਵੇਂ ਸਾਹਿੱਤਕ ਆਦਰਸ਼ ਵੀ ਸਾਹਮਣੇ ਆਏ। ਅਧਿਆਤਮਕ ਤੇ ਸਦਾਚਾਰਕ ਵਿਸ਼ਿਆਂ ਦੀ ਥਾਂ ਸਮਾਜਕ ਤੇ ਪਦਾਰਥਕ ਜੀਵਨ ਦੀਆਂ ਲੋੜਾਂ ਤੇ ਮੰਗਾਂ ਨੇ ਮੱਲ ਲਈ। ਪੱਛਮੀ ਗਿਆਨ, ਮਨੋ-ਵਿਗਿਆਨ, ਤੇ ਉਦਯੋਗ ਅਤੇ ਟੈਕਨਾਲੋਜੀ ਨੇ ਨਵੀਂ ਚੇਤੰਨਤਾ ਨੂੰ ਜਨਮ ਦਿੱਤਾ ਤੇ ਇਸ ਦੇ ਪ੍ਰਤੱਖ ਪ੍ਰਮਾਣ ਸਮੇਂ ਦੇ ਸਾਹਿੱਤ ਵਿਚੋਂ ਦਿਖਾਈ ਦੇਣ ਲੱਗੇ। ਅਤੀਤ ਬਾਰੇ ਨਵੀਂ ਸੋਝੀ ਨੇ ਵਿਸ਼ਾਦ ਦੀ ਥਾਂ ਪ੍ਰੇਰਣਾ ਨੂੰ ਜਨਮ ਦਿੱਤਾ ਤੇ ਜ਼ਿੰਦਗੀ ਦੇ ਅਰਥ ਵਡੇਰੇ ਤੇ ਵਿਆਪਕ ਹੋ ਗਏ। ਸੰਪਰਦਾਇਕਤਾ ਦੀ ਥਾਂ ਰਾਸ਼ਟਰੀਅਤਾ ਨੇ ਲੈ ਲਈ ਤੇ ਅੰਤਰ-ਰਾਸ਼ਟਰੀਅਤਾ ਦੀ ਲੋੜ ਪੈਦਾ ਹੋਣ ਲਗੀ। ਪੱਛਮੀ ਸਭਿਅਤਾ ਨੇ ਜੀਵਨ ਦੇ ਮਿਆਰਾਂ ਤੇ ਆਦਰਸ਼ਾਂ ਵਿਚ ਤਬਦੀਲੀ ਲੈ ਆਂਦੀ ਤੇ ਆਰਥਕ ਪ੍ਰਗਤੀ ਦੇ ਨਵੇਂ ਮਾਰਗਾਂ ਜਾਂ ਸਾਧਨਾਂ ਨੇ ਵੱਖ ਵੱਖ ਸ਼੍ਰੇਣੀਆਂ ਦੇ ਹਿਤਾਂ ਨੂੰ, ਨਵੇਂ ਵਰਗੀਕਰਣਾਂ ਜਾਂ ਘੇਰਿਆਂ ਦਾ ਰੂਪ ਪ੍ਰਾਪਤ ਹੋਇਆ। ਇਸ ਨਾਲ ਸਾਹਿੱਤ ਦੇ ਦਬਾਵਾਂ ਤੇ ਪ੍ਰਭਾਵਾਂ ਨੂੰ ਨਵੀਂ ਸੇਧ ਮਿਲੀ। ਸਾਹਿੱਤ ਪਰੰਪਰਾਗਤ ਰੂਪਾਂ ਤੇ ਵਿਸ਼ਿਆਂ ਤੋਂ ਉਤਾਂਹ ਉਠ ਕੇ ਨਵੇਂ ਪੰਥ ਗ੍ਰਹਿਣ ਕਰਨ ਲੱਗਾ। ਭਾਸ਼ਾ ਦੀ ਸ਼ੁਧਤਾ ਦਾ ਇਹਸਾਸ ਪਹਿਲੀ ਵਾਰੀ ਜਾਗਿਆ ਤੇ ਇਸ ਨੂੰ ਫਾਰਸੀ ਤੇ ਬ੍ਰਜੀ ਦੇ ਦਬਾ ਹੇਠੋਂ ਕੱਢਣ ਦੀ ਸੁਚੇਤ ਭਾਵਨਾ ਰੂਪਮਾਨ ਹੋਈ। ਇਨ੍ਹਾਂ ਭਾਸ਼ਾਵਾਂ ਦਾ ਕੇਵਲ ਉਹੀ ਪ੍ਰਭਾਵ ਕਾਇਮ ਰਖਿਆ ਗਿਆ ਜਿਹੜਾ ਪੰਜਾਬੀ ਸਭਿਆਚਾਰ ਤੇ ਸੋਚ ਵਿਚ ਜਜ਼ਬ ਜਾਂ ਅਭੇਦ ਹੋ ਚੁਕਾ ਸੀ। ਵਾਸਤਕ

---

63. Mohan Singh(Dr.), 'It is a matter of satisfaction that English language and culture have gradually dragged our life and letters out of fostering, detoxicating, and de-humanizing ruts of religiosity and eroticism."
History of Panjabi Literature.p.80.

ਦੀ ਉਪਜ ਦੀ ਆਵਸ਼ਕਤਾ ਜਾਂ ਕਵਿਤਾ ਦੇ ਟਾਕਰੇ ਤੇ ਗੱਦ-ਰੂਪਾਂ ਦੇ ਪਰਵੇਸ਼ ਨਾਲ, ਜਿਥੇ ਸਾਹਿੱਤ ਵਿਚ ਅਨੇਕਤਾ ਤੇ ਭਿੰਨਤਾ ਆਈ ਉਥੇ ਬੌਧਿਕ, ਨਿਆਇ-ਯੁਕਤ ਤੇ ਉਪਯੋਗੀ ਸਾਹਿੱਤ ਦਾ ਪੱਲਾ ਭਾਰੀ ਹੋ ਗਿਆ।

ਪਰ ਇਕ ਤੱਥ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਇਸ ਨਵੇਂ ਪ੍ਰਭਾਵ ਜਾਂ ਪੱਛਮੀ-ਕਰਣ ਨਾਲ ਅਸੀਂ ਆਪਣੇ ਭੂਤ, ਆਪਣੀ ਸੰਸਕ੍ਰਿਤੀ, ਆਪਣੇ ਸਭਿਆਚਾਰ, ਆਪਣੇ ਇਤਿਹਾਸ ਜਾਂ ਆਪਣੇ ਸਾਹਿੱਤ ਨਾਲੋਂ ਬਿਲਕੁਲ ਨਾਤਾ ਨਹੀਂ ਤੋੜ ਲਿਆ, ਸਗੋਂ ਕੁਝ ਵਰ੍ਹਿਆਂ ਤਕ ਤਾਂ ਨਵੀਨਤਾ ਦੇ ਨਾਲ ਨਾਲ ਪੁਰਾਤਨਤਾ ਵੀ ਚਲਦੀ ਰਹੀ। ਹੌਲੀ ਹੌਲੀ ਪੁਰਾਤਨਤਾ ਘਟਦੀ ਤੇ ਨਵੀਨਤਾ ਵਧਦੀ ਗਈ। ਪਰ ਅਸੀਂ ਪੁਰਾਤਨਤਾ ਸੰਬੰਧੀ ਪੂਰਨ ਭਾਂਤ ਉਪਰਾਮ ਹੋਣ ਦੀ ਥਾਂ ਇਸ ਦੇ ਨਵੇਂ ਅਰਥ ਲੱਭਣ ਲੱਗੇ ਤੇ ਇਸ ਦੀ ਸਾਰਥਕਤਾ ਜਾਂ ਸਦੀਵਤਾ ਦਾ ਮੁਲਾਂਕਣ, ਅਸੀਂ ਪੱਛਮੀ ਵਿਚਾਰਾਂ ਤੇ ਮਿਯਾਰਾਂ ਅਨੁਸਾਰ ਕਰਨ ਲਗੇ। ਪੱਛਮੀ ਢੰਗ ਉਤੇ ਸਿਖਸ਼ਤ ਵਿਦਵਾਨਾਂ ਨੇ ਆਪਣੇ ਪੁਰਾਤਨ ਸਾਹਿੱਤਕ ਵਿਰਸੇ ਨੂੰ ਸੰਪਾਦ ਕੇ, ਜਾਂ ਉਨ੍ਹਾਂ ਦੀ ਪੁਨਰ-ਵਿਆਖਿਆ ਕਰ ਕੇ, ਉਨ੍ਹਾਂ ਸੰਬੰਧੀ ਪੁਸਤਕਾਂ ਤੇ ਟ੍ਰੈਕਟਾਂ ਦੇ ਰੂਪ ਵਿਚ ਢੇਰ ਸਾਰਾ ਨਵਾਂ ਸਾਹਿੱਤ ਰਚਿਆ।[64]

ਉਨ੍ਹੀਵੀਂ ਸਦੀ ਦੇ ਅਖ਼ੀਰ ਤੇ ਭਾਰਤ ਦੀ ਜੋ ਸਥਿਤੀ ਸੀ, ਉਸ ਸੰਬੰਧੀ ਲਾਰਡ ਕਰਜ਼ਨ ਨੇ ਆਪਣੀ ਇਕ ਪਤ੍ਰਕਾ ਵਿਚ ਲਿਖਿਆ :-

> " ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਵੇਲੇ ਭਾਰਤ ਵਿਚ ਇਕ ਅਰਧ-ਪ੍ਰਸਰੀਰਕ ਤੇ ਅਨੋਖੀ ਉਤੇਜਨਾ ਦਿਖਾਈ ਦੇ ਰਹੀ ਹੈ, ਜਿਹੜੀ ਆਮ ਪ੍ਰਵਿਰਤੀ ਵਜੋਂ ਪਿਛਾਂਹ-ਖਿੱਚੂ ਤੇ ਪ੍ਰਤਿਗਾਮੀ ਹੈ। ਪੁਰਾਣੇ ਫ਼ਲਾਸਫ਼ਰਾਂ ਦੀਆਂ ਲਿਖਤਾਂ ਨੂੰ ਨਵੇਂ ਸਿਰਿਓਂ ਵਿਚਾਰਿਆ ਜਾ ਰਿਹਾ ਹੈ, ਤੇ ਉਨ੍ਹਾਂ ਦੇ ਨਵੇਂ ਲਿਖਾਰੀ ਤੇ ਪ੍ਰੋਫ਼ੈਸਰ ਸ਼ੁਹਰਤ ਤੇ ਗਿਣਤੀ ਵਿੱਚ ਦਿਨੋ ਦਿਨ ਵਧ ਰਹੇ ਹਨ। ਪੱਛਮੀ ਵਿਚਾਰਾਂ ਦੇ ਅਨੋਖੇ ਮੇਲ ਜਾਂ ਸੰਗਮ ਦੁਆਰਾ ਪੈਦਾ ਹੋਈ ਇਸ ਭਾਵਨਾ ਤੇ ਰੁਚੀ ਦਾ ਕੀ ਸਿੱਟਾ ਨਿਕਲੇਗਾ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।"[65]

---

64. ਫਰਕਹਰ ਜੇ.ਐਨ. " ਮਾਡਰਨ ਰਿਲਜੈਸ ਮੂਵਮੈਂਟਸ ਇਨ ਇੰਡੀਆ "- ਪੰਨਾ 25.

65. ਹਵਾਲਾ: ਡਾਕਟਰ ਬਲਬੀਰ ਸਿੰਘ — 'ਪ੍ਰੋ. ਪੂਰਨ ਸਿੰਘ ਦੀ ਕਾਵਿ ਪ੍ਰਤਿਭਾ' 1970

ਅਧਿਆਇ ਪੰਜਵਾਂ

## ਪੱਤਰਕਾਰੀ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ

## ਪੱਤਰਕਾਰੀ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ

### ਪੱਤਰ-ਕਲਾ ਤੇ ਸਾਹਿੱਤ

ਪੱਤਰਕਾਰੀ ਬਾਰੇ ਆਮ ਤੌਰ ਤੇ ਇਹ ਆਖਿਆ ਜਾਂਦਾ ਹੈ ਕਿ ਇਸ ਦਾ ਸੰਬੰਧ ਜਾਂ ਇਸ ਦੀ ਅਪੀਲ ਪਰਚਲਿਤ ਲੋਕ ਭਾਵਨਾਵਾਂ ਜਾਂ ਵਰਤਮਾਨ ਦਿਲਚਸਪੀਆਂ ਤਕ ਹੀ ਸੀਮਤ ਹੁੰਦੀ ਹੈ। 'ਪੱਤਰਕਾਰੀ ਦੀ ਆਤਮਾਂ ਖ਼ਬਰਾਂ ਹਨ ਤੇ ਪੱਤਰਕਾਰ ਦਾ ਕੰਮ ਖ਼ਬਰਾਂ ਇਕੱਠੀਆਂ ਕਰਨਾ, ਉਨ੍ਹਾਂ ਨੂੰ ਲਿਖਤੀ ਰੂਪ ਦੇ ਕੇ ਲੋਕਾਂ ਤਕ ਪੁਚਾਉਣਾ, ਤੇ ਉਨ੍ਹਾਂ ਸੰਬੰਧੀ ਆਪਣੀ ਟਿੱਪਣੀ ਦੇਣਾ ਹੈ। ਇਸ ਦ੍ਰਿਸ਼ਟੀ ਤੋਂ ਸਮੇਂ-ਬੱਧ ਹੋਣਾ ਤੇ ਤਾਜ਼ੇ ਤੋਂ ਤਾਜ਼ਾ, ਅਤਿ-ਨਵੀਨ ਜਾਂ ਅਣਲਗ ਤੇ ਮੌਜੂਦਾ ਹੋਣਾ ਪੱਤਰਕਾਰ ਦਾ ਮੁੱਖ ਲਕਸ਼ ਹੁੰਦਾ ਹੈ।[1] ਪੱਤਰਕਾਰੀ ਤੇ ਸਾਹਿੱਤ ਦੇ ਖੇਤਰ ਭਿੰਨ ਭਿੰਨ ਹਨ। ਸਾਹਿੱਤਕ ਲਿਖਤਾਂ ਜਾਂ ਨਿਬੰਧ ਆਮ ਤੌਰ ਤੇ ਸਾਮਿਅਕ ਲੋਕ-ਰੁਚੀਆਂ ਜਾਂ ਲੋਕਾਂ ਦੇ ਹਿਤਾਂ ਨਾਲ ਜੁੜੇ ਹੋਏ ਹੁੰਦੇ ਹਨ ਪਰ ਸਾਹਿੱਤਕ ਰੂਪ ਲੇਖਕ ਦੇ ਮਨੋਰਥ ਜਾਂ ਆਸ਼ੇ ਦੇ ਅਧੀਨ ਹੁੰਦਾ ਹੈ, ਜਿਸ ਦਾ ਮੁਖ ਮੰਤਵ ਲੋਕਾਂ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨਾ ਜਾਂ ਲੋਕ-ਰੁਚੀ ਨੂੰ ਇਕ ਨਿਸਚਿਤ ਸਾਂਚੇ ਜਾਂ ਸੇਧ ਵਿਚ ਢਾਲਣਾ ਹੁੰਦਾ ਹੈ। ਇਸ ਤਰ੍ਹਾਂ ਖ਼ਬਰਾਂ ਤੋਂ ਖ਼ਬਰਾਂ ਸੰਬੰਧੀ ਟਿਪਣੀਆਂ, ਪੱਤਰਕਾਰੀ ਤੋਂ ਸਾਹਿੱਤਕਾਰੀ ਵਲ ਇਕ ਕਦਮ ਹੈ ਅਤੇ ਨਿਸਚਿਤ ਸਾਹਿੱਤਕ ਰੂਪ ਨੂੰ ਆਧਾਰ ਬਣਾ ਕੇ ਯੋਗ ਤੇ ਢੁਕਵੀਂ ਭਾਸ਼ਾ ਤੇ ਸ਼ੈਲੀ ਵਿਚ ਖਿੱਚ-ਭਰਪੂਰ ਢੰਗ ਨਾਲ ਪਾਠਕਾਂ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰ ਲੈਣ ਵਾਲੀ ਲਿਖਤ ਅਵੱਸ਼ ਸਾਹਿਤ ਦੇ ਘੇਰੇ ਵਿਚ ਆ ਜਾਂਦੀ ਹੈ। ਸੰਸਾਰ ਦੀਆਂ ਲਗ ਭਗ ਸਾਰੀਆਂ ਭਾਸ਼ਾਵਾਂ ਦੇ ਉੱਘੇ ਲੇਖਕ ਪੱਤਰਕਾਰੀ ਨਾਲ ਸੰਬੰਧਤ ਰਹੇ ਹਨ ਜਿਵੇਂ ਪੱਛਮੀ ਵਿਦਵਾਨ ਜੋਜ਼ਫ ਐਡੀਸਨ, ਸੈਮੂਅਲ ਜਾਨਸਨ, ਥੈਕਰੇ, ਗੈਟੇ, ਸ਼ਿਲਰ ਆਦਿ। ਏਸੇ ਤਰ੍ਹਾਂ ਪੰਜਾਬੀ ਵਿਦਵਾਨਾਂ ਵਿਚ ਪ੍ਰੋ. ਗੁਰਮੁਖ ਸਿੰਘ, ਭਾਈ ਦਿੱਤ ਸਿੰਘ, ਭਾਈ ਵੀਰ ਸਿੰਘ, ਗੁਰਬਖ਼ਸ਼ ਸਿੰਘ, ਹੀਰਾ ਸਿੰਘ ਦਰਦ, ਲਾਲ ਸਿੰਘ ਕਮਲਾ ਅਕਾਲੀ, ਗੁਰਮੁਖ ਸਿੰਘ ਮੁਸਾਫ਼ਰ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਆਦਿ ਪੱਤਰ-ਕਾਰੀ ਦੇ ਖੇਤਰ ਵਿਚ ਵੀ ਵਿਸ਼ੇਸ਼ ਸਥਾਨ ਰੱਖਦੇ ਹਨ। ਭਾਰਤੀ ਭਾਸ਼ਾਵਾਂ ਵਿਚ ਪੱਤਰਕਾਰੀ ਦਾ ਵਾਧਾ ਸਾਧਾਰਣ ਸਾਹਿੱਤਕ ਰੂਪਾਂ ਨੂੰ ਵਿਗਸਾਉਣ ਦਾ ਜ਼ਿੰਮੇਵਾਰ ਬਣਿਆ ਅਤੇ ਇਸ ਨਾਲ ਲਿਖਤੀ ਤੇ ਬੋਲ-ਚਾਲ ਦੀ ਭਾਸ਼ਾ ਦਾ ਅੰਤਰ ਤੇ ਪਾੜਾ ਬਹੁਤ ਹੱਦ ਤਕ ਘੱਟ ਗਿਆ।

ਟੀ.ਐਸ. ਐਲੀਅਟ ਪੱਤਰਕਾਰੀ ਤੇ ਸਾਹਿੱਤ ਦੇ ਸੰਬੰਧਾਂ ਦੇ ਅੰਤਰ ਨੂੰ ਨਿਖੇੜਦਾ ਹੋਇਆ ਆਖਦਾ ਹੈ[2] - "ਸਾਹਿੱਤਕਾਰ ਤੇ ਪੱਤਰਕਾਰ ਦੇ ਮਨ ਦੀ ਦਸ਼ਾ ਤੇ ਬਣਤਰ ਵਿਚ ਮੂਲ ਅੰਤਰ ਹੁੰਦਾ ਹੈ।

---

1. ਐਨਸਾਈਕਲੋਪੀਡੀਆ ਬ੍ਰਟੈਨੀਕਾ ਅਨੁਸਾਰ ।

2. Eliot, T.S., "Point of View "London 1937- "Journalism and Literature "p.42.

ਕੁਝ ਲੋਕ ਅਜੇਹੇ ਹੁੰਦੇ ਹਨ ਜਿਹੜੇ ਕੇਵਲ ਕਿਸੇ ਤੁਰਤ ਵਾਪਰੀ ਜਾਂ ਵਰਤਮਾਨ ਘਟਨਾ ਦੇ ਦਬਾ ਹੇਠ ਲਿਖਣ ਬੈਠਦੇ ਹਨ, ਅਜਿਹੀ ਲਿਖਤ ਪੱਤਰਕਾਰੀ ਵਾਲੀ ਹੁੰਦੀ ਹੈ। ਇਸ ਦੀ ਦਿਲਚਸਪੀ ਜਾਂ ਕਦਮ ਕੀਮਤ ਚਿਰ-ਕਾਲੀਨ ਨਹੀਂ ਹੁੰਦੀ ਤੇ ਇਸ ਦਾ ਮਨੋਰਥ ਵੀ ਕੇਵਲ ਪਾਠਕਾਂ ਉਤੇ ਡੂੰਘਾ ਜਾਂ ਤਕੜਾ ਪ੍ਰਭਾਵ ਪਾਉਣਾ ਹੁੰਦਾ ਹੈ ਅਤੇ ਨਿਸਚੇ ਹੀ ਕੁਝ ਸਮੇਂ ਬਾਦ ਅਜਿਹੀ ਲਿਖਤ ਅਣਗੌਲੀ ਜਾਂ ਅਸਿਮ੍ਰਤੀ ਬਣ ਕੇ ਰਹਿ ਜਾਏਗੀ। ਇਸ ਦੇ ਉਲਟ ਸਾਹਿੱਤਕਾਰ ਦੀ ਲਿਖਤ ਵਿਚ ਕੁਝ ਅਜਿਹੇ ਸਥਾਈ ਤੱਤ ਹੁੰਦੇ ਹਨ ਜਿਹੜੇ ਚੰਗੀ ਸ਼ੈਲੀ ਦਾ ਭੂਸ਼ਨ ਪਹਿਨ ਕੇ ਅਮਰ ਲਿਖਤਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਕੇਵਲ ਸ਼ੈਲੀ ਨਾਲ ਕੋਈ ਲਿਖਤ ਅਮਰ ਨਹੀਂ ਹੋ ਜਾਂਦੀ ਜਿੰਨੀ ਦੇਰ ਤਕ ਵਿਸ਼ੇ ਵਿਚ ਕੋਈ ਸਥਾਈ ਤੱਤ ਨਾ ਹੋਵੇ।

ਪੰਜਾਬੀ ਪੱਤਰਕਾਰੀ ਦੇ ਆਰੰਭ ਤੇ ਵਿਕਾਸ-ਕਾਲ ਵਿਚ ਦੋਵਾਂ ਪ੍ਰਕਾਰਾਂ ਦੀਆਂ ਲਿਖਤਾਂ ਸਾਹਮਣੇ ਆਈਆਂ। ਜਿਹੜੀਆਂ ਨਿਰੋਲ ਸਾਮਿਅਕ ਤੇ ਤੁਰਤ ਵਾਪਰੀ ਘਟਨਾ ਦੇ ਖੰਡਨ ਮੰਡਨ ਨਾਲ ਸੰਬੰਧਿਤ ਸਨ, ਉਹ ਅੱਖੋਂ ਦੂਰ ਹੋ ਗਈਆਂ ਪਰ ਜਿਨ੍ਹਾਂ ਵਿਚ ਮਾਨਵ ਸਮਾਜ ਦੀਆਂ ਕੁਝ ਸਥਾਈ ਕਦਰਾਂ ਕੀਮਤਾਂ ਸਨ ਜਾਂ ਜਿਨ੍ਹਾਂ ਵਿਚ ਜਾਤੀ, ਕੌਮੀ, ਧਾਰਮਿਕ,ਸਭਿਆਚਾਰਕ ਜਾਂ ਇਤਿਹਾਸਕ ਮਹੱਤਤਾ ਵਾਲੇ ਅੰਸ਼ ਸਨ ਉਹ ਲਿਖਤਾਂ ਅਮਰ ਸਾਹਿਤ ਦਾ ਅੰਗ ਬਣ ਗਈਆਂ। ਸੰਖੇਪ ਵਿਚ ਪੱਤਰ-ਕਾਰੀ ਦਾ ਇਤਿਹਾਸਕ ਵਿਕਾਸ ਉਲੀਕ ਕੇ ਹੀ ਇਸ ਤੱਥ ਦਾ ਨਿਖੇੜਾ ਹੋ ਸਕਦਾ ਹੈ।

<u>ਪੰਜਾਬੀ ਪੱਤਰਕਾਰੀ</u>

ਇਸ ਕਾਲ ਦੇ ਸਮੁਚੇ ਸਾਹਿੱਤ, ਵਿਸ਼ੇਸ਼ ਕਰਕੇ ਵਾਰਤਕ ਸਾਹਿੱਤ ਦੀ ਰੁਚੀ ਤੇ ਗਤੀ ਨੂੰ ਜਿਨ੍ਹਾਂ ਆਂਤ੍ਰਿਕ ਤੇ ਬਾਹਰੀ ਤੱਥਾਂ ਨੇ ਉਸਾਰਨ ਜਾਂ ਘੜਨ ਵਿਚ ਸਭ ਤੋਂ ਵੱਧ ਯੋਗਦਾਨ ਪਾਇਆ, ਉਨ੍ਹਾਂ ਵਿਚ ਛੋਟੇ ਛੋਟੇ ਪੈਫਲਿਟਾਂ ਤੇ ਪੱਤਰ ਪੱਤ੍ਰਕਾਵਾਂ ਦਾ ਵਿਸ਼ੇਸ਼ ਹੱਥ ਹੈ। ਇਹ ਯੁਗ ਜਾਗ੍ਰਤੀ ਦਾ ਸੀ ਜਿਸ ਦੀ ਸੋਝੀ ਪੱਛਮ ਦੇ ਮੇਲ ਜੋਲ, ਗਿਆਨ ਵਿਗਿਆਨ ਦੇ ਪਸਾਰ, ਈਸਾਈਅਤ ਦੇ ਪ੍ਰਚਾਰ ਤੇ ਆਪੋ ਆਪਣੇ ਧਰਮਾਂ ਦੇ ਸੰਚਾਰ ਦੀ ਪ੍ਰਬਲ ਰੁਚੀ ਅਧੀਨ ਪਹਿਲੀ ਵਾਰ ਨਿਖਰ ਕੇ, ਪੰਜਾਬੀਆਂ ਦੀ ਅਵਚੇਤਨਾ ਨੂੰ ਟੁੰਬਣ ਲੱਗੀ । ਨਵੀਂ ਉਪਜੀ ਸੋਝੀ ਅਧੀਨ ਆਪੋ ਆਪਣੀ ਜਾਤੀ ਲਈ ਕੁਝ ਕਰ ਗੁਜ਼ਰਨ ਦੀ ਪ੍ਰੇਰਣਾ ਦਾ ਆਧਾਰ, ਅੰਗਰੇਜ਼ੀ ਸਾਮਰਾਜ ਦੀ ਨੀਤੀ ਤੇ ਈਸਾਈ ਮਿਸ਼ਨਰੀਆਂ ਵਲੋਂ ਅਪਣਾਏ ਜਾ ਰਹੇ ਢੰਗਾਂ ਤੇ ਸਾਧਨਾਂ ਦਾ ਪ੍ਰਤਿਕਰਮ ਸੀ। ਪਰ ਰਾਜ-ਸੱਤਾ ਦੀ ਕਰੋਪੀ ਦੇ ਡਰੋਂ ਈਸਾਈ ਪਰਚਾਰਕਾਂ ਦਾ ਖੁਲ੍ਹਮ ਖੁਲ੍ਹਾ ਵਿਰੋਧ ਕਰਨ ਦੀ ਬਜਾਇ ਆਪੋ ਆਪਣੇ ਧਰਮਾਂ ਦੀ ਪ੍ਰਾਚੀਨ ਗੌਰਵਤਾ ਤੇ ਸਾਰਥਕ ਸਿੱਧਾਂਤਾਂ ਦਾ ਪੁਨਰ-ਉਥਾਨ, ਨਿਰਮਾਣ ਜਾਂ ਨਿਰੂਪਣ ਏਥੋਂ ਦੀਆਂ ਭਿੰਨ ਭਿੰਨ

ਜਾਤੀਆਂ ਤੇ ਧਰਮਾਂ ਦਾ ਇਕ ਟੀਚਾ ਬਣ ਗਿਆ।[3] ਆਪੋ ਆਪਣੇ ਧਰਮਾਂ ਦੀ ਸਰਬੱਗਤਾ, ਸ੍ਰੇਸ਼ਟਤਾ ਜਾਂ ਮਹਾਨਤਾ ਦਰਸਾਉਣ ਦੀ ਭਾਵਨਾ ਨੇ ਸੰਪਰਦਾਇਕ ਵਿਖੇਵਿਆਂ ਨੂੰ ਜਨਮ ਦਿੱਤਾ ਤੇ ਹਿੰਦੂਆਂ ਮੁਸਲਮਾਨਾਂ ਤੇ ਸਿੱਖਾਂ ਵਿਚ ਇਕ ਅਜਿਹਾ ਪਾੜਾ ਪਾ ਦਿੱਤਾ ਜਿਸ ਨਾਲ ਸਾਂਝੇ ਕੌਮੀ ਹਿਤਾਂ ਵਲੋਂ ਅਵੇਸਲੇ ਹੋ ਕੇ ਇਹ ਸਾਰੇ, ਇਕ ਦੂਜੇ ਦੀਆਂ ਜੜ੍ਹਾਂ ਕੱਟਣ ਲਗੇ ਤੇ ਲਗਦੀ ਵਾਹ ਕੋਝੀ ਤੋਂ ਕੋਝੀ ਤੇ ਤਿੱਖੀ ਤੋਂ ਤਿੱਖੀ ਭਾਸ਼ਾ ਵਿਚ ਦੂਜੇ ਧਰਮਾਂ ਦੀ ਹੇਠੀ ਨੂੰ ਆਪਣਾ ਪਰਮ ਧਰਮ ਸਮਝਣ ਲਗ ਪਏ। ਪੱਛਮ ਤੋਂ ਆਏ ਪ੍ਰੈਸ ਤੇ ਪੱਤਰਕਾਰੀ ਨੂੰ ਸਾਧਨ ਬਣਾ ਕੇ ਉਪ੍ਰੋਕਤ ਮਨੋਰਥਾਂ ਦੀ ਪੂਰਤੀ ਕੀਤੀ ਜਾਣ ਲਗੀ। ਇਸ ਤਰ੍ਹਾਂ ਪੰਜਾਬੀ ਪੱਤਰਕਾਰੀ ਤੇ ਉਸ ਦੇ ਨਾਲ ਹੀ ਪੰਜਾਬੀ ਵਾਰਤਕ ਦਾ ਵਿਕਾਸ ਹੋਇਆ। "ਨਾਮਧਾਰੀ ਲਹਿਰ ਦੇ ਸਮੇਂ ਸੰਨ 1867 ਈ. ਤੋਂ ਲੈ ਕੇ ਸਿੰਘ ਸਭਾ ਲਹਿਰ ਦੇ ਅੰਤਲੇ ਦਿਨਾਂ ਤਕ ਪੱਤਰਕਾਰੀ ਇਸ ਜੁਗ ਦਾ ਪ੍ਰਧਾਨ ਅੰਗ ਰਹੀ।"[4]

ਪੰਜਾਬੀ ਨੂੰ ਛੱਡ ਕੇ, ਭਾਰਤ ਦਾ ਸਭ ਤੋਂ ਪਹਿਲਾ ਸਮਾਚਾਰ ਪੱਤਰ 29 ਜਨਵਰੀ 1780[5] ਨੂੰ 'ਬੰਗਾਲ ਗਜ਼ਟ' ਨਾਂ ਹੇਠ ਕਲਕੱਤੇ ਤੋਂ ਛਪਣਾ ਸ਼ੁਰੂ ਹੋਇਆ। ਇਸ ਦਾ ਸੰਪਾਦਕ ਜੇਮਜ਼ ਅਗਸਟਸ ਹਿੱਕੀ ਸੀ। ਭਾਵੇਂ ਇਹ ਪੱਤਰ ਛੇਤੀ ਹੀ ਬੰਦ ਹੋ ਗਿਆ ਪਰ ਇਸ ਦੀ ਨੀਤੀ, ਲਿਖਤ ਦੀ ਪੱਧਰ, ਵੱਖ ਵੱਖ ਫੀਚਰ, ਵਿਅੰਗ ਤੇ ਕਟਾਖਸ਼ ਨੇ ਅੰਗਰੇਜ਼ੀ ਪੜ੍ਹੇ ਭਾਰਤੀਆਂ ਨੂੰ, ਪੱਤਰਕਾਰੀ ਦੇ ਮਹੱਤਵ ਦੀ ਪਹਿਲੀ ਵਾਰੀ ਸੋਝੀ ਕਰਾਈ ।

ਪੰਜਾਬੀ ਪੱਤਰਕਾਰੀ ਦਾ ਮੁੱਢ 1854[6] ਵਿੱਚ ਬੱਝਾ ਸਮਝਣਾ ਚਾਹੀਦਾ ਹੈ, ਜਦ ਕਿ ਈਸਾਈ ਮਿਸ਼ਨਰੀਆਂ ਨੇ ਚਿੱਠੀਆਂ ਦੇ ਰੂਪ ਵਿਚ ਇਕ ਫਿਰਤੂ ਸਮਾਚਾਰ ਪੱਤਰ ਜਾਰੀ ਕੀਤਾ ਜਿਸ

---

3. Barrier, N.S.," Panjabi's were experiencing intense self-examination which generated intellectual turmoil and encounters with rivals."
"Sikhs & Other Lit." Delhi -1970 ,p.(xxxi)

4. ਅਸ਼ੋਕ, ਸ਼ਮਸ਼ੇਰ ਸਿੰਘ , 'ਪੰਜਾਬ ਦੀਆਂ ਲਹਿਰਾਂ', ਪਟਿਆਲਾ 1974, ਪੰਨਾ 139
5. ਸੂਬਾ ਸਿੰਘ, ' ਪੰਜਾਬੀ ਪੱਤਰਕਾਰੀ ਦਾ ਇਤਿਹਾਸ', ਚੰਡੀਗੜ੍ਹ-1974, ਪੰਨਾ 12.
6. (ੳ) ਕੁਲਦੀਪ ਸਿੰਘ, 'ਪੱਤਰਕਾਰੀ' ਦਿੱਲੀ 1962- ਪੰਨਾ 30 " ਈਸਾਈਆਂ ਨੇ 1860 ਵਿਚ ਪੰਜਾਬੀ ਦਾ ਪਹਿਲਾ ਅਖ਼ਬਾਰ ਸ਼ੁਰੂ ਕੀਤਾ।"
   (ਅ) ਅਸ਼ੋਕ ਸ਼ਮਸ਼ੇਰ ਸਿੰਘ, 'ਪੰਜਾਬੀ ਪੱਤਰਕਲਾ', ਪਟਿਆਲਾ-1953, ਪੰਨਾ 16: " ਪੰਜਾਬੀ ਪੱਤਰਕਲਾ ਦਾ ਆਰੰਭ ਸੰਨ 1850 ਤੇ 1860 ਦੇ ਵਿਚਕਾਰਲੇ ਦਹਾਕੇ ਵਿੱਚ ਲੁਧਿਆਣਿਓਂ ਹੋਇਆ।"
   (ੲ) ਸਤਿੰਦਰ ਕੌਰ, 'ਪੰਜਾਬੀ ਪੱਤਰਕਾਰੀ ਦਾ ਮੁੱਢ(ਪੰਜਾਬੀ ਦੁਨੀਆਂ), ਸ੍ਰ. ਕੁਲਦੀਪ ਸਿੰਘ ਦੇ ਮਤ ਨੂੰ ਹੀ ਅਪਣਾਇਆ ਕਿ 1860 ਵਿਚ ਪਹਿਲਾ ਪੱਤਰ ਆਰੰਭ ਹੋਇਆ।

ਵਿਚ ਈਸਾਈ ਮਤ ਦੇ ਪਰਚਾਰ ਦੇ ਨਾਲ ਨਾਲ ਕੁਝ ਆਪਣੇ ਮਤਲਬ ਦੀਆਂ ਖ਼ਬਰਾਂ ਵੀ ਛਾਪੀਆਂ ਜਾਂਦੀਆਂ ਸਨ।[7]

ਈਸਾਈ ਮਿਸ਼ਨਰੀਆਂ ਵਲੋਂ 'ਚੌਪਤਰੀਆਂ' ਨਾਂ ਹੇਠ ਪ੍ਰਕਾਸ਼ਤ ਪੱਤਰ, ਮਿਤੀ-ਬਧ ਨਾ ਹੋਣ ਕਰਕੇ, ਬਾਕਾਇਦਾ ਨਾ ਛਪਣ ਕਰਕੇ ਅਤੇ ਇੱਕੋ ਸੰਪਾਦਕੀ ਹੇਠ ਨਾ ਹੋਣ ਕਰਕੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਇਤਿਹਾਸਕ ਘਟਨਾ ਤੋਂ ਵੱਧ ਕੋਈ ਅਰਥ ਨਹੀਂ ਰੱਖਦਾ। ਇਨ੍ਹਾਂ ਨੂੰ ਪੱਤਰ ਨਾਲੋਂ ਟ੍ਰੈਕਟ ਜਾਂ ਪੈਂਫਲਿਟ ਆਖਣਾ ਵਧੇਰੇ ਯੋਗ ਹੋਵੇਗਾ ਜਿਨ੍ਹਾਂ ਨੇ ਵੱਖ ਵੱਖ ਧਰਮਾਂ ਦੇ ਪਰਚਾਰਕਾਂ ਨੂੰ ਇਨ੍ਹਾਂ ਛੋਟੇ ਟ੍ਰੈਕਟਾਂ ਦੁਆਰਾ ਆਪਣੇ ਆਸ਼ੇ ਪਾਠਕਾਂ ਤਕ ਪੁਚਾਉਣ ਦੀ ਪ੍ਰੇਰਣਾ ਦਿੱਤੀ। 'ਚੌਪਤਰਿਆ ਦਾ ਚਰਚਾ ਟ੍ਰੈਕਟ - ਪੈਂਫਲਿਟ ਵਾਲੇ ਭਾਗ ਵਿਚ ਵਧੇਰੇ ਵਿਸਤਾਰ ਨਾਲ ਕੀਤਾ ਗਿਆ ਹੈ।

ਪੰਜਾਬੀ ਦਾ ਪਹਿਲਾ ਪੱਤਰ "ਅਖ਼ਬਾਰ ਸ੍ਰੀ ਦਰਬਾਰ ਸਾਹਿਬ" ਅੰਮ੍ਰਿਤਸਰ ਤੋਂ ੧ ਮਾਰਚ, 1866 ਈ.( 20 ਫਗਨ ਸੰਮਤ 1923) ਦਿਨ ਸ਼ੁਕਰਵਾਰ ਨੂੰ ਫਿਰਾਇਆ ਲਾਲ ਦੀ ਸੰਪਾਦਨਾ ਤੇ ਮੁਨਸ਼ੀ ਹਰੀ ਨਾਰਾਇਣ ਦੇ ਪ੍ਰਬੰਧ ਹੇਠ ਪ੍ਰਕਾਸ਼ਤ ਕੀਤਾ ਗਿਆ। ਇਸ ਪੱਤਰ ਦੀ ਲਿੱਪੀ ਗੁਰਮੁਖੀ ਪਰ ਭਾਸ਼ਾ ਹਿੰਦੀ ਸੀ। ਨਾਂ ਸਿੱਖਾਂ ਵਾਲਾ ਸੀ ਤੇ ਪਰਚਾਰ ਹਿੰਦੂ ਧਰਮ ਦਾ ਕਰਦਾ ਸੀ। ਪੜ੍ਹਨ ਵਾਲੇ ਸਾਧਾਰਨ ਪੰਜਾਬੀ ਸਨ, ਪਰ ਗੁਣ ਅੰਗਰੇਜ਼ੀ ਰਾਜ ਦੇ ਗਾਏ ਹੁੰਦੇ ਸਨ।[8] ਪ੍ਰਬੰਧਕ ਤੇ ਸੰਪਾਦਕ ਦੋਵੇਂ ਹਿੰਦੀ ਦੇ ਵੱਡੇ ਪ੍ਰੇਮੀ ਸਨ ਤੇ ਇਸ ਪੱਤਰ ਰਾਹੀਂ ਹਿੰਦੂ ਧਰਮ ਦਾ ਪ੍ਰਚਾਰ ਉਨ੍ਹਾਂ ਦਾ ਮੰਤਵ ਸੀ।[9] ਇਹ ਲਿਥੋ ਤੇ ਛਪਦਾ ਸੀ ਅਤੇ ਹਰ ਅੰਗਰੇਜ਼ੀ ਮਹੀਨੇ ਦੀ ਪਹਿਲੀ ਤੇ 15 ਤਾਰੀਖ਼ ਨੂੰ ਪ੍ਰਕਾਸ਼ਤ ਹੁੰਦਾ ਸੀ। ਸਾਲਾਨਾ ਚੰਦਾ ਸਾਢੇ ਚਾਰ ਰੁਪਏ ਸੀ। ਲਿਖਤ ਪੁਰਾਣੀਆਂ ਪੋਥੀਆਂ ਵਰਗੀ ਅਤੇ ਅੱਖਰ ਜੁੜਵੇਂ ਸਨ। ਅੰਗਰੇਜ਼ੀ ਸਰਕਾਰ ਦਾ ਖ਼ੈਰ ਖ਼੍ਹਾਹ ਹੋਣ ਕਰਕੇ ਸਹਾਇਤਾ ਵਜੋਂ ਇਸ ਨੂੰ ਅਦਾਲਤਾਂ ਦੇ ਇਸ਼ਤਿਹਾਰ ਤੇ ਹੋਰ ਸਰਕਾਰੀ ਸੂਚਨਾਵਾਂ ਪ੍ਰਾਪਤ ਹੁੰਦੀਆਂ ਸਨ।

'ਸ੍ਰੀ ਦਰਬਾਰ ਸਾਹਿਬ' ਤੋਂ ਪਿੱਛੋਂ ਅੰਮ੍ਰਿਤਸਰ ਤੋਂ ਹੀ ਪੱਥਰ ਦੇ ਛਾਪੇ ਤੇ 'ਸੁਕਾਵਿਯ ਸੰਬੋਧਨੀ' ਨਾਂ ਹੇਠ ਇਕ ਮਾਸਕ ਪੱਤਰ 1875 ਈ. ਵਿਚ ਜਾਰੀ ਕੀਤਾ ਗਿਆ। ਡਾਕਟਰ

---

7. Natrajan, S., 'A History of Press in India', Asia Publishing House, Bombay-1962, p.104.

8. Ibid.," Akhbar Sri Darbar Sahib, espoused the Hindu cause and sought to win the goodwill of British."

9. ਕੁਲਦੀਪ ਸਿੰਘ , 'ਪੱਤਰਕਾਰੀ', ਪੰਨਾ 31.

ਬਲਬੀਰ ਸਿੰਘ ਦਾ ਕਥਨ ਹੈ ਕਿ " ਸੁਕਾਵਿਯ ਸੰਬੋਧਨੀ, ਉਹ ਨੀਂਹ ਹੈ ਜਿਸ ਉਪਰ ਗੁਰਮੁਖੀ ਅਖ਼ਬਾਰਾਂ ਦਾ ਮਹੱਲ ਉਸਰਿਆ।"[10] ਗਿਆਨੀ ਹਜ਼ਾਰਾ ਸਿੰਘ ਦੀ ਪ੍ਰੇਰਣਾ ਨਾਲ ਇਹ ਪਰਚਾ ਜਾਰੀ ਹੋਇਆ ਅਤੇ ਡਾਕਟਰ ਚਰਨ ਸਿੰਘ ਦਾ ਅਸੀਸ-ਵਾਚਕ ਸ਼ਬਦ ਪਹਿਲੇ ਪਰਚੇ ਦੇ ਟਾਈਟਲ ਉਤੇ ਇਸ ਤਰ੍ਹਾਂ ਅੰਕਿਤ ਹੈ:-

> "ਯਹਿ ਸੁਕਬਿ ਸੰਪਾਦਿਤਾ, ਨਵ-ਰਸ ਭਰੀ
> ਕਾਦੰਬਨੀ ਹੈ੍ਵ ਕ੍ਰਿਤ ਹਰੀ, ਜਿਹ ਬਿਬਧ ਵਿਦਯਾ ਬਲਰੀ
> ਹੈ ਬਿਨੋਦਨ ਕੀ ਝਰੀ, ਬੁਧ ਕੰਠ ਕੀ ਮੁਕਤਾ ਲਰੀ
> ਛਬਿ ਪੁੰਜ ਸੁਕਵ ਘਰੀ ਘਰੀ ਹੈ ਚਰਣ ਹਰਿ ਮੰਗਲ ਕਰੀ।"

ਅਸੀਸ-ਵਾਚਕ ਸ਼ਬਦ ਤੇ ਪਹਿਲੇ ਪਰਚੇ ਦੇ ਸੰਪਾਦਕੀ ਨੋਟ ਨੂੰ ਪੜ੍ਹ ਕੇ ਪਰਚੇ ਦੀ ਨੀਤੀ, ਭਾਸ਼ਾ ਤੇ ਸ਼ੈਲੀ ਬਾਰੇ ਕਿਸੇ ਪ੍ਰਕਾਰ ਦਾ ਭੁਲੇਖਾ ਨਹੀਂ ਰਹਿ ਜਾਂਦਾ। ਗੁਰਮੁਖੀ ਪੜ੍ਹਿਆਂ ਦੀ ਗਿਣਤੀ ਥੋੜ੍ਹੀ ਹੋਣ ਕਰਕੇ ਪੱਤਰ ਨੂੰ ਦੇਵਨਾਗਰੀ ਵਿਚ ਛਾਪਣ ਦਾ ਪ੍ਰਬੰਧ ਵੀ ਨਾਲੋ ਨਾਲ ਕੀਤਾ ਗਿਆ। ਪਹਿਲੇ ਪਰਚੇ ਦਾ ਸੰਪਾਦਕੀ ਨੋਟ ਇਸ ਪ੍ਰਕਾਰ ਹੈ:-

> "ਸਰਬ ਪ੍ਰੇਮੀ ਗੁਰਸਿੱਖੋ, ਰਸਕ ਜਨੋ ਪਰ ਪਰਗਟ ਹੋ ਕਿ ਗੁਰਮੁਖੀ ਤਥਾ ਦੇਵਨਾਗਰੀ ਦੋਨੋਂ ਭਾਖਾ ਮੇਂ ਯਹ ਸੁਕਬਿ ਸੰਬੋਧਨੀ ਨਾਮ ਮਾਸਕ ਪਤ੍ਰਿਕਾ ਪ੍ਰਤਿ ਮਾਸ ਛਪਣੀ ਅਰੰਭ ਹੂਈ ਹੈ। ਇਸ ਮੇਂ ਭਗਵਤ ਭਕਤੀ ਕੀ ਮਹਿਮਾ, ਸ੍ਰੀ ਸਿੰਘ ਮਤ ਕੇ ਪ੍ਰਮਾਣੀਕ ਪਵਿੱਤਰ ਪੁਸਤਕ ਔਰ ਸਤਿਗੁਰ ਸਾਖੀ ਤਥਾ ਉਪਮਾ ਕੇ ਗ੍ਰੰਥ, ਕਾਵਯ-ਸ਼ਾਸਤ੍ਰ, ਔਰ ਮਾਨਸੀ ਵਿਦਯਾ ਔਰ ਇਸਤਰੀ ਸਿਖਯਾ ਕੇ ਪ੍ਰਬੰਧ, ਕਭੀ ਕਭੀ ਦੇਸ਼ ਤਥਾ ਵਰਤਮਾਨ ਰਾਜਯ ਕੇ ਵਿਸ਼ਯੋਂ ਕਾ ਵਰਣਨ ਇਤਯਾਦ ਸਭ ਕ੍ਰਮ ਕ੍ਰਮ ਸੇ ਪ੍ਰਕਾਸ਼ਤ ਹੋਤਾ ਰਹੇਗਾ।"

ਦੇਖਾ ਦੇਖੀ ਅਜਿਹੇ ਹੋਰ ਉੱਦਮ ਸ਼ੁਰੂ ਹੋ ਗਏ। ਅਗਲੇ ਵਰ੍ਹੇ 1876 ਈ. ਵਿਚ ਅੰਮ੍ਰਿਤਸਰ ਤੋਂ ਹੀ ਪੱਥਰ ਦੇ ਛਾਪੇ ਵਿਚ "ਅਖਬਾਰ ਕਾਬਯ-ਚੰਦ੍ਰੋਦਯ " ਨਾਂ ਦਾ ਪੱਤਰ ਛਪਣ ਲਗਾ। ਇਸ ਦੀ ਭਾਸ਼ਾ ਦਾ ਅਨੁਮਾਨ ਇਸ ਦੇ ਨਾਂ ਤੋਂ ਹੀ ਲਗ ਜਾਂਦਾ ਹੈ ।[11] ਅੰਮ੍ਰਿਤਸਰ ਤੋਂ ਹੀ 1876 ਈ. ਵਿਚ 'ਅਕਾਲ ਪ੍ਰਕਾਸ਼'[12] ਨਾਂ ਦਾ ਅਖ਼ਬਾਰ ਜਾਰੀ ਹੋਇਆ ਜਿਹੜਾ ਬਹੁਤਾ ਸਮਾਂ ਜਾਰੀ ਨਾ ਰਹਿ ਸਕਿਆ।

---

10. ਡਾ. ਬਲਬੀਰ ਸਿੰਘ -'ਚਰਨ ਹਰਿ ਵਿਸਥਾਰ', ਪੰਨਾ 76, ਅੰਮ੍ਰਿਤਸਰ ।

11. Ibid(8)," Influence of Sanskritized Hindi continued upon the two newspapers 'Sukavy-Samodhani and Kav-Chandarodaya that started issuing before 1880. They were nearer to Hindi than Panjabi." p.104.

12. Khushwant Singh,' History of the Sikhs', Vol.II, p.146.
'ਅਕਾਲ ਪ੍ਰਕਾਸ਼' ਦਾ ਹਵਾਲਾ ਕੇਵਲ ਖੁਸ਼ਵੰਤ ਸਿੰਘ ਦੀ ਪੁਸਤਕ ਵਿਚ ਹੀ ਮਿਲਦਾ ਹੈ । ਹੋਰ ਕਿਸੇ ਰੀਪੋਰਟ, ਪੁਸਤਕ ਜਾਂ ਇਤਿਹਾਸ ਵਿਚ ਇਸ ਦਾ ਜ਼ਿਕਰ ਨਹੀਂ ਹੈ।

" ਪੰਜਾਬ ਵਿਚ ਇਸ ਸਮੇਂ ਵਿਦਵਾਨਾਂ ਦੇ ਦੋ ਜੁਟ ਸਨ। ਇਕ ਪਾਸੇ ਪੁਰਾਤਨ ਖ਼ਿਆਲਾਂ ਦੇ ਗਿਆਨੀ ਅਤੇ ਸੰਤ ਮਹਾਤਮਾ ਸਨ ਜੋ ਗੁਰਮੁਖੀ ਅੱਖਰਾਂ ਵਿਚ ਹਿੰਦੀ ਵਰਗੀ ਪੰਜਾਬੀ ਲਿਖਦੇ ਸਨ। ਦੂਜੇ ਪਾਸੇ ਨਵੇਂ ਢੰਗ ਦੇ ਅੰਗਰੇਜ਼ੀ ਪੜ੍ਹੇ ਲਿਖੇ ਸੱਜਣ ਸਨ, ਜੋ ਨਵੀਆਂ ਸਿੱਖੀਆਂ ਸਾਹਿੱਤਕ ਕੀਮਤਾਂ ਅਨੁਸਾਰ ਸੁਧ ਪੰਜਾਬੀ ਲਿਖਣ ਅਤੇ ਪੜ੍ਹਨ ਦੇ ਚਾਹਵਾਨ ਸਨ।" ਸੂਧ ਪੰਜਾਬੀ ਲਿਖਣ ਦਾ ਸਿਲਸਿਲਾ ਲੁਧਿਆਣੇ ਦੇ ਈਸਾਈ ਮਿਸ਼ਨਰੀਆਂ ਨੇ ਅਪਣਾਇਆ।"[13]

ਸਿੰਘ ਸਭਾ 29 ਜੁਲਾਈ 1873 ਈ. ਨੂੰ ਅੰਮ੍ਰਿਤਸਰ ਵਿਚ ਉਘੇ ਸਿੱਖ ਆਗੂਆਂ ਦੇ ਉੱਦਮ ਨਾਲ ਕਾਇਮ ਹੋਈ। ਇਸ ਦੇ ਨਿਯਮਾਂ ਵਿਚ ਅਪਣਾਏ ਆਸ਼ਿਆਂ ਤੇ ਮਨੋਰਥਾਂ ਅਧੀਨ ਪੰਜਾਬੀ ਜ਼ਬਾਨ ਦੀ ਉੱਨਤੀ ਲਈ ਪੰਜਾਬੀ ਪੱਤਰਕਾਰੀ ਵਲ ਉਚੇਚਾ ਧਿਆਨ ਦਿੱਤੇ ਜਾਣ ਉਤੇ ਜ਼ੋਰ ਹੈ। ਨਿਯਮ (4) ਵਿਚ ਦਰਜ ਹੈ " ਪੰਜਾਬੀ ਜ਼ਬਾਨ ਦੁਆਰਾ "ਇਲਮ ਮੁਰੱਵਜੇ", ਦੀ ਉਨਤੀ ਕਰਨੀ ਅਤੇ ਇਸ ਅਭਿਪ੍ਰਾਯ ਨਾਲ ਰਸਾਲੇ ਤੇ ਅਖ਼ਬਾਰਾਂ ਨਿਕਾਲਣੀਆਂ।"[14] ਕੁਝ ਵਰ੍ਹਿਆਂ ਦੇ ਅੰਦਰ ਅੰਦਰ ਲਾਹੌਰ ਤੇ ਅੰਮ੍ਰਿਤਸਰ ਆਦਿ ਸ਼ਹਿਰਾਂ ਵਿਚ ਪੰਜਾਬੀ ਦੇ ਨਵੇਂ ਛਾਪੇਖ਼ਾਨੇ ਜਾਰੀ ਹੋ ਗਏ ਤੇ ਲਿਥੋ ਦੀ ਥਾਂ ਟਾਈਪ ਨੇ ਲੈ ਲਈ।[15]

ਪੰਜਾਬੀ ਪੱਤਰਕਾਰੀ ਦਾ ਠੀਕ ਮੁਢ 1880 ਈ.[16] ਵਿਚ ਬੱਝਦਾ ਹੈ ਜਦ ਕਿ ਪ੍ਰੋ.ਗੁਰਮੁਖ ਸਿੰਘ ਨੇ ਸਿੰਘ ਸਭਾ ਦੇ ਆਸ਼ਿਆਂ ਨੂੰ ਘਰ ਘਰ ਪੁਚਾਉਣ ਲਈ ਅਤੇ ਪ੍ਰਚਾਰ ਨੂੰ ਪਕੀਆਂ ਲੀਹਾਂ ਤੇ ਤੋਰਨ ਲਈ ਉਸੇ ਸਾਲ 10 ਨਵੰਬਰ ਨੂੰ 'ਗੁਰਮੁਖੀ ਅਖ਼ਬਾਰ' ਜਾਰੀ ਕੀਤਾ। ਸੁਧ ਪੰਜਾਬੀ ਦਾ ਇਹ ਪਹਿਲਾ ਅਖ਼ਬਾਰ ਸੀ ਜਿਸ ਦੀ ਸ਼ੈਲੀ ਉੱਤਮ ਤੇ ਲਿਖਣ ਢੰਗ ਬੜਾ ਸੁਚੱਜਾ ਅਤੇ ਖਿੱਚ-ਭਰਪੂਰ ਸੀ। ਇਹ ਅਖ਼ਬਾਰ ਲਾਹੌਰ ਤੋਂ ਤਿੰਨ ਸਾਲ ਬਾਕਾਇਦਾ ਛਪਦਾ ਰਿਹਾ ਅਤੇ ਸਿੰਘ ਸਭਾ ਲਹਿਰ ਦੇ ਆਸ਼ਿਆਂ ਨੂੰ ਪੂਰੀ ਸੁਹਿਰਦਤਾ ਨਾਲ ਪਰਚਾਰਦਾ ਰਿਹਾ। ਪ੍ਰੋ. ਗੁਰਮੁਖ ਸਿੰਘ ਨੂੰ ਇਸ ਪੱਖੋਂ ਅਸੀਂ ਪੰਜਾਬੀ ਦਾ ਮੋਢੀ ਪੱਤਰਕਾਰ ਆਖ ਸਕਦੇ ਹਾਂ, ਜਿਸ ਨੇ ਸੁਚੇਤ ਹੋ ਕੇ ਪਹਿਲੀ ਵਾਰ ਪੱਤਰਕਾਰੀ

---

13. ਅਸ਼ੋਕ-ਸ਼ਮਸ਼ੇਰ ਸਿੰਘ, " ਪੰਜਾਬੀ ਪੱਤਰਕਲਾ ", ਪਟਿਆਲਾ, 1953, ਪੰਨਾ 17.
14. ਅਸ਼ੋਕ-ਸ਼ਮਸ਼ੇਰ ਸਿੰਘ, " ਪੰਜਾਬ ਦੀਆਂ ਲਹਿਰਾਂ ", ਪਟਿਆਲਾ, ਪੰਨਾ 95
15. Ibid(8)-" A great Literary & religious movement started in 1880. The Gurmukhi type were improved and several presses were set up in Lahore and Amritsar, the big educational centres of the Panjab", p.105.
16. Lachman Singh, Bhagat-"Gurmukhi Akhbar laid foundation of Panja Journalism." 'Autobiography-Patiala, p.298.

ਨੂੰ ਪ੍ਰਚਾਰ ਤੇ ਸੁਧਾਰ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਸਮਝ ਕੇ ਅਖ਼ਬਾਰਾਂ ਦਾ ਇਕ ਜਾਲ ਵਿਛਾ ਦਿੱਤਾ। ਉਨ੍ਹਾਂ ਇਕੱਲਿਆਂ ਦੇ ਜਤਨਾਂ ਨਾਲ ਇਨ੍ਹਾਂ ਵਰ੍ਹਿਆਂ ਵਿਚ ਅੱਧੀ ਦਰਜਨ ਦੇ ਕਰੀਬ ਅਖ਼ਬਾਰ ਜਾਰੀ ਹੋਏ। "ਗੁਰਮੁਖੀ ਅਖਬਾਰ" 1883 ਤਕ ਲਾਹੌਰ ਤੋਂ ਛਪਦਾ ਰਿਹਾ ਤੇ ਪਿੱਛੋਂ ਇਹ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਬੰਧ ਵਿਚ ਸ. ਅਵਤਾਰ ਸਿੰਘ ਵਹੀਰੀਏ ਦੀ ਸੰਪਾਦਨਾ ਹੇਠ 1895 ਈ. ਦੇ ਅੰਤ ਤਕ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਚਲਦਾ ਰਿਹਾ।[17] ਪ੍ਰੋ. ਗੁਰਮੁਖ ਸਿੰਘ ਦੇ ਯਤਨਾਂ ਨਾਲ ਹੀ 1880 ਈ. ਵਿਚ 'ਵਿਦਿਆਰਕ ਪੰਜਾਬ', 1886 ਵਿਚ 'ਰਸਾਲਾ ਸੁਧਾਰਕ', 1886 ਈ. ਵਿਚ ਹੀ 'ਖਾਲਸਾ ਗਜ਼ਟ' ਅਤੇ 1883 ਈ.ਵਿੱਚ ਸਿੰਘ ਸਭਾ ਲਾਹੌਰ ਵਲੋਂ 'ਖਾਲਸਾ ਅਖਬਾਰ' ਜਾਰੀ ਕੀਤਾ ਗਿਆ।[18] ਪੰਜਾਬੀ ਬੋਲੀ ਤੇ ਸਾਹਿੱਤ ਦੀ ਉਨਤੀ ਵਿਚ ਇਨ੍ਹਾਂ ਪੱਤਰਾਂ ਦਾ ਮਹੱਤਵ-ਪੂਰਨ ਹੱਥ ਹੈ।[19] ਛਪਣ ਵਾਲੀਆਂ ਅਖ਼ਬਾਰਾਂ ਦੀ ਗਿਣਤੀ ਤਾਂ ਥੋੜ੍ਹੀ ਸੀ ਪਰ ਸਿੰਘ ਸਭਾ ਲਹਿਰ ਦਾ ਜਨਤਾ ਵਿਚ ਏਨਾ ਉਤਸਾਹ ਸੀ ਕਿ ਜਿਸ ਇਲਾਕੇ ਵਿਚ ਇਨ੍ਹਾਂ ਅਖ਼ਬਾਰਾਂ ਦੀ ਇਕ ਅੱਧ ਕਾਪੀ ਵੀ ਪੁਜ ਜਾਂਦੀ ਉਹ ਆਪ ਪੜ੍ਹ ਕੇ ਨੇੜੇ ਤੇੜੇ ਦੇ ਸਭ ਪਿੰਡਾਂ ਵਿਚ ਅਗੇ ਤੋਂ ਅਗੇ ਤੋਰ ਦਿੰਦੇ।[20]

1880 ਤੋਂ 1900 ਈ. ਦਾ ਸਮਾਂ ਪੰਜਾਬੀ ਪੱਤਰਕਾਰੀ ਦੇ ਵਿਕਾਸ ਦਾ ਇਕ ਮਹੱਤਵ-ਪੂਰਨ ਦੌਰ ਆਖਿਆ ਜਾ ਸਕਦਾ ਹੈ। ਦੋ ਦਰਜਨ ਦੇ ਕਰੀਬ ਸਪਤਾਹਕ, ਦਸ ਰੋਜ਼ਾ ਪੰਦਰਾ ਰੋਜ਼ਾ ਅਤੇ ਮਾਸਕ, ਪੰਜਾਬੀ ਪੱਤਰ-ਪੱਤਰਕਾਵਾਂ ਚਾਲੂ ਹੋਈਆਂ। ਇਨ੍ਹਾਂ ਦੀ ਪੱਧਰ, ਪ੍ਰਭਾਵ, ਉਦੇਸ਼, ਸ਼ਕਤੀ ਜਾਂ ਘੇਰਾ ਅਤੇ ਤਰੁਟੀਆਂ ਤੇ ਔਕੜਾਂ ਅਤੇ ਪੰਜਾਬੀ ਭਾਸ਼ਾ ਦੇ ਸਾਹਿੱਤ ਦੀ ਉੱਨਤੀ ਵਿਚ ਪੱਤਰਕਾਰੀ ਦੀ ਦੇਣ ਸੰਬੰਧੀ ਵਿਸਤਾਰ ਪੂਰਵਕ ਚਰਚਾ ਕਰਨ ਤੋਂ ਪਹਿਲਾਂ ਸੰਖੇਪ ਰੂਪ ਵਿਚ ਇਨ੍ਹਾਂ ਦਾ ਸਰਵੇਖਣ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ। ਕਿਹੜੇ ਕਿਹੜੇ ਪੱਤਰ ਕਦੋਂ ਚਾਲੂ ਹੋਏ, ਕਿੰਨੀ ਦੇਰ ਤਕ ਚਲੇ, ਸੰਪਾਦਕ, ਮਾਲਕ ਜਾਂ ਪ੍ਰਬੰਧਕ ਕੌਣ ਸਨ ਤੇ ਪੱਤਰਾਂ ਦੀ ਨੀਤੀ ਕੀ ਸੀ, ਇਤਿਆਦਿ ਬਾਰੇ ਲੋੜੀਂਦੀ ਤੇ ਮੁਢਲੀ ਜਾਣਕਾਰੀ ਸਾਡੇ ਉਪਰੋਕਤ ਉਦੇਸ਼ ਦੀ ਪੂਰਤੀ ਤੇ ਕੱਢੇ ਜਾਣ ਵਾਲੇ ਸਿੱਟਿਆਂ ਵਿਚ ਜ਼ਰੂਰ ਸਹਾਇਕ ਹੋਵੇਗੀ।

---

17. ਸੂਬਾ ਸਿੰਘ, "ਪੰਜਾਬੀ ਪੱਤਰਕਾਰੀ ਦਾ ਇਤਿਹਾਸ", ਚੰਡੀਗੜ੍ਹ-1974, ਪੰਨਾ 29.
18. ਅਸ਼ੋਕ-ਸ਼ਮਸ਼ੇਰ ਸਿੰਘ, " ਪੰਜਾਬ ਦੀਆਂ ਲਹਿਰਾਂ", ਪਟਿਆਲਾ, ਪੰਨਾ 92.
19. Ibid(8).," A deliberate attempt to develop panjabi language was made by establishing number of journals by the Singh Sabha",p.105.
20. Tara Chand(Dr)," If a single copy reaches a village or even a large collection of villages its contents will soon become known to nearly every man residing in the neighbourhood." History of Freedom Movement in India,Vol.II,pp 60-61.

(1) 'ਗੁਰਮੁਖੀ ਅਖ਼ਬਾਰ': ਜਿਸ ਤਰ੍ਹਾਂ ਉਪਰ ਲਿਖਿਆ ਗਿਆ ਹੈ, 'ਗੁਰਮੁਖੀ ਅਖ਼ਬਾਰ' ਸ਼ੁਧ-ਪੰਜਾਬੀ ਵਿਚ ਛਪਣ ਵਾਲਾ ਪਹਿਲਾ ਪੱਤਰ ਸੀ। ਇਸ ਤੋਂ ਪਹਿਲਾਂ ਪੰਜਾਬੀ ਪੱਤਰਕਾਰੀ ਵਿਚ ਜਿਤਨੇ ਵੀ ਯਤਨ ਹੋਏ, ਉਹ ਭਾਸ਼ਾ ਵਲੋਂ ਸੰਸਕ੍ਰਿਤ ਲਦੀ ਹਿੰਦੀ ਵਿਚ ਹੁੰਦੇ ਸਨ ਤੇ ਕੇਵਲ ਲਿੱਪੀ ਹੀ ਗੁਰਮੁਖੀ ਹੁੰਦੀ ਸੀ। ਸਿਵਾਇ ਈਸਾਈ ਮਿਸ਼ਨਰੀਆਂ ਦੇ ਛੋਟੇ ਛੋਟੇ ਟ੍ਰੈਕਟਾਂ ਦੇ, ਜਿਨ੍ਹਾਂ ਨੂੰ 'ਚੌਪਤਰੀਆਂ' ਆਖਿਆ ਜਾਂਦਾ ਸੀ, ਬਾਕੀ ਅਜਿਹੇ ਬਹੁਤੇ ਯਤਨ ਹਿੰਦੀ ਲਦੀ ਪੰਜਾਬੀ ਜਾਂ ਬ੍ਰਿਜ ਭਾਸ਼ਾ ਵਿਚ ਹੁੰਦੇ ਸਨ। ਪੰਜਾਬੀ ਟਾਈਪ ਦੀ ਵਰਤੋਂ ਵੀ ਈਸਾਈ ਮਿਸ਼ਨਰੀਆਂ ਦੀਆਂ ਪ੍ਰਕਾਸ਼ਨਾਵਾਂ ਵਿਚ ਹੁੰਦੀ ਸੀ, ਬਾਕੀ ਛਪਾਈ ਲਈ ਵਧੇਰੇ ਕਰ ਕੇ ਲਿਥੋ ਜਾਂ ਪੱਥਰ ਦੇ ਛਾਪੇ ਦੀ ਵਰਤੋਂ ਹੀ ਹੁੰਦੀ ਸੀ।

'ਗੁਰਮੁਖੀ ਅਖ਼ਬਾਰ' ਵੀ ਲਿਥੋ ਪ੍ਰੈਸ ਵਿਚ ਛਪਦਾ ਸੀ। ਆਕਾਰ ਸਾਧਾਰਨ ਕਿਤਾਬੀ ਸਾਈਜ਼ ਤੋਂ ਦੁਗਣਾ ਸੀ ਤੇ ਕੁਲ ਸਫ਼ੇ ਅੱਠ, ਦਸ ਜਾਂ ਬਾਰਾਂ ਤਕ ਹੀ ਹੁੰਦੇ ਸਨ। ਤਿੰਨ ਸਾਲ ਲਾਹੌਰ ਦੇ ਦਿੱਲੀ ਪੰਜਾਬ ਪ੍ਰੈਸ ਵਿਚ ਛਪਣ ਉਪ੍ਰੰਤ ਇਹ ਅੰਮ੍ਰਿਤਸਰ ਸਿੰਘ ਸਭਾ ਦੇ ਪ੍ਰਬੰਧ ਹੇਠ ਚਲਾ ਗਿਆ ਅਤੇ ਉਥੇ ਆਫ਼ਤਾਬੇ-ਪੰਜਾਬ ਵਿਚ 1895 ਤਕ ਚਲਦਾ ਰਿਹਾ। ਪਹਿਲੋਂ ਪਹਿਲ ਇਹ ਸਪਤਾਹਕ ਪੱਤਰ ਦੇ ਰੂਪ ਵਿਚ ਚਾਲੂ ਹੋਇਆ ਪਰ 1893 ਈ. ਤੋਂ ਪਿਛੋਂ ਦਸ ਰੋਜ਼ਾ ਅਰਥਾਤ ਮਹੀਨੇ ਵਿਚ ਤਿੰਨ ਵਾਰੀ ਛਪਣ ਲਗਾ।

ਪਹਿਲੇ ਸੰਪਾਦਕ ਪ੍ਰੋ. ਗੁਰਮੁਖ ਸਿੰਘ ਸਨ ਪਰ ਪਿਛੋਂ ਅੰਮ੍ਰਿਤਸਰ ਚਲੇ ਜਾਣ ਨਾਲ ਸ੍ਰ. ਅਵਤਾਰ ਸਿੰਘ ਵਹੀਰੀਆ ਇਸ ਦੇ ਸੰਪਾਦਕ ਬਣੇ। 1893 ਵਿਚ ਰਾਜਾ ਫਰੀਦਕੋਟ ਦੇ ਇਕ ਕਰਮਚਾਰੀ ਸ੍ਰ. ਅਤਰ ਸਿੰਘ ਇਸ ਦੇ ਸੰਪਾਦਕ ਬਣੇ। ਜਿਸ ਤਰ੍ਹਾਂ ਪਿਛੇ ਹਵਾਲਾ ਦਿੱਤਾ ਜਾ ਚੁਕਾ ਹੈ, ਇਸ ਪੱਤਰ ਦਾ ਨਿਸ਼ਾਨਾ ਲਿਹੌਲ ਸਿੰਘ ਸਭਾ ਦੇ ਆਸ਼ਿਆਂ ਨੂੰ ਪ੍ਰਚਾਰਨਾ ਸੀ ਅਤੇ ਇਸੇ ਪੱਤਰ ਦੀਆਂ ਲਿਖਤਾਂ ਦਾ ਪ੍ਰਭਾਵ ਹੀ ਸੀ ਕਿ ਸਾਰੇ ਪੰਜਾਬ ਵਿਚ ਕੁਝ ਵਰ੍ਹਿਆਂ ਅੰਦਰ ਸਿੰਘ ਸਭਾਵਾਂ ਦਾ ਇਕ ਜਾਲ ਵਿਛ ਗਿਆ, ਜਿਨ੍ਹਾਂ ਦੀਆਂ ਕਾਰਵਾਈਆਂ ਨੂੰ ਸੰਗਠਤ ਕਰਨ ਲਈ 1883 ਈ. ਵਿਚ

---

21. ਅਸ਼ੋਕ-ਸ਼ਮਸ਼ੇਰ ਸਿੰਘ, "ਪੰਜਾਬੀ ਪੱਤਰ-ਕਲਾ", ਪੰਨਾ 32 ਤੇ ਸੂਬਾ ਸਿੰਘ ਨੇ (ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਪੰਨਾ 29) ਗੁਰਮੁਖੀ ਅਖਬਾਰ ਦੇ ਚਾਲੂ ਰਹਿਣ ਦਾ ਸਾਲ 1888 ਦਾ ਅਖ਼ੀਰ ਦੱਸਿਆ ਹੈ। ਕੁਲਦੀਪ ਸਿੰਘ ਨੇ (ਪੱਤਰਕਾਰੀ, ਪੰਨਾ 31) ਇਹ ਸਾਲ 1896 ਲਿਖਿਆ ਹੈ। ਪੰਜਾਬ ਪ੍ਰੈਸ ਰੀਪੋਰਟ 1894-98 ਤਕ ਪ੍ਰਾਪਤ ਨਾ ਹੋਣ ਕਰਕੇ ਪ੍ਰਕਾਸ਼ਨਾ ਦੇ ਬੰਦ ਹੋਣ ਦਾ ਠੀਕ ਸੰਨ ਨਿਸਚਿਤ ਕਰਨਾ ਸੰਭਵ ਨਹੀਂ। ਬੈਰੀਅਰ ਨੇ (ਸਿਖ਼ਸ ਐਂਡ ਦੇਅਰ ਲਿਟਰੇਚਰ-ਪੰਨਾ 72) ਸਮਾਪਤੀ ਦਾ ਸੰਨ 1895 ਦਿੱਤਾ ਹੈ ਜਿਹੜਾ ਠੀਕ ਪ੍ਰਤੀਤ ਹੁੰਦਾ ਹੈ।

ਖਾਲਸਾ ਦੀਵਾਨ ਅੰਮ੍ਰਿਤਸਰ ਤੇ 1885 ਈ. ਵਿਚ ਖਾਲਸਾ ਦੀਵਾਨ ਲਾਹੌਰ ਕਾਇਮ ਕੀਤੇ ਗਏ।[22] ਸੰਪਾਦਕੀ ਤੋਂ ਬਿਨਾਂ ਇਸ ਪੱਤਰ ਵਿਚ ਲੇਖ, ਸਿੱਖ ਧਰਮ ਸੰਬੰਧੀ ਚਿਠੀਆਂ ਅਤੇ ਖ਼ਬਰਾਂ ਵੀ ਛਪਦੀਆਂ ਸਨ। ਮਹਾਰਾਜਾ ਨਾਭਾ ਇਸ ਪੱਤਰ ਦੀ ਮਾਇਕ ਸਹਾਇਤਾ ਕਰਦੇ ਸਨ ਪਰ ਤਾਂ ਵੀ ਇਸ ਵਿਚ ਰਿਆਸਤਾਂ ਦੀਆਂ ਖ਼ਬਰਾਂ ਨਹੀਂ ਛਾਪੀਆਂ ਜਾਂਦੀਆਂ ਸਨ। ਹੌਲੀ ਹੌਲੀ ਇਸ ਦੀ ਨੀਤੀ ਵੀ ਬਦਲ ਗਈ ਅਤੇ ਧਾਰਮਿਕ ਗੱਲਾਂ ਤੋਂ ਬਿਨਾਂ ਇਸ ਵਿਚ ਰਾਜਸੀ ਲੇਖ ਵੀ ਛਪਣ ਲਗ ਪਏ।

(2) 'ਖਾਲਸਾ ਅਖ਼ਬਾਰ' : ਜਦੋਂ ਗੁਰਮੁਖੀ ਅਖ਼ਬਾਰ ਲਾਹੌਰ ਤੋਂ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਚਲਾ ਗਿਆ ਤਾਂ ਖਾਲਸਾ ਦੀਵਾਨ ਲਾਹੌਰ ਦੇ ਆਸ਼ਿਆਂ ਦੀ ਤਰਜਮਾਨੀ ਕਰਨ ਲਈ ਪ੍ਰੋ. ਗੁਰਮੁਖ ਸਿੰਘ ਦੇ ਯਤਨਾਂ ਨਾਲ 12 ਜੂਨ 1886 ਈ. ਨੂੰ ਲਾਹੌਰ ਤੋਂ 'ਖਾਲਸਾ ਅਖ਼ਬਾਰ' ਨਾਂ ਦਾ ਸਪਤਾਹਕ ਪੱਤਰ ਜਾਰੀ ਹੋਇਆ ਅਤੇ ਗੁਲਜ਼ਾਰੇ-ਮੁਹੰਮਦੀ ਪ੍ਰੈਸ ਲਾਹੌਰ ਤੋਂ ਲਿਥੋ ਪ੍ਰੈਸ ਵਿਚ ਪ੍ਰਕਾਸ਼ਤ ਹੋਣ ਲਗਾ। ਇਸ ਦੇ ਪਹਿਲੇ ਸੰਪਾਦਕ ਗਿਆਨੀ ਝੰਡਾ ਸਿੰਘ ਫਰੀਦਕੋਟੀ ਸਨ। ਪਿਛੋਂ ਇਹ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਦੀ ਸੰਪਾਦਨਾ ਹੇਠ ਚਲਦਾ ਰਿਹਾ। ਉਨ੍ਹੀਵੀਂ ਸਦੀ ਦੇ ਪੰਜਾਬੀ ਸਮਾਚਾਰ ਪੱਤਰਾਂ ਵਿਚੋਂ 'ਖਾਲਸਾ ਅਖ਼ਬਾਰ' ਸੱਭ ਤੋਂ ਵੱਧ ਮਹੱਤਤਾ ਰਖਦਾ ਹੈ, ਕਿਉਂਜੋ ਇਹ ਨਾ ਕੇਵਲ ਸਿੰਘ ਸਭਾ ਤੇ ਖਾਲਸਾ ਦੀਵਾਨ ਦੇ ਆਸ਼ਿਆਂ ਦੀ ਤਰਜਮਾਨੀ ਹੀ ਕਰਦਾ ਸੀ ਸਗੋਂ ਇਸ ਦੇ ਸੰਪਾਦਕਾਂ, ਵਿਸ਼ੇਸ਼ ਤੌਰ ਤੇ ਗਿਆਨੀ ਦਿੱਤ ਸਿੰਘ ਦੀ ਕਲਮ ਵਿਚ ਅਜਿਹਾ ਜ਼ੋਰ ਸੀ ਕਿ ਵਿਰੋਧੀ ਹਿੰਦੂਆਂ ਤੇ ਸਿੱਖਾਂ ਨੂੰ ਲਾਜਵਾਬ ਕਰ ਦਿੰਦਾ ਸੀ। ਸਮਾਜਕ ਤੇ ਧਾਰਮਿਕ ਲੇਖਾਂ ਤੇ ਸੰਪਾਦਕੀ ਨੋਟਾਂ ਤੋਂ ਬਿਨਾਂ ਇਸ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖ਼ਬਰਾਂ ਵੀ ਸੰਖੇਪ ਵਿਚ ਛਾਪੀਆਂ ਜਾਂਦੀਆਂ ਸਨ। ਉਦਾਹਰਣ ਲਈ 10 ਜੁਲਾਈ, 1896 ਦੇ ਅੰਕ ਵਿਚ ਕੁਝ ਕੁ ਛਪੀਆਂ ਖ਼ਬਰਾਂ ਦਾ ਵੇਰਵਾ ਇਸ ਪ੍ਰਕਾਰ ਹੈ:-

* ਲੰਡਨ ਵਿਚ ਤਮਾਕੂ ਪੀਣ ਕਰ ਕੇ ਬਹੁਤੇ ਲੋਕ ਅੰਧੇ ਹੋ ਗਏ।
* ਪੰਜਾਬ ਦਿਆਂ ਸਫ਼ਾਖਾਨਿਆਂ ਪਰ ਪਿਛਲੇ ਸਾਲ 2 ਲੱਖ ਬਿਆਸੀ ਹਜ਼ਾਰ ਰੁਪਯਾ ਖਰਚ ਹੋਇਆ।
* ਜਨਵਰੀ ਸੰਨ 1886 ਥੋਂ ਲੈ ਕੇ ਅਕਤੋਹ ਮਾਰਚ ਤਕ ਤਿੰਨ ਮਹੀਨਿਆਂ ਵਿਚ ਸਰਕਾਰ ਨੂੰ ਬਸਟ ਵੈਸਟਰਨ ਰੇਲ ਦੀ ਪੰਜ ਕਰੋੜ ਦੀ ਆਮਦਨ ਹੋਈ।

---

22. ਸੂਬਾ ਸਿੰਘ, "ਪੰਜਾਬੀ ਪੱਤਰਕਾਰੀ ਦਾ ਇਤਿਹਾਸ", ਪੰਨਾ 30 ਅਤੇ ਅਸ਼ੋਕ, "ਪੰਜਾਬੀ ਪੱਤਰ-ਕਲਾ", ਪੰਨਾ 32.

* ਮਹਾਰਾਜਾ ਹੁਲਕਰ ਦੇ ਪ੍ਰਲੋਕ ਦੇ ਸ਼ੋਕ ਵਿਚ ਰਿਆਸਤ ਬੜੌਦੇ ਵਿਚ ਕੁਲ ਸਰਕਾਰੀ ਦਫ਼ਤਰ ਇਕ ਦਿਨ ਵਾਸਤੇ ਬੰਦ ਰਹੇ।
* ਪੰਜਾਬ ਦੇਸ ਦੇ ਵਾਸੀਆਂ ਦੀ ਏਹ ਮਨਸਾ ਹੈ ਜੋ ਕਿਵੇਂ ਲਾਟ ਇਦੀਸਨ ਸਾਹਿਬ ਬਹਾਦਰ ਦੀ ਹਕੂਮਤ ਦੀ ਮਿਆਦ ਵਧ ਜਾਏ।
* ਆਇਰਲੈਂਡ ਵਿਚ 73 ਹਜਾਰ ਫੌਜ ਸਰਕਾਰ ਥੋਂ ਵਿਰੁਧ, ਸੈਨਕ ਬੰਧ ਤਿਆਰ ਹੈ।
* ਚੀਨ ਦੇ ਲੋਗ ਅੱਸੀ ਨੱਬੇ ਬਰਸ ਦੀ ਉਮਰ ਤੀਕਰ ਵਿਦੱਯਾ ਵਿਚ ਮਿਹਨਤ ਕਰਨ ਨੂੰ ਐਬ ਨਹੀਂ ਸਮਝਦੇ।

ਖ਼ਬਰਾਂ ਦੇ ਵੇਰਵਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ (ੳ) ਪੱਤਰ ਧਾਰਮਿਕ ਜਾਂ ਸਮਾਜਕ ਖੇਤਰ ਤਕ ਹੀ ਸੀਮਤ ਨਹੀਂ ਸੀ, ਸਗੋਂ ਆਮ ਪਾਠਕਾਂ ਦੀ ਦਿਲਚਸਪੀ ਦਾ ਵੀ ਧਿਆਨ ਰਖਦਾ ਸੀ। (ਅ) ਭਾਸ਼ਾ ਸ਼ੁਧ ਪੰਜਾਬੀ ਸੀ (ੲ) ਸ਼ਬਦ-ਜੋੜ ਤੇ ਲਹਿਜਾ ਕੁਝ ਕੁਝ ਪੁਰਾਣਾ ਸੀ (ਸ) ਪੰਜਾਬੀ ਪਾਠਕਾਂ ਨੂੰ ਦੇਸਾਂ ਪ੍ਰਦੇਸ਼ਾਂ ਦੀਆਂ ਉੱਘੀਆਂ ਖ਼ਬਰਾਂ ਬੜੇ ਸੰਖੇਪ ਰੂਪ ਵਿਚ ਪੁਚਾਈਆਂ ਜਾਂਦੀਆਂ ਸਨ।

'ਖ਼ਾਲਸਾ ਅਖ਼ਬਾਰ' ਵਿਚ ਨਵੰਬਰ 1887 ਈ. ਦੇ ਅੰਕ ਵਿਚ ਗਿਆਨੀ ਦਿੱਤ ਸਿੰਘ ਦੁਆਰਾ ਲਿਖਿਆ 'ਸ੍ਵਪਨ ਨਾਟਕ' ਛਪਿਆ।[23] ਇਸ ਨਾਟਕ ਵਿਚ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਕੁਝ ਕੁ ਉੱਘੇ ਸੰਚਾਲਕਾਂ, ਵਿਸ਼ੇਸ਼ ਤੌਰ ਤੇ ਬਾਬਾ ਖੇਮ ਸਿੰਘ ਜੀ ਬੇਦੀ ਉਤੇ ਵਿਅੰਗ ਕਸਿਆ ਗਿਆ ਸੀ ਜਿਹੜੇ ਆਪਣੇ ਆਪ ਨੂੰ ਗੁਰੂ ਅਖਵਾਉਂਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲੁਆ ਕੇ ਸੰਗਤਾਂ ਪਾਸੋਂ ਮੱਥਾ ਟਿਕਾਉਂਦੇ ਤੇ ਦੇਹ-ਧਾਰੀ ਗੁਰੂ ਦਾ ਪ੍ਰਚਾਰ ਕਰਦੇ ਸਨ। ਪ੍ਰੋ.ਗੁਰਮੁਖ ਸਿੰਘ, ਗਿ: ਦਿੱਤ ਸਿੰਘ ਤੇ ਭਾਈ ਜਵਾਹਰ ਸਿੰਘ ਸੁਧਾਰ ਦੀ ਲਗਨ ਦੇ ਉਤਸ਼ਾਹ ਨਾਲ ਮਘਦੇ ਭਾਵਾਂ ਨੂੰ ਲੈ ਕੇ ਇਸ ਵਿਚਾਰ ਦਾ ਖੰਡਨ ਕਰਦੇ ਸਨ। ਅੰਮ੍ਰਿਤਸਰੀ ਧੜੇ ਨੇ ਪ੍ਰੋ. ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਤੋਂ ਹੁਕਮਨਾਮੀ ਜਾਰੀ ਕਰਵਾ ਕੇ 18 ਮਾਰਚ, 1887 ਨੂੰ ਪੰਥ ਵਿਚੋਂ ਖਾਰਜ ਕਰਵਾ ਦਿਤਾ ਅਤੇ ਗਿਆਨੀ ਦਿੱਤ ਸਿੰਘ ਨੂੰ 'ਸ੍ਵਪਨ ਨਾਟਕ' ਲਿਖਣ ਤੇ ਛਾਪਣ ਉਤੇ ਲਾਹੌਰ ਦੀ ਅਦਾਲਤ ਵਲੋਂ ਇਕਵੰਜਾ ਰੁਪਏ ਜੁਰਮਾਨਾ ਹੋਇਆ। ਇਸ ਨਾਲ 'ਖਾਲਸਾ ਅਖਬਾਰ' ਜੂਨ 1889ਈ. ਤੋਂ ਬੰਦ ਹੋ ਗਿਆ। 1 ਮਈ, 1892 ਨੂੰ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਵਲੋਂ ਪ੍ਰਾਪਤ ਹੋਈ

---

23. 'ਸਿੰਘ ਸਭਾ ਪਤ੍ਰਕਾ', ਅੰਮ੍ਰਿਤਸਰ, ਜੁਲਾਈ-1974, ਪੰਨਾ 32

ਮਾਇਕ ਸਹਾਇਤਾ ਨਾਲ ਟਾਈਪ ਦੇ ਛਾਪੇ ਵਿਚ ਖਾਲਸਾ ਪ੍ਰੈਸ ਲਾਹੌਰ ਤੋਂ ਨਵੇਂ ਸਿਰਿਓਂ ਜਾਰੀ ਹੋ ਗਿਆ। 6 ਸਤੰਬਰ 1901 ਈ. ਨੂੰ ਗਿ: ਦਿੱਤ ਸਿੰਘ ਦੀ ਮ੍ਰਿਤੂ ਨਾਲ 'ਖਾਲਸਾ ਅਖ਼ਬਾਰ' ਦੇ ਸੰਪਾਦਕ ਭਾਈ ਮਈਆ ਸਿੰਘ ਆਹਲੂਵਾਲੀਆ ਬਣੇ ਅਤੇ 1905 ਈ. ਤਕ ਜਿਵੇਂ ਕਿਵੇਂ ਇਸ ਨੂੰ ਜਾਰੀ ਰਖਿਆ ਪਰ ਸਿੰਘ ਸਭਾ ਲਾਹੌਰ ਦੇ ਕਾਰਜ-ਕਰਤਾਵਾਂ ਦਾ ਉਤਸ਼ਾਹ ਮੱਠਾ ਪੈਣ ਨਾਲ 'ਖ਼ਾਲਸਾ ਅਖ਼ਬਾਰ' ਵੀ ਬੰਦ ਹੋ ਗਿਆ। ਗਿਆਨੀ ਦਿੱਤ ਸਿੰਘ ਜੀ ਨਾ ਕੇਵਲ, ਸਿੰਘ ਸਭਾ ਦੇ ਉਸਰਈਏ, ਅਦੁੱਤੀ ਵਿਦਵਾਨ ਤੇ ਭਾਸ਼ਨਕਾਰ ਹੀ ਸਨ, ਸਗੋਂ ਉਨ੍ਹਾਂ ਦੀ ਲਿਖਤ ਵਿਚ ਵੀ ਬੜਾ ਜ਼ੋਰ ਸੀ ਅਤੇ ਦਲੀਲ ਨਾਲ ਲੋਕਾਂ ਨੂੰ ਕਾਇਲ ਕਰਨ ਦੀ ਸਮਰੱਥਾ ਰਖਦੇ ਸਨ। ਆਪ ਕਵਿਤਾ ਤੇ ਵਾਰਤਕ ਦੋਹਾਂ ਰੂਪਾਂ ਵਿਚ ਇੱਕੋ ਜਿਹੇ ਪ੍ਰਵੀਨ ਸਨ। 'ਖਾਲਸਾ ਅਖ਼ਬਾਰ' ਵਿਚ ਛਪੀਆਂ ਆਪ ਦੀਆਂ ਲਿਖਤਾਂ, ਪੰਜਾਬੀ ਵਾਰਤਕ ਦਾ ਇਕ ਉੱਤਮ ਨਮੂਨਾ ਹਨ।

(3) ਗੁਰਮਤ ਪ੍ਰਕਾਸ਼ਕ:- 13 ਅਪ੍ਰੈਲ 1893 ਈ. ਅਰਥਾਤ ਪਹਿਲੀ ਵੈਸਾਖ 1950 ਬਿ. ਨੂੰ ਅੰਮ੍ਰਿਤਸਰ ਤੋਂ ਦਸ-ਰੋਜ਼ਾ ਪੱਤਰ ਦੇ ਰੂਪ ਵਿਚ 'ਗੁਰਮਤ ਪ੍ਰਕਾਸ਼ਕ' ਛਪਣ ਲਗਾ। ਗਿ: ਅਵਤਾਰ ਸਿੰਘ ਵਹੀਰੀਏ ਇਸ ਦੇ ਸੰਪਾਦਕ ਸਨ। ਬਾਬਾ ਖੇਮ ਸਿੰਘ ਬੇਦੀ ਤੇ ਉਨ੍ਹਾਂ ਦੇ ਹਮਖ਼ਿਆਲਾਂ ਦੀ ਪਿਠ ਪੂਰਨਾ ਇਸ ਪੱਤਰ ਦੀ ਨੀਤੀ ਸੀ। ਪਹਿਲੇ ਅੰਕ ਦੇ ਆਰੰਭ ਵਿਚ ਹੀ ਲੇਖਕ ਨੇ ਪੰਜਾਬੀ ਭਾਸ਼ਾ ਦੀ ਉਨਤੀ ਲਈ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕੀਤੀ ਤੇ ਆਪਣੇ ਮਨੋਰਥ ਨੂੰ ਸਪੱਸ਼ਟ ਕਰਦਿਆਂ ਹੋਇਆਂ ਲਿਖਿਆ:

" ਸੂਬਤ ਸ੍ਰੀ ਗੁਰੂ ਨਾਨਕ ਘਰ ਦੀ ਸਿੱਖ ਸੰਗਤ ਖਾਲਸਾ ਜੀ ਤੇ ਸੂਬੱਚ ਪੰਜਾਬ ਦੇਸ ਦੇ ਹਿਤਕਾਰੀਆਂ ਪ੍ਰਤਿ ਪ੍ਰਗਟ ਕਿ ਏਹ ਗਲ ਬੁਧਿਮਾਨਾ ਵਿਚ ਫੈਸਲਾ ਪਾ ਚੁੱਕੀ ਹੈ ਕਿ ਕਿਸੇ ਦੇਸ ਦੇ ਤੇਜ ਬਲ ਅਤੇ ਸੁਭਾਗਤਾ ਦੀ ਸੋਭਾ ਵਡਿਆਈ ਦੀ ਬ੍ਰਿਧਿ ਤਦ ਤੋੜੀ ਨਹੀਂ ਹੋ ਸਕਦੀ ਜਦ ਤੋੜੀ ਉਸ ਦੇਸ ਦੀ ਅਸਲੀ ਭਾਸ਼ਾ ਦੀ ਬ੍ਰਿਧਿ ਨਾ ਹੋਵੇ। ਸੋ ਪੰਜਾਬ ਦੀ ਜੋ ਅਸਲੀ ਆਪਣੀ ਪੰਜਾਬੀ ਭਾਸ਼ਾ ਹੈ, ਗੁਰਮੁਖੀ ਅੱਖਰਾਂ ਵਿਚ ਹੈ। ਤਾਂ ਜਦ ਤੋੜੀ ਗੁਰਮੁਖੀ ਪੰਜਾਬੀ ਦੀ ਬ੍ਰਿਧਿ ਨਹੀਂ ਹੋਂਦੀ, ਤਦ ਤੋੜੀ ਪੰਜਾਬ ਦੇਸ ਦੇ ਤੇਜ ਬਲ ਅਤੇ ਸੁਭਾਗ ਦੀ ਸੋਭਾ ਵਡਿਆਈ ਦੀ ਬ੍ਰਿਧਿ ਹੋਣ ਦੀ ਆਸ ਕਰਨੀ ਵਿਅਰਥ ਹੈ। ਸੋ ਏਹ ਗੱਲ ਭੀ ਉੱਤਮ ਪੁਰਸ਼ਾਂ ਨੇ ਫੈਸਲਾ ਕੀਤੀ ਹੈ ਕਿ ਜਿਸ ਦੇਸ਼ ਦੀ ਭਾਸ਼ਾ ਦੀ ਬ੍ਰਿਧਿ ਦੀ ਲੋੜ ਹੋਵੇ, ਇਹ ਲੋੜ ਅਖ਼ਬਾਰਾਂ ਦੁਵਾਰਾ ਹੀ ਪੂਰੀ ਹੋ ਸਕਦੀ ਹੈ। ਤਾਂ ਤੇ ਇਸ ਕਰ ਕੇ ਪੰਜਾਬ ਦੇਸ਼ ਵਿਚ ਗੁਰਮੁਖੀ ਪੰਜਾਬੀ ਭਾਸ਼ਾ ਦੇ ਅਖ਼ਬਾਰਾਂ ਦੀ ਲੋੜ ਹੈ। "

ਅਗੇ ਚਲ ਕੇ ਅਖ਼ਬਾਰ ਫੇਰ ਲਿਖਦਾ ਹੈ:- "ਬੁਧਿਮਾਨਾਂ ਲੋਕਾਂ ਨੂੰ ਇਸ ਵੇਲੇ ਇਸ ਗੱਲ ਦਾ ਬਾਹਲਾ ਬਿਚਾਰ ਉਪਜਿਆ ਹੋਇਆ ਹੈ ਕਿ ਜੇ ਕਰ ਇਸੀ ਪ੍ਰਕਾਰ ਏਹ ਪੰਜਾਬ ਦੇਸ ਜਿਸ

ਵਿਚ ਪੰਜਾਬੀ ਗੁਰਮੁਖੀ ਭਾਸ਼ਾ ਦੇ ਸੈਂਕੜੇ ਅਖ਼ਬਾਰ ਹੋਣੇ ਚਾਹੀਦੇ ਹਨ, ਕੋਈ ਭੀ ਨਾ ਹੋਇ ਤਾਂ ਕਿਸੀ ਦਿਨ ਨੂੰ ਏਹ ਦੇਸ ਗਿੱਰਦਾ ਹੋਇਆ ਗਿੱਰ ਹੀ ਜਾਵਿਗਾ।"

ਉਪ੍ਰੋਕਤ ਸੰਪਾਦਕੀ ਨੋਟ ਤੋਂ ਸਪੱਸ਼ਟ ਹੈ ਕਿ ਪੱਤਰਕਾਰੀ ਨੂੰ ਪੰਜਾਬੀ ਭਾਸ਼ਾ ਦੀ ਉੱਨਤੀ ਦਾ ਇਕ ਸ਼ਕਤੀਸ਼ਾਲੀ ਸਾਧਨ ਸਮਝ ਕੇ, ਪ੍ਰੇਰਨਾ ਦਿੱਤੀ ਗਈ ਹੈ ਕਿ ਪੰਜਾਬੀ ਦੇ ਅਖ਼ਬਾਰ ਵੱਧ ਤੋਂ ਵੱਧ ਗਿਣਤੀ ਵਿਚ ਛਪਣ। "ਪੰਜਾਬੀ ਗੁਰਮੁਖੀ ਭਾਸ਼ਾ" ਸ਼ਬਦਾਂ ਦੀ ਵਰਤੋਂ ਵੀ ਇਹ ਸਿੱਧ ਕਰਦੀ ਹੈ ਕਿ ਜਿਥੇ ਸਿੰਘ ਸਭਾ ਲਹਿਰ ਤੋਂ ਪਹਿਲਾਂ ਲਿੱਪੀ ਤਾਂ ਗੁਰਮੁਖੀ ਵਰਤੀ ਜਾਂਦੀ ਸੀ ਪਰ ਭਾਸ਼ਾ ਬ੍ਰਜੀ ਜਾਂ ਰਲੀ ਮਿਲੀ ਹੁੰਦੀ ਸੀ, ਉਥੇ ਨਵੀਂ ਰੁਚੀ ਇਹ ਸੀ ਕਿ ਭਾਸ਼ਾ ਸ਼ੁੱਧ ਤੇ ਠੇਠ ਪੰਜਾਬੀ ਹੋਵੇ, ਤੇ ਇਸ ਨੂੰ ਗੁਰਮੁਖੀ ਲਿੱਪੀ ਵਿਚ ਲਿਖਿਆ ਜਾਏ।

(4) ਖ਼ਾਲਸਾ ਪ੍ਰਕਾਸ਼: ਦੀਵਾਨ ਬੂਟਾ ਸਿੰਘ ਮਾਲਕ ਆਫ਼ਤਾਬੇ-ਪੰਜਾਬ ਦੇ ਉੱਦਮ ਨਾਲ 1886 ਈ. ਵਿਚ 'ਖ਼ਾਲਸਾ ਪ੍ਰਕਾਸ਼' ਨਾਂ ਦਾ ਸਪਤਾਹਕ ਪੱਤਰ ਜਾਰੀ ਹੋਇਆ। ਪਹਿਲੇ ਸੰਪਾਦਕ ਸ. ਬੂੜ ਸਿੰਘ ਤੇ 1893 ਤੋਂ ਪਿਛੋਂ ਸ. ਦਯਾ ਸਿੰਘ ਬਣ ਗਏ।[24] ਕੁਝ ਵਰ੍ਹੇ ਬਾਕਾਇਦਗੀ ਨਾਲ ਛਪਣ ਉਪ੍ਰੰਤ 1889 ਈ. ਵਿਚ ਇਹ ਪੱਤਰ ਬੰਦ ਹੋ ਗਿਆ। ਸਿੱਖ ਧਰਮ ਦਾ ਪ੍ਰਚਾਰ ਇਸ ਪੱਤਰ ਦਾ ਮਨੋਰਥ ਸੀ। ਆਮ ਖ਼ਬਰਾਂ ਤੋਂ ਬਿਨਾਂ ਰਾਜਸੀ ਖ਼ਬਰਾਂ ਵੀ ਛਾਪੀਆਂ ਜਾਂਦੀਆਂ ਸਨ।

(5) ਖਾਲਸਾ: 1886 ਈ. ਵਿਚ ਅੰਮ੍ਰਿਤਸਰ ਤੋਂ 'ਖਾਲਸਾ' ਨਾਂ ਦਾ ਸਪਤਾਹਕ ਪੱਤਰ ਜਾਰੀ ਹੋਇਆ। ਪਿਛੋਂ ਇਹ ਲਾਹੌਰ ਤੋਂ ਕੁਝ ਸਮਾਂ ਛਪਦਾ ਰਿਹਾ। ਭਾਈ ਲਹਿਣਾ ਸਿੰਘ ਗਿਆਨੀ ਇਸ ਦੇ ਸੰਪਾਦਕ ਸਨ। ਮਾਇਕ ਔਕੜਾਂ ਕਰਕੇ ਛੇਤੀ ਬੰਦ ਹੋ ਗਿਆ। ਨੀਤੀ ਸਿੰਘ ਸਭਾ ਦੇ ਆਸ਼ਿਆਂ ਦਾ ਪ੍ਰਚਾਰ ਹੀ ਸੀ।

ਏਸੇ ਨਾਂ ਦਾ ਪਹਿਲਾ ਅੰਗਰੇਜ਼ੀ ਪੱਤਰ ਭਗਤ ਲਛਮਨ ਸਿੰਘ ਜੀ ਦੀ ਸੰਪਾਦਨਾਂ ਹੇਠ ਛਪਣ ਲੱਗਾ। ਕੁਝ ਚਿਰ ਭਾਈ ਮਈਆ ਸਿੰਘ ਵੀ ਇਸ ਦੇ ਸੰਪਾਦਕ ਰਹੇ। ਸਿੱਖਾਂ ਦੀ ਸੁਤੰਤਰ ਹੋਂਦ ਤੇ ਹਿੰਦੂਆਂ ਨਾਲੋਂ ਭਿੰਨਤਾ ਤੇ ਵੱਖਰਤਾ ਨੂੰ ਸਿੱਧ ਕਰਨਾ ਅਤੇ ਸਿੱਖੀ ਨੂੰ ਸਨਾਤਨੀ ਪ੍ਰਭਾਵਾਂ ਤੋਂ ਮੁਕਤ ਕਰਨਾ, ਇਸ ਪੱਤਰ ਦੀ ਨੀਤੀ ਸੀ। ਪਟਿਆਲੇ ਦੇ ਵਿੱਤ ਮੰਤਰੀ ਕਰਨਲ ਜੀਵਨ ਸਿੰਘ ਵਲੋਂ ਪ੍ਰਾਪਤ ਮਾਇਕ ਸਹਾਇਤਾ ਨਾਲ ਇਹ ਪੱਤਰ ਚਲਦਾ ਰਿਹਾ।

---

24. ਅਸ਼ੋਕ-ਸ਼ਮਸ਼ੇਰ ਸਿੰਘ, " ਪੰਜਾਬੀ ਪੱਤਰ-ਕਲਾ " ਪੰਨਾ 34, ਅਤੇ ਡਾ. ਗੰਡਾ ਸਿੰਘ, " ਭਾਈ ਵੀਰ ਸਿੰਘ ਐਂਡ ਹਿਜ਼ ਟਾਈਮਜ਼ ", ਪੰਨਾ ਉਤੇ ਸੰਪਾਦਕ ਦਾ ਨਾਂ ਸ: ਆਇਆ ਸਿੰਘ ਲਿਖਦੇ ਹਨ।

(6) ਸਿੰਘ ਸਭਾ ਗਜ਼ਟ :

ਸਿੰਘ ਸਭਾ ਦੀਆਂ ਪਰਚਾਰ ਸਰਗਰਮੀਆਂ ਨੂੰ ਪੇਸ਼ ਕਰਨ ਅਤੇ ਸਿੱਖਾਂ ਦੀ ਧਾਰਮਿਕ ਤੇ ਰਾਜਸੀ ਦਸ਼ਾ ਸੰਬੰਧੀ ਲੋਕ-ਰਾਏ ਨੂੰ ਉਸਾਰਨ ਲਈ ਅੰਮ੍ਰਿਤਸਰ ਤੋਂ 1890 ਈ. ਨੂੰ 'ਸਿੰਘ ਸਭਾ ਗਜ਼ਟ' ਨਾਂ ਦਾ ਸਪਤਾਹਕ ਪੱਤਰ ਜਾਰੀ ਹੋਇਆ ਜਿਹੜਾ ਚਸ਼ਮਾਏ-ਨੂਰ ਪ੍ਰੈਸ ਵਿਚ ਛਪਦਾ ਸੀ। ਇਸ ਦੇ ਸੰਪਾਦਕ ਸ. ਲਾਹੌਰਾ ਸਿੰਘ ਸਨ। 1895 ਈ. ਵਿਚ ਇਹ ਪੱਤਰ ਬੰਦ ਹੋ ਗਿਆ।[25]

(7) ਲਾਇਲ ਖਾਲਸਾ ਗਜ਼ਟ:- ਇਹ ਸਪਤਾਹਕ ਪੱਤਰ ਗੁਰੂ ਗੋਬਿੰਦ ਸਿੰਘ ਪ੍ਰੈਸ ਸਿਆਲਕੋਟ ਤੋਂ 1891 ਈ. ਵਿਚ ਛਪਣਾ ਸ਼ੁਰੂ ਹੋਇਆ। ਅੱਧਾ ਉਰਦੂ ਤੇ ਅੱਧਾ ਪੰਜਾਬੀ ਵਿਚ ਹੁੰਦਾ ਸੀ। ਇਸ ਦੇ ਪਹਿਲੇ ਸੰਪਾਦਕ ਸ. ਗੁਰਦਿਤ ਸਿੰਘ ਸਨ ਪਰ 1893 ਈ. ਤੋਂ ਸ. ਰਾਜਿੰਦਰ ਸਿੰਘ ਨੇ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲੀ। ਛਪਾਈ ਇਸ ਦੀ ਵੀ ਇਥੇ ਪ੍ਰੈਸ ਵਿਚ ਹੀ ਹੁੰਦੀ ਸੀ। ਪੱਤਰ ਅੰਗਰੇਜ਼ੀ ਮਹੀਨੇ ਦੀ 1,8,16 ਤੇ 24 ਤਾਰੀਖ਼ ਨੂੰ ਛਪਦਾ ਸੀ। ਵੇਲੇ ਦੇ ਬਹੁਤ ਸਾਰੇ ਪੰਜਾਬੀ ਪੱਤਰਾਂ ਵਾਂਗ ਇਸ ਦਾ ਮਨੋਰਥ ਵੀ ਸਿੱਖਾਂ ਦੀ ਸਮਾਜਕ ਤੇ ਸਦਾਚਾਰਕ ਬਿਹਤਰੀ ਲਈ ਪ੍ਰੇਰਨਾ ਦੇਣਾ ਸੀ।

(8) ਖ਼ਾਲਸਾ ਗਜ਼ਟ:- ਇਹ ਸਪਤਾਹਕ ਪੱਤਰ ਪਹਿਲਾਂ 1885 ਈ. ਵਿਚ ਉਰਦੂ ਵਿਚ ਲਾਹੌਰ ਤੋਂ ਨਿਕਲਣਾ ਸ਼ੁਰੂ ਹੋਇਆ। ਉਸ ਵੇਲੇ ਇਸ ਦੇ ਸੰਪਾਦਕ ਭਾਈ ਮਈਆ ਸਿੰਘ ਸਨ। ਪਿਛੋਂ 1894 ਈ. ਵਿਚ ਪੰਜਾਬੀ ਵਿਚ ਨਿਕਲਣ ਸਮੇਂ ਇਸ ਦੇ ਸੰਪਾਦਕ ਭਾਈ ਗੁਰਮੁਖ ਸਿੰਘ ਬਣੇ ਤੇ ਫੇਰ ਇਹ ਜ਼ਿੰਮੇਵਾਰੀ ਸ. ਬਸੰਤ ਸਿੰਘ ਨੇ ਸੰਭਾਲ ਲਈ। ਇਹ ਪੱਤਰ ਵੀ ਲਾਹੌਰ ਸਿੰਘ ਸਭਾ ਦੇ ਆਸ਼ਿਆਂ ਦਾ ਹੀ ਪ੍ਰਚਾਰ ਕਰਦਾ ਸੀ ਤੇ ਇਸ ਵਿਚ ਧਾਰਮਿਕ ਲੇਖ ਅਤੇ ਸਿੱਖ ਜਗਤ ਦੀਆਂ ਖ਼ਬਰਾਂ ਛਾਪੀਆਂ ਜਾਂਦੀਆਂ ਸਨ। 1900 ਈ. ਵਿਚ ਇਸ ਦੇ ਸੰਪਾਦਕ ਸ. ਬਸੰਤ ਸਿੰਘ ਦੀ ਮ੍ਰਿਤੂ ਨਾਲ ਇਹ ਪੱਤਰ ਬੰਦ ਹੋ ਗਿਆ।

(9) ਪੰਜਾਬ ਦਰਪਣ :- ਇਕ ਸਪਤਾਹਕ ਪੱਤਰ ਦੇ ਰੂਪ ਵਿਚ 1885[26] ਈ. ਵਿਚ ਅੰਮ੍ਰਿਤਸਰ ਤੋਂ ਆਰੰਭ ਹੋਇਆ ਤੇ ਕੁਝ ਮਹੀਨੇ ਚਲ ਕੇ ਬੰਦ ਹੋ ਗਿਆ। ਇਸ ਦੇ ਸੰਪਾਦਕ ਸ. ਲਾਹੌਰਾ ਸਿੰਘ

---

25. ਅਸ਼ੋਕ-ਸ਼ਮਸ਼ੇਰ ਸਿੰਘ, "ਪੰਜਾਬੀ ਪੱਤਰ-ਕਲਾ" — ਪੰਨਾ 34 ਅਨੁਸਾਰ ਇਹ ਪੱਤਰ 1901 ਈ. ਤਕ ਚਲਦਾ ਰਿਹਾ ਪਰ ਸਰਕਾਰ ਦੀਆਂ ਪ੍ਰੈਸ ਰਿਪੋਰਟਾਂ ਵਿਚ 1895 ਤੋਂ ਪਿਛੋਂ ਇਸ ਦਾ ਕਿਧਰੇ ਜ਼ਿਕਰ ਨਹੀਂ ਮਿਲਦਾ।
26. 1885 ਈ. ਦੀ ਪ੍ਰੈਸ ਰਿਪੋਰਟ ਤੋਂ ਬਿਨਾਂ ਇਸ ਪੱਤਰ ਦਾ ਹੋਰ ਕਿਧਰੇ ਜ਼ਿਕਰ ਨਹੀਂ ਮਿਲਦਾ। ਏਸੇ ਨਾਂ ਹੇਠ ਤੇ ਨਵੇਂ ਪ੍ਰਬੰਧ ਅਧੀਨ ਅੰਮ੍ਰਿਤਸਰ ਤੋਂ 1919 ਈ. ਵਿਚ ਫੇਰ ਪ੍ਰਕਾਸ਼ਤ ਹੋਣ ਲਗਾ।

ਸਨ। ਲਾਹੌਰਾ ਸਿੰਘ ਤੇ ਉਸ ਦੇ ਪਿਤਾ ਸ. ਤਾਰਾ ਸਿੰਘ ਗੁਰਮੁਖੀ ਦੇ ਬਹੁਤ ਵਧੀਆ ਕਾਤਬ ਸਨ ਅਤੇ ਬਹੁਤ ਸਾਰੇ ਛਾਪੇਖਾਨਿਆਂ ਦਾ ਕੰਮ ਕਰਦੇ ਸਨ। ਪੱਤਰਕਾਰੀ ਦਾ ਤਜਰਬਾ ਨਾ ਹੋਣ ਕਰ ਕੇ ਅਤੇ ਮਾਇਕ ਔਕੜਾਂ ਕਰਕੇ ਕੁਝ ਮਹੀਨਿਆਂ ਵਿਚ ਹੀ ਪੱਤਰ ਬੰਦ ਹੋ ਗਿਆ। ਧਾਰਮਿਕ ਤੇ ਲੌਕਿਕ ਮਸਲਿਆਂ ਬਾਰੇ ਲੇਖਾਂ ਤੋਂ ਬਿਨਾਂ ਉਰਦੂ ਅਖ਼ਬਾਰਾਂ ਵਿੱਚੋਂ ਖ਼ਬਰਾਂ ਲੈ ਕੇ ਆਪਣੀ ਅਖ਼ਬਾਰ ਵਿਚ ਛਾਪ ਲੈਂਦੇ ਸਨ। 19 ਅਕਤੂਬਰ, 1885 ਦੇ ਅੰਕ ਵਿਚ ਇਸ ਨੇ ਮਹਾਰਾਜਾ ਦਲੀਪ ਸਿੰਘ ਦਾ ਚਿਤਰ ਛਾਪਿਆ। ਪੰਜਾਬ ਦਰਪਣ ਨੇ 3 ਅਗਸਤ, 1885 ਦੇ ਆਪਣੇ ਅੰਕ ਦੇ ਪੰਨਾ 4-5 ਉੱਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਉਸ ਵੇਲੇ ਦੀ ਦਸ਼ਾ ਦਾ ਬੜੇ ਦੁਖ ਭਰੇ ਸ਼ਬਦਾਂ ਵਿਚ ਜ਼ਿਕਰ ਕੀਤਾ:-

" ਸੰਸਾਰ ਵਿਚ ਕੋਈ ਮੰਦਰ ਐਸਾ ਨਹੀਂ ਕਿ ਜਿਸ ਵਿਚ ਉਨ੍ਹਾਂ ਲੋਕਾਂ ਤੋਂ ਬਿਨਾਂ, ਜਿਨ੍ਹਾਂ ਦਾ ਕਿ ਉਹ ਮੰਦਰ ਹੈ, ਕੋਈ ਹੋਰ ਮਜ਼੍ਹਬ ਵਾਲਾ, ਉਸ ਵਿਚ, ਯਾ ਉਸ ਦੀ ਹੱਦ ਦੇ ਅੰਦਰ ਆਪਣੇ ਮਜ਼੍ਹਬ ਦੀ ਬਾਤ ਚੀਤ ਕਰਨੀ ਚਾਹੁੰਦਾ ਹੋਵੇ। ਜੇ ਕਰਦਾ ਵੀ ਹੈ ਤਾਂ ਉਸ ਨੂੰ ਮੰਦਰ ਦੇ ਮਾਲਿਕ ਜਾਂ ਉਹ ਆਦਮੀ, ਜਿਨ੍ਹਾਂ ਦਾ ਉਹ ਧਰਮ ਅਸਥਾਨ ਹੈ, ਕੋਈ ਉਸ ਬਾਰੇ ਹੀ ਗਲ ਹੁੰਦੀ ਹੈ।

" ਯਾ ਤਾਂ ਉਹ ਜ਼ਮਾਨਾ ਸੀ ਕਿ ਇਸ ਮੰਦਰ ਵਿਚ ਸਿੱਖ ਨੂੰ ਕੋਈ ਕੁਝ ਕਹਿ ਨਹੀਂ ਸਕਦਾ ਸੀ ਅਰ ਕੀ ਹੁਣ ਹਾਲ ਹੈ ਕਿ ਇਸ ਜਗਾ ਸਿੰਘ ਧਰਮ ਦੀ ਚਰਚਾ ਹੁੰਦੀ ਉਥੇ ਹਾਫ਼ਜ਼ ਅਰ ਨਜ਼ੀਰ ਦੀਆਂ ਗਜ਼ਲਾਂ ਅਰ ਆਪਣੀਆਂ ਬਣਾਈਆਂ ਹੋਈਆਂ ਡਿਓਢਾਂ ਪੜ੍ਹੀਆਂ ਜਾਂਦੀਆਂ ਹਨ, ਅਰ ਪ੍ਰਸੰਨ ਹੋ ਕੇ ਲੋਕੀਂ ਸੁਣਦੇ ਹਨ ਅਰ ਕਿਧਰੇ ਐਸਾ ਨਹੀਂ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਯਾ ਸਿੱਖੀ ਮਤ ਦਾ ਭੀ ਚਰਚਾ ਹੁੰਦਾ ਹੋਵੇ।" ਦਰਬਾਰ ਸਾਹਿਬ ਉਸ ਵੇਲੇ ਸਿਖ ਪਰਚਾਰ ਦਾ ਅਸਥਾਨ ਨਹੀਂ ਸੀ। ਸਾਰੇ ਮਤਾਂ ਮਤਾਂਤਰਾਂ ਦੇ ਮਿਲਣ ਦੀ ਇਕ ਸਾਂਝੀ ਥਾਂ ਸੀ। ਪ੍ਰਕਰਮਾ ਵਿਚ ਪੁਰਾਣਾਂ ਦੀ ਕਥਾ ਇਕ ਸਧਾਰਣ ਫੀਚਰ ਸੀ। ਹਰ ਸੰਪਰਦਾ ਤੇ ਹਰ ਮਤ ਤੇ ਹਰ ਖਿਆਲ ਦਾ ਆਦਮੀ, ਆਪਣੀ ਹੀ ਕਿਸਮ ਦੀ ਪੂਜਾ, ਪਾਠ, ਯਗ, ਹਵਨ ਕਰਦਾ ਸੀ। ਦਰਬਾਰ ਸਾਹਿਬ ਨਾਸ਼ਤਕਾਂ ਦੇ ਪਰਚਾਰ ਦਾ ਵੀ ਅੱਡਾ ਸੀ।"[27]

(10) <u>ਸਤ ਧਰਮ ਪ੍ਰਚਾਰਕ</u> :- ਸਤ ਧਰਮ ਪ੍ਰਚਾਰਕ ਸਭਾ ਲਾਹੌਰ ਵਲੋਂ ਇਹ ਪੱਤਰ 1895 ਈ. ਵਿਚ ਜਾਰੀ ਹੋਇਆ। ਆਰੀਆ ਸਮਾਜ ਤੇ ਸਿੰਘ ਸਭਾ ਦੋਹਾਂ ਦੇ ਵਿਰੁਧ ਲੇਖ ਤੇ ਖ਼ਬਰਾਂ ਇਸ ਵਿਚ ਛਪਦੀਆਂ ਸਨ। ਕੁਝ ਮਹੀਨੇ ਚਲ ਕੇ ਹੀ ਇਹ ਪੱਤਰ ਬੰਦ ਹੋ ਗਿਆ।

---

27. ਬਲਬੀਰ ਸਿੰਘ (ਡਾ.), "ਚਰਣ ਹਰਿ ਵਿਸਥਾਰ", ਪੰਨਾ 76.

(11) <u>ਆਫ਼ਤਾਬੇ-ਪੰਜਾਬ</u>:- ਦੀਵਾਨ ਬੂਟਾ ਸਿੰਘ ਵਲੋਂ ਪਹਿਲੋਂ ਪਹਿਲ ਉਰਦੂ ਵਿਚ ਸਪਤਾਹਿਕ ਪੱਤਰ ਦੇ ਰੂਪ ਵਿਚ ਛਪਣਾ ਸ਼ੁਰੂ ਹੋਇਆ ਪਰ ਪਿੱਛੋਂ ਪੰਜਾਬੀ ਵਿਚ ਗੁਰਮੁਖੀ ਅਖ਼ਬਾਰ, ਆਫ਼ਤਾਬੇ-ਪੰਜਾਬ ਤੇ ਖਾਲਸਾ ਪ੍ਰਕਾਸ਼ ਇੱਕੋ ਨਾਂ ਹੇਠ ਛਪਣਾ ਸ਼ੁਰੂ ਹੋਇਆ। ਸਿੱਖਾਂ ਦੀਆਂ ਧਾਰਮਿਕ, ਵਿੱਦਿਅਕ ਤੇ ਸਮਾਜਕ ਖ਼ਬਰਾਂ ਛਪਦਾ ਸੀ। ਰਾਜਸੀ ਮਸਲਿਆਂ ਸੰਬੰਧੀ ਵੀ ਲੇਖ ਛਪਦੇ ਸਨ। ਅੰਗਰੇਜ਼ੀ ਤੇ ਉਰਦੂ ਅਖ਼ਬਾਰਾਂ ਵਿਚੋਂ ਮਹੱਤਵ-ਪੂਰਨ ਲੇਖ ਤੇ ਖ਼ਬਰਾਂ ਲੈ ਕੇ ਇਸ ਪੱਤਰ ਵਿਚ ਦੋਬਾਰਾ ਛਾਪੇ ਜਾਂਦੇ ਸਨ। ਰਾਜਸੀ ਮਾਮਲਿਆਂ ਸੰਬੰਧੀ, ਵਿਸ਼ੇਸ਼ ਤੌਰ ਤੇ ਪੰਜਾਬੀਆਂ ਨਾਲ, ਨੌਕਰੀਆਂ ਵਿਚ ਹੋ ਰਹੇ ਧੱਕੇ ਅਤੇ ਅੰਗਰੇਜ਼ ਅਫ਼ਸਰਾਂ ਤੇ ਕਰਮਚਾਰੀਆਂ ਦੇ ਮੰਦ-ਵਰਤਾਰੇ ਵਿਰੁਧ ਆਲੋਚਨਾ ਕੀਤੀ ਜਾਂਦੀ ਸੀ। ਇਹ ਪੱਤਰ 1901 ਈ. ਤਕ ਚਲਦਾ ਰਿਹਾ।

(12) <u>ਖ਼ਾਲਸਾ ਸਮਾਚਾਰ</u> :- "ਗੁਰਮੁਖੀ" ਅਤੇ 'ਖ਼ਾਲਸਾ ਅਖਬਾਰ' ਤੋਂ ਬਾਦ ਉਨ੍ਹੀਵੀਂ ਸਦੀ ਦਾ ਪੰਜਾਬੀ ਦਾ ਸਭ ਤੋਂ ਵੱਧ ਮਹੱਤਵ-ਪੂਰਨ ਪੱਤਰ ਭਾਈ ਵੀਰ ਸਿੰਘ ਵਲੋਂ[28] 17 ਨਵੰਬਰ 1899 ਈ. ਨੂੰ ਜਾਰੀ ਕੀਤਾ ਗਿਆ ਜਿਹੜਾ ਪੰਜਾਬੀ ਦਾ ਇਸ ਵੇਲੇ ਤਕ ਜਾਰੀ ਰਹਿਣ ਵਾਲਾ ਸਭ ਤੋਂ ਪੁਰਾਣਾ ਪੱਤਰ ਹੈ ਅਤੇ ਲਗਾਤਾਰ ਪਿਛਲੇ 75 ਵਰ੍ਹਿਆਂ ਤੋਂ, ਸਿਵਾਇ 1947 ਦੀ ਗੜਬੜ ਦੇ ਦਿਨਾਂ ਦੇ, ਬਾਕਾਇਦਗੀ ਨਾਲ ਛਪਦਾ ਆ ਰਿਹਾ ਹੈ। ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਕਈ ਪੱਖਾਂ ਤੋਂ ਇਸ ਪੱਤਰ ਦਾ ਵਿਸ਼ੇਸ਼ ਮਹੱਤਵ ਹੈ। ਇਸ ਪੱਤਰ ਦੇ ਪਹਿਲੇ ਅੰਕ[29] ਵਿਚ ਪੱਤਰ ਦੀ ਨੀਤੀ ਤੇ ਮਨੋਰਥ ਸੰਬੰਧੀ, ਖ਼ਬਰਾਂ ਦੇ ਸਿਰਲੇਖ ਹੇਠ, ਸਪੱਸ਼ਟ ਸ਼ਬਦਾਂ ਵਿਚ ਇਉਂ ਲਿਖਿਆ :-

"ਖ਼ਬਰਾਂ ਦੇ ਕਾਲਮ ਵਿਚ ਅਸੀਂ ਇਸ ਪਰਚੇ ਵਿਚ ਆਪ ਨੂੰ ਵਧਾਈ ਸਹਿਤ ਇਹੋ ਖ਼ੁਸ਼ਖ਼ਬਰੀ ਸੁਣਾਉਂਦੇ ਹਾਂ ਕਿ ਆਪ ਦੇ ਕੌਮੀ ਦਾਰੁਲਖ਼ਲਾਫ਼ੇ, ਆਪ ਦੇ ਧਰਮ ਦੇ ਵੱਡੇ ਸ਼ਹਿਰ, ਆਪ ਦੇ ਸਤਿਗੁਰਾਂ ਦੀ ਵਸਾਈ ਨਗਰੀ ਅਰ 'ਅੰਮ੍ਰਿਤਸਰ ਸਿਫ਼ਤੀ ਦਾ ਘਰੁ' ਦੇ ਵਰ ਨਾਲ ਵਡਿਆਏ ਸ਼ਹਿਰ ਵਿੱਚੋਂ 'ਖਾਲਸਾ ਸਮਾਚਾਰ' ਨਾਮੇ ਖ਼ਾਲਸੇ ਦਾ ਅਖ਼ਬਾਰ, ਆਪ ਦੀ ਸੱਚੀ ਸੇਵਾ ਕਰਨ ਲਈ, ਨਿਕਲਿਆ ਹੈ। ਹੁਣ ਕਿਉਂਕਿ ਵਿਦਿਆ ਦਾ ਸਮਾਂ ਹੈ ਅਰ ਵਿਦਿਆ ਹੀ ਕੌਮ ਨੂੰ ਉੱਚਾ ਕਰ ਸਕਦੀ ਹੈ; ਅਰ ਵਿਦਿਆ ਦੇ ਪ੍ਰਚਾਰਕ ਢੰਗਾਂ ਵਿੱਚੋਂ ਅਖ਼ਬਾਰ ਇਕ ਭਾਰੀ

---

28. ਸੰਪਾਦਕ
29. ਨੰ: ੧/ਮੱਘਰ ਦੀ 3 ਸੰਮਤ 1956 ਬਿਕ੍ਰਮੀ/ ਨਵੰਬਰ, 17, 1899 ਸ਼ੁਕਰਵਾਰ ਜਿਲਦ-। ਸਭ ਤੋਂ ਉਪਰ ਇਹ ਤੁਕਾਂ ਅੰਕਿਤ ਹਨ -" ਹਮ ਇਹ ਕਾਜ ਜਗਤ ਮੋ ਆਏ, ਧਰਮ ਹੇਤ ਗੁਰਦੇਵ ਪਠਾਏ। "

ਨਮਿਤ ਕੌਮੀ ਅਤੇ ਧਾਰਮਕ ਤਰੱਕੀ ਦਾ ਹੈ। ਇਸ ਲਈ ਆਪਣੀ ਕੌਮ ਅਤੇ ਧਰਮ ਦੀ ਇਜ਼ਤ ਵਧਾਉਣ ਲਈ, ਅਰ ਕੌਮ ਦੀ ਸੱਚੀ ਸੇਵਾ ਕਰਨੇ ਲਈ ਇਸ ਸ਼ਹਿਰ ਵਿੱਚੋਂ ਅਖ਼ਬਾਰ ਨਿਕਾਲਨੇ ਦੀ ਲੋੜ ਪ੍ਰਤੀਤ ਹੋ ਰਹੀ ਸੀ, ਉਸ ਲੋੜ ਨੂੰ ਪੂਰਾ ਕਰਨੇ ਲਈ ਇਹ ਅਖ਼ਬਾਰ ਨਿਕਾਲਿਆ ਹੈ।"

ਇਹ ਪੱਤਰ 'ਵਜ਼ੀਰ ਹਿੰਦ ਪ੍ਰੈਸ' ਤੋਂ ਟਾਈਪ ਵਿਚ ਛਪਣ ਲਗਾ। ਮਾਇਕ ਔਕੜ ਕੋਈ ਨਹੀਂ ਸੀ। ਸਿੰਘ ਸਭਾ ਦੇ ਪਰਚਾਰ ਦਾ ਸਦਕਾ ਮਾਹੌਲ ਬੜਾ ਯੋਗ ਸੀ। ਪ੍ਰਬੰਧ ਬੜੇ ਸੁਚੱਜੇ ਤੇ ਹੱਢੇ ਹੋਏ ਹੱਥਾਂ ਵਿਚ ਸੀ, ਇਸ ਲਈ ਇਹ ਪੱਤਰ ਸਿੱਖਾਂ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਲੈ ਕੇ ਕੌਮ ਦੀ ਅਗਵਾਈ ਕਰਨ ਲਗਾ। ਇਸ ਪੱਤਰ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਨੇ ਸਾਹਿੱਤਕ ਸੋਹਜ ਤੇ ਮਨੁਖੀ ਸ਼੍ਰਿਸ਼ਟਾਚਾਰ ਦੀਆਂ ਉਚਤਮ ਕੀਮਤਾਂ ਨੂੰ ਪੂਰੀ ਤਰ੍ਹਾਂ ਅਤੇ ਗੰਭੀਰ ਸਾਹਿੱਤਕ ਸ਼ੈਲੀ ਵਿਚ ਰੂਪਮਾਨ ਕੀਤਾ ਹੈ। ਪੱਤਰ ਨੇ ਜੋ ਸੇਵਾ ਨਿਭਾਈ ਉਸ ਦਾ ਅਨੁਮਾਨ ਇਸ ਕਥਨ ਤੋਂ ਭਲੀ ਪ੍ਰਕਾਰ ਲਗ ਜਾਂਦਾ ਹੈ:-[30]

"ਇਸ ਨੂੰ ਕਈ ਵਾਰ ਬੜੇ ਵੱਡੇ ਵੱਡੇ ਸ਼ਾਸਤ੍ਰਾਰਥਾਂ ਵਿਚ ਵੀ ਹਿੱਸਾ ਲੈਣਾ ਪਿਆ ਹੈ। ਈਸਾਈਆਂ, ਮਿਰਜ਼ਈਆਂ, ਸਮਾਜੀਆਂ ਤੇ ਹੋਰ ਅਨਮਤੀਆਂ ਨਾਲ ਭਰਵੀਂ ਤੇ ਡਟਵੀਂ ਚਰਚਾਵਾਦੀ ਟੱਕਰ ਵੀ ਲੈਣੀ ਪਈ ਹੈ", ਪਰ ਇਹ ਕਈਆਂ ਜੋਸ਼ਾਂ ਦੇ ਸਮਿਆਂ ਵਿਚ ਵੀ ਏਧਰ ਓਧਰ ਨਹੀਂ ਹੋਇਆ। ਪਰ ਸਿੱਖ ਧਰਮ ਉਤੇ ਜਿਧਰੋਂ ਵੀ ਕੋਈ ਵਾਰ ਹੋਇਆ, ਉਸ ਦੇ ਅਗੇ ਇਹ ਆਪਣੇ ਸਾਰੇ ਉਕਤੀ ਯੁਕਤੀ, ਖੋਜ-ਖੁਰਚ ਦੇ ਟਿੱਲ ਨਾਲ ਢਾਲ ਬਣਿਆ। ਪਰ ਵਿਚਾਰ ਚਰਚਾ ਨੂੰ ਦੁਸ਼ਮਣੀ ਦਾ ਰੰਗ ਦੇ ਕੇ ਕਦੇ ਵਿਰੋਧੀ ਨੂੰ ਢਾਉਣ ਦਾ ਇਸ ਨੇ ਜਤਨ ਨਹੀਂ ਕੀਤਾ ਭਾਵੇਂ (ਇਸ ਦੀਆਂ ਅਕੱਟ ਦਲੀਲਾਂ ਅਗੇ) ਦਮੋਂ ਨਿਕਲ ਕੇ ਭਜਦੇ ਸਾਰੇ ਰਹੇ ਹਨ।"

ਭਾਈ ਵੀਰ ਸਿੰਘ ਜੀ ਨੂੰ ਆਧੁਨਿਕ ਪੰਜਾਬੀ ਸਾਹਿੱਤ ਦਾ ਮੋਢੀ ਤੇ ਜਨਮ ਦਾਤਾ ਆਖਿਆ ਜਾਂਦਾ ਹੈ। ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਸਰਬ-ਪੱਖੀ ਉੱਨਤੀ ਉਨ੍ਹਾਂ ਦੀ ਉਮਰ ਭਰ ਦੀ ਰੀਝ ਰਹੀ। ਪੱਤਰਕਾਰੀ ਨੂੰ ਉਹ ਮਾਤ-ਬੋਲੀ ਦਾ ਕਿੰਨਾ ਸ਼ਕਤੀਸ਼ਾਲੀ ਸਾਧਨ ਸਮਝਦੇ ਸਨ, ਇਸ ਦਾ ਅਨੁਮਾਨ ਖਾਲਸਾ ਸਮਾਚਾਰ ਦੇ ਪਹਿਲੇ ਅੰਕ ਤੋਂ ਹੋ ਜਾਂਦਾ ਹੈ:-

---

30. ਕੋਹਲੀ, "ਸੁਰਿੰਦਰ ਸਿੰਘ ਤੇ ਸ਼ਾਨ-ਹਰਨਾਮ ਸਿੰਘ," ਭਾਈ ਵੀਰ ਸਿੰਘ - ਜੀਵਨ, ਸਮਾਂ ਤੇ ਰਚਨਾ", ਚੰਡੀਗੜ੍ਹ-1973, ਪੰਨਾ 197.

"ਆਪਣੀ ਬੋਲੀ ਅਤੇ ਅਖਰਾਂ ਦੀ ਬ੍ਰਿਧੀ ਭੀ ਤਦੇ ਹੋ ਸਕਦੀ ਹੈ, ਜੇ ਅਖ਼ਬਾਰ ਚੰਗੇ ਚੰਗੇ ਨਿਕਲਨ; ਕਿਉਂਕਿ ਹਰ ਬੋਲੀ ਅਖ਼ਬਾਰਾਂ ਦੇ ਕਾਲਮਾਂ ਵਿਚ ਹੀ ਆ ਕੇ ਮੰਝੀ ਹੈ ਅਰ ਆਪਣੀ ਕੌਮ ਦੀ ਤਰੱਕੀ ਦਾ ਕਾਰਣ ਹੋਈ ਹੈ। ਸਾਡੇ ਸਤਿਗੁਰਾਂ ਨੇ ਵੀ ਆਪਣੇ ਪੰਥ ਦੇ ਵਾਧੇ ਲਈ ਮਾਤ-ਬੋਲੀ ਪੰਜਾਬੀ ਦੀ ਕਦਰ ਕੀਤੀ ਅਰ ਅਜ ਤਕ ਸੱਚੇ ਸਿੰਘ ਉਸ ਦੇ ਵਾਧੇ ਦਾ ਜਤਨ ਕਰਦੇ ਹਨ।"[31]

ਏਸੇ ਤਰ੍ਹਾਂ ਪਹਿਲੀ ਜਨਵਰੀ 1900 ਈ. ਦੇ ਪਰਚੇ ਵਿਚ 'ਮਾਦਰੀ ਬੋਲੀ'[32] ਬਾਰੇ ਸੰਪਾਦਕੀ ਲਿਖ ਕੇ ਪੰਜਾਬੀ ਭਾਸ਼ਾ ਦੇ ਮਹੱਤਵ ਸੰਬੰਧੀ ਆਪਣੇ ਮਨੋ-ਭਾਵਾਂ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ।

(13) <u>ਖਾਲਸਾ ਨੌਜਵਾਨ ਬਹਾਦਰ</u>:- 5 ਅਕਤੂਬਰ 1899 ਈ. ਨੂੰ ਪੱਥਰ ਦੇ ਛਾਪੇ ਵਿਚ ਪੰਦਰਾ ਰੋਜ਼ਾ ਪੱਤਰ ਦੇ ਰੂਪ ਵਿਚ ਛਪਣਾ ਸ਼ੁਰੂ ਹੋਇਆ। ਪਹਿਲੇ ਸੰਪਾਦਕ ਸ੍ਰ. ਸੁੰਦਰ ਸਿੰਘ ਅਕਾਲੀ ਸਨ। ਪਿਛੋਂ ਸ੍ਰ. ਜੈਮਲ ਸਿੰਘ ਬਣੇ। ਸਿੱਖ ਨੌਜਵਾਨਾਂ ਨੂੰ ਪ੍ਰੇਰਣਾ ਦੇਣ ਲਈ ਇਹ ਪੱਤਰ ਜਾਰੀ ਹੋਇਆ। ਥੋੜ੍ਹਾ ਚਿਰ ਚਲ ਕੇ ਬੰਦ ਹੋ ਗਿਆ।

ਉਪ੍ਰੋਕਤ ਵੇਰਵਾ ਸਪਤਾਹਕ, ਅਠ-ਰੋਜ਼ਾ ਜਾਂ ਦਸ-ਰੋਜ਼ਾ ਛਪਣ ਵਾਲੇ ਪੰਜਾਬੀ ਅਖ਼ਬਾਰਾਂ ਦਾ ਸੀ। ਇਨ੍ਹਾਂ ਤੋਂ ਬਿਨਾਂ ਕੁਝ ਕੁ ਮਾਸਕ ਪੱਤਰ ਵੀ ਇਨ੍ਹਾਂ ਵਰ੍ਹਿਆਂ ਵਿਚ ਜਾਰੀ ਹੋਏ ਜਿਨ੍ਹਾਂ ਨਾਲ ਪੰਜਾਬੀ ਪੱਤਰਕਾਰੀ ਦਾ ਕਾਫ਼ੀ ਵਾਧਾ ਤੇ ਵਿਕਾਸ ਹੋਇਆ।

(1) <u>ਵਿਦਿਆਰਕ ਪੰਜਾਬ</u> :- ਪ੍ਰੋ. ਗੁਰਮੁਖ ਸਿੰਘ ਦੇ ਯਤਨਾਂ ਤੇ ਉਨ੍ਹਾਂ ਦੀ ਸੰਪਾਦਨਾ ਅਧੀਨ, ਸਿੰਘ ਸਭਾ ਲਾਹੌਰ ਵਲੋਂ 1881 ਈ. ਨੂੰ ਲਾਹੌਰ ਤੋਂ 'ਵਿਦਿਆਰਕ ਪੰਜਾਬ' ਨਾਂ ਦਾ ਮਾਸਕ ਪੱਤਰ ਜਾਰੀ ਹੋਇਆ। ਜਿਸ ਤਰ੍ਹਾਂ ਇਸ ਪੱਤਰ ਦੇ ਨਾਂ ਤੋਂ ਹੀ ਸਪੱਸ਼ਟ ਹੈ- ਵਿਦਿਆ ਦਾ ਸੂਰਜ। ਇਸ ਦਾ ਉਦੇਸ਼ ਪੰਜਾਬੀਆਂ ਵਿਚ ਵਿਦਿਆ ਦਾ ਚਾਨਣ ਪੁਚਾਉਣਾ ਸੀ। ਇਸ ਪੱਤਰ ਦੇ ਪਹਿਲੇ ਅੰਕ ਵਿਚ, ਇਸ ਦੇ ਹੇਠ ਲਿਖੇ ਛੇ ਮਨੋਰਥ ਮਿਥੇ ਗਏ:-

1) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ,
2) ਸ੍ਰੀ ਗੁਰੂ ਖ਼ਾਲਸੇ ਜੀ ਦਾ ਇਤਿਹਾਸ ਤਥਾ ਦਸਾਂ ਪਾਤਸ਼ਾਹੀਆਂ ਦਾ ਜੀਵਨ ਬ੍ਰਿਤਾਂਤ,

---

31. ਖਾਲਸਾ ਸਮਾਚਾਰ ਅੰਕ 1, ਜਿਲਦ-1, 17 ਨਵੰਬਰ 1899, ਪੰਨਾ-1.
32. ਖਾਲਸਾ ਸਮਾਚਾਰ - 14 ਸਤੰਬਰ, 1950, ਪੰਨਾ 29. 'ਅਰਧ ਸ਼ਤਾਬਦੀ ਅੰਕ'

3) ਸਿੱਖੀ ਧਰਮ ਦੀਆਂ ਰੀਤੀਆਂ ਦਾ ਵਿਧਾਨ ਅਤੇ ਨਿਰੂਪਣ ਖੋਲ੍ਹ ਖੋਲ੍ਹ ਕੀਤਾ ਜਾਊ ।

4) ਵਿਦਿਆ ਸੰਬੰਧੀ ਖ਼ਬਰਾਂ

5) ਸੁਧਾਰਕ ਅਤੇ ਵਯਹਾਰਕ ਸਿੱਖਿਆ ।

6) ਪੁਸਤਕਾਂ ਦੇ ਰੀਵੀਊ ।

ਇਹ ਪੱਤਰ ਕੁਝ ਮਹੀਨੇ ਚਲ ਕੇ ਉਸੇ ਸਾਲ ਬੰਦ ਹੋ ਗਿਆ।

(2) ਸੁਧਾਰਾਰਕ :- ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਅਧੀਨ ਹੀ 1886 ਈ. ਵਿੱਚ ਲਾਹੌਰ ਤੋਂ, ਸਿੱਖ ਧਰਮ, ਫਿਲਾਸਫੀ ਤੇ ਸਾਹਿੱਤ ਸੰਬੰਧੀ ਲੋਕਾਂ ਨੂੰ ਜਾਣਕਾਰੀ ਦੇਣ ਲਈ 'ਸੁਧਾਰਾਰਕ' ਨਾਂ ਦਾ ਮਾਸਕ-ਪੱਤਰ ਜਾਰੀ ਹੋਇਆ । ਸੁਧਾਰ ਦਾ ਮਨੋਰਥ ਇਸ ਪੱਤਰ ਦੇ ਨਾਂ ਤੋਂ ਹੀ ਸਪੱਸ਼ਟ ਹੈ, ਪਰ ਇਹ ਸੁਧਾਰ ਅਗਾਂਹ-ਵਧੂ ਦ੍ਰਿਸ਼ਟੀ ਵਾਲਾ ਹੋਣ ਕਰਕੇ, ਪਿਛਾਂਹ-ਖਿਚੂ ਜਾਂ ਸਨਾਤਨੀ ਵਿਚਾਰਾਂ ਵਾਲੇ ਲੋਕਾਂ ਨੂੰ ਰੜਕਣ ਲਗਾ। ਵਿਸ਼ੇਸ਼ ਤੌਰ ਤੇ ਸਿੰਘ ਸਭਾ ਅੰਮ੍ਰਿਤਸਰ ਉਤੇ ਜਿਨ੍ਹਾਂ ਲੋਕਾਂ ਦਾ ਕਬਜ਼ਾ ਸੀ, ਉਨ੍ਹਾਂ ਨੂੰ ਇਸ ਤੋਂ ਕਾਫ਼ੀ ਚਿੜ੍ਹ ਲਗਣ ਲਗੀ। ਇਨ੍ਹਾਂ ਲਿਖਤਾਂ ਦਾ ਸਿੱਟਾ ਹੀ ਸੀ ਕਿ ਅੰਮ੍ਰਿਤਸਰ ਧੜੇ ਦੇ ਆਗੂ ਬਾਬਾ ਖੇਮ ਸਿੰਘ, ਰਾਜਾ ਬਿਕ੍ਰਮ ਸਿੰਘ, ਗਿ: ਬਦਨ ਸਿੰਘ ਤੇ ਗਿ: ਝੰਡਾ ਸਿੰਘ ਆਦਿ ਨੇ ਪ੍ਰੋਫੈਸਰ ਗੁਰਮੁਖ ਸਿੰਘ ਉਤੇ ਝੂਠੇ ਦੋਸ਼ ਲਾ ਕੇ, ਅਕਾਲ ਤਖ਼ਤ ਅੰਮ੍ਰਿਤਸਰ ਤੋਂ ਹੁਕਮਨਾਮਾ ਜਾਰੀ ਕਰਵਾ ਕੇ 18 ਮਾਰਚ 1887 ਈ. ਨੂੰ ਸਿਖ ਪੰਥ ਵਿਚੋਂ ਖ਼ਾਰਜ ਕਰਵਾ ਦਿੱਤਾ।[33] ਇਸ ਨਾਲ ਸਾਰੇ ਸਿੱਖ ਜਗਤ ਵਿਚ ਬੜਾ ਰੌਲਾ ਪੈ ਗਿਆ ਤੇ ਕਈ ਵਾਦ-ਵਿਵਾਦ ਛਿੜ ਪਏ। ਇਨ੍ਹਾਂ ਹਾਲਤਾਂ ਵਿਚ 1888 ਈ. ਨੂੰ ਇਹ ਪੱਤਰ ਵੀ ਬੰਦ ਹੋ ਗਿਆ। ਇਸ ਪੱਤਰ ਦੀ ਛਪਾਈ ਵੀ ਲਿਥੋ ਪ੍ਰੈਸ ਦੀ ਹੀ ਸੀ। ਪਹਿਲੀ ਵਾਰੀ ਇਸ ਵਿਚ ਕਾਰਟੂਨ ਛਪਣੇ ਸ਼ੁਰੂ ਹੋਏ ਤੇ ਵਿਰੋਧੀਆਂ ਉਤੇ ਵਿਅੰਗ ਕੱਸਣ ਲਈ ਕਾਰਟੂਨਾਂ ਦੀ ਸਹਾਇਤਾ ਲਈ ਜਾਣ ਲੱਗੀ।

(3) ਸੁਧਾਰ ਪਤ੍ਰਿਕਾ :- ਪੰਜਾਬੋਂ ਬਾਹਰ ਪੰਜਾਬੀ ਵਿਚ ਛਪਣ ਵਾਲਾ ਇਹ ਪਹਿਲਾ ਪੱਤਰ ਸੀ ਜਿਹੜਾ ਹੈਦਰਾਬਾਦ(ਸਿੰਧ) ਤੋਂ ਦੋ ਸਹਿਜਧਾਰੀ ਸਿੱਖਾਂ, ਮਿਸਤਰੀ ਗਿਦੂ ਮਲ ਤੇ ਸੰਤ ਦਾਸ ਦੇ ਉਦਮ ਨਾਲ 1891 ਈ. ਨੂੰ ਛਪਣ ਲਗਾ। ਇਸ ਦਾ ਮਨੋਰਥ ਵੀ ਗੁਰਮਤਿ ਦੇ ਆਸ਼ਿਆਂ ਨੂੰ ਲੋਕਾਂ ਤਕ ਪੁਚਾਉਣਾ ਅਤੇ ਨਾਲ ਸਮਾਜਕ ਰਸਮਾਂ ਰੀਤਾਂ ਦਾ ਸੁਧਾਰ ਕਰਨਾ ਵੀ ਸੀ। ਲਗਭਗ ਵੀਹ ਸਾਲ ਤਕ ਜਾਰੀ ਰਹਿਣ ਉਪ੍ਰੰਤ 1910 ਈ. ਨੂੰ ਇਹ ਬੰਦ ਹੋ ਗਿਆ।

---

33. ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ, ਜੁਲਾਈ 1974, ਪੰਨਾ 33.

(4) <u>ਸੁਧਾ ਸਾਗਰ</u>:- ਮਹਾਰਾਜਾ ਹੀਰਾ ਸਿੰਘ ਜੀ ਨਾਭਾ ਦੀ ਸਰਪ੍ਰਸਤੀ ਹੇਠ ਦੇਸੀ ਰਿਆਸਤਾਂ ਵਿਚ ਪੰਜਾਬੀ ਵਿਚ ਛਪਣ ਵਾਲਾ ਇਹ ਪਹਿਲਾ ਪੱਤਰ ਸੀ। 1892 ਈ. ਨੂੰ ਨਾਭੇ ਤੋਂ ਭਾਈ ਪ੍ਰੇਮ ਸਿੰਘ ਦੀ ਸੰਪਾਦਨਾ ਹੇਠ ਇਹ ਰਸਾਲਾ ਮਾਸਕ ਪੱਤਰ ਦੇ ਰੂਪ ਵਿਚ ਜਾਰੀ ਹੋਇਆ। ਭਾਵੇਂ ਗੁਰਮੁਖੀ ਅੱਖਰਾਂ ਵਿਚ ਛਪਦਾ ਸੀ ਪਰ ਬੋਲੀ ਉਤੇ ਹਿੰਦੀ ਦਾ ਰੰਗ ਵਧੇਰੇ ਸੀ।

(5) <u>ਜੱਟ ਵਿਦਿਆ ਪ੍ਰਚਾਰ</u> :- ਗਿਆਨੀ ਉੱਤਮ ਸਿੰਘ ਦੀ ਸੰਪਾਦਨਾ ਹੇਠ ਲਾਹੌਰ ਤੋਂ 1888 ਈ. ਵਿਚ 'ਜੱਟ ਵਿਦਿਆ ਪ੍ਰਚਾਰ' ਨਾਂ ਦਾ ਮਾਸਕ ਪੱਤਰ ਜਾਰੀ ਹੋਇਆ। ਗੁਲਜ਼ਾਰੇ ਮੁਹੰਮਦੀ ਪ੍ਰੈਸ ਤੋਂ ਛਪਣ ਵਾਲੇ ਇਸ ਪੱਤਰ ਦੀ ਆਯੂ ਦੋ ਕੁ ਸਾਲ ਹੀ ਨਿਭੀ। ਇਸ ਪੱਤਰ ਵਿਚ ਧਾਰਮਿਕ ਤੇ ਸਮਾਜ ਸੁਧਾਰ ਸੰਬੰਧੀ ਲੇਖ ਹੁੰਦੇ ਸਨ — ਵਿਸ਼ੇਸ਼ ਤੌਰ ਤੇ, ਜੱਟ ਸਿੱਖਾਂ ਦੀ ਫਜ਼ੂਲ ਖ਼ਰਚੀ ਅਤੇ ਉਜੱਡ-ਪੁਣੇ ਨੂੰ ਭੰਡਿਆ ਜਾਂਦਾ ਸੀ ਤੇ ਵਿੱਦਿਆ ਪ੍ਰਾਪਤੀ ਉਤੇ ਜ਼ੋਰ ਦਿਤਾ ਜਾਂਦਾ ਸੀ।

(6) <u>ਖਾਲਸਾ ਧਰਮ ਪ੍ਰਚਾਰਕ</u>:- ਇਹ ਮਾਸਕ ਪੱਤਰ 17 ਮਈ ਸੰਨ 1893 ਈ. ਨੂੰ ਅੰਮ੍ਰਿਤਸਰ ਤੋਂ ਛਪਣਾ ਸ਼ੁਰੂ ਹੋਇਆ। ਇਸ ਦੇ ਸੰਪਾਦਕ ਭਾਈ ਲਾਹੌਰਾ ਸਿੰਘ ਸਨ। 1901 ਈ. ਤਕ ਇਹ ਪੱਤਰ ਰਿੜ੍ਹ ਖੁੜ੍ਹ ਕੇ ਚਲਦਾ ਰਿਹਾ। ਸੰਪਾਦਕ ਸਿੰਘ ਸਭਾ ਅੰਮ੍ਰਿਤਸਰ ਨਾਲ ਸੰਬੰਧਤ ਹੋਣ ਕਰਕੇ, ਉਨ੍ਹਾਂ ਦੇ ਆਸ਼ਿਆਂ ਦਾ ਪ੍ਰਚਾਰ ਕਰਦਾ ਰਿਹਾ। ਧਾਰਮਿਕ ਖ਼ਬਰਾਂ ਤੇ ਗੁਰਬਾਣੀ ਵਿਚੋਂ ਹਵਾਲੇ ਇਸ ਪੱਤਰ ਦੇ ਵਿਸ਼ੇਸ਼ ਅੰਗ ਸਨ।

(7) <u>ਨਿਰਗੁਣਿਆਰਾ</u> :- ਭਾਈ ਵੀਰ ਸਿੰਘ ਤੇ ਹਕੀਮ ਹਰਨਾਮ ਸਿੰਘ ਦੇ ਉਦਮ ਨਾਲ ਅਤੇ ਭਾਈ ਕੌਰ ਸਿੰਘ ਦੀ ਮਿਲਵਰਤਣ ਨਾਲ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ 1894 ਈ. ਦੇ ਸ਼ੁਰੂ ਵਿਚ ਰੱਖੀ ਗਈ।[34] ਇਸ ਤੋਂ ਦੋ ਸਾਲ ਪਹਿਲਾਂ ਨਿਰਗੁਣਿਆਰਾ ਨਾਂ ਦਾ ਮਾਸਕ ਪੱਤਰ ਅੰਮ੍ਰਿਤਸਰ

---

34. ਸ੍ਰਾਨ-ਹਰਨਾਮ ਸਿੰਘ, " ਭਾਈ ਵੀਰ ਸਿੰਘ ਜੀਵਨ, ਸਮਾਂ ਤੇ ਰਚਨਾ ", ਪੰਨਾ 190 ਤੇ ਖਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਦਾ ਸਾਲ 1894 ਲਿਖਦੇ ਹਨ। ਪਰ ਸ਼ਮਸ਼ੇਰ ਸਿੰਘ ਅਸ਼ੋਕ 'ਪੰਜਾਬੀ ਪੱਤਰ-ਕਲਾ' ਪੰਨਾ 38 ਉਤੇ ਇਹ ਸੰਨ 1892 ਲਿਖਦੇ ਹਨ, ਜਿਹੜਾ ਕਿ ਠੀਕ ਪ੍ਰਤੀਤ ਨਹੀਂ ਹੁੰਦਾ। ਡਾ. ਗੰਡਾ ਸਿੰਘ (ਪੰਜਾਬ ਪਾਸਟ ਐਂਡ ਪ੍ਰੈਜ਼ੰਟ — ਜਿਲਦ-ਛੇਵੀਂ, ਅਕਤੂਬਰ 72, ਪੰਨਾ 250 ਉਤੇ) ਏਸੇ ਦੀ ਪੁਸ਼ਟੀ ਕਰਦੇ ਹਨ। ਡਾ. ਗੰਡਾ ਸਿੰਘ ਨਿਰਗੁਣਿਆਰਾ ਨੂੰ ਮਾਸਕ ਪੱਤਰ ਲਿਖਦੇ ਹਨ ਪਰ ਡਾ. ਸ੍ਰਾਨ ਤੇ ਅਸ਼ੋਕ ਇਸ ਨੂੰ ਪੰਦਰਾ-ਰੋਜ਼ਾ ਦਸਦੇ ਹਨ। ਪਰ ਸ਼ੁਰੂ ਸ਼ੁਰੂ ਵਿਚ ਇਹ ਬਾਕਾਇਦਗੀ ਨਾਲ ਨਾ ਤਾਂ ਮਾਸਕ ਤੇ ਨਾ ਪੰਦਰਾ-ਰੋਜ਼ਾ ਛਪਦਾ ਸੀ, ਕਿਉਂਜੋ 1894 ਈ. ਤੋਂ ਸ਼ੁਰੂ ਹੋ ਕੇ 19 ਜੁਲਾਈ 1895 ਤਕ ਇਸ ਦੇ ਕੇਵਲ 6 ਅੰਕ ਛਪੇ ਸਨ। ਪਿਛੋਂ ਇਹ ਪੰਦਰਾ-ਰੋਜ਼ਾ ਹੋ ਗਿਆ।

ਤੋਂ ਜਾਰੀ ਹੋਇਆ। ਇਹ ਟ੍ਰੈਕਟਾਂ ਦੇ ਰੂਪ ਵਿਚ ਛਪਦਾ ਸੀ ਤੇ ਭਾਈ ਵੀਰ ਸਿੰਘ ਇਸ ਦੇ ਸੰਪਾਦਕ ਸਨ। ਮਾਰਚ 1897 ਈ. ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਬਾਕਾਇਦਾ ਰਜਿਸਟ੍ਰੇਸ਼ਨ ਉਪ੍ਰੰਤ ਸੁਸਾਇਟੀ ਨੇ 'ਨਿਰਗੁਣਿਆਰਾ' ਨੂੰ ਆਪਣੇ ਪੱਤਰ ਵਜੋਂ ਅਪਣਾ ਲਿਆ। ਇਹ ਨਾਂਹ ਕੇਵਲ ਖਾਲਸਾ ਸਮਾਚਾਰ ਨਾਲੋਂ ਪੰਜ ਵਰ੍ਹੇ ਪੁਰਾਣਾ ਪੱਤਰ ਹੀ ਹੈ, ਸਗੋਂ ਪੰਜਾਬੀ ਦਾ ਸਭ ਤੋਂ ਪੁਰਾਣਾ ਮਾਸਕ ਪੱਤਰ ਹੈ ਜਿਹੜਾ ਲਗਭਗ ਅਸੀ ਸਾਲ ਤੋਂ ਨਿਰੰਤਰ ਛਪਦਾ ਆ ਰਿਹਾ ਹੈ। 15 ਅਗੱਸਤ 1972 ਤਕ ਇਸ ਦੇ 1400 ਅੰਕ ਛਪ ਚੁੱਕੇ ਸਨ।

> " ਗੁਰਬਾਣੀ ਪ੍ਰਚਾਰ, ਗੁਰਮਤਿ ਵਿਸਥਾਰ, ਆਤਮ ਉਧਾਰ, ਮਨਮਤ ਪਰਹਾਰ, ਅਤੇ ਭਾਈਚਾਰਕ ਸੁਧਾਰ " 'ਨਿਰਗੁਣਿਆਰਾ' ਦਾ ਉਦੇਸ਼ ਸੀ। ਇਸ ਦੇ ਪਹਿਲੇ ਪਰਚੇ ਵਿਚ ਭਾਈ ਵੀਰ ਸਿੰਘ ਵਲੋਂ ਛਪਿਆ ਲੇਖ 'ਪ੍ਰਾਰਥਨਾ' ਨਾਲ ਭਾਈ ਸਾਹਿਬ ਪੰਜਾਬੀ ਸਾਹਿਤਕਾਰੀ ਵਿਚ ਪਰਵੇਸ਼ ਕਰਦੇ ਹਨ।[35]

(8) ਸ੍ਰੀ ਗੁਰੂ ਪ੍ਰਤਾਪ ਸੂਰਜ ਉਦੈ:- ਲਾਹੌਰ ਤੋਂ ਇਹ ਮਾਸਕ-ਪੱਤਰ ਉਰਦੂ ਤੇ ਪੰਜਾਬੀ ਵਿਚ ਸਾਂਝਾ ਛਪਦਾ ਸੀ। ਇਸ ਦੇ ਸੰਪਾਦਕ ਬੇਦੀ ਉਦੈ ਸਿੰਘ ਸਨ। 1882 ਈ. ਵਿਚ ਨਾਨਕ ਪ੍ਰਕਾਸ਼ ਪ੍ਰੈਸ ਲਾਹੌਰ ਤੋਂ ਛਪਣਾ ਸ਼ੁਰੂ ਹੋਇਆ ਤੇ ਛੇਤੀਂ ਹੀ ਬੰਦ ਹੋ ਗਿਆ।

(9) ਸ਼ੁੱਧੀ ਪੱਤਰ ਖਾਲਸਾ ਧਰਮ ਪ੍ਰਕਾਸ਼ਕ :- ਐਂਗਲੋ ਸੰਸਕ੍ਰਿਤ ਪ੍ਰੈਸ ਲਾਹੌਰ ਤੋਂ ਅਤੇ ਲਾਹੌਰ ਸ਼ੁਧੀ ਸਭਾ ਦੇ ਪ੍ਰਬੰਧ ਅਧੀਨ, ਮਈ 1896 ਈ. ਨੂੰ ਇਹ ਮਾਸਕ ਪੱਤਰ ਚਾਲੂ ਹੋਇਆ ਤੇ 1899 ਈ. ਵਿਚ ਬੰਦ ਹੋ ਗਿਆ।

ਇਸ ਪੱਤਰ ਦਾ ਉਦੇਸ਼ ਇਹ ਸੀ ਕਿ ਹੋਰ ਧਰਮਾਂ ਵਿੱਚੋਂ ਸਿੱਖੀ ਵਿਚ ਪ੍ਰਵੇਸ਼ ਕਰਨ ਵਾਲੇ ਵਿਅਕਤੀਆਂ ਨੂੰ ਕੌਮ ਵਲੋਂ ਜੀ ਆਇਆਂ ਆਖਿਆ ਜਾਏ। ਸਿੱਖੀ ਤੋਂ ਪਤਿਤ ਹੋਏ ਵਿਅੱਕਤੀਆਂ ਨੂੰ ਵੀ ਦੋਬਾਰਾ ਸਿੱਖ ਧਰਮ ਵਿਚ ਲਿਆਂਦੇ ਜਾਣ ਦੀ ਪ੍ਰੇਰਣਾ ਤੇ ਉਤਸ਼ਾਹ ਦੇਣਾ ਵੀ ਇਸ ਪੱਤਰ ਦੀ ਨੀਤੀ ਸੀ। ਇਹ ਪੱਤਰ ਵਾਦ-ਵਿਵਾਦ ਦਾ ਵਿਸ਼ਾ ਸੀ ਕਿਉਂਜੋ ਸ਼ੁਧੀ ਦੀ ਮੁਹਿੰਮ ਵਿਚ ਇਹ ਪੰਜਾਬ ਦੇ ਆਰੀਆ ਸਮਾਜੀਆਂ ਦਾ ਸਹਿਯੋਗੀ ਸੀ ਤੇ ਆਰੀਆ ਸਮਾਜੀਆਂ ਦਾ ਹੱਥ-ਠੋਕਾ ਹੋਣ ਕਰ ਕੇ ਸਿੰਘ ਸਭਾ ਵਾਲੇ ਇਸ ਦੀ ਨਿੰਦਾ ਕਰਦੇ ਸਨ। ਵਿਸ਼ੇਸ਼ ਤੌਰ ਤੇ ਸਨਾਤਨੀ ਵਿਚਾਰਾਂ ਵਾਲੇ ਸਿੱਖ, ਸ਼ੁਧੀ ਲਹਿਰ ਦੇ ਹੱਕ ਵਿਚ ਨਾ ਹੋਣ ਕਰਕੇ, ਇਸ ਪੱਤਰ ਦਾ ਡਟ ਕੇ ਵਿਰੋਧ ਕਰਦੇ ਸਨ। ਹਰ ਮਹੀਨੇ ਵਿਚ ਸ਼ੁਧੀ ਮੁਹਿੰਮ ਵਿਚ ਪ੍ਰਾਪਤ ਹੋਈਆਂ ਸਫਲਤਾਵਾਂ ਦਾ ਵੇਰਵਾ ਇਸ ਪੱਤਰ ਵਿਚ ਛਾਪਿਆ

---

35. 'ਨਿਰਗੁਣਿਆਰਾ' ਦੀ ਸਾਹਿੱਤ ਸੇਵਾ ਨੂੰ 'ਵਾਰਤਕ ਸਾਹਿੱਤ ਦੇ ਸਰਵੇਖਣ' ਵਾਲੇ ਅਧਿਆਇ ਵਿਚ ਵਿਸਤਾਰ-ਪੂਰਵਕ ਢੰਗ ਨਾਲ ਵਿਚਾਰਿਆ ਗਿਆ ਹੈ।

ਜਾਂਦਾ ਸੀ ਅਤੇ ਸੁਧੀਂ ਦੇ ਹੱਕ ਵਿਚ ਲੇਖ ਦਰਜ ਹੁੰਦੇ ਸਨ। ਥੋੜ੍ਹੇ ਜਿਹੇ ਵਰ੍ਹਿਆਂ ਦੀ ਪ੍ਰਕਾਸ਼ਨਾ ਦੇ ਦੌਰਾਨ ਵਿਚ ਇਸ ਨੂੰ ਵੱਖ ਵੱਖ ਸੰਪਾਦਕਾਂ ਦੀ ਨਿਗਰਾਨੀ ਪ੍ਰਾਪਤ ਹੋਈ, ਯਥਾ:-

ਜੁਲਾਈ ਤੋਂ ਦਸੰਬਰ 1896 ਤਕ ਭਾਈ ਸੁੰਦਰ ਸਿੰਘ
ਜਨਵਰੀ ਤੋਂ ਮਾਰਚ 1897 ਤਕ ਭਾਈ ਅਤਰ ਸਿੰਘ
ਅਪ੍ਰੈਲ ਤੋਂ ਸਤੰਬਰ 1897 ਤਕ ਭਾਈ ਮੀਹਾਂ ਸਿੰਘ
ਅਕਤੂਬਰ 1897 ਤੋਂ ਦਸੰਬਰ 1898 ਤਕ ਭਾਈ ਬੂੜ ਸਿੰਘ
ਤੇ ਜਨਵਰੀ 1899 ਤੋਂ ਬੰਦ ਹੋਣ ਤਕ ਭਾਈ ਰਾਮ ਚੰਦ ।

(10) ਭਾਰਤ ਸੁਧਾਰ:- ਲਾਹੌਰ ਤੋਂ ਜਨਵਰੀ 1893 ਈ. ਵਿਚ ਮਾਸਕ ਪੱਤਰ ਦੇ ਰੂਪ ਵਿਚ ਅਰੋੜਬੰਸ ਪ੍ਰੈਸ ਰਾਹੀਂ ਪ੍ਰਕਾਸ਼ਤ ਹੋਣ ਲਗਾ। ਇਸ ਦੇ ਸੰਪਾਦਕ ਲਾਲਾ ਸਾਲਗ ਰਾਮ ਸਨ। ਰਸਾਲੇ ਦੀ ਨੀਤੀ ਕੌਮੀ ਸੁਧਾਰ ਅਤੇ ਪੰਜਾਬੀ ਬੋਲੀ ਦੀ ਉੱਨਤੀ ਸੀ। ਉਸੇ ਸਾਲ ਹੀ ਕੁਝ ਮਹੀਨਿਆਂ ਪਿਛੋਂ ਇਹ ਪੱਤਰ ਬੰਦ ਹੋ ਗਿਆ।

(11) ਸ੍ਰੀ ਗੁਰਮਤ ਪ੍ਰਚਾਰ :- ਇਹ ਮਾਸਕ ਪੱਤਰ 1892 ਈ. ਵਿਚ ਚਾਲੂ ਹੋਇਆ। ਇਕ ਦੋ ਪਰਚੇ ਕੱਢ ਕੇ ਬੰਦ ਹੋ ਗਿਆ। ਮਨੋਰਥ ਸਿੱਖੀ ਦਾ ਪ੍ਰਚਾਰ ਤੇ ਸੁਧਾਰ ਸੀ।

(12) ਅਮਰ ਪਤ੍ਰਿਕਾ ਅਰਥਾਤ ਅਮਰ ਕੁੰਡ :- ਅੰਮ੍ਰਿਤਸਰ ਤੋਂ ਇਕ ਮਾਸਕ ਪੱਤਰ ਦੇ ਰੂਪ ਵਿਚ 1897 ਈ. ਨੂੰ ਜਾਰੀ ਹੋਇਆ। ਭਾਈ ਨੱਥਾ ਸਿੰਘ ਇਸ ਦੇ ਮਾਲਕ ਤੇ ਸੰਪਾਦਕ ਸਨ। ਸਮਾਜ ਸੁਧਾਰ ਤੇ ਸਿੱਖੀ ਪ੍ਰਚਾਰ ਇਸ ਦਾ ਆਸ਼ਾ ਸੀ । ਕੁਝ ਮਹੀਨੇ ਚਲ ਕੇ ਬੰਦ ਹੋ ਗਿਆ।

(13) ਉਪ੍ਰੋਕਤ ਪੰਜਾਬੀ ਪੱਤਰਾਂ ਤੋਂ ਬਿਨਾਂ, ਜਿਨ੍ਹਾਂ ਦੀ ਗਿਣਤੀ ਦੋ ਦਰਜਨ ਦੇ ਕਰੀਬ ਬਣਦੀ ਹੈ, ਕੁਝ ਕੁ ਪੱਤਰ ਉਰਦੂ ਵਿਚ ਵੀ ਛਪਦੇ ਸਨ, ਜਿਨ੍ਹਾਂ ਦਾ ਮਨੋਰਥ ਸਿੱਖੀ ਦਾ ਪਰਚਾਰ ਜਾਂ ਸਿੰਘ ਸਭਾ ਦੇ ਆਸ਼ਿਆਂ ਦੀ ਪੂਰਤੀ ਹੀ ਸੀ। ਸਰਕਾਰੀ ਜ਼ਬਾਨ ਉਰਦੂ ਹੋਣ ਕਰਕੇ ਉਰਦੂ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਜ਼ਿਆਦਾ ਸੀ। ਨਾਲੇ ਹੋਰਧਰਮਾਂ ਵਲੋਂ ਸਿੱਖੀ ਉਤੇ ਕੀਤੇ ਹੱਲਿਆਂ ਦਾ ਉੱਤਰ ਸ਼ਕਤੀ-ਸ਼ਾਲੀ ਢੰਗ ਨਾਲ ਦੇਣ ਲਈ ਉਰਦੂ ਅਖ਼ਬਾਰ ਵਧੇਰੇ ਪ੍ਰਭਾਵਸ਼ਾਲੀ ਸਨ। ਇਨ੍ਹਾਂ ਵਿਚੋਂ ਉਘੇ ਪੱਤਰਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-[36]

1) ਆਫ਼ਤਾਬਿ-ਪੰਜਾਬ :(ਪੰਦਰਾਂ ਰੋਜ਼ਾ) 1880 ਤੋਂ 1901 ਤਕ ਜਾਰੀ ਰਿਹਾ।
2) ਹਮਦਰਦ ਖ਼ਾਲਸਾ (ਮਾਸਕ) 1899 ਤੋਂ 1903 ਤਕ ਜਾਰੀ ਰਿਹਾ ।

---

36. ਪੰਜਾਬ ਪ੍ਰਬੰਧਕੀ ਰੀਪੋਰਟ 1900-1901, ਪੰਨਾ 184.

3) ਖਾਲਸਾ ਬਹਾਦਰ (ਸਪਤਾਹਕ) 1899 ਈ. ਤੋਂ 1905 ਤਕ ਜਾਰੀ ਰਿਹਾ।
4 ) ਸਿੰਘ ਸਹਾਇ (ਸਪਤਾਹਕ ) 1891 ਈ. ਤੋਂ 1903 ਤਕ ਜਾਰੀ ਰਿਹਾ।

ਏਸੇ ਤਰ੍ਹਾਂ ਭਗਤ ਲਛਮਣ ਸਿੰਘ ਦੀ ਸੰਪਾਦਨਾ ਹੇਠ ਅੰਗਰੇਜ਼ੀ ਪੱਤਰ 'ਦੀ ਖਾਲਸਾ' ਜਨਵਰੀ 1899 ਤੋਂ 1901 ਈ. ਤਕ ਜਾਰੀ ਰਿਹਾ। ਕੁਝ ਸਮਾਂ ਬੰਦ ਰਹਿ ਕੇ ਦੋਬਾਰਾ ਜਾਰੀ ਹੋ ਗਿਆ। ਸਿੱਖੀ ਉੱਤੇ ਹਰ ਪਾਸਿਓਂ ਹੋ ਰਹੇ ਹੱਲਿਆਂ ਦਾ ਮੂੰਹ ਮੋੜਨ ਵਿਚ ਜਿੰਨੀ ਸੇਵਾ ਇਸ ਪੱਤਰ ਨੇ ਕੀਤੀ ਹੈ, ਹੋਰ ਬਹੁਤ ਘੱਟ ਅਖ਼ਬਾਰ ਕਰ ਸਕੇ।

19ਵੀਂ ਸਦੀ ਦੇ ਅਖ਼ੀਰ ਤਕ ਛਪਣ ਵਾਲੀਆਂ ਪੱਤਰ, ਪੱਤਰਕਾਵਾਂ ਨੂੰ ਅਸੀਂ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦਾ ਪਹਿਲਾ, ਮੁਢਲਾ ਜਾਂ ਪ੍ਰਯੋਗਮਈ ਦੌਰ ਹੀ ਆਖ ਸਕਦੇ ਹਾਂ। ਅੱਜ ਅਖ਼ਬਾਰਾਂ ਰਸਾਲੇ ਆਦਿ ਸਾਡੇ ਜੀਵਨ ਦਾ ਏਨਾ ਅਨਿਖੜਵਾਂ ਅੰਗ ਬਣ ਗਏ ਹਨ ਅਤੇ ਸਾਡੇ ਹਰ ਕਰਮ ਉੱਤੇ ਇਸ ਤਰ੍ਹਾਂ ਛਾਂ ਚੁੱਕੇ ਹਨ, ਕਿ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਅਖ਼ਬਾਰਾਂ ਤੋਂ ਬਿਨਾਂ ਮਨੁੱਖੀ ਜੀਵਨ ਕਿੰਨਾ ਰੁਖਾ, ਕੋਰਾ ਜਾਂ ਰਸਹੀਣ ਹੁੰਦਾ ਹੋਵੇਗਾ। ਜੀਵਨ ਦੇ ਹੋਰ ਬਹੁਤ ਸਾਰੇ ਪੱਖਾਂ ਵਾਂਗ ਅਸੀਂ ਪੱਤਰਕਾਰੀ ਲਈ ਵੀ ਪੱਛਮ ਦੇ ਰਿਣੀ ਹਾਂ। ਮੁਢਲੇ ਦੌਰ ਦੇ ਪੱਤਰਾਂ ਤੇ ਪੱਤਰਕਾਵਾਂ ਸੰਬੰਧੀ ਸੰਖੇਪ ਸਰਵੇਖਣ ਤੇ ਜਾਣਕਾਰੀ ਦੇ ਆਧਾਰ ਤੇ ਅਸੀਂ ਹੇਠ ਲਿਖੇ ਸਿੱਟਿਆਂ ਤੇ ਪੁਜਦੇ ਹਾਂ:-

(1) ਇਨ੍ਹਾਂ ਪੱਤਰ ਪੱਤਰਕਾਵਾਂ ਵਿਚ ਛਪੀਆਂ ਲਿਖਤਾਂ, ਉੱਚੀਆਂ ਜਾਂ ਨਿਰੋਲ ਸਾਹਿੱਤਕ ਕ੍ਰਿਤਾਂ ਨਹੀਂ ਆਖੀਆਂ ਜਾ ਸਕਦੀਆਂ। ਇਨ੍ਹਾਂ ਦਾ ਵਡੇਰਾ ਭਾਗ ਕੇਵਲ ਪਰਚਾਰ ਤੇ ਸੁਧਾਰ ਦੇ ਆਸ਼ੇ ਅਧੀਨ ਰਚਿਆ ਤੇ ਪ੍ਰਕਾਸ਼ਤ ਕੀਤਾ ਗਿਆ। ਇਸ ਨੂੰ ਸਾਹਿੱਤ ਆਖਣਾ ਵੀ ਭੁਲ ਹੈ, ਪਰ ਇਨ੍ਹਾਂ ਅਖ਼ਬਾਰਾਂ ਦੀਆਂ ਲਿਖਤਾਂ ਨੇ ਜਿਥੇ ਸਾਹਿੱਤ ਸਿਰਜਣਾ ਲਈ ਭੂਮੀ ਤਿਆਰ ਕੀਤੀ ਅਤੇ ਮੁਢ ਬੰਨ੍ਹਿਆ ਉਥੇ ਭਵਿਖ ਵਿਚ ਰਚੇ ਜਾਣ ਵਾਲੇ ਸਾਹਿੱਤ ਲਈ ਪਾਠਕ-ਵਰਗ ਨੂੰ ਤਿਆਰ ਕੀਤਾ।

(2) ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਪੰਜਾਬੀ ਦਾ ਕੋਈ ਵੀ ਦੈਨਿਕ ਪੱਤਰ ਚਾਲੂ ਨਾ ਹੋ ਸਕਿਆ। ਜਿੰਨੇ ਵੀ ਪੱਤਰ ਜਾਰੀ ਹੋਏ, ਉਹ ਸਭ ਸਪਤਾਹਕ, ਅਠ-ਰੋਜ਼ਾ, ਦਸ-ਰੋਜ਼ਾ, ਪੰਦਰਾ ਰੋਜ਼ਾ ਜਾਂ ਮਾਸਕ ਪੱਤਰ ਹੀ ਸਨ।

(3) ਜਿੰਨੇ ਵੀ ਪੱਤਰ ਜਾਰੀ ਹੋਏ, ਉਨ੍ਹਾਂ ਵਿੱਚੋਂ ਬਹੁਤਿਆਂ ਦੀ ਆਯੂ ਥੋੜ੍ਹ-ਚਿਰੀ ਹੀ ਸੀ। ਉਨ੍ਹੀਵੀਂ ਸਦੀ ਵਿਚ 25 ਦੇ ਕਰੀਬ ਪੰਜਾਬੀ ਪੱਤਰ ਛਪਣੇ ਆਰੰਭ ਹੋਏ ਪਰ ਮੁਸ਼ਕਲ ਨਾਲ ਪੰਜ ਛੇ ਹੀ ਵੀਹਵੀਂ ਸਦੀ ਵਿਚ ਕਦਮ ਰਖ ਸਕੇ ਅਤੇ ਖ਼ਾਲਸਾ ਸਮਾਚਾਰ(ਸਪਤਾਹਕ) ਤੇ 'ਨਿਰਗੁਣਿਆਰਾ' ਦੋ ਹੀ ਅਜਿਹੇ ਪੱਤਰ ਹਨ ਜਿਹੜੇ ਹੁਣ ਤਕ ਚਲੇ ਆ ਰਹੇ ਹਨ।

(4) ਬਹੁਤੇ ਪੱਤਰ ਕਿਸੇ ਵਿਸ਼ੇਸ਼ ਮਨੋਰਥ ਨੂੰ ਸਾਹਮਣੇ ਰੱਖ ਕੇ ਆਰੰਭ ਹੋਏ ਅਤੇ ਜਦ ਮਨੋਰਥ ਪੂਰਾ ਹੋ ਗਿਆ ਤਾਂ ਅਖ਼ਬਾਰ ਆਪਣੇ ਆਪ ਬੰਦ ਹੋ ਜਾਂਦਾ ਜਾਂ ਇਸ ਨੂੰ ਜਾਰੀ ਰੱਖਣ ਦੀ ਲੋੜ ਨਾ ਸਮਝੀ ਜਾਂਦੀ। ਇਸ ਤੋਂ ਬਿਨਾਂ ਬੰਦ ਹੋਣ ਦੇ ਹੋਰ ਕਾਰਣ ਕੁਝ ਇਸ ਪ੍ਰਕਾਰ ਹਨ:-

(ੳ) <u>ਆਰਥਕ ਮਜਬੂਰੀ</u>:- ਜਿੰਨੀ ਦੇਰ ਤਕ ਪਰਚੇ ਨੂੰ ਕਿਸੇ ਰਾਜੇ ਮਹਾਰਾਜੇ ਜਾਂ ਅਮੀਰ ਆਦਮੀ ਦੀ ਸਰਪ੍ਰਸਤੀ ਮਿਲਦੀ ਰਹਿੰਦੀ ਜਾਂ ਕਿਸੇ ਸੰਸਥਾ ਦੀ ਹਮਾਇਤ ਪ੍ਰਾਪਤ ਹੁੰਦੀ ਰਹਿੰਦੀ, ਪਰਚਾ ਜਾਰੀ ਰਹਿੰਦਾ ਪਰ ਸਹਾਇਤਾ ਤੇ ਸਰਪ੍ਰਸਤੀ ਦੀ ਅਣਹੋਂਦ ਕਰਕੇ ਇਹ ਛੇਤੀ ਹੀ ਲੜਖੜਾਣ ਲਗ ਜਾਂਦਾ ਜਾਂ ਫੇਰ ਗਾਹਕਾਂ ਦੀ ਗਿਣਤੀ ਏਨੀ ਘੱਟ ਜਾਂਦੀ ਕਿ ਪੱਤਰ ਦਾ ਚਾਲੂ ਰੱਖਿਆ ਜਾਣਾ ਉਚਿਤ ਪ੍ਰਤੀਤ ਨਾ ਹੁੰਦਾ।

(ਅ) <u>ਅਖ਼ਬਾਰ ਦੀ ਨੀਤੀ</u>: ਅਖ਼ਬਾਰ ਚਲਾਉਣ ਵਾਲੀ ਸੰਸਥਾ, ਮਾਲਕ ਜਾਂ ਪ੍ਰਬੰਧਕਾਂ ਨਾਲ ਜਦ ਸੰਪਾਦਕਾਂ ਦਾ ਮਤ-ਭੇਦ ਹੋ ਜਾਂਦਾ ਤਾਂ ਮਜ਼ਬੂਰਨ ਅਖ਼ਬਾਰ ਬੰਦ ਕਰਨੀ ਪੈਂਦੀ।

(ੲ) ਕਈ ਹਾਲਤਾਂ ਵਿਚ ਮਾਲਕ ਜਾਂ ਸੰਪਾਦਕ ਦੀ ਮ੍ਰਿਤੂ ਨਾਲ ਹੀ ਅਖ਼ਬਾਰ ਬੰਦ ਹੋ ਜਾਂਦਾ।

(ਸ) ਛਪਾਈ ਦੀਆਂ ਸਹੂਲਤਾਂ ਵੀ ਅੱਜ ਵਰਗੀਆਂ ਨਹੀਂ ਸਨ। ਸ਼ੁਰੂ ਸ਼ੁਰੂ ਵਿਚ ਬਹੁਤੇ ਅਖ਼ਬਾਰ ਲਿੱਥੋ ਜਾਂ ਪੱਥਰ ਦੇ ਛਾਪੇ ਉਤੇ ਹੀ ਛਪਦੇ। ਟਾਈਪ ਵਾਲੇ ਪ੍ਰੈਸ ਬਹੁਤ ਘੱਟ ਸਨ। ਵਿਸ਼ੇਸ਼ ਤੌਰ ਤੇ ਪੰਜਾਬੀ ਟਾਈਪ ਦੀ ਛਪਾਈ ਵਾਲੇ ਛਾਪੇਖਾਨੇ ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ ਹੀ ਆਮ ਹੋਏ। ਈਸਾਈ ਮਿਸ਼ਨਰੀਆਂ ਨੇ ਬਾਈਬਲ ਆਦਿ ਛਾਪਣ ਲਈ ਉਨ੍ਹੀਵੀਂ ਸਦੀ ਦੇ ਮੁਢ ਵਿਚ ਸੀਰਾਮਪੁਰ ਵਿਚ ਅਤੇ ਪਿੱਛੋਂ ਲੁਧਿਆਣੇ ਵਿਚ ਟਾਈਪ ਦੇ ਛਾਪੇ ਸਥਾਪਤ ਕਰ ਲਏ ਸਨ ਅਤੇ ਉਨ੍ਹਾਂ ਦੁਆਰਾ ਪ੍ਰਕਾਸ਼ਤ ਸਾਹਿੱਤ ਵਧੇਰੇ ਕਰਕੇ ਟਾਈਪ ਵਿਚ ਹੀ ਛਪਦਾ ਸੀ।

(ਹ) ਹੋਰ ਭਾਸ਼ਾਵਾਂ, ਧਰਮਾਂ ਤੇ ਜਾਤੀਆਂ ਦੀ ਦੇਖਾ ਦੇਖੀ, ਉਤਸ਼ਾਹ ਤੇ ਜੋਸ਼ ਵਿਚ ਆ ਕੇ ਪੰਜਾਬੀ ਪੱਤਰ ਛਪਣੇ ਤਾਂ ਸ਼ੁਰੂ ਹੋ ਜਾਂਦੇ ਪਰ ਨਾਤਜਰਬੇਕਾਰੀ ਤੇ ਪੈਸੇ ਦੀ ਘਾਟ ਕਰ ਕੇ ਛੇਤੀ ਹੀ ਬੰਦ ਕਰਨ ਲਈ ਮਜਬੂਰ ਹੋਣਾ ਪੈਂਦਾ। ਸਥਿਤੀ ਦੀ ਅਨੁਕੂਲਤਾ ਤੇ ਸਾਧਨਾਂ ਦੀ ਪੁਨਰ-ਪ੍ਰਾਪਤੀ ਕਰਕੇ ਕਈ ਵਾਰ ਮੁਸਾਂ ਪਾ ਕੇ ਇਹ ਪੱਤਰ ਦੋਬਾਰਾ ਛਪਣ ਲਗ ਪੈਂਦੇ।

(ਕ) ~~ਇਸ~~ ਪਾਠਕਾਂ ਦੀ ਘਾਟ ਵੀ ਪਰਚਿਆਂ ਦੇ ਬੰਦ ਹੋਣ ਦਾ ਇਕ ਵੱਡਾ ਕਾਰਨ ਬਣਦੀ। ਪੜ੍ਹੇ ਲਿਖੇ ਬੰਦਿਆਂ ਦੀ ਗਿਣਤੀ ਬਹੁਤ ਘੱਟ ਸੀ। ਸਰਕਾਰੀ ਭਾਸ਼ਾ ਉਰਦੂ ਸੀ ਤੇ ਉਚੇਰੀਆਂ ਨੌਕਰੀਆਂ ਦੀ ਪ੍ਰਾਪਤੀ ਲਈ ਅੰਗਰੇਜ਼ੀ ਦਾ ਗਿਆਨ ਜ਼ਰੂਰੀ ਸੀ। ਇਸ ਲਈ ਆਮ ਲੋਕਾਂ ਦੀ ਰੁਚੀ ਅੰਗਰੇਜ਼ੀ ਤੇ ਉਰਦੂ ਜ਼ੁਬਾਨਾਂ ਸਿੱਖਣ ਵਲ ਵਧੇਰੇ ਸੀ, ਕਿਉਂਜੋ ਇਸ ਨਾਲ ਉਨ੍ਹਾਂ ਨੂੰ ਰੋਜ਼ਗਾਰ ਪ੍ਰਾਪਤ ਕਰਨ ਜਾਂ ਅੱਗੇ ਵੱਧਣ ਵਿਚ ਸਹਾਇਤਾ ਮਿਲਦੀ ਸੀ। ਪੰਜਾਬੀ ਪੱਤਰ ਪੱਤਰਕਾਵਾਂ ਦੇ ਪਾਠਕ ਨਿਰੋਲ ਧਾਰਮਿਕ ਜਾਂ ਸੰਪਰਦਾਇਕ ਹਿਤਾਂ ਲਈ ਇਹ ਪੱਤਰ ਪੜ੍ਹਦੇ ਸਨ।

(ਖ) ਪੰਜਾਬੀ ਅਖ਼ਬਾਰ ਬੜੀ ਘਟ ਗਿਣਤੀ ਵਿਚ ਛਪਦੇ ਸਨ। ਆਮ ਅਖ਼ਬਾਰ 150 ਤੋਂ 400 ਤਕ ਹੀ ਛਪਦੇ। ਵਿਸ਼ੇਸ਼ ਅਵਸਰਾਂ ਉਤੇ ਵਿਸ਼ੇਸ਼ ਅੰਕ ਬੁਲਿਟਨ, ਜਾਂ ਸਪਲੀਮੈਂਟ ਵੀ ਛਪਦੇ ਸਨ ਜਿਨ੍ਹਾਂ ਦੀ ਗਿਣਤੀ ਆਮ ਅੰਕਾਂ ਨਾਲੋਂ ਕੁਝ ਵਧ ਹੁੰਦੀ। ਪਰ ਇਹ ਗਿਣਤੀ ਵੀ ਏਨੀ ਉਤਸ਼ਾਹ-ਜਨਕ ਨਹੀਂ ਸੀ ਕਿ ਪ੍ਰਬੰਧਕਾਂ ਦੇ ਹੌਸਲੇ ਕਾਇਮ ਰੱਖਦੀ।

(5) ਲਗਭਗ ਹਰ ਪੰਜਾਬੀ ਅਖ਼ਬਾਰ ਦੀ ਇਕੋ ਬਨਾਵਟ ਤੇ ਤਰਤੀਬ ਹੁੰਦੀ ਸੀ । ਇਕ ਅੱਧ ਸਫ਼ੇ ਤੇ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਿਆਖਿਆ ਕੀਤੀ ਹੁੰਦੀ ਜਾਂ ਉਂਜ ਹੀ ਕੋਈ ਸ਼ਬਦ ਦੇ ਦਿੱਤਾ ਜਾਂਦਾ। ਸੰਪਾਦਕੀ ਨੋਟ ਵਿਚ ਪੱਤਰ ਦੀ ਨੀਤੀ ਦੇ ਅਨੁਕੂਲ ਬੀਤ ਰਹੀਆਂ ਜਾਂ ਬੀਤ ਚੁਕੀਆਂ ਘਟਨਾਵਾਂ ਦੀ ਟੀਕਾ ਟਿਪਣੀ ਹੁੰਦੀ। ਕਦੇ ਕਦਾਈਂ ਕੋਈ ਵਿਸ਼ੇਸ਼ ਲੇਖ ਵੀ ਛਾਪਿਆ ਜਾਂਦਾ। ਸਥਾਨਕ ਖ਼ਬਰਾਂ ਤੋਂ ਬਿਨਾਂ ਥੋੜ੍ਹੀਆਂ ਬਹੁਤ ਦੇਸੀ ਤੇ ਵਿਦੇਸ਼ੀ ਖ਼ਬਰਾਂ ਵੀ ਸੰਖਿਪਤ ਰੂਪ ਵਿਚ ਦਿਤੀਆਂ ਜਾਂਦੀਆਂ। ਪਾਠਕਾਂ ਵਲੋਂ ਸੰਪਾਦਕ ਦੇ ਨਾਂ ਚਿੱਠੀਆਂ ਹੁੰਦੀਆਂ, ਜਿਨ੍ਹਾਂ ਵਿਚ ਕਿਸੇ ਪਰਚਲਿਤ ਵਾਦ-ਵਿਵਾਦ, ਮਤ ਜਾਂ ਸਿਧਾਂਤ ਸੰਬੰਧੀ ਚਰਚਾ ਹੁੰਦੀ ਜਾਂ ਵਿਰੋਧੀਆਂ ਵਲੋਂ ਕੀਤੇ ਗਏ ਹੱਲਿਆਂ ਦਾ ਉੱਤਰ ਦਿੱਤਾ ਗਿਆ ਹੁੰਦਾ, ਜਾਂ ਫੇਰ ਸੰਪਾਦਕ ਵਲੋਂ ਪ੍ਰਗਟਾਏ ਗਏ ਕਿਸੇ ਮਤ ਦਾ ਖੰਡਨ ਮੰਡਨ ਹੁੰਦਾ।[37] ਅੱਜ ਵਾਂਗ ਖ਼ਬਰਾਂ ਜਾਂ ਲੇਖਾਂ ਲਈ ਵੱਡੀਆਂ ਸੁਰਖੀਆਂ ਜਮਾਉਣ ਦਾ ਰਿਵਾਜ ਨਹੀਂ ਸੀ। ਤਰਤੀਬ ਜਾਂ ਲੇ-ਆਊਟ ਵਲ ਕੋਈ ਧਿਆਨ ਨਹੀਂ ਸੀ ਦਿੱਤਾ ਜਾਂਦਾ। ਤਸਵੀਰਾਂ ਬੜੀਆਂ ਘੱਟ ਛਾਪੀਆਂ ਜਾਂਦੀਆਂ ਸਨ ਤੇ ਇਸ਼ਤਿਹਾਰ ਵੀ ਨਾਮ-ਮਾਤਰ ਹੀ ਹੁੰਦੇ ਸਨ।

(6) ਇਸ ਦੌਰ ਵਿਚ ਛਪਣ ਵਾਲੇ ਲਗਭਗ ਸਾਰੇ ਪੱਤਰ ਨਿਰੋਲ ਪਰਚਾਰ ਜਾਂ ਸੁਧਾਰ ਦੇ ਆਸ਼ੇ ਨਾਲ ਜਾਰੀ ਕੀਤੇ ਗਏ। ਸਾਹਿੱਤ ਸਿਰਜਣਾ ਜਾਂ ਸਾਹਿੱਤ ਦੀ ਉਨਤੀ ਇਨ੍ਹਾਂ ਦਾ ਮੁਖ ਮਨੋਰਥ ਨਹੀਂ ਸੀ। ਇਸ ਲਈ ਇਨ੍ਹਾਂ ਪੱਤਰਾਂ ਵਿਚ ਸਾਹਿੱਤਕ ਕ੍ਰਿਤਾਂ ਕਦੇ ਕਦਾਈਂ ਹੀ ਛਪਦੀਆਂ ਸਨ।

(7) ਕਾਰਟੂਨਾਂ ਦਾ ਰਿਵਾਜ ਪੈ ਗਿਆ ਸੀ। ਹਾਸ-ਵਿਅੰਗ ਵਾਲੀਆਂ ਕਵਿਤਾਵਾਂ ਤੇ ਲੇਖ ਵਿਸ਼ੇਸ਼ ਤੌਰ ਤੇ ਗਿਆਨੀ ਦਿੱਤ ਸਿੰਘ ਦੀ ਸੰਪਾਦਨਾ ਹੇਠ ਛਪਣ ਵਾਲੇ ਪੱਤਰਾਂ ਵਿਚ, ਆਮ ਹੁੰਦਾ ਸੀ, ਜਿਸ ਨਾਲ ਵਿਰੋਧੀਆਂ ਤੇ ਮਨਮਤੀਆਂ ਦਾ ਮੌਜੂ ਉਡਾਇਆ ਜਾਂਦਾ ਸੀ। ਸਮਾਜਕ ਖ਼ਬਰਾਂ ਦੀ ਆਲੋਚਨਾ ਤੇ ਵਾਦ-ਵਿਵਾਦ ਗ੍ਰਸਤ ਮਸਲਿਆਂ ਨੂੰ ਸਾਹਮਣੇ ਰੱਖ ਕੇ ਸਿੱਧਾਂਤਕ ਚਰਚਾ ਕੀਤੀ ਜਾਂਦੀ ਸੀ । ਨੀਤੀ ਸੰਬੰਧੀ ਲੇਖ ਤੇ ਸਦਾਚਾਰਕ ਉੱਚਤਾ, ਕੌਮੀ ਅਣਖ, ਸਿੱਖੀ ਦੀ ਗੌਰਵਤਾ ਆਦਿ ਵਿਸ਼ਿਆਂ ਨੂੰ ਲੈ ਕੇ ਲੋਕਾਂ ਨੂੰ ਉਭਾਰਨ ਦਾ ਯਤਨ ਕੀਤਾ ਜਾਂਦਾ ਸੀ।

(8) ਲਗਭਗ ਸਾਰੀਆਂ ਅਖ਼ਬਾਰਾਂ ਦੀ ਨੀਤੀ ਰਾਜ-ਭਗਤੀ ਵਾਲੀ ਸੀ। ਸਰਕਾਰ ਦੀ ਆਲੋਚਨਾ ਕਰਨ ਦਾ ਹੌਸਲਾ ਕੋਈ ਅਖ਼ਬਾਰ ਵੀ ਨਹੀਂ ਸੀ ਕਰ ਸਕਦੀ। ਬਹੁਤੀ ਵਾਰੀ ਸਰਕਾਰ ਦੇ ਗੁਣ ਹੀ ਗਾਏ ਜਾਂਦੇ ਸਨ ਅਤੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਗਿਣਵਾਈਆਂ ਜਾਂਦੀਆਂ ਸਨ ।

---

37. 'ਖ਼ਾਲਸਾ ਅਖ਼ਬਾਰ', 'ਖਾਲਸਾ ਸਮਾਚਾਰ', 'ਖਾਲਸਾ ਗਜ਼ਟ' ਜਾਂ 'ਸੁੱਧੀ ਪੱਤਰ' ਆਦਿ ਪੱਤਰਾਂ ਨੂੰ ਆਧਾਰ ਬਣਾ ਕੇ ਉਪ੍ਰੋਕਤ ਰਾਏ ਬਣਾਈ ਗਈ ਹੈ।

ਕਦੇ ਕਦਾਈਂ ਕੋਈ ਅਖ਼ਬਾਰ ਅੰਗਰੇਜ਼ ਅਫ਼ਸਰਾਂ ਦੀ ਹੈਂਕੜ ਜਾਂ ਪੰਜਾਬੀਆਂ ਨਾਲ ਹੁੰਦੇ ਮੰਦੇ-ਵਰਤਾਓ ਜਾਂ ਫੌਜੀ ਤੇ ਸਰਕਾਰੀ ਨੌਕਰੀਆਂ ਵਿਚ ਯੋਗ ਪਦਵੀਆਂ ਤੋਂ ਵਾਂਝੇ ਰੱਖਣ ਦੀ ਚਰਚਾ ਵੀ ਹੁੰਦੀ ਸੀ।[38] ਕੌਮੀ ਭਾਵਨਾ, ਆਜ਼ਾਦੀ ਲਈ ਵੰਗਾਰ ਜਾਂ ਸੁਤੰਤਰਤਾ ਲਈ ਸੁਚੇਤਨਈ ਜਾਂ ਹਿੰਸਕ ਕਿਸੇ ਸੰਗਰਾਮ ਜਾਂ ਅੰਦੋਲਨ ਦਾ ਕੋਈ ਸੁਝਾਓ ਇਨ੍ਹਾਂ ਅਖ਼ਬਾਰਾਂ ਵਿਚ ਨਹੀਂ ਸੀ ਹੁੰਦਾ।

(9) ਈਸਾਈ ਪਰਚਾਰਕਾਂ ਦੇ ਚੌਪਤਰਿਆਂ ਵਾਲੇ ਪੈਟਰਨ ਤੋਂ ਪ੍ਰੇਰਿਤ ਹੋ ਕੇ, ਸਿੱਖ ਧਰਮ ਵਿੱਚੋਂ ਪੁਰਾਣੀਆਂ ਸਾਖੀਆਂ ਲੈ ਕੇ ਪੁਰਾਤਨ ਇਤਿਹਾਸ ਦੀ ਉੱਚਤਾ ਜਾਂ ਗੌਰਵਤਾ ਨੂੰ ਕਹਾਣੀ-ਰੂਪ ਵਿਚ ਪੇਸ਼ ਕੀਤਾ ਜਾਣ ਲਗ ਪਿਆ ਸੀ ।

(10) ਅਖ਼ਬਾਰਾਂ ਨੇ ਪੰਜਾਬੀ ਪੜ੍ਹਨ ਵਾਲੇ ਪਾਠਕਾਂ ਦੇ ਘੇਰੇ ਨੂੰ ਵਿਸ਼ਾਲ ਕੀਤਾ। ਪਿੱਛੋਂ ਉਪਜਣ ਵਾਲੇ ਸਾਹਿੱਤ ਲਈ ਪਾਠਕ ਵਰਗ ਨੂੰ ਕਾਇਮ ਕਰਨ ਲਈ, ਇਨ੍ਹਾਂ ਪੱਤਰਾਂ ਨੇ ਭੋਇੰ ਤਿਆਰ ਕੀਤੀ।

(11) ਹਿੰਦੂ ਤੇ ਸਿੱਖ ਵਿਦਵਾਨਾਂ ਵਲੋਂ ਜੋ ਕੁਝ ਗੁਰਮੁਖੀ ਅੱਖਰਾਂ ਵਿਚ ਲਿਖਿਆ ਜਾਂਦਾ ਸੀ ਉਹ ਬ੍ਰਿਜ ਭਾਸ਼ਾ ਵਿਚ ਹੋਣ ਕਰਕੇ, ਆਮ ਪਾਠਕਾਂ ਦੀ ਸਮਝ ਤੋਂ ਪਰੇ ਦਾ ਸੀ । ਉਹ ਅਜਿਹੀਆਂ ਰਚਨਾਵਾਂ ਨੂੰ ਕੇਵਲ ਸ਼ਰਧਾਵਸ ਹੀ ਸੁਣ ਛਡਦੇ ਸਨ। ਪੱਤਰਕਾਰੀ ਨੇ ਲੋਕਾਂ ਨੂੰ ਉਨ੍ਹਾਂ ਦੇ ਨਿਕਟ-ਜੀਵਨ ਦੀ ਸੋਝੀ ਕਰਵਾਈ। ਉਨ੍ਹਾਂ ਦੇ ਆਲੇ ਦੁਆਲੇ ਵਾਪਰਨ ਵਾਲੀਆਂ ਨਿੱਤ ਦਿਹਾੜੀ ਦੀਆਂ ਘਟਨਾਵਾਂ ਨੂੰ ਖ਼ਬਰਾਂ ਦੇ ਰੂਪ ਵਿਚ ਉਨ੍ਹਾਂ ਤਕ ਪੁਚਾਇਆ ਜਾਂਦਾ ਸੀ। ਇਸ ਨਾਲ ਪਾਠਕਾਂ ਦੀ ਅਖ਼ਬਾਰਾਂ ਵਿਚ ਦਿਲਚਸਪੀ ਵਿਚ ਢੇਰ ਵਾਧਾ ਹੋਇਆ।

(12) ਲੋਕਾਂ ਦੇ ਅਨੁਭਵ ਵਿਚ ਰੁਖਾਂ ਜਾਂ ਛਪੀਆਂ ਪੁਸਤਕਾਂ ਦਾ ਸੰਬੰਧ ਕੇਵਲ ਪਰਮਾਰਥ ਜਾਂ ਅਗਲੀ ਦੁਨੀਆਂ ਨਾਲ ਜੁੜਿਆ ਹੁੰਦਾ ਸੀ। ਪੱਤਰ-ਕਾਰਾਂ ਨੇ ਰਾਜਸੀ ਆਰਥਕ ਤੇ ਸਮਾਜਕ ਚੇਤਨਤਾ ਲਿਆਉਣ ਵਿਚ ਬਹੁਤ ਮਹੱਤਵ-ਪੂਰਨ ਹਿੱਸਾ ਪਾਇਆ। ਲੋਕਾਂ ਦੇ ਗਿਆਨ ਦਾ ਘੇਰਾ ਵਿਸ਼ਾਲ ਹੋ ਗਿਆ । ਦੇਸ-ਪ੍ਰਦੇਸ ਦੀਆਂ ਖ਼ਬਰਾਂ ਪੜ੍ਹਨ ਨਾਲ ਉਨ੍ਹਾਂ ਦੀ ਬੁਧੀ ਪਰਚੰਡ ਹੋ ਗਈ ਅਤੇ ਸੁਤੰਤਰ ਤੌਰ ਤੇ ਸੋਚਣ ਤੇ ਆਪਣੇ ਲਈ ਠੀਕ ਰਾਹ ਨਿਸਚਿਤ ਕਰਨ ਦੀ ਪ੍ਰਬਲ ਇੱਛਾ

---

38. ਉਦਾਹਰਣ ਲਈ ਖਾਲਸਾ ਅਖ਼ਬਾਰ ਦੇ 7 ਜੂਨ 1886 ਦੇ ਅੰਕ ਵਿਚ ਲਿਖਿਆ ਮਿਲਦਾ ਹੈ:- " ਇਸ ਵੇਲੇ ਹਿੰਦੁਸਤਾਨੀ ਫੌਜੀਆਂ ਨੂੰ ਪਲਟਣਾਂ ਵਿਚ ਸੂਬੇਦਾਰ ਮੇਜਰੀ ਤੋਂ ਵੱਡਾ ਔਹਦਾ ਨਹੀਂ ਦਿੱਤਾ ਜਾਂਦਾ। ਹਿੰਦੁਸਤਾਨੀ ਸਿਪਾਹੀ ਯੂਰਪ, ਮਿਸਰ, ਅਰਬ, ਜਾਵਾ, ਸਮਾਟਰਾ ਚੀਨ ਆਦਿ ਥਾਵਾਂ ਉਪਰ ਖ਼ਿਦਮਤ ਕਰ ਸਕਦੇ ਹਨ ਤਾਂ ਕਿਉਂ ਨਹੀਂ ਉਨ੍ਹਾਂ ਨੂੰ ਅਫ਼ਸਰਾਂ ਵਲੋਂ ਔਹਦੇ ਮਿਲਦੇ? ਇਨ੍ਹਾਂ ਨੂੰ ਬਹਾਦਰੀਆਂ ਤੇ ਤਕਮੇ ਵੀ ਅੰਗਰੇਜ਼ਾਂ ਵਾਲੇ ਦਿੱਤੇ ਜਾਣੇ ਚਾਹੀਦੇ ਹਨ।"

ਪੈਦਾ ਹੋ ਗਈ। ਪਹਿਲਾਂ ਵਾਂਗ ਹਰ ਗੱਲ ਨੂੰ ਅੱਖਾਂ ਮੀਟ ਕੇ ਪ੍ਰਵਾਨ ਕਰ ਲੈਣ ਦੀ ਬਜਾਇ, ਤਰਕ ਦੀ ਰੁਚੀ ਆਉਣ ਲਗੀ।

(13) ਹਰ ਅਲੌਕਿਕ ਚੀਜ਼ ਜਾਂ ਘਟਨਾ ਨਾਲ ਕੋਈ ਕਰਾਮਾਤ ਜੋੜਨ ਦੀ ਰੁਚੀ ਘਟਣ ਲਗੀ। ਪੱਤਰਾਂ ਵਿਚ ਵਿਗਿਆਨਕ ਵਿਧੀਆਂ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ ਹੁੰਦੀ ਸੀ। ਇਸ ਨਾਲ ਲੋਕਾਂ ਦੇ ਵਹਿਮ ਭਰਮ ਬਹੁਤ ਹੱਦ ਤਕ ਘਟਣ ਲਗੇ ਜਾਂ ਮੱਧਮ ਪੈਣੇ ਸ਼ੁਰੂ ਹੋ ਗਏ।

(14) ਪੰਜਾਬੀ ਪੱਤਰ-ਕਾਰੀ ਦੀ ਸੱਭ ਤੋਂ ਮਹੱਤਵ-ਪੂਰਨ ਦੇਣ ਪੰਜਾਬੀ ਵਾਰਤਕ ਦਾ ਵਿਕਾਸ ਹੈ। ਗੱਦ-ਸਾਹਿੱਤ ਦੇ ਬਾਕੀ ਰੂਪ, ਅਜੇ ਤਕ ਜਾਂ ਤਾਂ ਹੋਂਦ ਵਿਚ ਨਹੀਂ ਸਨ ਆਏ ਜਾਂ ਅਜੇ ਬਹੁਤੇ ਪਰਚਲਿਤ ਨਹੀਂ ਸਨ ਹੋਏ। ਇਸ ਲਈ ਆਧੁਨਿਕ ਪੰਜਾਬੀ ਵਾਰਤਕ ਸ਼ੈਲੀ ਦਾ ਮੁਢਲਾ ਵਿਕਾਸ ਇਨ੍ਹਾਂ ਪੱਤਰਕਾਵਾਂ ਦੁਆਰਾ ਹੀ ਹੋਇਆ।

(15) ਹੋਰ ਭਾਸ਼ਾਵਾਂ ਦੀਆਂ ਅਖ਼ਬਾਰਾਂ, ਵਿਸ਼ੇਸ਼ ਕਰਕੇ ਅੰਗਰੇਜ਼ੀ ਤੋਂ ਅਨੁਵਾਦਤ ਜਾਂ ਆਧਾਰਿਤ ਰਚਨਾਵਾਂ ਨੂੰ ਪੰਜਾਬੀ ਵਿਚ ਛਾਪਣ ਦੀ ਪਿਰਤ ਵੀ ਇਨ੍ਹਾਂ ਅਖ਼ਬਾਰਾਂ ਰਾਹੀਂ ਪੈਣ ਲੱਗੀ।[39] ਇਸ ਤਰ੍ਹਾਂ ਪੰਜਾਬੀ ਭਾਸ਼ਾ ਦੀ ਪ੍ਰਗਟਾ ਸਮਰੱਥਾ ਵਿਚ ਵਾਧਾ ਹੋਇਆ ਕਿਉਂਜੋ ਮੌਲਿਕ ਰਚਨਾ ਨਾਲੋਂ ਅਨੁਵਾਦ ਸਮੇਂ, ਢੁਕਵੀਂ ਉਚਿਤ ਤੇ ਸਮਰੱਥ ਸ਼ਬਦਾਵਲੀ ਦੀ ਉਚੇਚੇ/ਯਤਨਾਂ ਦੁਆਰਾ ਭਾਲ ਕਰਨੀ ਪੈਂਦੀ ਹੈ, ਤਾਂ ਜੋ ਅਸਲ ਲਿਖਤ ਦੇ ਭਾਵਾਂ ਨੂੰ ਅਨੁਵਾਦਤ ਰੂਪ ਵਿਚ ਕਾਇਮ ਰੱਖਿਆ ਜਾ ਸਕੇ। ਇਸ ਕਲਾ ਵਿਚ ਨਿਪੁੰਨਤਾ ਤਾਂ ਈਸਾਈ ਮਿਸ਼ਨਰੀ ਪਹਿਲਾਂ ਹੀ ਪ੍ਰਾਪਤ ਕਰ ਚੁੱਕੇ ਸਨ, ਕਿਉਂਜੋ 1812 ਈ. ਤੋਂ ਹੀ ਬਾਈਬਲ ਤੇ ਹੋਰ ਈਸਾਈ ਸਾਹਿੱਤ ਵੱਖ ਵੱਖ ਕਲਾ-ਰੂਪਾਂ ਵਿਚ ਅਨੁਵਾਦ ਹੋ ਕੇ ਲੱਖਾਂ ਦੀ ਗਿਣਤੀ ਵਿਚ ਪੰਜਾਬੀਆਂ ਦੇ ਹੱਥਾਂ ਤਕ ਪੁਜ ਚੁੱਕਾ ਸੀ। ਈਸਾਈ ਘੇਰਿਆਂ ਤੋਂ ਲਾਂਭੇ ਹੋਏ ਪੰਜਾਬੀ ਅਨੁਵਾਦਾਂ ਵਿਚ ਪੱਤਰਕਾਰੀ ਦਾ ਵਿਸ਼ੇਸ਼ ਹੱਥ ਹੈ।

(16) ਸਿੰਘ ਸਭਾ ਲਹਿਰ ਦੇ ਆਰੰਭ ਤੋਂ ਪਹਿਲਾਂ ਅਤੇ ਪੱਤਰਕਾਰੀ ਦੇ ਪੰਜਾਬ ਵਿਚ ਪ੍ਰਵੇਸ਼ ਸਮੇਂ, ਹਿੰਦੂ ਸਿੱਖ ਦਾਇਰਿਆਂ ਅਤੇ ਵਿਅੱਕਤੀਗਤ ਵਿਦਵਾਨਾਂ ਵਿਚ ਬ੍ਰਿਜ ਭਾਸ਼ਾ ਹੀ ਪ੍ਰਧਾਨ ਸੀ। ਠੇਠ ਤੇ ਸ਼ੁਧ ਪੰਜਾਬੀ ਜਾਂ ਤਾਂ ਕਿੱਸਾਕਾਰ ਕਵੀ ਲਿਖਦੇ ਸਨ ਜਾਂ ਫੇਰ ਈਸਾਈ ਮਿਸ਼ਨਰੀ ਪ੍ਰਚਾਰਕਾਂ ਦੀਆਂ ਲਿਖਤਾਂ ਵਿਚ ਦੇਖੀ ਜਾ ਸਕਦੀ ਸੀ। ਪੰਜਾਬੀ ਪੱਤਰਕਾਰੀ ਦੇ ਨਾਲ ਹੀ ਠੇਠ ਪੰਜਾਬੀ ਲਿਖਣ ਦਾ ਯੁਗ ਆਰੰਭ ਹੁੰਦਾ ਹੈ।

(17) ਉਰਦੂ ਤੇ ਅੰਗਰੇਜ਼ੀ ਦੇ ਟਾਕਰੇ ਤੇ ਪੰਜਾਬੀ ਪੱਤਰਕਾਰੀ ਬੇਹੱਦ ਪਛੜੀ ਹੋਈ ਸੀ। ਸਰਕਾਰੀ ਕੰਮ ਕਾਜ ਲਈ ਇਹੋ ਦੋ ਜ਼ੁਬਾਨਾਂ ਪਰਚਲਿਤ ਸਨ ਤੇ ਸਿੱਖਿਆ ਦਾ ਮਾਧਿਅਮ ਵੀ ਇਨ੍ਹਾਂ

---

39. ਕੇ.ਬੀ. ਥਾਪਰ, 'ਕਾਨਵੋਕੇਸ਼ਨ ਐਡਰੈਸ', ਪੰਜਾਬ ਯੂਨੀਵਰਸਿਟੀ, ਲਾਹੌਰ, ਸਾਲ 1895, ਪੰਨਾ 4-9.

ਨੂੰ ਹੀ ਬਣਾਇਆ ਗਿਆ ਸੀ। ਇਸ ਲਈ ਸੁਭਾਵਿਕ ਹੀ ਪੜ੍ਹਿਆਂ ਲਿਖਿਆਂ ਨੂੰ ਇਹ ਦੋਵੇਂ ਜ਼ਬਾਨਾਂ ਆਉਂਦੀਆਂ ਸਨ ਅਤੇ ਇਨ੍ਹਾਂ ਜ਼ਬਾਨਾਂ ਵਿਚ ਛਪਣ ਵਾਲੀਆਂ ਅਖ਼ਬਾਰਾਂ ਦੀ ਗਿਣਤੀ ਵਧੇਰੇ ਸੀ। 1901 ਈ. ਵਿਚ ਪੰਜਾਬ ਵਿਚ ਉਰਦੂ ਅਖ਼ਬਾਰਾਂ ਦੀ ਗਿਣਤੀ 137 ਤਕ ਪੁਜ ਗਈ ਸੀ ਜਦ ਕਿ ਹਿੰਦੀ ਵਿਚ 7 ਅਤੇ ਪੰਜਾਬੀ ਵਿਚ ਕੇਵਲ 4 ਅਖ਼ਬਾਰ ਛਪਦੇ ਸਨ।[40] 1880-81 ਈ. ਵਿਚ ਕੇਵਲ ਦੋ ਅੰਗਰੇਜ਼ੀ ਅਖ਼ਬਾਰਾਂ ਪੰਜਾਬ ਵਿੱਚੋਂ ਨਿਕਲਦੀਆਂ ਸਨ ਜਦ ਕਿ 1901 ਈ. ਤਕ ਇਨ੍ਹਾਂ ਦੀ ਗਿਣਤੀ 35 ਤਕ ਪੁਜ ਗਈ।[41]

(18) ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਪੰਜਾਬੀ ਪੱਤਰਕਾਰੀ ਦਾ ਪ੍ਰਭਾਵ-ਖ਼ੇਤਰ[42] ਬਹੁਤ ਡੂੰਘਾ ਤੇ ਵਿਸ਼ਾਲ ਹੋ ਗਿਆ ਸੀ ਅਤੇ ਲੋਕਾਂ ਵਿਚ ਅਖ਼ਬਾਰਾਂ ਲਈ ਆਮ ਉਤਸ਼ਾਹ ਵੀ ਜਾਗ ਪਿਆ ਸੀ। ਅੰਗਰੇਜ਼ੀ ਅਖ਼ਬਾਰਾਂ ਵਿਚ ਛਪੇ ਵਿਚਾਰ ਜਾਂ ਆਲੋਚਨਾ ਆਦਿ ਪੰਜਾਬੀ ਅਖ਼ਬਾਰਾਂ ਵਿਚ ਅਨੁਵਾਦਤ ਰੂਪ ਵਿਚ ਆ ਜਾਂਦੇ ਸਨ ਤੇ ਇਸ ਤਰ੍ਹਾਂ ਦੇਸ਼-ਵਾਸੀਆਂ ਵਿਚ ਇਕ ਨਵੀਂ ਭਾਵਕ ਸਾਂਝ ਉਤਪੰਨ ਹੋਣ ਲਗ ਪਈ ਸੀ।

ਵੀਹਵੀਂ ਸਦੀ ਦੇ ਚੜ੍ਹਾ ਨਾਲ ਪੰਜਾਬੀ ਪੱਤਰਕਾਰੀ ਨੇ ਨਵੀਂ ਪੁਲਾਂਘ ਪੁਟੀ। ਥਾਂ ਥਾਂ ਤੋਂ ਅਨੇਕ ਨਵੇਂ ਪੱਤਰ ਜਾਰੀ ਹੋਣੇ ਸ਼ੁਰੂ ਹੋ ਗਏ। ਛਾਪੇਖਾਨੇ ਦੀਆਂ ਸਹੂਲਤਾਂ ਆਮ ਹੋ ਗਈਆਂ। ਪੰਜਾਬੀ ਪੜ੍ਹਿਆਂ ਦੀ ਗਿਣਤੀ ਵੀ ਕਾਫ਼ੀ ਵਧ ਗਈ ਤੇ ਇਸ ਨਵੀਂ ਪੜ੍ਹੀ ਲਿਖੀ ਸ਼੍ਰੇਣੀ ਨੇ ਸੁਚੇਤ ਹੋ ਕੇ ਆਪਣੇ ਆਲੇ ਦੁਆਲੇ ਉਤੇ ਹਰ ਪਾਸਿਓਂ ਭਰਪੂਰ ਤੇ ਡੂੰਘੀ ਨਜ਼ਰ ਮਾਰੀ। ਅਖ਼ਬਾਰਾਂ ਦੀ ਨੀਤੀ ਬਦਲ ਗਈ ਅਤੇ ਧਾਰਮਿਕ, ਸੰਪਰਦਾਇਕ ਜਾਂ ਸੁਧਾਰਕ ਸਮੱਸਿਆਵਾਂ ਦੀ ਬਜਾਇ ਰਾਜਸੀ, ਸਮਾਜਕ ਤੇ ਆਰਥਕ ਮਸਲੇ ਵੀ ਅਖ਼ਬਾਰਾਂ ਦੁਆਰਾ ਵਿਚਾਰੇ ਜਾਣ ਲਗੇ। ਇਸ ਮੁਢਲੀ ਪੱਤਰਕਾਰੀ ਸਦਕਾ ਹੀ ਪੰਜਾਬੀ ਵਾਰਤਕ ਵਿਚ ਨਵੇਂ ਮੋੜ ਆਏ ਤੇ ਇਸ ਨੇ ਸਾਹਿੱਤਕ ਰੂਪ ਧਾਰਨ ਕੀਤਾ।

*****

---

40. ਪੰ: ਪ੍ਰਬੰਧਕੀ ਰੀਪੋਰਟ 1901-1902, ਪੰਨਾ 183.
41. ਪੰ: ਪ੍ਰਬੰਧਕੀ ਰੀਪੋਰਟ 1880-81, ਪੰਨਾ 267 ਅਤੇ ਪੰ: ਪ੍ਰਬੰਧਕੀ ਰੀਪੋਰਟ 1901-02, ਪੰਨਾ 183.
42. Tara Chand," The last quarter of the 19th Century thus saw the remarkable growth of the effectiveness of the Indian Press and its increasing influence among the Indian people. English Papers supplied common news all over the India. Single commentry which shared common thoughts and emotions, Indian language papers spread the same idea and sentiment among much wider population." "History of Freedom Movement", Vol.II,p.462.

ਅਧਿਆਇ ਛੇਵਾਂ

## ਈਸਾਈ ਮਿਸ਼ਨਰੀਆਂ ਦਾ ਸਾਹਿੱਤਕ ਯੋਗ-ਦਾਨ

## ਈਸਾਈ ਮਿਸ਼ਨਰੀਆਂ ਦਾ ਸਾਹਿੱਤਕ ਯੋਗਦਾਨ

" ਈਸਾਈਅਤ ਇਸ ਗਲ ਤੇ ਜ਼ੋਰ ਦਿੰਦੀ ਆਈ ਹੈ ਕਿ ਰੱਬ ਦੀ ਭਗਤੀ ਰੂਹਾਨੀ ਹੋਣੀ ਚਾਹੀਦੀ ਹੈ, ਇਸੇ ਲਈ ਭਗਤੀ ਆਪਣੀ ਭਾਸ਼ਾ ਵਿਚ ਹੀ ਸੰਭਵ ਹੈ। ਰੱਬ ਦਾ ਸੁਨੇਹਾ, ਉਸ ਭਾਸ਼ਾ ਵਿਚ ਹੀ ਦਿੱਤਾ ਜਾਣਾ ਚਾਹੀਦਾ ਹੈ ਜਿਸ ਨੂੰ ਲੋਕ ਸਮਝ ਸਕਣ। ਈਸਾਈਆਂ ਦੇ ਇਸ ਵਿਸ਼ਵਾਸ਼ ਨੇ, ਕਿ ਪਵਿਤਰ ਗ੍ਰੰਥਾਂ ਦਾ ਕੋਈ ਮੁਲ ਨਹੀਂ, ਜੇ ਉਨ੍ਹਾਂ ਨੂੰ ਆਮ ਲੋਕ ਨਹੀਂ ਸਮਝ ਸਕਦੇ — ਧਾਰਮਿਕ ਗ੍ਰੰਥਾਂ ਦੇ ਅਨੁਵਾਦ, ਆਮ ਲੋਕਾਂ ਦੀ ਭਾਸ਼ਾ ਵਿਚ ਕਰਵਾਉਣ ਤੇ ਛਾਪਣ ਦੇ ਕੰਮ ਨੂੰ ਪਹਿਲ ਦੇਣ ਲਈ ਪ੍ਰੇਰਤ ਕੀਤਾ।"[1] ਇਹੀ ਕਾਰਨ ਹੈ ਕਿ ਜਿੰਨੇ ਦੇਸ਼ਾਂ ਵਿਚ ਤੇ ਜਿੰਨੇ ਲੋਕਾਂ ਵਿਚ ਯਸੂਹ ਮਸੀਹ ਦਾ ਨਾਂ ਪੁਜਾ ਹੈ, ਸੰਸਾਰ ਦੇ ਕਿਸੇ ਹੋਰ ਧਾਰਮਿਕ ਆਗੂ ਦਾ ਅੱਜ ਤਕ ਨਹੀਂ ਪੁੱਜਾ। ਈਸਾਈ ਪਾਦਰੀਆਂ ਨੇ ਸੰਸਾਰ ਭਰ ਦੀਆਂ 1000[2] ਤੋਂ ਉਪਰ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਵਿਚ ਬਾਈਬਲ ਦਾ ਅਨੁਵਾਦ ਕਰ ਕਰਵਾ ਕੇ ਤੇ ਛਾਪ ਕੇ ਧਾਰਮਿਕ ਜਗਤ ਵਿਚ ਹੈਰਾਨ ਕਰ ਦੇਣ ਵਾਲੀ ਕ੍ਰਾਂਤੀ ਲੈ ਆਂਦੀ। ਇਹ ਸਾਰਾ ਕੰਮ ਈਸਾ ਦਾ ਨਾਂ ਲੈਣ ਵਾਲੇ ਪਰਚਾਰਕਾਂ ਦੀ ਕਰੜੀ ਘਾਲਣਾ ਤੇ ਸਿਰੜ ਸਦਕਾ ਹੀ ਪੂਰਾ ਹੋਇਆ। ਆਪਣੇ ਦੇਸ਼ ਛੱਡ ਕੇ, ਬਿਨਾਂ ਜਾਣ-ਪਛਾਣ ਦੇ ਓਪਰੇ ਤੇ ਅਨਪੜ੍ਹ ਲੋਕਾਂ ਵਿਚ ਜਾਣਾ ਜਾਂ ਉਨ੍ਹਾਂ ਪੜ੍ਹਿਆਂ ਕੋਲ ਜਾਣਾ ਜਿਨ੍ਹਾਂ ਦੀ ਭਾਸ਼ਾ ਨਾ ਸਮਝਦਿਆਂ ਹੋਇਆਂ ਵੀ ਉਨ੍ਹਾਂ ਦਾ ਰਹਿਣ ਸਹਿਣ ਧਾਰਨ ਕਰਨਾ, ਉਨ੍ਹਾਂ ਦੀ ਭਾਸ਼ਾ ਸਿੱਖਣੀ, ਉਨ੍ਹਾਂ ਦੇ ਰਸਮ-ਰਿਵਾਜ ਰਹੁ-ਰੀਤਾਂ, ਚੱਜ-ਅਚਾਰਾਂ ਦਾ ਅਧਿਐਨ ਕਰਨਾ, ਉਨ੍ਹਾਂ ਦੇ ਇਤਿਹਾਸ ਤੇ ਪਰੰਪਰਾ ਦਾ ਗਿਆਨ ਪ੍ਰਾਪਤ ਕਰਨਾ ਤੇ ਫੇਰ ਉਨ੍ਹਾਂ ਦੀ ਭਾਸ਼ਾ ਵਿਚ ਗ੍ਰੰਥ ਛਾਪ ਕੇ ਉਨ੍ਹਾਂ ਤਕ ਯਸੂਹ ਮਸੀਹ ਦਾ ਦੈਵੀ ਸੁਨੇਹਾ ਪੁਚਾਉਣਾ — ਇਕ ਸਿਰ-ਤੋੜ ਤੇ ਕਰੜੇ ਪ੍ਰੀਸ਼ਰਮ ਦੀ ਮੰਗ ਕਰਦਾ ਹੈ। ਜਿਥੇ ਲੋਕ ਪਹਿਲਾਂ ਹੀ ਪੜ੍ਹੇ ਲਿਖੇ ਹੋਣ ਤੇ ਆਪੋ ਆਪਣੇ ਧਰਮਾਂ ਵਿਚ ਪਰਪੱਕ ਤੇ ਦ੍ਰਿੜ੍ਹ, ਹੋਣ, ਉਨ੍ਹਾਂ ਨੂੰ ਈਸਾਈ ਮੱਤ ਦੀ ਸ੍ਰੇਸ਼ਟਤਾ ਤੇ ਪ੍ਰਭੁੱਤਾ ਦਾ ਗਿਆਨ ਤੇ ਵਿਸ਼ਵਾਸ਼ ਦਿਵਾਉਣਾ ਹੋਰ ਵੀ ਔਖਾ ਕੰਮ ਹੁੰਦਾ ਹੈ, ਪਰ ਈਸਾਈ ਪਾਦਰੀਆਂ ਦੇ ਹੱਠ ਤੇ ਦ੍ਰਿੜ੍ਹਤਾ ਨੇ ਇਸ ਬਿਖੜੇ ਕੰਮ ਨੂੰ

---

1. Farquhar-J.N.,'Modern Religious Movements in India', London-1914,p.439.
2. North E.M.,"The Book of thousand tongues being some account of the translation and publication of all parts of the holy scripture into more than a thousand languages and dialects."

ਵੀ ਸੌਖਾ ਬਣਾ ਦਿੱਤਾ। ਪਾਦਰੀਆਂ ਦੇ ਇਸ ਉਦੇਸ਼ ਦੀ ਪੂਰਤੀ ਦੇ ਉੱਦਮ ਨੇ ਸੰਸਾਰ ਭਰ ਦੀਆਂ ਭਾਸ਼ਾਵਾਂ ਦੇ ਧਾਰਮਿਕ ਸਾਹਿੱਤ ਨੂੰ ਮਾਲਾ ਮਾਲ ਕਰ ਦਿੱਤਾ। ਇਨ੍ਹਾਂ ਮਿਸ਼ਨਰੀਆਂ ਦੀਆਂ ਸਰਗਰਮੀਆਂ ਨੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਜੋ ਅਚੇਤ ਜਾਂ ਸੁਚੇਤ ਸੇਵਾ ਕੀਤੀ, ਉਸ ਦਾ ਸੰਖੇਪ ਵਰਣਨ ਤੇ ਮੁਲਾਂਕਣ, ਸਾਡੇ ਇਸ ਅਧਿਆਇ ਦਾ ਮੂਲ ਵਿਸ਼ਾ ਹੈ।

## ਛਾਪੇਖਾਨੇ ਦਾ ਪ੍ਰਾਰੰਭ

ਭਾਰਤ ਵਿਚ ਛਾਪੇਖਾਨੇ ਦਾ ਪਰਵੇਸ਼ ਈਸਾਈ ਮਿਸ਼ਨਰੀਆਂ ਦੇ ਪਰਵੇਸ਼ ਨਾਲ ਹੀ 1550 ਈਸਵੀ ਵਿਚ ਹੋਇਆ। ਇਸ ਤੋਂ ਪਿਛੋਂ ਲਗਭਗ 120 ਸਾਲ ਤਕ ਬਾਹਰਲੇ ਮੁਲਕਾਂ ਤੋਂ ਛਾਪੇਖਾਨੇ ਭਾਰਤ ਵਿਚ ਲਿਆਂਦੇ ਗਏ ਪਰ ਸਿਵਾਇ ਪੁਰਤਗਾਲੀ, ਮਲਿਆਲਮ ਤੇ ਤਾਮਿਲ ਭਾਸ਼ਾਵਾਂ ਵਿਚ ਨਿਰੋਲ ਧਾਰਮਿਕ ਪੁਸਤਕਾਂ ਛਾਪਣ ਦੇ, ਇਨ੍ਹਾਂ ਛਾਪੇਖਾਨਿਆਂ ਤੋਂ ਹੋਰ ਕੋਈ ਕੰਮ ਨਾ ਲਿਆ ਗਿਆ। 1674 ਈ. ਤੋਂ 1753 ਈ. ਦੇ ਦਰਮਿਆਨ ਈਸਟ ਇੰਡੀਆ ਕੰਪਨੀ[3] ਨੇ ਵੀ ਬਹੁਤ ਸਾਰੇ ਛਾਪੇਖਾਨੇ ਬਾਹਰੋਂ ਮੰਗਵਾਏ ਪਰ ਆਮ ਛਪਾਈ ਦਾ ਕੰਮ ਕਿਤਾਬਤ ਦੁਆਰਾ ਹੁੰਦਾ ਰਿਹਾ। ਮੁਗ਼ਲ ਰਾਜ ਸਮੇਂ ਦੇ ਕਾਤਬਾਂ ਦੇ ਹਿਤ ਵੀ ਇਸੇ ਵਿਚ ਸਨ ਕਿ ਬਾਹਰੋਂ ਛਾਪੇਖਾਨੇ ਨਾ ਮੰਗਵਾਏ ਜਾਣ। ਯੂਰਪ ਵਿਚ ਅਖ਼ਬਾਰਾਂ ਤੇ ਪੁਸਤਕਾਂ ਦੀ ਛਪਾਈ ਲਈ ਸੋਲ੍ਹਵੀਂ ਸਦੀ ਦੇ ਅੱਧ ਤੋਂ ਹੀ ਛਾਪੇਖਾਨੇ ਦੀ ਆਮ ਵਰਤੋਂ ਸ਼ੁਰੂ ਹੋ ਗਈ ਸੀ, ਪਰ ਭਾਰਤ ਵਿਚ ਅਠਾਰ੍ਹਵੀਂ ਸਦੀ[4] ਦੇ ਅੱਧ ਤੋਂ ਪਹਿਲਾਂ ਆਮ ਲੋਕਾਂ ਨੂੰ ਛਾਪੇਖਾਨੇ ਸੰਬੰਧੀ ਬਹੁਤੀ ਸੂਝ ਨਹੀਂ ਸੀ।

ਭਾਰਤ ਵਿਚ ਪ੍ਰਮੁਖ ਰੂਪ ਵਿਚ ਛਾਪੇਖਾਨੇ ਦਾ ਵਾਧਾ ਤੇ ਵਿਸਤਾਰ ਈਸਾਈ ਮਿਸ਼ਨਰੀਆਂ ਦੁਆਰਾ ਹੀ ਹੋਇਆ ਜਿਨ੍ਹਾਂ ਨੇ ਆਪਣੇ ਧਰਮ ਪ੍ਰਚਾਰ ਲਈ ਛਾਪੇਖਾਨੇ ਨੂੰ ਪਰਚਲਿਤ ਤੇ ਪ੍ਰਫੁਲਤ ਕੀਤਾ। 1799 ਈ. ਵਿਚ ਸੀਰਾਮਪੁਰ ਮਿਸ਼ਨ ਦੀ ਸਥਾਪਨਾ ਨਾਲ ਭਾਰਤੀ ਭਾਸ਼ਾਵਾਂ ਵਿਚ ਛਾਪੇਖਾਨੇ ਦਾ ਸਹੀ ਅਰਥਾਂ ਵਿਚ ਮੁਢ ਬੱਝਦਾ ਹੈ ਅਤੇ ਉਨ੍ਹੀਵੀਂ ਸਦੀ ਦੇ ਆਰੰਭ[5] ਨਾਲ ਤਾਂ ਇਸ

---

3. Natrajan S.,"History of Press in India"-Asia Publishing House- Bombay, p.4.
4. Mahajan V.D.& Sethi R.R.,'British Rule in India and After", Chapter IX, Delhi-1962, p.488.
5. Grierson-G.A.,"Serampur mission press issued between 1801 and 1832 more than two hundred and twelve thousand volumes in forty different languages. It would be regarded as a remarkable fact even to-day,if we consider that for these languages types were designed and cut for the first time."
"Indian Antiquary Vol.xxxii 1903,p.241.

ਪ੍ਰੈਸ ਦੁਆਰਾ ਭਾਰਤ ਦੀਆਂ ਚਾਲੀ ਉੱਘੀਆਂ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਵਿਚ ਨਵਾਂ ਟਾਈਪ ਘੜ ਕੇ ਅਣਗਿਣਤ ਪੁਸਤਕਾਂ ਛਾਪ ਕੇ ਇਕ ਪ੍ਰਕਾਰ ਦੀ ਕ੍ਰਾਂਤੀ ਲੈ ਆਂਦੀ ਅਤੇ ਇਸ ਦਾ ਸਿਹਰਾ ਇਕੱਲੇ ਡਾਕਟਰ ਵਿਲੀਅਮ ਕੈਰੀ ਦੇ ਸਿਰ ਹੈ ਜਿਸ ਨੇ ਆਪਣੇ ਜੀਵਨ ਦਾ ਉਦੇਸ਼ ਹੀ ਇਹ ਮਿਥਿਆ ਕਿ ਸਾਰੇ ਭਾਰਤ ਵਾਸੀਆਂ ਤਕ ਉਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ[6] ਵਿਚ[7] ਬਾਈਬਲ ਦੇ ਉਪਦੇਸ਼ ਪੁਚਾਏ ਜਾਣ। ਇਸ ਮਨੋਰਥ ਲਈ ਉਸ ਨੇ ਵੱਖ ਵੱਖ ਭਾਰਤੀ ਭਾਸ਼ਾਵਾਂ ਸਿੱਖੀਆਂ ਤੇ ਫੇਰ ਉਨ੍ਹਾਂ ਵਿਚ ਬਾਈਬਲ ਦੇ ਅਨੁਵਾਦ ਕਰ ਜਾਂ ਕਰਵਾ ਕੇ ਹਰ ਭਾਸ਼ਾ ਲਈ ਨਵਾਂ ਟਾਈਪ ਘੜਵਾ ਕੇ ਛਾਪਣ ਦਾ ਪ੍ਰਬੰਧ ਕੀਤਾ। ਪ੍ਰੋ. ਪ੍ਰੀਤਮ ਸਿੰਘ ਜੀ ਡਾਕਟਰ ਵਿਲੀਅਮ ਕੇਰੀ ਦੇ ਉੱਦਮ ਤੇ ਭਾਰਤੀ ਭਾਸ਼ਾਵਾਂ ਉਤੇ ਉਨ੍ਹਾਂ ਦੇ ਰਿਣ ਅਤੇ ਵਿਸ਼ੇਸ਼ ਤੌਰ ਤੇ ਪੰਜਾਬੀ ਛਾਪੇ ਦਾ ਮੁਢ ਬੰਨ੍ਹਣ ਦੀ ਸੇਵਾ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਦੇ ਹਨ:-[8]

" ਕੇਰੀ ਸਾਹਿਬ ਦੇ ਕੰਮ ਦੀ ਮਹਾਨਤਾ ਦੇ ਸਾਹਮਣੇ ਉਸ ਦੇ ਸਹਿ-ਧਰਮੀਆਂ ਤੇ ਸਹਿ-ਦੇਸੀਆਂ ਦੇ ਸਿਰ ਤਾਂ ਭਲਾ ਲਿਫਣੇ ਹੀ ਸਨ, ਸੱਚ ਇਹ ਹੈ ਕਿ ਉਸ ਦੀ ਧਰਮ-ਪਰਚਾਰਨੀ ਲਗਨ, ਭਾਰਤ ਦੀਆਂ ਕਈ ਜਨ-ਭਾਸ਼ਾਵਾਂ ਦੀ ਅਨੇਕ-ਪੱਖੀ ਵ੍ਰਿਧੀ ਲਈ ਇਤਨੀ ਹਿਤਕਾਰੀ ਤੇ ਉਤਸ਼ਾਹ-ਜਨਕ ਸਾਬਤ ਹੋਈ ਹੈ ਕਿ ਪਰ-ਧਰਮੀ ਤੇ ਪਰ-ਦੇਸੀ ਲੋਕ ਵੀ ਉਸ ਦਾ ਰਿਣ ਨਹੀਂ ਭੁਲਾ ਸਕਦੇ। ਇਹ ਇਕੱਲਾ ਪ੍ਰਤਿਭਾ-ਸ਼ਾਲੀ ਅੰਗਰੇਜ਼ ਕੋਈ ਚੌਤੀ ਪੈਤੀ ਭਾਰਤੀ ਬੋਲੀਆਂ ਵਿਚ ਬਾਈਬਲ ਦਾ ਪੂਰਾ ਜਾਂ ਅਧੂਰਾ ਅਨੁਵਾਦ ਕਰ ਜਾਂ ਕਰਵਾ ਕੇ ਛਪਵਾਉਣ ਵਿਚ ਸਫਲ ਹੋਇਆ। ਕਈ ਬੋਲੀਆਂ ਦੇ ਪਹਿਲੇ ਵਿਆਕਰਣ ਤੇ ਕਈਆਂ ਦੇ ਕੋਸ਼ ਤਿਆਰ ਕੀਤੇ। ਕਈ ਬੋਲੀਆਂ ਵਿਚ ਲਿਖਤੀ ਸਾਹਿੱਤ ਇਸ ਦੀ ਕਿਸੇ ਰਚਨਾ ਨਾਲ ਸ਼ੁਰੂ ਹੋਇਆ। ਕਈਆਂ ਦੀ ਗੱਦ-ਰਚਨਾ ਵਿਚ ਕੇਰੀ ਨੇ ਪਹਿਲ ਕੀਤੀ ਤੇ ਗਿਣਤੀ ਦੀਆਂ ਕੁਝ ਬੋਲੀਆਂ ਛੱਡ ਕੇ, ਬਾਕੀ ਸਭ ਵਿਚ, ਛਾਪਾ ਪਹਿਲੀ ਵੇਰ ਲਿਆਂਦਾ । ਇਉਂ ਡਾਕਟਰ ਕੇਰੀ ਸਾਡੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਵਿਚ ਨਵੇਂ

---

6. Pearce S.William Carey-London 1934-"Cary's great aim had always been to translate the Bible and to place the word of God before heathens' in their own languages."

7. Marshman J.C.," The ruling passion of his life was to give the scripture to all the people in India."
"The Story of Carey, Marshaman and Ward, 1864, p.256.

8. ਪ੍ਰੀਤਮ ਸਿੰਘ, " ਪੰਜਾਬੀ ਦਾ ਪਹਿਲਾ ਅੰਗਰੇਜ਼ ਲੇਖਕ - ਵਿਲੀਅਮ ਕੇਰੀ ",- ਜੀਵਨ ਤੇ ਰਚਨਾ' ਆਲੋਚਨਾ - ਅਪ੍ਰੈਲ-1957, ਲੁਧਿਆਣਾ, ਪੰਨਾ 50.

ਜਾਗੇ ਸਾਹਿੱਤਕ ਸ਼ੌਕ ਦਾ ਪਿਤਾਮਾ ਤੇ ਆਧੁਨਿਕਤਾ ਦੇ ਪਰਵੇਸ਼ ਦਾ ਵੱਡਾ ਸਾਧਨ ਬਣਿਆ। ... ਹੋਰਨਾਂ ਦੇਸ਼ਾਂ ਵਾਸੀਆਂ ਵਾਂਗ, ਅਸੀਂ ਪੰਜਾਬੀ ਵੀ, ਇਸ ਦੇ ਦੇਣਦਾਰ ਹਾਂ, ਕਿਉਂਕਿ ਇਸ ਨੇ ਭਾਰਤ ਵਿਚ ਸਭ ਤੋਂ ਪਹਿਲਾਂ ਪੰਜਾਬੀ ਲਈ ਗੁਰਮੁਖੀ ਅੱਖਰਾਂ ਦੇ ਟਾਈਪ ਤਿਆਰ ਕਰਵਾ ਕੇ, ਛਾਪੇ ਦਾ ਸ੍ਰੀ ਗਣੇਸ਼ ਕੀਤਾ। ਇਹ ਪਹਿਲਾ ਯੂਰਪੀ ਬਦੇਸ਼ੀ ਸੀ ਜਿਸ ਨੇ ਸਾਡੀ ਬੋਲੀ ਨੂੰ ਸਿੱਖਣ ਦਾ ਮਾੜਾ ਮੋਟਾ ਜਤਨ ਕੀਤਾ, ਉਸ ਦਾ ਇਕ ਛੋਟਾ ਜਿਹਾ ਵਿਆਕਰਣ ਛਾਪਿਆ ਤੇ ਐਜ਼ੇਕੀਲ ਤਕ ਬਾਈਬਲ ਦਾ ਅਨੁਵਾਦ ਪ੍ਰਕਾਸ਼ਤ ਕੀਤਾ।"

ਜਦ ਪਾਦਰੀ ਲੋਰੀ ਸਾਹਿਬ ਨੇ ਲੁਧਿਆਣੇ ਵਿਚ 1834 ਵਿਚ ਮਿਸ਼ਨ ਸਕੂਲ ਦਾ ਕੰਮ ਸੰਭਾਲਿਆ ਤਾਂ ਉਨ੍ਹਾਂ ਨੇ ਛਾਪੇਖ਼ਾਨੇ ਦੀ ਲੋੜ ਨੂੰ ਅਨੁਭਵ ਕੀਤਾ।[9] ਉਨ੍ਹਾਂ ਦੇ ਜ਼ੋਰ ਦੇਣ ਤੇ ਪਾਦਰੀ ਨਿਊਟਨ ਤੇ ਵਿਲਸਨ ਨੇ ਕਲਕੱਤੇ ਤੋਂ ਤੁਰਨ ਲੱਗਿਆਂ ਆਪਣੇ ਨਾਲ ਇਕ ਲਕੜੀ ਦਾ ਛਾਪਾਖ਼ਾਨਾ ਲਿਆਂਦਾ।[10] ਪੰਜਾਬ ਵਿਚ ਇਹ ਪਹਿਲਾ ਛਾਪਾਖਾਨਾ ਸੀ।[11] ਲੁਧਿਆਣੇ ਵਿਚ ਸਥਾਪਤ ਪ੍ਰੈਸਬੀਟੇਰੀਅਨ ਮਿਸ਼ਨ ਅਮਰੀਕਾ ਦਾ ਸੰਸਾਰ ਵਿਚ ਪਹਿਲਾ ਬਦੇਸ਼ੀ ਮਿਸ਼ਨ ਸੀ ਤੇ ਉਸ ਦੇ ਅਮਰੀਕੀ ਕੇਂਦਰ ਵਲੋਂ ਭੇਜਿਆ ਗਿਆ ਪਹਿਲਾ ਪ੍ਰੈਸ ਰਾਹ ਵਿਚ ਹੀ ਅੱਧ ਪਚੱਧਾ ਖਰਾਬ ਹੋ ਗਿਆ। 1841 ਈ. ਵਿਚ ਅਮਰੀਕਾ ਤੋਂ ਇਕ ਟ੍ਰੇਂਡ ਛਾਪਕ ਵੀ ਆ ਗਿਆ ਤੇ ਨਵਾਂ ਟਾਈਪ ਕਲਕੱਤੇ ਤੋਂ ਮੰਗਵਾ, ਲੁਧਿਆਣੇ ਪ੍ਰੈਸ ਨੂੰ ਪੱਕੇ ਪੈਰਾਂ ਤੇ ਚਾਲੂ ਕੀਤਾ ਗਿਆ।[12] "ਡਾਕਟਰ ਜਾਹਨ ਨਿਊਟਨ ਤੇ ਉਸ ਦੇ ਸਾਥੀ ਲੁਧਿਆਣੇ ਰਹਿ ਕੇ ਜੇ ਮਿਸਟਰ ਕੇਰੀ ਦੇ ਤਰੀਕੇ ਨੂੰ ਨਾ ਅਪਣਾਉਂਦੇ ਤਾਂ ਉਹ ਏਨੇ ਕਾਮਯਾਬ ਨਹੀਂ ਸਨ ਹੋ ਸਕਦੇ। ਸੋ ਉਨ੍ਹਾਂ ਨੇ ਲੁਧਿਆਣਾ ਮਿਸ਼ਨ ਪ੍ਰੈਸ ਰਾਹੀਂ, ਨਾ ਕੇਵਲ ਈਸਾਈ ਮਤ ਦੇ ਪ੍ਰਚਾਰ ਨੂੰ ਹੀ ਨਵਾਂ ਰੂਪ ਦਿੱਤਾ, ਸਗੋਂ ਪੰਜਾਬੀ ਬੋਲੀ ਤੇ ਸਾਹਿੱਤ ਦੀ ਉਨਤੀ ਲਈ ਕਈ ਨਵੇਂ ਰਾਹ ਖੋਲ੍ਹ ਦਿੱਤੇ।[13]

---

9. Lowrie J.C.," After sometime, perhaps one two or three years at the farthest a press will most probably be nearly indispensible." " Two Years in Upper India",p.129.

10. Newton J.," On our way to Ludhiana we were advised to take with us a printing Press. We accordingly brought an old fashined wooden Press ( such as were still sometime used in those days).", " History of A.P.Mission-Allahabad 1886".

11. ਮਿਸ਼ਨ ਪ੍ਰੈਸ ਲੁਧਿਆਣਾ ਦੀ 1834 ਈ. ਦੀ ਸਾਲਾਨਾ ਰੀਪੋਰਟ। ਇਹ ਲਕੜ ਦਾ ਛਾਪਾਖਾਨਾ ਅੱਜ ਤਕ ਵੀ ਲਾਹੌਰ ਦੇ ਅਜਾਇਬ ਘਰ ਵਿਚ ਸੁਰੱਖਿਅਤ ਪਿਆ ਹੈ।

12. Anderson-H.E.,' A Century for the Christ', Saharanpur,1937.

13. ਅਸ਼ੋਕ- ਸ਼ਮਸ਼ੇਰ ਸਿੰਘ, ' ਪੰਜਾਬੀ ਦਾ ਯੂਰਪੀਅਨ ਲਿਖਾਰੀ ਡਾ. ਜਾਹਨ ਨਿਊਟਨ'— ਪੰਜਾਬੀ ਦੁਨੀਆਂ, ਪਟਿਆਲਾ, ਮਾਰਚ 1959, ਪੰਨਾ 50

ਅੰਗਰੇਜ਼ਾਂ ਦੇ ਸੰਪਰਕ ਨਾਲ ਹੀ ਭਾਰਤ ਨੇ 'ਮੱਧ-ਕਾਲ ਤੋਂ ਆਧੁਨਿਕਤਾ ਦੇ ਯੁਗ ਵਿਚ ਪ੍ਰਵੇਸ਼ ਕੀਤਾ ਅਤੇ ਆਧੁਨਿਕਤਾ ਦੇ ਯੁਗ ਵਿਚ ਪ੍ਰਵੇਸ਼ ਦਾ ਸਭ ਤੋਂ ਵੱਡਾ ਤੇ ਸ਼ਕਤੀਸ਼ਾਲੀ ਸਾਧਨ ਛਾਪੇਖਾਨੇ ਦੀ ਆਮਦ ਸੀ। ਅੱਜ ਅਸੀਂ ਛਾਪੇਖਾਨੇ ਉਤੇ ਇਤਨਾ ਨਿਰਭਰ ਕਰਦੇ ਹਾਂ ਕਿ ਇਹ ਮੰਨਣਾ ਔਖਾ ਲਗਦਾ ਹੈ ਕਿ ਕੋਈ ਸਮਾਂ ਛਾਪੇ ਤੋਂ ਬਿਨਾਂ ਵੀ ਹੋਵੇਗਾ।

ਲੁਧਿਆਣਾ ਮਿਸ਼ਨ ਪ੍ਰੈਸ ਵਲੋਂ ਛਾਪੀਆਂ ਗਈਆਂ ਵੱਖ ਵੱਖ ਭਾਸ਼ਾਵਾਂ ਦੀਆਂ ਕਿਤਾਬਾਂ ਦੀ ਗਿਣਤੀ ਤੇ ਆਕਾਰ ਏਨਾ ਜ਼ਿਆਦਾ ਹੈ ਕਿ ਏਥੇ ਉਨ੍ਹਾਂ ਦਾ ਸਮੁਚਾ ਵੇਰਵਾ ਦੇਣਾ ਸੰਭਵ ਨਹੀਂ। ਸਾਡਾ ਵਿਸ਼ਾ-ਖੇਤਰ ਕੇਵਲ ਪੰਜਾਬੀ ਭਾਸ਼ਾ ਤੇ ਸਾਹਿੱਤ ਤਕ ਸੀਮਤ ਹੋਣ ਕਰਕੇ, ਸੰਖੇਪ ਵਿਚ ਏਥੇ ਉਨ੍ਹਾਂ ਪੁਸਤਕਾਂ ਦਾ ਜ਼ਿਕਰ ਕੀਤਾ ਜਾਣਾ ਹੀ ਜ਼ਰੂਰੀ ਪ੍ਰਤੀਤ ਹੁੰਦਾ ਹੈ, ਜਿਹੜੀਆਂ ਪੰਜਾਬੀ ਵਿਚ ਵਖੋ ਵੱਖ ਧਾਰਮਿਕ ਤੇ ਲੌਕਿਕ ਵਿਸ਼ਿਆਂ ਤੇ ਛਾਪੀਆਂ ਗਈਆਂ। ਵੱਖ ਵੱਖ ਮਿਸ਼ਨ ਕੇਂਦਰਾਂ ਵਲੋਂ ਛਾਪੀਆਂ ਪੰਜਾਬੀ ਪੁਸਤਕਾਂ ਦਾ ਵਰਗੀਕਰਣ [14] ਕੁਝ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ:-

(ੳ) ਬਾਈਬਲ ਦੇ ਪੂਰੇ ਜਾਂ ਅਧੂਰੇ ਅਨੁਵਾਦ
(ਅ) ਬਾਈਬਲ ਦੇ ਆਧਾਰ ਤੇ ਕਹਾਣੀਆਂ, ਲੇਖ ਜਾਂ ਪੈਂਫਲਿਟ;
(ੲ) ਭਾਸ਼ਾ ਦੇ ਅਧਿਐਨ ਲਈ ਕੋਸ਼, ਵਿਆਕਰਣ ਤੇ ਅਖਾਣ ਅਖਾਉਤਾਂ, ਅਰਥਾਤ ਭਾਸ਼ਾਈ ਕ੍ਰਿਤਾਂ।
(ਸ) ਨਿਰੋਲ ਸਾਹਿੱਤਕ ਕ੍ਰਿਤਾਂ (ਨਾਵਲ, ਨਾਟਕ ਕਹਾਣੀ ਤੇ ਸਫ਼ਰਨਾਮਾ ਆਦਿ),
(ਹ) ਸਕੂਲੀ ਪਾਠ-ਪੁਸਤਕਾਂ।
(ਕ) ਭਾਰਤੀ ਧਰਮਾਂ, ਜਾਤੀਆਂ ਤੇ ਪੌਰਾਣਿਕ ਕਥਾਵਾਂ ਸੰਬੰਧੀ ਰਚਨਾਵਾਂ।

ਭਾਵੇਂ ਆਪਣੇ ਵਿਸ਼ੇ ਦੀ ਸੀਮਾ ਦੇ ਅੰਦਰ ਰਹਿੰਦਿਆਂ ਹੋਇਆਂ ਅਸੀਂ ਕੇਵਲ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਸਾਹਿੱਤ ਦੀਆਂ ਪ੍ਰਵਿਰਤੀਆਂ ਤੇ ਲੱਛਣਾਂ ਦਾ ਅਧਿਐਨ ਕਰਨਾ ਹੈ, ਪਰ ਈਸਾਈ ਮਿਸ਼ਨਰੀਆਂ ਵਲੋਂ ਤਿਆਰ ਕੀਤਾ ਗਿਆ ਸਮੁੱਚਾ ਸਾਹਿੱਤ ਇੱਕੋ ਹੀ ਪ੍ਰਵਿਰਤੀ ਤੇ ਇੱਕੋ ਜਿਹੇ ਸਰੂਪ, ਸੁਭਾ ਤੇ ਲੱਛਣਾਂ ਦਾ ਧਾਰਨੀ ਹੈ, ਇਸ ਲਈ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਰਚੇ ਗਏ ਸਾਹਿੱਤ ਦਾ ਸੰਖੇਪ ਵਿਵਰਣ ਤੇ ਵਿਸ਼ਲੇਸ਼ਣ ਇਥੇ ਅਨੁਚਿਤ ਨਹੀਂ ਹੋਵੇਗਾ। ਹੋਰ ਪ੍ਰਾਂਤਾਂ ਵਾਂਗ

---

14. Tara Chand, "Their(Missionaries) Literary enterprize included not only religious tracts and books but also text books for schools, translation of books like pilgrims Progress-Books descriptive of Indian Religions, castes and Myth."
"History of Freedom Movement, Vol-II, Publication Division, p.182.

ਪੰਜਾਬ ਵਿਚ ਪ੍ਰਚਾਰ ਲਈ ਭੇਜੇ ਗਏ ਹਰ ਮਿਸ਼ਨਰੀ ਲਈ ਇਹ ਜ਼ਰੂਰੀ ਸੀ ਕਿ ਉਹ ਪੰਜਾਬੀ ਭਾਸ਼ਾ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰੇ ਤਾਂ ਜੋ ਏਥੋਂ ਦੇ ਲੋਕਾਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਰੱਬੀ ਸੁਨੇਹਾ ਪੁਚਾਇਆ ਜਾ ਸਕੇ।[15]

ਜਨ-ਸਾਧਾਰਨ ਦੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨਾ ਬਦੇਸ਼ੀਆਂ ਲਈ ਹੋਰ ਵੀ **ਕਠਨ** ਹੁੰਦਾ ਹੈ ਕਿਉਂਜੋ ਉਨ੍ਹਾਂ ਨੂੰ ਸਥਾਨਕ ਭਾਸ਼ਾ ਦੇ ਮੁਹਾਵਰੇ, ਵਾਕ-ਬਣਤਰ, ਸ਼ਬਦਾਂ ਦੀਆਂ ਧੁਨੀਆਂ, ਲਹਿਜੇ, ਕਾਲ ਤੇ ਲਿੰਗ-ਭੇਦ ਆਦਿ ਦੀ ਬਿਲਕੁਲ ਸੋਝੀ ਨਹੀਂ ਹੁੰਦੀ।[16] ਇਸ ਔਕੜ ਉੱਤੇ ਕਾਬੂ ਪਾਉਣ ਦੇ ਦੋ ਹੀ ਢੰਗ ਹੋ ਸਕਦੇ ਹਨ — ਇਕ ਸਥਾਨਕ ਲੋਕਾਂ ਨਾਲ ਮੇਲ ਜੋਲ ਵਧਾ ਕੇ, ਪਿਆਰ ਤੇ ਹਮਦਰਦੀ ਵਾਲਾ ਵਤੀਰਾ ਅਪਣਾ ਕੇ, ਉਨ੍ਹਾਂ ਦੇ ਗਲ ਬਾਤ ਦੇ ਢੰਗ ਨੂੰ ਘੋਖ ਕੇ ਤੇ ਉਚਾਰਨ ਦੀਆਂ ਤਰੀਕੀਆਂ ਨੂੰ ਸਮਝ ਕੇ ਹੀ ਇਹ ਕੰਮ ਸੰਭਵ ਹੋ ਸਕਦਾ ਸੀ। ਦੂਜਾ ਢੰਗ ਭਾਸ਼ਾ ਦਾ ਵਿਗਿਆਨਕ ਅਧਿਐਨ ਸੀ ਜਿਹੜਾ ਵਿਆਕਰਣਾਂ, ਕੋਸ਼ਾਂ, ਅਖਾਣ-ਮੁਹਾਵਰਿਆਂ ਦੇ ਕੋਸ਼ਾਂ, ਸਥਾਨਕ ਲੋਕਾਂ ਦੀਆਂ ਪਰੰਪਰਾਵਾਂ, ਰਸਮ-ਰਿਵਾਜਾਂ, ਸਭਿਆਚਾਰ ਤੇ ਇਤਿਹਾਸ-ਮਿਥਿਹਾਸ ਸੰਬੰਧੀ ਗ੍ਰੰਥ ਪ੍ਰਾਪਤ ਕਰਨ ਜਾਂ ਤਿਆਰ ਕਰਨ ਕਰਵਾਉਣ ਦੁਆਰਾ ਸੰਭਵ ਹੋ ਸਕਦਾ ਸੀ। ਇਹ ਹੈਰਾਨੀ ਤੇ ਖ਼ੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਪਾਦਰੀਆਂ ਦੀ ਧਰਮ ਪ੍ਰਚਾਰ ਦੀ ਤੀਬਰ ਤੇ ਸੁਦ੍ਰਿੜ੍ਹ ਲਗਨ ਨੇ, ਉਪਰੋਕਤ ਦੋਵਾਂ ਢੰਗਾਂ ਨੂੰ ਅਪਣਾ ਕੇ, ਕਰਾਮਾਤੀ ਸਿੱਟੇ ਪੈਦਾ ਕੀਤੇ। ਇਸ ਕਾਰਜ-ਕਰਮ ਨੂੰ ਨੇਪਰੇ ਚਾੜ੍ਹਨ ਲਈ ਕੀਤੇ ਗਏ ਯਤਨਾਂ ਦਾ ਸਾਡੀ ਭਾਸ਼ਾ ਤੇ ਸਾਹਿੱਤ ਦੀ ਉਨਤੀ ਤੇ ਵਿਕਾਸ ਵਿਚ ਜੋ ਸਿੱਧਾ ਜਾਂ ਅਸਿੱਧਾ ਪ੍ਰਭਾਵ ਪਿਆ, ਉਸ ਨੂੰ ਦਰਸਾਉਣਾ ਹੀ ਸਾਡੇ ਇਸ ਅਧਿਆਇ ਦਾ ਮੂਲ ਮਨੋਰਥ ਹੈ।

---

15. Newton J," Accordingly it has been made the duty of every missionary to give his chief attention at first to the study of vernacular so as to be able to declare to the peopl in their own tongue the wonderful works of God and his wonderful purpose of grace."

"History of A.P.Mission in India",p.21.

16. Campbell-James.R." The first difficulty that meets us in attempting to evenglize the Indians arises from the number of strange languages sopken, by the people, many of them different, both in character and idiom. The difficulty to a foreigner of acquiring any one of these languages so as to be able to preach the gospal in it, both fluently, efficiently and forcibly is very great. Special attention must be paid not only to the vocabulary and idiom, but accents, tones, jestures, ideas and feelings etc."

"Our Mission in Hindustan-Saharanpur."

ਵਿਲੀਅਮ ਕੇਰੀ ਸਾਹਿਬ ਦੇ ਪਹਿਲੇ ਤੇ ਮੁਢਲੇ ਯਤਨ ਦਾ ਹਵਾਲਾ ਪਿਛੇ ਦਿੱਤਾ ਜਾ ਚੁਕਾ ਹੈ। "ਨਵੇਂ ਨੇਮ" ਦਾ ਅਨੁਵਾਦ 1807 ਈ. ਵਿਚ ਸ਼ੁਰੂ ਹੋ ਕੇ 1809 ਈ. ਵਿਚ ਸੰਪੂਰਨ ਹੋਇਆ ਤੇ ਇਸ ਦੀ ਛਪਾਈ ਦਾ ਕੰਮ ਨਾਲੋ ਨਾਲ ਕੀਤਾ ਜਾਣ ਲਗਾ। "ਬ੍ਰਿਟਿਸ਼ ਮਿਊਜ਼ੀਅਮ ਲੰਡਨ ਦੀ ਲਾਇਬ੍ਰੇਰੀ ਤੋਂ ਪਤਾ ਲਗਦਾ ਹੈ -'ਪਰਮੇਸ਼ੁਰ ਦੇ ਸ਼ੁਭ ਬਚਨ (ਨਿਊ ਟੈਸਟਾਮੈਂਟ) ਸੀਰਾਮਪੁਰ ਦੇ ਮਿਸ਼ਨਰੀਆਂ ਦੁਆਰਾ ਅਨੁਵਾਦਤ - ਪੰਨੇ 647 ਸੰਨ 1811 ਵਿਚ ਪੰਜਾਬੀ ਭਾਸ਼ਾ ਵਿਚ ਤਿਆਰ ਕੀਤਾ ਗਿਆ। 'ਧਰਮ ਪੋਥੀ' - (ਤਿੰਨ ਭਾਗ) ਸੰਨ 1811-1814 ਵਿਚ ਅਤੇ 'ਹੋਲੀ ਬਾਈਬਲ' ਜਿਲਦ 1 - ਪੰਨੇ 577 ਸੀਰਾਮਪੁਰ ਤੋਂ 1814 ਵਿਚ ਛਪੀ।"[17]

ਬਾਈਬਲ ਦੇ ਸਭ ਤੋਂ ਪਹਿਲੇ ਅਨੁਵਾਦ ਦੀ ਛਪੀ ਹੋਈ ਇਕ ਕਾਪੀ ਹੁਣ ਤਕ ਸੀਰਾਮਪੁਰ ਕਾਲਜ ਲਾਇਬ੍ਰੇਰੀ ਵਿਚ ਸੁਰੱਖਿਅਤ ਪਈ ਹੈ ਅਤੇ ਉਸ ਦੇ ਸਿਰਲੇਖ ਤੇ ਛਪੀ ਤਾਰੀਖ਼ ਤੋਂ ਜਿਥੇ ਇਸ ਦੀ ਪੰਜਾਬੀ ਭਾਸ਼ਾ ਦੀ ਸਭ ਤੋਂ ਪਹਿਲੀ ਪ੍ਰਕਾਸ਼ਨਾ ਹੋਣ ਦੀ ਗਵਾਹੀ ਮਿਲਦੀ ਹੈ, ਉਥੇ ਮਿਸ਼ਨਰੀਆਂ ਵਲੋਂ ਧਰਮ ਪ੍ਰਚਾਰ ਲਈ ਕੀਤੇ ਗਏ ਉੱਦਮ ਦੀ ਸੋਝੀ ਵੀ ਪੈਂਦੀ ਹੈ:- ਪੁਸਤਕ ਦੇ ਟਾਈਟਲ ਉਤੇ ਛਪਿਆ ਹੈ –

ਪਰਮੇਸੁਰਦੇ ਸੁਭ ਬਚਨ ।
ਵਿਸੇਖ ਕਰ ਕੈ
ਜੋ ਮਨੁਖਾਦੀ ਰਖਿਆ ਅਤੇ ਕਾਜਦੇ ਸਾਧਣੇ ਲਈ ਪ੍ਰਕਾਸਿਆ।
ਸੋਈ
ਧਰਮ ਪੋਥੀ

- - - - - - - -

ਤਿਸ ਦਾ ਅੰਤ ਭਾਗੁ ।
ਅਰਥਤੇ ਅਸਾਡੇ ਪ੍ਰਭੂ ਅਤੇ ਤਾਰਣੇਹਾਰੇ ਯਿਸੂ ਮਸੀ ਦਾ
ਮੰਗਲ ਸਮਾਚਾਰ ।
ਯੂਨਾਨੀ ਭਾਖਾ ਤੇ ਨਿਕਾਸ ਕੇ ਪੰਜਾਬੀ ਬੋਲੀਕਰ ਕੈ ਲਿਖਿਆ ।

ਸ੍ਰੀਰਾਮਪੁਰ ਵਿਚ ਛਾਪਾ ਕੀਤਾ
੧੮੧੧

17. ਵਿਲੋ:- ਭੁਪਿੰਦਰ ਸਿੰਘ ," ਪਿਲਗ੍ਰਿਮਜ਼ ਪ੍ਰੋਗ੍ਰੈਸ ਦਾ ਪੰਜਾਬੀ ਅਨੁਵਾਦ ਅਤੇ ਪਾਦਰੀਆਂ ਦੀ ਪੰਜਾਬੀ ", ਪੰਜਾਬੀ ਯੂਨੀਵਰਸਿਟੀ ਪਟਿਆਲਾ -1969, ਪੰਨਾ 51.

ਬਾਈਬਲ ਦੇ ਅਨੁਵਾਦ ਤੋਂ ਬਿਨ੍ਹਾਂ ਡਾਕਟਰ ਕੇਰੀ ਨੇ ਪੰਜਾਬੀ ਦਾ ਸਭ ਤੋਂ ਪਹਿਲਾ ਵਿਆਕਰਣ ਵੀ 1812 ਵਿਚ ਛਾਪਿਆ।[18] ਇਸ ਦਾ ਮਨੋਰਥ ਪੰਜਾਬੀ ਭਾਸ਼ਾ ਦਾ ਵਿਗਿਆਨਕ ਅਧਿਐਨ ਸੀ ਤਾਂ ਜੋ ਪ੍ਰਚਾਰ ਦੀ ਖ਼ਾਤਰ ਜਾਣ ਵਾਲੇ ਮਿਸ਼ਨਰੀ ਇਸ ਦੀ ਸਹਾਇਤਾ ਨਾਲ ਪੰਜਾਬੀ ਸਿਖ ਸਕਣ। ਇਸ ਵਿਆਕਰਣ ਦੀ ਇਕ ਕਾਪੀ ਫੋਰਟ ਵਿਲੀਅਮ ਕਾਲਜ ਵਿਚ ਹੁਣ ਤਕ ਸੁਰੱਖਿਅਤ ਪਈ ਹੈ। ਇਸ ਦੇ ਪਹਿਲੇ ਸਫ਼ੇ ਤੇ ਲਿਖਿਆ ਹੋਇਆ ਹੈ:-

Grammer<br>
of the<br>
Punjabee Language<br>
by W.Carey D.D.<br>
Professor of the Sungskrit<br>
Bengalee and Mahratta<br>
Languages in the college<br>
of Fort William<br>
Serampore<br>
Printed at the Mission Press<br>
1812

ਪੰਜਾਬੀ ਦੇ ਇਸ ਪਹਿਲੇ ਵਿਆਕਰਣ ਦੀ ਭੂਮਿਕਾ ਵਿਚ ਡਾਕਟਰ ਵਿਲੀਅਮ ਕੇਰੀ ਨੇ ਸਿਖ ਧਰਮ ਦੇ ਮੋਢੀ, ਗੁਰੂ ਗ੍ਰੰਥ ਸਾਹਿਬ, ਗੁਰਮੁਖੀ ਲਿੱਪੀ ਦੀ ਮਹੱਤਤਾ ਤੇ ਵਰਤੋਂ ਅਤੇ ਆਪਣੇ ਵਿਆਕਰਣ ਦਾ ਮਨੋਰਥ ਸਪੱਸ਼ਟ ਕਰ ਕੇ ਲਿਖਿਆ ਹੈ।[19]

---

18. Grierson," Carey the famous missionary of Serampur, was the first to describe the panjabi language in his grammer published in 1812."
" Linguistic Survey of India ",Vol.IX,Part-I,Calcutta-1916, p. 618.

19. Carey William," The Sikhs follow the religion founded by Nanaka, the percepts of which are contained in a large volume called emphatically the Grantha or the writing which is written in a particular character called Gooroo-Mukhee, on which account, they have a peculiar veneration for that character- and with, few exceptions, use it in all their transanctions. That character is therefore used in the following work as that which properly belongs to the language.

The language which this grammar is intended to teach is spoken by the Sikhs, that singular people, who inhabit the panjab or that country lying between the Sutlej and the Indus."
"Grammar of the Panjabee Language"Preface ,p.2.

ਪੰਜਾਬੀ ਦਾ ਇਹ ਪਹਿਲਾ ਵਿਆਕਰਣ ਅੰਗਰੇਜ਼ੀ ਵਿਚ ਹੈ ਪਰ ਇਸ ਵਿਚ ਦਿਤੇ ਗਏ ਸਭ ਉਦਾਹਰਣ ਪੰਜਾਬੀ ਜ਼ੁਬਾਨ ਤੇ ਗੁਰਮੁਖੀ ਲਿੱਪੀ ਵਿਚ ਹਨ। ਇਸ ਦੇ ਕੁਲ 99 ਪੰਨੇ ਹਨ, ਅਤੇ ਸਾਰੇ ਵਿਆਕਰਣ ਨੂੰ ਸੱਤਾਂ ਕਾਂਡਾਂ ਵਿਚ ਵੰਡਿਆ ਹੋਇਆ ਹੈ। ਇਹ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬੀ ਭਾਸ਼ਾ ਦੇ ਜਿੰਨੇ ਵੀ ਵਿਆਕਰਣ ਪਿੱਛੋਂ ਤਿਆਰ ਹੋਏ, ਉਨ੍ਹਾਂ ਦਾ ਆਧਾਰ ਇਹੋ ਵਿਆਕਰਣ ਬਣਿਆ।

ਲੁਧਿਆਣਾ ਮਿਸ਼ਨ ਵਲੋਂ ਆਪਣੀਆਂ ਪ੍ਰਚਾਰ ਸਰਗਰਮੀਆਂ ਦੀਆਂ ਸਾਲਾਨਾ ਰੀਪੋਰਟਾਂ[20] 1834 ਈ. ਤੋਂ 1893 ਈ. ਤਕ ਦੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ ਕੁਝ ਰੀਪੋਰਟਾਂ ਗੁੰਮ ਹਨ ਤੇ ਕੁਝ ਰੀਪੋਰਟਾਂ ਵਿਚ ਪੰਜਾਬੀ ਵਿਚ ਛਪੀਆਂ ਪੁਸਤਕਾਂ ਦਾ ਵਖਰਾ ਵੇਰਵਾ ਨਹੀਂ ਦਿੱਤਾ ਗਿਆ। ਇਨ੍ਹਾਂ ਰੀਪੋਰਟਾਂ ਦੇ ਆਧਾਰ ਤੇ ਪਤਾ ਲਗਦਾ ਹੈ ਕਿ 1836 ਈ. ਤੋਂ 1844 ਈ. ਤਕ ਛੋਟੀਆਂ ਵੱਡੀਆਂ ਕੁਲ 20 ਕਿਤਾਬਾਂ ਛਪੀਆਂ। 16 ਪ੍ਰਕਾਸ਼ਨਾਵਾਂ 6 ਤੋਂ 36 ਤਕ ਦੇ ਟ੍ਰੈਕਟਾਂ ਦੇ ਰੂਪ ਵਿਚ ਤੇ ਚਾਰ ਪੁਸਤਕਾਂ ਵੱਡੇ ਆਕਾਰ ਦੀਆਂ ਹਨ। ਜੀਵਨੀਆਂ, ਕਹਾਣੀਆਂ ਤੇ ਵਾਰਤਕ ਰਚਨਾਵਾਂ ਤੋਂ ਬਿਨਾਂ ਪੰਜਾਬੀ ਅਖਰ-ਮਾਲਾ ਪ੍ਰਾਇਮਰ (ਬਾਲ ਬੋਧ) ਵੀ ਉਪ੍ਰੋਕਤ ਸੂਚੀ ਵਿਚ ਸ਼ਾਮਲ ਹੈ। ਗੰਗਾ ਇਸ਼ਨਾਨ, ਹਿੰਦੂਆਂ ਲਈ ਪ੍ਰਸ਼ਨਉੱਤਰ ਤੇ ਤੁਹਾਡਾ ਧਰਮ ਕਿਹੜਾ ਹੈ ? ਜਿਹੇ ਪੈਂਫਲਿਟ ਹਿੰਦੂ ਰਹੁ-ਰੀਤਾਂ ਦੇ ਖੰਡਨ ਹਿਤ ਲਿਖੇ ਗਏ। ਇਹ ਸਾਰੇ ਪੈਂਫਲਿਟ ਤੇ ਪੁਸਤਕਾਂ 3000 ਤੋਂ 15000 ਤਕ ਦੀ ਗਿਣਤੀ ਵਿਚ ਛਪੀਆਂ।

1849 ਤੋਂ ਪਿੱਛੋਂ, ਲੁਧਿਆਣਾ ਮਿਸ਼ਨ ਦੁਆਰਾ ਪ੍ਰਕਾਸ਼ਤ ਪੈਂਫਲਿਟਾਂ ਤੇ ਪੁਸਤਕਾਂ ਸੰਬੰਧੀ ਜਾਣਕਾਰੀ, ਜੋ ਮਿਸ਼ਨ ਦੀਆਂ ਸਾਲਾਨਾ ਰੀਪੋਰਟਾਂ ਤੋਂ ਪ੍ਰਾਪਤ ਹੋ ਸਕੀ, ਉਸ ਦਾ ਏਥੇ ਵਰਣਨ, ਕੀਤੇ ਗਏ ਕੰਮਾਂ ਦੀ ਮਹਾਨਤਾ, ਸਰੂਪ ਸੁਭਾ, ਪੱਧਰ ਤੇ ਆਕਾਰ-ਪਸਾਰ ਦੇ ਅਨੁਮਾਨ ਲਈ ਜ਼ਰੂਰੀ ਪ੍ਰਤੀਤ ਹੁੰਦਾ ਹੈ:-

| ਸਾਲ | ਪੁਸਤਕ ਦਾ ਨਾਂ | ਪੰਨੇ | ਨਿਗਰਾਨ | ਛਪੀਆਂ ਕਾਪੀਆਂ ਦੀ ਗਿਣਤੀ |
|---|---|---|---|---|
| 1849 | ਲੂਕਾ ਤੂ ਐਕਟਸ ਰਸੂਲਾਂ ਦੇ ਕਰਤੱਵ | 254 | ਪਾਦਰੀ ਜੇ. ਨਿਊਟਨ | 5,000 |
| " | ਹਿਸਟਰੀ ਬਾਈਬਲ ਵਿਚੋਂ ਚੋਣਵੀਆਂ ਕਥਾਵਾਂ | 120 | " | 5,000 |

20. ਇਹ ਰੀਪੋਰਟਾਂ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਦੀ ਲਾਇਬ੍ਰੇਰੀ ਵਿਚ ਸਾਂਭੀਆਂ ਪਈਆਂ ਹਨ। 1893 ਤੋਂ ਪਿੱਛੋਂ ਦੀਆਂ ਰੀਪੋਰਟਾਂ ਤੇ ਵਿਚੋਂ ਵਿਚੋਂ ਲੋਪ ਰੀਪੋਰਟਾਂ ਬਾਰੇ ਲੁਧਿਆਣੇ ਜਾਂ ਬਟਾਲੇ ਦੇ ਮਿਸ਼ਨਾਂ ਵਿਚ ਯਤਨ ਦੇ ਬਾਵਜੂਦ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ।

| ਸਾਲ | ਪੁਸਤਕ ਦਾ ਨਾਂ | ਪੰਨੇ | ਨਿਗਰਾਨ | ਛਪੀਆਂ ਕਾਪੀਆਂ ਦੀ ਗਿਣਤੀ |
|---|---|---|---|---|
| 1850 | ਜਿਨਿਸਸ ਉਤਪਤੀ | 200 | ਪਾਦਰੀ ਜੇ.ਪੋਰਟਰ | 3,000 |
| 1850 | ਲੂਕ | 156 | " | 6,000 |
| " | ਟ੍ਰੈਕਟ ਦੂਜਾ | 100 | " | 6,000 |
| 1851 | ਸਰਵ-ਵਾਦ ਤੇ ਟ੍ਰੈਕਟ | 90 | " | 8,000 |
| 1854 | ਜਬੂਰ | 197 | ਐਲ.ਜੈਨਵੀਅਰ | 8,000 |
| " | ਸ਼ਬਦ-ਕੋਸ਼ | 438 | " | 600 |
| 1855 | ਟ੍ਰੈਕਟ ਪਹਿਲਾ ਹਿੱਸਾ | 148 | ਪਾਦਰੀ ਨਿਊਟਨ | 7,000 |
| " | ਉਤਪਤ ਤੇ ਕੂਚ, ਵੀਹਵੇਂ ਭਾਗ ਤਕ | 220 | " | 800 |
| 1856 | ਯੂਹੰਨਾ ਦੀ ਇੰਜੀਲ | 120 | ਐਲ.ਜੀ.ਹੇ. | 8,000 |
| " | ਲੂਕ ਦੀ ਇੰਜੀਲ (ਦੂਜੀ ਵਾਰ) | 158 | " | 8,000 |
| 1857 | ਧਰਮ ਪੁਸਤਕਾਂ ਵਿੱਚੋਂ ਤਵਾਰੀਖ਼ ਦੀਆਂ ਠੇਠ ਗੱਲਾਂ | 170 | ਐਲ.ਜੈਨਵੀਅਰ | 5,000 |
| " | ਮੱਤੀ ਦੀ ਇੰਜੀਲ | 60 | " | 6,000 |
| 1858 | ਜਗਤ ਦੀ ਉਤਪਤੀ | 298 | " | 4,000 |
| 1859 | ਚੋਪਤੀਆਂ ਦੀ ਪਹਿਲੀ ਪੋਥੀ[21] | 40 | | 3,000 |
| " | ਪਿਲਗ੍ਰਿਮਜ਼ ਪ੍ਰੋਗ੍ਰਾਮ | 144 | ਪਾਦਰੀ ਲੁਡਾਲਫ਼ | 6,000 |
| 1860 | ਮਾਰਕੁਸ ਦੀ ਇੰਜੀਲ | ~~157~~ 94 | " | 6,000 |
| 1860 | ਮੁਕਤੀ ਮਾਲਾ | 109 | " | 4,000 |

---

21. ਇਸ ਪੋਥੀ ਵਿਚ ਹੇਠ ਲਿਖੇ 9 ਟ੍ਰੈਕਟ ਸੰਮਿਲਤ ਹਨ :-

(1) ਪ੍ਰਸ਼ਨ ਅਤੇ ਉੱਤਰ (2) ਸਭਨਾਂ ਦੀ ਲਈ ਪਰਮੇਸ਼ੁਰ ਦੇ ਦਸ ਹੁਕਮ

(3) ਮਨੁਖ ਦੇ ਪਾਪੀ ਹੋਣ ਅਾਰ ਮੁਕਤ ਪਾਉਣ ਦੀ ਬਾਬਤ (4) ਉਪਦੇਸ਼ ਤੀਰਥੀਆਂ ਨੂੰ

(5) ਦੋ ਬੁਢਿਆਂ ਦੀ ਵਾਰਤਾ (6) ਪਵਿੱਤਰਤਾਈ ਦੀ ਬਾਬਤ

(7) ਪਿੱਤਲ ਦਾ ਸੱਪ (8) ਤੁਹਾਡਾ ਮਤ ਕੀ ਹੈ? (9) ਗਰੀਬ ਯੂਸਫ ਦੀ ਵਾਰਤਾ।

| ਸਾਲ | ਪੁਸਤਕ ਦਾ ਨਾਂ | ਪੰਨੇ | ਨਿਗਰਾਨ | ਛਪੀਆਂ ਕਾਪੀਆਂ ਦੀ ਗਿਣਤੀ |
|---|---|---|---|---|
| 1860 | ਚੁਪਤ੍ਰੀਆਂ ਦੀ ਦੂਜੀ ਪੋਥੀ [22] | 24 | ਪਾਦਰੀ ਰੂਡਾਲਫ਼ | 3,000 |
| 1861 | ਲੂਕਾ ਦੀ ਇੰਜੀਲ | 157 | " | 6,000 |
| " | ਤ੍ਰਿਮੂਲ ਸਾਰ | 20 | " | 4,000 |
| " | ਹਿੰਦੂਆਂ ਦੇ ਇਤਰਾਜ਼ਾਂ ਦਾ ਖੰਡਨ | 97 | " | 5,000 |
| " | ਰਸੂਲਾਂ ਦੇ ਕਰਤੱਬ | 149 | " | 5,000 |
| " | ਦਸ ਹਜ਼ੂਰੀ ਹੁਕਮ | 40 | " | 2,000 |
| 1862 | ਯੂਹੰਨਾ ਦੀ ਇੰਜੀਲ(ਦੋਬਾਰਾ) | 120 | " | 3,000 |
| 1862 | ਉਪਦੇਸ਼ ਪੌੜੀ | 100 | " | 5,000 |
| " | ਮੁਕਤੀਦਾਤਾ ਦੀ ਉਸਤਤੀ ਦਾ ਗੀਤ | 20 | " | 1,000 |
| 1873 [23] | ਹੜ੍ਹ ਦੀ ਕਹਾਣੀ | 16 | | 5,000 |
| " | ਪਿਆਰੇ ਦੀ ਸਿਫ਼ਤ | 4 | | 4,050 |
| " | ਪ੍ਰਭੂ ਯਸੂ ਮਸੀਹ | 4 | | 5,000 |
| " | ਇਨਸਾਫ਼ ਤੇ ਦਇਆ | 20 | | 5,000 |
| " | ਯਾਤਰੂ ਦੀ ਕਹਾਣੀ | 19 | | 5,000 |
| " | ਦੋ ਘਰਾਂ ਦੀ ਕਹਾਣੀ | 11 | | 5,000 |
| " | ਸੇਵਕ ਤੇ ਗੁਰੂ | 12 | | 6,000 |
| " | ਅੱਖਰ ਬੋਧ | 16 | | 5,000 |
| " | ਮਰਕੁਸ ਦੀ ਇੰਜੀਲ | 120 | | 6,000 |
| " | ਦਾਨੀਏਲ ਦੀ ਪੁਸਤਕ | 57 | | 8,000 |

---

22. ਇਸ ਪੋਥੀ ਵਿਚ ਹੇਠ ਲਿਖੇ 6 ਟ੍ਰੈਕਟ ਸ਼ਾਮਲ ਹਨ:-

(1) ਉੱਤਮ ਪੁਸਤਕ ਦਾ ਦੂਤ
(2) ਈਸਾਈ ਪਾਦਰੀ ਵਲੋਂ ਹਿੰਦੂਆਂ ਨੂੰ ਉਪਦੇਸ਼
(3) ਯੂਸਫ਼ ਦੀ ਵਿਥਿਆ
(4) ਗੰਗਾ ਦੇ ਅਸ਼ਨਾਨ ਦੀ ਗਲ ਬਾਤ
(5) ਕਰਮਾਂ ਤੇ ਮੁਕਤ ਦਾ ਨਾਂ ਹੋਣਾ
(6) ਇਕ ਅੱਫਲ ਹੰਜੀਰ ਦੇ ਬੂਟੇ ਦਾ ਦ੍ਰਿਸ਼ਟਾਂਤ

23. 1863 ਤੋਂ 1872 ਤਕ ਦੀਆਂ ਰੀਪੋਰਟਾਂ ਵਿਚ ਪੰਜਾਬੀ ਪੁਸਤਕਾਂ ਦੀ ਸੂਚੀ ਦਰਜ ਨਹੀਂ।

| ਸਾਲ | ਪੁਸਤਕ ਦਾ ਨਾਂ | ਪੰਨੇ | ਨਿਗਰਾਨ | ਛਪੀਆਂ ਪੁਸਤਕਾਂ ਦੀ ਗਿਣਤੀ |
|---|---|---|---|---|
| 1874 | ਯੂਨਾਹ ਦੀ ਕਹਾਣੀ | 8 | | 6000 |
| " | ਮਤੀ ਦੀ ਇੰਜੀਲ(ਪੱਦ ਵਿਚ) | 59 | | 2000 |
| " | ਉਸਤਤੀ ਦਾ ਗੀਤ | 12 | | 3000 |
| 1875 | ਪ੍ਰਸ਼ਨਾਵਲੀ | 19 | | 1000 |
| " | ਪੰਜਾਬੀ ਬਾਲ ਬੋਧ | 16 | | 3000 |
| 1876 | ਜੋਸ਼ੂਆ | 94 | | 4000 |
| " | ਜ਼ਬੂਰ | 224 | | 4000 |
| " | ਮਤੀ ਦੀ ਇੰਜੀਲ(ਦੋਬਾਰਾ) | 110 | | 5000 |
| " | ਬੜੀ ਪੁਰਾਣੀ ਕਹਾਣੀ | 16 | | 3000 |
| " | ਸਵਾਲ ਜਵਾਬ | 103 | | 1000 |
| " | ਕਹਾਉਤਾਂ ਦੀ ਪੁਸਤਕ | 84 | | 3000 |
| " | ਸੈਂ ਤੇ ਦੂਜਾ ਸੈਮੂਲ | 228 | | 2000 |
| " | ਪ੍ਰਭੂ ਯਿਸੂ ਦਾ ਜੀਵਨ ਬ੍ਰਿਤਾਂਤ | 16 | | 1000 |
| " | ਯਿਸੂ ਨਾਲ ਦਗ਼ਾ | 16 | | 1000 |
| " | ਯਿਸੂ ਦੇ ਚੇਲੇ | 16 | | 1000 |
| " | ਯਿਸੂ ਦੇ ਗੁਰੂ | 16 | | 1000 |
| " | ਬੈਪਟਿਸਟ ਯੂਹੰਨਾ | 16 | | 1000 |
| " | ਯਿਸੂ ਦਾ ਬਚਪਨ | 16 | | 1000 |
| " | ਯਿਸੂ ਦੇ ਚਮਤਕਾਰ | 16 | | 1000 |
| " | ਯਿਸੂ ਦਾ ਅੰਤ | 16 | | 1000 |
| " | ਯਿਸੂ ਦੀ ਅਕਾਸ਼ ਉਡਾਰੀ | 16 | | 1000 |
| " | ਕਨਾਨ | 16 | | 5000 |
| 1878 | ਕਨਾਨ ਦੇਸ਼ ਨੂੰ ਜਿੱਤਣ ਦਾ ਵਰਣਨ | 10 | | 1000 |
| | ਮਿਸਰ ਵਿਖੇ ਇਸਰਾਏਲੀਆਂ ਦਾ ਵਰਣਨ | 9 | | 1000 |
| | ਅਬਰਾਹੀਮ | 184 | | 1000 |
| | ਬੇਨਤੀ ਪ੍ਰਕਾਸ਼ | 156 | | 500 |

| ਸਾਲ | ਪੁਸਤਕ ਦਾ ਨਾਂ | ਪੰਨੇ- | ਨਿਗਰਾਨ | ਛਪੀਆਂ ਪੁਸਤਕਾਂ ਦੀ ਗਿਣਤੀ |
|---|---|---|---|---|
| 1879 | ਉਪਦੇਸ਼ਕ ਦੀ ਪੋਥੀ | 28 | ਪਾਦਰੀ ਈ.ਐਮ.ਵੈਰ੍ਹੀ | 3000 |
| " | ਅਸਤਰ | 30 | " | 3000 |
| " | ਰੂਥ | 12 | " | 3000 |
| " | ਜੈ ਸਿੰਘ ਦੀ ਕਹਾਣੀ | 74 | " | 1000 |
| 1880-81 | ਅਦਵੈਤ | 156 | " | 3000 |
| " | ਇੰਜੀਲ ਸਾਰ | 298 | " | 1500 |
| " | ਗੀਤਾਂ ਦੀ ਪੋਥੀ | 72 | " | 2000 |
| " | ਰੋਮੀਆਂ ਦੀਆਂ ਪੱਤਰੀਆਂ | 54 | " | 1500 |
| " | ਪ੍ਰਕਾਸ਼ ਦੀ ਪੋਥੀ | 62 | " | 1500 |
| 1882 | ਮਰਕੁਸ ਦੀ ਇੰਜੀਲ(ਦੋਬਾਰਾ) | 27 | | 5000 |
| | ਉਤਪਤ ਤੇ ਕੂਚ | 8 | | 5000 |
| 1883 | ਖੁਸ਼ੀ ਪ੍ਰਾਪਤੀ ਦਾ ਸਾਧਨ | 7 | | 3000 |
| | ਧਰਮ ਦਾ ਸਾਰ | 141 | | 3000 |
| | ਪ੍ਰਭੂ ਦੀ ਉਪਮਾ | 300 | | 3000 |
| 1885 | ਪਹਾੜੀ ਉਪਰ ਉਪਦੇਸ਼ | 16 | | 1000 |
| " | ਖੇਤੀ ਕਰਨ ਦੀ ਪੋਥੀ | 92 | | 6000 |

ਜਿਸ ਤਰ੍ਹਾਂ ਪਹਿਲਾਂ ਲਿਖਿਆ ਜਾ ਚੁਕਾ ਹੈ, ਬਾਕੀ ਰੀਪੋਰਟਾਂ ਜਾਂ ਤਾਂ ਮਿਲਦੀਆਂ ਨਹੀਂ, ਜਾਂ ਉਨ੍ਹਾਂ ਵਿਚ ਛਪੀਆਂ ਪੰਜਾਬੀ ਪੁਸਤਕਾਂ ਦਾ ਵੇਰਵਾ ਦਰਜ ਨਹੀਂ। ਲੁਧਿਆਣਾ ਮਿਸ਼ਨ ਤੋਂ ਬਿਨਾਂ ਪੰਜਾਬ ਦੇ ਹੋਰ ਕੇਂਦਰਾਂ ਦੁਆਰਾ ਵੀ ਬਹੁਤ ਸਾਰੀਆਂ ਧਰਮ-ਪੁਸਤਕਾਂ ਪ੍ਰਕਾਸ਼ਤ ਹੋਈਆਂ।[24] ਪੰਜਾਬ ਰਿਲੇਜਸ ਬੁਕ ਸੋਸਾਇਟੀ ਲਾਹੌਰ ਦੀਆਂ ਪ੍ਰਕਾਸ਼ਨਾਵਾਂ ਵਿੱਚੋਂ ਕੁਝ ਕੁ ਇਸ ਪ੍ਰਕਾਰ ਹਨ:-

24. 1901 ਈਸਵੀ ਤੋਂ ਪਿੱਛੋਂ ਇਨ੍ਹਾਂ ਕੇਂਦਰਾਂ ਦੁਆਰਾਂ ਛਪੀਆਂ ਪੁਸਤਕਾਂ ਦਾ ਜ਼ਿਕਰ ਇਥੇ ਨਹੀਂ ਕੀਤਾ ਗਿਆ।

(1) ਆਇਤ ਮੁਕਾਵਲੀ (1861- ਕਵਿਤਾ)

(2) ਉੱਤਮ ਪੁਸਤਕ ਦਾ ਦੂਤ ( 1861 - ਕਵਿਤਾ )

(3) ਏਸ਼ੀਆ ਦੀ ਸੈਲ (1898-ਸਫਰਨਾਮਾ )

(4) ਨੌਕਰ ਤੇ ਮਾਲਕ (1807-ਕਹਾਣੀ)

(5) ਇਨਸਾਫ਼ ਤੇ ਰਹਿਮ (1870-ਕਹਾਣੀ)

(6) ਰੇਲ ਗੱਡੀ ਦਾ ਸਫ਼ਰ (1872-ਕਹਾਣੀ)

(7) ਵਿਲਸਨ ਦੁਆਰਾ ਹਿੰਦੂ ਮਤ ਦਾ ਖੰਡਨ ( 1877-ਵਾਰਤਕ)

(8) ਪੰਡਤ ਖੜਕ ਸਿੰਘ ਦਾ ਵਿਰਤਾਂਤ(1881-ਕਹਾਣੀ)

(9) ਧਰਮੀ ਸਿਖਿਅਕ ਦੇ ਗੁਣ (1871-ਵਾਰਤਕ)

(10) ਮੁਕਤੀ-ਮਾਲਾ (1888-ਕਵਿਤਾ)

(11) ਜ਼ਿਮੀਦਾਰ ਦਾ ਬਿਰਤਾਂਤ( 1888-ਵਾਰਤਕ) ।

ਅਮਰੀਕਨ ਟ੍ਰੈਕਟ ਸੁਸਾਇਟੀ ਦੁਆਰਾ ਪ੍ਰਕਾਸ਼ਤ ਪੁਸਤਕਾਂ

(1) ਮੁਕਤੀ ਦਾਤੇ ਦਾ ਬੰਦਗੀ ਗੀਤ (1887- ਕਵਿਤਾ)

(2) ਯਿਸੂ ਦੀ ਸਿਫ਼ਤ (1877- ਕਵਿਤਾ)

(3) ਮਿਸ਼ਨਰੀਆਂ ਸੰਬੰਧੀ ਕੁਝ ਗੱਲਾਂ (1879-ਵਾਰਤਕ)

(4) ਯਿਸੂ ਦਾ ਅਮਰ ਹੋਣਾ (1879-ਕਹਾਣੀ)

(5) ਪਹਿਲਾ ਗੁਨਾਹ(ਕਹਾਣੀ )

(6) ਸਲਾ ਦੀਨ ਦੀ ਮੌਤ (ਕਹਾਣੀ )

(7) ਪਿਤਲ ਦਾ ਨਾਗ(ਕਹਾਣੀ )

(8) ਸੰਤ ਪਾਲ ਦਾ ਜੀਵਨ(ਜੀਵਨੀ)

(9) ਅਟੱਲ ਵਿਸ਼ਵਾਸ਼ (ਕਹਾਣੀ)

(10) ਰਾਜੇ ਦੇ ਪੁਤਰ ਦਾ ਪ੍ਰੇਮ(ਕਹਾਣੀ)।

ਖਰੜ ਮਿਸ਼ਨ ਦੁਆਰਾ ਛਾਪੀਆਂ ਪੁਸਤਕਾਂ

(1) ਮਸੀਹਾ ਦੀ ਬਿਨਾ ਤੇ (ਦਰਸ਼ਨ)

(2) ਮਸੀਹ ਦੇ ਨਾਲ (ਦਰਸ਼ਨ)

(3) ਦੇਹਧਾਰੀ ਪਰਮੇਸ਼ਰ (ਵਾਰਤਕ) ।

ਵੱਖ ਵੱਖ ਮਿਸ਼ਨਾਂ ਦੁਆਰਾ ਪ੍ਰਕਾਸ਼ਤ ਪੁਸਤਕਾਂ ਨੂੰ ਵਿਚਾਰਨ ਤੋਂ ਉਪ੍ਰੰਤ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਇਨ੍ਹਾਂ ਰਚਨਾਵਾਂ ਦੀ ਪੱਧਰ, ਪ੍ਰਗਟਾਅ-ਢੰਗ,ਭਾਸ਼ਾ, ਸ਼ੈਲੀ, ਲਹਿਜਾ, ਲਗਭਗ ਸਮਾਨ ਹੀ ਹੈ। ਇਨ੍ਹਾਂ ਵਿਚ ਸ਼ੈਲੀ ਜਾਂ ਵਿਸ਼ੈ-ਚੋਣ ਦੀ ਵੰਨ-ਸਵੰਨਤਾ ਨਹੀਂ। ਬਹੁਤੀਆਂ ਰਚਨਾਵਾਂ ਗੱਦ ਵਿਚ ਹਨ, ਪਰ ਰਚਨਾਵਾਂ ਗਿਣਤੀ ਦੀਆਂ ਹੀ ਹਨ। ਗੱਦ ਰੂਪਾਂ ਵਿੱਚੋਂ ਕਹਾਣੀ ਨੂੰ ਪ੍ਰਧਾਨਤਾ ਪ੍ਰਾਪਤ ਹੈ । ਦੂਜਾ ਗੱਦ ਰੂਪ ਜੀਵਨੀ ਤੇ ਤੀਜਾ ਨਿਬੰਧ ਵਾਲਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਜਨਮ-ਸਾਖੀਆਂ ਭਾਵੇਂ ਜੀਵਨੀਆਂ ਤੇ ਸਫ਼ਰਨਾਮਿਆਂ ਦਾ ਮਿਸ਼ਰਤ ਰੂਪ ਹਨ ਪਰ ਅਸਲੀ ਸਫਰਨਾਮਾ ਪੰਜਾਬੀ ਵਿਚ ਪਹਿਲੀ ਵਾਰ ਇਨ੍ਹਾਂ ਪਾਦਰੀਆਂ ਦੇ ਉੱਦਮ ਨਾਲ ਹੀ ਲਿਖਿਆ ਜਾਣ ਲੱਗਾ। ਲਗਭਗ ਉਹ ਸਾਰੇ ਗੱਦ-ਰੂਪ[25] ਜਿਨ੍ਹਾਂ ਦਾ ਸਰਵ-ਪੱਖੀ ਤੇ ਭਰਪੂਰ ਵਿਕਾਸ ਵੀਹਵੀਂ ਸਦੀ ਵਿਚ ਹੋਇਆ, ਇਨ੍ਹਾਂ ਪਾਦਰੀਆਂ ਦੀ ਕਿਰਪਾ ਨਾਲ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਸਾਡੇ ਸਾਹਿੱਤ ਵਿਚ ਪਰਵੇਸ਼ ਕਰ ਲੈਂਦੇ ਹਨ। ਕਲਾ ਜਾਂ ਸਾਹਿੱਤਕ ਨਿਪੁੰਨਤਾ ਜਾਂ ਪਰਪੱਕਤਾ ਦੀ ਦ੍ਰਿਸ਼ਟੀ ਤੋਂ ਭਾਵੇਂ ਪਾਦਰੀਆਂ ਦੀਆਂ ਰਚਨਾਵਾਂ ਕਿਸੇ ਸ੍ਰੇਸ਼ਟ ਪੱਧਰ ਨੂੰ ਨਾ ਵੀ ਛੂੰਹਦੀਆਂ ਹੋਣ, ਪਰ ਇਕ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਇਨ੍ਹਾਂ ਤੋਂ ਪ੍ਰੇਰਣਾ ਲੈ ਕੇ, ਇਨ੍ਹਾਂ ਦੀ ਦੇਖਾ ਦੇਖੀ, ਸਾਡੇ ਵਿਦਵਾਨਾਂ ਨੇ ਵੀ ਉਨ੍ਹਾਂ ਦੇ ਪੂਰਨਿਆਂ ਤੇ ਚਲ ਕੇ, ਆਪੋ ਆਪਣੇ ਧਰਮਾਂ ਦੇ ਪ੍ਰਚਾਰ ਲਈ, ਆਪੋ ਆਪਣੀਆਂ ਭਾਸ਼ਾਵਾਂ ਵਿਚ, ਇਕ ਨਵੀਂ ਨਿਆਇ-ਸ਼ੀਲ ਤੇ ਵਿਗਿਆਨਕ ਦ੍ਰਿਸ਼ਟੀ ਅਪਣਾ ਕੇ, ਨਰੋਆ ਤੇ ਆਧੁਨਿਕ ਸਾਹਿੱਤ ਸਿਰਜਣਾ ਸ਼ੁਰੂ ਕਰ ਦਿੱਤਾ।[26] ਪਾਦਰੀਆਂ ਤੋਂ ਪ੍ਰੇਰਿਤ ਹੋ ਕੇ ਲਿਖੇ ਗਏ ਅਜਿਹੇ ਸਾਹਿੱਤ ਦਾ ਸੰਖੇਪ ਵਰਣਨ ਸਰਵੇਖਣ ਵਾਲੇ ਅਧਿਆਇ ਵਿਚ ਕੀਤਾ ਜਾਵੇਗਾ।

ਕੋਸ਼ਾਂ, ਵਿਆਕਰਣਾਂ ਤੇ ਕੁਝ ਇਕ ਵਿਸ਼ੇਸ਼ ਪੁਸਤਕਾਂ ਨੂੰ ਛੱਡ ਕੇ, ਮਿਸ਼ਨਰੀਆਂ ਵਲੋਂ ਛਾਪੇ ਗਏ ਬਾਈਬਲ ਦੇ ਅਨੁਵਾਦਾਂ, ਟ੍ਰੈਕਟਾਂ ਤੇ ਵੱਡੇ ਆਕਾਰ ਦੇ ਆਮ ਗ੍ਰੰਥਾਂ ਉੱਤੇ ਲੇਖਕ ਦਾ ਨਾਂ

---

25. Tara Chand,"Prose style and prose literatures owe a great deal to Missionaries, In the Modern Indian Languages, there were not many which had developed a prose style, adequate for the expression of serious subjects. The missionaries were pioneers in the field. Among the creators of prose were the translators of Bible,grammar, dictionaries, thus determin the form and content of the language." "History of Freedom Movement",Pub.Div.,p.182.

26. Ibid,p.179."Whatever the standard of their(missionaries) Literary achievement, the fact remains that they gave a powerful stimulus to Indian thinking and helped the Indian mind to break the shackles of medievalism."

ਦਰਜ ਨਹੀਂ। ਇਹ ਅਨੁਵਾਦ ਪਾਦਰੀਆਂ ਨੇ ਆਪ ਕੀਤੇ ਜਾਂ ਦੇਸੀ ਵਿਦਵਾਨਾਂ ਦੀ ਸਹਾਇਤਾ ਲੈ ਕੇ ਕਰਵਾਏ।[27] ਪਰ ਇਕੱਲੇ ਦੁਕੱਲੇ ਵਿਅਕਤੀ ਦੀ ਬਜਾਇ ਹਰ ਕੰਮ ਜੁਟ ਜਾਂ ਟੀਮ ਦਾ ਪ੍ਰਤੀਤ ਹੁੰਦਾ ਹੈ।[28] ਹਰ ਅਨੁਵਾਦ ਨੂੰ ਛਾਪਣ ਤੋਂ ਪਹਿਲਾਂ ਪੂਰੀ ਤਰ੍ਹਾਂ ਸੋਧਿਆ ਜਾਂਦਾ ਸੀ ਤੇ ਯਤਨ ਕੀਤਾ ਜਾਂਦਾ ਸੀ ਕਿ ਅਨੁਵਾਦ ਨੂੰ ਵੱਧ ਤੋਂ ਵੱਧ ਲੋਕ ਲਹਿਜੇ ਤੇ ਲੋਕ-ਪੱਧਰ ਦੇ ਨੇੜੇ ਰੱਖਿਆ ਜਾਏ। ਉਦਾਹਰਣ ਲਈ ਹੇਠਾਂ, ਇਨ੍ਹਾਂ ਅਨੁਵਾਦਾਂ ਵਿੱਚੋਂ ਕੁਝ ਕੁ ਦੇ ਨਮੂਨੇ ਦਰਜ ਕੀਤੇ ਜਾਂਦੇ ਹਨ:-

" ਅਰ ਜਾਂ ਉਸ ਜਾਗਾ ਅੱਪੜੇ ਜੋ ਖੋਪਰੀ ਦੀ ਜਾਗਾ ਕਹਾਉਂਦੀ ਹੈ, ਤਾਂ ਉਸ ਨੂੰ ਅਰ ਉਨ੍ਹਾਂ ਬੁਰਿਆਰਾਂ ਨੂੰ ਉਥੇ ਸੂਲੀ ਪੁਰ ਕਿੱਲਿਆ - ਇਕ ਨੂੰ ਸੱਜੇ ਅਰ ਦੂਜੇ ਨੂੰ ਖੱਬੇ ਪਾਸੇ। ਅਤੇ ਯਿਸੂ ਨੇ ਕਿਹਾ ਹੇ ਪਿਤਾ, ਉਨ੍ਹਾਂ ਨੂੰ ਮਾਫ਼ ਕਰ, ਕਿਉਂਕਿ ਉਹ ਨਹੀਂ ਜਾਣਦੇ, ਜੋ ਕੀ ਕਰਦੇ ਹਨ ਅਤੇ ਉਨ੍ਹਾਂ ਨੇ ਉਸ ਦੇ ਕੱਪੜੇ ਬੰਡ ਕੇ ਗੁਣਾ ਪਾਇਆ। ਅਤੇ ਲੋਕ ਖੜੇ ਤੱਕ ਰਹੇ ਸੇ। ਅਤੇ ਸਰਦਾਰ ਬੀ ਉਨ੍ਹਾਂ ਦੇ ਸੰਗ ਠੱਠਾ ਮਾਰ ਕੇ ਕਹਿੰਦੇ ਸੇ, ਕਿ ਉਸ ਨੇ ਹੋਰਨਾਂ ਨੂੰ ਬਚਾਇਆ, ਜੇ ਉਹ ਮਸੀਹ ਪਰਮੇਸੁਰ ਦਾ ਚੁਣਿਆ ਹੋਇਆ ਹੈ ਤਾਂ ਆਪ ਨੂੰ ਬਚਾਵੇ। ਅਤੇ ਸਿਪਾਹੀ ਬੀ ਉਸ ਪੁਰ ਹੱਸੇ: ਅਤੇ ਨੇੜੇ ਆ ਕੇ ਉਸਨੂੰ ਸਿਰਕਾ ਦਿੱਤਾ; ਅਤੇ ਕਿਹਾ, ਜੇ ਤੂੰ ਯਹੂਦੀਆਂ ਦਾ ਪਾਤਸ਼ਾਹ ਹੈਂ, ਤਾਂ ਆਪ ਨੂੰ ਬਚਾਉ। ਅਤੇ ਇਹ ਗੱਲ ਯੂਨਾਨੀ ਅਰ ਰੂਮੀ ਅਰ ਇਬਰੀ ਵਿੱਚ ਉਸ ਉਪੱਰ ਲਿਖੀ ਸੀ ਕਿ ਯਹੂਦੀਆਂ ਦਾ ਪਾਤਸ਼ਾਹ ਹੈ।"[29]

---

27. Newton J.,"As to the religious books published at the Ludhiana Mission Press, the responsibility of origional authorship and of translations belongs partly to the members of our Mission and partly to others. In Punjabee,we are responsible for a large preparation of what has been printed." "History of A.P.Mission-Allahabad,1886,p.52.
28. ਪ੍ਰੋ. ਭੁਪਿੰਦਰ ਸਿੰਘ ਵਲੋਂ ਨੇ ਆਪਣੀ ਪੁਸਤਕ ਪਿਲਗ੍ਰਿਮਜ਼ ਪ੍ਰੋਗ੍ਰੈਸ(ਪੂਰਵ-ਕਥਤ) ਦੇ ਮੁੱਖ ਵਿਚ ਇਕ ਤਸਵੀਰ ਛਾਪੀ ਹੈ ਜਿਹੜੀ ਉਨ੍ਹਾਂ ਨੇ ਬ੍ਰਿਟਿਸ਼ ਮਿਊਜ਼ੀਅਮ ਲੰਡਨ ਤੋਂ ਪ੍ਰਾਪਤ ਕੀਤੀ ਹੈ। ਉਸ ਫੋਟੋ ਵਿਚ 6-7 ਵਿਅਕਤੀ ਅਨੁਵਾਦ ਦੇ ਕੰਮ ਵਿਚ ਜੁਟੇ ਹੋਏ ਦਿਖਾਈ ਦਿੰਦੇ ਹਨ ਤੇ ਇਹ ਸ਼ਬਦ ਛਪੇ ਹੋਏ ਮਿਲਦੇ ਹਨ:" Gurmukhi New Testament Translation and Revision Committee(Rev.E.Guilford, Rev.E.Newton, and Dr.F.Newton with native christian and Sikh helpers."
29. (ਧਰਮ ਪੁਸਤਕ ਵਿੱਚੋਂ; ਪ੍ਰਭੂ ਯਿਸੂ ਮਸੀਹ ਮੁਕਤਿਦਾਤਾ ਦਾ 'ਮੰਗਲ ਸਮਾਚਾਰ' ਜਿਹੜਾ ਲੂਕਾਸ ਰਸੂਲ ਨੇ ਪਰਮੇਸੁਰ ਦੇ ਹੁਕਮ ਅਨੁਸਾਰ ਉਸ ਨੂੰ ਲਿਖਿਆ ਹੈ। ਸੋ ਲੁਦੇਹਾਣੇ ਦੇ ਮਿਸ਼ਨ ਪ੍ਰੈਸ ਵਿਚ ਅਮੇਰਿਕਨ ਬੈਬਲ ਸੁਸੈਇਟੀ ਦੇ ਲਈ, ਪਾਦਰੀ ਰੂਡਾਲਫ ਸਾਹਬ ਦੇ ਜਤਨ ਨਾਲ ਛਾਪਿਆ ਗਿਆ। ਯਿਸੂਈ ਸੰਬਤ.1860)"

(ਅ) " ਫੇਰ ਕਈ ਸੰਤ ਹੋਰਨਾਂ ਨੂੰ ਬਦ-ਦੁਆਈਆਂ ਦਿੰਦੇ ਹਨ; ਸੋ ਪਵਿਤਰ ਲੋਕਾਂ ਦਾ ਕਰਮ ਨਹੀਂ। ਉਹ ਸਾਧਾਰਨ ਭੁੱਲਾਂ ਦੇ ਕਾਰਨ, ਲੋਕਾਂ ਨੂੰ ਬੜੇ ਬੜੇ ਸਰਾਪ ਦਿੰਦੇ ਹਨ। ਹੁਣ ਸੋਚੋ, ਜੋ ਪਵਿਤ੍ਰਤਾਈ ਨੂੰ ਡਾਹ ਅਤੇ ਆਪਸੁਆਰਥ ਨਾਲ ਕੀ ਵਾਸਤਾ ਹੈ, ਸਗੋਂ ਸਚਖੰਡ ਬਦਨੀਤਾਂ ਉਸ ਥੀਂ ਹੌਲੇ ਹੌਲੇ ਨਿਸ਼ਟ ਹੋ ਜਾਂਦੀਆਂ ਹਨ ਅਤੇ ਮਨ ਵਿਚ ਦਯਾ ਅਰ ਧਰਮ ਇਤਨਾ ਉਤਪਤ ਹੁੰਦਾ ਹੈ ਜੋ ਉਹ ਆਪਣੇ ਵੈਰੀ ਅਰ ਮਿਤ੍ਰ ਦੁਹਾਂ ਨੂੰ ਪਿਆਰ ਕਰਦਾ ਹੈ। ਬਦ ਦੁਆ ਦੇਣੀ ਘਾਤ ਕਰਨੇ ਨਾਲੋਂ ਘੱਟ ਨਹੀਂ।.... ਉਪਰੰਦ ਜਾਂ ਸਾਧਾਂ ਸੰਤਾਂ ਦੇ ਮੂਹੋਂ ਅਜੇਹੀ ਦੁਆ ਨਿਕਲਦੀ ਹੈ: ਤਾਂ ਉਨ੍ਹਾਂ ਦਾ ਪਵਿਤ੍ਰ ਹੋਣੇ ਦਾ ਦਾਵਾ ਅਕਾਰਥ ਹੈ, ਅਤੇ ਸਚ ਪੁਛੋ ਤਾਂ ਸਤਾਨ ਦੇ ਸਾਖੀ ਮਲੂਮ ਹੁੰਦੇ ਹਨ।"[30]

(ੲ) " ਆਰੰਭ ਵਿਚ ਪਰਮੇਸੁਰ ਨੇ ਆਕਾਸ਼ ਅਤੇ ਧਰਤੀ ਨੂੰ ਉਤਪਤ ਕੀਤਾ ਅਤੇ ਧਰਤੀ ਉਜਾੜ ਅਤੇ ਸੁੰਨਸਾਨ ਅਤੇ ਡੂੰਘਾਣ ਦੇ ਉੱਤੇ ਅਨ੍ਹੇਰਾ ਸੀ ਅਤੇ ਪਰਮੇਸੁਰ ਦਾ ਆਤਮਾ ਪਾਣੀਆਂ ਦੇ ਉੱਤੇ ਹਿਲਦਾ ਸੀ ਅਤੇ ਪਰਮੇਸੁਰ ਨੇ ਆਖਿਆ ਜੋ ਚਾਨਣ ਹੋਵੇ ਅਤੇ ਚਾਨਣ ਹੋ ਗਿਆ। ਅਤੇ ਪਰਮੇਸੁਰ ਨੇ ਚਾਨਣ ਨੂੰ ਡਿੱਠਾ ਜੋ ਚੰਗਾ ਹੈ ਅਤੇ ਪਰਮੇਸੁਰ ਚਾਨਣ ਨੂੰ ਅਨ੍ਹੇਰੇ ਥੋਂ ਅਡ ਕੀਤਾ ਅਤੇ ਚਾਨਣ ਨੂੰ ਦਿਨ ਅਰ ਅਨ੍ਹੇਰੇ ਨੂੰ ਰਾਤ ਆਖਿਆ। ਸੋ ਸੰਝ ਅਰ ਸਵੇਰ ਪਹਿਲਾ ਦਿਹਾੜਾ ਹੋਇਆ।"[31]

(ਸ) "ਜਦੋਂ ਖੋਟਾ ਮਨੁਖ ਖੋਟਿਆਈ ਤੋਂ, ਜੋ ਉਸ ਨੇ ਕੀਤੀ ਹੈ, ਮੁੜੇ ਅਤੇ ਜੋਗ ਅਤੇ ਭਲਿਆਈ ਨੂੰ ਕਰੇ, ਤਦੋਂ ਉਹ ਆਪਣੀ ਆਤਮਾ ਨੂੰ ਜਿਉਂਦਾ ਹੈ, ਮੈਂ ਆਪਣੇ ਅਪਰਾਧਾਂ ਨੂੰ ਜਾਣਦਾ ਹਾਂ ਅਤੇ ਮੇਰਾ ਪਾਪ ਸਦਾ ਮੇਰੇ ਅੱਗੇ ਹੈ।"[32]

ਇਨ੍ਹਾਂ ਅਨੁਵਾਦਾਂ ਦੀ ਬੋਲੀ, ਸ਼ੈਲੀ, ਲਹਿਜਾ, ਸ਼ਬਦ ਜੋੜ, ਵਿਆਕਰਣਕ ਬਣਤਰ ਤੇ ਸ਼ਬਦਾਵਲੀ ਅੱਜ ਦੀਆਂ ਗੱਦ-ਰਚਨਾਵਾਂ ਨਾਲੋਂ ਕਈ ਪੱਖਾਂ ਤੋਂ ਨਿਵੇਕਲੀ ਤੇ ਭਿੰਨ ਹੈ, ਤੇ ਸਾਡਾ ਵਿਸ਼ੇਸ਼ ਧਿਆਨ ਖਿੱਚਦੀ ਹੈ। ਕੁਝ ਕੁ ਪੱਖ ਇਸ ਪ੍ਰਕਾਰ ਹਨ:-

---

30. ਛੁਪਤ੍ਰੀਆਂ ਦੀ ਪਹਿਲੀ ਭੇਖੀ - ਟ੍ਰੈਕਟ "ਪਵਿਤ੍ਰਤਾਈ ਦੀ ਬਾਬਤ" ਵਿੱਚੋਂ - 1859

31. ਇੰਜੀਲ ਦੇ ਪੁਰਾਣੇ ਨੇਮ ਦੀਆਂ ਕਥਾਵਾਂ ਵਿਚ "ਜਗਤ ਦੀ ਉਤਪਤਿ" ਪਹਿਲੇ ਕਾਂਡ ਦਾ ਪੰਜਾਬੀ ਅਨੁਵਾਦ। 1854 ਈ.।

32. 'ਬੇਨਤੀ ਪ੍ਰਕਾਸ਼' ਅਰਥਾਤ ਸਭਨਾ ਦੀ ਬੇਨਤੀ ਦੀ ਪੋਥੀ। ਪ੍ਰਭਾਤ ਦੀ ਬੇਨਤੀ, ਘਿਰਾਂ ਤੇ ਕਲੀਸਿਆਂ ਦੇ ਲਈ ਅੰਗਰੇਜ਼ੀ ਭਾਸ਼ਾ ਤੋਂ ਪੰਜਾਬੀ ਵਿਚ ਉਲਥਾਈ ਗਈ", 1893 ਈ.

(1) ਲਾਵਾਂ ਦੀ ਥਾਂ ਦੁਲਾਵਾਂ ਦੀ ਵਰਤੋਂ ਮਿਲਦੀ ਹੈ ਜਿਵੇਂ 'ਨੇ' ਦੀ ਥਾਂ 'ਨੈ', ਆਪਣੇ ਦੀ ਥਾਂ ਆਪਣੈ, ਕਰਕੇ ਦੀ ਥਾਂ ਕਰ ਕੈ, ਆਦਿ।

(2) ਪੁਰਾਣੀਆਂ ਪੰਜਾਬੀ ਲਿਖਤਾਂ ਵਾਂਗ ਔਂਕੜ ਦੀ ਵਰਤੋਂ ਆਮ ਤੇ ਬਿਨਾਂ ਲੋੜੋਂ ਕੀਤੀ ਮਿਲਦੀ ਹੈ, ਜਿਵੇਂ 'ਪਰਮੇਸੁਰ', ਬੈਬੁਲ ਆਦਿ।

(3) ਕਿਰਿਆ ਲਿੰਗ ਭੇਦ ਨਹੀਂ ਮਿਲਦਾ: " ਪਰਮਾਤਮਾ ਦਾ ਆਤਮਾ ਪਾਣੀਆਂ ਤੇ ਹਿਲਦਾ ਸੀ।" ,"ਇਥੇ ਹੀ ਧਰਮ ਪੁਸਤਕ ਤਿਆਰ ਹੋਇਆ।" ਆਦਿ।

(4) ਧੁਨੀ ਪਰਿਵਰਤਨ ਵਿਚ ਸਮਾਨਤਾ ਦੇ ਕਾਰਨ, ਧੁਨੀ ਪਰਿਵਰਤਨ ਦੇ ਕਈ ਰੂਪ ਸਾਹਮਣੇ ਆਉਂਦੇ ਹਨ - ਜਿਵੇਂ ਚਾਕੂ ਤੋਂ ਕਾਚੂ, ਵਸਨੀਕ ਤੋਂ ਬਸਕੀਣ।

(5) ਧੁਨੀ ਪਰਿਵਰਤਨ ਵਿਚ ਸੰਯੁਕਤ ਸੁਰਾਂ ਦੇ ਮੇਲ ਨਾਲ ਧੁਨੀਆਂ ਬਦਲ ਜਾਂਦੀਆਂ ਹਨ ੲ ਅ = ਯ ਇਆਣਾ ਦੀ ਥਾਂ ਯਾਣਾ ਦੀ ਵਰਤੋਂ ਕੀਤੀ ਮਿਲਦੀ ਹੈ।

(6) ਅੰਗਰੇਜ਼ੀ ਸ਼ਬਦਾਂ ਨੂੰ ਪੰਜਾਬੀ ਅਨੁਵਾਦ ਵਿਚ ਤਦਭਵ ਰੂਪ ਵਿਚ ਪੇਸ਼ ਕਰਨ ਦੀ ਰੁਚੀ ਆਮ ਹੈ, ਜਿਵੇਂ ਬਾਈਬਲ ਦੀ ਥਾਂ ਬੈਬੁਲ, ਸੁਸਾਇਟੀ ਦੀ ਥਾਂ ਸੁਸੈਅਟੀ, ਟ੍ਰੈਕਟ ਦੀ ਥਾਂ ਟ੍ਰਾਕਟ, ਪ੍ਰੈਸ ਦੀ ਥਾਂ ਪ੍ਰੇਸ।

(7) ਲੁਧਿਆਣੇ ਮਿਸ਼ਨ ਦੁਆਰਾ ਪ੍ਰਕਾਸ਼ਤ ਅਨੁਵਾਦਾਂ ਉਤੇ ਸਥਾਨਕ ਉਪ-ਭਾਖਾ ਦੁਆਬੀ ਜਾਂ ਮਲਵਈ ਦਾ ਅਸਰ ਪ੍ਰਤੱਖ ਹੈ। 'ਵ' ਦੀ ਥਾਂ 'ਬ' ਦੀ ਵਰਤੋਂ ਆਮ ਹੈ —'ਵੱਡਾ' ਦੀ ਥਾਂ 'ਬੱਡਾ', 'ਵੰਡ' ਦੀ ਥਾਂ 'ਬੰਡ' ਆਦਿ।

(8) ਲਾਹੌਰ, ਸਿਆਲਕੋਟ ਜਾਂ ਰਾਵਲਪਿੰਡੀ ਮਿਸ਼ਨਾਂ ਦੁਆਰਾ ਹੋਏ ਅਨੁਵਾਦਾਂ ਉਤੇ ਪੱਛਮੀ, ਲਹਿੰਦੀ ਤੇ ਫ਼ਾਰਸੀ ਦਾ ਪ੍ਰਭਾਵ ਪ੍ਰਤੱਖ ਹੈ ਜਿਵੇਂ ਅਕਲ, ਰੂਹ, ਰਬੁ, ਰੌਸ਼ਨ, ਹਜ਼ੂਰ ਆਦਿ ਸ਼ਬਦਾਂ ਦਾ ਪ੍ਰਯੋਗ।

(9) ਅਨੁਵਾਦਾਂ ਨੂੰ ਪੇਂਡੂ ਬੋਲ ਚਾਲ ਦੇ ਲਹਿਜੇ ਦੇ ਨੇੜੇ ਰੱਖਣ ਦੀ ਕੋਸ਼ਿਸ਼ ਵੀ, ਉਚੇਚੀ ਕੀਤੀ ਪ੍ਰਤੀਤ ਹੁੰਦੀ ਹੈ ਜਿਵੇਂ: 'ਅਸੀਂ ਕੰਮ ਕਰਦੇ ਹਾਂ' ਦੀ ਥਾਂ " ਕੰਮ ਕਰਦੇ ਹਾਂਗੇ " , ਜਗ੍ਹਾ ਦੀ ਥਾਂ ਜਾਗਾ।

(10) ਦਾ, ਦੇ, ਦੀ ਥਾਂ ਕਾ, ਕੇ, ਕੀ ਦੀ ਵਰਤੋਂ ਵੀ ਕਈ ਥਾਈਂ ਰੜਕਦੀ ਹੈ। 'ਅਤੇ' ਦੀ ਥਾਂ 'ਅਰ' ਅਤੇ 'ਸੀ' ਦੀ ਥਾਂ 'ਸੇ' ਦੀ ਵਰਤੋਂ ਵੀ ਅਨੁਵਾਦਾਂ ਵਿਚ ਆਮ ਮਿਲਦੀ ਹੈ।

ਪ੍ਰਗਟਾਅ-ਢੰਗ ਦੀਆਂ ਉਪ੍ਰੋਕਤ ਊਣਤਾਈਆਂ, ਉਸ ਸਮੇਂ ਅਨੁਸਾਰ ਅਤੇ ਅਨੁਵਾਦਕਾਂ ਵਲੋਂ ਭਾਸ਼ਾ ਦੇ ਸ਼ੁਧ ਤੇ ਠੇਠ ਸਰੂਪ ਦੀ ਅਗਿਆਨਤਾ ਕਾਰਨ, ਬੜੀਆਂ ਸੁਭਾਵਿਕ ਹਨ। ਆਪਣੇ ਭਾਵਾਂ ਤੇ ਅਰਥਾਂ ਨੂੰ ਸਪੱਸ਼ਟ ਕਰਨ ਲਈ, ਅੰਗਰੇਜ਼ੀ ਭਾਸ਼ਾ ਦੇ ਬਿਸ਼੍ਰਾਮ ਚਿੰਨ੍ਹਾਂ ਦੀ ਵਰਤੋਂ ਬੜੇ ਯੋਗ ਢੰਗ ਨਾਲ ਕੀਤੀ

ਗਈ ਹੈ। ਵਿਆਕਰਣਕ ਨਿਯਮਾਂ ਦੇ ਵੱਧ ਤੋਂ ਵੱਧ ਨੇੜੇ ਰਹਿਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਾਦਰੀਆਂ ਦੀ ਵਾਰਤਕ ਅਸਲ ਵਿਚ ਪੁਰਾਤਨ ਤੇ ਨਵੀਨ ਵਾਰਤਕ ਨੂੰ ਜੋੜਨ ਵਿਚ ਇਕ ਸ਼ਕਤੀਸ਼ਾਲੀ ਕੜੀ ਦਾ ਕੰਮ ਕਰਦੀ ਹੈ। ਇਨ੍ਹਾਂ ਅਨੁਵਾਦਾਂ ਦੁਆਰਾ ਸਾਡੀ ਭਾਸ਼ਾ ਤੇ ਸਾਹਿੱਤ ਦੀ ਨਿੱਗਰ ਤੇ ਵਡ-ਮੁਲੀ ਸੇਵਾ ਹੋਈ। ਇਨ੍ਹਾਂ ਅਨੁਵਾਦਾਂ ਦੁਆਰਾ ਪੰਜਾਬੀ ਭਾਸ਼ਾ ਦੀ ਪ੍ਰਗਟਾ ਸਮਰੱਥਾ ਵਿਸ਼ਾਲ ਤੇ ਸ਼ਕਤੀਸ਼ਾਲੀ ਹੋਈ ਅਤੇ ਪੰਜਾਬੀ ਦਾ ਰੁਕ ਬੰਨ੍ਹਣ ਵਿਚ ਸਹਾਇਤਾ ਮਿਲੀ।

## ਮਿਸ਼ਨਰੀਆਂ ਦੀਆਂ ਭਾਸ਼ਾਈ ਕ੍ਰਿਤਾਂ

ਇੰਜੀਲ ਦੇ ਅਨੁਵਾਦਾਂ, ਧਾਰਮਕ ਟ੍ਰੈਕਟਾਂ[33] ਅਤੇ ਉਚੇ ਤੇ ਸੁਚੇ ਆਚਰਨ ਨੂੰ ਬਨਾਉਣ ਦੀ ਪ੍ਰੇਰਨਾ ਦੇਣ ਵਾਲੀਆਂ ਹੋਰ ਪੁਸਤਕਾਂ ਤੋਂ ਬਿਨਾਂ, ਮਿਸ਼ਨਰੀਆਂ ਦੀ ਸੱਭ ਤੋਂ ਮਹੱਤਵਪੂਰਨ ਸੇਵਾ ਤੇ ਘਾਲਣਾ ਪੰਜਾਬੀ ਦੇ ਵਿਆਕਰਣ, ਤੇ ਕੋਸ਼ ਅਤੇ ਹੋਰ ਅਜਿਹੀਆਂ ਕ੍ਰਿਤਾਂ ਦੀ ਪ੍ਰਕਾਸ਼ਨਾਂ ਹੈ, ਜਿਨ੍ਹਾਂ ਦਾ ਮੂਲ ਮਨੋਰਥ ਤਾਂ ਭਾਵੇਂ ਬਦੇਸ਼ੀਆਂ ਨੂੰ ਪੰਜਾਬੀ ਭਾਸ਼ਾ ਸਿੱਖਣ ਹਿੱਤ ਲੋੜੀਂਦੀ ਵਿਗਿਆਨਕ ਤੇ ਲਾਹੇਵੰਦੀ ਸਾਮੱਗ੍ਰੀ ਪ੍ਰਦਾਨ ਕਰਨਾ ਸੀ, ਪਰ ਜਿਸ ਨੇ ਸਾਡੀ ਭਾਸ਼ਾ ਦੇ ਨਿਯਮਤ, ਨਿਸ਼ਚਿਤ ਤੇ ਨਰੋਈਆਂ ਲੀਹਾਂ ਉਤੇ ਵਿਕਾਸ ਦਾ ਰਾਹ ਖੋਲ੍ਹ ਦਿੱਤਾ। ਹਰ ਨਵੀਂ ਕ੍ਰਿਤ ਦੀ ਪੁਣ-ਛਾਣ ਉਪ੍ਰੰਤ, ਸਾਹਮਣੇ ਆਈਆਂ ਖ਼ਾਮੀਆਂ ਤੇ ਊਣਤਾਈਆਂ ਨੇ ਨਵੇਂ ਉਤਸ਼ਾਹੀਆਂ ਨੂੰ ਵੰਗਾਰ ਤੇ ਪ੍ਰੇਰਨਾ ਦਿੱਤੀ ਅਤੇ ਇਸ ਤਰ੍ਹਾਂ ਇਕ ਨਿਰੰਤਰ ਲੜੀ ਚਲ ਪਈ ਜਿਸ ਵਿਚ ਦੇਸੀ ਤੇ ਬਦੇਸ਼ੀ ਦੋਹਾਂ ਵਰਗਾਂ ਦੇ ਵਿਦਵਾਨਾਂ ਨੇ ਆਪੋ ਆਪਣਾ ਯੋਗਦਾਨ ਦਿੱਤਾ।

ਡਾਕਟਰ ਵਿਲੀਅਮ ਕੇਰੀ ਦੇ ਸੀਰਾਮਪੁਰ ਪ੍ਰੈਸ ਤੋਂ ਛਪੇ 1812 ਈ. ਵਾਲੇ ਪਹਿਲੇ ਗ੍ਰਾਮਰ ਤੋਂ ਪਿਛੋਂ ਲੈਫਟੀਨੈਂਟ ਸੀ.ਬੀ.ਲੀਚ[34] ਨੇ 1838 ਵਿਚ ਪੰਜਾਬੀ ਦੀ ਛੋਟੀ ਜਿਹੀ ਤੇ[35] ਅਧੂਰੀ ਗ੍ਰਾਮਰ ਲਿਖੀ। 1849 ਈ. ਵਿਚ ਕੈਪਟਨ ਸਟਾਰਕੀ ਨੇ ਸ੍ਰ. ਭਸਾਵਾ ਸਿੰਘ ਦੀ ਸਹਾਇਤਾ

---

33. ਨਿਊਟਨ ਜੇ.(ਪੂਰਵ-ਕਥਤ ), ਪੰਨਾ 52.," Besides purely religious works there have been issued from the press of a different character, such as Punjabee dictionary and Grammer and other books intended to aid foreigners in studying the language of the people, also a few school books."

34. Robert Leech(Lt.)," A Grammer of the Punjabee Language", Bombay-1838, gx

35. ਇਸ ਵਿਆਕਰਣ ਦੀ ਇਕ ਕਾਪੀ ਨੈਸ਼ਨਲ ਲਾਇਬ੍ਰੇਰੀ ਕਲਕੱਤਾ ਵਿਚ ਪਈ ਹੈ। ਕੁਲ 23 ਪੰਨੇ ਹਨ। ਵਿਆਕਰਣ ਅੰਗਰੇਜ਼ੀ ਜ਼ਬਾਨ ਵਿਚ ਹੈ ਤੇ ਉਦਾਹਰਣਾਂ ਰੋਮਨ ਅਖਰਾਂ ਵਿਚ ਹਨ।

ਨਾਲ ਕਲਕੱਤੇ ਤੋਂ[36] ਇਕ ਮਿਸ਼੍ਰਤ ਜਿਹਾ ਗ੍ਰੰਥ ਛਾਪਿਆ ਜਿਸ ਵਿਚ ਅੰਗਰੇਜ਼ੀ-ਪੰਜਾਬੀ ਕੋਸ਼, ਵਿਆਕਰਣ ਤੇ ਅੰਗਰੇਜ਼ੀ-ਪੰਜਾਬੀ ਗਲ-ਬਾਤ ਛਾਪੀ। 1851 ਈ. ਵਿਚ ਪਾਦਰੀ ਜੌਹਨ ਨਿਊਟਨ ਨੇ[37] ਲੁਧਿਆਣਾ ਮਿਸ਼ਨ ਪ੍ਰੈਸ ਤੋਂ "ਏ ਗ੍ਰਾਮਰ ਆਫ਼ ਦੀ ਪੰਜਾਬੀ ਲੈਂਗੂਏਜ" ਛਾਪੀ। ਇਹ ਵਿਆਕਰਣ ਏਨਾਂ ਸਰਵ-ਪ੍ਰਿਯ ਹੋਇਆ ਕਿ 1893 ਈ. ਤਕ ਇਸ ਦੀਆਂ ਤਿੰਨ ਐਡੀਸ਼ਨਾਂ ਛਪ ਚੁੱਕੀਆਂ ਸਨ। ਜਾਹਨ ਨਿਊਟਨ ਨੇ ਆਪਣਾ ਵਿਆਕਰਣ ਵਰਣ-ਬੋਧ, ਸ਼ਬਦ-ਬੋਧ, ਵਾਕ-ਬੋਧ ਤੇ ਉਨ੍ਹਾਂ ਦੀਆਂ ਕਿਸਮਾਂ ਵਿਚ ਵੰਡਿਆ ਅਤੇ ਭਾਸ਼ਾ- ਵਿਗਿਆਨ ਦੀ ਦ੍ਰਿਸ਼ਟੀ ਤੋਂ ਸ਼ਬਦ-ਸ਼ਾਸਤ੍ਰ ਦੀਆਂ ਬਾਰੀਕੀਆਂ ਨੂੰ ਪੂਰੀ ਕੁਸ਼ਲਤਾ ਨਾਲ ਨਿਭਾਇਆ। ਪੰਜਾਬੀ ਗ੍ਰਾਮਰ ਦੇ ਅੰਤ ਵਿਚ ਚੋਣਵੇਂ ਪੰਜਾਬੀ ਮੁਹਾਵਰੇ ਵੀ ਦੇ ਦਿੱਤੇ। ਪਿੱਛੋਂ ਇਹ ਤੇ ਹੋਰ ਮੁਹਾਵਰੇ ਇਕੱਠੇ ਕਰਕੇ 'ਮੁਹਾਵਰੇ ਦੀਆਂ ਗੱਲਾਂ'[38] ਨਾਮ ਹੇਠ ਵਖਰੀ ਪੁਸਤਕ ਦੇ ਰੂਪ ਵਿਚ ਵੀ ਛਾਪੇ। ਇਹ ਅਖਾਉਤਾਂ ਠੇਠ ਹੋਣ ਕਰ ਕੇ ਸਾਡਾ ਉਚੇਚਾ ਧਿਆਨ ਖਿੱਚਦੀਆਂ ਹਨ ਜਿਵੇਂ (ੳ) ਜੱਟ ਫ਼ਕੀਰ, ਗਲ ਗੀਝਿਆਂ ਦੀ ਮਾਲਾ (ਅ) ਮਾਂ ਮੂਲੀ, ਪਿਓ ਪਿਆਜ਼ ਤੇ ਪੁਤ ਕੇਸਰ ਦੀ ਤਰੀ, (ੲ) ਗੰਜੀ ਗੁਟਾਰ ਤੇ ਟੀਸੀ ਉਤੇ ਆਲ੍ਹਣਾ (ਸ) ਪੱਲੇ ਨਹੀਂ ਅੰਨ ਤੇ ਪਕ੍ਹਾ ਸੂਹੀ ਚੰਨ੍ਹ।

ਡਾਕਟਰ ਜੌਹਨ ਨਿਊਟਨ ਦੇ ਹੋਣਹਾਰ ਸਪੁੱਤਰ ਈ.ਪੀ.ਨਿਊਟਨ ਨੇ ਜਿਥੇ ਧਰਮ ਪ੍ਰਚਾਰ ਲਈ, ਆਪਣੇ ਪਿਤਾ ਜਿੰਨੀ ਲਗਨ ਤੇ ਮਿਹਨਤ ਨਾਲ ਢੇਰ ਸਾਰੀਆਂ ਪੁਸਤਕਾਂ ਲਿਖੀਆਂ ਅਤੇ ਲਿਖਵਾਈਆਂ, ਉਥੇ ਉਨ੍ਹਾਂ ਨੇ ਆਪਣੇ ਪਿਤਾ ਦੇ ਪੰਜਾਬੀ ਗ੍ਰਾਮਰ ਨੂੰ ਸੋਧ ਕੇ ਤੇ ਨਵੇਂ ਰੂਪ ਵਿਚ 1898 ਈ.[39] ਵਿਚ "ਪੰਜਾਬੀ ਗ੍ਰਾਮਰ ਵਿਦ ਐਕਸਰਸਾਈਜ਼ਜ ਐਂਡ ਵੁਕੈਬੂਲਰੀ" ਨਾਂ ਹੇਠ ਛਾਪਿਆ। ਇਸ ਵਿਆਕਰਣ ਦੇ 342 ਪੰਨੇ ਤੇ 57 ਕਾਂਡ ਹਨ। ਨਿਊਟਨ ਨੇ ਲਿਖਿਆ ਹੈ ਕਿ "ਮੇਰੇ ਪਿਤਾ ਜੀ ਦੀ ਪੰਜਾਬੀ ਵਿਆਕਰਣ ਵਿਚ ਇਹ ਕਿਹਾ ਗਿਆ ਹੈ ਕਿ ਜਿਹੜੇ ਵਿਸ਼ੇਸ਼ਣ ਵਿਅੰਜਣ ਅੰਤ ਹੁੰਦੇ ਹਨ, ਉਨ੍ਹਾਂ ਦੀ ਰੂਪ ਸਾਧਨਾਂ ਨਹੀਂ ਕੀਤੀ ਜਾਂਦੀ। ਉਨ੍ਹਾਂ ਨੂੰ ਸ਼ਾਇਦ ਨਾਮ-ਵਾਚਕ ਵਿਸ਼ੇਸ਼ਣਾਂ ਦੀ ਵਰਤੋਂ ਦਾ ਖ਼ਿਆਲ ਨਹੀਂ ਸੀ।"[40]

---

36. "A Dictionary-English and Panjabee outlines of Grammer also dialogues with explanatory notes.", Calcutta -1849- by Capt. Samual Cross, Starkey and S. Bussawa Singh.

37. 'A Grammer of the Panjabee Language with appendices, Lodhiana-1851 by Rev.J.Newton.

38. ਅੰਮ੍ਰਿਮਹਿ ਪੰਜਾਬ ਦੇ ਜੁਲਾਈ 1866 ਦੇ ਅੰਕ ਵਿਚ ਜਾਹਨ ਨਿਊਟਨ ਦੁਆਰਾ ਰਚਿਤ ਹੇਠ ਲਿਖੀਆਂ ਪੁਸਤਕਾਂ ਦਾ ਜ਼ਿਕਰ ਆਇਆ ਹੈ:-(1) ਪੰਜਾਬੀ ਗ੍ਰਾਮਰ 1851, (2) ਪੰਜਾਬ ਦਾ ਜੁਗਰਾਫ਼ੀਆ (1860), (3) ਮੁਹਾਵਰੇ ਦੀਆਂ ਗੱਲਾਂ, 1863,) (4) ਪੰਜਾਬੀ ਕੋਸ਼ 1854.

39. Panjabi Grammer with exercises and Vocabulary', Ludhiana Mission Press-1898.

40 Ibid.

ਪਾਦਰੀ ਈ.ਪੀ.ਨਿਊਟਨ ਨੇ ਆਪਣੇ ਵਿਆਕਰਣ ਦੀ ਭੂਮਿਕਾ ਵਿਚ ਪੰਜਾਬੀ ਭਾਸ਼ਾ ਤੇ ਗੁਰਮੁਖੀਲਿੱਪੀ ਦੇ ਸੰਬੰਧਾਂ ਕੁਝ ਵੀ ਵੇਰਵੇ ਸਹਿਤ, ਚਰਚਾ ਕੀਤੀ ਹੈ। ਇਸ ਦੇ ਨਾਮ-ਸੰਸਕਰਣ, ਇਸ ਦੀ ਵਰਤੋਂ, ਗੁਰੂ ਨਾਨਕ ਦੁਆਰਾ ਇਸ ਲਿੱਪੀ ਦੀ ਸੁਧਾਈ ਵਿਚ ਪਾਇਆ ਗਿਆ ਹਿੱਸਾ ਤੇ ਗੁਰਮੁਖੀ ਅੱਖਰਾਂ ਦੀ ਪ੍ਰਾਚੀਨਤਾ ਸੰਬੰਧੀ ਕੁਝ ਤੱਥ ਪੇਸ਼ ਕੀਤੇ ਹਨ, ਜਿਹੜੇ ਸਾਡੇ ਪਿਛੋਂ ਆਉਣ ਵਾਲੇ ਵਿਦਵਾਨਾਂ, ਵਿਸ਼ੇਸ਼ ਤੌਰ ਤੇ ਸ੍ਰ. ਜੀ.ਬੀ.ਸਿੰਘ ਆਦਿ ਦੀਆਂ ਖੋਜਾਂ ਦਾ ਆਧਾਰ ਬਣੇ।[41] ਪਾਦਰੀ ਨਿਊਟਨ ਅਨੁਸਾਰ "ਚੇਲਿਆਂ ਵਲੋਂ ਆਪਣੇ ਗੁਰੂ ਦੇ ਮੁਖ ਵਿਚੋਂ ਜ਼ਬਾਨੀ ਬੋਲੇ ਗਏ ਬਚਨਾਂ ਤੇ ਸਿਖਿਆਵਾਂ ਨੂੰ ਜਦ ਲਿਖਤੀ ਰੂਪ ਵਿਚ ਸਾਂਭਿਆ ਜਾਣ ਲਗਾ ਤਾਂ ਉਹ ਲਿਖਤ ਗੁਰਮੁਖੀ ਬਣ ਗਈ।" ਪਰੰਤੂ ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ, ਗੁਰਮੁਖ ਗੁਰਮੁਖੀ ਸ਼ਬਦ ਨਾਥ ਜੋਗੀਆਂ ਨੇ ਵੀ ਵਰਤਿਆ ਹੈ ਅਤੇ ਬਾਬਾ ਸਿਰੀ ਚੰਦ ਜੀ ਦੇ 'ਪਧਤੀ ਨਾਮਾ' ਵਿਚ ਪੰਜਾਬੀ ਭਾਖਾ ਦੇ ਅਰਥਾਂ ਵਿਚ ਪ੍ਰਯੋਗ ਕੀਤਾ ਮਿਲਦਾ ਹੈ। ਇਸ ਲਈ ਇਸ ਸ਼ਬਦ ਦਾ ਕੇਵਲ ਸਿੱਖ ਗੁਰੂਆਂ ਨਾਲ ਸੰਬੰਧ ਹੋਣਾ ਸਿੱਧ ਨਹੀਂ ਹੁੰਦਾ।

---

41. Ibid,(39),"The language which is spoken with some variation through the Panjab and hence called Panjabi is usually written in what is known as the Gurmukhi character. This term is derived from Guru- a teacher, Mukh- the mouth and it probably owes its origin to the fact that the art of writing was at first employed only on sacred subjects and was practised by puplis who recorded the oral instruction of their Gurus,instead of as had been the case in earlier times, commiting his teaching."

    The alphabet consists of thirty-five letters, whence the name "Painti" signifying thirty five by which it is usually designated by the natives. It is a common belief amongst the people that these were originated by Baba Nanak, the founder of the Sikh Religion, who lived about fifteenth Century. It is certain,however, that whatever hand he may have had in modifying their form, most of them have, with slight variation in their structure come down from a very much remote antiquity. Of the entire number, no less than twenty one can, though they have undergone some changes, be distinctly recognized in ancient inscriptions, six at least being traceable to the 10th century of our era, three to the fifth century and twelve to the third century."

ਇਸ ਵਿਆਕਰਣ ਦੇ ਅੰਤ ਵਿਚ ਅੰਗਰੇਜ਼ੀ-ਪੰਜਾਬੀ ਤੇ ਪੰਜਾਬੀ-ਅੰਗਰੇਜ਼ੀ ਸ਼ਬਦ-ਭੰਡਾਰ ਵੀ ਦੇ ਦਿੱਤਾ ਗਿਆ ਹੈ। ਵਿਆਕਰਣ ਭਾਵੇਂ ਅੰਗਰੇਜ਼ੀ ਵਿਚ ਹੈ, ਪਰ ਉਦਾਹਰਣਾਂ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਹਨ।

ਪਾਦਰੀਆਂ ਦੀ ਦੇਖਾ ਦੇਖੀ ਤੇ ਪੰਜਾਬੀ ਨੂੰ ਨਵੇਂ ਢਾਂਚੇ ਅਨੁਸਾਰ ਪੜ੍ਹਾਈ ਲਈ ਇਕ ਵਿਸ਼ੇ ਵਜੋਂ ਪੜ੍ਹਨ ਦੀ ਖੁਲ੍ਹ ਦੇ ਫਲਸਰੂਪ, ਬੱਚਿਆਂ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਹੋਰ ਪਾਠ-ਪੁਸਤਕਾਂ ਤੋਂ ਬਿਨਾਂ ਲਾਲਾ ਬਿਹਾਰੀ ਲਾਲ ਪੁਰੀ ਨੇ 1867 ਈ. ਵਿਚ ਪਹਿਲਾ ਪੰਜਾਬੀ ਗ੍ਰਾਮਰ ਲਿਖਿਆ। ਦੋ ਵਰ੍ਹਿਆਂ ਪਿੱਛੋਂ ਮਗਰੋਂ 1869 ਈ. ਵਿਚ ਲਾਲਾ ਜੀ ਨੇ 'ਪੰਜਾਬੀ ਬਯਾਕਰਣ ਸਾਰ' ਨਾਂ ਹੇਠ ਦੂਜਾ ਗ੍ਰਾਮਰ ਲੁਧਿਆਣੇ ਤੋਂ ਪ੍ਰਕਾਸ਼ਤ ਕੀਤਾ ਜਿਸ ਦੇ ਕੁਲ 76 ਪੰਨੇ ਹਨ।[42] ਇਹ ਵਿਆਕਰਣ ਚਾਰ ਭਾਗਾਂ ਵਿਚ ਹੈ -(ੳ) ਵਰਣਮਾਲਾ ਵਿਖੇ, (ਅ) ਸ਼ਬਦ-ਬੋਧ ਵਿਖੇ, (ੲ) ਰਚਨਾ ਵਿਖੇ, (ਸ) ਪਿੰਗਲ ਵਿਖੇ। ਇਨ੍ਹਾਂ ਵਿਆਕਰਣਾਂ ਦੇ ਪ੍ਰਕਾਸ਼ਤ ਹੋਣ ਤੋਂ ਬਾਦ ਅਨਗਿਣਤ ਵਿਆਕਰਣ ਦੇਸੀ ਤੇ ਬਦੇਸ਼ੀ ਵਿਦਵਾਨਾਂ ਵਲੋਂ ਲਿਖੇ ਤੇ ਛਾਪੇ ਗਏ, ਜਿਹੜੇ ਸਾਡੇ ਵਿਸ਼ੇ ਦੇ ਘੇਰੇ ਤੋਂ ਲਾਂਭੇ ਹਨ।

ਪਾਦਰੀਆਂ ਦੇ ਉੱਦਮ ਨਾਲ ਹੀ ਪੰਜਾਬੀ ਦਾ ਪਹਿਲਾ ਕੋਸ਼ 1854 ਈ. ਵਿਚ ਛਪ ਕੇ ਤਿਆਰ ਹੋਇਆ। ਇਸ ਦੀ ਛਪਾਈ 1851 ਈ. ਵਿਚ ਸ਼ੁਰੂ ਹੋਈ ਤੇ 1854 ਈ. ਵਿਚ ਸੰਪੂਰਨ ਹੋਈ। ਪ੍ਰੈਸ ਦੇ ਸੁਪਰਿੰਟੈਂਡੈਂਟ ਪਾਦਰੀ ਜੈਨਵੀਰ[43] ਦੀ ਨਿਗਰਾਨੀ ਹੇਠ ਤਿਆਰ ਕੀਤਾ ਹੋਇਆ ਇਹ ਮਹੱਤਵਪੂਰਨ ਕੋਸ਼, ਪੰਜਾਬੀ ਕੋਸ਼ਕਾਰੀ ਦੇ ਇਤਿਹਾਸ ਵਿਚ ਮੀਲ-ਪੱਥਰ ਹੈ। ਇਸ ਕੋਸ਼ ਵਿਚ ਲਗਭਗ 28000 ਸ਼ਬਦ ਹਨ। ਇਸ ਕੋਸ਼ ਦੀ ਤਰਤੀਬ ਗੁਰਮੁਖੀ ਲਿੱਪੀ ਦੇ ਅੱਖਰਾਂ ਅਨੁਸਾਰ ਹੈ। ਪਹਿਲਾਂ ਸ਼ਬਦ ਦੇ ਕੇ, ਫੇਰ ਰੋਮਨਾਂ ਅੱਖਰਾਂ ਵਿਚ ਉਚਾਰਣ ਦਿੱਤਾ ਗਿਆ ਹੈ। ਫੇਰ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ। ਇਸ ਕੋਸ਼ ਨੂੰ ਸੰਪੂਰਨ ਨਹੀਂ ਆਖਿਆ ਜਾ ਸਕਦਾ ਕਿਉਂਜੋ ਇਸ ਵਿਚ ਕੇਵਲ ਲੁਧਿਆਣੇ ਦੀ ਉਪ-ਭਾਖਾ ਦੇ ਸ਼ਬਦ ਹੀ ਲਏ ਗਏ ਹਨ, ਸਾਰੀਆਂ ਉਪ-ਭਾਖਾਵਾਂ ਨਹੀਂ ਲਈਆਂ ਗਈਆਂ। ਦੂਜਾ ਨੁਕਸ ਇਹ ਹੈ ਕਿ ਇਸ ਵਿਚ ਆਮ ਵਰਤੋਂ ਦੇ ਸ਼ਬਦ ਵੀ ਨਹੀਂ ਆਏ। ਤੀਜਾ ਨੁਕਸ ਵਿਆਕਰਣਕ ਕਚਿਆਈ ਦਾ ਹੈ, ਪਰ ਤਾਂ ਵੀ ਇਹ ਕੋਸ਼ ਇਸ ਪੱਖੋਂ ਸ਼ਲਾਘਾਯੋਗ ਹੈ ਕਿ ਇਸ ਨਾਲ ਪੰਜਾਬੀ ਵਿਚ ਕੋਸ਼ ਲਿਖਣ ਦੀ ਪਿਰਤ ਪਈ ਤੇ

---

42. ਇਸ ਵਿਆਕਰਣ ਦੀ ਭੂਮਿਕਾ ਵਿਚ ਲਾਲਾ ਜੀ ਨੇ ਲਿਖਿਆ ਕਿ " ਮੇਜਰ ਹਾਲਰਾਇਡ ਡੀ.ਪੀ.ਆਈ.ਪੰਜਾਬ ਦੀ ਸਲਾਹ, ਮੂਜਬ, ਪੰਜਾਬੀ ਬੋਲੀ ਦੇ ਬਿਯਾਕਰਣ ਦਾ ਇਹ ਸਾਰ ਛਾਪਿਆ ਜਾ ਰਿਹਾ ਹੈ। "

43. "We notice with satisfaction the completion of the Panjabi dictionary a work that has necessarily taken up a very large proportion of time, attention and strength of the Supdtt. Rev.Janvier-Lodhiana Mission Report, 1854, p.19.

ਆਉਣ ਵਾਲੇ ਕੋਸ਼ਕਾਰਾਂ ਲਈ ਇਹ ਆਧਾਰ ਬਣਿਆ। ( ਇਸ ਨੂੰ ਭਾਸ਼ਾ ਵਿਭਾਗ, ਪੰਜਾਬ ਨੇ ਫਿਰ ਪ੍ਰਕਾਸ਼ਤ ਕੀਤਾ ਹੈ)।

ਪੰਜਾਬੀ ਦਾ ਦੂਜਾ 'ਸ਼ਬਦ-ਕੋਸ਼' 1895 ਈ. ਵਿਚ ਮੁਫ਼ੀਦ ਆਮ ਪ੍ਰੈਸ ਲਾਹੌਰ ਤੋਂ ਪ੍ਰਕਾਸ਼ਤ ਹੋਇਆ। ਇਸ ਨੂੰ "ਭਾਈ ਮੱਯਾ ਸਿੰਘ ਦਾ ਕੋਸ਼" ਵੀ ਆਖਿਆ ਜਾਂਦਾ ਹੈ। ਇਸ ਦੇ ਮੁਖ-ਬੰਧ ਵਿਚ ਲਿਖਿਆ ਹੈ ਕਿ ਪਾਦਰੀ ਜੈਨਵੀਅਰ ਸਾਹਿਬ ਵਾਲਾ 1854 ਈ. ਵਾਲਾ ਕੋਸ਼ ਛਾਪੇ ਤੋਂ ਬਾਹਰ ਸੀ। 1884[44] ਈਸਵੀ ਵਿਚ ਮਿਸਟਰ ਡੈਨਜ਼ਿਲ ਇਬਟਸਨ ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਨੇ ਪੰਜਾਬੀ ਵਿਚ ਨਵੇਂ ਸ਼ਬਦ-ਕੋਸ਼ ਨੂੰ ਤਿਆਰ ਕਰਨ ਦੀ ਸਲਾਹ ਦਿੱਤੀ। ਕਿਉਂਜੋ ਪਹਿਲਾ ਸ਼ਬਦ-ਕੋਸ਼, ਸ਼ਬਦਾਵਲੀ ਦੇ ਪੱਖੋਂ ਕੇਵਲ ਲੁਧਿਆਣੇ ਦੇ ਆਲੇ ਦੁਆਲੇ ਦੀ ਭਾਸ਼ਾ ਦੇ ਸ਼ਬਦਾਂ ਨੂੰ ਹੀ ਬਿਆਨਦਾ ਹੈ।[45] ਪੰਜਾਬ ਸਰਕਾਰ ਨੇ ਵੀ ਆਪਣੀ ਪਤ੍ਰਕਾ ਨੰਬਰ 203 ਮਿਤੀ 4 ਜੂਨ 1884 ਰਾਹੀਂ, ਲਾਹੌਰ ਦੇ ਮੁਫ਼ੀਦ ਆਮ ਪ੍ਰੈਸ ਦੇ ਮਾਲਕ ਮੁਨਸ਼ੀ ਹਰਸੁਖ ਰਾਏ ਨੂੰ ਪੁਰਾਣੇ ਕੋਸ਼ ਨੂੰ ਸੋਧ ਕੇ ਤੇ ਵਾਧਾ ਤੇ ਵਿਸਤਾਰ ਦੇ ਕੇ, ਦੋਬਾਰਾ ਛਾਪਣ ਦੀ ਪ੍ਰੇਰਨਾ ਦਿੱਤੀ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਮਿਸਟਰ ਐਚੀਸਨ ਦਾ ਵੀ ਵਿਚਾਰ ਸੀ ਕਿ ਨਵੇਂ ਸ਼ਬਦ ਸ਼ਾਮਲ ਕੀਤੇ ਜਾਣ ਤੇ ਇਸ ਨੂੰ ਕੇਵਲ ਜਲੰਧਰ ਅੰਮ੍ਰਿਤਸਰ ਦੇ ਆਲੇ ਦੁਆਲੇ ਦੀ ਬੋਲੀ ਜਾਣ ਵਾਲੀ ਸ਼ਬਦਾਵਲੀ ਤਕ ਸੀਮਤ ਨਾ ਰੱਖਿਆ ਜਾਏ, ਸਗੋਂ ਬਾਰ ਦੇ ਇਲਾਕੇ, ਮੁਲਤਾਨ ਤੇ ਰਾਵਲਪਿੰਡੀ ਦੇ ਇਲਾਕਿਆਂ ਦੇ ਸ਼ਬਦਾਂ ਨੂੰ ਵੀ ਸ਼ਾਮਲ ਕੀਤਾ ਜਾਏ।[46]

ਭਾਈ ਮੱਯਾ ਸਿੰਘ ਨੇ ਲੁਧਿਆਣਾ ਮਿਸ਼ਨ ਵਾਲੇ ਕੋਸ਼ ਨੂੰ ਆਧਾਰ ਬਣਾ ਕੇ ਬੜੀ ਮਿਹਨਤ ਤੇ ਲਗਨ ਨਾਲ ਪਾਦਰੀ ਈ.ਓ.ਬ੍ਰਾਇਨ, ਮੁਲਤਾਨ ਦੇ ਮਲਕ ਤੁਲਬੂ ਰਾਮ, ਰਾਵਲਪਿੰਡੀ ਦੇ ਲਾਲਾ ਧਨੀ ਰਾਮ ਅਤੇ ਬਲੋਚਿਸਤਾਨ ਦੇ ਭਾਈ ਖਾਨ ਸਿੰਘ ਆਦਿ ਦੀ ਸਹਾਇਤਾ ਲੈ ਕੇ,

---

44. ਇਸ ਕੋਸ਼ ਦੀ ਭੂਮਿਕਾ ਵਿਚ ਲਿਖਿਆ ਹੈ: "In 1884 Ludhiana Mission sanctioned the compilation of a new dictionary as the old Panjabi Dictionary was out of print. In 1884 Mr Denzil Ibbetson, the then Director of Public Instructions was of the opinion that a new Panjabi Dictionary should be prepared.

45. ਉਹੀ, ਭੂਮਿਕਾ, ਪੰਨਾ 2.

46. Introduction p.2.," Sir Charles Aitchison, the then Lieutinent Governor of the Panjab was inclined to think that in the new book, it would be advantageous to give us as full, as representative, as possible of the Panjabi Dialects and not confined to those prevalent in the country round Amritsar and Jullundur only and that the forms of speech, met within Multan, the country of Rawalpindi, should be adequately treated."

47. Ibid., Preface.

ਸਾਰੀਆਂ ਉਪ-ਭਾਖਾਵਾਂ ਦੇ ਸ਼ਬਦ ਇਕੱਤ੍ਰ ਕੀਤੇ ਅਤੇ 1200 ਸਫ਼ੇ ਦਾ ਇਕ ਕੋਸ਼ ਤਿਆਰ ਕੀਤਾ। ਪਾਦਰੀ ਗਿਲਫਰਡ ਨੇ ਇਸ ਦੇ ਪਰੂਫ ਪੜ੍ਹੇ। ਇਸ ਤਰ੍ਹਾਂ ਪੰਜਾਬ ਸਰਕਾਰ ਤੇ ਪਾਦਰੀਆਂ ਦੇ ਸਾਂਝੇ ਯਤਨਾਂ ਨਾਲ ਇਹ ਅਤੀ ਮਹੱਤਵ-ਪੂਰਨ ਤੇ ਲਾਭਦਾਇਕ ਕੋਸ਼ ਸਾਡੇ ਸਾਹਿੱਤ ਦਾ ਸ਼ਿੰਗਾਰ ਬਣਿਆ।

ਤੀਜਾ ਕੋਸ਼ ਪਾਦਰੀ ਜੇ ਵਿਲਸਨ ਤੇ ਈ.ਓ. ਬਰਾਇਨ ਨੇ 'ਮੁਲਤਾਨੀ ਸ਼ਬਦਾਵਲੀ ਸੰਗ੍ਰਹਿ ਦੇ ਰੂਪ ਵਿਚ ਤਿਆਰ ਕੀਤਾ। ਐਸੇ ਮੁਲਤਾਨੀ ਸ਼ਬਦਾਵਲੀ ਨੂੰ ਭ: ਮੱਯਾ ਸਿੰਘ ਵਾਲੇ ਕੋਸ਼ ਵਿਚ ਵੀ ਸ਼ਾਮਲ ਕੀਤਾ ਗਿਆ, ਜਿਸ ਦਾ ਹਵਾਲਾ ਉਸ ਕੋਸ਼ ਦੀ ਭੂਮਿਕਾ ਤੋਂ ਮਿਲਦਾ ਹੈ। ਇਸ ਸ਼ਬਦਾਵਲੀ ਸੰਗ੍ਰਹਿ ਦੇ ਛਾਪਣ ਦੀ ਤਾਰੀਖ਼ ਨਿਸ਼ਚਿਤ ਨਹੀਂ ਹੋ ਸਕੀ ਪਰ ਇਹ ਮੱਯਾ ਸਿੰਘ ਦੇ ਕੋਸ਼ ਤੋਂ ਪਹਿਲੋਂ ਤਿਆਰ ਹੋਇਆ, ਤਾਂ ਹੀ ਉਸ ਵਿਚ ਸੰਮਿਲਤ ਕਰਨਾ ਸੰਭਵ ਹੋ ਸਕਿਆ।

1895 ਈ. ਵਿਚ ਪਾਦਰੀ ਟ੍ਰੈਵਰ ਬੌਮਫੋਰਡ ਨੇ ਜਰਨਲ ਔਫ ਏਸ਼ੀਆਟਕ ਸੁਸਾਇਟੀ ਔਫ ਬੰਗਾਲ ਵਿਚ "ਪੱਛਮੀ ਪੰਜਾਬ ਵਿਚਬੋਲੀ ਜਾਣ ਵਾਲੀ ਭਾਸ਼ਾ" ਸੰਬੰਧੀ ਇਕ ਮਹੱਤਵ-ਪੂਰਨ ਪੱਤਰ ਪ੍ਰਕਾਸ਼ਤ ਕੀਤਾ।[48]

1898 ਈ. ਵਿਚ ਪਾਦਰੀ ਜੇ[49] ਵਿਲਸਨ ਨੇ "ਗ੍ਰਾਮਰ ਐਂਡ ਡਿਕਸ਼ਨਰੀ ਔਫ਼ ਵੈਸਟਰਨ ਪੰਜਾਬੀ" ਤਿਆਰ ਕੀਤੀ। ਇਸ ਕੋਸ਼ ਦਾ ਮਹੱਤਵ ਇਸ ਲਈ ਵਧ ਗਿਆ ਕਿਉਂਜੋ ਕੋਸ਼ ਦੇ ਅੰਤ ਵਿਚ ਲੋਕ-ਗੀਤ ਤੇ ਮੁਹਾਵਰੇ ਵੀ ਸ਼ਾਮਲ ਕਰ ਦਿਤੇ ਗਏ। ਇਨ੍ਹਾਂ ਦਿਨਾਂ ਵਿਚ ਹੀ ਓ ਬ੍ਰਾਇਨ ਸਾਹਿਬ ਨੇ ਕਾਂਗੜੀ ਉਪ-ਭਾਖ਼ਾ ਦਾ ਸ਼ਬਦਾਵਲੀ ਸੰਗ੍ਰਹਿ ਤਿਆਰ ਕੀਤਾ ਜਿਹੜਾ ਪ੍ਰਕਾਸ਼ਤ ਨਹੀਂ ਹੋ ਸਕਿਆ।[50]

ਡਾ.ਗ੍ਰਾਹਮ ਬੇਲੀ ਨੇ "ਸਾਂਸੀ ਉਪ-ਭਾਖਾ" ਉਤੇ ਇਕ ਪੱਤਰ ਲਿਖਿਆ, ਜਿਹੜਾ ਜਰਨਲ ਔਫ ਏਸ਼ੀਆਟਕ ਸੁਸਾਇਟੀ ਔਫ ਬੰਗਾਲ ਦੀ 1901 ਦੀ ਪਹਿਲੀ ਜਿਲਦ ਪੰਨਾ 7 ਤੋਂ 14 ਤੇ ਪ੍ਰਕਾਸ਼ਤ ਹੋਇਆ। ਇਹੀ ਪੱਤਰ ਵਡੇ ਆਕਾਰ ਵਿਚ ਪਿਛੋਂ 'ਸੀਕ੍ਰਟ ਵਰਡਜ਼ ਔਫ਼ ਸਾਂਸੀਜ਼, ਚੂਹੜਾਜ਼ ਐਂਡ ਅਰਗਾਟ ਆਫ਼ ਪੰਜਾਬ ਗੈਂਬਲਰਜ਼" ਨਾਂ ਹੇਠ ਪ੍ਰਕਾਸ਼ਤ ਹੋਇਆ।[51]

ਪਰ ਇਸ ਸਦੀ ਦੇ ਅਖ਼ੀਰੀ ਵਰ੍ਹੇ ਵਿਚ, ਡੇਰਾ ਗਾਜ਼ੀ ਖ਼ਾਂ ਦੀ ਚਰਚ ਮਿਸ਼ਨਰੀ ਸੋਸਾਇਟੀ[52] ਵਲੋਂ ਡਾਕਟਰ ਜਯੂਕਸ ਸਾਹਿਬ ਦਾ ਤਿਆਰ ਕੀਤਾ ਹੋਇਆ ਜਟਕੀ ਜਾਂ ਪੱਛਮੀ

---

48. ਮਰਦਮ ਸ਼ੁਮਾਰੀ ਰੀਪੋਰਟ 1901, ਚੈਪਟਰ ਛੇਵਾਂ, 'ਭਾਸ਼ਾ' ਪੰਨਾ 278
49. ਉਹੀ, ਪੰਨਾ 278
50. ਉਹੀ, ਪੰਨਾ 278
51. ਉਹੀ, ਪੰਨਾ 278
52. ਉਹੀ, ਪੰਨਾ 278

ਪੰਜਾਬੀ ਭਾਸ਼ਾ ਦਾ ਕੋਸ਼ ਪ੍ਰਕਾਸ਼ਤ ਹੋਇਆ, ਜਿਸ ਨੂੰ ਇਕ ਮਹੱਤਵ-ਪੂਰਨ ਕਿਰਤ ਹੋਣ ਕਰਕੇ, ਕੁਝ ਵਧੇਰੇ ਵਿਸਤਾਰ ਵਿਚ ਵਿਚਾਰਨਾ ਉਚਿਤ ਪ੍ਰਤੀਤ ਹੁੰਦਾ ਹੈ।

ਇਸ ਕੋਸ਼ ਦੇ ਮੁਢ ਵਿਚ ਘਾਲਣਾਂ ਦੇ ਮਨੋਰਥ[53] ਨੂੰ ਪ੍ਰਕਾਸ਼ਕ ਬੜੇ ਸਪੱਸ਼ਟ ਸ਼ਬਦਾਂ ਵਿਚ ਬਿਆਨ ਕਰਦਾ ਹੋਇਆ ਆਖਦਾ ਹੈ ਕਿ ਪਾਦਰੀ ਜਯੂਕਸ ਦਾ ਆਸ਼ਾ ਅਜਿਹੀ ਸ਼ਬਦਾਵਲੀ ਪ੍ਰਾਪਤ ਕਰਨਾ ਹੈ ਜਿਸ ਦੁਆਰਾ ਰੱਬੀ ਹੁਕਮ ਨੂੰ ਅਨੁਵਾਦਤ ਰੂਪ ਵਿਚ ਉਨ੍ਹਾਂ ਲੋਕਾਂ ਤਕ ਪਹੁੰਚਾਇਆ ਜਾ ਸਕੇ ਜਿਹੜੇ ਪਹਿਲੋਂ ਇਨ੍ਹਾਂ ਤੋਂ ਅਗਿਆਤ ਸਨ। ਇਹ ਪੱਛਮੀ ਪੰਜਾਬ ਵਿਚ ਬੋਲੀ ਜਾਣ ਵਾਲੀ ਜਟਕੀ ਜਾਂ ਪੱਛਮੀ ਪੰਜਾਬੀ ਦਾ ਕੋਸ਼ ਹੈ ਜਿਸ ਦੇ ਸਥਾਨਕ ਨਾਂ ਮੁਲਤਾਨੀ, ਬਲੋਚੀ, ਸ਼ਾਹਪੁਰੀ, ਡੇਰਾਵਾਲ, ਜਗਦਾਲੀ, ਪੇਸ਼ਾਵਰੀ, ਪੋਠੋਹਾਰੀ ਤੇ ਬਹਾਵਲਪੁਰੀ ਆਦਿ ਹਨ। ਇਸ ਦਾ ਸੀਮਾ-ਖੇਤਰ[54] ਉਹ ਇਲਾਕਾ ਹੈ ਜਿਹੜਾ ਡੇਰਾ ਗ਼ਾਜ਼ੀ ਖਾਂ ਦੇ ਪੱਛਮ ਤੋਂ ਲੈ ਕੇ ਸਿੰਧ ਦੇ ਦੱਖਣੀ ਇਲਾਕੇ ਤੇ ਕਸ਼ਮੀਰ ਦੀ ਹੱਦ ਤਕ ਚਲਦਾ ਹੈ। ਇਸ ਇਲਾਕੇ ਦੀ ਵਸੋਂ 35 ਲੱਖ ਤੋਂ 50 ਲੱਖ ਦੇ ਵਿਚਕਾਰ ਅਨੁਮਾਨੀ ਗਈ ਸੀ। ਪੱਛਮੀ ਪੰਜਾਬੀ ਨੂੰ ਕੇਂਦਰੀ ਪੰਜਾਬੀ ਨਾਲੋਂ ਇਕ ਵੱਖਰੀ ਭਾਸ਼ਾ ਸਿੱਧ ਕਰਨ ਵਿਚ ਬਹੁਤ ਸਾਰੇ ਯੂਰਪੀ ਵਿਦਵਾਨਾਂ ਨੇ ਜ਼ੋਰ ਲਾਇਆ ਹੈ। ਗ੍ਰੀਅਰਸਨ ਨੇ ਇਸ ਨੂੰ ਲਹਿੰਦਾ ਦਾ ਨਾਂ ਦੇ ਕੇ ਹਰ ਪੱਖੋਂ ਇਕ ਸੁਤੰਤਰ ਭਾਸ਼ਾ ਹੋਣ ਦਾ ਦਰਜਾ ਦਿੱਤਾ। ਜਯੂਕਸ ਨੇ ਵੀ ਇਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਦੋਹਾਂ ਭਾਸ਼ਾਵਾਂ ਵਿਚ ਬੜੀ ਘੱਟ[55] ਸਾਂਝ ਹੈ। ਭਾਵੇਂ ਅਜ ਦੀ ਖੋਜ ਨੇ ਇਸ ਗਲ ਨੂੰ ਗ਼ਲਤ ਸਾਬਤ ਕਰ ਦਿਤਾ ਹੈ। ਇਹ ਪੰਜਾਬੀ ਦੇ ਹੀ ਦੋ ਰੂਪ ਹਨ ਪੱਛਮੀ ਤੇ ਪੂਰਬੀ।

---

53. Jukes," In attempting to compile a dictionary of the Jatki or Western Panjabi Language, the author's first object was to provide himself with such a vocabulary, as would enable him or others to make a intelligible translation of the word of God for those, who have hitherto been ignorant of it."A Dictionary of the Jatki or Western Panjabi Language,1900,p.3.
54. Ibid,Introduction p.IV.
55. Ibid,Introduction p.V "The Western Panjabi or Jatki language is quite a different language from the spoken in the Eastern Panjab. Dr H.Martin Clark, who corrected the proofs of Bhai Maya Singh's Dictionary found only about 2 words on a page of this dictionary, with which he was familiar."

ਇਸ ਕੋਸ਼ ਦੀ ਵਿਧੀ ਪੰਜਾਬੀ ਕੋਸ਼ ਵਾਲੀ ਹੀ ਹੈ। ਕੁਲ 344 ਸਫ਼ਿਆਂ ਵਿਚ 13000 ਸ਼ਬਦ ਦਰਜ ਹਨ। ਭਾਵੇਂ ਇਸ ਕੋਸ਼ ਵਿਚ ਵੀ ਕੁਝ ਕੁ ਊਣਤਾਈਆਂ ਰਹਿ ਗਈਆਂ, ਜਿਉਂ ਗੁਰਮੁਖੀ ਦੀ ਥਾਂ ਫ਼ਾਰਸੀ ਲਿੱਪੀ ਦਾ ਪ੍ਰਯੋਗ ਕੀਤਾ ਹੈ ਅਤੇ ਜਟਕੀ ਵਰਣਮਾਲਾ ਦੇ 38 ਅੱਖਰ ਘੜੇ ਹਨ, ਪਰ ਇਸ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ, ਲਿੱਪੀ ਤੇ ਸਾਹਿੱਤ ਬਾਰੇ ਬੜੀ ਲਾਭਦਾਇਕ ਜਾਣਕਾਰੀ ਦਿੱਤੀ ਗਈ ਹੈ। ਲੁਧਿਆਣਾ ਕੋਸ਼ ਦੇ ਟਾਕਰੇ ਤੇ ਨਿਸ਼ਚੇ ਹੀ ਇਹ ਉੱਦਮ ਵਧੇਰੇ ਸਫ਼ਲ ਆਖਿਆ ਜਾ ਸਕਦਾ ਹੈ।

ਕੋਸ਼ਾਂ ਦੀ ਲੜੀ ਵਿਚ ਹੀ ਪਾਦਰੀ ਜੇ ਵਿਲਸਨ[56] ਦੁਆਰਾ ਤਿਆਰ ਕੀਤੀ "ਸ਼ਾਹਪੁਰੀ-ਕਾਂਗੜੀ ਸ਼ਬਦਾਵਲੀ" ਹੈ। ਪਹਿਲੇ ਭਾਗ ਦੇ 66 ਪੰਨਿਆਂ ਵਿਚ ਵਿਆਕਰਣ, ਸ਼ਬਦ-ਭੇਦਾਂ, ਨਾਵਾਂ, ਵਿਸ਼ੇਸ਼ਣਾਂ, ਲਿੰਗਾਂ, ਕਾਰਕਾਂ, ਕਿਰਿਆ-ਵਿਸ਼ੇਸ਼ਣ ਆਦਿ ਸੰਬੰਧੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਦੂਜੇ ਭਾਗ ਵਿਚ 40 ਸਿਰਲੇਖ ਅਧੀਨ ਰੋਜ਼ ਕੰਮ ਆਉਣ ਵਾਲੇ ਅਜਿਹੇ ਸ਼ਬਦਾਂ ਦੀ ਸੂਚੀ ਦਿੱਤੀ ਗਈ ਹੈ ਜਿਵੇਂ:- ਹਫ਼ਤੇ ਦੇ ਦਿਨ, ਦਰੱਖਤ, ਪੌਦੇ, ਜੰਗਲੀ ਜਾਨਵਰ, ਪੰਛੀ, ਬੀਮਾਰੀਆਂ, ਸਰੀਰ ਦੇ ਅੰਗ, ਜਾਤੀਆਂ, ਕਿੱਤੇ, ਰੀਤਾਂ ਰਸਮਾਂ, ਖੇਡਾਂ, ਹਥਿਆਰ, ਸੰਗੀਤ, ਕਵਿਤਾ ਆਦਿ। ਇਸ ਭਾਗ ਦੇ 62 ਪੰਨਿਆਂ ਵਿਚ ਵਿਸ਼ੇ-ਬੱਧ ਮੁਢਲੀ ਸ਼ਬਦਾਵਲੀ ਨੂੰ ਸ਼ਾਹਪੁਰੀ ਉਚਾਰਨ-ਲਹਿਜੇ ਵਿਚ ਅੰਕਿਤ ਕੀਤਾ ਗਿਆ ਹੈ। ਸ਼ਬਦਾਵਲੀ ਗ੍ਰੰਥ ਦੇ 6 ਭਾਗ ਹਨ ਜਿਨ੍ਹਾਂ ਵਿਚ ਕੁਲ 2000 ਸ਼ਬਦ ਸ਼ਾਮਲ ਕੀਤੇ ਗਏ ਹਨ। ਮਨੋਰਥ ਇਸ ਦਾ ਵੀ ਉਸ ਇਲਾਕੇ ਵਿਚ ਪਾਦਰੀਆਂ ਦੀਆਂ ਪਰਚਾਰ ਸਰਗਰਮੀਆਂ ਨੂੰ ਨਿਰ-ਵਿਘਨ ਚਲਾਉਣ ਲਈ ਲੋਕਾਂ ਦੀ ਬੋਲ-ਚਾਲ ਵਾਲੀ ਭਾਸ਼ਾ ਨਾਲ ਜਾਣਕਾਰੀ ਹੀ ਪ੍ਰਤੀਤ ਹੁੰਦਾ ਹੈ। ਇਹ ਵਧੇਰੇ ਕਰਕੇ ਪੰਜਾਬ ਦੀ ਪਦਾਰਥਕ, ਭੂਗੋਲਕ, ਜੀਵਕ ਆਦਿ ਸ਼ਬਦਾਵਲੀ ਕਹੀ ਜਾ ਸਕਦੀ ਹੈ।

ਉਪ੍ਰੋਕਤ ਸਾਰੇ ਕੋਸ਼ਾਂ ਜਾਂ ਸ਼ਬਦਾਵਲੀ ਸੰਗ੍ਰਹਿਾਂ ਦਾ ਮੂਲ ਮਨੋਰਥ ਯੂਰਪੀਨਾਂ ਨੂੰ, ਵਿਸ਼ੇਸ਼ ਤੌਰ ਤੇ ਪੰਜਾਬ ਵਿਚ ਨਿਯੁਕਤ ਹੋਏ ਅੰਗਰੇਜ਼ ਅਫ਼ਸਰਾਂ ਤੇ ਈਸਾਈ ਮਿਸ਼ਨਰੀਆਂ ਨੂੰ ਪੰਜਾਬੀ ਭਾਸ਼ਾ ਤੇ ਇਸ ਦੀਆਂ ਭਿੰਨ ਭਿੰਨ ਉਪ-ਭਾਖਾਵਾਂ ਦਾ ਗਿਆਨ ਦਿਵਾਉਣਾ ਹੀ ਸੀ, ਪੰਜਾਬੀ ਭਾਸ਼ਾ ਦੀ ਵਿਸ਼ੇ-ਬੱਧ ਸੇਵਾ ਜਾਂ ਵਿਕਾਸ ਦਾ ਕੋਈ ਮਨੋਰਥ ਨਹੀਂ ਸੀ। ਤਾਂ ਵੀ ਇਨ੍ਹਾਂ ਯਤਨਾਂ ਨੇ ਸਾਡੀ ਭਾਸ਼ਾ ਦੇ ਠੁਕ-ਬੰਨ੍ਹਣ ਤੇ ਇਸ ਦੇ ਸ਼ਬਦ-ਭੰਡਾਰ ਦਾ ਅਨੁਮਾਨ ਲਾ ਕੇ ਇਸ ਦੀਆਂ ਪ੍ਰਗਟਾ ਸੰਭਾਵਨਾਵਾਂ ਨੂੰ ਸਾਹਿੱਤਕ ਲੋੜਾਂ ਲਈ ਵਰਤੋਂ ਵਿਚ ਲਿਆਉਣ ਦੀ ਆਵੱਸ਼ਕਤਾ ਤੇ ਸਮਰੱਥਾ ਨੂੰ ਜ਼ਰੂਰ ਸਾਡੇ ਦ੍ਰਿਸ਼ਟੀਗੋਚਰ ਕੀਤਾ।

---

56. Wilson J.Rev.% Shah Puri-Kangri Glossary ", Dera Ghazi Khan,Mission, Society.

ਸੱਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਯਤਨਾਂ ਤੋਂ ਪਹਿਲਾਂ ਪੰਜਾਬੀ ਨੂੰ ਇਕ ਵੱਖਰੀ, ਸੰਪੂਰਨ ਤੇ ਸਮਰੱਥ ਭਾਸ਼ਾ ਦਾ ਦਰਜਾ ਹੀ ਨਹੀਂ ਸੀ ਦਿੱਤਾ ਜਾਂਦਾ। ਭਾਵੇਂ ਇਹ ਗ੍ਰੰਥ ਮੁਢਲੇ ਯਤਨ ਹੀ ਆਖੇ ਜਾ ਸਕਦੇ ਹਨ, ਪਰ ਕਿਸੇ ਭਾਸ਼ਾ ਦੇ ਟਕਸਾਲੀ ਬਨਣ ਲਈ ਤੇ ਉਸ ਦੇ ਵਿਗਿਆਨਕ ਅਧਿਐਨ ਲਈ ਇਹ ਯਤਨ ਆਧਾਰ ਬਣਦੇ ਹਨ ਤੇ ਇਹ ਆਧਾਰ ਸਾਮੱਗ੍ਰੀ ਸਾਨੂੰ ਇਨ੍ਹਾਂ ਪਾਦਰੀਆਂ ਦੇ ਯਤਨਾਂ ਦੁਆਰਾ ਹੀ ਪ੍ਰਾਪਤ ਹੋਈ।

## ਸਾਹਿੱਤਕ ਕਿਰਤਾਂ

ਜਿਸ ਤਰ੍ਹਾਂ ਉਪਰ ਦੱਸਿਆ ਜਾ ਚੁਕਾ ਹੈ, ਈਸਾਈ ਪਾਦਰੀਆਂ ਦਾ ਪੰਜਾਬੀ ਭਾਸ਼ਾ ਜਾਂ ਸਾਹਿੱਤ ਦੀ ਸੇਵਾ, ਉਨਤੀ ਜਾਂ ਪ੍ਰਫੁਲਨ ਦਾ ਕੋਈ ਮਨੋਰਥ ਨਹੀਂ ਸੀ। ਜੇ ਉਨ੍ਹਾਂ ਵਲੋਂ ਕੀਤੇ ਗਏ ਯਤਨਾਂ ਨਾਲ ਸਾਡੇ ਸਾਹਿੱਤ ਨੂੰ ਕੋਈ ਲਾਭ ਪੁਜਾ ਜਾਂ ਉਤਸਾਹ ਤੇ ਪ੍ਰੇਰਣਾ ਮਿਲੀ ਤਾਂ ਉਹ ਅਸਿੱਧੇ ਢੰਗ ਦੀ ਹੀ ਆਖੀ ਜਾ ਸਕਦੀ ਹੈ। ਅਨੁਵਾਦ, ਕੋਸ਼, ਵਿਆਕਰਣ, ਮੁਹਾਵਰੇ ਕੋਸ਼ ਆਦਿ ਸਭ ਇੱਕੋ ਆਸ਼ੇ ਅਧੀਨ ਤਿਆਰ ਕੀਤੇ ਜਾ ਕਰਵਾਏ ਗਏ ਪਰ ਨਿਸ਼ਚੇ ਹੀ ਇਨ੍ਹਾਂ ਨਾਲ ਸਾਡੀ ਭਾਸ਼ਾ ਦੇ ਨਿਯਮਤ ਅਧਿਐਨ ਦਾ ਮੁਢ ਜ਼ਰੂਰ ਬੱਝ ਗਿਆ। ਅਗਲਾ ਮਹੱਤਵ-ਪੂਰਨ ਕਦਮ ਪੱਛਮੀ ਸਾਹਿਤ ਦੇ ਕਲਾ-ਰੂਪਾਂ ਨਾਲ ਸਾਡਾ ਪਰਿੱਚਤ ਹੋਣਾ ਸੀ, ਜਿਨ੍ਹਾਂ ਨੂੰ ਵਰਤੋਂ ਵਿਚ ਲਿਆ ਕੇ ਪਾਦਰੀਆਂ ਨੇ ਉਪਰ ਦਸੇ ਆਸ਼ੇ ਦੀ ਪੂਰਤੀ ਕੀਤੀ, ਪਰ ਸਾਡੇ ਲਈ ਇਨ੍ਹਾਂ ਦਾ ਪ੍ਰਯੋਗ ਇਸ ਪੱਖੋਂ ਗੁਣਕਾਰੀ ਸਿੱਧ ਹੋਇਆ ਕਿ ਆਧੁਨਿਕ ਪੰਜਾਬੀ ਸਾਹਿੱਤ ਦੀ ਉਸਾਰੀ ਇਨ੍ਹਾਂ ਪੱਛਮ ਦੇ ਕਲਾ-ਰੂਪਾਂ ਦੁਆਰਾ ਆਰੰਭ ਹੋ ਗਈ ਤੇ ਇਕ ਤਰ੍ਹਾਂ ਨਾਲ ਇਨ੍ਹਾਂ ਨੇ ਨਵੀਨ ਕਲਾ-ਕ੍ਰਿਤਾਂ ਦੀ ਸਿਰਜਣਾ ਵਿਚ ਰੂੜ੍ਹੀ ਦਾ ਕੰਮ ਦਿੱਤਾ। ਇਹ ਕਲਾ-ਰੂਪ ਨਾਵਲ, ਕਹਾਣੀ, ਨਾਟਕ, ਜੀਵਨੀ, ਸਫ਼ਰਨਾਮੇ ਤੇ ਨਿਬੰਧ ਦੇ ਰੂਪ ਵਿਚ ਆਏ ਤੇ ਤਕਨੀਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਉਹੋ ਰੂਪ ਉੱਘੜ ਕੇ ਸਾਹਮਣੇ ਆਇਆ ਜਿਸ ਨੇ ਵਿਗਸਤ ਹੋ ਕੇ ਵੀਹਵੀਂ ਸਦੀ ਦੇ ਸਮੁਚੇ ਸਾਹਿੱਤ ਦੀ ਨੁਹਾਰ ਨੂੰ ਨਿਖਾਰਿਆ ਤੇ ਉਸ ਦਾ ਜੋ ਨਵਾਂ ਨਰੋਆ ਮੁਹਾਂਦਰਾ ਉਘਾੜਿਆ। ਪਾਦਰੀਆਂ ਨੇ ਵੀ ਇਨ੍ਹਾਂ ਕਲਾ-ਰੂਪਾਂ ਦੀ ਵਰਤੋਂ ਪ੍ਰਯੋਗ ਵਜੋਂ ਨਹੀਂ, ਸਗੋਂ ਨਿਸਚਿਤ ਕਲਾ ਪਰਮਾਣਾਂ ਵਜੋਂ ਕੀਤੀ ਜਿਨ੍ਹਾਂ ਦੀ ਦੇਖਾ ਦੇਖੀ ਸਾਡੇ ਸਾਹਿੱਤਕਾਰਾਂ ਨੇ ਵੀ ਇਨ੍ਹਾਂ ਨੂੰ ਉਸੇ ਪੱਧਰ ਅਤੇ ਦ੍ਰਿਸ਼ਟੀ ਤੋਂ ਅਪਨਾਉਣਾ ਸ਼ੁਰੂ ਕਰ ਦਿੱਤਾ। ਇਥੇ ਇਕ ਗੱਲ ਸਪੱਸ਼ਟ ਤੌਰ ਤੇ ਕਹਿ ਦੇਣੀ ਉਚਿੱਤ ਹੋਵੇਗੀ ਕਿ ਪੱਛਮੀ ਸਾਹਿੱਤ ਅਤੇ ਵਿਸ਼ੇਸ਼ ਕਰਕੇ ਅੰਗਰੇਜ਼ੀ ਦੇ ਸਿੱਧੇ ਅਧਿਐਨ ਨੇ ਵੀਹਵੀਂ ਸਦੀ ਵਿਚ ਜਾ ਕੇ ਬੇਸ਼ਕ ਸਾਡੇ ਸਾਹਿੱਤਕਾਰਾਂ ਦੀ ਕਲਾ ਨੂੰ ਪਰਪੱਕ ਕਰਨ ਜਾਂ ਰੂਪਕ ਪੱਖ ਤੋਂ ਸ੍ਰੇਸ਼ਟਤਾ ਨੂੰ ਗ੍ਰਹਿਣ ਕਰਨ ਵਿਚ ਬੜੀ ਮਹੱਤਵ-ਪੂਰਨ ਸਹਾਇਤਾ ਕੀਤੀ ਪਰ ਇਨ੍ਹਾਂ ਕਲਾ-ਰੂਪਾਂ ਦਾ ਮੁੱਢਲਾ ਪਰਿੱਚਯ ਇਨ੍ਹਾਂ ਪਾਦਰੀਆਂ ਦੀ ਕ੍ਰਿਪਾ ਦੁਆਰਾ ਹੀ ਸੰਭਵ ਹੋ ਸਕਿਆ।

ਆਮ ਵਿਸ਼ਵਾਸ਼ ਇਹੀ ਪ੍ਰਚਲਿਤ ਹੈ ਕਿ ਪਾਦਰੀ ਬਾਈਬਲ ਦੇ ਅਨੁਵਾਦਾਂ ਤੇ ਸਿੱਧਾਂਤਾਂ ਤੋਂ ਲਾਂਭੇ ਨਹੀਂ ਗਏ ਅਤੇ ਜੋ ਕੁਝ ਵੀ ਉਨ੍ਹਾਂ ਲਿਖਿਆ ਅਤੇ ਜਿਸ ਕਲਾ-ਰੂਪ ਨੂੰ ਵੀ ਉਨ੍ਹਾਂ ਨੇ ਅਪਣਾਇਆ, ਉਹ ਸਭ ਈਸਾਈਅਤ ਦੇ ਵਾਧੇ ਲਈ ਹੀ ਸੀ। ਪਰ ਜੇ ਅਸੀਂ ਇਨ੍ਹਾਂ ਪਾਦਰੀਆਂ ਦੁਆਰਾ ਰਚੇ ਸਮੁੱਚੇ ਸਾਹਿੱਤ ਉੱਤੇ ਨਜ਼ਰ ਮਾਰੀਏ ਤਾਂ ਕੁਝ ਕੁ ਰਚਨਾਵਾਂ ਅਜਿਹੀਆਂ ਵੀ ਮਿਲ ਜਾਂਦੀਆਂ ਹਨ, ਜਿਹੜੀਆਂ ਨਿਰੋਲ ਲੌਕਿਕ ਤੇ ਸਾਹਿੱਤਕ ਦ੍ਰਿਸ਼ਟੀ ਤੋਂ ਸਾਹਮਣੇ ਆਈਆਂ। ਸਕੂਲਾਂ ਦੀਆਂ ਪਾਠ-ਪੁਸਤਕਾਂ, ਵਿਆਕਰਣਾਂ, ਕੋਸ਼ਾਂ ਤੋਂ ਉਪ੍ਰੰਤ ਗਿਆਨ-ਸਾਹਿੱਤ ਤੇ ਸੁਕਤੀ-ਸਾਹਿੱਤ ਦੇ ਕੁਝ ਕੁ ਅਤਿ ਉੱਤਮ ਪ੍ਰਮਾਣ ਸਾਡਾ ਧਿਆਨ ਖਿੱਚਦੇ ਹਨ।

ਨਾਵਲ:

ਨਾਵਲ ਨੂੰ ਆਧੁਨਿਕ ਯੁਗ ਦਾ ਮਹਾਂ-ਕਾਵਿਕ ਰੂਪਾਂਤਰ, ਵਾਰਤਕ ਵਿਚ ਕਹਾਣੀ ਦਾ ਵਿਸਤ੍ਰਿਤ ਤੇ ਬਹੁ-ਪੱਖੀ ਬ੍ਰਿਤਾਂਤ, ਮੱਧ-ਸ਼੍ਰੇਣਿਕ ਸਭਿਆਚਾਰ ਵਿਚ ਵਿਚਰਦੇ ਮਨੁੱਖ ਦੇ ਉਦਗਾਰਾਂ ਦਾ ਸਾਹਿੱਤਕ ਰੂਪ ਜਾਂ ਮਨੁੱਖੀ ਸਮਾਜ ਦੀਆਂ ਵਿਭਿੰਨ ਪ੍ਰਸਿਥਿਤੀਆਂ ਦੇ ਮਨੋ-ਵਿਗਿਆਨਕ ਵਿਸ਼ਲੇਸ਼ਣ ਦਾ ਸ਼ਕਤੀ-ਸ਼ਾਲੀ ਸਾਹਿੱਤਕ ਮਾਧਿਅਮ ਆਦਿ ਦੇ ਨਾਂ ਦਿੱਤੇ ਜਾਂਦੇ ਹਨ। ਇਹ ਕਲਾ-ਰੂਪ ਵੀ ਸਾਡੇ ਸਾਹਿੱਤ ਵਿਚ ਪੱਛਮੀ ਪ੍ਰਭਾਵ ਦਾ ਹੀ ਸਿੱਟਾ ਹੈ, ਕਿਉਂਜੋ ਪੱਛਮੀ ਸੰਪਰਕ ਨਾਲ ਪੰਜਾਬ ਵਿਚ ਇਕ ਨਵੀਂ ਪੜ੍ਹੀ ਲਿਖੀ ਮੱਧ-ਸ਼੍ਰੇਣੀ ਹੋਂਦ ਵਿਚ ਆ ਗਈ, ਜਿਸ ਦੀ ਆਵਸ਼ਕਤਾ ਨਾਵਲ ਦੀ ਉਪਜ ਤੇ ਵਿਕਾਸ ਲਈ ਜ਼ਰੂਰੀ ਸਮਝੀ ਜਾਂਦੀ ਹੈ। ਇਸ ਸ਼੍ਰੇਣੀ ਹੋਂਦ ਤੇ ਸਮਰੱਥਾ ਦੇ ਵਾਧੇ ਨਾਲ ਹੀ ਨਾਵਲ ਦੇ ਜਨਮ ਲਈ ਭੋਇੰ ਤਿਆਰ ਹੋ ਗਈ, ਜਿਹੜੀ ਪਹਿਲੋਂ ਅਨੁਵਾਦਤ ਤੇ ਪਿਛੋਂ ਮੌਲਿਕ ਕ੍ਰਿਤਾਂ ਦੇ ਰੂਪ ਵਿਚ ਸਾਹਮਣੇ ਆਈ। ਇਸ ਕਲਾ-ਰੂਪ ਨੂੰ ਲਿਆਉਣ ਦਾ ਸਿਹਰਾ ਵੀ ਪਾਦਰੀਆਂ ਸਿਰ ਹੀ ਹੈ ਤੇ ਅੰਗਰੇਜ਼ੀ ਸਾਹਿੱਤ ਦੇ ਮੁਢਲੇ ਨਾਵਲ ਰੂਪ ਜਾਹਨ ਬਨੀਅਨ ਦੇ ਪਿਲਗ੍ਰਿਮਜ਼ ਪ੍ਰੋਗ੍ਰੈਸ(1678-84) ਦੇ ਪੰਜਾਬੀ ਅਨੁਵਾਦ (1859 ਈਸਵੀ)[57] ਨਾਲ ਹੀ ਸਾਡੇ ਸਾਹਿੱਤ ਵਿਚ ਇਸ ਦਾ ਆਰੰਭ ਹੋਇਆ ਕਿਹਾ ਜਾ ਸਕਦਾ ਹੈ। ਪਹਿਲੀ ਛਾਪ ਦੇ ਟਾਈਟਲ ਉੱਤੇ ਇਸ ਦਾ ਵੇਰਵਾ ਇਸ ਪ੍ਰਕਾਰ ਦਰਜ ਹੈ:-

---

57. ਸੁਰਿੰਦਰ ਸਿੰਘ ਦੁਸਾਂਝ ਆਪਣੇ ਪੀ-ਐਚ.ਡੀ. ਦੇ ਥੀਸਿਸ "ਪੰਜਾਬੀ ਨਾਵਲ ਦੇ ਲੱਛਣ ਤੇ ਝੁਕਾ, 1860-1946" ਵਿਚ ਇਸ ਅਨੁਵਾਦ ਦੀ ਮਿਤੀ 1892 ਦਿੰਦੇ ਹਨ, ਜਿਹੜਾ ਕਿ ਭੁਲ ਹੈ। ਪਹਿਲਾ ਅਨੁਵਾਦ ਛੇਤੀ ਸਾਲ ਪਹਿਲਾਂ ( 1859 ਈ.) ਪ੍ਰਕਾਸ਼ਤ ਹੋ ਚੁਕਾ ਸੀ ।

ਯਿਸੂਈ ਮੁਸਾਫ਼ਰ ਦੀ ਜਾਤ੍ਰਾ
ਸੁਫਨੇ ਵਿਖੇ
ਇਸ ਜਗਤ ਤੇ ਸੁਰਗ ਦੀ ਵਲ
ਲੁਦੇਹਾਣੇ ਦੇ ਮਿਸ਼ਨ ਪ੍ਰੈਸ ਵਿੱਚ ਅਮੇਰਿਕਨ
ਟਰਾਕਟ ਸੁਸੈਅਟੀ ਦੇ ਲਈ ਪਾਦਰੀ ਰੁਡਾਲਫ਼ ਸਾਹਬ
ਦੇ ਜਤਨ ਨਾਲ ਛਾਪੀ ਗਈ
ਸੰਬਤ ਯਿਸੂਈ
1859

ਲੇਖਕ ਦਾ ਨਾਵਲ "ਯਿਸੂਈ ਮੁਸਾਫਰ ਦੀ ਜਾਤ੍ਰਾ" [58] ਸੁਪਨੇ ਦੇ ਰੂਪ ਵਿਚ ਜਾਂ ਸੁਪਨੇ ਦੀ ਤਸਵੀਰ ਰਾਹੀਂ, ਪੇਸ਼ ਕੀਤਾ ਗਇਆ ਇਕ ਬਹੁਤ ਹੀ ਸਫਲ ਤਮਸੀਲੀ (allegorical ) ਰੂਪ ਹੈ ਜਾਂ ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਲਵੋ ਕਿ ਅਸਲ ਵਿਚ ਇਹ ਨਾਵਲ , ਆਤਮਾ ਜਾਂ ਰੂਹ ਦਾ ਇਸ ਨਾਸ਼ਮਾਨ ਸੰਸਾਰ ਤੋਂ ਉਸ ਸਦੀਵੀ ਜਾਂ ਸਥਿਰ ਸਚਿਆਈ ਵਲ ਕੂਚ ਹੈ, ਜੋ ਇਸ ਦਾ ਆਖ਼ਰੀ ਪੜਾਉ ਹੈ ਜਾਂ ਮੰਜ਼ਿਲ ਦੀ ਸਿਖਰ ਹੈ।

ਇਸ ਨਾਵਲ ਵਿਚ ਪਾਤਰ ਜਿੰਨੇ ਵੀ ਲਏ ਗਏ ਹਨ, ਸਾਰੇ ਹੀ ਅਸਰੀਰਕ ( abstract ) ਹਨ ਜਿਵੇਂ ਕਿ ਆਗਿਆਕਾਰੀ ( faithfulness )ਸੰਸਾਰੀ ਬੁੱਧੀਮਾਨ( Worldly Wiseman ) ਅਤੇ ਆਸ ( Hope ) ਆਦਿ। ਹੈਂਡ ਚਮ ਦਾ ਬਣਿਆ ਹੋਇਆ, ਇੱਕੋ ਇਕ ਯਿਸੂਈ ਪਾਤਰ ਹੀ ਪੁਸਤਕ ਵਿਚ ਮਿਲਦਾ ਹੈ। ਜਾਨ ਬਨੀਅਨ ਨੇ ਆਪਣੇ ਅਸਰੀਰਕ ਪਾਤਰਾਂ ਨੂੰ ਮਾਨਵੀਕਰਣ ਦੇ ਕਲਬੂਤ ਵਿਚ ਐਡੇ ਸੁਚੱਜੇ ਢੰਗ ਨਾਲ ਮੇਚਿਆ ਹੈ ਕਿ ਸਾਰੇ ਦੇ ਸਾਰੇ ਪਾਤਰ ਸਾਨੂੰ ਅਸਲ ( Truth ) ਤੀਕ ਪੁਜਣ ਦੇ ਜੁਧ ਵਿਚ ਸਪੱਸ਼ਟ ਰੂਪ ਵਿਚ ਜੂਝਦੇ ਨਜ਼ਰ ਆਉਂਦੇ ਹਨ।

ਧਾਰਮਿਕ ਭਾਵਨਾ ਵਿਚ ਸੰਚਰਿਤ ਇਸ ਨਾਵਲ ਨੇ ਧਰਮ ਦੀ ਪੁਨਰ-ਸੁਰਜੀਤੀ ਦੇ ਮਾਹੌਲ ਵਿਚ ਪੰਜਾਬੀ ਦੇ ਮੌਲਿਕ ਨਾਵਲਾਂ ਦਾ ਮੁੱਢ ਬੰਨ੍ਹਿਆ। ਭਾਵੇਂ ਪ੍ਰਿੰਸੀਪਲ ਤੇਜਾ ਸਿੰਘ ਨਾਵਲ ਦੀ ਉਪਜ ਦੇ ਪੜਾਵਾਂ ਦਾ ਵਿਸ਼ਲੇਸ਼ਣ ਵੱਖਰੀ ਦ੍ਰਿਸ਼ਟੀ ਤੋਂ ਕਰਦੇ ਹੋਏ, ਇਸ ਨੂੰ ਜਨਮ-ਸਾਖੀਆਂ ਦਾ ਪੁਤਰ-ਅਧਿਕਾਰੀ ਮੰਨਦੇ ਹਨ ਅਤੇ ਆਖਦੇ ਹਨ ਕਿ " ਸਾਹਿਤ ਦੇ ਇਤਿਹਾਸ ਵਿਚ ਪਹਿਲਾਂ

---

58. ਭੁਪਿੰਦਰ ਸਿੰਘ ਢਿੱਲੋਂ," ਪਿਲਗ੍ਰਿਮਜ਼ ਪ੍ਰੋਗ੍ਰੈਸ ਦਾ ਪੰਜਾਬੀ ਅਨੁਵਾਦ ", ਪਟਿਆਲਾ-1969 ਪੰਨਾ 57.

ਕਵਿਤਾ ਪ੍ਰਗਟ ਹੁੰਦੀ ਹੈ, ਫਿਰ ਵਾਰਤਕ, ਵਾਰਤਕ ਵਿਚ ਪਹਿਲਾਂ ਧਰਮ ਦੀ ਸਿੱਖਿਆ ਤੇ ਸਾਖੀਆਂ, ਫਿਰ ਸਾਖੀਆਂ ਵਰਗਾ ਇਤਿਹਾਸ ਅਤੇ ਅਤਿ ਨਿਰੋਲ ਇਤਿਹਾਸ ਤੇ ਨਾਵਲ।"[59] ਜੇ ਇੰਗਲੈਂਡ ਦਾ ਨਾਵਲ ਧਾਰਮਿਕ ਸਾਖੀਆਂ ਦਾ ਪ੍ਰਤਿ-ਫਲ ਹੈ, ਜਿਸ ਦਾ ਪ੍ਰਮਾਣ ਸਾਡੇ ਪਾਸ 'ਪਿਲਗ੍ਰਿਮਜ਼ ਪ੍ਰੋਗ੍ਰੈਸ' ਹੈ ਤਾਂ ਐਸੇ ਦੀ ਪ੍ਰੇਰਣਾ ਤੇ ਅਜਿਹੇ ਪ੍ਰਭਾਵਾਂ ਅਧੀਨ ਸੁੰਦਰੀ, ਬਿਜੈ ਸਿੰਘ ਤੇ ਸਤਵੰਤ ਕੌਰ ਨਾਵਲਾਂ ਦੀ ਉਪਜ ਹੋਈ। " ਇਸ ਨਾਵਲ ਪਿਲਗ੍ਰਿਮਜ਼ ਪ੍ਰੋਗ੍ਰੈਸ ਦਾ ਪੈਟਰਨ ਅਜਿਹਾ ਹੈ, ਜਿਸ ਵਿਚ ਪਾਤਰ ਮੁਸੀਬਤਾਂ ਵਿਚ ਪੈਂਦੇ ਹਨ ਪਰ ਮੁਸੀਬਤਾਂ ਨੂੰ ਜਿੱਤ ਲੈਂਦੇ ਹਨ। ਨਾਵਲ ਵਿਚ ਸਦਾਚਾਰ ਤੇ ਦੁਰਾਚਾਰ, ਨੇਕੀ ਅਤੇ ਬਦੀ ਪਾਤਰਾਂ ਤੇ ਕਹਾਣੀ ਦੇ ਰੂਪ ਵਿਚ ਟਕਰਾਂਦੇ ਹਨ। ਨੇਕੀ ਦੀ ਜਿੱਤ ਤੇ ਬਦੀ ਦੀ ਹਾਰ ਹੁੰਦੀ ਹੈ। ਰੁਚੀਆਂ ਦੇ ਪੱਖ ਤੋਂ ਭਾਈ ਵੀਰ ਸਿੰਘ ਦੇ ਨਾਵਲਾਂ, ਸੁੰਦਰੀ, ਬਿਜੈ ਸਿੰਘ ਤੇ ਸਤਵੰਤ ਕੌਰ ਦੇ ਪਾਤਰ ਵੀ ਧਾਰਮਿਕ ਰੰਗ ਵਿਚ ਰੰਗੇ ਹੋਏ ਹਨ। ਭਾਈ ਵੀਰ ਸਿੰਘ ਦੇ ਇਨ੍ਹਾਂ ਨਾਵਲਾਂ ਵਿਚਲੇ ਮੁਖ ਪਾਤਰ ਵੀ ਹਰ ਮੁਸੀਬਤ ਦਾ ਟਾਕਰਾ ਕਰਦੇ ਹਨ ਅਤੇ ਨੇਕੀ, ਸਤ ਧਰਮ ਆਸਰੇ, ਬਦੀ ਜ਼ੁਲਮ ਤੇ ਦੁਰਾਚਾਰ ਉਤੇ ਜਿੱਤ ਪ੍ਰਾਪਤ ਕਰਦੇ ਹਨ।[60] ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੇ ਪਾਤਰਾਂ ਦੇ ਅਜਿਹੇ ਨਾਂ ਜਿਵੇਂ ਦਿੱਲੀ- ਭੰਨ ਸਿੰਘ, ਮੁਗਲ ਦਮਨ ਸਿੰਘ, ਦੁਸ਼ਟ ਦਮਨ ਸਿੰਘ, ਸ਼ੀਲਕੌਰ, ਬਿਜੇ ਸਿੰਘ, ਸਤਵੰਤ ਕੌਰ ਆਦਿ ਯਿਸੂਈ ਮੁਸਾਫ਼ਰ ਦੀ ਜਾਤ੍ਰਾ ਦੇ ਸੁਭਾ ਅਨੁਸਾਰ ਨਾਂ ਰੱਖਣ ਦੀ ਰੁਚੀ ਨੂੰ ਹੀ ਪ੍ਰਤੱਖ ਕਰਦੇ ਹਨ।"[61]

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਪੰਜਾਬੀ ਨਾਵਲ ਉਤੇ ਇਸ ਨਾਵਲ ਦਾ ਸਿੱਧਾ ਪ੍ਰਭਾਵ ਪਿਆ ਅਤੇ ਭਾਈ ਵੀਰ ਸਿੰਘ ਨਿਸਚੇ ਹੀ ਇਸ ਨਾਵਲ ਦੇ ਆਸ਼ੇ, ਰੁਚੀ ਤੇ ਦ੍ਰਿਸ਼ਟੀ ਤੋਂ ਪ੍ਰਭਾਵਤ ਹੋਏ।

---

59. ਤੇਜਾ ਸਿੰਘ, ਨਾਨਕ ਸਿੰਘ ਦੇ ਨਾਵਲ 'ਚਿਟਾ ਲਹੂ' ਦਾ ਮੁਖ-ਬੰਧ, ਪੰਨਾ 2. ਅੰਮ੍ਰਿਤਸਰ-1938.

60. ਸੁਰਿੰਦਰ ਸਿੰਘ ਦੁਸਾਂਝ, " ਪੰਜਾਬੀ ਇਤਿਹਾਸਕ ਨਾਵਲ " , ਲੁਧਿਆਣਾ-1969, ਪੰਨਾ 21.

61. ਜਾਨ ਬਨੀਅਨ ਦੇ ਨਾਵਲ ਦੇ ਚੰਗੇ ਤੇ ਭੈੜੇ ਪਾਤਰਾਂ ਦੀਆਂ ਦੋ ਵੰਨਗੀਆਂ ਦੇ ਨਾਂ ਇਸ ਪ੍ਰਕਾਰ ਹਨ (ੳ) ਧਰਮੀ, ਭਰੋਸਾ, ਵਿਚਾਰ, ਬੁਧ, ਧਰਮ ਅਤੇ ਪ੍ਰੇਮ (ਅ) ਡਰਫੋਕਣਾ, ਬੇ-ਭਰੋਸਾ, ਬੁਢੇ ਆਦਮੀ ਦੀਆਂ ਤਿੰਨ ਲੜਕੀਆਂ, ਸਰੀਰ ਦੀ ਖੁਸ਼ੀ, ਪਲੀਤ ਨਜ਼ਰ, ਜਗਤ ਦੀ ਵਡਿਆਈ, ਅਸੰਤੋਸ਼ ਆਦਿ ਹਨ।

ਡਾਕਟਰ ਗੁਰਚਰਨ ਸਿੰਘ ਅਰਸ਼ੀ ਅਨੁਸਾਰ[62] "ਜਯੋਤਿਰੁਦਯ" ਨਾਂ ਦਾ ਇਕ ਹਰ ਪੱਖੋਂ ਸੰਪੂਰਨ ਨਾਵਲ, ਪੰਜਾਬ ਰਿਲਿਜਸ ਬੁਕ ਸੁਸਾਇਟੀ ਨੇ ਪਾਦਰੀ ਵੇਰੀ ਦੇ ਸਹਿਯੋਗ ਨਾਲ ਮਿਸ਼ਨ ਪ੍ਰੈਸ ਲੁਧਿਆਣਾ ਤੋਂ 1882 ਈਸਵੀ ਨੂੰ ਪ੍ਰਕਾਸ਼ਤ ਕੀਤਾ। ਇਸ ਨਾਵਲ ਦੇ ਪਹਿਲੇ ਪੰਨੇ ਤੇ ਇਹ ਸ਼ਬਦ ਅੰਕਿਤ ਹਨ:-

ਜ ਯੋ ਤਿ ਰੁ ਦ ਯ

ਅਰਥਾਤ

ਜੋਤ ਦਾ ਉਦੈ ਹੋਣਾ

ਪੰਜਾਬ ਰਿਲੀਜੀਅਸ ਬੁਕ ਸੁਸੈਅਟੀ ਦੇ ਲਈ

ਲੁਦੇਹਾਣੇ ਦੇ ਮਿਸ਼ਨ ਪ੍ਰੈਸ ਵਿਚ

ਪਾਦਰੀ ਵੇਰੀ ਸਾਹਿਬ ਦੇ ਜਤਨ ਨਾਲ

ਛਾਪਿਆ ਗਿਆ

ਮਸੀਹੀ ਸੰਬਤ 1882

ਪਹਿਲੀ ਛਪਾਈ 1000 ਪੋਥੀ

ਇਸ ਨਾਵਲ ਦੇ ਕੁਲ 144 ਪੰਨੇ ਹਨ। ਲੁਧਿਆਣਾ ਮਿਸ਼ਨ ਦੁਆਰਾ ਪ੍ਰਕਾਸ਼ਤ ਹੋਰ ਬਹੁਤ ਪੁਸਤਕਾਂ ਵਾਂਗ ਇਸ ਨਾਵਲ ਦੇ ਲੇਖਕ ਦਾ ਨਾਂ ਨਹੀਂ ਦਿੱਤਾ ਗਿਆ। ਨਾਵਲ ਦੇ ਸਾਰੇ ਪਾਤਰ ਬੰਗਾਲੀ ਹਨ ਤੇ ਘਟਨਾਵਾਂ ਅਤੇ ਵਾਤਾਵਰਨ ਵੀ ਬੰਗਾਲ ਦਾ ਹੀ ਹੈ। ਡਾਕਟਰ ਅਰਸ਼ੀ ਦਾ ਵਿਚਾਰ ਹੈ[63] ਕਿ ਇਸ ਨਾਵਲ ਦਾ ਲੇਖਕ ਭਾਵੇਂ ਕੋਈ ਵੀ ਹੋਵੇ, ਇਸ ਨੂੰ ਮੌਲਿਕ ਕ੍ਰਿਤ ਸਮਝਿਆ ਜਾਣਾ ਚਾਹੀਦਾ ਹੈ, ਕਿਉਂਜੋ ਬੰਗਾਲੀ ਜਾਂ ਅੰਗਰੇਜ਼ੀ ਸਾਹਿੱਤ ਵਿਚ ਅਜਿਹੇ ਕਥਾਨਕ ਜਾਂ ਵਿਸ਼ੇ ਨਾਲ ਸੰਬੰਧਿਤ ਕਿਸੇ ਹੋਰ ਕ੍ਰਿਤ ਦਾ ਕੋਈ ਹਵਾਲਾ ਨਹੀਂ ਮਿਲਦਾ। ਸੰਭਾਵਨਾ ਇਹ ਪ੍ਰਤੀਤ ਹੁੰਦੀ ਹੈ ਕਿ ਬੰਗਾਲ ਵਿਚ ਰਹਿੰਦੇ ਕਿਸੇ ਪਾਦਰੀ ਨੇ ਬੰਗਾਲੀ ਜੀਵਨ ਦਾ ਅਧਿਐਨ ਕੀਤਾ, ਪਰ ਪੰਜਾਬ ਵਿਚ ਆ ਕੇ ਉਸੇ ਨੂੰ ਮੌਲਿਕ ਕ੍ਰਿਤ ਵਜੋਂ ਤਿਆਰ ਕਰਕੇ ਛਾਪ ਦਿੱਤਾ। ਪਾਦਰੀਆਂ ਵਲੋਂ ਛਾਪੇ ਗਏ ਹੋਰ ਭਾਸ਼ਾਵਾਂ ਦੇ ਸਾਹਿੱਤ ਵਿਚ ਵੀ ਇਸ ਨਾਵਲ ਦੀ ਕਥਾ ਅਨੁਵਾਦਤ ਜਾਂ

---

62. ਅਰਸ਼ੀ, ਗੁਰਚਰਨ ਸਿੰਘ, "ਈਸਾਈ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ" ਦਿੱਲੀ ਯੂਨੀਵਰਸਿਟੀ ਦੁਆਰਾ ਪੀ-ਐਚ.ਡੀ. ਦੀ ਡਿਗਰੀ ਲਈ ਪ੍ਰਵਾਣਿਤ ਥੀਸਿਸ, ਦਿੱਲੀ-1973, ਪੰਨਾ 124.

63. ਉਹੀ ।

ਮੌਲਿਕ ਰੂਪ ਵਿਚ ਕਿਧਰੇ ਨਹੀਂ ਮਿਲਦੀ। ਇਸ ਤਰ੍ਹਾਂ ਪੰਜਾਬੀ ਨਾਵਲ ਦਾ ਮੁੱਢ 1898 ਈ. ਵਿਚ ਛਪੇ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਨਾਲ ਨਹੀਂ[64] ਸਗੋਂ 1882 ਈ. ਵਿਚ ਲੁਧਿਆਣਾ ਮਿਸ਼ਨ ਦੁਆਰਾ ਪ੍ਰਕਾਸ਼ਤ ਨਾਵਲ 'ਜਯੋਤਿਰੁਦਯ' ਨਾਲ ਬੱਝਦਾ ਹੈ। ਇਸ ਨਾਵਲ ਦਾ ਨਾਂ ਕੁਝ ਓਪਰਾ ਪ੍ਰਤੀਤ ਹੁੰਦਾ ਹੈ ਪਰ ਉਸ ਵੇਲੇ ਪੰਜਾਬੀ ਵਿਚ ਕੁਝ ਅਖ਼ਬਾਰਾਂ ਤੇ ਕਿਤਾਬਾਂ ਅਜਿਹੀਆਂ ਛਪੀਆਂ ਮਿਲਦੀਆਂ ਹਨ, ਜਿਨ੍ਹਾਂ ਦੇ ਨਾਂ ਇਸ ਨਾਵਲ ਦੇ ਨਾਂ ਨਾਲ ਮਿਲਦੇ ਜੁਲਦੇ ਹੋਣ ਕਰ ਕੇ, ਇਸ ਰੁਚੀ ਦੀ ਪੁਸ਼ਟੀ ਕਰਦੇ ਹਨ, ਜਿਵੇਂ ਕਿ 'ਚੰਦਰੁਦਯ' ਜਾਂ 'ਕਾਵਯ-ਚੰਦ੍ਰੋਦਯ' ਆਦਿ।

'ਜਯੋਤਿਰੁਦਯ' ਨਾਵਲ ਦਾ ਵਿਸ਼ਾ ਸਮਾਜਕ ਹੈ ਤੇ ਹਿੰਦੂ ਸਮਾਜ ਵਿਚ ਵਿਆਪਕ ਕੁਰੀਤੀਆਂ ਨੂੰ ਬਰੀਕ ਤੇ ਕਲਾਮਈ ਛੋਹਾਂ ਦੁਆਰਾ ਰੂਪਮਾਨ ਕੀਤਾ ਗਿਆ ਹੈ ਅਤੇ ਬੜੇ ਚਤੁਰ ਤੇ ਸੂਖਮ ਢੰਗ ਨਾਲ ਈਸਾਈ ਮਤ ਵਿੱਚੋਂ ਇਨ੍ਹਾਂ ਕੁਰੀਤੀਆਂ ਦਾ ਅਭਾਵ ਦਰਸਾ ਕੇ ਨਾਵਲ ਦੇ ਉੱਘੇ ਪਾਤਰਾਂ ਨੂੰ ਈਸਾਈ ਧਰਮ ਵਿਚ ਪਰਵਿਸ਼ਟ ਹੁੰਦਾ ਦਰਸਾ ਕੇ, ਆਪਣੇ ਪਰਚਾਰਕ ਮਨੋਰਥਾਂ ਦੀ ਪੂਰਤੀ ਸਪੱਸ਼ਟ ਭਾਂਤ ਕਰਾਈ ਗਈ ਹੈ। ਸਾਰੀ ਕਹਾਣੀ ਇਕ ਬੰਗਾਲੀ ਪਰਵਾਰ ਦੇ ਦੁਆਲੇ ਘੁੰਮਦੀ ਦਿਖਾਈ ਗਈ ਹੈ ਜਿਹੜਾ ਪਰੰਪਰਾਵਾਦੀ ਪਿਛਾਂਹ-ਖਿੱਚੂ ਵਹਿਮਾਂ, ਭਰਮਾਂ ਤੇ ਵਿਚਾਰਾਂ ਵਿਚ ਗ੍ਰਸਿਆ ਹੋਇਆ, ਨਰਕ ਸਮਾਨ ਜੀਵਨ ਬਤੀਤ ਕਰਦਾ ਹੈ। ਜਿਸ ਵਿਚ ਦੁਖ, ਗ਼ਰੀਬੀ, ਬੀਮਾਰੀ, ਬਾਲ ਵਿਆਹ ਦਾ ਰਿਵਾਜ, ਵਿਧਵਾ ਵਿਆਹ ਵਿਰੁਧ ਤੁਅੱਸਬ ਤੇ ਇਸਤਰੀ ਵਿਦਿਆ ਨੂੰ ਘੋਰ ਅਪਰਾਧ ਸਮਝ ਕੇ ਤ੍ਰਿਸਕਾਰਿਆ ਜਾਂਦਾ ਹੈ। ਇਕ ਈਸਾਈ ਇਸਤਰੀ ਸਿਲਾਈ ਕਢਾਈ ਦਾ ਕੰਮ ਸਿਖਾਉਂਦੀ ਸਿਖਾਉਂਦੀ ਯਸੂਹ ਮਸੀਹ ਦਾ ਸੁਨੇਹਾ ਦਿੰਦੀ ਹੈ। ਇਸ ਦਾ ਪਰਭਾਵ ਨਵੀਂ ਨੌਜਵਾਨ ਪੀੜ੍ਹੀ ਤੇ ਪੈਣਾ ਹੈ ਅਤੇ ਉਹ ਵੀ ਆਪਣਾ ਕਲਿਆਣ ਈਸਾਈ ਮੱਤ ਗ੍ਰਹਿਣ ਕਰਨ ਵਿਚ ਹੀ ਸਮਝਦੇ ਹਨ। ਭਾਈ ਵੀਰ ਸਿੰਘ ਦੇ ਨਾਵਲ 'ਬਾਬਾ ਨੌਧ ਸਿੰਘ' ਉਤੇ ਇਸ ਨਾਵਲ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ। ਹੋਰ ਸਾਰੇ ਧਰਮਾਂ ਦੀਆਂ ਊਣਤਾਈਆਂ ਤੇ ਐਬ ਦਰਸਾ ਕੇ ਆਪਣੇ ਧਰਮ ਦੀ ਸ੍ਰੇਸ਼ਟਤਾ ਤੇ ਉੱਤਮਤਾ ਦਰਸਾਉਣਾ 'ਬਾਬਾ ਨੌਧ ਸਿੰਘ' ਦਾ ਮੂਲ ਵਿਸ਼ਾ ਹੈ।

'ਜਯੋਤਿਰੁਦਯ' ਨਾਵਲ ਵਿਚ ਹਿੰਦੂ ਧਰਮ ਦਾ ਖੰਡਨ ਨਹੀਂ ਸਗੋਂ ਹਿੰਦੂ ਸੰਸਕ੍ਰਿਤੀ ਦਾ ਖੰਡਨ ਕੀਤਾ ਗਿਆ ਹੈ। ਨਾਵਲ ਦੇ ਹਿੰਦੂ ਪਾਤਰ ਆਪ ਹੀ ਆਪਣੀ ਸੰਸਕ੍ਰਿਤੀ ਦੇ ਥੋਥੇਪਨ ਨੂੰ

---

64.(1) ਸੁਰਿੰਦਰ ਸਿੰਘ, ਦੁਸਾਂਝ, "ਪੰਜਾਬੀ ਨਾਵਲ ਦੇ ਲੱਛਣ ਤੇ ਰੁਚੀਆਂ(1860-1946)", ਪੰਨਾ 28 "ਨਿਰਸੰਦੇਹ ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ।"

65 (II) ਅਮਰਜੋਤ ਕੌਰ, " ਪੰਜਾਬੀ ਨਾਵਲ ਦਾ ਸਮਾਜਕ ਤੇ ਆਰਥਕ ਪਿਛੋਕੜ", ਲੁਧਿਆਣਾ, ਪੰਨਾ 21, "ਪੰਜਾਬੀ ਨਾਵਲ ਦਾ ਜਨਮਦਾਤਾ ਭਾਈ ਵੀਰ ਸਿੰਘ ਹੈ।"

ਨੰਗਾ ਕਰਦੇ ਤੇ ਇਸ ਦਾ ਮਖੌਲ ਉਡਾਉਂਦੇ ਵਿਖਾਏ ਗਏ ਹਨ । ਨਾਵਲ ਦੀ ਸ਼ੈਲੀ ਤੇ ਆਸ਼ੇ ਦੀ ਸੋਧ ਦਾ ਅਨੁਮਾਨ ਲਾਉਣ ਲਈ ਕੁਝ ਇਕ ਉਦਾਹਰਣਾਂ ਦੇਣੀਆਂ ਉਚਿਤ ਪ੍ਰਤੀਤ ਹੁੰਦੀਆਂ ਹਨ -

(ੳ) "ਅੰਗਰੇਜ਼ੀ ਤੀਮੀਆਂ ਤਾਂ ਸਭ ਪੜ੍ਹਨਾ ਜਾਣਦੀਆਂ ਹਨ ਅਤੇ ਕਈ ਤਾਂ ਅਜਿਹੀਆਂ ਪੜ੍ਹੀਆਂ ਹਨ ਜੋ ਉਨ੍ਹਾਂ ਨੇ ਪੋਥੀਆਂ ਰਚੀਆਂ ਹਨ ਪਰ ਬੰਗਾਲੀ ਤੀਮੀਆਂ ਤਾਂ ਬੜੀਆਂ ਮੂਰਖ ਹਨ।"[65]

(ਅ) "ਹੁਣ ਮੈਂ ਇਹ ਜਾਣਨਾ ਚਾਹੁੰਦੀ ਹਾਂ ਜੋ ਖ੍ਰਿਸਟ ਅਰਥਾਤ ਮਸੀਹ ਕੌਣ ਹੈ? ਭਲਾ ਉਹ ਇੰਗਲਸਤਾਨ ਵਿਚ ਰਹਿੰਦਾ ਹੈ? ਮੈਂ ਜਾਣਦੀ ਹਾਂ, ਉਹ ਉਥੇ ਹੀ ਰਹਿੰਦਾ ਹੋਊ ਅਤੇ ਅੰਗਰੇਜ਼ਾਂ ਨੂੰ ਅਜਿਹਾ ਚਮਤਕਾਰ ਉਹੋ ਹੀ ਦਿੰਦਾ ਹੋਊ।"[66]

(ੲ) ਪਹਿਲੇ ਪੁਰਸ਼ਾਂ ਨੇ ਭੋਜਨ ਖਾਧਾ ਅਤੇ ਬੱਚੀਆਂ ਟੁੱਟੀਆਂ ਤ੍ਰੀਮਤਾਂ ਨੂੰ ਜਦ ਤੋੜੀ ਉਨ੍ਹਾਂ ਦੇ ਭਰਤੇ ਨਾ ਖਾ ਲੈਣ, ਠਹਿਰਨਾ ਪਿਆ — ਇਹ ਭੀ ਕੋਈ ਖੋਟੀ ਚਾਲ ਹਿੰਦੂਆਂ ਵਿਚ ਤੁਰੀ ਹੋਈ ਹੈ।"[67]

(ਸ) "ਕਿਉਂ ਜਦ ਗ੍ਰਹਿਣ ਲਗਦਾ ਹੈ ਤਾਂ ਸ਼ਾਸਤ੍ਰ ਵਿਚ ਲਿਖਿਆ ਹੈ ਜੋ ਇਕ ਦੈਂਤ ਸੂਰਜ ਅਰ ਚੰਦਰਮਾ ਨੂੰ ਨਿਗਲਦਾ ਹੈ, ਇਹ ਗੱਲ ਕੇਹੀ ਬੇਸਮਝੀ ਦੀ ਹੈ । ਫੇਰ ਧਰਤੀ ਨਾਰੰਗੀ ਦੇ ਸਮਾਨ ਗੋਲ ਹੈ ਪਰ ਸ਼ਾਸਤ੍ਰ ਆਖਦਾ ਹੈ ਜੋ ਉਹ ਚਪਟੀ ਹੈ। ਹੋਰ ਕਈ ਅਜਿਹੀਆਂ ਗੱਲਾਂ ਜੋ ਸ਼ਾਸਤ੍ਰ ਦੇ ਵਿਚ ਹਨ, ਜੋ ਬੁਧ ਦੇ ਵਿਰੁਧ ਹਨ। ਖ੍ਰਿਸਟਾਨੀਆਂ ਦੇ ਸ਼ਾਸਤ੍ਰ ਵਿਚ ਮੈਂ ਤਾਂ ਅਜੇ ਤੋੜੀ ਕੋਈ ਗਲ ਅਜਿਹੀ ਨਹੀਂ ਡਿੱਠੀ, ਜੋ ਬੁਧ ਦੇ ਵਿਰੁਧ ਹੋਵੇ।"[68]

(ਹ) "ਫੇਰ ਉਹ ਯਿਸੂ ਦੇ ਕਿਸੇ ਹੋਰ ਪਿਆਰੇ ਕੰਮ ਦੀ ਬਾਬਤ ਪੜ੍ਹੇ ਅਰ ਉਸ ਨੂੰ ਕ੍ਰਿਸ਼ਨ ਦੇ ਨਾਲ ਮਿਲਾਏ। ਕੇਹਾ ਪਵਿੱਤਰ, ਕੇਹਾ ਨਿਰਮਲ, ਕੇਹਾ ਸਨੇਹੀ, ਯਿਸੂ ਮਸੀਹ ਜੀ। ਮੈਂ ਉਸ ਦਾ ਕ੍ਰਿਸ਼ਨ ਦੇ ਨਾਲ ਨਾਉਂ ਲੈਣ ਤੋਂ ਡਰਦੀ ਜੇਹੀ ਹਾਂ। ਕ੍ਰਿਸ਼ਨ ਤਾਂ ਜਿਸਦੇ ਪਵਿੱਤਰ ਨਹੀਂ ਸੀ।"[69]

---

65. 'ਜਯੋਤਿਰੁਦਯ', ਪੰਨਾ 30, ਨਾਵਲ ਦਾ ਪਾਤਰ ਪ੍ਰੇਮ ਚੰਦ ਆਖਦਾ ਹੈ।
65. ਉਹੀ, ਪੰਨਾ 78.
66. ਉਹੀ, ਪੰਨਾ 68
67. ਉਹੀ, ਪੰਨਾ [illegible] (ਪ੍ਰੇਮ ਚੰਦ)
68 ਉਹੀ, ਪੰਨਾ 73 (ਪ੍ਰੇਮ ਚੰਦ)
69. ਉਹੀ, ਪੰਨਾ 64 (ਬਸੰਤ)

ਇਹ ਨਾਵਲ ਮੂਲ ਰੂਪ ਵਿਚ ਇਸਤਰੀ ਕੇਂਦਰਿਤ ਹੈ, ਕਿਉਂਜੋ ਇਸਤਰੀਆਂ ਮਰਦਾਂ ਨਾਲੋਂ ਛੇਤੀ ਪ੍ਰਭਾਵਤ ਹੋ ਜਾਂਦੀਆਂ ਹਨ। ਲਿਖਣ ਵਾਲਾ ਭਾਵੇਂ ਕੋਈ ਵੀ ਹੋਵੇ ਪਰ ਇਸਦੇ ਨਾਲ ਇਸ ਨੂੰ ਇਕ ਅਤੀ ਸਫਲ, ਪ੍ਰਚਾਰਕ ਤੇ ਮਨੋ-ਵਿਗਿਆਨਕ ਚਿਤ੍ਰ ਮੰਨਿਆ ਜਾ ਸਕਦਾ ਹੈ। ਇਸ ਵਿਚ ਆਧੁਨਿਕ ਨਾਵਲ ਵਾਲੇ ਸਾਰੇ ਗੁਣ ਮੌਜੂਦ ਹਨ। ਸਥਾਨਕ ਰੰਗਣ ਜਾਂ ਦ੍ਰਿਸ਼-ਵਰਣਨ ਬੜੀ ਰੀਝ ਤੇ ਸੂਝ ਨਾਲ ਕੀਤਾ ਗਿਆ ਹੈ — ਉਦਾਹਰਣ ਲਈ:[70] "ਇਹ ਮਨ ਦੇ ਲੁਭਾਉਣਹਾਰੀ ਫੱਗਣ ਮਹੀਨੇ ਦੀ ਸੰਧਿਆ ਸੀ। ਮਿੱਠੀ ਮਿੱਠੀ ਪੌਣ ਠੰਢੀ ਕੂਲੀ ਵਗਦੀ ਸੀ। ਆਕਾਸ਼ ਕੁਝ ਕੁਝ ਨਿਰਮਲ ਅਰ ਨੀਲਾ ਸੀ। ਬੱਦਲਾਂ ਦੇ ਟੋਟੇ ਚਾਂਦੀ ਦੇ ਥਾਨਾਂ ਵਾਂਙੂ ਸੂਰਜ ਦੀ ਜੋਤ ਨਾਲ ਚਮਕਦੇ ਹੋਏ, ਕਿਤੇ ਕਿਤੇ ਖਿੰਡ ਰਹੇ ਸੇ। ਅੰਬਾਂ ਦੇ ਬਿਰਛ ਬੂਰ ਅਰ ਕਲੀਆਂ ਦੇ ਨਾਲ ਲਦੇ ਹੋਏ, ਝੂਲਦੇ ਸੇ, ਅਰ ਸੁਗੰਧਤਾ ਦੀ ਮਹਿਕ ਨਾਲ ਪੌਣ ਭਰੀ ਹੋਈ ਸੀ, ਹਰ ਇਕ ਬ੍ਰਿਛ ਵਿਚ ਕਲੀ ਪੁੰਗਰੀ ਹੋਈ, ਅਤੇ ਫੁਲੇ ਹਰੇ ਅੰਗੂਰ ਸਭ ਤੋਂ ਅਨੋਖੀ ਸੋਭਾ ਦੇ ਰਹੇ ਸੇ — ਅਰ ਵਿਚ ਵਿਚਕਾਰ ਕੋਇਲ ਦੀ ਕੂਕ - ਬਨ ਦੇਵਤਾ ਦੀ ਬੋਲੀ ਵਰਗੀ ਸੁਹਾਈ ਦਿੰਦੀ ਸੀ, ਸੱਚ ਮੁਚ ਇਹ ਵੇਲਾ ਕੁਦਰਤਾਈ ਦਾ ਹੀ ਸੀ। ਕੁਝ ਅਚਰਜ ਨਹੀਂ ਜੇ ਸਭ ਤੋਂ ਮਿੱਠਾ ਅਰ ਸਾਰਿਆਂ ਵਿੱਚ ਪਰਚਲਿਤ ਬੰਗਾਲੀ ਵਿਚ ਤੀਮੀਆਂ ਨਾਓਂ ਬਸੰਤ ਹੀ ਹੁੰਦਾ ਹੋਵੇ, ਅਰ ਇਹੋ ਨਾਉਂ ਸਾਰੇ ਵਰ੍ਹੇ ਦੀ ਮਨ-ਭਾਉਂਦੀ ਰੁੱਤ ਦਾ ਹੈ।"[71]

ਨਾਵਲ ਦਾ ਪਲਾਟ ਬੜਾ ਸਿੱਧਾ ਹੈ। ਨਾਵਲ ਦੇ ਕੁਲ 14 ਕਾਂਡ ਹਨ। ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਰੋਚਿਕਤਾ ਕਾਇਮ ਰਹਿੰਦੀ ਹੈ ਤੇ ਜਿਉਂ ਜਿਉਂ ਨਾਵਲ ਦੀ ਤੋਰ ਨਾਲ ਗੁੰਝਲਾਂ ਪੈਂਦੀਆਂ ਹਨ, ਪਾਠਕਾਂ ਦੀ ਉਤਸੁਕਤਾ ਵਧਦੀ ਜਾਂਦੀ ਹੈ। ਵਾਰਤਾਲਾਪ ਨਾਟਕੀ ਹੈ। ਪਾਤਰਾਂ ਦੀਆਂ ਸਾਂਸਿਆਵਾਂ ਭਾਵਾਂ ਤੇ ਵਿਚਾਰਾਂ ਦੀ ਇੱਕੋ ਪੱਧਰ ਤੇ ਵਿਰਣਨ ਦੀ ਥਾਂ ਉਤਰਾਵਾਂ ਚੜ੍ਹਾਵਾਂ ਨਾਲ ਓਤ ਪੋਤ, ਗਤੀਸ਼ੀਲ ਤੇ ਪਰਿਵਰਤਨਸ਼ੀਲ ਹਨ। ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਬਿਆਨ ਢੰਗ ਬੜਾ ਮਿਠਾ, ਰੋਚਿਕ ਤੇ ਦਲੀਲ-ਪੂਰਨ ਹੈ। ਡਾਕਟਰ ਗੁਰਚਰਨ ਸਿੰਘ ਅਰਸ਼ੀ ਦੇ ਸ਼ਬਦਾਂ ਵਿਚ "ਲੇਖਕ ਸ਼ੈਲੀ ਮਧੁਰ ਤੇ ਰਸਾਤਮਕ ਹੈ। ਪ੍ਰਕ੍ਰਿਤੀ ਦੇ ਸੌਂਦਰਯਮਈ ਦ੍ਰਿਸ਼ਾਂ ਦਾ ਚਿਤ੍ਰਣ ਕਰਨ ਲੱਗਿਆਂ ਤਾਂ ਨਾਵਲ-ਕਾਰ ਦੀ ਭਾਸ਼ਾ ਇਤਨੀ ਕਾਵਿ-ਮਈ ਬਣ ਗਈ ਹੈ ਕਿ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਕਵਿਤਾ ਪੜ੍ਹ ਰਿਹਾ ਹੋਵੇ।"[72]

---

70. ਉਹੀ, ਪੰਨਾ 17

71. ਉਹੀ, ਪੰਨਾ 17.

72. ਅਰਸ਼ੀ, 'ਈਸਾਈ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਦੇਣ', ਪੰਨਾ 149.

ਹੁਣ ਤਕ ਭਾਈ ਵੀਰ ਸਿੰਘ ਨੂੰ ਪੰਜਾਬੀ ਨਾਵਲ ਦਾ ਮੋਢੀ ਸਮਝਿਆ ਜਾਂਦਾ ਰਿਹਾ ਹੈ। ਇਸ ਨਾਵਲ ਦੀ ਪ੍ਰਾਪਤੀ ਅਤੇ ਲਿਖੇ ਤੇ ਛਪੇ ਜਾਣ ਦੀ ਨਿਸਚਿਤ ਤਾਰੀਖ਼ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਨਾਵਲ ਦਾ ਇਤਿਹਾਸ 1882 ਈ. ਤੋਂ ਸ਼ੁਰੂ ਹੁੰਦਾ ਹੈ। ਉਂਜ " ਭਾਈ ਵੀਰ ਸਿੰਘ ਦੀ ਚਿੰਤਨ-ਵਿਧੀ ਦਾ ਮੁੱਢ ਈਸਾਈ ਮਿਸ਼ਨਰੀਆਂ ਨੇ ਹੀ ਬੰਨ੍ਹ ਦਿੱਤਾ ਸੀ। ਭਾਈ ਵੀਰ ਸਿੰਘ ਜਿਹੜਾ ਆਪਣੇ ਨਾਵਲਾਂ ਵਿਚ ਸਿੱਖ ਧਰਮ ਦੀ ਮਹਿਮਾਂ ਕਰਦਾ ਨਹੀਂ ਥੱਕਦਾ, ਇਸੇ ਪ੍ਰਕਾਰ ਇਸ ਪੁਸਤਕ ਦੇ ਲੇਖਕ ਨੂੰ ਵੀ ਈਸਾਈ ਧਰਮ ਨਾਲੋਂ ਬਾਕੀ ਸਾਰੇ ਧਰਮ ਨੀਵੇਂ ਲਗਦੇ ਹਨ।"[73]

"ਭਾਈ ਵੀਰ ਸਿੰਘ ਸਿੱਖ ਨਰ ਨਾਰੀਆਂ ਨੂੰ ਇਸ ਹਮਲੇ( ਈਸਾਈਆਂ ਵਲੋਂ ਭਾਰਤੀ ਧਰਮਾਂ ਉੱਤੇ ) ਤੋਂ ਬਚਾਣ ਦੀ ਪ੍ਰੇਰਣਾ ਲੈਣ ਅਤੇ ਆਪਣੇ ਧਰਮ ਨੂੰ ਸਾਰੇ ਧਰਮਾਂ ਨਾਲੋਂ ਸ੍ਰੇਸ਼ਟ ਸਿੱਧ ਕਰਨ ਦੇ ਜਤਨਾਂ ਵਿਚ ਰੁਝਿਆ ਰਿਹਾ। ਉਸ ਦੇ ਨਾਵਲ ਇਸੇ ਸੋਚ ਨੂੰ ਸਾਕਾਰ ਕਰਦੇ ਹਨ। ਉਪਰੋਕਤ ਨਾਵਲ ਭਾਈ ਵੀਰ ਸਿੰਘ ਤੇ ਉਸ ਵਰਗੇ ਹੋਰ ਲੇਖਕਾਂ ਲਈ ਇਕ ਪ੍ਰਕਾਰ ਦਾ ਪ੍ਰੇਰਣਾ ਸ੍ਰੋਤ ਬਣਿਆ ਅਤੇ ਉਨ੍ਹਾਂ ਨੇ ਧਰਮ ਰੱਖਿਆ ਲਈ ਸਾਹਿੱਤ ਰਚਨਾ ਸ਼ੁਰੂ ਕੀਤੀ। ਸਾਡੇ ਮੱਤ ਅਨੁਸਾਰ ਕਾਲ-ਕ੍ਰਮ ਦੀ ਦ੍ਰਿਸ਼ਟੀ ਤੋਂ ਇਸ ਨਾਵਲ ਦਾ ਪੰਜਾਬੀ ਨਾਵਲ ਕਲਾ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ।"[74]

## ਨਿੱਕੀ ਕਹਾਣੀ

ਖੁਸ਼ਕ ਵਾਦ-ਵਿਵਾਦ ਜਾਂ ਸਿਧਾਂਤ ਨਿਰੂਪਣ ਨਾਲੋਂ ਕਹਾਣੀ ਦਾ ਮਾਧਿਅਮ ਹਰ ਪ੍ਰਕਾਰ ਦੇ ਪ੍ਰਚਾਰ ਲਈ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੋ ਸਕਦਾ ਹੈ। ਕਹਾਣੀਆਂ ਵਿਚ ਦਿਲਚਸਪੀ ਮਨੁਖ ਦੀ ਜਮਾਂਦਰੂ ਰੀਝ ਜਾਂ ਰੁਚੀ ਹੈ। ਈਸਾਈ ਪਰਚਾਰਕਾਂ[75] ਨੇ ਵੀ ਇਸੇ ਮਾਧਿਅਮ ਨੂੰ ਪ੍ਰਯੋਗ

---

73. ਉਹੀ, ਪੰਨਾ 151
74. ਉਹੀ, ਪੰਨਾ 152

75. Uppal, S.S., "Panjabi Short story its origin and Development" New Delhi, 1966, p.230.

" The preachers of christianity were aware of the fact that story is the most suitable literary form which we can make dogmatic preaching palatable and digestable. This form of fiction has the potentialities of sugar coating the bitter dogma."

ਸਫਲਤਾ ਨਾਲ ਨਿਭਾਇਆ, ਜਿਨ੍ਹਾਂ ਦੀ ਦੇਖਾ ਦੇਖੀ ਬਾਕੀ ਧਰਮਾਂ ਵਾਲਿਆਂ ਨੇ ਵੀ ਇਹੀ ਸਾਧਨ ਅਪਨਾਉਣਾ ਉਚਿੱਤ ਸਮਝਿਆ। 100 ਕੁ ਦੇ ਕਰੀਬ ਅਜਿਹੀਆਂ ਕਹਾਣੀਆਂ ਇਨ੍ਹਾਂ ਮਿਸ਼ਨਰੀਆਂ ਦੁਆਰਾ ਪ੍ਰਕਾਸ਼ਤ ਕੀਤੀਆਂ ਮਿਲਦੀਆਂ ਹਨ। ਕੁਝ ਕਹਾਣੀਆਂ ਤਾਂ ਬਾਈਬਲ ਉਤੇ ਆਧਾਰਿਤ ਹਨ ਅਤੇ ਯਸੂਹ ਮਸੀਹ ਜਾਂ ਈਸਾਈ ਧਰਮ ਦੀ ਕਿਸੇ ਵਿਸ਼ੇਸ਼ ਘਟਨਾ ਨਾਲ ਸੰਬੰਧਿਤ ਹਨ। ਕੁਝ ਕਹਾਣੀਆਂ ਕਲਪਿਤ ਹਨ ਤੇ ਹੋਰ ਧਰਮਾਂ ਦੀ ਕਿਸੇ ਕੁਰੀਤੀ ਨੂੰ ਲੈ ਕੇ, ਉਸ ਦੇ ਖੰਡਨ ਵਜੋਂ ਲਿਖੀਆਂ ਗਈਆਂ ਹਨ। ਅਜਿਹੀਆਂ ਕਹਾਣੀਆਂ, 'ਚੁਪਤ੍ਰੀਆਂ ਜਾਂ ਛੋਟੇ ਛੋਟੇ ਪੈਂਫਲਿਟਾਂ ਤੇ ਟ੍ਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਤ ਕੀਤੀਆਂ ਗਈਆਂ। ਨਿਰਸੰਦੇਹ ਇਹ ਕਹਾਣੀਆਂ ਕਲਾ ਜਾਂ ਸੋਹਜ ਦੀ ਦ੍ਰਿਸ਼ਟੀ ਤੋਂ ਨਹੀਂ, ਸਗੋਂ ਪਰਚਾਰ ਦੇ ਆਸ਼ੇ ਅਧੀਨ ਰਚੀਆਂ ਗਈਆਂ, ਪਰ ਇਸ ਨਾਲ ਸਾਹਿੱਤ ਦਾ ਇਹ ਕਲਾ-ਰੂਪ ਫੇਰ ਉੱਨਤ ਹੋਇਆ।[76] ਇਨ੍ਹਾਂ ਕਹਾਣੀਆਂ ਦੀ ਬੋਲੀ ਤੇ ਸ਼ੈਲੀ ਬੜੀ ਸਰਲ ਤੇ ਲੋਕ-ਪੱਧਰ ਦੇ ਨੇੜੇ ਦੀ ਹੈ। ਲੁਧਿਆਣਾ ਮਿਸ਼ਨ ਵਲੋਂ 1877 ਈ: ਵਿਚ ਪ੍ਰਕਾਸ਼ਤ ਇਕ ਮਹੱਤਵ-ਪੂਰਨ ਰਚਨਾ "ਬੈਬਲ ਦੀਆਂ ਮੂਰਤਾਂ ਅਤੇ ਕਹਾਣੀਆਂ" ਹੈ ਜਿਹੜੀ ਪੰਜਾਬ ਰਿਲੇਜਸ ਬੁਕ ਸੁਸਾਇਟੀ ਵਲੋਂ ਤਿਆਰ ਕਰਵਾਈ ਗਈ। ਆਮ ਚੌਪਤਰੀਆਂ ਨਾਲੋਂ ਇਹ ਭਿੰਨ ਹੈ ਅਤੇ ਇਸ ਨੂੰ ਪੰਜਾਬੀ ਦਾ ਪਹਿਲਾ ਸਚਿਤ੍ਰ ਕਹਾਣੀ-ਸੰਗ੍ਰਹਿ ਆਖਿਆ ਜਾ ਸਕਦਾ ਹੈ।[77] ਮੂਲ ਸਿਰਲੇਖ ਤੋਂ ਬਿਨਾਂ, ਹੇਠਾਂ ਛੋਟੇ ਸਿਰਲੇਖਾਂ ਦੁਆਰਾ ਕਹਾਣੀਆਂ ਨੂੰ ਨਿਖੇੜਿਆ ਗਿਆ ਹੈ, ਜਿਵੇਂ "ਨੂਹ ਅਤੇ ਪਰਲੋ ਦਾ ਬਰਨਨ", 'ਬਿਬਸਥਾ ਦੇਣ ਦਾ ਬਰਨਨ', 'ਪਿੱਤਲ ਦੇ ਸੱਪ ਦੀ ਕਥਾ', 'ਸੇਲੂਆਂ ਦੀ ਕਥਾ' ਆਦਿ।

ਈਸਾਈ ਪਾਦਰੀਆਂ ਵਲੋਂ ਰਚੀਆਂ ਗਈਆਂ ਕਹਾਣੀਆਂ ਬਾਰੇ ਇੱਕ ਤੱਥ ਸਾਡਾ ਵਿਸ਼ੇਸ਼ ਧਿਆਨ ਖਿਚਦਾ ਹੈ ਕਿ ਭਾਵੇਂ ਵਿਸ਼ੇ ਪੱਖ ਤੋਂ ਇਨ੍ਹਾਂ ਵਿਚ ਬਹੁਤੀ ਭਿੰਨਤਾ ਨਹੀਂ ਪਰ ਕਲਾ ਪੱਖ ਤੋਂ ਇਨ੍ਹਾਂ ਵਿਚਲਾ ਵਿਕਾਸ ਤੇ ਨਿਖਾਰ ਸਾਨੂੰ ਅਚੰਭਤ ਕਰਦਾ ਹੈ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਇਨ੍ਹਾਂ ਪਾਦਰੀਆਂ ਦੇ ਹੱਥਾਂ ਵਿਚ ਕਹਾਣੀ ਦਾ ਆਧੁਨਿਕ ਸਰੂਪ ਪੂਰੀ ਤਰ੍ਹਾਂ ਉਘੜ ਕੇ ਸਾਹਮਣੇ ਆ ਜਾਂਦਾ ਹੈ। ਆਪਣੇ ਵਿਚਾਰ ਦੀ ਪੁਸ਼ਟੀ ਵਜੋਂ ਇਸ ਵਿਕਾਸ ਦੀ ਇਕ ਉਦਾਹਰਣ ਏਥੇ ਦੇ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ। 1865 ਈ. ਵਿਚ ਮਿਸ਼ਨ ਪ੍ਰੈਸ ਲੁਧਿਆਣਾ ਵਿਚ ਪਾਦਰੀ ਰੁਡਲਫ ਸਾਹਿਬ ਦੁਆਰਾ "ਧਰਮ ਪੁਸਤਕ ਵਿਚੋਂ" ਨਾਂ ਹੇਠ ਇਕ ਕਹਾਣੀ ਸੰਗ੍ਰਹਿ

---

76. Ibid,p.229. "The religious activities noticed in the end of the nineteenth century gave a big incentive to the production of religious short stories, thought these stories had more propaganda value and less artistic worth."

77. Ibid( No.72),p.153.

ਪ੍ਰਕਾਸ਼ਤ ਕੀਤਾ ਗਿਆ। ਇਹ ਕਹਾਣੀਆਂ ਜਨਮ-ਸਾਖੀਆਂ[78] ਵਾਲੀ ਭਾਹ ਮਾਰਦੀਆਂ ਹਨ। 'ਸ੍ਰਿਸ਼ਟੀ ਰਚਨਾ', 'ਪਹਿਲੀ ਵੱਡੀ ਵਰਖਾ', 'ਇਕ ਸੁੰਦਰ ਬਾਗ਼', ਆਦਿ ਕਹਾਣੀਆਂ ਏਸੇ ਪੁਰਾਤਨ ਸ਼ੈਲੀ ਵਿਚ ਲਿਖੀਆਂ ਗਈਆਂ ਤੇ ਇਨ੍ਹਾਂ ਸਭਨਾਂ ਵਿਚ ਪਰਾ-ਸਰੀਰਕ ਅੰਸ਼ ਦੇਖਿਆ ਜਾ ਸਕਦਾ ਹੈ। ਕੁਝ ਵਰ੍ਹੇ ਪਿੱਛੋਂ ਉਨ੍ਹੀਵੀਂ ਸਦੀ ਦੇ ਅਖ਼ੀਰਲੇ ਵਰ੍ਹਿਆਂ ਵਿਚ ਉਹੀ ਕਹਾਣੀਆਂ ਛੋਟੇ ਟ੍ਰੈਕਟਾਂ ਦੇ ਰੂਪ ਵਿਚ ਵੀ ਪ੍ਰਕਾਸ਼ਤ ਹੋਣ ਲਗੀਆਂ। 'ਰਾਜਮਾਤਾ' ਨਾਂ ਦੇ ਇਕ ਅਜਿਹੇ ਚੌਪਤਰੇ ਵਿਚ 'ਧਰਮ ਪੁਸਤਕ ਵਿੱਚੋਂ' ਵਾਲੀ ਇਕ ਕਹਾਣੀ ਦੁਹਰਾਈ ਗਈ। ਦੋਹਾਂ ਦੀ ਸ਼ੈਲੀ, ਬੋਲੀ, ਗੋਂਦ, ਬ੍ਰਿਤਾਂਤ ਤੇ ਨਿਭਾ ਦਾ ਅੰਤਰ ਹੈਰਾਨ ਕਰ ਦੇਣ ਵਾਲਾ ਹੈ। 'ਰਾਜਮਾਤਾ' ਵਿਚਲੀ ਕਹਾਣੀ ਝਟ ਪਟ ਨਾਟਕੀ ਵਾਰਤਾਲਾਪ ਦੁਆਰਾ ਆਰੰਭ ਹੁੰਦੀ ਹੈ। ਸਾਰੇ ਪਾਤਰਾਂ ਦੇ ਸੁਭਾਵਾਂ ਨੂੰ ਬੜੀ ਸੂਝ ਨਾਲ ਨਿਖੇੜਿਆ ਗਿਆ ਹੈ ਤੇ ਉਨ੍ਹਾਂ ਦਾ ਯੋਗ ਢੰਗ ਨਾਲ ਮਨੋ-ਵਿਸ਼ਲੇਸ਼ਣ ਕੀਤਾ ਗਿਆ ਹੈ। ਗੋਂਦ ਬੜੀ ਰੀਝ ਨਾਲ ਉਸਾਰੀ ਗਈ ਹੈ ਤੇ ਸਿਖ਼ਰ ਤੇ ਪੁਜ ਕੇ ਕਹਾਣੀ ਇਕ ਬੱਝਵਾਂ ਪ੍ਰਭਾਵ ਛੱਡ ਕੇ ਸਮਾਪਤ ਹੋ ਜਾਂਦੀ ਹੈ। ਥਾਂ ਪੁਰ ਥਾਂ ਨਾਟਕੀ ਛੋਹਾਂ ਤੇ ਨਾਟਕੀ ਵਾਰਤਾਲਾਪ ਦੁਆਰਾ ਪ੍ਰਸਥਿਤੀਆਂ ਨੂੰ ਉਘਾੜਿਆ ਗਿਆ ਹੈ। ਪਰ ਸੱਭ ਕੁਝ ਸੰਖੇਪ ਤੇ ਸੁਭਾਵਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਯਥਾਰਥ ਤੇ ਨਿਆਇ-ਸ਼ੀਲਤਾ ਇਸ ਕਹਾਣੀ ਦੇ ਹੋਰ ਉਘੜਵੇਂ ਲੱਛਣ ਹਨ।

ਧਾਰਮਿਕ ਵਿਸ਼ਿਆਂ ਤੋਂ ਬਿਨਾਂ ਕੁਝ ਕਹਾਣੀਆਂ ਅਜਿਹੀਆਂ ਵੀ ਲਿਖੀਆਂ ਗਈਆਂ ਜਿਨ੍ਹਾਂ ਦਾ ਉਦੇਸ਼ ਸਮਾਜ ਸੁਧਾਰ ਸੀ। ਇਹ ਇਸ ਕਾਲ ਦੀ ਅਡਰੀ ਵਿਸ਼ੇਸ਼ਤਾਈ ਹੈ। ਇਸੇ ਪ੍ਰਸਥਿਤੀ ਹੇਠ ਕਾਫ਼ੀ ਮਾਤ੍ਰਾ ਵਿਚ ਸਾਹਿੱਤ ਰਚਨਾ ਵੇਖੀ ਜਾ ਸਕਦੀ ਹੈ। ਸਾਡੀਆਂ ਸਮਾਜਕ ਕੁਰੀਤੀਆਂ ਦਰਸਾ ਕੇ ਉਹ ਇਕ ਪ੍ਰਕਾਰ ਨਾਲ ਆਪਣੇ ਸਮਾਜ ਦੇ ਨਰੋਏ-ਪਨ ਦਾ ਪ੍ਰਚਾਰ ਕਰਨਾ ਲੋੜਦੇ ਸਨ, ਜਿਸ ਦਾ ਆਧਾਰ ਵੀ ਈਸਾਈਅਤ ਹੀ ਸੀ। ਇਨ੍ਹਾਂ ਕਹਾਣੀਆਂ ਦੇ ਵਿਸ਼ਿਆਂ ਤੇ ਟੈਕਨੀਕ ਤੋਂ ਪ੍ਰੇਰਿਤ ਹੋ ਕੇ ਬਹੁਤ ਸਾਰੇ ਪੰਜਾਬੀ ਵਿਦਵਾਨਾਂ ਨੇ ਵੀ ਆਪੋ ਆਪਣੇ ਧਰਮਾਂ ਦੇ ਪਰਚਾਰ ਲਈ ਇਸ ਮਾਧਿਅਮ ਦਾ ਪ੍ਰਯੋਗ ਕੀਤਾ ਪਰ ਇਨ੍ਹਾਂ ਨੂੰ ਮਿਸ਼ਨਰੀਆਂ ਜਿੰਨੀ ਸਫ਼ਲਤਾ ਪ੍ਰਾਪਤ ਨਾ ਹੋ ਸਕੀ, ਕਿਉਂਜੋ ਉਹ ਵਧੇਰੇ ਸੂਝਵਾਨ, ਵਧੇਰੇ ਸਿਖ਼ਸ਼ਿਤ ਤੇ ਇਸ ਕਲਾ ਦੇ ਨਿਪੁੰਨ ਉਸਤਾਦ ਸਨ।[79]

---

78. ਓਹੀ(ਨੰ:75), ਪੰਨਾ 230.

79. Ibid,p.241.

"One has to admit that our writers could not exhibit the mastery or skill as is to be noticed in the contemporary Christian Writings. The main reason seems to b that the Christian writers were better educated, and were mostly the masters of this craft."

<u>ਨਾਟਕ</u> :

ਭਾਰਤ ਵਿਚ ਨਾਟਕ ਦੀ ਪਰੰਪਰਾ ਸਦੀਆਂ ਪੁਰਾਣੀ ਹੈ, ਜੇ ਵੱਧ ਨਹੀਂ ਤਾਂ ਘੱਟੋ ਘੱਟ ਯੂਨਾਨੀ ਨਾਟਕ ਜਿੰਨੀ ਪੁਰਾਣੀ ਜ਼ਰੂਰ ਹੈ, ਪਰ ਸਮੇਂ ਦੇ ਫੇਰ ਨਾਲ ਭਾਰਤ ਵਿੱਚੋਂ ਨਾਟਕ ਅਲੋਪ ਹੀ ਹੋ ਗਿਆ। ਪੱਛਮੀ ਦੇਸ਼ਾਂ ਦੇ ਸੰਪਰਕ ਨਾਲ ਹੋਰ ਕਲਾ-ਰੂਪਾਂ ਵਾਂਗ ਆਧੁਨਿਕ ਨਾਟਕ ਦੇ ਵਿਕਾਸ ਲਈ ਵੀ ਅਸੀਂ ਪੱਛਮ ਦੇ ਹੀ ਰਿਣੀ ਹਾਂ ਤੇ ਹੋਰ ਸਾਰੇ ਉਘੇ ਕਲਾ-ਰੂਪਾਂ ਵਾਂਗ ਨਾਟਕ ਵੀ ਈਸਾਈ ਪਾਦਰੀਆਂ ਦੇ ਉੱਦਮ ਨਾਲ ਹੋਂਦ ਵਿਚ ਆਇਆ। ਇਕ ਛੋਟਾ ਨਾਟਕ ਜਿਹੜਾ ਆਕਾਰ ਵਲੋਂ ਤਾਂ ਇਕਾਂਗੀ ਨਾਲ ਮੇਲ ਖਾਂਦਾ ਹੈ ਪਰ ਟੈਕਨੀਕ ਦੇ ਪੱਖੋਂ ਪੂਰੇ ਨਾਟਕ ਸਮਾਨ ਹੈ, ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਮਿਸ਼ਨਰੀ ਐਸ.ਐਸ.ਬਚਿੰਤ ਦੁਆਰਾ ਲਿਖਿਆ ਗਿਆ ਪਹਿਲਾ ਮੌਲਿਕ ਪੰਜਾਬੀ ਨਾਟਕ ਹੈ। ਇਸ ਨਾਟਕ ਦੇ ਤਿੰਨ ਐਕਟ ਤੇ 10 ਸੀਨ ਹਨ। ਨਾਟਕ ਦੀ ਕਥਾ ਬਾਈਬਲ ਵਿੱਚੋਂ ਲਈ ਗਈ ਹੈ ਕਿ ਕਿਸ ਤਰ੍ਹਾਂ ਮਲਕਾ ਅਸਤਰ ਨੇ ਯਹੂਦੀ ਕੌਮ ਦੀ ਰੱਖਿਆ ਕੀਤੀ। ਨਾਟਕ ਦੇ ਕੁਲ ਅੱਠ ਪਾਤਰ ਹਨ ਤੇ ਰੰਗ-ਮੰਚ ਉੱਤੇ ਇਸ ਨੂੰ ਵੀਹ-ਪੰਝੀ ਮਿੰਟਾਂ ਵਿਚ ਖੇਡ ਕੇ ਦਿਖਾਇਆ ਜਾ ਸਕਦਾ ਹੈ।

ਸੰਖੇਪ ਵਿਚ ਨਾਟਕ ਦੀ ਕਹਾਣੀ ਇਸ ਪ੍ਰਕਾਰ ਹੈ:-

ਪਹਿਲੇ ਐਕਟ ਵਿਚ ਮਲਕਾ ਅਸਤਰ ਪਲੰਘ ਉੱਤੇ ਸੁਤੀ ਪਈ ਹੈ। ਦਰਵਾਜ਼ੇ ਵਿੱਚੋਂ ਆ ਕੇ ਇਕ ਫਰਿਸ਼ਤਾ ਦਸਦਾ ਹੈ ਕਿ ਬਾਦਸ਼ਾਹ ਦਾ ਮੰਤਰੀ ਸਮੁੱਚੀ ਯਹੂਦੀ ਕੌਮ ਤੇ ਜ਼ੁਲਮ ਕਰ ਰਿਹਾ ਹੈ। ਵੇਲਾ ਸੌਣ ਦਾ ਨਹੀਂ ਕੁਝ ਕਰਨ ਦਾ ਹੈ। ਉਸ ਨੂੰ ਆਪਣੇ ਬਾਲਪਨ ਦੀ ਗਰੀਬੀ ਯਾਦ ਆ ਜਾਂਦੀ ਹੈ ਤੇ ਉਹ ਤ੍ਰਬੱਕ ਕੇ ਉਠਦੀ ਹੈ। ਮੰਤਰੀ ਵਲੋਂ ਯਹੂਦੀਆਂ ਨੂੰ ਦਿਤੇ ਜਾ ਰਹੇ ਤਸੀਹਿਆਂ ਦੀ ਖ਼ਬਰ ਸੁਣ ਕੇ ਬੜੀ ਦੁਖੀ ਹੁੰਦੀ ਹੈ। ਆਪਣੇ ਚਾਚੇ ਦੀ ਜਾਨ ਬਚਾਉਣ ਦੀਆਂ ਤਦਬੀਰਾਂ ਸੋਚਣ ਲਗਦੀ ਹੈ ਤੇ ਪਹਿਲਾ ਐਕਟ ਸਮਾਪਤ ਹੋ ਜਾਂਦਾ ਹੈ।

ਦੂਜਾ ਐਕਟ ਬਾਦਸ਼ਾਹ ਅਹਾਸ਼ਵੇਰੋਸ਼ ਦੇ ਦਰਬਾਰ ਦਾ ਹੈ। ਮਲਕਾ ਅਸਤਰ ਆ ਕੇ ਬਾਦਸ਼ਾਹ ਤੇ ਵਜ਼ੀਰ ਹਾਮਾਨ ਨੂੰ ਰਾਤ ਦੇ ਖਾਣੇ ਦਾ ਸੱਦਾ ਦਿੰਦੀ ਹੈ। ਬਾਦਸ਼ਾਹ ਆਪਣੇ ਵਜ਼ੀਰ ਪਾਸੋਂ ਸਲਾਹ ਲੈਂਦਾ ਹੈ ਕਿ ਜੇ ਉਹ ਕਿਸੇ ਨੂੰ ਇੱਜ਼ਤ ਮਾਣ ਦੇਣਾ ਚਾਹੇ ਤਾਂ ਕੀ ਕਰੇ? ਅੱਗੋਂ ਵਜ਼ੀਰ ਆਖਦਾ ਹੈ ਕਿ ਉਸ ਵਿਅਕਤੀ ਨੂੰ ਆਪਣੀ ਅੰਗੂਠੀ ਤੇ ਰਾਜ-ਬਸਤਰ ਪੁਆ ਕੇ, ਆਪਣੇ ਘੋੜੇ ਤੇ ਚੜ੍ਹਾ ਕੇ ਸਾਰੇ ਸ਼ਹਿਰ ਵਿਚ ਘੁਮਾਏ। ਜਦ ਬਾਦਸ਼ਾਹ ਨੇ ਮਲਕਾ ਦੇ ਚਾਚੇ ਮਾਰਦਕਈ ਨੂੰ ਇਹ ਮਾਣ ਦੇਣ ਦਾ ਫੈਸਲਾ ਦਸਿਆ ਤਾਂ ਵਜ਼ੀਰ ਸੜ ਕੇ ਕੋਇਲਾ ਹੋ ਗਿਆ, ਕਿਉਂਜੋ ਉਸ ਨੇ ਤਾਂ ਉਸ ਨੂੰ ਮਾਰਨ ਲਈ ਇਕ ਵੱਡੀ ਸੂਲੀ ਤਿਆਰ ਕੀਤੀ ਹੋਈ ਸੀ।

ਤੀਜੇ ਐਕਟ ਵਿਚ ਖਾਣੇ ਦੇ ਮੇਜ਼ ਤੇ ਬੈਠਿਆਂ ਪ੍ਰਸੰਨ ਹੋ ਕੇ ਬਾਦਸ਼ਾਹ ਮਲਕਾ ਅਸਤਰ ਨੂੰ ਕੁਝ ਮੰਗਣ ਲਈ ਆਖਦਾ ਹੈ। ਮਲਕਾ ਆਪਣੇ ਚਾਚੇ ਦੀ ਜਾਨ ਦੀ ਖ਼ੈਰ ਮੰਗਦੀ ਹੈ। ਬਾਦਸ਼ਾਹ

ਦੇ ਪੁੱਛਣ ਤੇ ਵਜ਼ੀਰ ਦੁਆਰਾ ਢਾਹੇ ਜਾ ਰਹੇ ਜ਼ੁਲਮਾਂ ਦੀ ਸਾਰੀ ਕਥਾ ਸੁਣਾ ਦਿੰਦੀ ਹੈ । ਬਾਦਸ਼ਾਹ ਗੁਸੇ ਵਿਚ ਆ ਕੇ ਹਾਮਾਨ ਤੇ ਉਸ ਦੇ ਸਾਰੇ ਪਰਵਾਰ ਨੂੰ ਮਰਵਾ ਦਿੰਦਾ ਹੈ । ਇਸ ਤਰ੍ਹਾਂ ਯਹੂਦੀ ਕੌਮ ਤੇ ਆਇਆ ਸੰਕਟ ਟਲ ਜਾਂਦਾ ਹੈ।

ਨਾਟਕ ਦੀ ਵਾਰਤਾਲਾਪ ਬੜੀ ਢੁਕਵੀਂ, ਚੁਸਤ, ਭਾਵ-ਪੂਰਤ, ਰੋਚਿਕ ਤੇ ਪਾਤਰਾਂ ਅਨੁਕੂਲ ਹੈ। ਨਾਟਕੀ ਟੱਕਰ ਬੜੀ ਪ੍ਰਬਲ ਹੈ। ਹਰ ਐਕਟ ਦੇ ਅਖ਼ੀਰ ਤੇ ਉਤਸੁਕਤਾ ਕਾਇਮ ਰਹਿੰਦੀ ਹੈ। ਨਾਟਕ ਦਾ ਸਿਖ਼ਰ ਬੜਾ ਕਲਾਮਈ ਹੈ — ਸਿਖ਼ਰ ਤੋਂ ਪਿਛੋਂ ਅੰਤ ਬੜਾ ਢੁੱਕਵਾਂ ਵਿਖਾਇਆ ਗਿਆ ਹੈ। ਨੇਕੀ ਦੀ ਜਿਤ ਤੇ ਬਦੀ ਦੀ ਹਾਰ ਦਰਸਾਈ ਹੈ।

## ਜੀਵਨੀ

ਜੀਵਨੀਆਂ ਲਿਖਣ ਦਾ ਰਿਵਾਜ ਪੰਜਾਬੀ ਸਾਹਿੱਤ ਵਿਚ ਢੇਰ ਪੁਰਾਣਾ ਹੈ। ਮਹਾਂ-ਪੁਰਸ਼ਾਂ ਤੇ ਹੋਰ ਧਾਰਮਿਕ ਤੇ ਇਤਿਹਾਸਕ ਵਿਅੱਕਤੀਆਂ ਦੀਆਂ ਜੀਵਨੀਆਂ ਜਨਮ-ਸਾਖੀਆਂ ਦੇ ਰੂਪ ਵਿਚ ਮਿਲਦੀਆਂ ਹਨ। ਇਹ ਜਨਮ ਸਾਖੀਆਂ ਕਿਸੇ ਮਹਾਂ-ਪੁਰਸ਼ ਦੀਆਂ ਜੀਵਨ-ਘਟਨਾਵਾਂ ਨੂੰ ਸੰਭਾਲਣ ਦੀ ਰੀਝ ਤੋਂ ਉਤਪੰਨ ਹੋਈਆਂ ਤੇ ਸ਼ਰਧਾਲੂਆਂ ਵਲੋਂ ਪ੍ਰੇਮ ਤੇ ਸ਼ਰਧਾ ਦੇ ਭਾਵ ਅਧੀਨ, ਉਨ੍ਹਾਂ ਦੀ ਮਹਾਨਤਾ ਦਰਸਾਉਣ ਜਾਂ ਉਨ੍ਹਾਂ ਦੀ ਰਚੀ ਬਾਣੀ ਦੀ ਵਿਆਖਿਆ ਕਰਨ, ਜਾਂ ਆਪਣੇ ਧਰਮ ਨੂੰ ਹੋਰ ਧਰਮਾਂ ਦੇ ਟਾਕਰੇ ਤੇ ਸ੍ਰੇਸ਼ਟ ਤੇ ਸ਼ਕਤੀਸ਼ਾਲੀ ਸਿੱਧ ਕਰਨ ਲਈ ਲਿਖੀਆਂ ਜਾਂਦੀਆਂ ਰਹੀਆਂ। ਪੱਛਮੀ ਢੰਗ ਦੀ ਜੀਵਨੀ ਵੀ ਸਾਡੇ ਪਾਸ ਇਨ੍ਹਾਂ ਮਿਸ਼ਨਰੀਆਂ ਦੇ ਉੱਦਮ ਨਾਲ ਅਪੜੀ। ਲੁਧਿਆਣਾ ਮਿਸ਼ਨ ਪ੍ਰੈਸ ਵਲੋਂ 1880 ਈਸਵੀ ਵਿਚ ਯਸੂਹ ਮਸੀਹ ਦੀ ਪਹਿਲੀ ਜੀਵਨੀ " ਇੰਜੀਲ ਸਾਰ ਅਰਥਾਤ ਪ੍ਰਭੂ ਯਸੂਹ ਮਸੀਹ ਦਾ ਜੀਵਨ ਬ੍ਰਿਤਾਂਤ " ਨਾਂ ਹੇਠ ਪ੍ਰਕਾਸ਼ਤ ਹੋਈ। ਦੂਜੀ ਜੀਵਨੀ "ਜੀਵਨ ਪੁਸਤਕ ਯਿਸੂ ਮਸੀਹ " ਨਾਂ ਹੇਠ 1892 ਈ. ਵਿਚ ਪ੍ਰਕਾਸ਼ਤ ਹੋਈ। ਇਸ ਦੇ ਕੁਲ 183 ਪੰਨੇ ਹਨ। ਪੁਸਤਕ ਨੂੰ ਕਾਂਡਾਂ ਵਿਚ ਵੰਡ ਕੇ ਉਪ-ਸਿਰਲੇਖ ਵੀ ਦਿੱਤੇ ਹਨ। ਸਾਰੀ ਰਚਨਾ ਬੜੀ ਠੇਠ ਭਾਸ਼ਾ ਤੇ ਸੁੰਦਰ ਸ਼ੈਲੀ ਵਿਚ ਲਿਖੀ ਗਈ ਹੈ। ਬਿਆਨ ਬੜਾ ਰੋਚਿਕ ਤੇ ਨਿਆਇ-ਯੁਕਤ ਹੈ। ਏਸੇ ਸਮੇਂ ਪੰਜਾਬੀ ਵਿਦਵਾਨਾਂ ਵਲੋਂ ਵੀ ਗੁਰੂਆਂ ਦੀਆਂ ਜੀਵਨੀਆਂ ਨੂੰ ਨਵੀਂ ਦ੍ਰਿਸ਼ਟੀ ਤੋਂ ਲਿਖਿਆ ਜਾਣ ਲਗਾ। ਗਿਆਨੀ ਦਿੱਤ ਸਿੰਘ ਦੀ ਲਿਖਤ ਵਿਚ ਬ੍ਰਜ-ਭਾਸ਼ਾ ਦਾ ਰੰਗ ਸਪੱਸ਼ਟ ਦਿਸਦਾ ਹੈ ਪਰ ਉਨ੍ਹਾਂ ਨੇ ਜੀਵਨ ਕਥਾ ਗੁਰੂ ਤੇਗ ਬਹਾਦਰ, ਤਾਰਾ ਸਿੰਘ ਦੀ ਸ਼ਹੀਦੀ ਅਤੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ, ਆਦਿ ਇਕ ਦਰਜਨ ਦੇ ਕਰੀਬ ਸਫ਼ਲ ਜੀਵਨੀਆਂ ਲਿਖੀਆਂ। ਇਨ੍ਹਾਂ ਪਿਛੋਂ ਗਿਆਨੀ ਗਿਆਨ ਸਿੰਘ, ਤੇ ਭਾਈ ਵੀਰ ਸਿੰਘ ਜੀ ਨੇ ਇਸ ਪਿਰਤ ਨੂੰ ਅਗਾਂਹ ਤੋਰਿਆ । ਇਸ ਬਾਰੇ ਵਿਸਤਾਰ-ਪੂਰਵਕ ਚਰਚਾ ਸਰਵੇਖਣ ਵਾਲੇ ਅਧਿਆਇ ਵਿਚ ਕੀਤੀ ਜਾਏਗੀ। ਏਥੇ ਕੇਵਲ ਇਨਾ ਲਿਖ ਦੇਣਾ ਹੀ ਕਾਫ਼ੀ ਹੈ ਕਿ ਜੀਵਨੀ ਨੂੰ ਸਾਹਿੱਤ ਦੇ

ਇਕ ਵੱਖਰੇ ਰੂਪ ਵਜੋਂ ਏਸੇ ਦੌਰ ਵਿਚ ਹੀ ਸਵੀਕਾਰਿਆ ਗਿਆ, ਜਿਸ ਦੇ ਫਲਸਰੂਪ ਇਸ ਦੀਆਂ ਭਿੰਨ ਭਿੰਨ ਸ਼ੈਲੀਆਂ ਤੇ ਰੂਪ ਉਘੜਨ ਲਗੇ ਜਿਨ੍ਹਾਂ ਦਾ ਭਰਪੂਰ ਤੇ ਬਹੁ-ਪੱਖੀ ਵਿਸਤਾਰ ਵੀਹਵੀਂ ਸਦੀ ਵਿਚ ਹੀ ਹੋਇਆ।

ਸਫ਼ਰਨਾਮਾ:

ਪੰਜਾਬੀ ਦਾ ਪਹਿਲਾ ਸਫ਼ਰਨਾਮਾ ਵੀ ਈਸਾਈ ਮਿਸ਼ਨਰੀਆਂ ਦੁਆਰਾ ਹੀ ਪੰਜਾਬੀ ਵਿਚ ਲਿਖਿਆ ਗਿਆ। ਭਾਵੇਂ ਗੁਰੂ ਨਾਨਕ ਦੇਵ ਜੀ ਦੀਆਂ ਜਨਮ-ਸਾਖੀਆਂ ਤੇ ਵਿਸ਼ੇਸ਼ ਤੌਰ ਤੇ ਉਨ੍ਹਾਂ ਵਿਚਲਾ ਉਦਾਸੀਆਂ ਦਾ ਵਰਣਨ, ਜੀਵਨੀ ਤੇ ਸਫ਼ਰਨਾਮੇ ਦਾ ਮਿਸ਼ਰਤ ਰੂਪ ਆਖਿਆ ਜਾ ਸਕਦਾ ਹੈ ਤੇ ਹੋਰ ਵੀ ਇਕੜ ਦੁਕੜ ਬ੍ਰਿਤਾਂਤ ਦੇਸ਼ ਦੇਸ਼ਾਂਤਰਾਂ ਬਾਰੇ ਆਮ ਮਿਲਦੇ ਹਨ, ਪਰ ਨਵੀਨ ਸਾਹਿੱਤਕ ਰੂਪ ਵਜੋਂ ਲਿਖਿਆ ਗਿਆ ਸਫ਼ਰਨਾਮਾ "ਏਸ਼ੀਆ ਦੀ ਸੈਲ" ਹੈ ਜੋ 1898 ਈ. ਵਿਚ ਪੰਜਾਬ ਰਿਲੇਜਸ ਬੁਕ ਸੁਸਾਇਟੀ ਲਾਹੌਰ ਵਲੋਂ ਪ੍ਰਕਾਸ਼ਤ ਕੀਤਾ ਗਿਆ। ਇਸ ਸਫ਼ਰਨਾਮੇ ਦੇ ਕੁਲ 80 ਪੰਨੇ ਹਨ ਤੇ ਲੇਖਕ ਦਾ ਨਾਂ ਨਹੀਂ ਦਿੱਤਾ ਗਿਆ। ਇਸ ਨਿਕੀ ਜਿਹੀ ਪੁਸਤਕ ਵਿਚ ਫਲਸਤੀਨ, ਸੀਰੀਆ, ਅਰਬ, ਏਸ਼ਿਆਈ, ਰੋਮ, ਫਾਰਸ, ਮੈਸੋਪਟਾਮੀਆਂ, ਚੀਨ, ਕੈਬੋਦੀਆ, ਹਿੰਦੁਸਤਾਨ (ਬਨਾਰਸ, ਦਿੱਲੀ), ਜਾਰਜੀਆ, ਤੁਰਕਿਸਤਾਨ ਤੇ ਕੈਸਪੀਅਨ ਸਾਗਰ ਸੰਬੰਧੀ ਮੁੱਢਲੀ ਪਰ ਲਾਹੇਵੰਦੀ ਜਾਣਕਾਰੀ ਦਿੱਤੀ ਗਈ ਹੈ। ਬ੍ਰਿਤਾਂਤ ਬੜਾ ਰੌਚਿਕ ਹੈ ਤੇ ਇਤਿਹਾਸ ਵਾਲਾ ਰੁੱਖਾਪਣ ਨਹੀਂ। ਨਿਰਸੰਦੇਹ ਪੰਜਾਬੀ ਸਫ਼ਰਨਾਮਿਆਂ ਦਾ ਇਤਿਹਾਸ 'ਏਸ਼ੀਆ ਦੀ ਸੈਲ' ਤੋਂ ਸ਼ੁਰੂ ਕੀਤਾ ਜਾ ਸਕਦਾ ਹੈ।

ਕਵਿਤਾ:

ਜਿਥੋਂ ਤਕ ਈਸਾਈ ਮਿਸ਼ਨਰੀਆਂ ਦੁਆਰਾ ਰਚੀ ਗਈ ਕਵਿਤਾ ਦਾ ਸੰਬੰਧ ਹੈ, ਇਹ ਬੜੀ ਸਾਧਾਰਣ ਪੱਧਰ ਦੀ ਹੈ। ਕੁਝ ਕੁ ਪਾਠ-ਪੁਸਤਕਾਂ ਤੋਂ ਬਿਨਾਂ ਵਾਰਤਕ ਰਚਨਾਵਾਂ ਦੇ ਵਿਚ ਵੀ ਕਿਧਰੇ ਕਿਧਰੇ ਕਾਵਿ-ਤੁਕਾਂ ਦਿਤੀਆਂ ਗਈਆਂ ਹਨ। ਭਾਸ਼ਾ, ਛੰਦ-ਪ੍ਰਬੰਧ, ਅਲੰਕਾਰ, ਬਿੰਬ ਜਾਂ ਚਿੰਨ੍ਹ ਕਿਸੇ ਪੱਖੋਂ ਵੀ ਈਸਾਈਆਂ ਦੁਆਰਾ ਰਚੀ ਗਈ ਕਵਿਤਾ ਵਿਚ ਕੋਈ ਮੌਲਿਕਤਾ, ਨਵੀਨਤਾ, ਸਜੰਦਾਪਨ, ਕਾਵਿ-ਉਡਾਰੀ ਜਾਂ ਕਾਵਿ-ਕੌਸ਼ਲਤਾ ਦਾ ਝਲਕਾਰਾ ਨਹੀਂ ਪੈਂਦਾ। ਪੰਜਾਬੀ ਦੇ ਉਸ ਵੇਲੇ ਦੇ ਪਰਚਲਿਤ ਛੰਦਾਂ ਵਿਚ ਰਵਾਇਤੀ ਢੰਗ ਦੀ ਕਵਿਤਾ ਦੀਆਂ ਵੰਨਗੀਆਂ ਤਾਂ ਕਾਫੀ ਮਿਲਦੀਆਂ ਹਨ, ਪਰ ਇਨ੍ਹਾਂ ਨਾਲ ਨਾ ਤਾਂ ਪੰਜਾਬੀ ਕਵਿਤਾ ਦਾ ਸਤੱਰ ਉਚਾ ਹੋਇਆ, ਨਾ ਕਾਵਿ-ਕਲਾ ਵਿਚ ਕੋਈ ਨਿਖਾਰ ਆਇਆ ਤੇ ਨਾਂ ਹੀ ਇਸ ਨਾਲ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਕੋਈ ਨਵਾਂ ਪੱਖ ਗ੍ਰਹਿਣ ਕੀਤਾ ਗਿਆ। ਉਦਾਹਰਣ ਲਈ:-[80]

---

80. ਚੌਪੜ੍ਹੀਆਂ ਦੀ ਦੂਜੀ ਪੋਥੀ, ਲੁਧਿਆਣਾ-1860, ਪੰਨਾ 8.

ਹੈ ਮਸੀਹ ਜਿਸ ਜਨ ਦਾ ਸਾਈਂ, ਭਗਤ ਜਣ ਤਾਰੇ ਤਿਸ ਤਾਈਂ।
ਤਿਸ ਦੇ ਸਿਖ ਜੋ ਧਰਤੀ ਮਰੇਂ; ਸਹਿਜੇ ਸੁਰਗ ਭਗਤਿ ਸੰਗਿ ਧਰੇ।

ਜਾਂ

ਈਸਾ ਆਖੇ ਸੁਣੋ ਮੁਰਿਗਦੋ, ਆਇਆ ਵਕਤ ਨਜ਼ਦੀਕ,
ਤੁਸੀਂ ਸਭੀ ਭੱਜ ਜਾਓਗੇ, ਮੁਝੇ ਫੜਨਗੇ ਠੀਕ।
ਮੁਝ ਫੜਨਗੇ ਠੀਕ, ਸਾਥ ਸਲੀਬ ਲਗਾਵੇਂ।
ਮੇਖ ਹੱਥਾਂ ਮੈਂ ਠੋਕ, ਮੇਰੇ ਤਨ ਲਹੂ ਬਹਾਵੇਂ
ਕਪੜੇ ਬਾਂਟ ਚਿਠੀ ਕੋ ਡਾਲੇਂ; ਕੁਦਰਤਾ ਦਿਸੇ ਨਸੀਬ
ਨਬੀ ਦਾ ਕੂਟ ਜੋ ਆਖਿਆ, ਸੋ ਆਇਆ ਵਕਤ ਨਜ਼ਦੀਕ।[81]

ਇਹੋ ਜਿਹੀਆਂ ਹੋਰ ਵੀ ਅਨੇਕ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਏਥੇ ਉਨ੍ਹਾਂ ਨੂੰ ਦੇਣਾ ਵਾਧੂ ਤੇ ਬੇਲੋੜਾ ਪ੍ਰਤੀਤ ਹੁੰਦਾ ਹੈ।

ਇਨ੍ਹਾਂ ਪਾਦਰੀਆਂ ਦੀ ਸਹੀ ਸੇਵਾ ਪੰਜਾਬੀ ਵਾਰਤਕ ਅਤੇ ਸਾਹਿੱਤ ਦੇ ਹੋਰ ਭਿੰਨ ਭਿੰਨ ਰੂਪਾਂ ਨੂੰ ਵਿਗਸਾਉਣ ਵਿਚ ਹੀ ਹੈ, ਜਿਨ੍ਹਾਂ ਵਿੱਚੋਂ ਬਹੁਤੇ ਪਹਿਲੀ ਵਾਰ ਇਨ੍ਹਾਂ ਦੇ ਹੱਥੀਂ ਹੀ ਸਾਡੇ ਤਕ ਅੱਪੜੇ। ਜਾਂ ਫੇਰ ਇਕ ਹੋਰ ਮਹੱਤਵ-ਪੂਰਨ ਪੱਖ ਪੰਜਾਬੀ ਵਿਚ ਅਨੁਵਾਦਾਂ ਦੀ ਪਿਰਤ ਪਾਉਣਾ ਹੈ। ਇਹ ਪੱਖ ਏਨਾਂ ਮਹਾਨ, ਗੌਰਵਮਈ ਤੇ ਬਹੁ-ਪੱਖੀ ਹੈ ਕਿ ਇਸ ਨਾਲ ਨਾ ਕੇਵਲ ਸਾਡਾ ਸਾਹਿੱਤ-ਭੰਡਾਰ ਹੀ ਭਰਪੂਰ ਹੋਇਆ, ਸਗੋਂ ਭਿੰਨ ਭਿੰਨ ਦਾਰਸ਼ਨਿਕ, ਗੰਭੀਰ ਤੇ ਸੂਖ਼ਮ ਵਿਚਾਰਾਂ ਦੇ ਪ੍ਰਗਟਾ ਲਈ ਸਾਡੀ ਭਾਸ਼ਾ ਦੀ ਸਮਰੱਥਾ ਨੂੰ ਪਹਿਲੀ ਵਾਰ ਵਰਤੋਂ ਵਿਚ ਲਿਆਂਦਾ ਗਿਆ ਤੇ ਅਨਗਿਣਤ ਨਵੇਂ ਬਦੇਸ਼ੀ ਸ਼ਬਦ ਤਤਸਮ ਤੇ ਤਦ-ਭਵ ਰੂਪਾਂ ਵਿਚ ਆ ਕੇ ਸਾਡੀ ਭਾਸ਼ਾ ਦਾ ਸਦੀਵੀ ਅੰਗ ਬਣ ਗਏ। ਇਕੱਲੇ ਪੁਰਾਣੇ ਨੇਮ ਤੇ ਨਵੇਂ ਨੇਮ ਦੇ ਅਨੁਵਾਦ ਹੀ ਏਨੇ ਮਹੱਤਵ-ਪੂਰਨ ਹਨ ਕਿ ਇਨ੍ਹਾਂ ਨੂੰ ਦੇਖ ਕੇ ਮਿਸ਼ਨਰੀਆਂ ਦੀ ਮਿਹਨਤ, ਸਿਰੜਤਾ ਤੇ ਲਗਨ ਸਾਹਮਣੇ ਸਿਰ ਝੁਕ ਜਾਂਦਾ ਹੈ। 1811 ਈਸਵੀ ਵਿਚ 'ਨਵੇਂ ਨੇਮ' ਦਾ ਪੰਜਾਬੀ ਅਨੁਵਾਦ ਮੁਕੰਮਲ ਹੋ ਗਿਆ, ਜਿਸ ਦੀਆਂ 27 ਪੁਸਤਕਾਂ ਹਨ। 1845 ਈਸਵੀ ਵਿਚ ਪੁਰਾਣੇ ਨੇਮ ਦਾ ਅਨੁਵਾਦ ਛਾਪਿਆ ਗਿਆ ਜਿਸ ਦੀਆਂ 39 ਪੁਸਤਕਾਂ ਹਨ। ਨਵੇਂ ਤੇ ਪੁਰਾਣੇ ਨੇਮਾਂ ਦੀਆਂ ਕੁਲ 66 ਪੁਸਤਕਾਂ ਬਣਦੀਆਂ ਹਨ। ਇਨ੍ਹਾਂ ਤੋਂ ਬਿਨਾਂ ਸੈਂਕੜੇ ਹੋਰ ਅਨੁਵਾਦਤ ਰਚਨਾਵਾਂ ਸਾਡੇ ਸਾਹਿੱਤ ਦਾ ਸਦੀਵੀ ਅੰਗ ਬਣ ਗਈਆਂ ਹਨ।

ਇਸ ਤਰ੍ਹਾਂ ਮਿਸ਼ਨਰੀਆਂ ਦੀਆਂ ਪ੍ਰਚਾਰ ਸਰਗਰਮੀਆਂ ਨੇ ਨਾ ਕੇਵਲ ਸਾਡੇ ਸਾਹਿੱਤ ਨੂੰ ਆਪ ਹੀ ਮਾਲਾ ਮਾਲ ਕੀਤਾ ਸਗੋਂ ਕੁਝ ਇਕ ਅਜਿਹੇ ਪੰਜਾਬੀ ਲੇਖਕ ਵੀ ਸਾਹਮਣੇ ਲਿਆਂਦੇ ਜਿਨ੍ਹਾਂ

---

81. 'ਸੱਤ ਸਾਮੀ ਨਿਹਕਲੰਕ ਔਤਾਰ ਪ੍ਰਭੂ ਯਿਸੂ ਮਸੀਹ ਦਾ ਜੱਸ', ਮਸੀਹੀ ਪ੍ਰੈਸ, ਲਾਹੌਰ-1900.

ਦੀ ਸਮੁੱਚੀ ਦੇਣ ਸਾਡੇ ਸਾਹਿੱਤ ਦਾ ਗੌਰਵ ਬਣੀ। ਇਸ ਸੰਬੰਧ ਵਿਚ ਸ਼ਰਧਾ ਰਾਮ ਫਲੌਰੀ, ਮੱਯਾ ਸਿੰਘ ਤੇ ਬਿਹਾਰੀ ਲਾਲ ਪੁਰੀ ਦੇ ਨਾਮ ਵਿਸ਼ੇਸ਼ ਕਰਕੇ ਵਰਨਣ-ਯੋਗ ਹਨ।

ਮਿਸ਼ਨਰੀਆਂ ਦੇ ਆਉਣ ਤੋਂ ਪਹਿਲਾਂ ਹਿੰਦੂ ਤੇ ਸਿੱਖ ਵਿਦਵਾਨਾਂ ਦੀ ਸਾਂਸਕ੍ਰਿਤਕ ਭਾਸ਼ਾ ਬ੍ਰਜੀ ਹੀ ਸੀ ਤੇ ਏਸੇ ਰਾਹੀਂ ਹੀ ਆਪੋ ਆਪਣੇ ਧਾਰਮਿਕ ਗ੍ਰੰਥ ਰਚਦੇ ਸਨ ਭਾਵੇਂ ਲਿੱਪੀ ਗੁਰਮੁਖੀ ਵਰਤੀ ਜਾਂਦੀ ਸੀ। ਮੁਸਲਮਾਨਾਂ ਦਾ ਬਹੁਤਾ ਸੰਬੰਧ ਅਰਬੀ ਫਾਰਸੀ ਨਾਲ ਸੀ ਤੇ ਆਪਣੇ ਸਾਂਸਕ੍ਰਿਤਕ ਵਿਚਾਰਾਂ ਦੇ ਪ੍ਰਗਟਾ ਲਈ ਇਨ੍ਹਾਂ ਭਾਸ਼ਾਵਾਂ ਦੀ ਵਰਤੋਂ ਕਰਦੇ ਸਨ। ਜੀ ਪਰਚਾਵੇ ਜਾਂ ਲੌਕਿਕ ਸਾਹਿੱਤ ਲਈ ਪੰਜਾਬੀ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਉਸ ਉੱਤੇ ਉਪ੍ਰੋਕਤ ਭਾਸ਼ਾਵਾਂ ਦੀ ਚੋਖੀ ਪਾਣ ਚੜ੍ਹੀ ਹੋਈ ਹੁੰਦੀ ਸੀ। ਲਿੱਪੀ ਵੀ ਫਾਰਸੀ ਹੀ ਵਰਤਦੇ ਸਨ। ਈਸਾਈ ਪਰਚਾਰਕਾਂ ਨੇ ਪਹਿਲੀ ਵਾਰ ਧਰਮ ਨੂੰ ਲੋਕ ਭਾਵਾਂ ਨਾਲ ਜੋੜ ਕੇ ਉਨ੍ਹਾਂ ਦੀ ਆਮ ਨਿਤ-ਵਰਤੋਂ ਦੀ ਤੇ ਬੋਲ-ਚਾਲ ਦੀ ਭਾਸ਼ਾ ਰਾਹੀਂ, ਈਸਾਈ ਮਤ ਦਾ ਪ੍ਰਚਾਰ ਕੀਤਾ ਤੇ ਇਸ ਦਾ ਡੂੰਘਾ ਤੇ ਸਿੱਧਾ ਪ੍ਰਭਾਵ ਪੈਣਾ ਬੜਾ ਕੁਦਰਤੀ ਸੀ।

ਸਿੱਖ ਧਰਮ ਤੇ ਸਿੱਖ ਸਮਾਜ ਆਪਣੀਆਂ ਆਤਮਕ ਲੋੜਾਂ ਲਈ ਅਜਿਹੇ ਵਿਦਵਾਨਾਂ ਦੇ ਹੱਥਾਂ ਵਲ ਵੇਖਦਾ ਸੀ ਜਿਹੜੇ ਉਨ੍ਹਾਂ ਦੇ ਗ੍ਰੰਥਾਂ ਤੇ ਗੁਰੂਆਂ ਨੂੰ ਪੁਰਾਤਨ ਵੇਦਾਂ, ਉਪਨਿਸ਼ਦਾਂ ਤੇ ਪੁਰਾਣਾਂ ਆਦਿ ਦੇ ਸਿੱਧਾਂਤਾਂ ਅਨੁਕੂਲ ਢਾਲ ਕੇ ਪੇਸ਼ ਕਰਦਾ ਸੀ ਅਤੇ ਗੁਰੂਆਂ ਨੂੰ ਵੀ ਭਾਰਤੀ ਅਵਤਾਰ-ਵਾਦ ਦੇ ਘੇਰੇ ਵਿਚ ਲਿਆਉਣ ਦਾ ਜਤਨ ਕਰਦਾ ਸੀ। ਆਮ ਤੌਰ ਤੇ ਸਿੱਖ ਜਾਂ ਤਾਂ ਖੇਤੀ ਕਰਦੇ ਸਨ ਜਾਂ ਫੌਜ ਵਿਚ ਭਰਤੀ ਹੁੰਦੇ ਸਨ। ਪੜ੍ਹਨ ਲਿਖਣ ਦੇ ਮੌਕੇ ਨਾ ਮਿਲਣ ਕਰ ਕੇ ਆਪ ਉਹ ਆਪਣੇ ਗ੍ਰੰਥਾਂ ਦੀ ਪੂਰਨ ਭਾਂਤ ਵਿਆਖਿਆ ਕਰਨ ਤੋਂ ਅਸਮਰੱਥ ਸਨ। ਪਰੰਪਰਾਵਾਦੀ ਅਣ-ਸਿਖ ਵਿਦਵਾਨਾਂ ਨੇ ਗੁਰੂਆਂ ਦੀ ਸਿੱਖਿਆ ਨੂੰ ਬ੍ਰਹਮਣੀ ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕੀਤਾ। ਇਹ ਗਲ ਗੁਰਮਤਿ ਦੇ ਅਨੁਕੂਲ ਨਹੀਂ ਸੀ। ਗੁਰਮਤਿ ਸਾਹਿੱਤ ਨੂੰ ਅਸਲ ਰੰਗ ਵਿਚ ਪੇਸ਼ ਕਰਨ ਦੀ ਬੜੀ ਲੋੜ ਸੀ।

ਈਸਾਈ ਪਰਚਾਰਕਾਂ ਤੋਂ ਪ੍ਰੇਰਿਤ ਹੋ ਕੇ ਤੇ ਪੱਛਮੀ ਢੰਗ ਦੀ ਵਿਦਿਆ ਗ੍ਰਹਿਣ ਕਰਨ ਉਪਰੰਤ ਸਿੱਖ ਵਿਦਵਾਨਾਂ ਨੇ ਪਹਿਲੀ ਵਾਰੀ ਆਪਣੇ ਧਰਮ ਦੀ ਵਿਗਿਆਨਕ ਤੇ ਨਿਆਇ-ਸ਼ੀਲ ਵਿਆਖਿਆ ਦਾ ਬੀੜਾ ਚੁਕਿਆ, ਜਿਸ ਦਾ ਵਿਸਤਾਰ ਇਕ ਵਖਰੇ ਅਧਿਆਇ ਦਾ ਵਿਸ਼ਾ ਹੈ। ਏਥੇ ਤਾਂ ਸਾਡਾ ਮਨੋਰਥ ਕੇਵਲ ਈਸਾਈ ਪਾਦਰੀਆਂ ਦੀ ਉਸ ਸੇਵਾ ਦਾ ਮੁਲਾਂਕਣ ਪੇਸ਼ ਕਰਨਾ ਹੈ, ਜਿਸ ਨੇ ਆਧੁਨਿਕ ਪੰਜਾਬੀ ਸਾਹਿੱਤ ਦੀ ਸਮੁੱਚੀ ਨੁਹਾਰ ਨੂੰ ਨਿਖਾਰਨ ਵਿਚ ਸਹਾਇਤਾ ਕੀਤੀ।

ਪਾਦਰੀਆਂ ਨੇ ਸਿੱਧੇ ਤੇ ਅਸਿੱਧੇ ਦੋਹਾਂ ਢੰਗਾਂ ਨਾਲ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਪ੍ਰਸ਼ੰਸਨੀ ਸੇਵਾ ਕੀਤੀ - ਆਪਣੇ ਧਾਰਮਿਕ ਮਨੋਰਥਾਂ ਲਈ ਆਪ ਸਾਹਿਤ ਰਚ ਕੇ, ਤੇ ਪ੍ਰਤਿ-ਕਰਮ ਤੇ ਮਾਨਸਿਕ ਜਾਗ੍ਰਤੀ ਉਤਪੰਨ ਕਰਕੇ ਵੱਖ ਵੱਖ ਧਰਮਾਂ ਵਾਲਿਆਂ ਨੂੰ ਆਪੋ ਆਪਣੇ ਧਾਰਮਿਕ ਹਿੱਤਾਂ ਦੀ ਰਾਖੀ ਲਈ ਸਾਹਿੱਤ ਨੂੰ ਮਾਧਿਅਮ ਵਜੋਂ ਲੋਕ-ਭਾਸ਼ਾ ਵਿਚ ਲਿਖਣ ਦੀ ਪ੍ਰੇਰਨਾ ਦੇ ਕੇ । ਮਿਸਟਰ ਐਨ. ਐਨ. ਲਾ ਉਸ ਵੇਲੇ ਦੀ ਸਮਾਜਕ ਸਥਿੱਤੀ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ:-[82]

> " ਇਹ ਅਜਿਹਾ ਯੁਗ ਸੀ, ਜਦੋਂ ਹਰ ਫਿਰਕੇ ਨੂੰ ਦੂਜੇ ਫਿਰਕੇ ਤੋਂ ਡਰ ਆ ਰਿਹਾ ਸੀ ਅਤੇ ਉਹ ਆਪਣੇ ਬਚਾ ਲਈ ਹੱਥ ਪੈਰ ਮਾਰ ਰਿਹਾ ਸੀ । ਹਰੇਕ ਫਿਰਕਾ ਆਪਣੇ ਆਪ ਨੂੰ ਬਾਕੀਆਂ ਨਾਲੋਂ ਸ੍ਰੇਸ਼ਟ ਅਤੇ ਉਨ੍ਹਾਂ ਨੂੰ ਘਟੀਆ ਤੇ ਜ਼ਲੀਲ ਸਿੱਧ ਕਰਨ ਦੇ ਚਕਰ ਵਿਚ ਸੀ।"

ਇਸ ਤਰ੍ਹਾਂ ਅਸੀਂ ਈਸਾਈ ਪਾਦਰੀਆਂ ਦੀ ਸਮੁੱਚੀ ਦੇਣ ਨੂੰ ਹੇਠ ਲਿਖੇ ਪੱਖਾਂ ਤੋਂ ਨਿਸਚਿਤ ਕਰ ਸਕਦੇ ਹਾਂ:-

(ੳ) ਲੋਕ-ਭਾਸ਼ਾ ਨੂੰ ਲੋਕ-ਭਾਵਾਂ ਨਾਲ ਇਕਸੁਰ ਕਰਕੇ, ਲੋਕ-ਬੋਲੀ ਵਿਚ ਵਿਚਾਰ ਪ੍ਰਗਟਾ ਕੇ, ਪੰਜਾਬੀ ਭਾਸ਼ਾ ਦੇ ਸਮੁੱਚੇ ਗੌਰਵ ਨੂੰ ਵਧਾਇਆ, ਤੇ ਇਸ ਭਾਸ਼ਾ ਵਿਚ ਰਚੇ ਸਾਹਿੱਤ ਦੀ ਸਾਰਥਕਤਾ, ਸ੍ਰੇਸ਼ਟਤਾ ਤੇ ਸਮਰੱਥਾ ਨੂੰ ਦ੍ਰਿੜ੍ਹਾਇਆ।

(ਅ) ਪੰਜਾਬੀ ਭਾਸ਼ਾ ਦਾ ਨਕ ਬੰਨ੍ਹਣ ਲਈ ਇਸ ਵਿਚ ਸ਼ਬਦ-ਕੋਸ਼, ਵਿਆਕਰਣ, ਅਖਾਣ ਅਖਾਉਤਾਂ ਆਦਿ ਦੇ ਗ੍ਰੰਥ ਤਿਆਰ ਕੀਤੇ ਤੇ ਕਰਵਾਏ ਜਿਨ੍ਹਾਂ ਤੋਂ ਇਸ ਭਾਸ਼ਾ ਦੀ ਸ਼ਕਤੀ ਤੇ ਸਮਰੱਥਾ ਪਹਿਲੀ ਵਾਰੀ ਉੱਘੜ ਕੇ ਸਾਹਮਣੇ ਆਈ।

(ੲ) ਪੱਛਮੀ ਸਾਹਿੱਤ ਦੇ ਨਵੀਨਤਮ ਰੂਪ ਲਿਆਂਦੇ ਤੇ ਉਨ੍ਹਾਂ ਵਿਚ ਸਾਹਿੱਤ ਸਿਰਜਣਾ ਕਰ ਕੇ ਜਿੱਥੇ ਪਰੰਪਰਾਗਤ ਰੂਪਾਂ ਤੋਂ ਸਾਹਿੱਤ ਨੂੰ ਕੱਢਿਆ ਉੱਥੇ ਭਿੰਨ ਭਿੰਨ ਰੂਪਾਂ ਦੇ ਪ੍ਰਯੋਗਾਂ ਨਾਲ ਲੋਕ ਬੁੱਧੀ ਤੇ ਲੋਕ ਭਾਵਨਾ ਨੂੰ ਟੁੰਬਿਆ ਤੇ ਸਾਹਿੱਤ ਵਿਚ ਰੌਚਿਕਤਾ ਲਿਆਂਦੀ।

(ਸ) ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਕੀਤਾ ਤੇ ਛੋਟੇ ਛੋਟੇ ਚੌਪਤ੍ਰਿਆਂ ਤੇ ਪੈਂਫਲਿਟਾਂ ਦੁਆਰਾ ਸੌਖੀ, ਪੜ੍ਹਨ-ਯੋਗ ਸੁਆਦਲੀ ਸਾਮੱਗ੍ਰੀ ਪ੍ਰਦਾਨ ਕਰ ਕੇ ਲੋਕਾਂ ਦੀ ਸੋਹਜ ਭੁੱਖ ਨੂੰ ਵੀ ਤ੍ਰਿਪਤ ਕੀਤਾ ਅਤੇ ਬੁੱਧੀ ਜਾਂ ਸੋਚ ਨੂੰ ਵੀ ਟੁੰਬਿਆ।

---

82. Law N.N,,"Promotion and Learning in India", p.102, Delhi.

(ਹ) ਪੰਜਾਬੀ ਵਿਚ ਅਨੁਵਾਦਾਂ ਦੀ ਇਕ ਸ਼ਕਤੀਸ਼ਾਲੀ ਪਰੰਪਰਾ ਕਾਇਮ ਕੀਤੀ ਜਿਸ ਨਾਲ ਸਾਧਾਰਣ ਪੰਜਾਬੀ ਪਾਠਕਾਂ ਦਾ ਅਨੁਭਵ ਵਿਸ਼ਵ-ਪੱਧਰ ਤਕ ਵਿਸ਼ਾਲ ਵੀ ਹੋਇਆ ਤੇ ਉਸ ਨੂੰ ਬਾਹਰਲੇ ਸੰਸਾਰ ਦੀ ਸੋਝੀ ਵੀ ਹੋਣ ਲੱਗੀ।

ਇਸ ਤਰ੍ਹਾਂ ਅਸੀਂ ਨਿਸਚੇ ਹੀ ਕਹਿ ਸਕਦੇ ਹਾਂ ਕਿ ਇਸ ਕਾਲ ਵਿਚ ਈਸਾਈ ਮਿਸ਼ਨਰੀਆਂ ਤੇ ਯੂਰਪੀਨ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਤੇ ਸਾਹਿੱਤ ਦਾ ਆਧੁਨਿਕੀ-ਕਰਣ ਕੀਤਾ ਤੇ ਉਨ੍ਹਾਂ ਨੂੰ ਪੁਰਾਣੀਆਂ ਲੀਹਾਂ 'ਚੋਂ ਕੱਢ ਕੇ ਨਵੇਂ ਵਿਗਿਆਨਕ ਮਾਰਗ ਉਪਰ ਲਿਆ ਖੜਾ ਕੀਤਾ, ਜਿਸ ਨਾਲ ਪੰਜਾਬੀ ਦਾ ਖੇਤਰ ਵਿਸ਼ਾਲ ਤੇ ਵਿਰਾਟ ਹੋਣਾ ਸ਼ੁਰੂ ਹੋਇਆ ਤੇ ਜਿਸ ਉਪਰੰਤ ਪੰਜਾਬੀ ਆਧੁਨਿਕ ਯੁਗ ਵਿਚ ਪ੍ਰਵੇਸ਼ ਕਰਨ ਯੋਗ ਹੋ ਸਕੀ।

*****

ਅਧਿਆਇ ਸੱਤਵਾਂ

## ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ

## ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ

" ਸਿੰਘ ਸਭਾ ਲਹਿਰ ਦੀ ਸਭ ਤੋਂ ਮਹੱਤਵਪੂਰਨ ਦੇਣ, ਵਿੱਦਿਅਕ ਤੇ ਸਾਹਿੱਤਕ ਖ਼ੇਤਰਾਂ ਵਿਚ ਹੈ। ਵਿੱਦਿਆ ਦੇ ਪਸਾਰ ਨੇ, ਪੁਸਤਕਾਂ, ਟ੍ਰੈਕਟਾਂ, ਰਸਾਲੇ ਤੇ ਅਖ਼ਬਾਰਾਂ ਦੀ ਛ-ਪਾਈ ਨੂੰ ਉਤੇਜਿਤ ਤੇ ਉਤਸਾਹਤ ਕੀਤਾ।"[1] ਸਿੱਖ ਗੁਰੂ ਸਾਹਿਬਾਨ ਤੋਂ ਪਿਛੋਂ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਉਨਤੀ ਵਲ ਜਥੇਬੰਦਕ ਤੇ ਸੁਚੇਤ ਰੂਪ ਵਿਚ, ਸਿੰਘ ਸਭਾ ਲਹਿਰ ਤੋਂ ਪਹਿਲਾਂ ਕਦੇ ਵੀ ਯਤਨ ਨਹੀਂ ਹੋਇਆ। ਸਿੰਘ ਸਭਾ ਲਹਿਰ ਦੇ ਆਗੂਆਂ ਨੇ ਪੂਰੀ ਤਰ੍ਹਾਂ ਅਨੁਭਵ ਕੀਤਾ ਕਿ ਸਮਾਜਕ ਤੇ ਧਾਰਮਿਕ ਸੁਧਾਰ ਲਈ ਮਾਤ-ਭਾਸ਼ਾ ਹੀ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਉਨ੍ਹਾਂ ਨੂੰ ਇਸ ਗੱਲ ਦਾ ਵੀ ਪੂਰਨ ਅਹਿਸਾਸ ਸੀ ਕਿ ਆਪਣੀ ਵਿਲੱਖਣ ਸਭਿਆਚਾਰਕ ਹੋਂਦ ਦੀ ਸਥਾਪਨਾ ਤੇ ਸੁਰੱਖਿਆ ਲਈ ਪੰਜਾਬੀ ਦਾ ਵਿਕਾਸ ਅਤੀ ਜ਼ਰੂਰੀ ਹੈ। ਏਸੇ ਲਈ ਆਪਣੀ ਨਿਯਮਾਵਲੀ ਤੇ ਮਨੋਰਥ-ਪੱਤਰ ਵਿਚ ਸਪੱਸ਼ਟ ਸ਼ਬਦਾਂ ਵਿਚ ਇਹ ਅੰਕਿਤ ਕੀਤਾ ਗਿਆ, ਕਿ ਹਰ ਪ੍ਰਕਾਰ ਦੇ ਪਰਚਲਿਤ ਤੇ ਵਿਆਪਕ ਗਿਆਨ (ਇਲਮੇ ਮੁਰੱਵਜਾ) ਨੂੰ ਪੰਜਾਬੀ ਦੇ ਮਾਧਿਅਮ ਰਾਹੀਂ ਪੜ੍ਹਾਏ ਜਾਣ ਸੰਬੰਧੀ ਯਤਨ ਕਰਨੇ ਅਤੇ ਪੰਜਾਬੀ ਵਿਚ ਅਖ਼ਬਾਰਾਂ, ਰਸਾਲੇ, ਪੈਂਫਲਿਟ ਤੇ ਪੁਸਤਕਾਂ ਛਾਪ ਕੇ ਇਸ ਭਾਸ਼ਾ ਨੂੰ ਪਰਫੁਲਤ ਕਰਨਾ ਤੇ ਇਸ ਦੇ ਸਾਹਿੱਤਕ ਭੰਡਾਰੇ ਨੂੰ ਭਰਪੂਰ ਕਰਨ ਲਈ, ਸਭ ਸੰਭਵ ਉਪਰਾਲੇ ਕਰਨੇ। ਨਿਰਸੰਦੇਹ ਸਿੰਘ ਸਭਾ ਦੀ ਸਥਾਪਨਾ ਨਾਲ ਭਾਸ਼ਾਈ ਤੇ ਸਾਹਿੱਤਕ ਪੁਨਰ-ਉਥਾਨ ਦਾ ਇਕ ਨਵਾਂ ਯੁਗ ਆਰੰਭ ਹੋਇਆ।[2] ਸਾਹਿੱਤ ਦੀ ਉਪਜ ਤੇ ਪ੍ਰਫੁਲਨ ਲਈ ਸਭ ਤੋਂ ਪਹਿਲੀ ਤੇ ਮੁਢਲੀ ਲੋੜ, ਸਾਹਿੱਤ ਪੜ੍ਹ ਸਕਣ ਵਾਲੇ ਜਾਂ ਪੜ੍ਹਨ ਦੇ ਇੱਛਕ ਪਾਠਕਾਂ ਦੀ ਹੁੰਦੀ ਹੈ, ਇਸ ਲਈ ਸਿੰਘ ਸਭਾ ਦਾ ਪਹਿਲਾ ਕੰਮ ਵਿੱਦਿਅਕ ਪ੍ਰਚਾਰ ਦੀ ਮੁਹਿੰਮ ਨੂੰ ਚਲਾਉਣਾ ਸੀ।[3] ਸਮੇਂ ਦੀ ਮੰਗ[4] ਅਨੁਸਾਰ ਅਤੇ ਹੋਰ

---

1. ਖੁਸ਼ਵੰਤ ਸਿੰਘ – " ਹਿਸਟਰੀ ਔਫ਼ ਦੀ ਸਿਖ਼ਸ " , ਜਿਲਦ ਦੂਜੀ, ਪੰਨਾ 145-146.

2. Gurdarshan Singh."It was left to Singh Sabha to provide the much needed impetus to the long neglected field of Panjabi Language and Literature. The Singh Sabha,no doubt marked the beginning of a new era of linguistic and literary revival "Character and Impact of Singh Sabha Movement on the History of Panjab."Ph.D.Thesis,p.280.
3. Harbans Singh," The Singh Sabha eagerness for the promotion of education ahd Panjabi Studies led to unprecedented activity in the field of Literature and Sikh learning." Heritage of the Sikhs, Bombay 1964,p.144.
5. Ibid.(2) "They stressed the need for such education as would be suited to the spirit of the age,would equip them for the struggle of life and help in preserving their separate Religious indentity." p.232.

ਕੌਮਾਂ ਦੇ ਟਾਕਰੇ ਤੇ ਖਲੋਣ ਲਈ, ਪੱਛਮੀ ਢੰਗ ਦੀ ਵਿੱਦਿਆ ਦੇ ਮਹੱਤਵ ਨੂੰ ਸਵੀਕਾਰ ਕਰਦੇ ਹੋਏ, ਸਿੰਘ ਸਭਾ ਦੇ ਆਗੂਆਂ ਨੇ ਅਨਪੜ੍ਹ ਸਿੱਖ ਜਨਤਾ ਨੂੰ ਸਿਖਸ਼ੁਤ ਕਰਨ ਦਾ ਬੀੜਾ ਚੁਕਿਆ ਤੇ ਥਾਂ ਥਾਂ ਤੇ ਸਕੂਲ ਖੋਲ੍ਹੇ।[5] ਇਸ ਮਨੋਰਥ ਲਈ ਸਿੱਖ ਰਿਆਸਤਾਂ ਦੇ ਹੁਕਮਰਾਨਾਂ ਤੇ ਮਾਨ-ਪ੍ਰਤਿਸ਼ਠਾ ਵਾਲੇ ਸਿੱਖ ਸਰਦਾਰਾਂ ਦੀ ਮਿਲਵਰਤਣ ਤੇ ਸਹਾਇਤਾ ਪ੍ਰਾਪਤ ਕੀਤੀ ਗਈ। ਅੰਗਰੇਜ਼ੀ ਸ਼ਾਸ਼ਕਾਂ ਵਲੋਂ ਵੀ ਸਿੰਘ ਸਭਾ ਦੇ ਵਿੱਦਿਅਕ ਮਨੋਰਥਾਂ ਦੀ ਪੂਰਤੀ ਲਈ ਪੂਰੀ ਪੂਰੀ ਸਹਾਇਤਾ ਦਿੱਤੀ ਗਈ। ਅੰਗਰੇਜ਼ ਸਿੱਖਾਂ ਦੇ ਸੈਨਿਕ ਗੁਣਾਂ ਤੋਂ ਭਲੀ ਪ੍ਰਕਾਰ ਜਾਣੂੰ ਸਨ, ਪਰ ਉਨ੍ਹਾਂ ਨੇ ਸਿੰਘ ਸਭਾ ਦੇ ਆਗੂਆਂ ਦੇ ਵਿੱਦਿਅਕ ਪ੍ਰਚਾਰ ਦੇ ਯਤਨਾਂ ਦੀ ਸਰਾਹਣਾ ਕਰਦਿਆਂ ਹੋਇਆਂ ਆਖਿਆ ਕਿ ਸਿੱਖਾਂ ਦੀ ਕੌਮੀ ਹੋਂਦ ਨੂੰ ਸੁਰਖਿੱਅਤ ਰੱਖਣ ਅਤੇ ਹੋਰ ਕੌਮਾਂ ਦੇ ਹਾਣ ਖਲੋਣ ਲਈ ਪੱਛਮੀ ਵਿਦਿਆ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ।[6] ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਸਿੱਖ ਵਿਦਿੱਅਕ ਲਹਿਰ ਵਿਚ ਇਕ ਮੀਲ-ਪੱਥਰ ਆਖੀ ਜਾ ਸਕਦੀ ਹੈ। ਇਸ ਕਾਲਜ ਦੀ ਲੋੜ ਬਾਰੇ ਸਿੰਘ ਸਭਾ ਦੇ ਆਗੂ ਪੂਰੀ ਤਰ੍ਹਾਂ ਸੁਚੇਤ ਸਨ ਅਤੇ ਮਹਿਸੂਸ ਕਰਦੇ ਸਨ ਕਿ ਜੇ ਪੜ੍ਹੇ ਲਿਖੇ ਸਿੱਖਾਂ ਦੀ ਆਉਣ ਵਾਲੀ ਪੀੜ੍ਹੀ ਨੂੰ ਹਿੰਦੂ ਧਰਮ ਵਿਚ ਅਭੇਦ ਹੋਣ ਤੋਂ ਬਚਾਉਣਾ ਹੈ ਅਤੇ ਗੁਰੂਆਂ ਵਲੋਂ ਚਲਾਏ ਗਏ ਮੱਤ ਨੂੰ ਖ਼ਤਮ ਹੋਣ ਤੋਂ ਬਚਾਉਣਾ ਹੈ, ਤਾਂ ਇਹ ਕੇਵਲ ਸਿੱਖ ਸਕੂਲਾਂ ਤੇ ਕਾਲਜਾਂ ਦੀ ਸਥਾਪਨਾ ਦੁਆਰਾ ਹੀ ਸੰਭਵ ਹੈ, ਜਿਨ੍ਹਾਂ ਵਿਚ ਆਧੁਨਿਕ ਵਿੱਦਿਆ ਦੇਣ ਦਾ ਯੋਗ ਪ੍ਰਬੰਧ ਹੋਵੇ। ਜਿਹੜੀ ਦਿਨੋ ਦਿਨ ਵਧ ਰਹੀ ਗਿਆਨ ਦੀ ਭੁਖ ਦੀ ਤ੍ਰਿਪਤੀ ਦੇ ਨਾਲ, ਸਿੱਖ ਧਰਮ ਦੇ ਅਸੂਲਾਂ ਤੇ ਮਾਨਤਾਵਾਂ ਤੋਂ ਉਨ੍ਹਾਂ ਨੂੰ ਜਾਣੂ ਕਰਵਾ ਕੇ, ਆਪਣੇ ਵਡੇ ਵਡੇਰਿਆਂ ਦੀਆਂ ਸ਼ਾਨਦਾਰ ਰਵਾਇਤਾਂ ਦਰਸਾ ਕੇ ਪ੍ਰੇਰਿਤ ਤੇ ਉਤਸ਼ਾਹਤ ਕਰ ਸਕੇ।[7]" ਸਿੱਖ ਧਰਮ ਦੇ ਅਸੂਲਾਂ ਤੇ ਮਾਨਤਾਵਾਂ ਨੂੰ ਉਜਾਗਰ ਕਰਨ ਤੇ ਬਜ਼ੁਰਗਾਂ ਦੇ ਕਾਰਨਾਮਿਆਂ ਨੂੰ ਦ੍ਰਿੜਾਉਣ ਦਾ ਸਭ ਤੋਂ ਸ਼ਕਤੀਸ਼ਾਲੀ ਢੰਗ ਸਾਹਿੱਤ ਹੀ ਸੀ। ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ

---

5. ਇਸ ਸੰਬੰਧੀ ਵਧੇਰੇ ਵਿਸਤਾਰ-ਪੂਰਵਕ ਚਰਚਾ " ਵਿਦਿਆ ਦਾ ਪਸਾਰ, ਸਿੱਖਿਆ ਦਾ ਮਾਧਿਅਮ ਤੇ ਪੰਜਾਬੀ " ਵਾਲੇ ਭਾਗ ਵਿਚ ਕੀਤੀ ਗਈ ਹੈ।

6. ਖ਼ਾਲਸਾ ਦੀਵਾਨ ਲਾਹੌਰ ਵਲੋਂ ਲਾਰਡ ਕਰਜ਼ਨ ਦੇ ਸਨਮਾਨ ਵਿਚ ਦਿੱਤੀ ਗਈ ਪਾਰਟੀ ਸਮੇਂ ਉਨ੍ਹਾਂ ਆਖਿਆ ਸੀ " In the modern world military virtues, however pre-eminent, are not the only requisite to the preservation of National existance and you have wisely realized that if you are to hold your own among the more erudite people among whom you are placed, you must provide your families with an education compatible with theirs."

7. ਰਤਿਤਾ ਸਿੰਘ - " ਹਿਸਟਰੀ ਔਫ ਖ਼ਾਲਸਾ ਕਾਲਜ ਅੰਮ੍ਰਿਤਸਰ " ਅੰਮ੍ਰਿਤਸਰ 1949, ਪੰਨਾ 9.

'ਗੁਰਮੁਖੀ ਅਖ਼ਬਾਰ' ਤੇ 'ਖਾਲਸਾ ਅਖ਼ਬਾਰ' ਦੇ ਸੰਪਾਦਕੀ ਨੋਟਾਂ ਤੇ ਲੇਖਾਂ ਦੁਆਰਾ ਸਮੁੱਚੀ ਸਿੱਖ ਕੌਮ ਨੂੰ ਇਸ ਪਾਸੇ ਵਲ ਧਿਆਨ ਦੇਣ ਦੀ ਪ੍ਰੇਰਣਾ ਦਿੱਤੀ। ਸਿੱਟਾ ਇਹ ਨਿਕਲਿਆ ਕਿ ਜਿੱਥੇ ਕੇਵਲ ਵੀਹ ਪੰਝੀ ਸਾਲ ਪਹਿਲਾਂ ਹਿੰਦੂਆਂ ਤੇ ਮੁਸਲਮਾਨਾਂ ਦੇ ਟਾਕਰੇ ਤੇ ਸਿੱਖਾਂ ਨੂੰ ਅਨਪੜ੍ਹ ਜਾਂ ਸਭ ਤੋਂ ਘੱਟ [8] ਪੜ੍ਹੇ ਲਿਖੇ ਸਮਝਿਆ ਜਾਂਦਾ ਸੀ, ਉਥੇ ਉਨ੍ਹੀਵੀਂ ਸਦੀ[9] ਦੇ ਅਖ਼ੀਰ ਤੇ ਸਿੱਖ ਸਭ ਤੋਂ ਵੱਧ ਪੜ੍ਹੀ ਲਿਖੀ ਕੌਮ ਬਣ ਗਈ।[10]

ਸਿੰਘ ਸਭਾ ਤੋਂ ਪਹਿਲਾਂ ਹਿੰਦੂ ਤੇ ਸਿੱਖ ਵਿਦਵਾਨ ਬ੍ਰਜ ਭਾਸ਼ਾ ਵਿਚ ਸਾਹਿੱਤ ਰਚਨਾ ਕਰਦੇ ਸਨ ਅਤੇ ਮੁਸਲਮਾਨ ਅਰਬੀ ਫ਼ਾਰਸੀ ਜਾਂ ਉਰਦੂ ਵਿਚ। ਨਵੇਂ ਵਾਤਾਵਰਣ ਵਿਚ ਹਿੰਦੂਆਂ ਨੇ ਹਿੰਦੀ ਨੂੰ ਅਪਣਾ ਲਿਆ ਤੇ ਮੁਸਲਮਾਨਾਂ ਨੇ ਫ਼ਾਰਸੀ ਤੇ ਉਰਦੂ ਨੂੰ। ਪੰਜਾਬੀ ਦੇ ਸਮਰਥਕ ਕੇਵਲ ਸਿੱਖ ਰਹਿ ਗਏ। ਸਿੱਖ ਸਭਿਆਚਾਰ ਦੀ ਰਾਖੀ ਤੇ ਪ੍ਰਫੁਲਤਾ ਲਈ ਪੰਜਾਬੀ ਭਾਸ਼ਾ ਦੀ ਉੱਨਤੀ ਸਿੰਘ ਸਭਾ ਦਾ ਮੁਖ ਨਿਸ਼ਾਨਾ ਬਣ ਗਿਆ।

ਸਿੱਖ ਰਾਜ ਸਮੇਂ ਤੇ ਪਿੱਛੋਂ ਵੀ ਦੋ ਤਿੰਨ ਦਹਾਕਿਆਂ ਤਕ ਪੰਜਾਬੀ ਦਾ ਬਹੁਤਾ ਸਾਹਿੱਤ ਕਿੱਸਾਕਾਰੀ ਜਾਂ ਧਾਰਮਿਕ ਮਾਮਲਿਆਂ ਸੰਬੰਧੀ ਪਰੰਪਰਾਈ ਵਿਆਖਿਆ ਤਕ ਸੀਮਤ ਸੀ। ਲੇਖਕ ਵਧੇਰੇ ਕਰਕੇ ਪੇਂਡੂ ਲੋਕ ਕਵੀ ਹੀ ਸਨ ਤੇ ਉਨ੍ਹਾਂ ਵਲੋਂ ਅਪਣਾਏ ਜਾਣ ਵਾਲੇ ਕਲਾ-ਰੂਪ ਵੀ ਪੁਰਾਣੇ ਨਮੂਨਿਆਂ ਦੇ ਹੀ ਸਨ। ਸਾਹਿੱਤਕ ਸੋਹਜ ਤੇ ਸੂਝ ਦੀ ਘਾਟ, ਪੇਂਡੂ, ਖੁਰਦਰੀ ਭਾਸ਼ਾ ਦੀ ਵਰਤੋਂ, ਇੱਕੋ ਜਿਹੇ ਵਿਸ਼ਿਆਂ ਦੀ ਚੋਣ ਤੇ ਸਮਾਨ ਪੱਧਰ ਦਾ ਵਰਣਨ ਤੇ ਬ੍ਰਿਤਾਂਤ, ਰਚੇ ਜਾਂਦੇ ਸਾਹਿੱਤ ਦੇ ਆਮ ਲੱਛਣ ਸਨ, ਜਿਸ ਕਰ ਕੇ ਅੰਗਰੇਜ਼ੀ ਤੇ ਉਰਦੂ ਦੇ ਸਾਹਿੱਤਾਂ ਦੇ ਟਾਕਰੇ ਤੇ ਪੰਜਾਬੀ ਸਾਹਿੱਤ ਨੂੰ ਨੀਵਾਂ ਸਮਝਿਆ ਜਾਂਦਾ ਸੀ। ਸਿੰਘ ਸਭਾ ਦੇ ਆਗੂਆਂ ਦੇ ਉੱਦਮ ਤੇ ਪ੍ਰਚਾਰ ਨਾਲ ਨਾ ਕੇਵਲ ਪੰਜਾਬੀ ਦੇ ਮਹੱਤਵ ਨੂੰ ਸਵੀਕਾਰ ਕੀਤਾ ਜਾਣ ਲਗਾ ਸਗੋਂ ਇਸ ਦੇ ਸਾਹਿੱਤਕ ਮਿਆਰ ਨੂੰ ਉੱਚਾ ਚੁਕਣ ਤੇ ਇਸ ਨੂੰ ਬਾਕੀ ਭਾਸ਼ਾਵਾਂ ਦੇ ਹਾਣ ਦਾ ਬਣਾਉਣ ਲਈ ਸੁਚੇਤ ਯਤਨ ਆਰੰਭੇ ਗਏ, ਜਿਸ

---

8. ਮਰਦਮ ਸ਼ੁਮਾਰੀ ਰੀਪੋਰਟ 1881 — ਭਾਗ ਪਹਿਲਾ ਪੰਨਾ 38-39-" ਦੀ ਸਿਖ਼ਸ ਆਰ ਦੀ ਮੋਸਟ ਅਨ-ਐਜੂਕੇਟਡ ਕਲਾਸ ਇਨ ਦੀ ਪੰਜਾਬ।"
9. ਪੰਜਾਬ ਪ੍ਰਬੰਧਕੀ ਰੀਪੋਰਟ ਸਾਲ 1900-01 ਪੰਨਾ 167 ਤੇ ਦਰਜ ਹੈ ਕਿ 1901 ਈਸਵੀ ਵਿਚ ਮੁਸਲਮਾਨ 11.67%, ਹਿੰਦੂ 16-37ਪ੍ਰਤਿਸ਼ਤ ਤੇ ਸਿੱਖ 17-96 % ਪੜ੍ਹੇ ਹੋਏ ਹਨ। ਏਸੇ ਤਰ੍ਹਾਂ ਲੜਕੀਆਂ ਵਿੱਚੋਂ ਮੁਸਲਮਾਨ 1.29%, ਹਿੰਦੂ 1.51% ਤੇ ਸਿੱਖ 2.50 % ਪੜ੍ਹੀਆਂ ਹੋਈਆਂ ਸਨ।
10. Gordon J.H. "The Sikhs are no longer illiterate, as they were in the old days, when they despised the pen and looked on the sword as the one power in the land. Now they see that the pen is sometimes more powerful of the two and atleast that education does not weaken the hand that wields the sword." The Sikhs- London 1904.

ਨਾਲ ਇਸ ਦੇ ਭਾਸ਼ਾਈ ਇਤਿਹਾਸ ਦਾ ਇਕ ਨਵਾਂ ਦੌਰ ਆਰੰਭ ਹੋਇਆ ਤੇ ਇਸ ਨੇ ਨਵੇਂ ਪ੍ਰਭਾਵਾਂ ਨੂੰ ਗ੍ਰਹਿਣ ਕਰਨਾ ਸ਼ੁਰੂ ਕੀਤਾ।[11]

ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚੇ ਗਏ ਸਾਹਿੱਤ ਦਾ ਹੇਠ ਲਿਖੇ ਅਨੁਸਾਰ ਵਰਗੀਕਰਣ ਕੀਤਾ ਜਾ ਸਕਦਾ ਹੈ:-

ੳ) ਵਾਦ-ਵਿਵਾਦੀ ਸਾਹਿੱਤ;

ਅ) ਧਾਰਮਿਕ ਸੁਧਾਰ ਤੇ ਸਿੱਖ ਮਰਯਾਦਾ

ੲ) ਸਮਾਜ ਸੁਧਾਰ

ਸ) ਸਿੱਖ ਇਤਿਹਾਸ

ਹ) ਗੁਰਮਤਿ ਸਿਧਾਂਤਾਂ ਦੀ ਵਿਆਖਿਆ ਤੇ ਇਤਿਹਾਸਕ ਖੋਜ;

ਕ) ਅਖ਼ਬਾਰਾਂ, ਟ੍ਰੈਕਟ ਤੇ ਪੈਂਫਲਿਟ

ਖ) ਮੌਲਿਕ ਤੇ ਸਿਰਜਣਾਤਮਕ ਸਾਹਿੱਤ — ਨਵੇਂ ਸਾਹਿਤਿਕ ਰੂਪਾਂ ਦਾ ਪ੍ਰਯੋਗ

ਜਿਸ ਤਰ੍ਹਾਂ ਇਕ ਵੱਖਰੇ ਅਧਿਆਇ ਵਿੱਚ ਵਿਚਾਰ ਕੀਤੀ ਜਾ ਚੁਕੀ ਹੈ, ਇਹ ਕਾਲ ਪੰਜਾਬ ਦੇ ਇਤਿਹਾਸ ਵਿਚ ਸੰਪਰਦਾਇਕ ਵਖੇਵਿਆਂ ਤੇ ਧਾਰਮਿਕ ਖਿੱਚੋਤਾਣ ਵਾਲਾ ਸੀ। ਹਰ ਕੌਮ, ਫ਼ਿਰਕਾ ਜਾਂ ਜਾਤੀ[12] ਦੂਜਿਆਂ ਦੇ ਟਾਕਰੇ ਤੇ ਆਪਣੇ ਮੱਤ ਨੂੰ ਉੱਤਮ ਤੇ ਸ੍ਰੇਸ਼ਟ ਸਿੱਧ ਕਰਨ ਲਈ ਪ੍ਰੈਸ ਤੇ ਪਲੇਟਫ਼ਾਰਮ ਦੀ ਵੱਧ ਤੋਂ ਵੱਧ ਵਰਤੋਂ ਕਰਦੀ ਸੀ। ਜਿੱਥੇ ਭਾਸ਼ਣਾਂ ਨੇ ਧਾਰਮਕ ਖਿੱਚੋਤਾਣ ਨੂੰ ਗਲੀਆਂ ਮਹੱਲਿਆਂ[13] ਤਕ ਲੈ ਆਂਦਾ ਅਤੇ ਬਹੁਤ ਸਾਰੀਆਂ ਹਿੰਸਕ ਘਟਨਾਵਾਂ, ਦੇਖਣ-ਸੁਣਨ ਵਿਚ ਆਈਆਂ, ਉਥੇ ਅਖ਼ਬਾਰਾਂ, ਰਸਾਲਿਆਂ, ਟ੍ਰੈਕਟਾਂ, ਪੈਂਫਲਿਟਾਂ ਤੇ ਪੁਸਤਕਾਂ ਦੁਆਰਾ ਏਨਾ ਅਸੱਭਯ, ਅਸੁਖਾਵਾਂ, ਜ਼ਹਿਰੀਲਾ ਤੇ ਘ੍ਰਿਣਤ ਪ੍ਰਚਾਰ ਕੀਤਾ ਗਿਆ ਕਿ ਸਰਕਾਰ ਨੂੰ ਸਾਰੀਆਂ ਭਾਸ਼ਾਵਾਂ ਦੀਆਂ

---

11. Gurdarshan Singh,"The Singh Sabha Movement fused a new life in the Panjabi language by casting off its own stiltedness of its linguistic history and began to obsorb new influences." Ibid(2).

12. Kenneth Jones," By the late 1890's the communal tension in Panjab had increased and became institutionalized due in part to this continual publication of abuse by one community against all others."Sources of Panjab History-Delhi 1975,p.143.

13. ਇਸ ਵਾਦ-ਵਿਵਾਦ ਦਾ ਮੁਢ 1862 ਈ. ਵਿਚ ਬੱਝਾ ਜਦ ਈਸਾਈ ਮਿਸ਼ਨਰੀ ਸੀ.ਡਬਲਯੂ ਫਾਰਮਨ ਨੇ ਇਕ ਮੌਲਵੀ ਦੀ ਵੰਗਾਰ ਨੂੰ ਆਮ ਲੋਕਾਂ ਦੇ ਸਾਹਮਣੇ ਦਲੀਲਾਂ ਤੇ ਵਿਚਾਰ ਵਟਾਂਦਰੇ ਦੁਆਰਾ ਨਜਿੱਠਣ ਦਾ ਐਲਾਨ ਕੀਤਾ। ਗਿ: ਦਿੱਤਾ ਸਿੰਘ ਦੀ ਪੁਸਤਕ "ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ" ਏਸੇ ਲੜੀ ਦੀ ਇਕ ਹੋਰ ਉਦਾਹਰਣ ਹੈ।

ਸੈਂਕੜੇ ਲਿਖਤਾਂ ਜ਼ਬਤ ਕਰਨੀਆਂ ਪਈਆਂ।[14] ਉਸਵੇਲੇ ਦੀ ਖਿੱਚੋਤਾਣ ਦੁਆਰਾ ਵਾਤਾਵਰਣ ਏਨਾ ਗੰਧਲਾ ਹੋ ਚੁਕਾ ਸੀ ਕਿ ਇਸ ਦਾ ਸਹੀ ਅਨੁਮਾਨ ਸਾਰੀਆਂ ਸੰਬੰਧਿਤ ਘਟਨਾਵਾਂ ਨੂੰ ਇਤਿਹਾਸ ਦੇ ਚੋਖਟੇ ਵਿਚ ਰੱਖ ਕੇ ਹੀ ਲਾਇਆ ਜਾ ਸਕਦਾ ਹੈ।[15] ਇਸ ਵਾਦ-ਵਿਵਾਦ, ਝਗੜੇ ਜਾਂ ਟੱਕਰ ਵਿਚ ਹਿੰਦੂ-ਸਿੱਖ, ਹਿੰਦੂ-ਮੁਸਲਮਾਨ, ਸਿੰਘ ਸਭੀਏ ਤੇ ਸਨਾਤਨੀ ਸਿੱਖ, ਸਨਾਤਨੀ ਹਿੰਦੂ ਤੇ ਆਰੀਆ ਸਮਾਜੀ, ਸਿੱਖ-ਮੁਸਲਮਾਨ, ਸਿੱਖ ਅਹਿਮਦੀਏ, ਹਿੰਦੂ ਤੇ ਅਹਿਮਦੀਏ, ਈਸਾਈ ਤੇ ਹੋਰ ਸਾਰੇ ਧਰਮਾਂ ਵਾਲੇ ਸਭ ਸ਼ਾਮਲ ਸਨ। ਭਾਵੇਂ ਕਹਿਣ ਨੂੰ ਤਾਂ ਅੰਗਰੇਜ਼ ਸ਼ਾਸ਼ਕ, ਭਾਰਤੀਆਂ ਦੇ ਧਾਰਮਿਕ ਮਾਮਲਿਆਂ ਤੋਂ ਨਿਰਲੇਪ ਸਨ ਤੇ ਬਾਰ ਬਾਰ ਐਲਾਨ ਕੀਤਾ ਜਾਂਦਾ ਸੀ ਕਿ ਧਰਮ ਨਿਰਪੇਖਤਾ ਉਨ੍ਹਾਂ ਦੀ ਨੀਤੀ ਦਾ ਮੂਲ ਧੁਰਾ ਹੈ, ਪਰ ਸਾਰੀਆਂ ਲਹਿਰਾਂ ਦੇ ਉਭਰਨ, ਵਧਣ ਫੁੱਲਣ ਤੇ ਉਨ੍ਹਾਂ ਦੀਆਂ ਨੀਤੀਆਂ ਘੜਨ ਵਿਚ ਸਰਕਾਰ ਦਾ ਸਿੱਧਾ ਹੱਥ ਹੁੰਦਾ ਸੀ ਅਤੇ ਸਭ ਕੁਝ ਉਨ੍ਹਾਂ ਦੇ ਇਸ਼ਾਰੇ ਤੇ ਉਨ੍ਹਾਂ ਦੀ ਖੁਸ਼ੀ ਤੇ ਨਿਰਭਰ ਹੁੰਦਾ ਸੀ। ਧਰਮ ਵਿਚ ਨਿਰਪੱਖਤਾ ਦਾ ਇਹ ਢੌਂਗ ਨਿਰਾ ਦਿਖਾਵਾ ਸੀ ਜਿਸ ਦੀ ਇਕ ਉਦਾਹਰਣ ਏਥੇ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਨੂੰ ਅੰਗਰੇਜ਼ਾਂ ਨੇ ਆਪਣੇ ਕਬਜ਼ੇ ਵਿਚ ਕਰ ਕੇ ਉਨ੍ਹਾਂ ਦੇ ਪ੍ਰਬੰਧ ਲਈ ਸਰਬਰਾਹ ਮੁਕੱਰਰ ਕੀਤੇ ਜਿਨ੍ਹਾਂ ਰਾਹੀਂ ਅੰਗਰੇਜ਼ਾਂ ਦੀਆਂ ਜਿੱਤਾਂ ਤੇ ਬਰਤਾਨਵੀ ਰਾਜ ਦੇ ਜੁਗੋ-ਜੁਗ ਅਟੱਲ ਰਹਿਣ ਦੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਸਨ। ਆਪਣੇ ਸੈਨਿਕ ਹਿਤਾਂ ਕਰਕੇ ਤਾਂ ਸਿੱਖ ਸੈਨਿਕਾਂ ਦੀ ਸਪਿਰਿਟ ਨੂੰ ਕਾਇਮ ਰੱਖਣ ਲਈ ਤਾਂ ਉਨ੍ਹਾਂ ਨੂੰ ਆਪਣੀ ਰਹਿਤ ਬਹਿਤ ਵਿੱਚ ਪੱਕਾ ਰਹਿਣ ਦੀ ਪ੍ਰੇਰਨਾ ਦਿੱਤੀ[16] ਜਾਂਦੀ ਸੀ , ਪਰ ਨਾਲ ਹੀ ਇਹ ਵੀ ਚਾਹੁੰਦੇ ਸਨ ਕਿ ਆਮ

---

14. Ibid..(12)"The Sikh Ressurgence"(1849-1947) by N.G.Barrier, pages 220-234 and Jones Kenneth. pages 147-154. " Such Proscribed material is preserved in British Museaum and India Office Library London."

15. ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀਆਂ ਧਾਰਮਕ-ਸਮਾਜਕ ਸੁਧਾਰਵਾਦੀ ਲਹਿਰਾਂ ਵਾਲੇ ਅਧਿਆਇ ਵਿਚ ਬੜੇ ਵਿਸਤਾਰ ਨਾਲ ਇਸ ਨੂੰ ਅੰਕਿਤ ਕੀਤਾ ਜਾ ਚੁੱਕਾ ਹੈ।

16. Barrier N.G.,"Also significant were British attempts to manipulate and play off Sikh factions. These tactical manoeuvres reflected a Basic British ambiguity toward the Sikhs. On the one hand the rulers admired sikh virility and bravery. In the army officers studiously reniforced a sense of allegiance to Sikhism. At the same time the British never quite trusted the Sikhs... Supporting Sikh Nationality and trying to keep it within bounds." The Sikh Ressurgence."Included in Sikhs and their Literature,Delhi 1970,p.XLI.

ਸਿੱਖ ਸਨਾਤਨਵਾਦ ਵਿਚ ਫਸੇ ਰਹਿਣ। ਸਿੱਖ ਇਤਿਹਾਸ ਨੂੰ ਮੋੜ ਤੋੜ ਕੇ ਪੇਸ਼ ਕਰਨ, ਅਤੇ ਸਿੱਖਾਂ ਨੂੰ ਆਪਣੇ ਸ਼ਾਨਦਾਰ ਭੂਤ ਵਲੋਂ ਅਗਿਆਤ ਰੱਖਣ ਜਾਂ ਅਰੁਚਿਤ ਕਰਨ ਲਈ ਇਤਿਹਾਸਕ ਤੱਥਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ, ਜਿਸ ਨਾਲ ਸਿੱਖਾਂ ਨੂੰ ਆਪਣੇ ਗੁਰੂਆਂ, ਆਪਣੇ ਧਰਮ ਆਪਣੀ ਪਰੰਪਰਾ ਤੇ ਆਪਣੇ ਇਤਿਹਾਸ ਉਤੇ ਗੌਰਵ ਦਾ ਅਨੁਭਵ ਨਾ ਹੋਵੇ। ਸ਼ਰਧਾ ਰਾਮ ਫਲੌਰੀ ਦੀ ਪੁਸਤਕ " ਸਿੱਖਾਂ ਦੇ ਰਾਜ ਦੀ ਵਿਥਿਆ " 1866 ਈ. ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਮੈਕਲੋਡ ਸਾਹਿਬ ਦੀ ਇੱਛਾ ਅਨੁਸਾਰ ਤਿਆਰ ਹੋਈ, ਅਤੇ ਪੰਜਾਬ ਸਰਕਾਰ ਨੇ 1868 ਈ. ਵਿਚ ਆਪਣੇ ਖਰਚ ਤੇ ਪਹਿਲੀ ਵਾਰ ਆਪ ਛਪਵਾਈ। ਇਸ ਵਿਚ ਅੰਕਿਤ ਕੁਝ ਕੁ ਸਤਰਾਂ ਕੇਵਲ ਇਸ ਲਈ ਏਥੇ ਦੇਣੀਆਂ ਜ਼ਰੂਰੀ ਪ੍ਰਤੀਤ ਹੁੰਦੀਆਂ ਹਨ ਤਾਂ ਜੋ ਅੰਗਰੇਜ਼ੀ ਸਰਕਾਰ ਦੀ ਸਿੱਖਾਂ ਪ੍ਰਤੀ ਨੀਤੀ ਦਾ ਅਨੁਮਾਨ ਲਾਇਆ ਜਾ ਸਕੇ, ਜਿਸ ਨੇ ਅਜਿਹੀ ਪੁਸਤਕ ਨੂੰ ਨਾ ਕੇਵਲ ਪੰਜਾਬੀ ਵਿਚ ਸਰਕਾਰੀ ਖਰਚ ਉਤੇ ਛਪਵਾਇਆ, ਸਗੋਂ ਅੰਗਰੇਜ਼ੀ ਵਿਚ ਇਸ ਦਾ ਅਨੁਵਾਦ ਵੀ ਕਰਵਾਇਆ ਤੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਇਮਤਿਹਾਨਾਂ ਵਿਚ ਇਸ ਨੂੰ ਪਾਠ-ਪੁਸਤਕ ਵਜੋਂ ਲਾਈ ਰੱਖਿਆ:-[17]

(1) "ਇਹ ਬਾਬਾ ਨਾਨਕ, ਕੁਝ ਬਹੁਤ ਵਿਦਿਆ ਪੜ੍ਹਿਆ ਹੋਇਆ ਨਹੀਂ ਸਾ, ਨਿਰਾ ਕਿਸੀ ਸਾਧ ਦੇ ਸਤਸੰਗ ਤੇ ਤਿਸ ਨੂੰ ਪਰਮੇਸ਼ਰ ਦੇ ਭਜਨ ਦਾ ਹੀ ਪ੍ਰੇਮ ਜਾਗ ਉਠਿਆ ਸਾ।"(ਪੰਨਾ 15)

(2) "ਗੁਰੂ ਤੇਗ਼ ਬਹਾਦਰ ਨੇ ਆਗਰੇ ਆਪਣੇ ਹੱਥ ਦੀ ਮੁਹਰ ਤੇ ਦੁਸ਼ਾਲਾ ਬਾਜ਼ਾਰ ਭੇਜਿਆ ਤਾਂ ਜੋ ਹਲਵਾਈ ਦੇ ਰਖ ਕੇ ਕੁਝ ਖਾਣ ਨੂੰ ਲੈ ਆਵੇ। ਕੋਤਵਾਲ ਨੇ ਫੜ ਕੇ ਬਾਦਸ਼ਾਹ ਪਾਸ ਦਿੱਲੀ ਭੇਜ ਦਿੱਤਾ।"(ਪੰਨਾ 49)

(3) "ਇਹ ਗੁਰੂ(ਗੋਬਿੰਦ ਸਿੰਘ) ਭਾਵੇਂ ਸਦਾਉਂਦਾ ਤਾਂ ਨਾਨਕ-ਪੰਥੀ ਹੀ ਰਿਹਾ, ਪਰ ਇਸ ਦੀਆਂ ਕਈ ਗੱਲਾਂ ਤੇ ਮਲੂਮ ਹੁੰਦਾ ਹੈ ਕਿ ਇਹ ਉਸ ਤੇ ਬਹੁਤ ਉਲਟ ਸਾ। ਇਸ ਦਾ ਮਤ ਕਿਸੀ ਇਕ ਪੋਥੀ ਅਰ ਨਬੀ ਅਉਤਾਰ ਦੇ ਮੂਜਬ ਨਾ ਸਾ ਬਲਕਿ ਇਹ ਮੂਲੂਮ ਹੁੰਦਾ ਹੈ ਕਿ ਪੁਰਾਣਿਆਂ ਨਬੀਆਂ ਅਰ ਅਉਤਾਰਾਂ ਦੀਆਂ ਰੀਤਾਂ ਰਸਮਾਂ ਵਿਚੋਂ ਕਈ ਰੀਤਾਂ ਜੋ ਇਸ ਨੂੰ ਪੰਥ ਵਧਾਉਣ ਅਰ ਹੋਰ ਫਾਇਦਿਆਂ ਲਈ ਅਛੀਆਂ ਲਗੀਆਂ, ਚੁਰਾ ਕੇ ਆਪਣੇ ਪੰਥ ਵਿਚ ਜਾਰੀ ਰੱਖੀਆਂ।"( ਪੰਨਾ 75)।

---

17. ਭਗਤ ਲਛਮਣ ਸਿੰਘ ਨੇ ਆਪਣੇ ਸਪਤਾਹਕ ਅੰਗਰੇਜ਼ੀ ਅਖ਼ਬਾਰ "ਦੀ ਖਾਲਸਾ" (1900 ਈ.) ਵਿੱਚ ਪਹਿਲੀ ਵਾਰੀ ਸਿੱਖਾਂ ਦਾ ਧਿਆਨ ਇਸ ਪੁਸਤਕ ਵਿਚ ਦਰਜ ਗਲਤ-ਬਿਆਨੀ ਵਲ ਦੁਆਇਆ।

ਉਪਰੋਕਤ ਲਿਖਤ ਵਿਚ ਵਰਤੀ ਗਈ ਭਾਸ਼ਾ, ਲਹਿਜਾ, ਇਤਿਹਾਸਕ ਤੱਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਨ ਦਾ ਘਟੀਆ ਤਰੀਕਾ, ਉਪਰੋਕਤ ਵਿਚਾਰ ਦੀ ਪੁਸ਼ਟੀ ਦੀ ਸਪੱਸ਼ਟ ਉਦਾਹਰਣ ਹੈ। ਇਹ ਪੁਸਤਕ 'ਸਤਿਆਰਥ ਪ੍ਰਕਾਸ਼' ਤੋਂ ਪਹਿਲਾਂ ਛਪੀ ਤੇ ਇੰਜ ਪ੍ਰਤੀਤ ਹੁੰਦਾ ਹੈ ਕਿ ਸੁਆਮੀ ਦਯਾ ਨੰਦ ਵਲੋਂ ਸਿੱਖ ਗੁਰੂਆਂ ਸੰਬੰਧੀ ਪ੍ਰਗਟਾਏ ਵਿਚਾਰਾਂ ਦਾ ਅਧਾਰ ਵੀ ਇਹ ਪੁਸਤਕ ਹੀ ਹੋ ਸਕਦੀ ਹੈ, ਕਿਉਂਜੋ ਦੋਹਾਂ ਦਾ ਮੰਤਵ ਲਹਿਜਾ ਤੇ ਖੁਰਦਰਾ ਤੇ ਦਿਲ-ਦੁਖਾਊ ਵਰਣਨ ਲਗਭਗ ਇੱਕੋ ਜਿਹਾ ਹੈ।

ਆਰੀਆ ਸਮਾਜੀਆਂ ਤੇ ਹੋਰ ਹਿੰਦੂ ਵਿਦਵਾਨਾਂ ਤੇ ਸੰਸਥਾਵਾਂ ਵਲੋਂ ਸਿੱਖ ਗੁਰੂਆਂ ਤੇ ਸਿੱਖ ਧਰਮ ਦੇ ਵਿਰੁਧ ਜੋ ਪ੍ਰਚਾਰ ਕੀਤਾ ਗਿਆ ਉਸ ਦਾ ਉੱਤਰ ਦੇਣ ਲਈ ਜੋ ਰਚਨਾਵਾਂ ਛਾਪੀਆਂ ਗਈਆਂ, ਉਨ੍ਹਾਂ ਵਿਚ 1885 ਈ. ( ਸੰਮਤ 416 ਨ:ਸ਼: ) ਵਿਚ ਛਪੀ "ਸ੍ਰੀ ਗੁਰਮੱਤ ਮੰਡਨ, ਨਾਂ ਦੀ ਇਕ 48 ਪੰਨਿਆਂ ਦੀ ਪੋਥੀ ਹੈ ਜਿਸ ਦੇ ਲੇਖਕ ਦਾ ਨਾਂ ਨਹੀਂ ਪਤਾ, ਪਰ ਇਸ ਵਿਚ ਸੁਆਮੀ ਦਯਾਨੰਦ ਦੇ ਝੂਠੇ ਪਰਚਾਰ ਤੇ ਗੁਰੂਆਂ ਦੀ ਨਿੰਦਿਆਂ ਦਾ ਬੜੇ ਬਾ-ਦਲੀਲ ਢੰਗ ਨਾਲ ਉੱਤਰ ਦਿੱਤਾ ਗਿਆ। ਗਿ: ਦਿੱਤ ਸਿੰਘ ਦੁਆਰਾ ਰਚਿਤ "ਦੰਭ ਨਿਵਾਰਨ" (1900 ਈ.) ਵਿਚ ਸਤਿਆਰਥ ਪ੍ਰਕਾਸ਼ ਦੇ ਉਸ ਭਾਗ ਦੀ, ਜਿਸ ਨੂੰ "ਵੇਦ-ਵਿਧੀ ਤੇ ਵੰਧਾਨ" ਦਾ ਨਾਂ ਦਿੱਤਾ ਹੋਇਆ ਹੈ, ਬੜੀ ਕਰੜੀ ਤੇ ਨਿਆਇ-ਸ਼ੀਲ ਆਲੋਚਨਾ ਕੀਤੀ ਗਈ। ਇਸ ਲਿਖਤ ਦੇ ਕੁਝ ਕੁ ਸਿਰਲੇਖ ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ। ਲਿਖਣ ਢੰਗ "ਚੰਪੂ ਕਾਵਿ" ਵਾਲਾ ਹੈ, ਜਿਸ ਅਨੁਸਾਰ ਪਹਿਲਾਂ ਕਵਿਤਾ ਤੇ ਪਿੱਛੋਂ ਵਾਰਤਕ ਵਿਚ ਉਸੇ ਦੀ ਵਿਆਖਿਆ ਕੀਤੀ ਗਈ ਹੁੰਦੀ ਹੈ। ਸਿਰਲੇਖ ਇਹ ਹਨ:-(1) ਤਰਪਣ ਕਰਨ ਦੀ ਵਿਧੀ (2) ਮਨੁਖਯ ਮਾਤ੍ਰ ਲਈ ਕਰਤੱਬਯ (3) ਸੰਧਿਆ ਤ੍ਰਿਕਾਲ ਦਾ ਖੰਡਨ (4) ਨਯੋਗ ਕਰਨ ਦਾ ਪ੍ਰਚਾਰ (5) ਪੁਤਰ ਉਤਪਤ ਕਰਨ ਦਾ ਢੰਗ (6) ਗੋ ਮੇਧ ਤੇ ਮਾਂਸ ਖਾਣ ਦੀ ਆਗਿਯਾ (7) ਜਗਤ ਉਤਪਤੀ ਪ੍ਰਕਾਰ ਤੇ ਮਨੁੱਖਾਂ ਦਾ ਗਿਰਨਾ (8)ਸਾਧੂ ਦਯਾ ਨੰਦ ਜੀ ਦੀ ਇਤਿਹਾਸਕ ਅਰਥਾਤ ਤਾਰੀਖੀ ਵਿਦਯਾ ਵਿਚ ਅਦੁਤੀਯਤਾ (9) ਮੁਕਤੀ ਦਾ ਪ੍ਰਥਮ ਨਿਸਚਾ (10) ਜੈਨ ਮਤ ਪੁਰ ਸਾਧੂ ਦਾ ਦੋਖ ਇਤਿਆਦਿ। ਗਿ: ਦਿੱਤ ਸਿੰਘ ਵਲੋਂ ਉਪਰ ਦਰਜ ਤੇ ਕੁਝ ਕੁ ਹੋਰ ਸਿਰਲੇਖ ਲੈ ਕੇ ਉਨ੍ਹਾਂ ਸੰਬੰਧੀ ਆਪਣੇ ਵਿਚਾਰਾਂ ਨੂੰ ਸ਼ਾਸਤ੍ਰਾਂ ਦੇ ਹਵਾਲਿਆਂ ਤੇ ਉਦਾਹਰਣਾਂ ਨਾਲ ਸਪੱਸ਼ਟ ਕਰਕੇ, ਸੁਆਮੀ ਦਯਾ ਨੰਦ ਨੂੰ ਅਗਯਾਨੀ ਤੇ ਲਾਲ ਬੁਝੱਕੜ ਆਖਿਆ ਗਿਆ। ਸਤਿਆਰਥ ਪ੍ਰਕਾਸ਼ ਬਾਰੇ ਸਿੱਖ ਵਿਦਵਾਨਾਂ ਵਲੋਂ ਛਾਪੀਆਂ ਗਈਆਂ ਪੁਸਤਕਾਂ ਦੀ ਗਿਣਤੀ 60 ਦੇ ਕਰੀਬ[18] ਬਣਦੀ ਹੈ। ਆਰੀਆ ਸਮਾਜੀਆਂ ਵਲੋਂ ਵੀ ਏਸੇ ਜੋਸ਼ ਤੇ

---

18.ਇਨ੍ਹਾਂ ਸੰਬੰਧੀ ਵਿਸਤਾਰ ਪੂਰਵਕ ਚਰਚਾ 'ਪੰਜਾਬੀ ਦੇ ਗੱਦ ਤੇ ਪੱਦ ਸਾਹਿਤ ਦੇ ਸਰਵੇਖਣ' ਵਾਲੇ ਕਾਂਡ ਵਿਚ ਕੀਤੀ ਗਈ ਹੈ।

ਇਸ ਤੋਂ ਵੀ ਤਿੱਖੀ, ਅਪਮਾਨ-ਭਰਪੂਰ, ਦੂਸ਼ਤ ਤੇ ਕਲੰਕਤ ਭਾਸ਼ਾ ਦੀ ਵਰਤੋਂ ਕਰਕੇ ਅਨਗਿਣਤ ਰਚਨਾਵਾਂ ਛਾਪੀਆਂ ਗਈਆਂ ਜਿਨ੍ਹਾਂ ਵਿੱਚੋਂ ਕੁਝ ਕੁ ਦਾ ਹਵਾਲਾ ਦੇਣਾ ਏਥੇ ਜ਼ਰੂਰੀ ਜਾਪਦਾ ਹੈ:- (1) ਰਸਾਲਾ ਗ੍ਰੰਥ ਫੋਬੀਆ (2) ਮਜ਼ਹਬ ਹਿੰਦ (ਗੋਬਿੰਦ ਸਿੰਘਿਓਂ ਕਾ ਹਾਲ) (3) ਨਵੀਨ ਸਿੰਘ ਸਿਖਿਆ (4) ਖ਼ਾਲਸਾ ਮੱਤ ਪ੍ਰਕਾਸ਼ (ਗ੍ਰੰਥ ਸਾਹਿਬ ਈਸ਼ਵਰੋਕਤ ਨਹੀਂ ਹੈ) (5) ਖ਼ਾਲਸਾ ਤੱਤਵ ਪ੍ਰਕਾਸ਼ (ਪਾਖੰਡ ਦਾ ਖੰਡਨ) (6) ਨਾਥ-ਚੱਕ੍ਰ (7) ਇਲਾਜ ਵਹਿਮਾਤ ਦਿੱਤ ਸਿੰਘ (8) ਕੱਛਾਂ ਵਾਲਿਆਂ ਦੀ ਕਰਤੂਤ (9) ਹਾਇ ਹਾਇ ਯੇਹ ਕੈਸਾ ਅਨੰਦ (10) ਖ਼ਾਲਸਾ ਪੰਥ ਕੀ ਹਕੀਕਤ (11) ਪੰਜ ਕੱਕੇ ( ਖਾਲਸਾ ਤੱਤਵ ਪ੍ਰਕਾਸ਼ ਹਿੱਸਾ-2) (12) ਕਿਆ ਗੁਰੂ ਸਾਹਿਬ ਸੰਸਕ੍ਰਿਤ ਦੇ ਵਿਦਵਾਨ ਥੇ ? (13) ਗੁਰੂ ਸਾਹਿਬ ਕੀ ਤਾਲੀਮ (14) ਬਾਬਾ ਨਾਨਕ ਸਾਹਿਬ ਔਰ ਸਵਾਮੀ ਦਯਾ ਨੰਦ ਜੀ (15) ਭਾਈ ਗਯਾਨ ਸਿੰਘ ਕੀ ਅਗਯਾਨਤਾ ਕਾ ਫੋਟੋ (16) ਗੁਰਮਰਯਾਦਾ ( ਗੁਰੂਓਂ ਕੀ ਸ਼ਾਦੀਆਂ) (17) ਸਿੱਖੋਂ ਕੀ ਅਰਦਾਸ (18) ਖਾਲਸਾ ਹਿੰਦੂ ਔਰ ਮੂਰਤੀ ਪੂਜਕ ਹੈ (19) ਦਿੱਤ ਸਿੰਘ ਦਾ ਘੁਗੂ ਘੂੰ (20) ਜੈਹੀ ਰੂਹ ਤੈਹੇ ਫਰੇਸ਼ਤੇ (21) ਪੋਪ ਸਿੱਖੀ (22) ਕਿਆ ਗੁਰੂ ਸਾਹਿਬ ਜੜ੍ਹ ਪੂਜਕ ਨਹੀਂ ਥੇ ?(23) ਪੁਰਾਣ ਔਰ ਗ੍ਰੰਥ ਸਾਹਿਬ (24) ਗੁਰੂ ਗ੍ਰੰਥ ਸਾਹਿਬ ਕੀ ਤਾਲੀਮ ਯਾ ਮਦਾਰੀ ਕਾ ਥੈਲਾ (25) ਪੁਰਾਣਔਰ ਗ੍ਰੰਥ ਸਾਹਿਬ (26) ਸਿੱਖ ਹਿੰਦੂ ਹੈਂ, (27) ਵੇਦ ਭਗਵਾਨ ਤੇ ਗੁਰੂ ਸਾਹਿਬ (28) ਤੁਮ ਹਿੰਦੂ ਹੋ ਯਾ ਆਰੀਆ (29) ਖਾਲਸਾ ਕੁਰੀਤੀ ਨਿਵਾਰਣ (30) ਅਸਲੀ ਹਰਾਮਜ਼ਾਦੇ ਕਾ ਨਮੂਨਾਂ (30) ਇਕ ਜੱਟ ਦੀ ਹੱਡ ਬੀਤੀ (32) ਮੱਤ ਪ੍ਰੀਖਯਾ (33) ਸੱਤ ਪ੍ਰਕਾਸ਼ (34) ਖ਼ਾਲਸਾ ਹਿੰਦੂ ਹੂਏ ਜਾਤੇ ਹੈਂ (35) ਗੁਰਮਤ ਸਾਮਾਨਯ ਸੰਸਕਾਰ ਵਿਧੀ।

ਉਪ੍ਰੋਕਤ ਸੂਚੀ ਸੰਪੂਰਨ ਨਹੀਂ। ਇਹੋ ਜਿਹੇ ਸਿਰਲੇਖਾਂ ਹੇਠ ਉਰਦੂ, ਹਿੰਦੀ ਤੇ ਪੰਜਾਬੀ ਵਿਚ ਆਰੀਆ ਸਮਾਜੀਆਂ ਦੁਆਰਾ ਢੇਰ ਸਾਹਿੱਤ ਰਚਿਆ ਗਿਆ। ਬਹੁਤ ਸਾਰੀਆਂ ਪੁਸਤਕਾਂ ਹਿੰਦੀ ਭਾਸ਼ਾ ਤੇ ਗੁਰਮੁਖੀ ਲਿੱਪੀ ਵਿਚ ਸਨ। ਪਿੱਛੋਂ ਇਨ੍ਹਾਂ ਦੇ ਪੰਜਾਬੀ ਅਨੁਵਾਦ ਵੀ ਛਪਦੇ ਰਹੇ। ਪੁਸਤਕਾਂ ਤੋਂ ਬਿਨਾਂ ਆਰੀਆ ਸਮਾਜੀਆਂ ਵਲੋਂ ਪ੍ਰਕਾਸ਼ਤ ਪੱਤਰ-ਪੱਤਰਕਾਵਾਂ ਵਿਚ ਵੀ ਇਹੀ ਲਹਿਜਾ ਤੇ ਇਹੋ ਜਿਹੀ ਦੂਸ਼ਤ ਭਾਸ਼ਾ ਹੀ ਵਰਤੀ ਜਾਂਦੀ ਰਹੀ। ਸਿੱਖਾਂ ਵਲੋਂ ਇਸ ਦਾ ਉੱਤਰ ਦਿੱਤਾ ਜਾਣਾ ਬੜਾ ਸੁਭਾਵਿਕ ਸੀ। ਪ੍ਰਤਿਕਰਮ ਵਜੋਂ ਆਰੀਆ ਸਮਾਜੀਆਂ ਦੇ ਵਿਰੁਧ ਭਾਵਨਾਵਾਂ, ਸਮੂਚੀ ਹਿੰਦੂ ਜਾਤੀ ਦੇ ਵਿਰੁਧ ਘ੍ਰਿਣਾ ਦੇ ਰੂਪ ਵਿਚ ਪਲਟ ਗਈਆਂ ਤੇ ਸਿੱਖਾਂ ਨੇ ਆਪਣੀ ਵੱਖਰੀ ਹੋਂਦ ਦੀ ਸਥਾਪਨਾ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ। ਆਪਣੇ ਧਰਮ ਸਿੱਧਾਂਤਾਂ, ਗੁਰੂਆਂ ਤੇ ਰਹੁ-ਰੀਤਾਂ ਉੱਤੇ ਆਰੀਆ ਸਮਾਜੀਆਂ ਵਲੋਂ ਕੀਤੇ ਗਏ ਹੱਲਿਆਂ ਦੇ ਉਤਰ ਦੇ ਨਾਲ ਨਾਲ, ਸਿੱਖ ਸਿੱਧਾਂਤਾਂ ਦੀ ਵਿਲੱਖਣਤਾ, ਗੌਰਵਤਾ ਤੇ

ਸ੍ਰੇਸ਼ਟਤਾ ਨੂੰ ਦ੍ਰਿੜ੍ਹਾਉਣ ਲਈ ਅਤੇ ਸਿੱਖ ਕੌਮ ਦੀ ਵੱਖਰੀ ਹੋਂਦ ਤੇ ਹਸਤੀ ਦੀ ਸੁਰੱਖਿਅਤਾ ਲਈ ਅਨਗਿਣਤ ਸਾਹਿੱਤ ਰਚਿਆ ਗਿਆ। ਕੇਵਲ ਨਮੂਨੇ ਮਾਤਰ ਕੁਝ ਕੁ ਪ੍ਰਕਾਸ਼ਤ ਲਿਖਤਾਂ ਦੀ ਸੂਚੀ ਏਥੇ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ:-

(1) ਧੋਤੇ ਮੂੰਹ ਚਪੇੜ, (2) ਨਯੋਗ ਦਰਪਣ ਅਥਵਾ ਨਯੋਗ ਫਿਲਾਸਫੀ ਉਪਦੇਸ਼, (3) ਅਮਲੇ-ਆਰੀਆ, (4) ਨੁਸਖ਼ਾਏ ਖ਼ਬਤੇ ਦਯਾਨੰਦੀਆ (ਇਲਾਜੇ ਵਹਿਮਾਤੇ ਇਤ ਸਿਖਿਆ ਦਾ ਜਵਾਬ), (5) ਇਨਕਸ਼ਾਫ਼ੇ ਹਕੀਕਤ (ਦਯਾ ਨੰਦੀ ਤਹਿਜ਼ੀਬ ਵ ਸਿੱਖ ਮਜ਼ਹਬ), (6) ਤਾਲੀਮੇ ਸਤਿਆਰਥ ਪ੍ਰਕਾਸ਼ ਕਾ ਅਸਲੀ ਫੋਟੋ (7) ਦਯਾਨੰਦੀ ਫਿਰਕਾ ਕੀ ਮੁਕਰਮਾਨਾ ਕਾਰਵਾਈਆਂ, (8) ਦਯਾ ਨੰਦ ਔਰ ਸੁਖ ਲਾਲ ਮਤ ਖੰਡਨ, (9) ਗੁਰਮਤ ਮੰਡਨ, (10) ਆਰੀਆਂ ਦੇ ਢੋਲ ਦਾ ਪੋਲ, (11) ਦਯਾ ਨੰਦ ਮਤ ਦਰਪਨ, (12) ਆਰੀਆਂ ਦੇ ਸਿੱਖਾਂ ਤੇ ਬੇਜਾ ਹਮਲਿਆਂ ਦੇ ਉੱਤਰ (13) ਗੁਰਮਤ ਵਿਰੋਧ ਵਿਨਾਸ਼, (14) ਗੁਰਮਤ ਗੌਰਵਤਾ, (15) ਕੀ ਸਿੱਖ ਬੁਤ-ਪ੍ਰਸਤ ਹਨ, (16) ਕਪਟ ਵਿਨਾਸ਼, (17) ਜਨੇਊ ਫ਼ਿਲਾਸਫੀ (18) ਵੇਦ ਦਾ ਪੋਲ, (19) ਕਿਆ ਵੇਦ ਇਲਹਾਮੀ ਹੈਂ ?, (20) ਹਿੰਦੂ ਸਿੱਖਾਂ ਦਾ ਨਿਬੇੜਾ, (21) ਦੁਰਗਾ ਪ੍ਰਬੋਧ, (22) ਸਾਧੂ ਦਯਾ ਨੰਦ ਨਾਲ ਮੇਰਾ ਸੰਬਾਦ, (23) ਬਾਬਾ ਦਯਾ ਨੰਦ ਦੀ ਜੀਵਨ ਕਥਾ, (24) ਸ਼ਰਾਧ ਫ਼ਿਲਾਸਫ਼ੀ (25) ਹਵਨ ਫ਼ਿਲਾਸਫ਼ੀ, (26) ਹਮ ਹਿੰਦੂ ਨਹੀਂ, (27) ਵੇਦਾਂ ਵਿੱਚੋਂ ਮਾਸ ਫ਼ਿਲੌਸਫੀ, (28) ਗੌ ਰਖ਼ਸ਼ਾ, (29) ਆਰੀਆ ਸਮਾਜ ਔਰ ਉਸ ਕੇ ਬਾਨੀ ਕੀ ਤਰਫ਼ ਸੇ ਦੁਨੀਆਂ ਕੇ ਮੁਖ਼ਤਲਿਫ਼ ਹਾਦੀਆਨੇ ਮਜ਼ਹਬ ਕੀ ਬੇ-ਇਜ਼ਤੀ।

ਇਸ ਵਾਦ-ਵਿਵਾਦ ਦੇ ਫਲਸਰੂਪ ਸਿੱਖਾਂ ਵਲੋਂ ਅਨਗਿਣਤ ਸਾਹਿੱਤ ਰਚਿਆ ਗਿਆ ਤੇ ਉਹ ਵੀ ਹੋਰ ਜਾਤੀਆਂ ਨਾਲੋਂ ਕਿਸੇ ਤਰ੍ਹਾਂ ਪਿਛੇ ਨਾ ਰਹੇ।[19] ਸਿੱਖਾਂ ਦੇ ਸਾਹਮਣੇ ਸਭ ਤੋਂ ਵੱਡਾ ਪ੍ਰਸ਼ਨ ਆਪਣੀ ਹੋਂਦ ਦੀ ਵਿਲੱਖਣਤਾ ਨੂੰ ਦਰਸਾਉਣਾ ਸੀ ਜਿਸ ਸੰਬੰਧੀ ਹੇਠ ਲਿਖੇ ਤਿੰਨ ਨੁਕਤੇ ਹਰ ਸੂਝਵਾਨ ਸਿੱਖ ਦੇ ਧਿਆਨ ਗੋਚਰੇ ਸਨ:-

ੳ) ਸਿੱਖ ਧਰਮ ਦਾ ਅਸਲੀ ਸਰੂਪ ਕੀ ਹੈ?

ਅ) ਸਾਡਾ ਭੂਤ ਕਿਹੋ ਜਿਹਾ ਹੈ?

ੲ) ਆਉਣ ਵਾਲੇ ਵਰ੍ਹਿਆਂ ਵਿਚ ਸਿੱਖੀ ਕਿਨ੍ਹਾਂ ਲੀਹਾਂ ਤੇ ਚਲੇਗੀ ਜਾਂ ਕੀ ਸਰੂਪ ਧਾਰਨ ਕਰੇਗੀ?

---

19. Barrier, N.G., " Not lagging behind in controversary, the Sikhs produced wave after wave of tracts, criticizing the Arya Samaj, Hinduism, Islam and Christianity."

Sources of Panjab History, Delhi, 1975, p.223.

ਪਹਿਲੇ ਪ੍ਰਸ਼ਨ ਬਾਰੇ ਸਿੱਖ ਦ੍ਰਿੜ੍ਹਤਾ ਨਾਲ ਐਲਾਨ ਕਰਨ ਲਗੇ ਕਿ 'ਹਮ ਹਿੰਦੂ ਨਹੀਂ'। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਇਸ ਸਿਰਲੇਖ ਵਾਲੀ ਪੁਸਤਕ ਸੰਬੰਧੀ ਗਿ:ਗੁਰਦਿਤ ਸਿੰਘ ਲਿਖਦੇ ਹਨ:[20] "ਸਿੰਘ ਸਭਾ ਲਹਿਰ ਨੇ ਪੰਥ ਦੇ ਵੱਖਰੇ ਵਜੂਦ ਅਤੇ ਆਪਣੀ ਕੌਮੀ ਹਸਤੀ ਦੇ ਵਿਕਾਸ ਲਈ ਜੋ ਕੁਝ ਕੀਤਾ, ਇਸ ਪੁਸਤਕ ਦਾ ਉਸ ਵਿਚਾਰ-ਪ੍ਰਚਾਰ ਵਿਚ ਬੁਨਿਆਦੀ ਇੱਟਾਂ ਵਾਲਾ ਯੋਗਦਾਨ ਹੈ।"

ਭਾਈ ਕਾਨ੍ਹ ਸਿੰਘ ਨੇ ਹਿੰਦੂ ਤੇ ਸਿੱਖ ਧਰਮਾਂ ਦੇ ਮੂਲ ਅੰਤਰ ਨੂੰ ਸਮਝਾਉਣ ਲਈ ਗੁਰਬਾਣੀ, ਸਿੱਖ ਇਤਿਹਾਸ ਤੇ ਰਹਿਤਨਾਮਿਆਂ ਵਿੱਚੋਂ ਉਦਾਹਰਣਾਂ ਦਿੱਤੀਆਂ ਤੇ ਹਿੰਦੂ ਧਾਰਮਿਕ ਗ੍ਰੰਥਾਂ ਤੇ ਸ਼ਾਸਤ੍ਰਾਂ ਦੇ ਹਵਾਲੇ ਦੇ ਕੇ ਆਪਣੇ ਮੱਤ ਦੀ ਪੁਸ਼ਟੀ ਕੀਤੀ। ਹੁਸ਼ਿਆਰਪੁਰ ਦੇ ਵਕੀਲ ਲਾਲਾ ਠਾਕਰ ਦਾਸ ਤੇ ਬਾਵਾ ਨਰੈਣ ਸਿੰਘ ਨੇ "ਸਿੱਖ ਹਿੰਦੂ ਹੈ" ਨਾਂ ਦੀਆਂ ਪੁਸਤਕਾਂ ਛਾਪ ਕੇ ਇਸ ਵਾਦ-ਵਿਵਾਦ ਨੂੰ ਹੋਰ ਭੜਕਾਇਆ। ਲਾਲਾ ਠਾਕਰ ਦਾਸ ਦੀ ਪੁਸਤਕ[21] ਵਿਚ ਮਹਾਰਾਜਾ ਪਟਿਆਲਾ ਤੇ ਬਾਬਾ ਖੇਮ ਸਿੰਘ ਬੇਦੀ ਦੀਆਂ ਲਿਖਤਾਂ ਦੇ ਹਵਾਲੇ ਦਿਤੇ ਹੋਏ ਹਨ ਜਿਸ ਵਿਚ ਉਨ੍ਹਾਂ ਸਿੱਖਾਂ ਨੂੰ ਹਿੰਦੂ ਸਿੱਧ ਕਰਨ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਮਹਾਰਾਜਾ ਪਟਿਆਲਾ ਲਿਖਦੇ ਹਨ:-[22]

> "ਮੈਂ ਦੇਖਤਾ ਹੂੰ ਕਿ ਕੁਛ ਅਰਸਾ ਸੇ ਬਾਅਜ਼ ਨਵਾਹ ਮੇਂ ਯੇਹ ਦਿਖਲਾਨੇ ਕੀ ਕੋਸ਼ਿਸ਼ ਕੀ ਗਈ ਹੈ ਕਿ ਸਿੱਖ ਹਿੰਦੂ ਨਹੀਂ ਹੈਂ। ਲੇਕਿਨ ਯੇਹ ਗ਼ਲਤੀ ਹੈ। ਸਿੱਖੋਂ ਨੇ ਬਹੈਸੀਅਤ ਮਜਮੂਈ ਕਭੀ ਆਪਣੇ ਤਈਂ ਹਿੰਦੂਓਂ ਸੇ ਜੁਦਾ ਖਿਆਲ ਨਹੀਂ ਕੀਆ ਔਰ ਨਾ ਹੀ ਵੋਹ ਐਸਾ ਖਿਆਲ ਕਰ ਸਕਤੇ ਹੈਂ। ਸਿੱਖ ਲੋਗ ਖੁਦ ਹਿੰਦੂਓਂ ਕੀ ਨਿਸਬਤ ਕਮਤਰ ਹਿੰਦੂ ਨਹੀਂ ਹੈਂ। ਦੋਨੋ ਕਾ ਮਕਸਦ ਏਕ ਹੈ।"

ਬਾਬਾ ਖੇਮ ਸਿੰਘ ਬੇਦੀ ਦੀ ਲਿਖਤ ਦਾ ਹਵਾਲਾ ਦਿੰਦੇ ਹੋਏ ਲਾਲਾ ਠਾਕਰ ਦਾਸ ਲਿਖਦੇ ਹਨ:-

> "ਹਿੰਦੂਓ ਡਰੋ ਮਤ! ਜਿਨ ਸਿੱਖੋਂ ਕੋ ਤੁਮ ਸੱਚਾ ਸਿੱਖ ਸਮਝਤੇ ਹੋ, ਵੋਹ ਝੂਠੇ ਬਾਬੂ ਸਿੱਖ ਹਨ। ਵੋਹ ਨਈ ਰੌਸ਼ਨੀ ਕੇ ਚਮਗੀਦੜ ਹੈਂ। ਵੈਸੇ ਲੋਗ ਸਭ ਸਮਾਜੋਂ ਮੇਂ ਪੈਦਾ ਹੋ ਗਏ ਹੈਂ; ਸਿੱਖੋਂ ਮੇਂ ਹੀ ਕਿਉਂ ਨਾ ਹੋਂ। ਉਨ ਕੀ ਬਾਤ ਕਾ ਬੁਰਾ ਨਾ ਮਾਨੋ। ਅਬ ਸੇ ਹਿੰਦੂ ਹਿਰਦਾ ਬੇਧਨੇ ਵਾਲੇ ਸਿੱਖ ਕੋ ਜਾਤੀ ਦੰਡ ਦੀਆ ਜਾਏਗਾ।"

---

20. ਗੁਰਦਿੱਤ ਸਿੰਘ, ਗਿਆਨੀ —ਆਰੰਭਿਕ ਬੇਨਤੀ — ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਪ੍ਰਕਾਸ਼ਤ ਪੁਸਤਕ ਦੀ ਭੂਮਿਕਾ, ਪੰਨਾ(ਕ) ਅੰਮ੍ਰਿਤਸਰ, 1974

21. ਠਾਕਰ ਦਾਸ, ਵਕੀਲ, 'ਸਿੱਖ ਹਿੰਦੂ ਹੈ' (ਉਰਦੂ) ਪਹਿਲੀ ਵਾਰ, ਜਨਵਰੀ 1899 ਈ. ਪੰਨਾ 30

22. 'ਅਖ਼ਬਾਰੇ ਆਮ' 16 ਨਵੰਬਰ 1898 ਈ.

"ਅੰਮ੍ਰਿਤਸਰ ਦੇ ਗ੍ਰੰਥੀ, ਪੁਜਾਰੀ ਤੇਗਯਾਨੀ, ਹੋਰ ਸਰਬਤ ਸਿੰਘ ਅਜ ਤਕ ਕਿਰਯਾ ਕਰਮ, ਵਿਆਹ ਸ਼ਾਦੀਆਂ ਤੇ ਹੋਰ ਸਭ ਕਰਮ ਵੇਦ ਸ਼ਾਸਤ੍ਰ ਅਨੁਸਾਰ ਕਰਦੇ ਹੈਨ ਤੇ ਜਦ ਸਿੱਖਾਂ ਦਾ ਰਾਜ ਸੀ ਤਾਂ ਭੀ ਸਭ ਕਰਮ ਹਿੰਦੂਆਂ ਵਾਂਗ ਹੀ ਹੁੰਦੇ ਸਨ। ਕਦੀ ਕਿਸੇ ਨੇ ਇਨਕਾਰ ਨਹੀਂ ਕੀਤਾ। ਹੁਣ ਕਲਜੁਗੀ ਸਿੰਘ ਵਿਰੋਧ ਪਾਉਣ ਵਾਸਤੇ ਇਹੋ ਜਹੀਆਂ ਗੱਲਾਂ ਕਰਦੇ ਹੈਨ। ਅੰਗਰੇਜ਼ੀ ਫ਼ਾਰਸੀ ਪੜ੍ਹਨ ਨਾਲ, ਉਨ੍ਹਾਂ ਦੇ ਸੰਸਕਾਰ ਬਿਗੜ ਗਏ ਹਨ। ਇਹ ਉਨ੍ਹਾਂ ਦਾ ਕਸੂਰ ਨਹੀਂ, ਸੁਹਬਤ ਦਾ ਅਸਰ ਹੈ।"[23]

"ਹਮ ਹਿੰਦੂ ਨਹੀਂ" ਸੰਬੰਧੀ ਆਰੀਆ ਸਮਾਜੀਆਂ ਤੇ ਬਾਕੀ ਹਿੰਦੂਆਂ ਵਲੋਂ ਕਾਫ਼ੀ ਕਰੜਾ ਪ੍ਰਤਿਕਰਮ ਦਿਖਾਇਆ ਗਿਆ ਤੇ ਇਹ ਸਾਬਤ ਕਰਨ ਲਈ ਕਿ ਸਿੱਖ ਗੁਰੂਆਂ ਦੀ ਸਮੁਚੀ ਸਿਖਿਆ, ਹਿੰਦੂ ਸ਼ਾਸਤ੍ਰਾਂ ਅਨੁਸਾਰ ਹੈ, ਬਹੁਤ ਸਾਰੀਆਂ ਲਿਖਤਾਂ ਸਾਹਮਣੇ ਆਈਆਂ। ਸਿੰਘ ਸਭਾ ਦੇ ਆਗੂਆਂ ਵਲੋਂ ਜਿਥੇ ਹਿੰਦੂ ਵਿਦਵਾਨਾਂ ਦੀਆਂ ਲਿਖਤਾਂ ਦਾ ਬਾ-ਦਲੀਲ ਢੰਗ ਨਾਲ ਉੱਤਰ ਦਿੱਤਾ ਗਿਆ, ਉਥੇ ਸਨਾਤਨੀ ਵਿਚਾਰਾਂ ਵਾਲੇ ਸਿੱਖਾਂ ਦੀ ਬੜੀ ਸਖ਼ਤ ਆਲੋਚਨਾ ਵੀ ਕੀਤੀ ਗਈ।

ਇਸ ਵਾਦ ਵਿਵਾਦੀ ਸਾਹਿੱਤ ਤੇ ਹਿੰਦੂਆਂ ਵਲੋਂ ਸਿੱਖੀ ਉਤੇ ਕੀਤੇ ਗਏ ਹੱਲਿਆਂ ਦਾ ਉੱਤਰ ਪੰਡਤ ਕਰਤਾਰ ਸਿੰਘ ਦਾਖਾ ਨੇ ਆਪਣਾ ਪੁਸਤਕ "ਖੜਕ ਖਾਲਸਾ"[24] ਵਿਚ ਦਿਤਾ ਤੇ ਲਿਖਿਆ ਕਿ "ਕੁਝ ਤਾਂ ਉਨ੍ਹਾਂ ਵਿਚੋਂ ਗਾਲੀ ਗਲੋਚ ਦੇ ਸਿਵਾਇ ਚੰਗੀ ਗਲ ਜਾਣਦੀਆਂ ਹੀ ਨਹੀਂ, ਬਹੁਤੀਆਂ ਅਵਿੱਦਕ ਲੋਕਾਂ ਵਲੋਂ ਹੋਣ ਕਰ ਕੇ, ਪਾਠ ਅਤੇ ਹਵਾਲੇ ਗ਼ਲਤ ਅਰ ਸੁਣੀਆਂ ਸੁਣਾਈਆਂ ਗੱਲਾਂ ਨਾਲ ਭਰੀਆਂ ਪਈਆਂ ਹਨ, ਬਹੁਤੀਆਂ ਦੀ ਲੇਖਣੀ ਨਿਕੰਮੀ ਅਤੇ ਯੁਕਤੀ ਪ੍ਰਮਾਣ ਦਾ ਇਹ ਹਾਲ ਹੈ ਕਿ ਜਿਹੜੀ ਯੁਕਤੀ ਕਿਸੇ ਵਲੋਂ ਇਕ ਵਾਰ ਦਿੱਤੀ ਗਈ, ਸਭ ਨੇ ਪਿਛੋਂ ਉਹੋ ਹੀ, ਯਾ ਦੂਸਰੇ ਲਫ਼ਜ਼ਾਂ ਵਿਚ ਉਹੀ ਵਰਤੀ। ਆਪਣੀ ਵਲੋਂ ਕੁਝ ਨਹੀਂ ਕਿਹਾ।"

## ਸਿੱਖ-ਮੁਸਲਮਾਨੀ ਵਾਦ-ਵਿਵਾਦ

ਕਾਦਿਆਨੀ ਲਹਿਰ ਦੇ ਸੰਚਾਲਕ ਮਿਰਜ਼ਾ ਗੁਲਾਮ ਅਹਿਮਦ ਨੇ ਸਾਰਾ ਜ਼ੋਰ ਇਹ ਸਿੱਧ ਕਰਨ ਲਈ ਲਾ ਦਿੱਤਾ ਕਿ ਗੁਰੂ ਨਾਨਕ ਮੁਸਲਮਾਨ ਸਨ। 'ਸੱਤ ਬਚਨ'[25] ਵਿਚ ਉਨ੍ਹਾਂ ਲਿਖਿਆ:

---

23. ਨਰੈਣ ਸਿੰਘ ਬਾਵਾ — "ਸਿੱਖ ਹਿੰਦੂ ਹੈਨ" ਅੰਮ੍ਰਿਤਸਰ 1899 ਈ., ਪੰਨਾ 30
24. ਕਰਤਾਰ ਸਿੰਘ ਦਾਖਾ — 'ਖੜਕ ਖਾਲਸਾ' ਨਵੰਬਰ 1913, ਭੂਮਿਕਾ ਹ-ਕ
25. ਮਿਰਜ਼ਾ ਗੁਲਾਮ ਅਹਿਮਦ 'ਸਤ ਬਚਨ' (ਉਰਦੂ) 30 ਨਵੰਬਰ 1895, ਪੰਨਾ 32

"ਉਨ੍ਹਾਂ ਲਈ ਅਸਮਾਨ ਤੋਂ ਇਕ ਚੋਲਾ ਉਤਰਿਆ ਸੀ, ਜਿਸ ਉੱਤੇ ਕੁਰਾਨ ਸ਼ਰੀਫ਼ ਲਿਖਿਆ ਹੈ। ਇਹ ਚੋਲਾ ਕੁਦਰਤ ਦੇ ਹੱਥੀਂ ਲਿਖਿਆ ਗਿਆ, ਕੁਦਰਤ ਦੇ ਹੱਥੀਂ ਸੀਤਾ ਗਿਆ ਤੇ ਕੁਦਰਤ ਦੇ ਹੱਥੀਂ ਬਾਬਾ ਸਾਹਿਬ (ਗੁਰੂ ਨਾਨਕ) ਨੂੰ ਪੁਆਇਆ ਗਿਆ ਸੀ। ਚਿਸ਼ਤੀਆ ਖ਼ਾਨਦਾਨ ਵਿਚ ਬਾਬਾ ਜੀ ਦੇ ਉਹ ਸ਼ੇਅਰ ਜ਼ੁਬਾਨ ਤੇ ਆਮ ਹਨ ਜਿਹੜੇ ਇਸਲਾਮ ਤੇ ਨਬੀ ਦੀ ਸਿਫ਼ਤ ਕਰਦੇ ਹਨ। ਉਹ ਗੁਰੂ ਗ੍ਰੰਥ ਸਾਹਿਬ ਦੇ ਸ਼ੇਅਰਾਂ ਨਾਲੋਂ ਵਧੇਰੇ ਮੰਨਣ-ਯੋਗ ਹਨ ਜਿਵੇਂ "ਕਲਮਾ ਕਹੂੰ ਤੇ ਕਲ ਪੜ੍ਹੇ, ਬਿਨ ਕਲਮਾ ਕਲ ਨਾ ਹੋਇ।"

ਰੱਬੀ ਚੋਲੇ ਦੀ ਕਰਾਮਾਤ ਨੂੰ ਸੱਚਾ ਸਿੱਧ ਕਰਨ ਲਈ ਮਿਰਜ਼ਾ ਗੁਲਾਮ ਅਹਿਮਦ ਨੇ ਲਿਖਿਆ ਕਿ ਇਹ ਚੋਲਾ ਡੇਰਾ ਬਾਬਾ ਨਾਨਕ ਵਿਚ ਕਾਬਲੀ ਮਲ ਦੀ ਉਲਾਦ ਦੇ ਕੋਲ ਹੈ ਤੇ ਇਸ ਚੋਲੇ ਤੇ ਰਾਜਾ ਭੂਪ ਸਿੰਘ, ਰਾਜਾ ਸਾਹਿਬ ਸਿੰਘ, ਹਰੀ ਸਿੰਘ ਨਲਵਾ, ਦੀਵਾਨ ਮੋਤੀ ਰਾਮ, ਇਤਿਆਦਿ ਕਈਆਂ ਨੇ ਰੁਮਾਲ ਚੜ੍ਹਾਏ ਸਨ। ਇਸ ਦਾ ਜਵਾਬ 'ਖਾਲਸਾ ਬਹਾਦਰ' ਨੇ ਦਿੱਤਾ ਤੇ ਆਖਿਆ ਕਿ ਗੁਰੂ ਨਾਨਕ ਨਾ ਹਿੰਦੂ ਸਨ ਨਾ ਮੁਸਲਮਾਨ। ਐਸੇ ਤਰ੍ਹਾਂ "ਖ਼ਬਤੇ ਕਾਦੀਆਨੀ ਦਾ ਇਲਾਜ" ਨਾਂ ਦੀ ਪੁਸਤਕ (1897 ਈ.) ਵਿੱਚ ਰਾਜਇੰਦਰ ਸਿੰਘ ਨੇ ਮਿਰਜ਼ਾ ਸਾਹਿਬ ਦੇ ਗ਼ਲਤ ਪ੍ਰਚਾਰ ਦਾ ਖੰਡਨ ਕੀਤਾ।

ਕਾਦੀਆਨੀ ਵਾਦ ਵਿਵਾਦ ਲਗਭਗ ਸਾਰਾ ਹੀ ਉਰਦੂ ਵਿਚ ਹੋਣ ਕਰ ਕੇ, ਪੰਜਾਬੀ ਸਾਹਿੱਤ ਨੂੰ ਦੇਣ ਵਾਲੇ ਖੇਤਰ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਪਰ ਕੁਝ ਕੁ ਹਵਾਲੇ ਪੰਜਾਬੀ ਵਿਚ ਵੀ ਮਿਲਦੇ ਹਨ ਜਿਨ੍ਹਾਂ ਨੂੰ ਸੰਖੇਪ ਵਿਚ ਏਥੇ ਦੇਣਾ ਅਨੁਚਿਤ ਪ੍ਰਤੀਤ ਨਹੀਂ ਹੁੰਦਾ।

'ਖਾਲਸਾ ਧਰਮ ਪ੍ਰਚਾਰਕ'[26] ਅੰਮ੍ਰਿਤਸਰ ਵਿਚ ਕਿਸੇ ਅਗਿਆਤ ਕਵੀ ਦੀ ਹੇਠ ਲਿਖੀ ਕਵਿਤਾ ਛਪੀ ਸੀ, ਜਿਹੜੀ ਮਿਰਜ਼ਾ ਕਾਦੀਆਂ ਨੂੰ ਸੰਬੋਧਤ ਹੈ:-

ਦੋਹਰਾ: "ਯਾਰਾ ਤੇਰੇ ਹਾਲ ਦਾ, ਫੋਟੋ ਲਿਆ ਖਿਚਾਇ
ਹੁਨ ਤੂੰ ਸਾਥੋਂ ਸ਼ਰਮ ਕਰ, ਕੁਛ ਨਾ ਬਾਤ ਛੁਪਾਇ
ਹੋਣੀ ਦੇ ਮਾਰੇ ਬਹੁ-ਭੁਖੇ, ਤੇਰੇ ਦਰ ਪਰ ਜੇੜ੍ਹੇ
ਕਰਨ ਉਪੱਦਰ ਉਹ ਸਭੀ, ਪਾਵਨ ਸਭੀ ਬਖੇੜੇ।
ਬਿਨਾਂ ਡੰਗੋਰੀ ਉਨ੍ਹਾਂ ਦੀ ਨਹੀਂ, ਅੰਧਾ ਕਦਮ ਚਲ ਸਕੇ।
ਤੈਨੂੰ ਭੜਕਾਉਣ ਦਿਨ ਰਾਤੀਂ, ਰੰਗ ਤੁਮਾਰਾ ਫਾਬੇ।
ਗ੍ਰੰਥ ਸਾਹਿਬ ਦੇ ਵਿੱਚੋਂ ਫਿਰ ਫਿਰ, ਉਹ ਤੁਕਾਂ ਕੱਢ ਲਿਆਵਨ।
ਝੂਠ ਸੱਚ ਉਹ ਚਾਹੁਨਗੇ ਜੋ, ਤੈਨੂੰ ਆਇ ਸੁਨਾਵਨ।

---

26. ਖਾਲਸਾ ਧਰਮ ਪ੍ਰਚਾਰਕ - ਅੰਮ੍ਰਿਤਸਰ, 19 ਫਰਵਰੀ 1896 ਈ., ਪੰਨਾ 3.

ਤੇਰੀ ਲੈ ਕੇ ਹਮ ਕਿਤਾਬ ਨੂੰ, ਫੇਰ ਰਖੇਂਗੇ ਆਗੇ।
ਇਕ ਇਕ ਅੱਖਰ ਦੀ ਕੱਢ ਗਲਤੀ, ਖੋਲ੍ਹਾਂਗੇ ਸਭ ਧਾਗੇ।
ਵਰਕੇ ਨੰਬਰ ਵਾਰ ਟਿਕਾ ਕੇ, ਤੇਰੀ ਕਰੇਂ ਤਸੱਲੀ।
ਉਸ ਵਿਚ ਜੋ ਕੁਝ ਤੂੰ ਨੇ ਪਾਈ, ਦੇਹਿ ਨਿਕਾਲ ਮੁਸੱਲੀ।
ਬੜੀਆਂ ਤੁਕਾਂ ਕੱਢ ਕੇ ਤੈਂ ਨੇ, ਗ੍ਰੰਥ ਸਾਹਿਬ ਤੇ ਲਿਖੀਆਂ
ਜਿਨ ਤੇ ਮਤਲਬ ਏਹ ਤੈਂ ਪਾਯਾ, ਗੁਰੂ ਮੁਸਲਮਾਂ ਪਿਖੀਆਂ।
ਸਾਰੀਆਂ ਤੇਰੀਆਂ ਸੂਹਾਂ ਫੋਲ ਕੇ, ਮੈਂ ਦਸਾਂਗਾ ਅੱਗੇ।
ਜੇ ਕਰ ਹੋ ਨਿਰ-ਸੰਕਲਪ ਪਿਆਰੇ, ਮੇਰੇ ਆਖੇ ਲਗੇਂ
ਸਭ ਤੇ ਪਹਿਲੇ ਇਹ ਦੱਸ ਭਾਈ, ਗੁਰੂ ਸਾਹਬ ਕੀ ਬਾਣੀ।
ਕੀ ਕਹਿੰਦੀ ਹੈ? ਪੜ੍ਹ ਲੈ ਅੱਗੇ, ਮੈਂ ਸਭ ਲਿਖੀ ਪੁਰਾਣੀ।

"ਹਿੰਦੂ ਕਹਾਂ ਤਾ ਮਾਰੀਏ, ਮੁਸਲਮਾਨ ਬੀ ਨਾਹਿ।"
ਕਰ ਇਸ ਦਾ ਕੀ ਅਰਥ ਹੈ? ਮੈਨੂੰ ਦੇਹਿ ਸਮਝਾਏ।
ਜੇ ਇਸ ਤੁਕ ਨੂੰ ਰਤਾ ਵਿਚਾਰੇਂ, ਤਾਂ ਗਲਤੀ ਨੂੰ ਮੰਨੇ।
ਜੋ ਤੈਂ ਕੀਤੀ ਪੈ ਹੰਕਾਰ ਵਿਚ, ਬੈਠ ਮੌਤ ਦੇ ਬੰਨੇ।
ਜੇ ਇਸ ਪੁਰ ਬੀ ਦਿਲ ਇਹ ਤੇਰਾ, ਠੀਕ ਨਾ ਹੋਯਾ ਭਾਈ
ਤਾਂ ਫਿਰ ਤੀਜੀ ਵਾਰੀ ਤੈਨੂੰ, ਸਮਝਾਵਾਂਗੇ ਆਈ।

ਉਪਰੋਕਤ ਕਵਿਤਾ ਬੜੀ ਸਾਧਾਰਣ ਪੱਧਰ ਦੀ ਹੈ ਤੇ ਤੁਕ-ਬੰਦੀ ਤੋਂ ਵੱਧ ਕੁਝ ਅਰਥ ਨਹੀਂ ਰੱਖਦੀ। ਤੁਕ-ਬੰਦੀ ਵੀ ਬੜੀ ਕੁਢੱਬੀ ਹੈ, ਨਾ ਤਾਂ ਤੁਕਾਂ ਦਾ ਤੋਲ ਠੀਕ ਹੈ ਤੇ ਨਾ ਹੀ ਕਾਵਿਕ ਲੈ ਜਾਂ ਤੁਕਾਂਤ ਹੀ ਠੀਕ ਨਿਭਾਇਆ ਗਿਆ ਹੈ। ਇਸ ਨੂੰ ਉੱਤਮ ਕਾਵਿ ਦੇ ਪਰਮਾਣ ਵਜੋਂ ਪੇਸ਼ ਕਰਨ ਦਾ ਏਥੇ ਕੋਈ ਮਨੋਰਥ ਨਹੀਂ। ਕੇਵਲ ਇਹ ਦਰਸਾਉਣ ਲਈ ਉਪ੍ਰੋਕਤ ਸਤਰਾਂ ਦਿੱਤੀਆਂ ਗਈਆਂ ਹਨ ਤਾਂ ਜੋ ਮਿਰਜ਼ਾ ਕਾਦੀਆਂ ਦੇ ਦਾਅਵੇ ਬਾਰੇ ਸਿੱਖਾਂ ਦੇ ਪ੍ਰਤਿਕਰਮ ਨੂੰ ਦਰਸਾਇਆ ਜਾ ਸਕੇ। ਇਹੋ ਜਿਹੀ ਇਕ ਹੋਰ ਕ੍ਰਿਤ 'ਕਾਇਰ ਸੁਧਾਰ' ਨਾਂ ਹੇਠ ਛਪੀ[27] ਜਿਸ ਦਾ ਲੇਖਕ ਭਾ: ਪ੍ਰੀਤਮ ਸਿੰਘ ਹੈ। ਇਹ ਕਵਿਤਾ ਤੇ ਵਾਰਤਕ ਦੀ ਸਾਂਝੀ ਰਚਨਾ ਹੈ। ਕਵਿਤਾ ਦਾ ਵਹਾ, ਤੋਲ ਤੇ ਤੁਕਾਂਤ ਉਪਰਲੀ ਕਵਿਤਾ ਨਾਲੋਂ ਵਧੇਰੇ ਪੂਰਨ ਹੈ ਤੇ ਲਿਖਤ ਵਿਚਲਾ ਵਿਅੰਗ ਕਾਵਿ-ਰਸ ਨੂੰ ਚਮਕਾਉਂਦਾ ਹੈ:-

ਅੱਜ ਕਲ੍ਹ ਇਕ ਕਾਦਿਆਨੀ ਮੁੱਲਾਂ।
ਅਪਨਾ ਵਖ ਬਨਾ ਏ ਚੁੱਲ੍ਹਾ।
ਉਸ ਨੇ ਅਤੀ ਅੰਧੇਰ ਮਚਾਇਆ।
ਜਗ ਵਿਚ ਝੂਠ ਤੁਫਾਨ ਉਡਾਇਆ।

---

27. ਪ੍ਰੀਤਮ ਸਿੰਘ ਭਾਈ — 'ਕਾਇਰ ਸੁਧਾਰ' ਸੰਮਤ ਨਾਨਕ ਸ਼ਾਹੀ 436, ਪੰਨਾ 5.

ਕਦੀ ਆਖੇ ਮੈਂ ਆਪ ਮਸੀਹ।
ਮੈਂ ਤੇ ਆਵੇ ਈਸ਼ਰੀ ਵਹੀ।
ਕਦੀ ਉਹ ਬਣ ਇਸਲਾਮੀ ਬਹਿੰਦਾ।
ਜੋ ਮੂਹ ਆਵੇ, ਸੋਈ ਕਹਿੰਦਾ।
ਹੁਣ ਆਖੇ, ਮੈਂ ਕ੍ਰਿਸ਼ਨ ਮਹਾਰਾਜ।
ਮੈਂ ਹੀ ਹਾਂ ਦੁਨੀਆਂ ਦਾ ਸਾਜ ।
ਦਿਨ ਵਿਚ ਲੱਖਾਂ ਰੂਪ ਵਟਾਂਦਾ।
ਕੋਈ ਨਾ ਸੱਚੀ ਬਾਤ ਅਲਾਂਦਾ।
ਗੁਰੂ ਨਾਨਕ ਸੀ ਮੁਸਲਮਾਨ,
ਕਲਮੇ ਪਰ ਉਨ ਕਾ ਈਮਾਨ।
ਤੂੰ ਹੈਂ ਸਿੱਖ ਗੁਰੂ ਕਾ ਪਯਾਰਾ।
ਸਭ ਸਿਖਨ ਕਾ ਤੂੰ ਸਰਦਾਰਾ।
ਡੇਹਰੇ ਨਾਨਕ ਜੋ ਗੁਰ ਚੋਲਾ।
ਉਸ ਪਰ ਲਿਖਿਆ, ਆਪੇ ਮੌਲਾ।
ਸੱਚਾ ਧਰਮ ਖੁਦਾ ਕਾ ਪਿਆਰਾ।
ਉਹ ਹੈ ਇਹ ਇਸਲਾਮ ਹਮਾਰਾ।

"ਵਾਹ ਪੀਰ ਜੀ ਖੂਬ ਸੁਨਾਈ।
ਮੌਲਾ ਦੀ ਕਰਤੂਤ ਬਤਾਈ।
ਮੌਲਾ ਕੱਢਦਾ ਚੋਲੇ ਭਾਰੀ
ਜ਼ਰੀ ਬਾਦਲੇ ਅਰ ਫੁਲਕਾਰੀ।
ਕੰਮ ਸੂਈ ਦਾ ਜਾਣੇ ਸਾਰਾ।
ਹੈ, ਉਹ ਕਾਰੀਗਰ ਵਡ ਭਾਰਾ।
ਸੁਨ ਤੈਨੂੰ ਜ਼ਰਾ ਸ਼ਰੀਫ਼ ਸੁਨਾਵਾਂ।
ਗੁਰੂ ਗ੍ਰੰਥ ਵਿੱਚੋਂ ਬਤਲਾਵਾਂ ।
ਜੰਮਣ ਮਰਣ ਵਿਆਹ ਕੁੜਮਾਈ।
ਸਭ ਰੀਤੀ ਹੈ, ਉਸ ਮੇਂ ਭਾਈ ।

ਮਿਰਜ਼ਾ ਗੁਲਾਮ ਅਹਿਮਦ ਦੇ ਨਿਰੰਤਰ ਪ੍ਰਚਾਰ ਦੇ ਪ੍ਰਤਿਕਰਮ ਵਜੋਂ 'ਖਾਲਸਾ ਬਹਾਦਰ' ਅਖ਼ਬਾਰ ਦੇ ਸੰਪਾਦਕ ਨੇ ਇਹ ਉਚਿਤ ਸਮਝਿਆ ਕਿ ਸਿੱਖ ਧਰਮ ਦੇ ਪ੍ਰਸਿੱਧ ਅੰਗਰੇਜ਼ ਵਿਦਵਾਨ ਮੈਕਾਲਫ਼ ਸਾਹਿਬ ਪਾਸੋਂ ਇਸ ਸੰਬੰਧੀ ਸਪੱਸ਼ਟੀਕਰਣ ਮੰਗਿਆ ਜਾਏ। ਮੈਕਾਲਫ਼ ਸਾਹਿਬ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਮਿਰਜ਼ਾ ਕਾਦੀਆਨੀ ਦੇ ਦਾਅਵੇ ਦਾ ਖੰਡਨ ਕੀਤਾ।[28]

---

28. ਰਾਜਇੰਦਰ ਸਿੰਘ —' ਖ਼ਬਤੇ ਕਾਦੀਆਨ ਕਾ ਇਲਾਜ— ਸੰਨ 1899 ਈ. ਸੰਪਾਦਕ 'ਖਾਲਸਾ ਬਹਾਦਰ' ਨੂੰ ਮੈਕਾਲਫ਼ ਸਾਹਿਬ ਵਲੋਂ ਲਿਖੀ ਗਈ ਪਤ੍ਰਕਾ ਦੀਆਂ ਕੁਝ ਟੂਕਾਂ:-

ਫੁ.ਨੋ: ..........ਚਲਦਾ

ਈਸਾਈ-ਸਿੱਖ ਵਾਦ-ਵਿਵਾਦ

ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿੱਤ ਨੂੰ ਦੇਣ ਵਾਲੇ ਅਧਿਆਇ ਵਿਚ ਬੜੇ ਵਿਸਤਾਰ ਨਾਲ ਇਹ ਦਸਿਆ ਜਾ ਚੁੱਕਾ ਹੈ ਕਿ ਸਿੱਖ ਧਰਮ ਦੇ ਖ਼ਾਤਮੇ ਦੀ ਭਵਿਖ-ਬਾਣੀ ਦੇ ਫਲਸਰੂਪ, ਉਨ੍ਹਾਂ ਦਾ ਸਾਰਾ ਧਿਆਨ ਤੇ ਜ਼ੋਰ ਏਸੇ ਗੱਲ ਵਲ ਸੀ ਕਿ ਪੰਜਾਬ ਦੀ ਸਮੁੱਚੀ ਸਿੱਖ ਵਸੋਂ ਨੂੰ ਈਸਾਈ ਧਰਮ ਵਿਚ ਲੈ ਆਂਦਾ ਜਾਏ। ਭੋਲੀ ਭਾਲੀ ਅਨਪੜ੍ਹ, ਪੇਂਡੂ ਸਿੱਖ ਜਨਤਾ ਸਾਹਮਣੇ ਸਿੱਖ ਧਰਮ ਤੇ ਸਿੱਖ ਗੁਰੂਆਂ ਦੀ ਗ਼ਲਤ ਤਸਵੀਰ ਪੇਸ਼ ਕਰ ਕੇ ਅਤੇ ਗੁਰਬਾਣੀ ਦੀਆਂ ਤੁਕਾਂ ਦੇ ਗ਼ਲਤ ਅਰਥ ਕੱਢ ਕੇ, ਈਸਾਈ ਪਾਦਰੀਆਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਰੂ ਨਾਨਕ ਈਸਾਈ ਸਨ ਜਾਂ ਈਸਾਈਅਤ ਦੇ ਸਮਰਥਕ ਤੇ ਪ੍ਰਸ਼ੰਸਕ ਸਨ। ਹਿੰਦੂਆਂ ਤੇ ਮੁਸਲਮਾਨਾਂ ਵਾਂਗ ਹੀ ਸਿੱਖੀ ਨੂੰ ਈਸਾਈ ਮਤ ਵਲੋਂ ਜ਼ਬਰਦਸਤ ਢਾਹ ਲਗਣ ਦੇ ਖ਼ਤਰੇ ਨੂੰ ਅਨੁਭਵ ਕਰ ਕੇ ਸਿੰਘ ਸਭਾ ਦੇ ਆਗੂ ਕਾਫ਼ੀ ਚੌਕੰਨੇ ਹੋ ਗਏ ਸਨ। ਵਾਸਤਵ ਵਿਚ ਸਿੰਘ ਸਭਾ ਲਹਿਰ ਦਾ ਜਨਮ ਹੀ ਈਸਾਈ ਹੜ੍ਹ ਨੂੰ ਰੋਕਣ ਲਈ ਹੋਇਆ ਸਮਝਣਾ ਚਾਹੀਦਾ ਹੈ, ਜਦ ਮਿਸ਼ਨ ਸਕੂਲ ਅੰਮ੍ਰਿਤਸਰ ਦੇ 4 ਸਿੱਖ ਵਿਦਿਆਰਥੀਆਂ ਨੇ ਈਸਾਈ ਬਨਣ ਦੀ ਇੱਛਾ ਪ੍ਰਗਟ ਕੀਤੀ ਤੇ ਸਮੁੱਚੀ ਸਿੱਖ ਕੌਮ ਵਿਚ ਇਸ ਖ਼ਬਰ ਨਾਲ ਹਿਲਜੁਲ ਪੈਦਾ ਹੋ ਗਈ, ਪਰ ਈਸਾਈ ਮਿਸ਼ਨਰੀਆਂ ਵਲੋਂ ਅਪਣਾਏ ਗਏ ਢੰਗਾਂ ਤੇ ਰਚੇ ਗਏ ਸਾਹਿੱਤ ਦੇ ਪ੍ਰਤਿਕਰਮ ਵਜੋਂ ਸਿੰਘ ਸਭਾ ਵਲੋਂ ਰਚੇ ਗਏ ਅਨਗਿਣਤ ਸਾਹਿੱਤ ਦਾ ਕੁਝ ਕੁ ਹਵਾਲਾ ਦੇਣਾ ਏਥੇ ਜ਼ਰੂਰੀ ਪ੍ਰਤੀਤ ਹੁੰਦਾ ਹੈ।

ਈਸਾਈ ਮਿਸ਼ਨਰੀਆਂ ਦਾ ਪ੍ਰਚਾਰ ਢੰਗ ਬੜਾ ਵਿਗਿਆਨਕ ਤੇ ਅਸਰਦਾਰ ਹੁੰਦਾ ਸੀ ਅਤੇ ਉਹ ਹਰ ਕੌਮ ਦੇ ਗੁਣਾਂ ਔਗੁਣਾਂ, ਕਮਜ਼ੋਰੀਆਂ ਤੇ ਖ਼ੂਬੀਆਂ ਦਾ ਚੰਗੀ ਤਰ੍ਹਾਂ ਅਧਿਐਨ ਕਰਕੇ, ਬੜੇ ਮਨੋਵਿਗਿਆਨਕ ਢੰਗ ਨਾਲ ਅਜਿਹਾ ਸਾਹਿੱਤ ਰਚਦੇ ਸਨ ਕਿ ਸੁਤੇ ਸਿੱਧ ਹੀ ਸਧਾਰਣ ਬੁਧੀ ਵਾਲੇ ਲੋਕਾਂ ਦੇ ਮਨਾਂ ਵਿਚ ਈਸਾਈਅਤ ਲਈ ਸ਼ਰਧਾ ਜਾਂ ਆਪਣੇ ਧਰਮ ਸੰਬੰਧੀ ਦੁਬਿਧਾ ਜਾਂ ਦਵੰਦ ਪੈਦਾ ਹੋ ਜਾਂਦਾ ਸੀ। ਨਮੂਨੇ ਲਈ ਅਜਿਹੀ ਇਕ ਰਚਨਾ[29] ਸੰਬੰਧੀ ਵਿਸਤਾਰ ਪੂਰਵਕ ਚਰਚਾ ਜ਼ਰੂਰੀ

---

"It is well known that Baba Nanak visited Makka, but that was as if a christian should visit Hardwar to see, what the worship there was like. There is, however, nothing to show that Baba Nanak accepted the Mohammadan religion, or ever prayed in Mohammadan fashion. At Makka he lay down with his feet turned towards the Kabba and no Mohammadan would have done that. After his return to India he continued his former peregrinations to Hindu sacred places."

29. "ਵਿਚਾਰ ਪ੍ਰਕਾਸ਼" ਅਰਥਾਤ ਸਿੱਖਾਂ ਦੇ ਲਈ ਗੁਟਕਾ" ਪੰਜਾਬ ਰਿਲਜੀਅਸ ਬੁਕ ਸੁਸਾਇਟੀ ਅਨਾਰਕਲੀ ਲਾਹੌਰ ਸੰ: 1900 ਈ:

ਪ੍ਰਤੀਤ ਹੁੰਦੀ ਹੈ। ਪੁਸਤਕ ਦਾ ਨਾਂ ਬਿਚਾਰ ਪ੍ਰਕਾਸ਼ — ' ਸਿੱਖਾਂ ਦੇ ਲਈ ਗੁਟਕਾ ' ਭੁਲੇਖਾ ਪਾਊ ਹੈ ਤੇ ਗੁਟਕੇ ਵਿਚ ਦਰਜ ਪ੍ਰਸੰਗ ਤੇ ਗੁਰਬਾਣੀ ਦੀਆਂ ਤੁਕਾਂ ਦੀ ਗਲਤ ਵਿਆਖਿਆ, ਸੂਝਵਾਨ ਸਿੱਖਾਂ ਨੂੰ ਵੀ ਗੁਮਰਾਹ ਕਰਨ ਦੇ ਸਮਰੱਥ ਹੈ। ਪੁਸਤਕ ਦੀ ਭੂਮਿਕਾ ਵਿਚ ਇਸ ਦੇ ਲਿਖੇ ਜਾਣ ਦਾ ਕਾਰਨ ਬੜੀ ਚਤਰਾਈ ਤੇ ਕੁਟਿਲਤਾ ਨਾਲ ਬਿਆਨਿਆ ਗਿਆ ਹੈ –

" ਪ੍ਰਗਟ ਹੋ ਕੇ ਇਸ ਗੁਟਕੇ ਦੇ ਲਿਖਣ ਦਾ ਕਾਰਨ ਇਹ ਹੈ ਕਿ ਸਾਡੇ ਮਨ ਵਿਖੇ ਸੁਤੇ ਹੀ ਇਹ ਫੁਰਿਆ ਕਿ ਹਿੰਦੂਆਂ ਤੇ ਮੁਸਲਮਾਨਾਂ ਦੇ ਲਈ ਤਾਂ ਬਹੁਤ ਕੁਛ ਲਿਖਿਆ ਗਯਾ ਹੈ, ਪਰੰਤੂ ਪਿਆਰੇ ਸਿੱਖਾਂ ਤੇ ਸਿੰਘਾਂ ਦੇ ਵਾਸਤੇ ਹੁਣ ਤੀਕ ਕੁਛ ਨਹੀਂ ਲਿਖਿਆ ਗਿਆ ਹੈ। ਇਸ ਵਾਸਤੇ ਇਹ ਬਹੁਤ ਹੀ ਮੁਨਾਸਬ ਔਰ ਜ਼ਰੂਰੀ ਸਮਝਾ ਗਿਆ ਕਿ ਸਿੱਖਾਂ ਤੇ ਸਿੰਘਾਂ ਦੇ ਵਾਸਤੇ ਵੀ ਕੁਝ ਅਵਸ਼ਿ ਤੇ ਜ਼ਰੂਰ ਹੀ ਲਿਖਨਾ ਚਾਹੀਦਾ ਹੈ। ਬਸ ਪਰਮੇਸੁਵਰ ਦੀ ਸਹਾਇਤਾ ਨਾਲ ਪਖ ਵਾਦ ਨੂੰ ਤਯਾਗ ਕੇ ਵਡੇ ਪ੍ਰੇਮ ਤੇ ਪ੍ਰੀਤ ਦੇ ਸਾਥ ਇਹ ਗੁਟਕਾ ਲਿਖਿਆ ਗਿਆ ਹੈ। ਹੁਣ ਪਿਆਰੇ ਸਿੱਖਾਂ ਤੇ ਸਿੰਘਾਂ ਨੂੰ ਚਾਹੀਦਾ ਹੈ ਕਿ ਪਖਬਾਦ ਤੇ ਬੈਰ ਬਿਰੋਧ ਨੂੰ ਛੱਡ ਕੇ ਇਸ ਗੁਟਕੇ ਨੂੰ ਵਡੇ ਧਿਆਨ, ਨਿਆਉਂ ਅਰ ਇਨਸਾਫ਼ ਨਾਲ ਪੜ੍ਹਨ ਅਰ ਭਲੀ ਪ੍ਰਕਾਰ ਸੋਚ ਬਿਚਾਰ ਕਰ ਕੇ ਸੱਤਯ ਪੰਥ ਨੂੰ ਗਰਹਿਨ ਤੇ ਅੰਗੀਕਾਰ ਕਰਨ ਤਾਂ ਕਿ ਲੋਕ ਸੁਖੀ ਪ੍ਰਲੋਕ ਸੁਹੇਲੇ ਹੋ ਜਾਣ, ਕਿਉਂਕਿ ਪ੍ਰਤੱਖਯ ਮੇਂ ਪ੍ਰਮਾਨ ਨਹੀਂ ਕਿ ਮਾਤਾ ਪਿਤਾ ਤੋਂ ਜਨਮ ਪ੍ਰਾਪਤ ਹੁੰਦਾ ਹੈ, ਧਰਮ ਕਰਮ ਪ੍ਰਾਪਤ ਨਹੀਂ ਹੁੰਦਾ। ਇਸ ਲਈ ਹਰ ਮਨੁਖ ਨੂੰ ਚਾਹੀਦਾ ਹੈ ਕਿ ਆਪ ਹੀ ਖੂਬ ਸੋਚ ਬਿਚਾਰ ਕੇ ਔਰ ਸੱਤਯ ਤੇ ਅਸਤਯ ਦਾ ਨਿਰਣਾ ਕਰ ਕੇ ਈਸ਼ੁਵਰੀ ਸੱਤਯ ਧਰਮ ਕਰਮ ਨੂੰ ਅੰਗੀਕਾਰ ਤੇ ਗ੍ਰਹਿਣ ਕਰੇ ਨਹੀਂ ਤਾਂ ਅੰਤਿ ਨੂੰ ਪਛੋਤਾਵੇਗਾ, ਫੇਰ ਕੁਝ ਹਥ ਨਾ ਆਵੇਗਾ। "

"ਬਿਚਾਰ ਪ੍ਰਕਾਸ਼" ਪੁਸਤਕ ਵਿਚ ਗੁਰਮਤਿ ਦੇ ਵੱਖੋ ਵੱਖ ਸੱਤ ਪ੍ਰਸੰਗ ਲੈ ਕੇ, ਉਨ੍ਹਾਂ ਦਾ ਬੜੀ ਚੁਸਤੀ ਨਾਲ ਖੰਡਨ ਕਰ ਕੇ, ਫੇਰ ਸਹਿਜ ਸੁਭਾ ਆਪਣਾ ਮਤ ਦ੍ਰਿੜ੍ਹਾਉਣ ਦਾ ਯਤਨ ਕੀਤਾ ਹੈ। ਪਹਿਲੇ ਪ੍ਰਸੰਗ ਨੂੰ ਪੜ੍ਹ ਕੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਲੇਖਕ ਕਿਵੇਂ ਭੋਲੇ ਭਾਲੇ ਸਿੱਖਾਂ ਨੂੰ ਗੁਮਿਰਾਹ ਕਰਨ ਅਤੇ ਘਟਨਾਵਾਂ ਤੇ ਗੁਰਬਾਣੀ ਦੀਆਂ ਤੁਕਾਂ ਦੀ ਗਲਤ ਵਿਆਖਿਆ ਕਰ ਕੇ ਇਕ ਕੂੜ ਦਾ ਪਸਾਰਾ ਕਰਨ ਦਾ ਇੱਛਕ ਹੈ। ਸਿੱਖੀ ਨੂੰ ਢਾਹ ਲਾਉਣ ਲਈ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਲਗਭਗ ਇਹੋ ਢੰਗ ਅਪਣਾਏ ਸਨ। ਪਹਿਲੇ ਪ੍ਰਸੰਗ ਬਾਰੇ ਪੁਸਤਕ ਦੇ ਸ਼ੁਰੂ ਵਿਚ ਲਿਖਿਆ ਹੈ:-

> ਇਸ ਪ੍ਰਸੰਗ ਵਿਖੇ ਗੁਰੂ ਗੋਬਿੰਦ ਸਿੰਘ ਦੇ ਮੁਖ ਵਾਕਿ ਥੋਂ ਗੁਰੂ ਨਾਨਕ ਤੇ ਦੂਜੇ ਅੱਠ ਗੁਰੂਆਂ ਦਾ ਦੇਵੀ ਨੂੰ ਸਿਮਰ ਕੇ ਧਿਆਉਣਾ ਤੇ ਉਸ ਤੋਂ ਸਹਾਇਤਾ ਪਾਉਣਾ ਪ੍ਰਗਟ ਕੀਤਾ ਜਾਇਗਾ। ਮਗਰੋਂ ਗੁਰੂ ਗੋਬਿੰਦ ਸਿੰਘ ਦਾ ਨਿਜ ਪ੍ਰਕਾਰ ਤੋਂ ਦੇਵੀ ਦੇ ਅਗੇ ਹਮਨ ਕਰਵਾਉਣਾ ਤੇ ਉਸ ਦੀ ਪੂਜਾ ਤੇ ਉਸਤਤਿ ਕਰਨੀ ਭਲੀ ਪ੍ਰਕਾਰ ਪ੍ਰਗਟ ਕੀਤੀ ਜਾਵੇਗੀ।

ਲੇਖਕ ਇਸ ਸਾਰੇ ਪ੍ਰਸੰਗ ਵਿਚ ਗੁਰੂ ਜੀ ਨੂੰ ਦੇਵੀ ਪੂਜ ਸਿੱਧ ਕਰ ਕੇ ਤੇ ਗੁਰਮਤਿ ਦੇ ਮੂਲ ਸਿੱਧਾਂਤਾਂ ਦਾ ਵਿਰੋਧੀ ਦਸ ਕੇ, ਤੇ ਗੁਰਬਾਣੀ ਦੀ ਇਹ ਤੁਕ "ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨ ਮੁਖ ਅੰਧ ਅਗਿਆਨ" ( ਭੈਰਉ ਮਹਲਾ - 5) ਦੇ ਕੇ ਪ੍ਰਸ਼ਨ ਕਰਦਾ ਹੈ ਕਿ ਗੁਰੂ ਨੇ ਕਿਉਂ ਇਸ ਵਾਕ ਦੇ ਵਿਰੁਧ ਅਮਲ ਕੀਤਾ ? ਅਤੇ ਇਸ ਤੋਂ ਅਗੇ ਯਸੂਹ ਮਸੀਹ ਨੂੰ ਗੁਰੂ ਗੋਬਿੰਦ ਸਿੰਘ ਤੋਂ ਉਚੇਰਾ ਸਿੱਧ ਕਰਨ ਲਈ ਲਿਖਦਾ ਹੈ:-

> " ਬਸ ਐਸਾ ਗੁਰੂ ਅਪਨੇ ਸਿੱਖਾਂ ਸਿੰਘਾਂ ਦੇ ਅਗਯਾਨ ਰੂਪੀ ਘੋਰ ਅੰਧਕਾਰ ਨੂੰ ਕਿਉਂਕਰ ਨਵਿਰਤ ਕਰ ਕੇ ਉਨ੍ਹਾਂ ਨੂੰ ਸਤਯ ਗਿਆਨ ਰੂਪੀ ਪ੍ਰਕਾਸ਼ ਥੋਂ ਪ੍ਰਕਾਸ਼ਮਾਨ ਕਰ ਸਕਦਾ ਹੈ? ਹੁਣ ਤੁਸੀਂ ਉਸ ਸਤਯ ਤੇ ਤੱਤੁ ਗਯਾਨ ਨੂੰ ਭਲੀ ਪ੍ਰਕਾਰ ਥੋਂ ਸੋਚ ਬਿਚਾਰ ਕੇ ਪ੍ਰੀਤ ਨਾਲ ਪੜ੍ਹੋ ਤੇ ਸੁਣੋ, ਜੋ ਗੁਰ ਦੇਵ ਯਿਸੂ ਮਸੀਹ ਸਿਖਾਉਂਦਾ ਤੇ ਫੁਰਮਾਉਂਦਾ ਹੈ ਔਰ ਉਹ ਇਹ ਹੈ — " ਔਰ ਅੰਕਤਿ ਜੀਵਨ ਇਹ ਹੈ ਕਿ ਉਹ ( ਮੇਰੇ ਸਿੱਖ ) ਤੈਨੂੰ ਅਕੇਲਾ ਸਤਯ ਪਰਮੇਸ਼ੁਵਰ ਅਰ ਤੇਰੇ ਭੇਜੇ ਹੋਏ ਯਿਸੂ ਮਸੀਹ ਨੂੰ ਜਾਨਣਾ ॥"[30]

ਉਪਰੋਕਤ ਲਿਖਤ ਦੀ ਸ਼ਬਦਾਵਲੀ ਸਿੱਖਾਂ ਵਾਲੀ ਹੈ ਤੇ ਯਸੂਹ ਮਸੀਹ ਨੂੰ ਗੁਰਦੇਵ ਤੇ ਉਸ ਦੇ ਮੰਨਣ ਵਾਲਿਆਂ ਨੂੰ ਸਿੱਖ ਆਖ ਕੇ ਲੇਖਕ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ ਕਿ ਯਸੂਹ ਮਸੀਹ ਵੀ ਗੁਰੂ ਹੀ ਹੈ ਤੇ ਉਸ ਦੇ ਅਨੁਯਾਈ ਬਣ ਕੇ ਵੀ ਸਿੱਖ, ਸਿੱਖ ਹੀ ਰਹਿਣਗੇ। ਏਸੇ ਤਰ੍ਹਾਂ ਬਾਕੀ ਪ੍ਰਸੰਗਾਂ ਵਿੱਚ ਵੀ ਸਿੱਖ ਸ਼ਬਦਾਵਲੀ ਵਰਤ ਕੇ, ਪੁਸਤਕ ਦਾ ਲੇਖਕ ਈਸਾਈਅਤ ਨੂੰ ਸ੍ਰੇਸ਼ਟ ਤੇ ਉਚਾ ਧਰਮ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ।

ਇਨ੍ਹਾਂ ਮਿਸ਼ਨਰੀਆਂ ਦਾ ਟਾਕਰਾ ਕਰਨ ਲਈ ਸਿੰਘ ਸਭਾ ਵਲੋਂ ਵੀ ਇਕ ਬਾਕਾਇਦਾ ਮੁਹਿੰਮ ਚਲਾਈ ਗਈ, ਜਿਹੜੀ ਕੇਵਲ ਆਪਣੇ ਧਰਮ ਦੀ ਰੱਖਿਆ ਤਕ ਹੀ ਸੀਮਤ ਨਾ ਰਹੀ ਸਗੋਂ ਈਸਾਈ ਧਰਮ ਤੇ ਉਸ ਦੇ ਬਾਨੀ ਦੇ ਜੀਵਨ ਸੰਬੰਧੀ ਮੋੜਵੇਂ ਹੱਲੇ ਦੇ ਰੂਪ ਵਿਚ ਸਾਹਮਣੇ ਆਈ। ਇਹ ਲੜੀ ਕੇਵਲ ਉਨ੍ਹੀਵੀਂ ਸਦੀ ਦੇ ਅਖੀਰ ਤਕ ਨਹੀਂ ਸਗੋਂ ਵੀਹਵੀਂ ਸਦੀ ਵਿਚ ਵੀ ਏਸੇ ਜੋਸ਼ ਤੇ ਉਤਸ਼ਾਹ ਨਾਲ ਚਲਦੀ ਰਹੀ ਤੇ ਸਿੰਘ ਸਭਾ ਦੇ ਪ੍ਰਭਾਵ ਹੇਠ ਆਏ ਲੇਖਕਾਂ ਨੇ ਈਸਾਈਆਂ ਵਾਲੇ ਸਾਧਨਾਂ, ਵਿਧੀਆਂ, ਰੂਪਾਂ, ਦਲੀਲ ਤੇ ਭਾਸ਼ਾ ਦੀ ਵਰਤੋਂ ਕਰ ਕੇ ਚੋਖਾ ਸਾਹਿੱਤ ਰਚਿਆ। ਸਿੰਘ ਸਭਾ ਸ਼ਿਮਲਾ ਦੇ ਪ੍ਰਚਾਰਕ ਭਾਈ ਰਗਿਾ ਸਿੰਘ ਨੇ " ਈਸਾਈ ਪ੍ਰਬੋਧ " (ਉਰਦੂ ਜ਼ਬਾਨ, ਗੁਰਮੁਖੀ ਲਿੱਪੀ) ਲਿਖ ਕੇ ਈਸਾਈ ਧਰਮ ਤੇ ਯਸੂਹ ਮਸੀਹ ਦਾ ਮਖੌਲ ਉਡਾਇਆ। ਇਕ ਸਿੱਖ ਤੇ ਈਸਾਈ ਦੀ ਵਾਰਤਾਲਾਪ ਕਰਵਾ ਕੇ ਅਖੀਰ ਵਿਚ ਈਸਾਈ ਨੂੰ ਨਿਰੁਤਰ ਕਰ ਦਿੱਤਾ।

---

30. ਉਹੀ(29), ਪੰਨਾ 29-30.

ਏਸੇ ਤਰ੍ਹਾਂ ਹੀ ਖ਼ਾਲਸਾ ਟ੍ਰੈਕਟ ਸੁਸਾਇਟੀ[31] ਵਲੋਂ ਕਈ ਟ੍ਰੈਕਟਾਂ ਯਥਾ:- " ਹਾਇ ਹਾਇ ਬੱਚੀ ਤੂੰ ਕਿੱਥੇਂ", " ਧੋਖੇ ਤੋਂ ਬਚੋ", 'ਜੋ ਪੱਟੀ ਸੁਆਦੋਂ ਪੱਟੀ', 'ਇਕ ਕੰਨਿਆਂ ਦੇ ਦੁਖੜੇ', 'ਸੱਚਾ ਗੁਰੂ', 'ਸੁਖਵੰਤੀ ਚਿੱਤਮਤੀ', ਆਦਿ ਰਾਹੀਂ ਈਸਾਈ ਮੱਤ ਦਾ ਖੰਡਨ ਕੀਤਾ ਤੇ ਇਸ ਲਈ ਵਾਰਤਾਲਾਪੀ ਢੰਗ, ਬੋਲੀ ਸ਼ੈਲੀ ਤੇ ਲਹਿਜਾ ਈਸਾਈ ਪਰਚਾਰਕਾਂ ਵਾਲਾ ਹੀ ਅਪਣਾਇਆ ਗਿਆ। 'ਸੱਚਾ ਗੁਰੂ' ਨਾਂ ਦੇ ਟ੍ਰੈਕਟ ਦੀ ਇਕ ਉਦਾਹਰਣ , ਇਨ੍ਹਾਂ ਜਵਾਬੀ ਟ੍ਰੈਕਟਾਂ ਦੇ ਮਹੱਤਵ ਨੂੰ ਦਰਸਾਉਣ ਲਈ ਦੇਣੀ ਉਚਿੱਤ ਪ੍ਰਤੀਤ ਹੁੰਦੀ ਹੈ:-

> " ਗੁਰੂ ਨਾਨਕ ਦੇਵ ਸੱਚਾ ਗੁਰੂ ਹੈ। ਗੁਰੂ ਨਾਨਕ ਦੇਵ ਵਰਗਾ ਸੱਜਣ ਅਰ ਮਹਾਤਮਾ ਸੱਚਾ, ਨਿਸ਼ਕਪਟ, ਸਹਾਇਕ ਅਰ ਰਖਯਕ ਹੋਰ ਕੋਈ ਨਹੀਂ। ਈਸਾ ਵਰਗੇ ਅਨੇਕਾਂ ਚੇਲੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਸਿਖਯਾ ਪ੍ਰਾਪਤ ਕਰਦੇ ਰਹੇ ਹਨ। "

ਈਸਾਈ ਪਰਚਾਰਕਾਂ , ਆਰੀਆ ਸਮਾਜੀਆਂ ਤੇ ਅਹਿਮਦੀਆਂ ਨੇ ਸਿੱਖੀ ਦੀ ਡਟ ਕੇ ਵਿਰੋਧਤਾ ਕੀਤੀ ਤੇ ਸਿੱਖ ਹਿਤਾਂ ਨੂੰ ਬੇਹੱਦ ਨੁਕਸਾਨ ਪੁਚਾਇਆ। ਹਜ਼ਾਰਾਂ ਸਿੱਖਾਂ ਨੂੰ ਪਤਿਤ ਕਰ ਕੇ ਸਦਾ ਲਈ ਸਿੱਖੀ ਵਲੋਂ ਬੇ-ਮੁਖ ਕਰ ਦਿੱਤਾ। ਜਿੱਥੇ ਹਿੰਦੂਆਂ ਤੇ ਮੁਸਲਮਾਨਾਂ ਵਲੋਂ ਆਪਣੇ ਪਰਚਾਰ ਲਈ ਰਚਿਆ ਗਿਆ ਲਗਭਗ ਸਾਰਾ ਸਾਹਿੱਤ ਹਿੰਦੀ ਤੇ ਉਰਦੂ ਵਿਚ ਸੀ, ਉਥੇ ਈਸਾਈ-ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਨੂੰ ਮਾਧਿਅਮ ਬਣਾਇਆ। ਵਾਦ-ਵਿਵਾਦੀ ਸਾਹਿੱਤ ਜਿੱਥੇ ਭੰਡਨ ਤੇ ਨਿੰਦਣ-ਯੋਗ ਹੈ, ਕਿਉਂਜੋ ਇਸ ਨਾਲ ਪੰਜਾਬ ਦਾ ਵਾਤਾਵਰਣ ਗੰਧਲਾ ਹੋ ਗਿਆ, ਉਥੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਉੱਨਤੀ ਦਾ ਇਹ ਇਕ ਵੱਡ-ਮੁੱਲਾ ਆਧਾਰ ਬਣਿਆ।

ਹੋਰ ਕੌਮਾਂ, ਜਾਤੀਆਂ ਜਾਂ ਧਰਮਾਂ ਵਲੋਂ ਤਾਂ ਸਿੱਖੀ ਦੇ ਵਿਰੁਧ ਖੜਾ ਕੀਤਾ ਜਹਾਦ ਸਮੇਂ ਦੀ ਸਪਿਰਟ ਜਾਂ ਵੇਲੇ ਦੀ ਹਵਾ ਦੇ ਅਨੁਕੂਲ ਸਮਝੇ ਜਾ ਸਕਦੇ ਹਨ, ਪਰ ਸਿੱਖਾਂ ਦਾ ਇਕ ਸਨਾਤਨੀ ਧੜਾ, ਸਿੰਘ ਸਭਾ ਦੇ ਆਗੂਆਂ ਲਈ ਸਭ ਤੋਂ ਵੱਡੀ ਰੋਕ, ਔਕੜ ਜਾਂ ਸਿਰਦਰਦੀ ਬਣਿਆ ਰਿਹਾ ਤੇ ਇਨ੍ਹਾਂ ਸਨਾਤਨੀ ਸਿੱਖਾਂ ਨੇ ਸਿੰਘ ਸਭਾ ਵਲੋਂ ਚਲਾਏ ਗਏ ਧਾਰਮਿਕ ਤੇ ਸਮਾਜਕ ਸੁਧਾਰ ਅੰਦੋਲਨਾਂ ਦੀ ਵਿਰੋਧਤਾ ਕਰਨ ਦਾ ਬੀੜਾ ਚੁਕਿਆ ਤੇ ਇਸ ਵਿਰੋਧਤਾ ਨੇ ਸਿੱਖੀ ਦੀ ਸਿੱਧਾਂਤਕ ਵਿਆਖਿਆ ਲਈ ਕੁਝ ਕੁ ਨਵੇਂ ਮਸਲੇ ਸਾਹਮਣੇ ਲੈ ਆਂਦੇ। ਉਦਾਹਰਣ ਲਈ ਸਨਾਤਨੀ ਸਿੱਖ ਇਸ ਮਤ ਦੇ ਸਮਰਥਕ ਸਨ ਕਿ:

---

31. ਇਨ੍ਹਾਂ ਟ੍ਰੈਕਟਾਂ ਬਾਰੇ ਵੇਰਵੇ ਸਹਿਤ ਵਿਚਾਰ 'ਵਾਰਤਕ ਸਾਹਿੱਤ ਦਾ ਸਰਵੇਖਣ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।

ੳ) ਸਿੱਖੀ ਵਿਚ ਦੇਹ-ਧਾਰੀ ਗੁਰੂ ਦੀ ਲੋੜ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਮਨਾਹੀ ਨਹੀਂ ਕੀਤੀ।

ਅ) ਸਿੱਖ ਵੱਖਰੀ ਕੌਮ ਨਹੀਂ ਹਨ, ਸਗੋਂ ਹਿੰਦੂਆਂ ਦਾ ਹੀ ਇਕ ਅੰਗ ਹਨ।

ੲ) ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਦੀ ਪੂਜਾ ਕੀਤੀ ਤੇ ਉਸ ਪਾਸੋਂ ਵਰ ਮੰਗਿਆ।

ਸ) ਸਿੱਖਾਂ ਦੇ ਵਿਆਹ ਵੇਦੀ ਅਨੁਸਾਰ ਹੀ ਹੋਣੇ ਚਾਹੀਦੇ ਹਨ, ਅਨੰਦ ਵਿਆਹ ਦੁਆਰਾ ਨਹੀਂ।

ਹ) ਜਨਮ ਮਰਨ ਆਦਿ ਦੇ ਸਾਰੇ ਸੰਸਕਾਰ ਬ੍ਰਾਹਮਣਵਾਦ ਦੇ ਢੰਗ ਨਾਲ ਕਰਨੇ ਤੇ ਗੁਰੂਆਂ ਦੇ ਸ੍ਰਾਧ ਆਦਿ ਮਨਾਉਣ ਵਿਚ ਵਿਸ਼ਵਾਸ਼ ਰੱਖਣਾ।

ਕ) ਸਿੱਖ ਮਤ ਵਿਚ ਛੂਤ ਛਾਤ ਜਾਇਜ਼ ਹੈ ਤੇ ਮੁਸਲਮਾਨਾਂ ਨੂੰ ਦੋਬਾਰਾ ਅੰਮ੍ਰਿਤ ਛਕਾ ਕੇ ਨਾਲ ਰਲਾਉਣਾ ਜਾਇਜ਼ ਨਹੀਂ।

ਇਹੋ ਜਿਹੀਆਂ ਕੁਝ ਕੁ ਹੋਰ ਮਨੌਤਾਂ ਵੀ ਸਨ ਜਿਨ੍ਹਾਂ ਨੂੰ ਸਨਾਤਨੀ ਸਿੱਖ, ਗੁਰਮਤਿ ਦਾ ਅੰਗ ਮੰਨਦੇ ਸਨ। ਇਨ੍ਹਾਂ ਸਨਾਤਨੀ ਸਿੱਖਾਂ ਨੇ ਵੀ ਸਿੰਘ ਸਭਾ ਦੀ ਵਿਰੋਧਤਾ ਲਈ ਆਪਣੀਆਂ ਲਿਖਤਾਂ ਵਿਚ ਬੜੀ ਕੋਝੀ, ਅਸੱਭਯ ਤੇ ਦੂਸ਼ਤ ਭਾਸ਼ਾ ਵਰਤੀ ਜਿਹੜੀ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਲਿਖਤਾਂ ਨੂੰ ਵੀ ਮਾਤ ਪਾਉਂਦੀ ਸੀ।[32] ਸਨਾਤਨਵਾਦੀ ਧੜੇ ਦੇ ਉੱਘੇ ਆਗੂ ਬਾਬਾ ਖੇਮ ਸਿੰਘ ਬੇਦੀ ਸਨ ਜਿਹੜੇ ਗੁਰੂ-ਵੰਸ਼ ਵਿੱਚੋਂ ਹੋਣ ਕਰ ਕੇ ,ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ , ਬਰਾਬਰ ਗੱਦੀ ਵਿਛਾ ਕੇ ਸੇਵਕਾਂ ਪਾਸੋਂ ਮਥੇ ਟਿਕਵਾਉਂਦੇ ਤੇ ਪੂਜਾ ਕਰਵਾਉਂਦੇ ਸਨ। ਫ਼ਰੀਦਕੋਟ ਦੇ ਰਾਜਾ ਬਿਕਰਮ ਸਿੰਘ ਵੀ ਉਨ੍ਹਾਂ ਦੇ ਸ਼ਰਧਾਲੂ ਸਨ। ਬਾਬਾ ਖੇਮ ਸਿੰਘ ਬੇਦੀ ਭਾਵੇਂ ਸਿੰਘ ਸਭਾ ਦੇ ਮੋਢੀਆਂ ਵਿੱਚੋਂ ਸਨ, ਪਰ ਉਪ੍ਰੋਕਤ ਨੁਕਤਿਆਂ ਸੰਬੰਧੀ ਸਿੱਧਾਂਤਕ ਮਤ-ਭੇਦ ਹੋਣ ਕਰ ਕੇ, ਉਨ੍ਹਾਂ ਨੇ ਖਾਲਸਾ ਦੀਵਾਨ ਲਾਹੌਰ ਦੇ ਪ੍ਰਗਤੀਵਾਦੀ ਆਗੂਆਂ ਦੀ ਵਿਰੋਧਤਾ ਸ਼ੁਰੂ ਕਰ ਦਿੱਤੀ ਤੇ ਆਪਣੇ ਵਿਚਾਰਾਂ ਦੇ ਪਰਚਾਰ ਲਈ ਭਾਈ ਅਵਤਾਰ ਸਿੰਘ ਵਹੀਰੀਏ ਪਾਸੋਂ ਬਹੁਤ ਸਾਰੀਆਂ ਪੁਸਤਕਾਂ ਲਿਖਵਾਈਆਂ ਜਿਨ੍ਹਾਂ ਰਾਹੀਂ ਸਿੱਖੀ ਦੇ ਸਨਾਤਨੀ ਸਰੂਪ ਨੂੰ ਕਾਇਮ ਰੱਖਣ ਤੇ ਸਿੰਘ ਸਭਾ ਦੇ ਸੁਧਾਰਕ ਵਿਚਾਰਾਂ ਦਾ ਖੰਡਨ ਕਰਨ ਦੀ ਜ਼ੋਰਦਾਰ ਲਹਿਰ ਚਲਾਈ।

---

32. Barrier N.G.,"The Panjabi language has a rich vocabulary of insult and derogatory terms and it has not been put to more devastating use, than, when Sikh pamphleteers wrote against fellow Sikhs".

Sources of Panjab History-Delhi 1975, p.224.

ਭਾਈ ਅਵਤਾਰ ਸਿੰਘ ਵਹੀਰੀਏ ਦੀਆਂ ਵਰਣਨਯੋਗ ਪੁਸਤਕਾਂ ਦੇ ਨਾਂ ਹਨ:- ਖ਼ਾਲਸਾ ਧਰਮ ਸ਼ਾਸਤ੍ਰ ਸੰਸਕਾਰ, ਖ਼ਾਲਸਾ ਧਰਮ ਦਰਪਨ, ਖ਼ਾਲਸਾ ਸੁਧਾਰ ਤਰੂ (ਅੱਠ ਸੈਂਚੀਆਂ), ਖਾਲਸਾ ਧਰਮ ਤੱਤ ਦਰਸ਼ਨ, ਗੁਰਦਰਸ਼ਨ ਸ਼ਾਸਤ੍ਰ ਆਦਿ। ਬਾਬਾ ਖੇਮ ਸਿੰਘ ਬੇਦੀ ਵਲੋਂ ਜੋ ਆਦੇਸ਼ ਭਾਈ ਅਵਤਾਰ ਸਿੰਘ ਨੂੰ ਦਿੱਤੇ ਗਏ ਉਹ "ਗੁਰਮਤਿ ਰੂਪੀ ਮੂਰਤੀ ਉਪਰੋਂ, ਦੁਰਮਤ ਰੂਪੀ ਉੱਲੀ(ਜੰਗਾਲ) ਨੂੰ ਦੂਰ ਕਰ ਕੇ ਚਮਕ ਦਮਕ ਤੇ ਉਸ ਦੀ ਅਮੁਲਤਾ ਪ੍ਰਗਟ ਕਰਨ ਲਈ ਗੁਰਮਤ ਦੇ ਲੇਖ ਪ੍ਰਗਟ ਕੀਤੇ ਜਾਣ ਤੇ ਦੁਰਮਤ ਦਾ ਖੰਡਨ ਕੀਤਾ ਜਾਇ । ਤੇ ਜੇ ਕੋਈ ਗੁਰਮਤਿ ਰੂਪੀ ਮੂਰਤੀ ਨੂੰ ਤੋੜ ਮਰੋੜ ਕੇ ਨਵੇਂ ਢੰਗ ਦੀ ਬਨਾਣਾ ਚਾਹੇ ਤਾਂ ਲੇਖਾਂ ਦਵਾਰੇ ਉਸ ਦੀ ਕਰਤੂਤ ਦਾ ਪਾਜ ਖੋਹਲਿਆ ਜਾਏ।[33]

ਭਾਈ ਅਵਤਾਰ ਸਿੰਘ ਵਹੀਰੀਏ ਨੇ ਸਿੰਘ ਸਭਾ ਦੇ ਆਗੂਆਂ ਦੀ ਨਿੰਦਿਆ ਦਾ ਬੀੜਾ ਚੁਕਿਆ ਤੇ ਆਪਣੀਆਂ ਲਿਖਤਾਂ ਦੁਆਰਾ ਬਾਬਾ ਖੇਮ ਸਿੰਘ ਦੇ ਵਿਚਾਰਾਂ ਦਾ ਸਮਰਥਨ ਬੜੀ ਨਫਰਤ ਭਰਪੂਰ ਸ਼ੈਲੀ ਵਿਚ ਕੀਤਾ:-

" ਅਜ ਕਲ੍ਹ ਜੋ ਅਸਲ ਕੰਮ ਕਰਨ ਵਾਲੇ ਛੱਡ ਕੇ ਸਿੰਘ ਸਭਾ ਦੇ ਵਿਚ ਅਰ ਸਿੰਘ ਸਭਾ ਦੇ ਕਾਰਣ, ਖਾਲਸਾ ਪੰਥ ਦੇ ਵਿਚ ਇਨ੍ਹਾਂ ਗੱਲਾਂ ਪਰ ਰੌਲਾ ਪੈ ਰਿਹਾ ਹੈ ਕਿ ਖਾਲਸਾ ਹਿੰਦੂ ਨਹੀਂ। ਦਸਮ ਪਾਤਸ਼ਾਹ ਜੀ ਮਹਾਰਾਜ ਨੇ ਦੇਵੀ ਪ੍ਰਗਟ ਨਹੀਂ ਕੀਤੀ, ਗੁਰੂ ਗ੍ਰੰਥ ਸਾਹਿਬ ਜੀ ਦੀ ਦੀਪਕ ਜਗਾ ਕੇ ਆਰਤੀ ਨਹੀਂ ਕਰਨੀ ਚਾਹੀਏ। ਅੰਮ੍ਰਿਤ ਛਕਾ ਕੇ ਮੁਸਲਮਾਨਾਂ ਨੂੰ ਖਾਨਪੀਨ ਵਿਚ ਨਾਲ ਮਿਲਾ ਲੈਣਾ ਚਾਹੀਏ। ਪੰਥ ਦੇ ਮੁਖੀਏ, ਗੁਣੀ ਗਿਆਨੀ, ਧਰਮ, ਪੰਥ ਦੀ ਬੀਤੀ ਮ੍ਰਿਜਾਦਾ ਨੂੰ ਅਰ ਅਸੂਲਾਂ ਨੂੰ ਜਾਣਨ ਵਾਲੇ, ਸਿੰਘ ਸਭਾ ਨੂੰ ਮੂਰਖਾਂ ਦਾ ਟੋਲਾ ਜਾਣ ਕੇ ਇਨਾ ਸਭਾ ਪਰ ਨਫ਼ਰਤ ਕਰ ਕੇ ਕਿਨਾਰਾਕਸ਼ੀ ਕਰੀ ਜਾਂਦੇ ਹਨ।"[34] ਭਾਈ ਅਵਤਾਰ ਸਿੰਘ ਸਿੱਖਾਂ ਵਿਚ ਸੁਧਾਰ ਦੀ ਹਿਲਜੁਲ ਦੀ ਰੱਜ ਕੇ ਭੰਡੀ ਕਰ ਕੇ, ਇਸ ਨੂੰ " ਦਿੱਤ ਸਿੰਘ ਰਾਮਦਾਸੀਏ ਦੇ ਗੁਟਕੇ ਪੜ੍ਹਨੇ "[35] ਕਰ ਕੇ ਦਸਦਾ ਹੈ ਤੇ ਇਸ ਨੂੰ ਮਨਮਤ ਦਾ ਨਾਂ ਦਿੰਦਾ ਹੈ। ਸਨਾਤਨੀ ਹਿੰਦੂਆਂ ਤੇ ਖਾਲਸੇ ਦੀ ਹਰ ਪੱਖੋਂ ਸਾਂਝ ਨੂੰ ਦਰਸਾਉਣ ਲਈ ਬੜੀਆਂ ਓਪਰੀਆਂ, ਗ਼ਲਤ ਤੇ ਬੇ-ਬੁਨਿਆਦ ਦਲੀਲਾਂ ਦੇ ਕੇ ਅਖ਼ੀਰ ਵਿਚ ਉਹ ਆਪਣੇ ਸਿੱਟੇ ਕੱਢ ਕੇ ਆਖਦਾ ਹੈ:-

---

33. ਨਾਰਾ - ਈਸ਼ਰ ਸਿੰਘ , " ਪੰਜਾਬ ਦਾ ਰਤਨ — ਬਾਬਾ ਖੇਮ ਸਿੰਘ ਬੇਦੀ " - ਦਿੱਲੀ 1972, ਪੰਨਾ 299
34. ਵਹੀਰੀਆ ਅਵਤਾਰ ਸਿੰਘ — ਖਾਲਸਾ ਸੁਧਾਰ ਤਰੂ(ਪਹਿਲੀ ਸੈਂਚੀ) ਭੂਮਿਕਾ।
35. ਜਗਜੀਤ ਸਿੰਘ ਡਾਕਟਰ — " ਸਿੰਘ ਸਭਾ ਲਹਿਰ", ਪੰਨਾ 47

"ਸੋ ਤਾਤਪ੍ਰਜ ਇਹ ਕਿ ਜੋ ਜੋ ਅਸੂਲ ਅਥਵਾ ਵਰਤਣਾ ਖਾਲਸਾ ਜੀ ਦੀਆਂ ਹੈਨ, ਸੋ ਸਾਰੀਆਂ ਦੀਆਂ ਸਾਰੀਆਂ ਹੀ ਹਿੰਦੂ ਧਰਮ ਦੇ ਗ੍ਰੰਥਾਂ, ਪੁਸਤਕਾਂ ਤੋਂ ਕੋਈ ਭੀ ਵਿਰੁਧ ਨਹੀਂ। ਸਭਨਾ ਦੀ ਤਾਈਦ ਅਤੇ ਉਪਮਾ ਹੀ ਮਿਲਦੀ ਹੈ। ਸੋ ਇਸ ਲਈ ਖਾਲਸਾ ਅਸਲੀ ਸਨਾਤਨ ਹਿੰਦੂਆਂ ਦਾ ਨਮੂਨਾ ਹੈ।"[36]

ਈਸਾਈ ਮਿਸ਼ਨਰੀਆਂ ਵਾਂਗ ਦੋ ਕਲਪਤ ਪਾਤਰ ਭੋਲਾ ਸਿੰਘ ਤੇ ਬਿਬੇਕਾ ਸਿੰਘ ਲੈ ਕੇ ਉਨ੍ਹਾਂ ਦੀ ਗਲ ਬਾਤ ਵਿੱਚੋਂ ਆਪਣੇ ਮਤਲਬ ਦੇ ਅਰਥ ਕੱਢੇ ਹਨ। ਸਿੰਘ ਸਭਾ ਦੇ ਅਨੁਯਾਈਆਂ ਨੂੰ ਭੋਲਾ ਸਿੰਘ ਦਾ ਸੰਕੇਤਕ ਨਾਂ ਦਿੱਤਾ ਹੈ ਤੇ ਆਪਣੇ ਵਿਚਾਰਾਂ ਦਾ ਪ੍ਰਤੀਕ ਬਿਬੇਕਾ ਸਿੰਘ (ਅਰਥਾਤ ਬੁਧ-ਵਿਵੇਕ ਤੋਂ ਕੰਮ ਲੈਣ ਵਾਲਾ) ਨੂੰ ਚੁਣਿਆ ਹੈ। ਵਹੀਰੀਏ ਨੇ ਆਪਣੇ ਨਿਸਚੇ ਤੇ ਮਤ ਦੀ ਪੁਸ਼ਟੀ ਕਰਨ ਲਈ ਬੜੀ ਕਾਵਿਕ ਸ਼ੈਲੀ ਵਿਚ ਹਿੰਦੂ ਤੇ ਸਿੱਖਾਂ ਨੂੰ ਇਕ ਦਸਦਿਆਂ ਹੋਇਆਂ ਲਿਖਿਆ:-

" ਖਾਲਸਾ ਕੌਮ ਕਰ ਕੇ ਸਨਾਤਨ ਤਰੀਕੇ ਦਾ ਅਸਲ ਹਿੰਦੂ ਹੈ, ਮਜ਼ਬ ਕਰ ਕੇ ਸਿੱਖ ਹੈ, ਬਾਣੇ ਕਰਕੇ ਖਾਲਸਾ ਸਿੰਘ ਹੈ। ਜੇ ਕਰ ਹਿੰਦੂਆਂ ਦੀ ਕੌਮ ਇਕ ਫੁਲਵਾੜੀ ਹੈ ਤਾਂ ਫੁਲ ਖਾਲਸਾ ਹੈ, ਹਿੰਦੂਆਂ ਦੀ ਕੌਮ ਬਗੀਚਾ ਹੈ ਤਾਂ ਫਲ ਖ਼ਾਲਸਾ ਹੈ, ਹਿੰਦੂ ਮਾਲਾ ਹੈ ਤਾਂ ਖਾਲਸਾ ਮੇਰੂ ਹੈ। ਹਿੰਦੂ ਦੇਹ ਹੈ ਤਾਂ ਖ਼ਾਲਸਾ ਨੱਕ ਹੈ। ਹਿੰਦੂ ਕੌਮ ਰਾਜਾ ਹੈ ਤਾਂ ਖ਼ਾਲਸਾ ਮੁਕਟ ਅਰਥਾਤ ਸਿਰਤਾਜ ਹੈ। ਜੇ ਹਿੰਦੂ ਕੌਮ ਮੰਦਰ ਹੈ ਤਾਂ ਖ਼ਾਲਸਾ ਕਲਸ ਹੈ। ਹਿੰਦੂ ਕੌਮ ਮੁੰਦਰੀ ਹੈ ਤਾਂ ਖ਼ਾਲਸਾ ਨਗੀਨਾ ਹੈ।"[37]

ਭਾਈ ਅਵਤਾਰ ਸਿੰਘ ਵਹੀਰੀਏ ਦੀਆਂ ਲਿਖਤਾਂ ਨੇ ਜਿੱਥੇ ਸਿੰਘ ਸਭਾ ਦੇ ਆਗੂਆਂ ਨੂੰ ਉੱਤਰ[38]ਦੇਣ ਲਈ ਟੁੰਬਿਆ ਉਥੇ ਇਨ੍ਹਾਂ ਨਾਲ ਵਿਰੋਧੀਆਂ ਦੇ ਹੱਥਾਂ ਵਿਚ ਵੀ ਅਜਿਹਾ ਹਥਿਆਰ ਆ ਗਿਆ ਜਿਸ ਨਾਲ ਉਹ ਸਿੰਘ ਸਭਾ ਦੇ ਮੂਲ ਉਦੇਸ਼ ਕਿ " ਹਮ ਹਿੰਦੂ ਨਹੀਂ " ਦਾ ਉੱਤਰ, ਸਿੱਖ ਵਿਦਵਾਨਾਂ ਦੀਆਂ ਲਿਖਤਾਂ ਦੇ ਆਧਾਰ ਤੇ ਦੇਣ ਜੋਗੇ ਹੋ ਗਏ। ਇਹ ਵਾਦ-ਵਿਵਾਦ ਵੀਹਵੀਂ ਸਦੀ ਦੇ ਮੁਢਲੇ ਸਾਲਾਂ ਤਕ ਨਿਰੰਤਰ ਚਲਦਾ ਰਿਹਾ ਤੇ ਇਸ ਨੂੰ ਉਦੋਂ ਠੱਲ੍ਹ ਪਈ ਜਦ 1905 ਈ. ਵਿਚ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚੋਂ ਮੂਰਤੀਆਂ ਚੁਕਵਾਈਆਂ ਗਈਆਂ ਤੇ 22 ਅਕਤੂਬਰ 1909 ਈ. ਨੂੰ ਅਨੰਦ ਮੈਰਿਜ ਐਕਟ ਪਾਸ ਹੋ ਗਿਆ ਜਿਸ ਨਾਲ ਸਿੱਖਾਂ ਦੀ ਵੱਖਰੀ ਹੋਂਦ ਸਰਕਾਰੀ ਤੌਰ ਤੇ ਸਵੀਕਾਰ ਕਰ ਲਈ ਗਈ।

---

36. ਵਹੀਰੀਆ ਅਵਤਾਰ ਸਿੰਘ —"ਖ਼ਾਲਸਾ ਸੁਧਾਰ ਤਰੂ", ਪਹਿਲੀ ਸੰਚੀ, ਪੰਨਾ 46
37. ਉਹੀ, ਪੰਨਾ 74
38. ਇਸ ਸੰਬੰਧ ਵਿਚ ਗਿਆਨੀ ਦਿੱਤ ਸਿੰਘ ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ, ਜਿਨ੍ਹਾਂ ਨੇ 40 ਦੇ ਕਰੀਬ ਪੁਸਤਕਾਂ ਲਿਖ ਕੇ ਸਿੱਖੀ ਉਪਦੇਸ਼ਾਂ ਨੂੰ ਉਜਾਗਰ ਕੀਤਾ। ਇਨ੍ਹਾਂ ਬਾਰੇ ਪੂਰਨ ਵਿਸਤਾਰ, ਵਖਰੇ ਅਧਿਆਇ ਵਿਚ ਦਿਤਾ ਗਿਆ ਹੈ।

ਬ੍ਰਾਹਮਣਵਾਦ ਤੋਂ ਬਚਾ ਲਈ ਅਤੇ ਧਰਮ ਨੂੰ ਹਰ ਪਾਸਿਓਂ ਲਗ ਰਹੀ ਢਾਹ ਨੂੰ ਠੱਲ੍ਹ ਪਾਉਣ ਲਈ ਜ਼ਰੂਰੀ ਸੀ ਕਿ ਸਿੱਖ ਕੌਮ ਵਿਚ ਜਾਗ੍ਰਤੀ ਲਿਆਂਦੀ ਜਾਏ ਅਤੇ ਉਨ੍ਹਾਂ ਨੂੰ ਇਨ੍ਹਾਂ ਖ਼ਤਰਿਆਂ ਵਲੋਂ ਸੁਚੇਤ ਕੀਤਾ ਜਾਏ। ਇਸ ਦਾ ਇੱਕੋ ਸਾਧਨ ਗਿਆਨ ਦਾ ਪ੍ਰਸਾਰ ਸੀ ਜਿਹੜਾ ਕੇਵਲ ਵਿਦਿਆ ਤੇ ਸਾਹਿੱਤ ਸਿਰਜਣਾ ਦੁਆਰਾ ਹੀ ਸੰਭਵ ਸੀ।[39] ਇਸ ਮਨੋਰਥ ਲਈ ਸਿੰਘ ਸਭਾ ਦੇ ਪ੍ਰਭਾਵ ਹੇਠ ਰਚੇ ਗਏ ਸਾਹਿਤ ਨੇ ਜਿਥੇ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਇਕ ਨਵਾਂ ਤੇ ਉਚੇਰਾ ਦਰਜਾ ਦੇ ਕੇ ਇਸ ਦੇ ਗੌਰਵ ਨੂੰ ਵਧਾਇਆ ਉਥੇ ਇਸ ਨਾਲ ਸਿੱਖ ਕੌਮ ਨੂੰ ਵੀ ਇਕ ਸੁਤੰਤਰ ਤੇ ਵਿਲੱਖਣ ਕੌਮ ਦਾ ਦਰਜਾ ਮਿਲ ਗਿਆ।[40] ਸਿੰਘ ਸਭਾ ਦੇ ਪ੍ਰਭਾਵ ਹੇਠ ਰਚੇ ਗਏ ਸਾਹਿੱਤ ਦਾ ਵਡੇਰਾ ਭਾਗ ਭਾਵੇਂ ਨਿਰੋਲ ਧਾਰਮਿਕ ਹੈ, ਪਰ ਸਮੇਂ ਦੀ ਮੰਗ ਅਨੁਕੂਲ ਸੀ ਕਿਉਂਜੋ ਸਾਹਿੱਤ ਲੋਕਾਂ ਦੇ ਹਾਵਾਂ ਭਾਵਾਂ, ਜਜ਼ਬਿਆਂ ਤੇ ਉਦਗਾਰਾਂ ਦਾ ਹੀ ਪ੍ਰਤੀਰੂਪ ਜਾਂ ਪ੍ਰਤਿਬਿੰਬ ਹੁੰਦਾ ਹੈ। ਸਮਾਜ ਸੁਧਾਰ, ਆਪਣੇ ਧਰਮ ਵਿਚ ਅਟੱਲ ਵਿਸ਼ਵਾਸ਼, ਵਿਰੋਧੀਆਂ ਦੇ ਹਮਲਿਆਂ ਦੇ ਸਨਮੁਖ ਅਡੋਲ ਤੇ ਦ੍ਰਿੜ੍ਹ ਵਿਸ਼ਵਾਸ਼ ਦਾ ਪ੍ਰਗਟਾਵਾ, ਆਰਥਕ ਸਮਾਜਕ ਤੇ ਭਾਈਚਾਰਕ ਤੌਰ ਤੇ ਆਪਣੇ ਹਮ-ਮਜ਼ਹਬਾਂ ਦੀ ਸਰਬ-ਪੱਖੀ ਉੱਨਤੀ ਤੇ ਉਨ੍ਹਾਂ ਵਿਚ ਸਵੈ-ਮਾਨ, ਸਵੈ-ਵਿਸ਼ਵਾਸ਼ ਤੇ ਸਵੈ-ਹੋਂਦ ਨੂੰ ਦ੍ਰਿੜ੍ਹ ਕਰਵਾਉਣਾ, ਉਸ ਸਮੇਂ ਰਚੇ ਗਏ ਸਾਹਿੱਤ ਦੀ ਮੂਲ ਪ੍ਰੇਰਣਾ ਹਨ। ਸਿੱਟਾ ਇਹ ਨਿਕਲਿਆ ਕਿ ਜਿਥੇ ਉਨ੍ਹੀਵੀਂ ਸਦੀ ਦੇ ਅੱਧ ਵਿਚ ਸਿੱਖੀ ਦਾ ਸਭ ਪਾਸਿਓਂ ਪਤਨ ਹੋ ਰਿਹਾ ਸੀ, ਉਥੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਨਾ ਕੇਵਲ ਲਗ ਰਹੀ ਢਾਹ ਦਾ ਖ਼ਤਰਾ ਹੀ ਟਲ ਗਿਆ ਸਗੋਂ ਹੋਰ ਧਰਮਾਂ ਵਾਲੇ ਜਿਹੜੇ ਸਿੱਖੀ ਨੂੰ ਹੜੱਪ ਕਰਨ ਤੇ ਤੁਲੇ ਹੋਏ ਸਨ, ਉਹੀ ਲੋਕ ਸਿੱਖੀ ਵਿਚ ਸ਼ਾਮਲ ਹੋ ਕੇ ਇਸ ਦੀ ਗਿਣਤੀ ਨੂੰ ਵਧਾਉਣ ਦੇ ਜ਼ਿੰਮੇਵਾਰ ਬਣੇ।[41] ਇਹ ਸਭ ਸਿੰਘ ਸਭਾ ਦੀ ਕਰਾਮਾਤ ਸੀ।

---

39. Khushwant Singh, "The Literary output of Singh Sabha Movement is the most important part of its contribution to Sikhism." History of the Sikhs", Vol.II, p.313.

40. Gurdarshan Singh, " The greatest contribution of Singh Sabha movement in restoring to Sikhs a distinct status with all its attributed of an independent religious community."

    "Character and Impact of Singh Sabha Movement on the History of Panjab"-Preface.

41. Ibid,(39)," The Singh Sabha movement not only checked the relapse of the Sikhs into Hinduism, but retaliated by carrying proselytising activities into the Hindu camp. Large numbers of Hindus of northern and West Punjab and Sindh became sehejdhari Sikhs and the Sehajdharis were baptised to become the Khalsa.",p.146.

ਸਿੰਘ ਸਭਾ ਦੇ ਪ੍ਰਭਾਵ ਹੇਠ ਪੰਜਾਬੀ ਪੱਤਰਕਾਰੀ ਦਾ ਮੁਢ ਵੀ ਬੱਝਾ ਤੇ ਇਸ ਦਾ ਵਿਕਾਸ ਵੀ ਹੋਇਆ। ਪਰਚਾਰ ਦੇ ਮਨੋਰਥਾਂ ਲਈ ਪੱਤਰਕਾਰੀ ਦੇ ਮਹੱਤਵ ਤੋਂ ਸਿੰਘ ਸਭਾ ਦੇ ਆਗੂ ਭਲੀ ਪ੍ਰਕਾਰ ਸੁਚੇਤ ਸਨ ਤੇ ਇਸ ਮਾਧਿਅਮ ਦਾ ਵੱਧ ਤੋਂ ਵੱਧ ਉਪਯੋਗ ਕਰ ਕੇ ਧਰਮ, ਇਤਿਹਾਸ, ਭਾਸ਼ਾ ਤੇ ਸਾਹਿੱਤ ਦੀ ਵਡਮੁਲੀ ਸੇਵਾ ਕੀਤੀ।[42]

ਵਰਤਮਾਨ ਵਿਚ ਦ੍ਰਿੜ੍ਹਤਾ ਨਾਲ ਵਿਚਰਨ ਅਤੇ ਵਿਆਪਕ ਸਮੱਸਿਆਵਾਂ ਦੇ ਸਨਮੁਖ ਡਟ ਕੇ ਖਲੋਣ ਦਾ ਇਕ ਅਧਾਰ, ਆਪਣੇ ਪੁਰਾਤਨ ਵਿਰਸੇ ਦੀ ਗੌਰਵਤਾ ਦਾ ਅਹਿਸਾਸ ਹੁੰਦਾ ਹੈ। ਜਿੰਨਾ ਇਹ ਵਿਰਸਾ ਮਹਾਨ ਹੋਵੇਗਾ, ਉਨੀ ਹੀ ਅਣਖ ਤੇ ਸਦਾਚਾਰਕ ਉਚਤਾ ਦਾ ਸੰਚਾਰਨ ਕੌਮ ਵਿਚ ਨਵੀਂ ਰੂਹ ਭਰੇਗਾ। ਸਿੱਖ ਇਤਿਹਾਸ ਜਿੰਨਾ ਮਹਾਨ ਤੇ ਹੋਣੀਆਂ ਭਰਪੂਰ ਹੈ, ਉਨਾ ਹੀ ਇਸ ਨੂੰ ਦੂਸ਼ਤ ਤੇ ਕਲੰਕਤ ਕਰਨ, ਤੱਥਾਂ ਨੂੰ ਮੋੜਨ ਤੋੜਨ ਤੇ ਗੁਰੂਆਂ, ਭਗਤਾਂ, ਯੋਧਿਆਂ ਤੇ ਕੌਮੀ ਆਗੂਆਂ ਦੀਆਂ ਜੀਵਨੀਆਂ ਚਰਿਤ੍ਰਾਂ ਤੇ ਉਦੇਸ਼ਾਂ ਨੂੰ ਧੁੰਦਲਾ, ਗਲਤ ਤੇ ਕਰੂਪ ਕਰ ਕੇ ਪੇਸ਼ ਕਰਨ ਦੇ ਯਤਨ, ਸਾਡੇ ਵਿਚਾਰ ਅਧੀਨ ਕਾਲ ਵਿਚ ਹੋਏ। ਪੱਛਮੀ ਵਿਦਵਾਨਾਂ ਨੇ ਤਾਂ ਆਪਣੇ ਕੌਮੀ ਹਿੱਤਾਂ ਦੀ ਸੁਰੱਖਿਅਤਾ ਲਈ ਅਜਿਹਾ ਕਰਨਾ ਹੀ ਸੀ, ਏਥੋਂ ਦੇ ਇਤਿਹਾਸਕਾਰਾਂ ਨੇ ਵੀ ਹਰ ਸੰਭਵ ਯਤਨ ਕੀਤਾ ਕਿ ਸਿੱਖ ਇਤਿਹਾਸ ਦੀ ਸਹੀ ਸਪਿਰਟ ਉਘੜਨ ਨਾ ਹੀ ਦਿੱਤੀ ਜਾਏ। ਸਿੱਖ ਕੌਮ ਦਾ ਦੁਖਾਂਤ ਇਹ ਰਿਹਾ ਕਿ ਇਸ ਦਾ ਇਤਿਹਾਸ ਵਧੇਰੇ ਕਰ ਕੇ ਗੈਰ ਸਿੱਖਾਂ, ਅਨਮਤੀਆਂ, ਨਿਰਮਲਿਆਂ, ਉਦਾਸੀਆਂ ਤੇ ਕੱਟੜ ਵਿਰੋਧੀਆਂ ਵਲੋਂ ਲਿਖਿਆ ਗਿਆ, ਜਿਹੜੇ ਜਾਂ ਤਾਂ ਸਿੱਖੀ ਭਾਵਨਾਂ ਤੇ ਰਹੁ-ਰੀਤਾਂ ਵਲੋਂ ਅਗਿਆਤ ਸਨ ਜਾਂ ਉਹ ਇਸ ਨੂੰ ਠੀਕ ਢੰਗ ਨਾਲ ਪੇਸ਼ ਕਰਨ ਦੇ ਇੱਛੁਕ ਹੀ ਨਹੀਂ ਸਨ। ਸੋ ਸਿੰਘ ਸਭਾ ਦੇ ਆਗੂਆਂ ਸਿਰ ਆਪਣੇ ਇਤਿਹਾਸ ਨੂੰ ਸਹੀ ਤੇ ਵਿਗਿਆਨਕ ਢੰਗ ਨਾਲ ਪੇਸ਼ ਕਰਨ ਦੀ ਬਹੁਤ ਵੱਡੀ ਜ਼ਿਮੇਵਾਰੀ ਸੀ। ਇਸ ਜ਼ਿਮੇਵਾਰੀ ਨੂੰ ਸੁਯੋਗਤਾ ਨਾਲ ਨਿਭਾਉਣ ਨਾਲ ਹੀ ਨਵੀਂ ਪੀੜ੍ਹੀ ਨੂੰ ਆਪਣੇ ਧਰਮ ਤੇ ਕੌਮ ਨਾਲ ਸਨੇਹ ਰੱਖਣ ਦੀ ਪ੍ਰੇਰਣਾ ਦਿੱਤੀ ਜਾ ਸਕਦੀ ਸੀ।

ਗ਼ਲਤ ਇਤਿਹਾਸਕ ਧਾਰਨਾਵਾਂ ਦਾ ਖੰਡਨ ਕਰਕੇ, ਗਲਤ ਤੱਥਾਂ ਦੀ ਪੁਣ ਛਾਣ ਕਰ ਕੇ ਭੁਲੇਖਾ ਪਾਊ ਤੇ ਨਿਰੋਲ ਸ਼ਰਧਾ-ਵਸ ਪਰਚਲਿਤ ਕੀਤੀਆਂ ਮਾਨਤਾਵਾਂ ਦਾ ਵਿਸ਼ਲੇਸ਼ਣ ਤੇ ਨਿਰੀਖਣ ਕਰ ਕੇ, ਇਤਿਹਾਸਕ ਕ੍ਰਮ ਦੇ ਘਾਪਿਆਂ ਨੂੰ ਭਰ ਕੇ ਤੇ ਨਵੀਂ ਯੁਗ-ਚੇਤਨਾ ਤੇ ਲੋਕ-ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ, ਸਮੁੱਚੇ ਸਿੱਖ ਇਤਿਹਾਸ ਦੀ ਨਵ-ਸਿਰਜਣਾ, ਇਕ ਇਤਿਹਾਸਕ ਲੋੜ ਸੀ।

---

42. ਪੰਜਾਬੀ ਪੱਤਰਕਾਰੀ ਦੀ ਦੇਣ ਬਾਰੇ ਵਿਸਤਾਰ-ਪੂਰਵਕ ਚਰਚਾ ਇਕ ਵੱਖਰੇ ਅਧਿਆਇ ਵਿਚ ਕੀਤੀ ਗਈ ਹੈ।

ਇਸ ਲੋੜ ਦੀ ਪੂਰਤੀ ਲਈ ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ, (ਮਹੰਤ) ਬਾਬਾ ਸੁਮੇਰ ਸਿੰਘ, ਗਿਆਨੀ ਗਿਆਨ ਸਿੰਘ ਤੇ ਭਾਈ ਦਿੱਤ ਸਿੰਘ ਨੇ ਮੋਢੀਆਂ ਦਾ ਕੰਮ ਕੀਤਾ। ਭਾਈ ਵੀਰ ਸਿੰਘ ਜੀ ਦੀ ਇਸ ਪੱਖੋਂ ਘਾਲਣਾ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ, ਪਰ ਉਨ੍ਹੀਵੀਂ ਸਦੀ ਦੇ ਅਖੀਰ ਤਕ ਉਨ੍ਹਾਂ ਦੀਆਂ ਇਤਿਹਾਸਕ ਲਿਖਤਾਂ ਕੇਵਲ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਪ੍ਰਕਾਸ਼ਤ ਟ੍ਰੈਕਟਾਂ ਦੇ ਰੂਪ ਵਿਚ ਹੀ ਸਾਡੇ ਸਾਹਮਣੇ ਹਨ। ਗਿਆਨੀ ਗਿਆਨ ਸਿੰਘ ਤੇ ਭਾਈ ਦਿੱਤ ਸਿੰਘ ਦੀਆਂ ਇਤਿਹਾਸਕ ਰਚਨਾਵਾਂ ਹੀ ਪੰਜਾਬੀ ਵਿਚ ਹਨ, ਬਾਕੀ ਸਭ ਬ੍ਰਜ ਭਾਸ਼ਾ ਵਿਚ ਹਨ, ਪਰ ਉਨ੍ਹਾਂ ਲਿਖਤਾਂ ਨੇ ਅਗਲੇ ਇਤਿਹਾਸਕਾਰਾਂ ਲਈ ਆਧਾਰ-ਸ਼ਿਲਾ ਦਾ ਕੰਮ ਜ਼ਰੂਰ ਕੀਤਾ।

ਭਾਵੇਂ ਪੱਛਮੀ ਢੰਗ ਦੀ ਵਿਗਿਆਨਕ, ਇਤਿਹਾਸਕ ਖੋਜ ਦਾ ਆਰੰਭ ਵੀਹਵੀਂ ਸਦੀ ਵਿਚ ਹੋਇਆ, ਪਰ ਕੁਝ ਕੁ ਮੁਢਲੇ ਯਤਨ ਇਸ ਕਾਲ ਵਿਚ ਆਰੰਭ ਹੋ ਗਏ ਸਨ। ਉਦਾਹਰਣ ਲਈ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' ਅੰਮ੍ਰਿਤਸਰ ਵਲੋਂ, ਕੁਝ ਕੁ ਇਤਿਹਾਸਕ ਪੁਸਤਕਾਂ ਛਾਪੀਆਂ ਗਈਆਂ, ਜਿਹੜੀਆਂ ਵਿਦਵਾਨਾਂ ਵਲੋਂ ਕਾਫੀ ਲੰਮੀ ਸਮੇਂ ਤਕ ਲਗਾਤਾਰ ਇਕੱਤ੍ਰਤਾਵਾਂ ਅਤੇ ਵਿਚਾਰ ਵਟਾਂਦਰੇ ਉਪ੍ਰੰਤ, ਪਾਠਕਾਂ ਦੇ ਹੱਥਾਂ ਵਿਚ ਦਿੱਤੀਆਂ ਗਈਆਂ। ਇਨ੍ਹਾਂ ਵਿੱਚੋਂ ਕੁਝ ਕੁ ਦਾ ਨਾਂ ਏਥੇ ਦੇਣਾ ਉਚਿੱਤ ਪ੍ਰਤੀਤ ਹੁੰਦਾ ਹੈ:-

(1) ਗੁਰਪੁਰਬ ਪ੍ਰਕਾਸ਼ (2) ਗੁਰ ਸਿੱਖਾਂ ਦੇ ਨਿਤ ਕਰਮ (3) ਗੁਰਮਤਿ ਸਿੱਧਾਂਤ (4) ਰਪੋਟ ਦਸਮ ਗ੍ਰੰਥ ਜੀ ਦੀ ਸੁਧਾਈ (5) ਗੁਰ-ਪ੍ਰਣਾਲੀ (6) ਯਾਤ੍ਰਾ ਸ੍ਰੀ ਹਜ਼ੂਰ ਸਾਹਿਬ। ਇਨ੍ਹਾਂ ਤੇ ਇਹੋ ਜਿਹੀਆਂ ਹੋਰ ਲਿਖਤਾਂ ਤੋਂ ਉਤਸਾਹਤ ਤੇ ਪ੍ਰਭਾਵਤ ਹੋ ਕੇ, ਪਿੱਛੋਂ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ( 3 ਭਾਗ) ਤੇ ਪੰਡਤ ਤਾਰਾ ਸਿੰਘ ਨਰੋਤਮ ਨੇ 'ਗੁਰਮਤ ਨਿਰਣਯ ਸਾਗਰ', ਗੁਰ ਗਿਰਾਰਥ ਕੋਸ਼ ਤੇ ਗੁਰ ਤੀਰਥ ਸੰਗ੍ਰਹਿ " ਆਦਿ ਇਤਿਹਾਸਕ ਤੇ ਖੋਜ-ਭਰਪੂਰ ਪੁਸਤਕਾਂ ਲਿਖੀਆਂ।[44]

'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' ਅੰਮ੍ਰਿਤਸਰ ਵਲੋਂ ਤਾਂ ਵਿਸ਼ੇਸ਼ ਤੌਰ ਤੇ ਇਤਿਹਾਸਕ ਸਾਮੱਗ੍ਰੀ ਦੀਆਂ ਰੀਪੋਰਟਾਂ ਹੀ ਤਿਆਰ ਕੀਤੀਆਂ ਜਾਂਦੀਆਂ ਸਨ ਪਰ 'ਗੁਰਮਤਿ ਗ੍ਰੰਥ ਸੁਧਾਰਕ ਕਮੇਟੀ' ਲਾਹੌਰ, ਇਤਿਹਾਸਕ ਸਾਮੱਗ੍ਰੀ ਦੇ ਸ੍ਰੋਤਾਂ ਦੀ ਪੁਣਛਾਣ ਤੇ ਮੁਲਾਂਕਣ ਕਰਦੀ ਸੀ।[45] ਏਸੇ ਗੁਰਮਤਿ

---

43. ਗੁਰਦੁਆਰਾ ਗਜ਼ਟ, ਅੰਮ੍ਰਿਤਸਰ ਅਗਸਤ, 1953.

44. ਇਨ੍ਹਾਂ ਬਾਰੇ ਵਿਸਤਾਰ-ਪੂਰਵਕ ਚਰਚਾ "ਵਾਰਤਕ ਸਾਹਿੱਤ ਦਾ ਸਰਵੇਖਣ" ਵਾਲੇ ਅਧਿਆਇ ਵਿਚ ਕੀਤੀ ਗਈ ਹੈ।

45. Barrier N.G.," Sikhs ressurgence" 1849-1947 included in 'Sources of Panjab History - by Jones Kenneth -- Delhi, 1975, p.222.

ਗ੍ਰੰਥ ਸੁਧਾਰਕ ਕਮੇਟੀ ਵਲੋਂ ਪੁਰਾਤਨ ਜਨਮ ਸਾਖੀ ਦੀ ਫੋਟੋਕਾਪੀ ਸਰਕਾਰ ਪਾਸੋਂ ਲੈ ਕੇ ਪ੍ਰਕਾਸ਼ਤ ਕੀਤੀ ਗਈ। ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਤ ਕੀਤੀ ਹੋਈ ਇਹ ਜਨਮ ਸਾਖੀ ਜਿਸ ਨੂੰ ਮੈਕਾਲਫ਼ ਵਾਲੀ ਜਨਮ ਸਾਖੀ ਵੀ ਆਖਿਆ ਜਾਂਦਾ ਹੈ, 1885 ਈ. ਵਿਚ ਛਪੀ ਜਿਸ ਨਾਲ ਪੰਜਾਬੀ ਵਿਚ ਪੁਰਾਤਨ ਸਾਹਿੱਤ ਦੀ ਸੰਪਾਦਨਾ ਦਾ ਵਿਗਿਆਨਕ ਮੁਢ ਬੱਝਾ ਸਮਝਣਾ ਚਾਹੀਦਾ ਹੈ। ਸੰਪਾਦਕ ਵਲੋਂ ਜਨਮ ਸਾਖੀ ਦੀ ਭੂਮਿਕਾ ਵਿਚ ਪ੍ਰਗਟਾਏ ਗਏ ਵਿਚਾਰ ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ —

> "ਅੱਜ ਤਕ ਸਾਡੇ ਵਿਚ ਗ੍ਰੰਥਾਂ ਦੇ ਲਿਖਣ ਦਾ ਜੋ ਤਰੀਕਾ ਹੈ, ਸੋ ਐਸਾ ਨਹੀਂ, ਜਿਸ ਨੂੰ ਹਰ ਇਕ ਸਖ਼ਸ਼, ਆਸਾਨੀ ਨਾਲ ਕਿਸੇ ਗ੍ਰੰਥ ਨੂੰ ਪੜ੍ਹ ਸਕੇ ਕਯੋਂਕਿ ਅੱਖਰ ਇਕ ਦੂਸਰੇ ਨਾਲ ਮਿਲੇ ਹੂਏ ਹੁੰਦੇ ਹਨ। ਇਸ ਬਾਤ ਦੀ ਖ਼ਬਰ ਨਹੀਂ ਕਿ ਸਤਰ ਕਿੱਥੋਂ ਲਿਖਨੀ ਪ੍ਰਾਰੰਭ ਕਰਨੀ, ਅਤੇ ਕਿੱਥੇ ਛੱਡਨੀ ਹੈ; ਔਰ ਕਹਾਂ ਕਹਾਂ ਲਘੁ ਬਿਸਰਾਮ ਔਰ ਦੀਰਘ ਬਿਸਰਾਮ ਤਥਾ ਪ੍ਰਸ਼ਨ, ਅਸਚਰਜ ਆਦਿ ਚਿੰਨ ਦੇਨੇ ਹੈਂ। ਇਸ ਜਨਮ ਸਾਖੀ ਨੂੰ ਨਵੀਂ ਰੀਤੀ ਸੇ ਲਿਖਾ ਕਰ ਛਪਵਾਯਾ ਹੈ। ਇਸ ਦੇ ਪਾਠਨ ਵਿਚ ਜੋ ਸੁਗਮਤਾ ਹੈ, ਸੋ ਆਪੇ ਪਈ ਦਿਸਦੀ ਹੈ। ਜਹਾਂ ਜਹਾਂ ਸ਼ਬਦ ਆਏ ਹਨ, ਸੋ ਵਾਰਤਕ ਨਾਲੋਂ ਬਿਲਕੁਲ ਜੁਦਾ ਕੀਤੇ ਗਏ ਹਨ ਅਤੇ ਐਸੀ ਰੀਤੀ ਸੇ ਲਿਖੇ ਹੈਂ ਕਿ ਆਪ ਹੀ ਵੋਹ ਵਾਰਤਿਕ ਸੇ ਜੁਦੇ ਮਾਲੂਮ ਹੋਵੇਂ।"[46]

ਇਤਿਹਾਸਕ ਲਿਖਤਾਂ ਦਾ ਇਕ ਹੋਰ ਪਹਿਲੂ ਸਿੱਖ ਗੁਰੂਆਂ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਹਨ ਜਿਹੜੀਆਂ ਛੋਟੇ ਛੋਟੇ ਪੈਂਫਲਿਟਾਂ ਤੇ ਟ੍ਰੈਕਟਾਂ ਜਾਂ ਕਿਤਾਬਚੀਆਂ ਦੇ ਰੂਪ ਵਿਚ ਪ੍ਰਕਾਸ਼ਤ ਹੋਈਆਂ। 'ਖ਼ਾਲਸਾ ਟ੍ਰੈਕਟ ਸੁਸਾਇਟੀ' ਤੇ ਗਿਆਨੀ ਦਿੱਤ ਸਿੰਘ ਦੀ ਦੇਣ ਇਸ ਸੰਬੰਧੀ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੇ ਅਜਿਹੇ ਟ੍ਰੈਕਟ ਆਮ ਤੌਰ ਤੇ ਗੁਰਪੁਰਬਾਂ ਦੇ ਮੌਕਿਆਂ ਤੇ ਛਾਪੇ ਤੇ ਵੰਡੇ ਜਾਂਦੇ ਸਨ। ਉਦਾਹਰਣ ਲਈ, ਸ੍ਰੀ ਗੁਰੂ ਤੇਗ ਬਹਾਦਰ ਜੀ (ਟ੍ਰੈ:ਨੰ:9), ਗੁਰੂ ਗੋਬਿੰਦ ਸਿੰਘ ਜੀ (ਨੰ:10), ਗੁਰੂ ਹਰਿ ਰਾਏ ਜੀ(ਨੰ:16), ਸ੍ਰੀ ਗੁਰੂ ਅਰਜਨ ਦੇਵ ਜੀ(ਨੰ:26), ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ(ਨੰ:27) ਸ੍ਰੀ ਗੁਰੂ ਅਮਰਦਾਸ ਜੀ(ਨੰ:30), ਸ੍ਰੀ ਗੁਰੂ ਰਾਮ ਦਾਸ ਜੀ(ਨੰ:43), ਬਾਬਾ ਅਟੱਲ ਰਾਇ ਜੀ (ਨੰ:60),ਆਦਿ ਉਨ੍ਹੀਵੀਂ ਸਦੀ ਦੇ ਵਰਣਨਯੋਗ ਟ੍ਰੈਕਟ ਹਨ। ਏਸੇ ਤਰ੍ਹਾਂ ਗਿ: ਦਿੱਤ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਤੋਂ ਉਪ੍ਰੰਤ, ਤਾਰਾ ਸਿੰਘ ਵਾਹੀਏ ਦੀ ਸ਼ਹੀਦੀ, ਸੁਬੇਗ ਸਿੰਘ ਦੀ ਸ਼ਹੀਦੀ, ਭਾਈ ਤਾਰੂ ਸਿੰਘ ਦੀ ਸ਼ਹੀਦੀ, ਭ: ਬੋਤਾ ਸਿੰਘ ਦੀ ਸ਼ਹੀਦੀ ਆਦਿ ਪੁਸਤਕਾਂ

---

46. ਗੁਰਮੁਖ ਸਿੰਘ -ਭਾਈ, " ਜਨਮ ਸਾਖੀ ਬਾਬੇ ਨਾਨਕ ਜੀ ਕੀ "(ਮੈਕਾਲਫ਼) 1885 ਈ., ਭੂਮਿਕਾ ਪੰਨਾ 7-9.

ਲਿਖੀਆਂ । ਜਨਮ ਸਾਖੀ ਗੁਰੂ ਤੇਗ ਬਹਾਦਰ ਜੀ ( ਭਾਈ ਨਾਰਾਇਣ ਸਿੰਘ), ਜਨਮ ਸਾਖੀ ਗੁਰੂ ਅੰਗਦ ਦੇਵ ਜੀ (ਭਾਈ ਸਰਦੂਲ ਸਿੰਘ), ਜੀਵਨ ਚਰਿਤਰ ਸ੍ਰੀ ਗੁਰੂ ਅਰਜਨ ਦੇਵ ਜੀ(ਭਾਈ ਲਹਿਣਾ ਸਿੰਘ), ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ(ਭਾਈ ਭਾਗ ਸਿੰਘ) ਆਦਿ ਨੂੰ ਏਸੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ। ਸ਼ੁਧ ਇਤਿਹਾਸ ਦੇ ਨਾਲ ਨਾਲ ਗੁਰਬਾਣੀ ਦੇ ਸ਼ੁਧ ਅਰਥਾਂ ਦੀ ਸਮੱਸਿਆ ਵੀ ਸਿੰਘ ਸਭਾ ਦੇ ਆਗੂਆਂ ਸਾਹਮਣੇ ਸੀ। ਨਿਰਮਲੇ, ਉਦਾਸੀ ਤੇ ਹੋਰ ਸੰਪਰਦਾਈ ਤੇ ਸਨਾਤਨੀ ਵਿਦਵਾਨ ਗੁਰਬਾਣੀ ਦੀ ਵਿਆਖਿਆ ਤੇ ਉਸ ਦੇ ਅਰਥ ਅਜਿਹੇ ਢੰਗ ਨਾਲ ਕਰਦੇ ਸਨ, ਜਿਨ੍ਹਾਂ ਤੋਂ ਗੁਰਬਾਣੀ, ਵੇਦਾਂ, ਉਪਨਿਸ਼ਦਾਂ, ਪੁਰਾਣਾਂ ਤੇ ਹੋਰ ਹਿੰਦੂ ਸ਼ਾਸਤ੍ਰਾਂ ਦਾ ਉਤਾਰਾ ਜਾਂ ਪ੍ਰਤੀ-ਰੂਪ ਹੀ ਪ੍ਰਤੀਤ ਹੁੰਦੀ ਸੀ। ਗੁਰਬਾਣੀ ਦੀ ਹਰ ਤੁਕ ਦੇ ਪਰਮਾਣ ਵਜੋਂ ਹਿੰਦੂ ਅਵਤਾਰਾਂ, ਹਿੰਦੂ ਇਤਿਹਾਸ ਤੇ ਮਿਥਿਹਾਸ ਨੂੰ ਪੇਸ਼ ਕੀਤਾ ਤੇ ਦੁਹਰਾਇਆ ਜਾਂਦਾ ਸੀ । ਜਰਮਨ ਭਾਸ਼ਾ ਵਿਗਿਆਨੀ ਟ੍ਰੰਪ ਨੇ ਗੁਰੂ ਗ੍ਰੰਥ ਸਾਹਿਬ ਦੇ ਕੁਝ ਭਾਗ ਦਾ ਜਿਹੜਾ ਅੰਗਰੇਜ਼ੀ ਅਨੁਵਾਦ ਕੀਤਾ, ਉਸ ਦੀ ਭੂਮਿਕਾ ਵਿਚ ਵੀ ਏਸੇ ਪਰਚਲਿਤ ਵਿਆਖਿਆ ਨੂੰ ਸਵੀਕਾਰ ਕਰਕੇ, ਇਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਿਵਾਇ ਭਾਸ਼ਾਈ ਵਿਸ਼ੇਸ਼ਤਾ ਦੇ , ਹੋਰ ਕੋਈ ਮੌਲਿਕ ਵਿਚਾਰ ਨਹੀਂ। ਟ੍ਰੰਪ ਦੇ ਗ਼ਲਤ ਅਨੁਵਾਦ ਦੇ ਪ੍ਰਤਿਕਰਮ ਵਜੋਂ ਰਾਜਾ ਬਿਕਰਮ ਸਿੰਘ ਫ਼ਰੀਦਕੋਟ ਨੇ ਗਿਆਨੀ ਬਦਨ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਵਾਇਆ ਤਾਂ ਵਿਦਵਾਨਾਂ ਨੂੰ ਉਸ ਉਤੇ ਵੀ ਨਿਰਾਸਤਾ ਹੋਈ।[47] ਟ੍ਰੰਪ ਦੇ ਟੀਕੇ ਦੀਆਂ ਊਣਤਾਈਆਂ ਤੇ ਗ਼ਲਤ ਵਿਆਖਿਆ ਕਾਰਨ ਹੀ ਮੈਕਾਲਫ਼ ਨੇ ਛੇ ਜਿਲਦਾਂ ਵਿਚ 'ਸਿਖ ਰਿਲੇਜਨ' ਨਾਂ ਦਾ ਗ੍ਰੰਥ ਤਿਆਰ ਕੀਤਾ। ਸਿੰਘ ਸਭਾ ਦੇ ਪ੍ਰਭਾਵ ਹੇਠ ਗੁਰਬਾਣੀ ਦੀ ਵਿਗਿਆਨਕ, ਨਿਆਇ-ਯੁਕਤ ਤੇ ਖੋਜ-ਭਰਪੂਰ ਟੀਕਾ-ਕਾਰੀ ਦਾ ਬੀੜਾ ਚੁਕਿਆ ਗਿਆ। ਪ੍ਰੋ. ਗੁਰਮੁਖ ਸਿੰਘ ਤੇ ਸਿੰਘ ਸਭਾ ਦੇ ਹੋਰ ਆਗੂਆਂ ਨੇ ਯਤਨ ਕੀਤਾ ਕਿ ਸਰਕਾਰ ਪਾਸੋਂ "ਗੁਰਬਾਣੀ ਕਾਨੂੰਨ"[48] ਪਾਸ ਕਰਵਾਇਆ ਜਾਏ, ਜਿਸ ਅਧੀਨ ਕਿਸੇ ਨੂੰ ਵੀ ਅਸ਼ੁਧ ਤੇ ਗੁਮਰਾਹ ਕਰਨ ਵਾਲੀ ਤੇ ਭੁਲੇਖਾ-ਪਾਊ ਬਾਣੀ ਛਾਪਣ ਦੀ ਆਗਿਆ ਨਾ ਹੋਵੇ। ਇਹ ਕਾਨੂੰਨ ਪਾਸ ਤਾ ਨਾਂ ਹੋ ਸਕਿਆ ਪਰ ਇਸ ਨੇ ਵਿਦਵਾਨਾਂ ਨੂੰ ਸੁਚੇਤ ਜ਼ਰੂਰ ਕਰ ਦਿੱਤਾ।

---

47. ਅਸ਼ੋਕ - ਸ਼ਮਸ਼ੇਰ ਸਿੰਘ -'ਪੰਜਾਬ ਦੀਆਂ ਲਹਿਰਾਂ', ਪਟਿਆਲਾ, ਪੰਨਾ 108.
ਪ੍ਰੋ. ਗੁਰਮੁਖ ਸਿੰਘ ਦਾ ਇਤਰਾਜ਼ ਸੀ ਕਿ ਟੀਕਾਕਾਰ ਪਾਸ ਖੋਜ ਭਰੀ ਵਿਦਿਆ, ਬੁਧੀ ਤੇ ਗੁਰਮਤਿ ਫਿਲਾਸਫੀ ਦੀ ਛਾਣ ਬੀਣ ਕਰਨ ਦੀ ਯੋਗਤਾ ਨਹੀਂ।

48. ਉਹੀ, ਪੰਨਾ 156

ਪ੍ਰਕਾਸ਼ਿਤ ਹੋਏ ਟੀਕਿਆਂ ਵਿਚ ਭਾਈ ਲੱਧਾ ਸਿੰਘ ਦਾ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਟੀਕਾ', ਗਿ: ਹਜ਼ਾਰਾ ਸਿੰਘ ਦਾ 'ਗੁਰੂ ਗ੍ਰੰਥ ਕੋਸ਼' ਤੇ ਗਿਆਨੀ ਸਰਦੂਲ ਸਿੰਘ ਰਚਿਤ, "ਗੁਰਬਾਣੀ ਦੇ ਟੀਕੇ" ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ ਕਿਉਂਜੋ ਇਹ ਸਨਾਤਨੀ ਅਰਥਾਂ ਤੇ ਵਿਆਖਿਆਵਾਂ ਤੋਂ ਮੁਕਤ ਸਨ। ਭਾਈ ਵੀਰ ਸਿੰਘ ਜੀ ਨੇ ਵੀ 'ਖਾਲਸਾ ਟ੍ਰੈਕਟ ਸੁਸਾਇਟੀ' ਰਾਹੀਂ ਕੁਝ ਬਾਣੀਆਂ ਦੇ ਟੀਕੇ ਪ੍ਰਕਾਸ਼ਤ ਕੀਤੇ, ਜਿਵੇਂ ਟੀਕਾ ਬਾਰਾਂ ਮਾਂਹ ਮਾਝ ਤੇ ਤੁਖਾਰੀ (ਟ੍ਰੈਕਟ ਨੰ:54), ਟੀਕਾ ਜੈਤਸਰੀ ਦੀ ਵਾਰ(ਨੰ:63), ਸਵੱਯੇ ਪਾਤਸ਼ਾਹੀ ੧੦ (ਨੰ:74 ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਪੋਥੀ(ਟ੍ਰੈਕਟ ਨੰ:71) ।

ਸਿੱਖੀ ਦੀ ਗੌਰਵਤਾ, ਸਿੱਖ ਰਹਿਤ ਮਰਯਾਦਾ ਤੇ ਸਿੱਖੀ ਜੀਵਨ ਆਦਰਸ਼, ਸੰਬੰਧੀ ਵੀ ਵੱਖ ਵੱਖ ਵਿਦਵਾਨਾਂ ਵਲੋਂ ਕੁਝ ਕੁ ਪੁਸਤਕਾਂ ਛਾਪੀਆਂ ਗਈਆਂ, ਜਿਵੇਂ ਬਾਵਾ ਨਿਰੰਜਣ ਸਿੰਘ ਰਚਿਤ "ਕੇਸ ਰੱਖਣ ਦੇ ਗੁਣ" ਭਾਈ ਗੁਰਮੁਖਸਿੰਘ ਰਚਿਤ "ਨਸ਼ਾਨੀ ਕਰਾਮਾਤ", ਸੰਤ ਸੰਪੂਰਨ ਸਿੰਘ ਰਚਿਤ "ਸਿੱਖ ਕਿਸ ਨੂੰ ਆਖਦੇ ਹਨ" ਤੇ ਇਹੋ ਜਿਹੀਆਂ ਕਈ ਦਰਜਨ ਹੋਰ ਪੁਸਤਕਾਂ ਦੇ ਹਵਾਲੇ ਮਿਲਦੇ ਹਨ ਜਿਨ੍ਹਾਂ ਦੇ ਲੇਖਕ ਅਗਿਆਤ ਤੇ ਲਿਖੇ ਜਾਣ ਜਾਂ ਛਪਣ ਸੰਬੰਧੀ ਤਾਰੀਖਾਂ ਦੀ ਕੋਈ ਸੂਚਨਾ ਨਹੀਂ ਮਿਲਦੀ।

ਸਮਾਜ ਸੁਧਾਰ ਦੇ ਆਸ਼ੇ ਅਧੀਨ ਰਚਿਆ ਗਿਆ ਸਾਹਿੱਤ ਵੀ ਕਾਫ਼ੀ ਮਾਤ੍ਰਾ ਵਿਚ ਮਿਲਦਾ ਹੈ, ਜਿਨ੍ਹਾਂ ਵਿਚ ਪ੍ਰਧਾਨ ਵਿਸ਼ੇ, ਛੂਤ-ਛਾਤ, ਇਸਤਰੀ ਮਰਦ ਦੀ ਬਰਾਬਰੀ, ਬਾਲ-ਵਿਆਹ, ਵਿਧਵਾ-ਵਿਆਹ, ਸਤੀ, ਨਸ਼ਿਆਂ ਦੀ ਬੰਦਿਸ਼ ਆਦਿ ਸਨ। ਸਮਾਜ-ਸੁਧਾਰ ਸੰਬੰਧੀ ਵੀ ਬਹੁਤੀਆਂ ਲਿਖਤਾਂ ਟ੍ਰੈਕਟਾਂ ਦੇ ਰੂਪ ਵਿਚ ਹਨ ਤੇ ਗੱਦ ਤੇ ਪਦ ਦੋਹਾਂ ਵਿਚ ਲਿਖੀਆਂ ਮਿਲਦੀਆਂ ਹਨ। ਗਿ: ਦਿੱਤ ਸਿੰਘ ਨੇ ਜਿਸ ਨੂੰ ਛੂਤ ਛਾਤ ਦੇ ਰੋਗ ਦਾ ਸਭ ਤੋਂ ਵਧ ਸ਼ਿਕਾਰ ਬਣਨਾ ਪਿਆ, 'ਨਕਲੀ ਸਿੱਖ ਪ੍ਰਬੰਧ' ਅਤੇ 'ਡਰਪੋਕ ਸਿੰਘ' ਵਿਚ ਅੰਮ੍ਰਿਤ ਛਕ ਕੇ ਸਜੇ ਸਿੰਘਾਂ ਨਾਲ ਹੁੰਦੇ ਵਰਤਾਓ ਨੂੰ ਬਿਆਨ ਕੇ, ਇਸ ਰੁਚੀ ਦਾ ਖੰਡਨ ਕੀਤਾ ਹੈ। ਗਿਆਨੀ ਦਿੱਤ ਸਿੰਘ ਦੀ ਲਿਖਤ ਵਿਚ ਏਨਾ ਵਿਅੰਗ ਤੇ ਜ਼ੋਰ ਸੀ ਕਿ ਉਹ ਜਿਸ ਵਿਸ਼ੇ ਤੇ ਵੀ ਲਿਖਦੇ ਜਾਂ ਬੋਲਦੇ ਸਨ, ਆਪਣੇ ਵਿਰੋਧੀਆਂ ਨੂੰ ਨਿਰੁਤਰ ਕਰ ਦਿੰਦੇ ਸਨ। ਜ਼ਾਤ ਪਾਤ ਤੇ ਛੂਤ-ਛਾਤ ਸੰਬੰਧੀ[49] ਉਨ੍ਹਾਂ ਦੀ ਹੇਠ ਲਿਖੀ ਕਵਿਤਾ ਨੇ ਬੜੀ ਤਰਥੱਲੀ ਮਚਾਈ ਸੀ :-

---

49. ਦਿੱਤ ਸਿੰਘ ਗਿਆਨੀ, 'ਨਕਲੀ ਸਿੱਖ ਪ੍ਰਬੋਧ' ਅੰਮ੍ਰਿਤਸਰ 1974, ਪੰਨਾ 83-84

## ਪਰਸਪਰ ਪ੍ਸ਼ਨ ਉੱਤਰ

| | |
|---|---|
| ਕੌਣ ਸਿੱਖ ਹੁੰਦਿ ਹੋ ਭਾਈ ? | ਮੈਂ ਆਰੋੜਾ ਇਹ ਹੈ ਨਾਈ। |
| ਤੇਰੀ ਸਿੰਘਾ ਕੀ ਹੈ ਜ਼ਾਤ ? | ਨਾਮਾਂ ਛੀਸੀ ਛੀਬਾ ਭ੍ਰਾਤ । |
| ਤੇਰਾ ਦੂਧ ਕੌਣ ਹੈ ਪਿਆਰੇ ? | ਅਸੀਂ ਸਿੰਘ ਹਾਂ ਜੱਟ ਕਰਾਰੇ । |
| ਤੇਰਾ ਜਨਮ ਕਿਨ੍ਹਾਂ ਦੇ ਘਰ ਦਾ? | ਮੈਂ ਹਾਂ ਮਹਿਰਾ ਪਾਣੀ ਭਰਦਾ। |
| ਤੈਂ ਨਾ ਦੱਸਿਆ ਆਪਣਾ ਹਾਲ ? | ਆਹਲੂਵਾਲੇ ਅਸੀਂ ਕਲਾਲ। |
| ਤੂੰ ਭੀ ਅਪਨਾ ਗੋਤ ਬਖਾਨ ? | ਕਾਰੀਗਰ ਹਾਂ ਅਸੀਂ ਤਖਾਨ। |
| ਤੁਸਾਂ ਕਿਨ੍ਹਾਂ ਘਰ ਵਾਸਾ ਲੀਆ ? | ਬ੍ਰਾਹਮਣ ਜਨਮ ਰਬ ਨੇ ਦੀਆ। |
| ਕੀ ਕੁਝ ਕਰਦੇ ਤੇਰੇ ਘਰ ਦੇ? | ਹੈਨ ਖਤਰੀ, ਹੱਟੀ ਕਰਦੇ । |
| ਤੈਂ ਕਹੁ ਚੁਪ ਭਲੀ ਕਿਉਂ ਕੀਤੀ? | ਜ਼ਾਤ ਸਾਇਣੀ ਆਪਾਂ ਲੀਤੀ। |
| ਤੂੰ ਭੀ ਕਹੁ ਅਪਨਾ ਅਲਸੇਟਾ? | ਮੈਂ ਰੰਘਰੇਟਾ ਗੁਰੂ ਕਾ ਬੇਟਾ। |
| ਤੈਂ ਕਿਉਂ ਜੁਦੀ ਲਗਾਈ ਤਾੜੀ? | ਰਵਿਦਾਸ ਭਗਤ ਦੀ ਹਾਂ ਮੈਂ ਵਾੜੀ। |
| ਤੈਂ ਨਾ ਦੱਸਿਆ ਗੋਤ ਪਿਆਰੇ? | ਮਾਈ ਪੋਤਰੇ ਹਾਂ ਸੁਨਿਆਰੇ। |
| ਕਹਿ ਦੇ ਝੱਬਦੇ ਤੂੰ ਭੀ ਕੁਝ ? | ਨਾਉਂ ਰਹਿਤੀਏ ਸਾਡਾ ਬੂਝ। |
| ਤੇਰੀ ਕੀ ਹੈ ਜ਼ਾਤ ਸਿਆਣੇ? | ਬਚਿਤ੍ਰ ਸਿੱਖੀਏ, ਸਿੰਘ ਲੁਬਾਣੇ। |
| ਤੁਸੀਂ ਬੈਠ ਕਿਉਂ ਰਹੇ ਇਕੱਲੇ? | ਹਮ ਸਿੱਖਾ ਹੈਂ ਬਾਵੇ ਭੱਲੇ । |
| ਕਹੋ ਆਪ ਭੀ ਕੋਈ ਬਾਤੀ? | ਹਮ ਭੀ ਬਾਵੇ, ਤ੍ਰੇਹਣ ਜਾਤੀ। |
| ਤੂੰ ਕਯਾ ਬੈਠਾ ਪਾਇ ਝੰਬੇਲਾ? | ਬੇਦੀ ਬਾਵਾ ਸਮਝ ਸੁਹੇਲਾ । |
| ਕੌਣ ਪਿੰਡ ਦੇ ਰਹਿਨ ਹਾਰਾ? | ਭਗੂਪੁਰ ਹੈ ਨਗਰ ਹਮਾਰਾ। |
| ਮਾਈ ਤੇਰੀ ਦਾ ਕਯਾ ਨਾਉਂ ? | ਭਾਗੋ ਸੱਦੇ ਸਭ ਗਿਰਾਓਂ । |
| ਨਾਓਂ ਬਾਪ ਦਾ ਦੇਹੁ ਬਤਾਇ? | ਸੇਢੂ ਤੈਨੂੰ ਕਹਿਆ ਸੁਨਾਇ । |

ਦੋਹਿਰਾ: - ਤਿਸੀ ਸਮਯ ਇਸ ਭਾਂਤ ਕੀ, ਬਓ ਕਰਤ ਬਨਾਇ।
ਅੰਮ੍ਰਿਤ ਕੋ ਉਪਦੇਸ਼ ਸਭ, ਪਲ ਮੇ ਦਯੋ ਭੁਲਾਇ ।

ਅਖ਼ੀਰ ਵਿਚ ਇਸ ਜ਼ਾਤ ਜਨਮ ਨੂੰ ਭੰਡਦਾ ਹੋਇਆ ਲੇਖਕ ਆਖਦਾ ਹੈ:-

ਚੌਪਈ: ਅੰਮ੍ਰਿਤ ਛਕ ਸਭ ਖਾਲਸ ਹੋਏ ਪਿਛਲੀ ਜਾਤ ਪਾਤ ਸਭ ਖੋਏ।
ਤੁਮ ਥੇ ਬਨੇ ਸਿੰਘ ਨਿਰਸੰਕਾ, ਦਸਮ ਗੁਰੂ ਕੇ ਸੁਤ ਬਲ ਬਾਂਕਾ।
ਪਰ ਅਬ ਔਰ ਔਰ ਬਨ ਬੈਠੇ, ਮੇਰੇ ਸਾਥ ਬੋਲ ਹੋਐਠੇ ।
ਕਹੋ ਕਹਾਂ ਵੁਹ ਸੀਖ ਭੁਲਾਈ ? ਅੰਮ੍ਰਿਤ ਛਕਤੇ ਜੋਇ ਸਿਖਾਈ।

ਗਿਆਨੀ ਦਿੱਤ ਸਿੰਘ ਨੇ ਵੀ ਅਵਤਾਰ ਸਿੰਘ ਵਹੀਰੀਏ ਤੇ ਈਸਾਈ ਮਿਸ਼ਨਰੀਆਂ ਵਾਂਗ ਆਪਣੇ ਵਿਚਾਰਾਂ ਦੇ ਪ੍ਰਗਟਾ ਤੇ ਪ੍ਰਚਾਰ ਲਈ ਡਰਪੋਕ ਸਿੰਘ ਦੇ ਦਲੇਰ ਸਿੰਘ ਸੰਕੇਤਾਤਮਕ ਕਲਪਤ ਪਾਤਰ ਘੜ ਲਏ ਸਨ।

ਨਸ਼ਿਆਂ ਦੇ ਵਿਰੁਧ ਡਾਕਟਰ ਚਰਨ ਸਿੰਘ ਲਿਖਤ ਮਹਾਰਾਣੀ ਸ਼ੁਰਾਬ ਕੌਰ ਤੇ ਸਾਧੂ ਸਿੰਘ ਲਿਖਤ 'ਸਾਡਾ ਹਾਲ' ਅਤੇ ਜੂਏ ਤੇ ਸ਼ੁਰਾਬ ਦੇ ਵਿਰੁਧ 'ਜਵਾਹਰ ਸਿੰਘ ਦੁਆਰਾ ਲਿਖੀ " ਜਿੱਤੇ ਜਵਾਰੀਏ ਦੀ ਇਸਤਰੀ ਦਾ ਵਿਰਲਾਪ " ਕੁਝ ਕੁ ਹੋਰ ਵਰਣਨਯੋਗ ਕ੍ਰਿਤਾਂ ਹਨ । ਏਸੇ ਤਰ੍ਹਾਂ ਹੋਰ ਸੈਂਕੜੇ [50] ਛੋਟੇ ਟ੍ਰੈਕਟ ਤੇ ਪੈਂਫਲਿਟ ਇਸ ਕਾਲ ਵਿਚ ਰਚੇ ਗਏ ਜਿਨ੍ਹਾਂ ਵਿਚ ਸਮਾਜ ਸੁਧਾਰ, ਸਿੱਖੀ ਰਹਿਤ ਮਰਯਾਦਾ ਤੇ ਜੀਵਨ ਜਾਚ ਆਦਿ ਵਿਸ਼ਿਆਂ ਨੂੰ ਲਿਆ ਗਿਆ।[51] ਟ੍ਰੈਕਟ ਲਿਖਣ ਦੀ ਪਿਰਤ ਤਾਂ ਪੰਜਾਬੀ ਸਾਹਿੱਤ ਵਿਚ ਈਸਾਈ ਮਿਸ਼ਨਰੀਆਂ ਰਾਹੀਂ ਪਈ ਪਰ ਬਾਕੀ ਕੌਮਾਂ ਨੇ ਵੀ ਇਨ੍ਹਾਂ ਨੂੰ ਅਪਣਾ ਲਿਆ ਕਿਉਂਜੋ ਇਕ ਤਾਂ ਇਹ ਵੱਡੀਆਂ ਪੁਸਤਕਾਂ ਦੇ ਟਾਕਰੇ ਤੇ ਸਸਤੇ ਰਹਿੰਦੇ ਸਨ ਦੂਜਾ ਇੱਕੋ ਸਮੱਸਿਆ ਲੈ ਕੇ, ਉਸੇ ਸੰਬੰਧੀ ਹੀ ਚਰਚਾ ਕਰ ਲਈ ਜਾਂਦੀ ਸੀ। ਇਸ ਨੂੰ ਵੱਧ ਤੋਂ ਵੱਧ ਹੱਥਾਂ ਤਕ ਪੁਚਾਉਣਾ ਵੀ ਸੌਖਾ ਸੀ। ਕਈ ਵਾਰੀ ਇੰਜ ਵੀ ਹੁੰਦਾ ਸੀ ਕਿ ਅਖ਼ਬਾਰਾਂ ਵਿਚ ਛਪਦੇ ਲੇਖ ਜਾਂ ਸੰਪਾਦਕੀ ਨੋਟਾਂ ਨੂੰ ਮੁੜ ਪੈਂਫਲਿਟ ਦਾ ਰੂਪ ਦੇ ਕੇ ਛਾਪ ਦਿੱਤਾ ਜਾਂਦਾ ਸੀ । ਸਿਰਜਣਾਤਮਕ ਸਾਹਿੱਤ ਦਾ ਵੀ ਵਡੇਰਾ ਭਾਗ ਉਸ ਦੌਰ ਵਿਚ ਪਹਿਲਾਂ ਅਖ਼ਬਾਰਾਂ ਤੇ ਪੈਂਫਲਿਟਾਂ ਵਿਚ ਪ੍ਰਕਾਸ਼ਤ ਹੁੰਦਾ ਸੀ ਤੇ ਪਿਛੋਂ ਪੁਸਤਕ ਦੇ ਰੂਪ ਵਿਚ ਉਪਲਬਧ ਹੁੰਦਾ ਸੀ ।

---

50. ਬੈਰੀਅਰ ਐਨ.ਜੀ.," ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ ਉਨ੍ਹੀਵੀਂ ਸਦੀ ਦੇ ਪੰਜਾਬ ਨਾਲ ਸੰਬੰਧਿਤ 3700 ਦੇ ਕਰੀਬ ਟ੍ਰੈਕਟ ਤੇ ਪੈਂਫਲਿਟ ਹਨ, ਜਿਨ੍ਹਾਂ ਵਿਚੋਂ 2000 ਉਰਦੂ, 800 ਹਿੰਦੀ ਤੇ 900 ਪੰਜਾਬੀ ਵਿਚ ਹਨ। ਏਸੇ ਤਰ੍ਹਾਂ ਬ੍ਰਿਟਿਸ਼ ਮਿਊਜ਼ੀਅਮ ਲੰਡਨ ਵਿੱਚ ਵੀ ਉਨ੍ਹੀਵੀਂ ਸਦੀ ਦੇ ਅੰਤ ਤਕ ਰਚੇ ਗਏ, 1200 ਉਰਦੂ, 350 ਹਿੰਦੀ ਤੇ 300 ਪੰਜਾਬੀ ਟ੍ਰੈਕਟ ਸੁਰੱਖਿਅਤ ਪਏ ਹਨ। "ਪੰਜਾਬ ਪਾਸਟ ਐਂਡ ਪ੍ਰੈਜ਼ੈਂਟ, ਅਪ੍ਰੈਲ 1970 ,ਪੰ.161-162.

51. ਉਨ੍ਹੀਵੀਂ ਸਦੀ ਦੇ ਅੰਤ ਤਕ ਰਚੇ ਗਏ ਪੰਜਾਬੀ ਟ੍ਰੈਕਟਾਂ, ਪੈਂਫਲਿਟਾਂ ਆਦਿ ਦੇ ਵਿਸ਼ਿਆਂ, ਭਾਸ਼ਾ , ਸ਼ੈਲੀ ਤੇ ਸਾਹਿੱਤਕ ਗੁਣਾਂ ਦਾ ਮੁਲਾਂਕਣ ' ਵਾਰਤਕ ਸਾਹਿੱਤ ਦਾ ਸਰਵੇਖਣ ' ਵਾਲੇ ਅਧਿਆਇ ਵਿਚ ਕੀਤਾ ਗਿਆ ਹੈ।

## ਸਿਰਜਣਾਤਮਕ ਸਾਹਿੱਤ:

ਸਿੰਘ ਸਭਾ ਦਾ ਆਸ਼ਾ ਤਾਂ ਭਾਵੇਂ ਨਿਰੋਲ ਧਾਰਮਿਕ ਸੀ ਪਰ ਧਾਰਮਿਕ ਵਿਲੱਖਣਤਾ ਲਈ ਭਾਸ਼ਾ ਤੇ ਸਾਹਿੱਤ ਦੀ ਵਿਲੱਖਣਤਾ ਜ਼ਰੂਰੀ ਸੀ । ਏਸੇ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਹਿੰਦੂ ਹਿੰਦੀ ਦੀ ਸ਼ਰਨ ਲੈਣ ਲਗੇ ਅਤੇ ਮੁਸਲਮਾਨ ਉਰਦੂ ਦੇ ਅਨੁਯਾਈ ਬਣ ਬੈਠੇ।[52] ਸਿੱਖਾਂ ਨੇ ਪੰਜਾਬੀ ਨੂੰ ਏਸੇ ਸਭਿਆਚਾਰਕ ਵਿਲੱਖਣਤਾ ਤੇ ਇਕ ਸੁਤੰਤਰ ਕੌਮ ਵਜੋਂ ਆਪਣੀ ਹੋਂਦ ਦੀ ਸਥਾਪਨਾ ਲਈ ਅਪਣਾਇਆ ਤੇ ਇਸ ਦੇ ਸਰਬ ਪੱਖੀ ਵਿਕਾਸ ਲਈ ਹਰ ਸੰਭਵ ਯਤਨ ਕੀਤਾ।[53] ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਇਸ ਉੱਤੋਂ ਬ੍ਰਜੀ ਦਾ ਪ੍ਰਭਾਵ ਪੂਰੀ ਤਰ੍ਹਾਂ ਹਟ ਗਿਆ ਅਤੇ ਇਸ ਨੂੰ ਇਕ ਸੰਪੂਰਨ ਤੇ ਵਿਕਸਤ ਸਾਹਿੱਤਕ ਭਾਸ਼ਾ ਦਾ ਦਰਜਾ ਮਿਲ ਗਿਆ। ਲੋਕ-ਕਵੀਆਂ ਤੇ ਪੇਂਡੂ ਕਿੱਸਾਕਾਰਾਂ ਨੇ ਇਸ ਉਤੇ ਜਿਹੜਾ ਬੋਲ ਚਾਲ ਦੀ ਉਜੱਡ ਤੇ ਅਸੱਭਯ ਭਾਸ਼ਾ ਦਾ ਰੰਗ ਚਾੜ੍ਹ ਦਿੱਤਾ ਸੀ, ਇਸ ਸਦੀ ਦੇ ਅਖ਼ੀਰ ਤਕ , ਉਹ ਰੰਗ ਵੀ ਜੇ ਪੂਰੀ ਤਰ੍ਹਾਂ ਅਲੋਪ ਨਹੀਂ ਹੋਇਆ ਤਾਂ ਬਹੁਤ ਹੱਦ ਤਕ ਮੱਧਮ ਜ਼ਰੂਰ ਪੈ ਚੁੱਕਾ ਸੀ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਜਿਥੇ ਭਾਸ਼ਾ ਦਾ ਠੁਕ ਬੱਝ ਚੁੱਕਾ ਸੀ ਉਥੇ ਇਸ ਦੇ ਸ਼ਬਦ-ਜੋੜਾਂ ਵਿਚ ਵੀ ਇਕਸਾਰਤਾ ਆ ਗਈ ਸੀ । ਸ਼ਬਦ-ਭੰਡਾਰ ਵੀ ਰੋਖਾ ਸੀ ਜਿਸ ਨਾਲ ਹਰ ਪ੍ਰਕਾਰ ਦੇ ਵਿਸ਼ਿਆਂ ਉਤੇ ਬਿਨਾਂ ਔਕੜ ਕਲਮ ਚਲਾਈ ਜਾ ਸਕਦੀ ਸੀ ਤੇ ਭਾਸ਼ਾ ਦੀ ਪ੍ਰਗਟਾ ਸਮਰੱਥਾ ਵੀ ਸ਼ਕਤੀਸ਼ਾਲੀ ਹੋ ਗਈ ਸੀ । ਇਸ ਸਭ ਕੁਝ ਵਿਚ ਸਿੰਘ ਸਭਾ ਲਹਿਰ ਦਾ ਬਹੁਤ ਵੱਡਾ ਹੱਥ ਹੈ।

ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਬਹੁਤ ਸਾਰੇ ਪੱਛਮੀ ਕਲਾ-ਰੂਪ ਪੰਜਾਬੀ ਵਿਚ ਆ ਚੁੱਕੇ ਸਨ ਤੇ ਉਨ੍ਹਾਂ ਵਿਚ ਸਾਹਿੱਤ ਸਿਰਜਣਾ ਹੋਣ ਲਗ ਪਈ ਸੀ, ਭਾਵੇਂ ਇਹ ਇਨ੍ਹਾਂ ਕਲਾ-ਰੂਪਾਂ ਦੇ ਪਰਵੇਸ਼ ਦੀ ਪ੍ਰਯੋਗਮਈ ਅਵਸਥਾ ਹੀ ਸੀ। ਅਜੇ ਤਕ ਇਨ੍ਹਾਂ ਕਲਾ-ਰੂਪਾਂ ਵਿਚ ਪੱਛਮੀ ਪੱਧਰ ਦੀ ਪਰਪੱਕਤਾ ਵੀ ਨਹੀਂ ਆਈ ਸੀ ।

ਪੰਜਾਬੀ ਦਾ ਕਾਵਿ-ਸਾਹਿਤ ਬਹੁਤ ਪੁਰਾਣਾ ਹੈ ਤੇ ਇਸ ਦ ਿਆਂ ਪੁਰਾਤਨ ਵੰਨਗੀਆਂ ਤੇ ਕਾਵਿ-ਰੂਪ ਬਹੁਤ ਹੱਦ ਤਕ ਪਹਿਲਾਂ ਵਾਂਗ ਹੀ ਕਾਇਮ ਰਹੇ ਤੇ ਕੁਝ ਇਕ ਕਾਵਿ-ਛੰਦਾਂ ਤੇ ਕਾਵਿ ਭੇਦਾਂ

---

52. Gurdarshan Singh," In their bid to preserve their distinctive cultures, the Hindu, the Sikhs, and the Muslims put forward the claim of their respective languages for official recognition. "Character and Impact of Singh Sabha Movement on the History of Panjab." Ph.D.Thesis, p.234.

53. Ibid.,"The Linguistic developmentt left a very deep impact on the community and imparted to it a degree of cohesiveness and self consciousness, so essential for the emergence of an independent community.",p.254.

ਨੂੰ ਇਸ ਕਾਲ ਵਿਚ ਪ੍ਰਧਾਨਤਾ ਪ੍ਰਾਪਤ ਹੋਈ ਪਰ ਸਮੁੱਚੀ ਕਵਿਤਾ ਜਾਂ ਕਾਵਿ-ਸਿਰਜਣਾ ਪਰੰਪਰਾਈ ਘੇਰੇ ਤੋਂ ਉਤਾਂਹ ਨਾ ਉਠ ਸਕੀ।[54] ਏਥੇ ਸਾਡਾ ਮਨੋਰਥ ਕੇਵਲ ਉਸ ਕਵਿਤਾ ਸੰਬੰਧੀ ਸੰਖੇਪ ਵਿਚ ਚਰਚਾ ਕਰਨ ਦਾ ਹੈ ਜਿਹੜੀ ਨਿਰੋਲ ਸਿੰਘ ਸਭਾ ਦੇ ਪ੍ਰਭਾਵ ਹੇਠ ਪੈਦਾ ਹੋਈ। ਆਮ ਹਿੰਦੂ ਸਿੱਖ ਵਿਦਵਾਨਾਂ ਦੀ ਰੁਚੀ ਪਹਿਲੇ ਦੋ ਤਿੰਨ ਦਹਾਕਿਆਂ ਵਿਚ ਬ੍ਰਜ ਭਾਸ਼ਾ ਵਿਚ ਲਿਖਣ ਦੀ ਰਹੀ। ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹੀ ਬਹੁਤੀ ਵਾਰੀ ਇਨ੍ਹਾਂ ਵਿਦਵਾਨਾਂ ਦਾ ਇਕੱਠ ਹੁੰਦਾ ਤੇ ਉਥੇ ਹੀ ਬ੍ਰਜੀ ਕਵਿਤਾ ਪੜ੍ਹ ਕੇ ਸੁਣਾਈ ਜਾਂਦੀ। ਡਾਕਟਰ ਚਰਨ ਸਿੰਘ ਦੀ ਸੰਪਾਦਤ ਕਾਵਿ ਰਚਨਾ 'ਅੰਮ੍ਰਿਤ ਲਹਿਰੀ' ਇਸ ਦੀ ਇਕ ਉਘੀ ਉਦਾਹਰਣ ਹੈ। ਇਸ ਵਿਚ ਗਿਆਨੀ ਗਿਆਨ ਸਿੰਘ, ਭਾਈ ਈਸ਼ਰ ਸਿੰਘ, ਬਾਵਾ ਜੈਮਲ ਦਾਸ, ਬਾਵਾ ਸੁਮੇਰ ਸਿੰਘ, ਪੰਡਤ ਸੰਤੋਖ ਸਿੰਘ ਤੇ ਡਾਕਟਰ ਚਰਨ ਸਿੰਘ ਦੀਆਂ ਕਵਿਤਾਵਾਂ ਸ਼ਾਮਲ ਹਨ। ਕੁਝ ਕੁ ਵਿਦਵਾਨ ਪੰਜਾਬੀ ਤੇ ਬ੍ਰਜੀ ਦੋਹਾਂ ਭਾਸ਼ਾਵਾਂ ਵਿਚ ਕਵਿਤਾ ਲਿਖਣ ਦਾ ਅਭਿਆਸ ਕਰਦੇ ਰਹੇ। ਅਜਿਹੇ ਵਿਦਵਾਨਾਂ ਵਿਚ ਗਿਆਨੀ ਦਿੱਤ ਸਿੰਘ ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਗਿਆਨੀ ਜੀ ਦੀ ਪੰਜਾਬੀ ਕਵਿਤਾ ਦਾ ਨਮੂਨਾ[55] ਇਸ ਪ੍ਰਕਾਰ ਹੈ:-

ਬਾਦਸ਼ਾਹ ਸੀ ਤਦੋਂ ਉਰੰਗਾ, ਹਿੰਦੂ ਲੋਕਾਂ ਨੂੰ ਕਰ ਤੰਗਾ।
ਮੁਸਲਮਾਨ ਦੇ ਮਤ ਵਿਚ ਲਿਆਵੇ, ਜੰਞੂ ਚੋਟੀ ਚਾ ਉਤਰਾਵੇ।
ਪਰ ਕਸ਼ਮੀਰ ਦੇਸ਼ ਜੋ ਭਾਰੀ, ਬ੍ਰਹਮਨ ਹੁਤੀ, ਅਬਾਦੀ ਸਾਰੀ,
ਵੇਦ ਪਾਠ ਅਰ ਯੱਗ ਹਜ਼ਾਰਾਂ, ਬਜਦੇ ਸੰਖ ਮੇਘ ਜਿਉਂ ਭਾਰਾ।
ਕਰਮ ਧਰਮ ਮਹਿ ਸੀ ਸਭ ਪੱਕੇ, ਚੜ੍ਹੇ ਆਏ ਤੁਰਕਨ ਕੇ ਧੱਕੇ।
ਕਾਜ਼ੀ ਲੋਕਾਂ ਮਤਾ ਪਕਾਯਾ, ਰਹੀਏ ਇਨ ਕਾ ਧਰਮ ਗਵਾਯਾ।
ਜਿਸ ਪਰ ਬਾਦਸ਼ਾਹ ਢਿਗ ਜਾ ਕੇ ਬੋਲੇ ਉਚੇ ਮਨ ਘਬਰਾਕੇ।
ਲਗੇ ਕਹਨ ਸੁਨ ਸ਼ਾਹ ਪਿਆਰੇ, ਫੈਲੇ ਦੀਨ ਨਾ ਹੁਤੇ ਤੁਮਾਰੇ।

ਪ੍ਰਸਿੱਧ ਖੋਜੀ ਤੇ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਬ੍ਰਜੀ ਕਵਿਤਾ ਆਮ ਮਿਲਦੀ ਹੈ, ਪਰ ਉਨ੍ਹਾਂ ਨੇ ਵੀ ਪੰਜਾਬੀ ਵਿਚ ਕੁਝ ਕਾਵਿ ਰਚਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਤੇਗ਼, ਕਿਸ ਉਦੇਸ਼ ਲਈ ਮਿਆਨ ਵਿਚੋਂ ਸੂਤੀ, ਇਸ ਬਾਰੇ ਉਨ੍ਹਾਂ ਦੇ ਇਕ ਕਬਿੱਤ ਦਾ ਨਮੂਨਾ ਦੇਖੋ:-[56]

---

54. ਇਸ ਬਾਰੇ ਵਿਸਤਾਰ ਪੂਰਵਕ ਚਰਚਾ "ਕਾਵਿ ਸਾਹਿੱਤ ਦਾ ਸਰਵੇਖਣ" ਵਾਲੇ ਅਧਿਆਇ ਵਿਚ ਕੀਤੀ ਗਈ ਹੈ।
55. ਦਿੱਤ ਸਿੰਘ ਗਿਆਨੀ —'ਨਕਲੀ ਸਿੱਖ ਪ੍ਰਬੋਧ', ਪੰਨਾ 49.
56. ਕਾਨ੍ਹ ਸਿੰਘ ਨਾਭਾ - ਹਵਾਲਾ ਸਮਸ਼ੇਰ ਸਿੰਘ ਅਸ਼ੋਕ ਦੀ ਪੁਸਤਕ 'ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ — ਪੰਨਾ 68.

ਦੇਖਿ ਸਾਧੂ ਪ੍ਰਜਾ ਦੁਖੀ, ਮਿਆਨ ਤੋਂ ਪ੍ਰਗਟ ਹੋਂਦੀ ਪ੍ਰਲਯ ਦੇ ਕਰਨ ਲਈ, ਮੂਰਤੀ ਮਹੇਸ਼ ਦੀ।
ਇਸਤਰੀਆਂ ਦੇ ਸਤ ਅਤੇ ਪੁਰਸ਼ਾਂ ਦੀ ਰੱਖੇ ਪਤ, ਆਨ ਸ਼ਾਨ ਮਾਨ ਤਾਨ, ਰਛਕ ਸ੍ਵਦੇਸ਼ ਦੀ।
ਜ਼ਾਲਮ ਅਨਯਾਈ ਸ਼ਾਹਾਂ, ਛਿਨ ਵਿਚ ਰੰਕ ਕਰੇ, ਦੇਵੰਦੀ ਕੰਗਾਲਾਂ ਤਾਈ, ਪਦਵੀ ਨਰੇਸ਼ ਦੀ।
ਮੌਤ ਅਤੇ ਮੁਕਤੀ ਨੂੰ ਇਕੋ ਵਾਰ ਦੇਣ ਵਾਲੀ, ਤੇਗ਼ ਸੱਚੇ ਪਾਦਸ਼ਾਹ ਸ੍ਵਾਮੀ ਦਸ਼ਮੇਸ਼ ਦੀ।

ਇਸ ਤਰ੍ਹਾਂ ਦੀਆਂ ਹੋਰ ਬੇਸ਼ੁਮਾਰ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਕਵੀਆਂ ਨੇ ਗੁਰ ਇਤਿਹਾਸ, ਗੁਰ-ਮਰਯਾਦਾ ਜਾਂ ਸਮਾਜ ਸੁਧਾਰ[57] ਦੇ ਕਿਸੇ ਨ ਕਿਸੇ ਪੱਖ ਨੂੰ ਲੈ ਕੇ ਰਵਾਇਤੀ ਢੰਗ ਦੀ ਕਵਿਤਾ ਲਿਖੀ। ਇਨ੍ਹਾਂ ਵਿਚੋਂ ਬਹੁਤ ਘੱਟ ਰਚਨਾਵਾਂ ਨੂੰ ਸਾਹਿੱਤਕ ਗੁਣਾਂ ਵਾਲੀ ਆਖਿਆ ਜਾ ਸਕਦਾ ਹੈ। ਬਹੁਤੀ ਕਵਿਤਾ ਤੁਕ-ਬੰਦੀ ਹੀ ਹੈ ਜਿਹੜੀ ਉਸ ਵੇਲੇ ਦੇ ਪਾਠਕਾਂ ਦੀ ਪੱਧਰ ਤੇ ਅਨੁਕੂਲ ਤਾਂ ਭਾਵੇਂ ਹੋਵੇ ਪਰ ਅੱਜ ਸਾਨੂੰ ਬੜੀ ਓਪਰੀ, ਬੇ-ਸੁਆਦੀ ਤੇ ਅਕਾਊ ਲਗਦੀ ਹੈ। ਏਸੇ ਲਈ ਏਥੇ ਇਹੋ ਜਿਹੀ ਕਵਿਤਾ ਦੀ ਕੋਈ ਹੋਰ ਉਦਾਹਰਣ ਦੇਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਆਧੁਨਿਕ ਪੰਜਾਬੀ ਸਾਹਿੱਤ ਦੇ ਮੋਢੀ ਭਾਈ ਵੀਰ ਸਿੰਘ ਨੇ ਵੀ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਜਿਹੜੀ ਕਵਿਤਾ ਲਿਖੀ ਉਹ ਵੀ ਇਸ ਰਵਾਇਤੀ ਪੱਧਰ ਤੋਂ ਉਤਾਂਹ ਨਹੀਂ ਉੱਠਦੀ। ਇਹ ਦੌਰ ਉਨ੍ਹਾਂ ਦੇ ਕਾਵਿ-ਲੋਕ ਦੀ ਉਸਾਰੀ ਜਾਂ ਕਾਵਿ ਅਭਿਆਸ ਦਾ ਮੁਢਲਾ ਪੜਾ ਸੀ ਜਿੱਥੇ ਭਾਵਾਂ ਦੇ ਵੇਗ ਤੇ ਆਦਰਸ਼ ਦੇ ਜੋਸ਼ ਵਿਚ ਗੀਤ-ਨੁਮਾ ਕਵਿਤਾ ਦੀ ਸਿਰਜਣਾ ਹੀ ਸੰਭਵ ਸੀ। ਆਧੁਨਿਕ ਪੰਜਾਬੀ ਕਾਵਿ ਨੂੰ ਨਵੀਆਂ ਉਚਾਈਆਂ ਬਖ਼ਸ਼ਣ ਵਾਲੇ, ਨਵੀਨ ਤੇ ਸੁਹਿਰਦ ਚੇਤਨਾ ਦੇ ਸੁਆਮੀ ਤੇ ਆਧੁਨਿਕ ਕਾਵਿ-ਅਨੁਭੂਤੀ ਨੂੰ ਬੌਧਿਕ ਉਚਾਣਾਂ ਪ੍ਰਦਾਨ ਕਰਨ ਵਾਲੇ ਇਸ ਕਾਵਿ-ਸ਼੍ਰੋਮਣੀ ਦੀਆਂ ਮੁਢਲੀਆਂ ਕਾਵਿ-ਕ੍ਰਿਤਾਂ ਉਸ ਦੇ ਕਾਵਿ-ਸਫ਼ਰ ਨੂੰ ਸਮਝਣ ਵਿਚ ਜ਼ਰੂਰ ਸਹਾਈ ਹੋਣਗੀਆਂ, ਇਸ ਲਈ, ਇਕ ਅੱਧ ਉਦਾਹਰਣ ਏਥੇ ਦੇ ਦੇਣੀ ਅਨੁੱਚਿਤ ਨਹੀਂ ਹੋਵੇਗੀ:-

ਮੈਂ ਦੁਨੀਆਂ ਤੋਂ ਚਿੱਤ ਚਾ ਲਿਆ, ਤੇਰੇ ਚਰਨਾਂ ਵਲ ਲਗਾ ਲਿਆ।
ਇਕ ਯਾਦ ਤੇਰੀ ਨੂੰ ਪਾ ਲਿਆ, ਹੁਣ ਆ ਮਿਲ ਕਲਗੀ ਵਾਲਿਆ।

ਕਈ ਜੁਗ ਗਏ ਹਨ ਬੀਤਦੇ, ਨਿਤ ਰਹਿੰਦਿਆਂ ਵਿਚ ਉਡੀਕ ਦੇ
ਅਜੇ ਦਰਸ ਨਾ ਤੁਸਾਂ ਦਿਖਾਲਿਆ, ਹੁਣ ਆ ਮਿਲ ਕਲਗੀ ਵਾਲਿਆ।
ਮੈਂ ਦਿਨ ਨੂੰ ਆਹਾਂ ਮਾਰਦੀ, ਗਿਣ ਤਾਰੇ ਰਾਤ ਗੁਜ਼ਾਰਦੀ।
ਹਾਇ ਰੋ ਰੋ ਜਿਗਰਾ ਗਾਲਿਆ, ਹੁਣ ਆ ਮਿਲ ਕਲਗੀ ਵਾਲਿਆ।
ਮੈਂ ਤਕਦੀ ਰਾਹਾਂ ਤੇਰੀਆਂ, ਪਾ ਜੋਗੀ ਵਾਲੀ ਫੇਰੀਆਂ।
ਰਾਹ ਤੱਕ ਤੱਕ ਹਾਲ ਵੰਞਾ ਲਿਆ, ਹੁਣ ਆ ਮਿਲ ਕਲਗੀ ਵਾਲਿਆ।
ਮੈਂ ਸਹੀਆਂ ਵਿਚ ਨਾ ਖੇਡਦੀ, ਮੈਂ ਖੂਹ ਬਿਰਹੋਂ ਦਾ ਗੇੜਦੀ
ਵਿਚ ਤਾਂਘਾਂ ਜੀਊੜਾ ਲਾ ਲਿਆ, ਹੁਣ ਆ ਮਿਲ ਕਲਗੀ ਵਾਲਿਆ।

---

57. ਮਹਿਤਾ ਗੁਰਚਰਨ ਸਿੰਘ, "ਭਾਈ ਵੀਰ ਸਿੰਘ ਜੀ ਦੀ ਕਵਿਤਾ" ਪੀ-ਐਚ.ਡੀ. ਦਾ ਥੀਸਿਸ—ਭਾਸ਼ਾ ਵਿਭਾਗ, ਪਟਿਆਲਾ-1972, ਪੰਨਾ 28.

ਗੁਰੂ ਮਹਾਰਾਜ ਦੀ ਉਪਾਸ਼ਨਾ ਦੇ ਇਹੋ ਜਿਹੇ ਗੀਤ ਤੇ ਸਮਾਜ ਸੁਧਾਰ ਦੀਆਂ ਕਵਿਤਾਵਾਂ, ਟ੍ਰੈਕਟਾਂ ਦੇ ਰੂਪ ਵਿੱਚ ਛਪਦੀਆਂ ਰਹੀਆਂ ਤੇ 1933 ਈ. ਵਿਚ ਇਨ੍ਹਾਂ ਨੂੰ 'ਕੰਬਦੀ ਕਲਾਈ' ਕਾਵਿ ਸੰਗ੍ਰਹਿ ਵਿਚ ਸੰਮਿਲਤ ਕਰ ਕੇ ਪ੍ਰਕਾਸ਼ਤ ਕੀਤਾ ਗਿਆ। ਪੋਥੀ ਰੂਪ ਵਿਚ ਉਨ੍ਹਾਂ ਦੀ ਪਹਿਲੀ ਕਾਵਿ ਰਚਨਾ " ਨਿਨਾਣ ਭਰਜਾਈ ਦੀ ਸਿਖਿਆਦਾਇਕ ਵਾਰਤਾਲਾਪ " ਹੈ ਜਿਹੜੀ ਸਮਾਜ ਸੁਧਾਰ ਨੂੰ ਮੁਖ ਰਖ ਕੇ ਲਿਖੀ ਗਈ ਅਤੇ 1900 ਈ. ਵਿਚ ਪ੍ਰਕਾਸ਼ਤ ਹੋਈ।[58]

ਗਲਪ :

ਪੰਜਾਬੀ ਗਲਪ ਦੇ ਖੇਤਰ ਵਿਚ ਪਹਿਲ ਈਸਾਈ ਮਿਸ਼ਨਰੀਆਂ ਨੇ ਕੀਤੀ ਤੇ 'ਪਿਲਗ੍ਰਿਮਜ਼ ਪ੍ਰੋਗ੍ਰੈਸ' ਦਾ ਪੰਜਾਬੀ ਅਨੁਵਾਦ (1859) ਕਰ ਕੇ ਛਪਵਾਇਆ। ਪਿਛੋਂ 'ਜਯੋਤ੍ਰਉਦੈ' ਨਾਂ ਦਾ ਮੌਲਿਕ ਨਾਵਲ ਵੀ ਪਹਿਲੀ ਵਾਰ ਲੁਧਿਆਣਾ ਮਿਸ਼ਨ ਨੇ ਹੀ ਛਾਪਿਆ। ਭਾਈ ਵੀਰ ਸਿੰਘ ਦੇ ਪੰਜਾਬੀ ਗਲਪ ਖੇਤਰ ਵਿਚ ਪ੍ਰਵੇਸ਼ ਤੋਂ ਪਹਿਲਾਂ ਕੁਝ ਕੁ ਅਨੁਵਾਦਤ ਤੇ ਮੌਲਿਕ ਨਾਵਲ ਛਪ ਚੁਕੇ ਸਨ।[59] ਭਾਈ ਵੀਰ ਸਿੰਘ ਜੀ ਦੀ ਸਾਹਿੱਤਕ ਸਿਰਜਣਾ ਦਾ ਮੁਖ ਆਧਾਰ ਤਾਂ ਸਿੰਘ ਸਭਾ ਲਹਿਰ ਅਤੇ ਆਪਣੇ ਪਰਿਵਾਰ ਦੀਆਂ ਸਾਹਿੱਤਕ ਸਰਗਰਮੀਆਂ ਤੇ ਘਟਨਾਵਾਂ ਤੋਂ ਗ੍ਰਹਿਣ ਕੀਤਾ ਸਾਹਿੱਤਕ ਵਿਰਸਾ ਸੀ, ਪਰ ਅਸਲ ਵਿਚ ਉਨ੍ਹਾਂ ਦੀ ਲਗਨ, ਦ੍ਰਿੜ੍ਹਤਾ ਤੇ ਸਾਹਿੱਤਕ ਖੇਤਰ ਵਿਚ ਅਪਣਾਏ ਗਏ ਸਾਧਨ ਤੇ ਜੁਗਤੀਆਂ ਦਾ ਮੂਲ ਪ੍ਰੇਰਣਾ ਸ੍ਰੋਤ ਈਸਾਈ ਪਾਦਰੀ ਸਨ। ਭਾਈ ਸਾਹਿਬ ਨੇ ਉਹ ਸਾਰੇ ਪੱਛਮੀ ਕਲਾ-ਰੂਪ ਤੇ ਕਲਾ-ਵੰਨਗੀਆਂ ਈਸਾਈ ਪਾਦਰੀਆਂ ਪਾਸੋਂ ਲਏ ਤੇ ਉਨ੍ਹਾਂ ਨੂੰ ਨਵੀਂ ਸਾਹਿੱਤਕ ਪ੍ਰਵਿਰਤੀ, ਕੌਮੀ ਮੰਗ ਤੇ 'ਨਵੇਂ' ਵਾਤਾਵਰਣ ਦੀ ਸਪਿਰਟ ਦੇ ਅਨੁਕੂਲ ਢਾਲ ਕੇ ਆਪਣੀਆਂ ਲਿਖਤਾਂ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ। ਏਸੇ ਦ੍ਰਿਸ਼ਟੀ ਤੋਂ ਵਿਚਾਰਿਆਂ ਆਪ ਦੇ ਨਾਵਲਾਂ ਦਾ ਮਹੱਤਵ ਵਧ ਜਾਂਦਾ ਹੈ। ਸੁੰਦਰੀ ਆਪ ਦੀ ਪਹਿਲੀ ਨਾਵਲ ਰਚਨਾ ਹੈ, ਜੋ 1898 ਈ. ਵਿਚ ਪ੍ਰਕਾਸ਼ਤ ਹੋਈ। ਇਸ ਦੇ ਲਿਖੇ ਤੇ ਪ੍ਰਕਾਸ਼ਤ ਕੀਤੇ ਜਾਣ ਦੇ ਉਦੇਸ਼ ਨੂੰ ਸਿੰਘ ਸਭਾ ਦੇ ਆਸ਼ਿਆਂ ਅਨੁਕੂਲ ਸਪੱਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ:-

> "ਇਸ ਪੁਸਤਕ (ਸੁੰਦਰੀ) ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣ ਕੇ, ਸਿੱਖ ਆਪਣੇ ਧਰਮ ਵਿਚ ਪੱਕੇ ਹੋਣ, ਪ੍ਰਮੇਸ਼ੁਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉਚਤਮ ਅਸੂਲ ਪਿਆਰੇ ਲਗਣ, ਆਪਣੇ ਵਿਚ ਜਥੇਬੰਦ ਹੋ ਕੇ, ਸਿੰਘ ਦੂਜੀਆਂ ਕੌਮਾਂ ਨੂੰ ਇਕ-ਰਸ ਜਾਣ ਕੇ, ਕਿਸੇ ਨਾਲ ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ, ਸਗੋਂ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ" ਵਾਲੀ ਗੁਰੂ ਸਿੱਖਿਆ ਪੁਰ ਟੁਰ ਕੇ ਅਟੱਲ ਰਹਿਣ।"

---

58. ਉਹੀ(57), ਪੰਨਾ 45.
59. ਇਨ੍ਹਾਂ ਸੰਬੰਧੀ ਵਿਸਤਾਰ ਪੂਰਵਕ ਚਰਚਾ " ਪੰਜਾਬੀ ਵਾਰਤਕ ਸਾਹਿੱਤ ਦਾ ਸਰਵੇਖਣ" ਵਾਲੇ ਅਧਿਆਇ ਵਿਚ ਕੀਤੀ ਗਈ ਹੈ।

> "ਉਦੋਂ ਦੇ ਹਾਕਮਾਂ ਦੇ ਜ਼ੁਲਮ, ਪਰਜਾ ਦੀ ਦੁਖੀ ਦਸ਼ਾ, ਸਿੱਖਾਂ ਦੇ ਕਾਰਨਾਮੇ ਤੇ ਸਿੱਖਾਂ ਦੀਆਂ ਆਪਾ ਵਾਰ ਕੁਰਬਾਨੀਆਂ.... ਉਦੋਂ ਦੇ ਸਿੱਖ ਕਰੈਕਟਰ ਤੇ ਖਾਲਸੇ ਦੇ ਪੰਥਕ ਜੀਵਨ ਨੂੰ ਪੇਸ਼ ਕਰਨ ਦਾ ਹੈ ਤਾਂ ਜੁ ਇਸ ਦੇ ਅਸਰ ਨਾਲ ਸਿੱਖ ਮਰਦ ਇਸਤਰੀਆਂ ਵਿਚ ਕੌਮ ਦੇ ਜੀਵਨ ਦੀ ਮੱਧਮ ਪੈ ਗਈ ਰੌ ਮੁੜ ਰੁਮਕ ਉਠੇ।"[60]

ਏਸੇ ਤਰ੍ਹਾਂ ਭਾਈ ਸਾਹਿਬ ਦੇ ਦੂਜੇ ਨਾਵਲ ਬਿਜੈ ਸਿੰਘ ਦੀ ਭੂਮਿਕਾ ਵਿਚ ਵੀ ਉਪਰੋਕਤ ਉਦੇਸ਼ ਨੂੰ ਹੀ ਦੁਹਰਾਇਆ ਗਿਆ ਹੈ ਤੇ ਇਹ ਵੀ ਸਿੰਘ ਸਭਾ ਦੇ ਆਸ਼ਿਆਂ ਤੇ ਸਮੇਂ ਦੀ ਮੰਗ ਦੇ ਅਨੁਕੂਲ ਹੈ:-

> " ਇਸ ਪੋਥੀ ਵਿਚ ਕਿਸੇ ਇਕ ਸਮੇਂ ਦੇ ਕੁਛ ਹਾਲਾਤ ਸਿਲੇ ਚੁਗਣ ਵਾਂਗ, ਕੱਠੇ ਕੀਤੇ ਹਨ। ਕੌਮ ਦੀ ਹਾਲਤ ਬੜੀ ਗਿਰਾਵਟ ਵਿਚ ਹੈ ਤੇ ਇਕ ਤਰਲਾ ਹੈ, ਕਿਵੇਂ ਪੁਰਾਤਨ ਹਾਲਾਤ ਵਾਚ ਕੇ ਕੌਮ ਵਿਚ ਉਤਸ਼ਾਹ ਭਰੇ ਤੇ ਇਸ ਵਿਚ ਜੀਵਨ ਦੀ ਰੌ ਰੁਮਕ ਪਵੇ। "
>
> " ਪੁਸਤਕ ਲਿਖਣੇ ਦਾ ਪ੍ਰਯੋਜਨ ਕੋਈ ਸੁਆਰਥ ਨਹੀਂ, ਨਾ ਕੋਈ ਵਿਦਿੱਅਕ ਦਿਖਾਵਾ ਹੈ। ਪੰਥਕ ਢੱਠੀ ਪਈ ਇਮਾਰਤ ਦੀ ਉਸਾਰੀ ਵਿਚ, ਰਾਮ ਚੰਦਰ ਜੀ ਦੇ ਪੁਲ ਪਰ ਗਾਲ੍ਹੜਾਂ ਦੇ ਮਿਟੀ ਪਾਉਣ ਦੇ ਜਤਨ ਵਾਂਗੂ, ਸੇਵਾ ਵਿਚ ਇਕ ਨਿੱਕਾ ਜਿਹਾ ਫਰਜ਼ ਅਦਾ ਕਰਨ ਦਾ ਤਰਲਾ ਹੈ।"[61]

ਭਾਈ ਵੀਰ ਸਿੰਘ ਦਾ ਤੀਜਾ ਨਾਵਲ ਵੀ ਏਸੇ ਦੌਰ ਤੇ ਏਸੇ ਰੁਚੀ ਤੇ ਆਸ਼ੇ ਦਾ ਲਖਾਇਕ ਹੈ ਤੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਲਿਖੇ ਗਏ ਭਾਈ ਸਾਹਿਬ ਦੇ ਇਨ੍ਹਾਂ ਨਾਵਲਾਂ ਨੇ ਜਿੱਥੇ ਇਸ ਪੱਛਮੀ ਕਲਾਰੂਪ ਨੂੰ ਸਾਧਨ ਵਜੋਂ ਅਪਣਾ ਕੇ ਹਰਮਨ-ਪਿਆਰਾ ਕੀਤਾ ਅਤੇ ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਕੀਤਾ,[62] ਉਥੇ ਪੰਜਾਬੀ ਵਿਚ ਇਤਿਹਾਸਕ ਨਾਵਲ ਦਾ ਮੁਢ ਬੰਨ੍ਹਿਆ ਅਤੇ ਮੱਧ-ਕਾਲ ਦੇ ਸਿੱਖ ਇਤਿਹਾਸ ਨੂੰ ਆਧਾਰ ਬਣਾ ਕੇ, ਸਿੱਖੀ ਸਪਿਰਟ ਯਥਾ ਧਰਮ ਵਿਚ

---

60. ਵੀਰ ਸਿੰਘ (ਭਾਈ), 'ਸੁੰਦਰੀ'

61. ਵੀਰ ਸਿੰਘ (ਭਾਈ), 'ਬਿਜੈ ਸਿੰਘ' ਅੰਮ੍ਰਿਤਸਰ, ਸੋਲ੍ਹਵੀਂ ਐਡੀਸ਼ਨ, 1947, ਭੂਮਿਕਾ ਪੰਨਾ 2.

62. ਕੋਹਲੀ, ਸੁਰਿੰਦਰ ਸਿੰਘ, " ਭਾਈ ਵੀਰ ਸਿੰਘ, ਜੀਵਨ, ਸਮਾਂ ਤੇ ਰਚਨਾ "(ਸੰਪਾਦਤ) "ਪੰਜਾਬੀ ਵਿਚ ਅਜ ਤਕ ਜਿੰਨੀਆਂ ਪੁਸਤਕਾਂ ਪ੍ਰਕਾਸ਼ਤ ਹੋਈਆਂ ਤੇ ਪੜ੍ਹੀਆਂ ਗਈਆਂ, 'ਸੁੰਦਰੀ' ਉਨ੍ਹਾਂ ਵਿੱਚੋਂ "ਸਭ ਤੋਂ ਵੱਧ ਛਪੀ, ਵਿਕੀ ਤੇ ਪੜ੍ਹੀ-ਸੁਣੀ ਗਈ ਪੁਸਤਕ ਮੰਨੀ ਜਾਂਦੀ ਹੈ।" ਚੰਡੀਗੜ੍ਹ 1973, ਪੰਨਾ 18.

ਨਿਸਚਾ, ਦਲੇਰੀ, ਕੁਰਬਾਨੀ ਤੇ ਜ਼ੁਲਮ ਦਾ ਟਾਕਰਾ ਕਰ ਕੇ ਗਰੀਬਾਂ, ਨਿਤਾਣਿਆਂ ਤੇ ਬੇਬਸਾਂ ਦੀ ਹਰ ਸੰਭਵ ਸਹਾਇਤਾ ਦੇ ਲਕਸ਼ਾਂ ਨੂੰ ਦ੍ਰਿੜ੍ਹਾਇਆ। ਇਸ ਤਰ੍ਹਾਂ ਇਤਿਹਾਸ ਦੇ ਚੌਖਟੇ ਵਿਚ ਰਖ ਕੇ ਸਿੱਖ ਆਚਰਨ ਦੀ ਉੱਚਤਾ ਦਰਸਾ ਕੇ ਨਵੇਂ ਯੁਗ ਦੇ ਫੇਰੀ ਫਾਹ ਚੁੱਕੇ ਜਾਂ ਪਤਿਤ ਹੋ ਰਹੇ ਸਿੱਖਾਂ ਨੂੰ ਮੁੜ ਸਿੱਖੀ ਜੀਵਨ ਨਾਲ ਜੋੜਨਾ, ਇਨ੍ਹਾਂ ਨਾਵਲਾਂ ਦਾ ਮਨੋਰਥ ਸੀ ਜਿਹੜਾ ਕਿ ਸਿੰਘ ਸਭਾ ਦੇ ਮੂਲ ਮਨੋਰਥਾਂ ਦਾ ਪ੍ਰਤਿਪਾਲਨ ਹੀ ਸੀ। ਇਸ ਸੰਬੰਧੀ ਲੇਖਕ ਕਿੰਨਾ ਸੁਚੇਤ ਹੈ, ਉਸ ਦਾ ਕੁਝ ਕੁ ਅਨੁਮਾਨ ਹੇਠ ਲਿਖੇ ਵਾਕਾਂ ਤੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ:-

> "ਜੋ ਕਸ਼ਟਣੀਆਂ ਪੰਥ ਉਤੇ ਅਗਲੇ ਸਮੇਂ ਵਾਪਰਦੀਆਂ ਰਹੀਆਂ, ਉਹ ਮੁੜ ਆ ਵਾਪਰੀਆਂ ਹਨ। ਇਨ੍ਹਾਂ ਦੁਖਦਾਈ ਹੋਣੀਆਂ ਨੇ, ਪੁਰਾਣੇ ਇਤਿਹਾਸਕ ਵਾਕਿਆਤ ਨੂੰ ਮੁੜ ਦੁਹਰਾ ਦਿੱਤਾ ਹੈ। ਕੌਮ ਇਸ ਵੇਲੇ ਫਿਰ ਦੁਖਾਂ ਦੇ ਮੂਹ ਆ ਗਈ ਹੈ। ਆਸ ਹੈ ਕਿ ਪੁਰਾਣੇ ਸਿੱਖ ਸੂਰਿਆਂ ਦੇ ਹਾਲ ਜੋ ਇਸ ਪੋਥੀ ਵਿਚ ਹਨ, ਸਹਾਰਾ ਦੇਣਗੇ ਤੇ ਰਹਿਨੁਮਾਈ ਕਰਨਗੇ ਕਿ ਗੁਰਬਾਣੀ ਦਾ ਆਸਰਾ, ਇਖ਼ਲਾਕ ਦੀ ਉੱਚਤਾ, ਪ੍ਰਸਪਰ ਪ੍ਰੇਮ ਤੇ ਸਾਂਝੇ ਕੰਮਾਂ ਲਈ ਕੁਰਬਾਨੀ ਪੰਥ ਨੂੰ ਉਚਿਆਂ ਲੈ ਨਿਕਲੇਗੀ ਤੇ ਸਲਾਮਤੀ ਬਖਸ਼ੇਗੀ।"[63]

ਭਾਵੇਂ ਭਾਈ ਸਾਹਿਬ ਦਾ ਚੌਥਾ ਨਾਵਲ 'ਬਾਬਾ ਨੌਧ ਸਿੰਘ' ਵੀ ਸਿੰਘ ਸਭਾ ਦੇ ਪ੍ਰਭਾਵ ਹੇਠ ਹੀ ਲਿਖਿਆ ਗਿਆ ਪਰ ਉਹ ਸਾਡੇ ਵਿਚਾਰ-ਖੇਤਰ ਵਿਚ ਨਹੀਂ ਆਉਂਦਾ, ਇਸ ਲਈ ਭਾਈ ਸਾਹਿਬ ਦੇ ਪਹਿਲੇ ਤਿੰਨਾਂ ਨਾਵਲਾਂ ਬਾਰੇ ਹੀ ਹਵਾਲੇ ਦਿੱਤੇ ਗਏ ਹਨ।[64]

## ਨਾਟਕ:

ਆਮ ਤੌਰ ਤੇ ਇਹ ਮੰਨ ਲਿਆ ਜਾਂਦਾ ਹੈ ਕਿ ਸਿੰਘ ਸਭਾ ਦੇ ਆਗੂ ਨਾਟਕਾਂ ਦੇ ਵਿਰੁਧ[65] ਸਨ ਤੇ ਇਸ ਦੀ ਪੁਸ਼ਟੀ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਤੁਕ ਦਿੱਤੀ ਜਾਂਦੀ ਹੈ — "ਨਾਟਕ ਚੇਟਕ ਕਰਤ ਕੁਕਾਜਾ, ਪ੍ਰਭੁ ਲੋਗਨ ਕਉ ਆਵਤ ਲਾਜਾ।"

---

63. ਉਹੀ(61), ਸੁੰਦਰੀ ਕਰਤਾ — "ਬਿਜੈ ਸਿੰਘ — ਭੂਮਿਕਾ।

64. ਭਾਈ ਵੀਰ ਸਿੰਘ ਦੀ ਨਾਵਲ-ਕਲਾ ਬਾਰੇ ਸਰਬ-ਪੱਖੀ ਵਿਚਾਰ "ਉਘੇ ਲੇਖਕਾਂ ਦੀਆਂ ਰਚਨਾਵਾਂ ਦਾ ਮੁਲਾਂਕਣ" ਵਾਲੇ ਅਧਿਆਇ ਵਿਚ ਕੀਤੀ ਗਈ ਹੈ। ਏਥੇ ਕੇਵਲ ਸਿੰਘ ਸਭਾ ਲਹਿਰ ਦਾ ਪ੍ਰਭਾਵ ਹੀ ਲਿਆ ਗਿਆ ਹੈ।

65. Harcharan Singh(Dr),"The various movements, which were very enthusiastic about the social, religious and educational reforms, could not give impetus to the art of Drama." Dramatic Tradition in Panjab","Parkh" Bulletin No.1 of 1965.Ed.Dr.S.S.Kohli-Chandigarh,p.75.

ਜਦ ਅਸੀਂ ਇਸ ਕਾਲ ਦੀ ਨਾਟਕੀ ਉਪਜ ਤੇ ਰੰਗ-ਮੰਚ ਬਾਰੇ ਖੋਜ ਕਰਦੇ ਹਾਂ ਤਾਂ ਸਾਨੂੰ ਉਪ੍ਰੋਕਤ ਵਿਚਾਰ ਤੇ ਕਥਨ ਬਾਰੇ ਕਿੰਤੂ ਹੋਣ ਲਗ ਜਾਂਦਾ ਹੈ । ਜਿਥੋਂ ਤਕ ਸਿੰਘ ਸਭਾ ਦੇ ਆਗੂਆਂ ਦਾ ਸੰਬੰਧ ਹੈ, ਉਹ ਨਾ ਕੇਵਲ ਨਾਟਕਾਂ ਦੇ ਸਮਰਥਕ ਹੀ ਸਨ, ਸਗੋਂ ਇਨਾਮ ਤੇ ਹੋਰ ਢੰਗਾਂ ਨਾਲ ਨਾਟਕਾਂ ਦੀ ਸਹਾਇਤਾ ਕਰਨ ਦੇ ਇੱਛੁਕ ਸਨ। ਅੰਗਰੇਜ਼ਾਂ ਦੇ ਆ ਜਾਣ ਨਾਲ ਹੋਰ ਸਾਹਿੱਤਿਕ ਰੂਪਾਂ ਦੇ ਨਾਲ ਨਾਲ ਨਾਟਕ ਦਾ ਚਰਚਾ ਵੀ ਹੋਣ ਲਗ ਪਿਆ। ਸ਼ੁਰੂ ਸ਼ੁਰੂ ਵਿਚ ਨਾਟਕ ਦਾ ਸ਼ੌਕ ਕੇਵਲ ਪਾਰਸੀ ਥੀਏਟਰ ਕੰਪਨੀਆਂ ਪੂਰਾ ਕਰਦੀਆਂ ਸਨ ਜਿਹੜੀਆਂ ਉਰਦੂ ਦੇ ਮੌਲਿਕ ਨਾਟਕ , ਧਾਰਮਿਕ ਤੇ ਪੌਰਾਣਿਕ ਬ੍ਰਿਤਾਂਤ ਤੇ ਅੰਗਰੇਜ਼ੀ ਨਾਟਕਾਂ ਦੇ ਉਰਦੂ ਅਨੁਵਾਦ ਲੈ ਕੇ, ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਇਹ ਨਾਟਕ ਪੇਸ਼ ਕਰਦੀਆਂ ਸਨ। ਕੁਝ ਇੱਕ ਆਲੋਚਕ ਗਿ: ਦਿੱਤ ਸਿੰਘ ਰਚਿਤ 'ਸ੍ਵਪਨ ਨਾਟਕ'[66] ਦਾ ਹਵਾਲਾ ਦੇ ਕੇ ਉਸ ਤੋਂ ਪੰਜਾਬੀ ਨਾਟਕ ਦਾ ਮੁਢ ਮਿਥਣ ਲਗ ਪੈਂਦੇ ਹਨ, ਪਰ ਵਾਸਤਵ ਵਿਚ ਨਾ ਇਹ ਪੰਜਾਬੀ ਹੈ ਤੇ ਨਾ ਹੀ ਨਾਟਕ, ਸਗੋਂ ਗਿ: ਦਿੱਤ ਸਿੰਘ ਰਚਿਤ ਬ੍ਰਜ-ਭਾਸ਼ਾ ਦੀ ਇਕ ਲੰਮੀ ਕਵਿਤਾ ਹੈ, ਜਿਸ ਵਿਚ ਵਿਅੰਗ ਦੁਆਰਾ, ਉਸ ਵੇਲੇ ਦੇ ਸਨਾਤਨੀ ਵਿਚਾਰਾਂ ਵਾਲੇ ਆਗੂਆਂ ਦਾ ਮਖ਼ੌਲ ਉਡਾਇਆ ਗਿਆ ਜਿਨ੍ਹਾਂ ਵਿਚ ਰਾਜਾ ਫ਼ਰੀਦਕੋਟ ਤੇ ਬਾਬਾ ਖੇਮ ਸਿੰਘ ਬੇਦੀ[67] ਆਲੋਚਨਾ ਦੇ ਮੁਖ ਪਾਤਰ ਸਨ।

ਨਾਟਕੀ ਕਿਸਮ ਦੀਆਂ ਕੁਝ ਕੁ ਹੋਰ ਰਚਨਾਵਾਂ ਜਿਹਾ ਕਿ ਗਿਆਨੀ ਦਿੱਤ ਸਿੰਘ ਰਚਿਤ "ਡਰਪੋਕ ਸਿੰਘ(1895) ਅਤੇ 'ਸੱਚਾ ਧਰਮੀ' ਅਰਥਾਤ ਭਾਈ ਸ਼ਾਹਬਾਜ਼ ਸਿੰਘ ਜੀ ਦਾ ਬ੍ਰਿਤਾਂਤ (1900 ਈ.) ਕ੍ਰਿਤ ਜੋਧ ਸਿੰਘ ਸਾਡਾ ਵਿਸ਼ੇਸ਼ ਧਿਆਨ ਖਿਚਦੀਆਂ ਹਨ। ਡਰਪੋਕ ਸਿੰਘ ਤੇ ਦਲੇਰ ਸਿੰਘ ਦੋ ਹੀ ਪਾਤਰ ਹਨ, ਜਿਨ੍ਹਾਂ ਦੀ ਗਲਬਾਤ ਤੋਂ ਨਾਟਕੀ ਰਸ ਤੇ ਨਾਟਕੀ ਵਾਤਾਵਰਣ ਪੈਦਾ ਕੀਤਾ ਗਿਆ ਹੈ, ਪਰ 'ਸੱਚਾ ਧਰਮੀ' ਤਾਂ ਲਗਭਗ ਨਾਟਕ ਹੀ ਜਾਪਦਾ ਹੈ ਜਿਸ ਵਿਚ 7 ਪਾਤਰ— ਰੋਡਾ ਸਿੰਘ, ਸ਼ਾਹਬਾਜ਼ ਸਿੰਘ, ਸੂਬਾ, ਜਲਾਦ, ਗੁਰਮੁਖ ਸਿੰਘ, ਮੌਲਵੀ ਤੇ ਧਰਮ ਸਿੰਘ ਦੀ ਵਾਰਤਾਲਾਪ

---

66. ਇਹ ਨਾਟਕ 16 ਅਪ੍ਰੈਲ, 1887 ਈ. ਦੇ 'ਖ਼ਾਲਸਾ ਅਖ਼ਬਾਰ' ਦੇ 4 ਸਫ਼ੇ ਦੇ ਜ਼ਮੀਮੇ ਦੇ ਰੂਪ ਵਿਚ ਛਪਿਆ। ਇਸ ਦਾ ਕੇਵਲ ਪਹਿਲਾ ਭਾਗ ਹੀ ਪ੍ਰਕਾਸ਼ਤ ਹੋਇਆ। ਦੂਜਾ ਸ਼ਾਇਦ ਲਿਖਿਆ ਹੀ ਨਹੀਂ ਗਿਆ।

67. ਗਿ: ਦਿੱਤ ਸਿੰਘ ਨੇ 'ਖ਼ਾਲਸਾ ਅਖ਼ਬਾਰ' ਵਿੱਚ ਪਿਛੋਂ ਤਰਦੀਦ ਵੀ ਕੀਤੀ ਕਿ ਮੇਰਾ ਮਨੋਰਥ ਕਿਸੇ ਵਿਅਕਤੀ ਉਤੇ ਜ਼ਾਤੀ ਹੱਲਾ ਕਰਨ ਦਾ ਨਹੀਂ। ਆਪ ਨੇ ਲਿਖਿਆ," ਇਸ ਨਾਟਕ ਵਿਚ ਹੰਕਾਰ ਤੇ ਦੰਭ ਦੀ, ਸਤਿ ਔਰ ਸੁਹਿਰਦ ਦੀ ਕਲਪਤ ਲੜਾਈ ਦਾ ਕਥਨ ਹੈ, ਜਿਸ ਪ੍ਰਕਾਰ 'ਪ੍ਰਬੋਧ ਚੰਦਰ' ਨਾਟਿਕ ਵਿਚ ਮੋਹ ਤੇ ਬਿਬੇਕ ਦੀ ਲੜਾਈ ਕਲਪੀ ਗਈ ਹੈ। ਸਾਡਾ ਕਿਸੀ ਸਾਹਿਬ ਪਰ ਲਿਖਣ ਦਾ ਕੋਈ ਅਰਥ ਨਹੀਂ।"

ਕਰਵਾਈ ਗਈ ਹੈ , ਜਿਹੜੀ ਕਾਰਜ-ਭਰਪੂਰ ਹੈ ਪਰ ਕੁਝ ਲੰਮੀ ਹੈ ਤੇ ਕਿਤੇ ਕਿਤੇ ਕਵਿਤਾ ਵਿਚ ਵੀ ਹੈ। ਇਸ ਨਾਟਕ ਦਾ ਵਿਸ਼ਾ ਇਹ ਹੈ ਕਿ 'ਖਾਲਸਾ ਹਿੰਦੂ ਹੈ ਜਾਂ ਨਹੀਂ?' ਅੰਤ ਵਿਚ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਅਰਦਾਸ ਹੈ। ਨਾਟਕ ਵਾਲੇ ਬਹੁਤ ਸਾਰੇ ਤੱਤ ਹੋਣ ਦੇ ਬਾਵਜੂਦ ਅਸੀਂ ਇਸ ਕ੍ਰਿਤ ਨੂੰ ਵੀ ਨਾਟਕ ਵਿਚ ਸ਼ਾਮਲ ਨਹੀਂ ਕਰ ਸਕਦੇ।

ਸਭ ਤੋਂ ਵੱਧ ਮਹੱਤਵਪੂਰਨ ਨਾਟਕੀ ਕ੍ਰਿਤ 'ਮਖ਼ਮੂਰ ਚੰਦ' ਦੀ ਹੈ ਜਿਸ ਨੂੰ ਖ਼ਾਲਸਾ ਟੈਂਪ੍ਰੈਂਸ ਸੁਸਾਇਟੀ ਅੰਮ੍ਰਿਤਸਰ ਨੇ ਲਾਹੌਰ ਅਤੇ ਅੰਮ੍ਰਿਤਸਰ ਵਿਚ ਖੇਡ ਕੇ ਦਿਖਾਇਆ ਅਤੇ ਦਰਸ਼ਕਾਂ ਵਲੋਂ ਭਰਪੂਰ ਪ੍ਰਸੰਸਾ ਵੀ ਪ੍ਰਾਪਤ ਕੀਤੀ। 'ਖ਼ਾਲਸਾ ਧਰਮ ਪ੍ਰਚਾਰਕ' ਅੰਮ੍ਰਿਤਸਰ ਦੇ 8 ਜੂਨ 1965 ਈ. ਦੇ ਪਰਚੇ ਵਿਚ ਇਸ ਸੰਬੰਧੀ ਹੇਠ ਲਿਖੀ ਸੂਚਨਾ ਛਪੀ:-

> " ਇਸ ਕਮੇਟੀ ਨੇ ਇਕ ਆਪਣਾ ਬ੍ਰਾਂਚ ਡਰਾਮਾ ਕਮੇਟੀ ਬਣਾਈ ਸੀ, ਜਿਸ ਨੇ ਥੋੜ੍ਹੇ ਦਿਨਾਂ ਵਿਚ ਹੀ ਅਜਿਹੀ ਤਿਆਰੀ ਕਰ ਲਈ ਕਿ 16 ਜੂਨ(1895) ਖੇਲ ਲਈ ਮੁਕੱਰਰ ਹੋ ਗਈ ।"

> " ਇਹ ਕਮੇਟੀ ਲਾਹੌਰ ਵਿਚ ਪਹਿਲਾ ਖੇਲ ਕਰੇਗੀ ਜਿਸ ਵਿਚ ਸ਼ਰਾਬ ਪੀਣ ਵਾਲੇ ਪੁਰਖਾਂ ਦੀ ਭਲੀ ਪ੍ਰਕਾਰ ਹਾਲਤ ਦਾ ਵਰਣਨ ਹੋਵੇਗਾ। ਜੁਬਲੀ ਨਾਟਕ ਕੰਪਨੀ ਦੇ ਮੰਡਵੇ ਵਿਖੇ 16 ਜੂਨ ਸੰਨ 1895 ਨੂੰ ਐਤਵਾਰ ਇਹ ਖੇਲ ਹੋਵੇਗਾ।"[68]

ਏਸੇ ਤਰ੍ਹਾਂ 24 ਅਗਸਤ 1895 ਈ. ਦੇ ਪਰਚੇ ਵਿਚ ਜਿਹੜੀ ਖ਼ਬਰ ਛਪੀ, ਉਸ ਤੋਂ ਪੰਜਾਬੀ ਨਾਟਕ ਤੇ ਰੰਗ-ਮੰਚ ਦੀ ਆਵਸ਼ਕਤਾ ਤੇ ਮੰਗ ਦਾ ਅਨੁਮਾਨ ਲਾਇਆ ਜਾ ਸਕਦਾ ਹੈ:-

> " ਇਸ ਸੁਸਾਇਟੀ ਦਾ ਮੰਗਲਵਾਰ 20 ਤਰੀਕ ਦੀ ਰਾਤ ਨੂੰ ਬਾਬੂ ਘਨੱਈਆ ਲਾਲ ਦੇ ਪੁਖਤਾ ਮੰਡਵੇ ਵਿਚ ਖੇਲ ਹੋਇਆ। ਇਸ ਖੇਲ ਦੇ ਲਈ ਨਗਰ ਦੇ ਚੰਗੇ ਚੰਗੇ ਮਹਾ-ਪੁਰਸ਼ਾਂ ਨੇ ਮੁਖ ਦਰਖਾਸਤ ਕੀਤੀ ਸੀ। ਇਸ ਖੇਲ ਵਿਚ ਜੋ ਕੁਝ ਨਸੀਹਤਾਂ ਹਨ ਉਹ ਕਹਣ ਸੁਨਣ ਤੋਂ ਬਾਹਰ ਹਨ ਕੇਵਲ ਨੇਤ੍ਰਾਂ ਦੁਆਰਾ ਦੇਖੇ ਤੇ ਹੀ ਪ੍ਰਤੀਤ ਹੁੰਦਾ ਹੈ ਕਿ ਇਹ ਖੇਲ ਹੈ ਕਿ ਨਸੀਹਤਾਂ ਦਾ ਪੁੰਜ।"

---

68. 'ਖ਼ਾਲਸਾ ਧਰਮ ਪ੍ਰਚਾਰਕ' ਅੰਮ੍ਰਿਤਸਰ ਦੇ 22 ਜੂਨ 1895 ਦੇ ਪਰਚੇ ਵਿਚ ਹੇਠ ਲਿਖੀ ਖ਼ਬਰ ਛਪੀ:- 'ਖਾਲਸਾ ਟੈਂਪ੍ਰੈਂਸ ਸੁਸਾਇਟੀ ਦੀ ਡਰਾਮਾ ਕਮੇਟੀ ਨੇ 16 ਜੂਨ ਨੂੰ ਲਾਹੌਰ ਜਾ ਕੇ 'ਮਖ਼ਮੂਰ ਚੰਦ' ਦਾ ਖੇਲ ਕੀਤਾ। ਇਸ ਕਮੇਟੀ ਨੇ ਲਾਹੌਰ ਵਾਸੀਆਂ ਵਿਚ ਚੰਗਾ ਜੋਸ਼ ਖਟਿਆ । ਲਾਹੌਰ ਵਿਚ ਜੁਬਲੀ ਨਾਟਕ ਕੰਪਨੀ ਤੇ ਸੰਪੂਰਨ, ਵਕੀਲਾਂ, ਬੈਰਿਸਟਰਾਂ ਤੇ ਨਗਰ ਨਿਵਾਸੀਆਂ ਨੇ ਨਾਟਕ ਨੂੰ ਬੇਹੱਦ ਸਲਾਹਿਆ ਤੇ ਨਾਟਕ ਦੋਬਾਰਾ ਖੇਲਣ ਨੂੰ ਕਿਹਾ – ਦੋਬਾਰਾ ਇਹ ਨਾਟਕ 7 ਜੁਲਾਈ 1895 ਨੂੰ ਹੋਵੇਗਾ।"

ਇਹ ਨਾਟਕ ਜੀ-ਪਰਚਾਵੇ ਨਾਲੋਂ ਵੱਧ ਪ੍ਰਚਾਰ ਦੇ ਆਸ਼ੇ ਨਾਲ ਲਿਖਿਆ ਤੇ ਖੇਡਿਆ ਗਿਆ। ਸ਼ਰਾਬ ਤੇ ਨਸ਼ਿਆਂ ਦੇ ਵਿਰੁਧ ਲੋਕ-ਰਾਏ ਨੂੰ ਉਸਾਰਨਾ ਸਿੰਘ ਸਭਾ ਦਾ ਮਨੋਰਥ ਸੀ। ਏਸੇ ਲਈ "ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੇ ਇਸ ਕੰਪਨੀ ਨੂੰ ਇਕ ਮੈਡਲ(ਤਗਮਾ) ਦਿੱਤਾ ਅਰ ਇਸ ਸਭਾ ਦੀ ਹਿੰਮਤ ਦਾ ਵਰਨਨ ਕਰ ਕੇ ਪ੍ਰਸੰਨਤਾ ਪ੍ਰਗਟ ਕੀਤੀ।[69] ਸ. ਸੁੰਦਰ ਸਿੰਘ ਮਜੀਠੀਆ ਤੇ ਸ਼ਹਿਰ ਦੇ ਕੁਝ ਹੋਰ ਪਤਵੰਤੇ ਸੱਜਣਾਂ ਨੇ ਨਾਟਕ ਖੇਡਣ ਲਈ ਪਰਦੇ ਤੇ ਹੋਰ ਸਾਮਾਨ ਬਣਵਾ ਕੇ ਦੇਣ ਦੀ ਇੱਛਾ ਪ੍ਰਗਟ ਕੀਤੀ। ਇਹ ਖੇਲ ਰਾਤ ਦੇ ਸਾਢੇ ਨੌਂ ਵਜੇ ਸ਼ੁਰੂ ਹੋ ਕੇ 2 ਵਜੇ ਮਗਰੋਂ ਖ਼ਤਮ ਹੋਇਆ।" ਲੇਖਕ ਦਾ ਨਾਂ ਮਖ਼ਮੂਰ ਚੰਦ ਹੈ ਪਰ ਨਾਟਕ ਦਾ ਨਾਂ ਜਾਂ ਇਸ ਦੇ ਖਰੜੇ ਦਾ ਕੋਈ ਹਵਾਲਾ ਖੋਜ ਕਰਨ ਤੇ ਵੀ ਪ੍ਰਾਪਤ ਨਹੀਂ ਹੋ ਸਕਿਆ। ਹੋ ਸਕਦਾ ਹੈ ਇਹ ਨਾਟਕ ਪ੍ਰਕਾਸ਼ਤ ਨਾ ਹੀ ਹੋਇਆ ਹੋਵੇ। 1896 ਈ. ਵਿਚ ਪੰਜਾਬੀ ਦਾ ਇਕ ਨਾਟਕ[70] ਪ੍ਰਕਾਸ਼ਤ ਹੋਇਆ ਸੀ। ਹੋ ਸਕਦਾ ਹੈ ਇਹ 'ਮਖਮੂਰ ਚੰਦ' ਵਾਲਾ ਹੀ ਹੋਵੇ। ਡਾਕਟਰ ਜੇ.ਸੀ. ਉਮਾਨ ਨੇ ਵੀ ਟੈਂਪ੍ਰੈਂਸ ਸੁਸਾਇਟੀ ਵਲੋਂ ਅੰਮ੍ਰਿਤਸਰ ਵਿਚ ਖੇਡਿਆ ਗਿਆ ਇਹ ਨਾਟਕ ਦੇਖਿਆ ਅਤੇ ਇਸ ਦੀ ਪੇਸ਼ਕਾਰੀ ਦੀ ਤਾਰੀਫ਼ ਕੀਤੀ।[71] 'ਪੰਜਾਬ ਵਿਚ ਉਸ ਨੇ ਪੰਜ ਅਖੀਂ ਡਿਠੇ ਨਾਟਕਾਂ ਦਾ ਵਰਣਨ ਕੀਤਾ ਹੈ ਅਤੇ ਉਸ ਸਮੇਂ ਦੀ ਸਟੇਜ ਦਾ ਰੰਗ ਢੰਗ ਬੜੇ ਵਿਸਥਾਰ ਨਾਲ ਦਸਿਆ ਹੈ।"[72] ਇਨ੍ਹਾਂ ਸਭਨਾਂ ਨਾਟਕਾਂ ਦੇ ਟਾਕਰੇ ਤੇ ਉਸ ਨੂੰ ਇਹ ਨਾਟਕ ਚੰਗਾ ਲਗਾ।

## ਜੀਵਨੀਆਂ:

ਇਨ੍ਹਾਂ ਵਰ੍ਹਿਆਂ ਵਿਚ ਸਿੰਘ ਸਭਾ ਦੇ ਪ੍ਰਭਾਵ ਹੇਠ ਗੁਰੂਆਂ, ਭਗਤਾਂ, ਸ਼ਹੀਦਾਂ ਤੇ ਸੂਰਬੀਰਾਂ ਦੀਆਂ ਜੀਵਨੀਆਂ ਲਿਖਣ ਦੀ ਇਕ ਜ਼ੋਰਦਾਰ ਮੁਹਿੰਮ ਚਲੀ। ਭਾਵੇਂ ਜਨਮ ਸਾਖੀ ਪਰੰਪਰਾ ਪੰਜਾਬੀ ਵਿਚ ਢੇਰ ਪੁਰਾਣੀ ਹੈ, ਪਰ ਇਸ ਕਾਲ ਵਿਚ ਇਸ ਪਰੰਪਰਾ ਨੂੰ ਨਵਾਂ ਰੰਗ ਦਿੱਤਾ ਗਿਆ ਤੇ ਛੋਟੇ

---

69. 'ਖ਼ਾਲਸਾ ਧਰਮ ਪ੍ਰਚਾਰਕ' ਅੰਮ੍ਰਿਤਸਰ ਦੇ 24 ਅਗਸਤ 1895 ਈ. ਦੇ ਪਰਚੇ ਵਿਚ ਇਹ ਰੀਪੋਰਟ ਪ੍ਰਕਾਸ਼ਤ ਹੋਈ।

70. ਪ੍ਰਕਾਸ਼ਨਾਂ ਦੀ ਰੀਪੋਰਟ — ਭਾਰਤ ਸਰਕਾਰ(ਗ੍ਰਿਹ ਵਿਭਾਗ) ਦੀ ਸਾਲ 1896 ਦੀ ਰੀਪੋਰਟ ਅਨੁਸਾਰ, ਉਸ ਵਰ੍ਹੇ ਪੰਜਾਬੀ ਦਾ ਇਕ ਨਾਟਕ ਪ੍ਰਕਾਸ਼ਤ ਹੋਇਆ। ਵੇਰਵੇ ਲਈ ਦੇਖੋ ਅੰਤਿਕਾ ਦਾ ਚਾਰਟ।

71. ਉਮਾਨ, ਜੇ.ਸੀ.," ਕੱਲਟਸ, ਕਸਟਮਜ਼ ਐਂਡ ਸੁਪਰਸਟੀਸ਼ਨਜ਼ ਔਫ਼ ਇੰਡੀਆ" ਲੰਡਨ, 1908, ਪੰਨਾ 190 ਤੇ ਇਸ ਨੂੰ "ਅਪਟੂਡੇਟ ਟੈਂਪ੍ਰੈਂਸ ਪਲੇ" ਆਖਿਆ ਗਿਆ ਹੈ।

72. ਹਰਚਰਨ ਸਿੰਘ(ਡਾ.), 'ਨਾਟਕ ਕਲਾ ਤੇ ਹੋਰ ਲੇਖ'— ਪਟਿਆਲਾ 1972, ਪੰਨਾ 53

ਆਕਾਰ ਦੀਆਂ ਪੁਸਤਕਾਂ ਜਾਂ ਟ੍ਰੈਕਟਾਂ ਦੇ ਰੂਪ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਲਗਭਗ ਹਰ ਉੱਘੇ ਵਿਅਕਤੀ ਦੀ ਜੀਵਨੀ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਪਰ ਕਿਉਂਜੋ ਇਹ ਵਿਸ਼ੇਸ਼ ਮਨੋਰਥ ਜਾਂ ਉਦੇਸ਼ ਨੂੰ ਸਾਹਮਣੇ ਰੱਖ ਕੇ ਲਿਖੀਆਂ ਗਈਆਂ ਸਨ, ਇਸ ਲਈ ਇਹ ਜੀਵਨੀਆਂ ਵਿਗਿਆਨਕ ਦੀ ਥਾਂ ਆਦਰਸ਼ਕ ਵਧੇਰੇ ਹਨ, ਜਿਨ੍ਹਾਂ ਦੁਆਰਾ ਪਾਠਕਾਂ ਦੇ ਮਨਾਂ ਵਿਚ ਸਰਧਾ ਪੈਦਾ ਹੋ ਸਕੇ। ਸ਼ੈਲੀ ਆਮ ਤੌਰ ਤੇ ਸਫਲ ਹੈ ਤੇ ਬਿਆਨ ਬਹੁਤੇ ਵੇਰਵਿਆਂ ਤੇ ਵਿਸਥਾਰ ਤੋਂ ਰਹਿਤ ਹੀ ਹੈ। ਭਾਈ ਵੀਰ ਸਿੰਘ ਦੇ ਚਮਤਕਾਰਾਂ ਵਿਚ ਪਹਿਲੀ ਵਾਰ ਗੁਰੂਆਂ ਦੀਆਂ ਜੀਵਨੀਆਂ ਨਾਲ ਸੰਬੰਧਿਤ ਉੱਘੀਆਂ ਘਟਨਾਵਾਂ ਤੇ ਜੀਵਨ ਆਦਰਸ਼ਾਂ ਨੂੰ ਪੂਰੇ ਵੇਰਵਿਆਂ ਤੇ ਉੱਤਮ ਸਾਹਿੱਤਕ ਸ਼ੈਲੀ ਵਿਚ ਰੂਪਮਾਨ ਕੀਤਾ ਗਿਆ ਹੈ।[73]

ਉਪ੍ਰੋਕਤ ਸਾਰੇ ਵੇਰਵਿਆਂ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸਿੰਘ ਸਭਾ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਪ੍ਰਗਤੀ ਦੇ ਵਿਕਾਸ ਵਿਚ ਬਹੁਤ ਵੱਡੀ ਦੇਣ ਹੈ। ਜਿੰਨੀ ਮਾਤ੍ਰਾ ਵਿਚ ਅਤੇ ਜਿੰਨੇ ਉਤਸ਼ਾਹ ਤੇ ਜੋਸ਼ ਨਾਲ ਪੰਜਾਬ ਵਿਚ ਸਰਬ-ਪੱਖੀ ਸਾਹਿੱਤ ਸਿਰਜਣਾ ਇਸ ਕਾਲ ਵਿਚ ਹੋਈ, ਇਸ ਤੋਂ ਪਹਿਲਾਂ ਕਦੇ ਵੀ ਦੇਖਣ ਵਿਚ ਨਹੀਂ ਆਈ। ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀ ਭਾਸ਼ਾ ਨੂੰ ਸਾਹਿੱਤਕ ਭਾਸ਼ਾ ਦਾ ਦਰਜਾ ਹੀ ਇਸ ਕਾਲ ਵਿਚ ਪ੍ਰਾਪਤ ਹੋਇਆ ਜਿਸ ਨਾਲ ਇਸ ਦੀ ਨੁਹਾਰ ਨਿਖਰੀ ਅਤੇ ਇਸ ਵਿਚ ਨਿਪੁੰਨ, ਸੰਪੂਰਨ ਤੇ ਸਰਵੱਗ ਭਾਸ਼ਾ ਵਾਲਾ ਗੌਰਵ ਉਘੜਨ ਲੱਗਾ। ਸੁਚੇਤ ਤੇ ਯੋਜਨਾ-ਬਧ ਢੰਗ ਨਾਲ ਪੰਜਾਬੀ ਦਾ ਪ੍ਰਚਾਰ ਤੇ ਹਰ ਖੇਤਰ ਵਿਚ ਪਾਸਾਰ ਸਿੰਘ ਸਭਾ ਦੀ ਮੁਖ ਦੇਣ ਹੈ। ਮਨੋਰਥ ਭਾਵੇਂ ਨਿਰੋਲ ਸੰਪਰਦਾਇਕ ਸੀ, ਪਰ ਸਿੰਘ ਸਭਾ ਨੇ ਇਸ ਮਨੋਰਥ ਦੀ ਪੂਰਤੀ ਲਈ ਪੰਜਾਬੀ ਭਾਸ਼ਾ ਨੂੰ ਅਪਣਾਇਆ ਤੇ ਬ੍ਰਜ ਭਾਸ਼ਾ ਨੂੰ ਤਿਆਗ ਕੇ, ਸ਼ੁਧ, ਠੇਠ ਤੇ ਆਮ ਲੋਕਾਂ ਦੀ ਭਾਸ਼ਾ ਵਿਚ, ਅਖ਼ਬਾਰਾਂ, ਰਸਾਲਿਆਂ, ਪੈਂਫਲਿਟਾਂ , ਪੁਸਤਕਾਂ ਤੇ ਵੱਡੇ ਵੱਡੇ ਗ੍ਰੰਥਾਂ ਦੁਆਰਾ, ਆਪਣੀ ਲੋੜ, ਰੀਝ ਤੇ ਸਮੇਂ ਦੀ ਮੰਗ ਅਨੁਕੂਲ ਮਣਾਂ-ਮੂੰਹੀਂ ਸਾਹਿੱਤ ਰਚਿਆ। ਇਸ ਨਵੀਂ ਜਾਗ੍ਰਤੀ ਦੇ ਪ੍ਰੇਰਣਾ-ਸ੍ਰੋਤ ਭਾਵੇਂ ਈਸਾਈ ਮਿਸ਼ਨਰੀਆਂ ਦੀ ਵੰਗਾਰ, ਹੋਰ ਧਰਮਾਂ ਵਲੋਂ ਸਿੱਖੀ ਉਤੇ ਹੱਲੇ, ਪੱਛਮੀ ਗਿਆਨ ਤੇ ਵਿਗਿਆਨ, ਪੱਛਮੀ ਢੰਗ ਦੀਆਂ ਸੰਸਥਾਵਾਂ ਤੇ ਛਾਪੇ ਆਦਿ ਦੀਆਂ ਨਵੀਆਂ ਸਹੂਲਤਾਂ ਸਨ, ਪਰ ਸਿੰਘ ਸਭਾ ਦੇ ਗਿਣਤੀ ਦੇ ਆਗੂਆਂ ਤੇ ਵਿਦਵਾਨਾਂ ਦੀ ਸੁਹਿਰਦਤਾ, ਸਿਰੜਤਾ ਤੇ ਦ੍ਰਿੜ੍ਹਤਾ ਨੇ ਪੰਜਾਬੀ ਭਾਸ਼ਾ ਦੇ ਗੌਰਵ ਨੂੰ ਉਸ ਵੇਲੇ ਵਧਾਇਆ, ਜਦ ਪੰਜਾਬ ਦੀਆਂ

---

73. ਇਨ੍ਹਾਂ ਜੀਵਨੀਆਂ ਦਾ ਰਚਨਾ ਕਾਲ ਵੀਹਵੀਂ ਸਦੀ ਹੋਣ ਕਰ ਕੇ, ਬਹੁਤੀ ਚਰਚਾ ਉਚਿਤ ਨਹੀਂ ਸਮਝੀ ਗਈ। ਜੀਵਨੀ ਸਾਹਿੱਤ ਬਾਰੇ ਵਧੇਰੇ ਵਿਸਤਾਰ "ਵਾਰਤਕ ਸਾਹਿੱਤ ਦਾ ਸਰਵੇਖਣ ਵਾਲੇ ਅਧਿਆਇ ਵਿਚ ਦਿਤਾ ਗਿਆ ਹੈ।

ਬਾਕੀ ਦੋਵੇਂ ਉਘੀਆਂ ਕੌਮਾਂ ਹਿੰਦੂ ਤੇ ਮੁਸਲਮਾਨ, ਕ੍ਰਮਵਾਰ ਹਿੰਦੀ ਤੇ ਉਰਦੂ ਦੀ ਝੋਲੀ ਵਿਚ ਜਾ ਪਈਆਂ ਸਨ ਤੇ ਪੰਜਾਬੀ ਦੇ ਹਿਤਾਂ ਲਈ ਕੇਵਲ ਸਿਖ ਹੀ ਰਹਿ ਗਏ ਸਨ। ਰਚੇ ਗਏ ਸਾਹਿੱਤ ਦੀ ਪੱਧਰ, ਉਚੇ ਮਿਆਰਾਂ ਨੂੰ ਬੇਸ਼ਕ ਨਹੀਂ ਛੁਹੰਦੀ ਅਤੇ ਨਵੇਂ ਪੱਛਮੀ ਕਲਾ-ਰੂਪਾਂ ਦੀ ਪੂਰਨ-ਭਾਂਤ ਵਰਤੋਂ ਹਾਲੀ ਪ੍ਰਯੋਗ ਦੀ ਅਵਸਥਾ ਵਿਚ ਹੀ ਸੀ ਤੇ ਕੁਝ ਇਕ ਕਲਾ-ਰੂਪ ਬਿਲਕੁਲ ਅਣ-ਗੌਲੇ ਪਏ ਸਨ, ਪਰ ਜਿਹੜੀ ਜਾਗ੍ਰਤੀ ਇਸ ਕਾਲ ਵਿਚ ਆਈ, ਉਸ ਨੇ ਵੀਹਵੀਂ ਸਦੀ ਵਿਚ ਉਪਜਣ ਵਾਲੇ ਸਾਹਿੱਤ ਲਈ ਬਹੁ-ਮੁਲੀ ਭੋਇੰ ਤਿਆਰ ਕੀਤੀ। ਓਪਰੀ ਨਜ਼ਰੇ ਦੇਖਿਆਂ ਵਾਰਤਕ ਦੀ ਉਪਜ ਕਵਿਤਾ ਦੇ ਟਾਕਰੇ ਤੇ ਵਧੇਰੇ ਪ੍ਰਤੀਤ ਹੁੰਦੀ ਹੈ, ਤੇ ਵਾਰਤਕ-ਵੰਨਗੀਆਂ ਵੀ ਪਹਿਲਾਂ ਨਾਲੋਂ ਕਿਤੇ ਵੱਧ ਸਾਹਮਣੇ ਆਈਆਂ ਪਰ ਵਾਰਤਕ ਦਾ ਯੁਗ ਅਜੇ ਆਰੰਭ ਨਹੀਂ ਸੀ ਹੋਇਆ। ਜਿੰਨੀ ਕੁ ਵੰਨ-ਸੁਵੰਨੀ ਵਾਰਤਕ ਸਾਹਮਣੇ ਆਈ, ਉਸ ਦਾ ਵਡੇਰਾ ਭਾਗ ਜਾਂ ਤਾਂ ਈਸਾਈ ਮਿਸ਼ਨਰੀਆਂ ਦੀ ਦੇਣ ਹੈ, ਜਾਂ ਸਿੰਘ ਸਭਾ ਦੀ । ਇਸ ਸ਼ੋਧ-ਪੱਤਰ ਦਾ ਅਧਿਐਨ ਖੇਤਰ ਉਨ੍ਹੀਵੀਂ ਸਦੀ ਦਾ ਅਖੀਰ ਹੈ, ਇਸ ਲਈ ਸਿੰਘ ਸਭਾ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ ਸੰਬੰਧੀ ਵਿਚਾਰ ਨੂੰ 1900 ਈ. ਤਕ ਹੀ ਸੀਮਿਤ ਰੱਖਿਆ ਗਿਆ ਹੈ, ਪਰ ਉਨ੍ਹੀਵੀਂ ਸਦੀ ਦੇ ਬੀਤਣ ਨਾਲ ਸਿੰਘ ਸਭਾ ਦਾ ਪ੍ਰਭਾਵ ਘਟਿਆ ਨਹੀਂ ਤੇ ਨਾਂ ਹੀ ਸਾਹਿੱਤ ਦੀ ਉਪਜ ਦੀ ਗਤੀ ਹੀ ਮੱਧਮ ਪਈ। ਵਾਸਤਵ ਵਿਚ ਸਿੰਘ ਸਭਾ ਦੇ ਪ੍ਰਭਾਵ ਅਧੀਨ ਉੱਚਾ ਤੇ ਸ੍ਰੇਸ਼ਟ ਸਾਹਿੱਤ ਰਚਿਆ ਹੀ ਵੀਹਵੀਂ ਸਦੀ ਵਿਚ ਗਿਆ।

ਸਿੰਘ ਸਭਾ ਦੇ ਆਗੂ ਲਗਭਗ ਸਾਰੇ ਹੀ ਰਾਜ ਭਗਤ ਸਨ, ਇਸ ਲਈ ਸਿੱਖਾਂ ਦੀਆਂ ਰਾਜਸੀ ਭਾਵਨਾਵਾਂ ਨੂੰ ਉਪਜਾਉਣ, ਉਕਸਾਉਣ ਜਾਂ ਉਤੇਜਿਤ ਕਰਨ ਦੇ ਸੰਕੇਤ ਜਾਂ ਪ੍ਰਮਾਣ ਸਿੰਘ ਸਭਾ ਦੇ ਲੇਖਕਾਂ ਦੀਆਂ ਲਿਖਤਾਂ ਵਿੱਚੋਂ ਉੱਕਾ ਹੀ ਨਹੀਂ ਮਿਲਦੇ। ਇਸ ਦੇ ਉਲਟ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦੇ ਸੋਹਿਲੇ ਲਗਭਗ ਹਰ ਰਚਨਾ ਵਿਚ ਗਾਏ ਗਏ ਦਿਖਾਈ ਦਿੰਦੇ ਹਨ। ਜੇ ਕਿਤੇ ਇਕ ਅੱਧ ਲੇਖਕ ਨੇ ਮਹਾਰਾਜਾ ਦਲੀਪ ਸਿੰਘ ਦੇ ਹੱਕ ਵਿਚ ਆਵਾਜ਼ ਉਠਾਈ ਜਾਂ ਨਾਮਧਾਰੀਆਂ ਤੇ ਹੋਰ ਦੇਸ਼-ਭਗਤਾਂ ਤੇ ਹੋਏ ਜ਼ੁਲਮਾਂ ਸੰਬੰਧੀ ਹਉਕਾ ਵੀ ਭਰਿਆ ਤਾਂ ਇਨ੍ਹਾਂ ਰਾਜ-ਭਗਤਾਂ ਨੇ ਉਸ ਦੇ ਖ਼ਿਲਾਫ਼ ਅੰਗਰੇਜ਼ਾਂ ਨਾਲੋਂ ਵੀ ਵੱਡਾ ਰੌਲਾ ਖੜਾ ਕੀਤਾ ਤੇ ਆਪਣੀ ਵਫ਼ਾਦਾਰੀ ਜਤਲਾਉਣ ਲਈ ਕਿਤੇ ਵੱਧ ਜ਼ੋਰ ਲਾਇਆ। ਇਸ ਦੀ ਇਕੋ ਉਦਾਹਰਣ ਏਥੇ ਦੇਣੀ ਕਾਫ਼ੀ ਹੈ। ਭਾਈ ਵੀਰ ਸਿੰਘ ਆਪਣੇ ਸਪਤਾਹਕ ਪੱਤਰ 'ਖ਼ਾਲਸਾ ਸਮਾਚਾਰ' ਵਿਚ ਲਿਖਦੇ ਹਨ:-[74]

---

74. ਖਾਲਸਾ ਸਮਾਚਾਰ, 21 ਜਨਵਰੀ, 1901, ਪੰਨਾ 4

" ਅੰਗਰੇਜ਼ੀ ਰਾਜ ਦੀਆਂ ਬਰਕਤਾਂ "

" ਅਗੇ ਤਾਂ ਇਹ ਫਿਕਰ ਹੁੰਦਾ ਸੀ ਕਿ ਜ਼ਿੰਦਗੀ ਦੇ ਦਿਨ ਕਿਵੇਂ ਪੂਰੇ ਕਰੀਏ, ਹੁਣ ਇਹ ਹੈ ਕਿ ਜ਼ਿੰਦਗੀ ਦਾ ਅਨੰਦ ਕੀਕਰ ਭੋਗੀਏ। ਬਾਹਰਲੇ ਦੁਸ਼ਮਨਾਂ ਦੀ ਬੇ-ਫਿਕਰੀ ਹੈ, ਸੁਖ ਹੈ, ਰੇਲ ਹੈ, ਤਾਰ ਹੈ, ਹਰ ਪ੍ਰਕਾਰ ਦੇ ਅਨੰਦ ਹਨ, ਹਸਪਤਾਲ, ਡਾਕਖਾਨੇ ਆਦਿ ਸਾਡੇ ਸੁਖਾਂ ਲਈ ਕੰਮ ਕਰ ਰਹੇ ਹਨ। ਇਹ ਬਰਕਤਾਂ ਕਿੱਥੋਂ ਆਈਆਂ? ਕੇਵਲ ਅੰਗਰੇਜ਼ੀ ਰਾਜ ਦੀ ਤੁਫੈਲ। ਇਸ ਲਈ ਸਾਨੂੰ ਇਸ ਰਾਜ ਦਾ ਸ਼ੁਕਰ-ਗੁਜ਼ਾਰ ਹੋਣਾ ਤੇ ਰਾਜ ਭਗਤ ਰਹਣਾ ਜ਼ਰੂਰੀ ਹੈ।"

ਇਹੋ ਜਿਹੇ ਮਨੋ-ਭਾਵ ਉਸ ਵੇਲੇ ਦੇ ਰਚੇ ਗਏ ਲਗਭਗ ਸਾਰੇ ਸਾਹਿੱਤਕਾਰਾਂ ਤੇ ਸਾਰੀਆਂ ਭਾਸ਼ਾਵਾਂ ਵਿਚ ਮਿਲਦੇ ਹਨ। ਲਿਖਤ ਦਾ ਵਿਸ਼ਾ ਭਾਵੇਂ ਕੋਈ ਹੋਵੇ, ਵਿਚ ਵਿਚਾਲੇ ਜਾਂ ਅਖ਼ੀਰ ਵਿਚ ਸਰਕਾਰ ਦਾ ਜੱਸ ਜ਼ਰੂਰ ਗਾਇਆ ਜਾਂਦਾ ਸੀ। ਦੇਸ਼ ਭਗਤੀ ਦੇ ਭਾਵ ਵੀਹਵੀਂ ਸਦੀ ਤੋਂ ਪਹਿਲੋਂ ਕਿਧਰੇ ਕਿਧਰੇ ਸੰਕੇਤ ਮਾਤਰ ਭਾਵੇਂ ਮਿਲ ਜਾਣ, ਸਪੱਸ਼ਟ ਰੂਪ ਵਿੱਚ ਉੱਕਾ ਨਹੀਂ ਪ੍ਰਗਟਾਏ ਗਏ। ਏਥੋਂ ਤਕ ਕਿ ਜੇ ਇਤਿਹਾਸ ਨੂੰ ਸਾਹਿੱਤ ਦਾ ਅੰਗ ਬਨਾਉਣ ਦੀ ਲੋੜ ਪਈ ਤਾਂ ਰਣਜੀਤ ਸਿੰਘ ਦੇ ਰਾਜ ਦਾ ਸਮਾਂ ਜਾਂ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਸੰਬੰਧਿਤ ਘਟਨਾਵਾਂ ਸੰਬੰਧੀ ਬਿਲਕੁਲ ਚੁਪ ਧਾਰ ਲਈ ਗਈ।

ਸਿੰਘ ਸਭਾ ਦੇ ਉਦਮ ਸਦਕਾ ਵਿਦਿਆ ਦਾ ਪਸਾਰ ਪਿੰਡਾਂ ਤਕ ਹੋ ਗਿਆ, ਜਿਸ ਨਾਲ ਪੰਜਾਬੀ ਪੜ੍ਹੇ ਪਾਠਕਾਂ ਦਾ ਇਕ ਨਵਾਂ ਵਰਗ ਹੋਂਦ ਵਿਚ ਆ ਗਿਆ, ਜਿਸ ਦੀਆਂ ਸਾਹਿੱਤਕ, ਸਮਾਜਕ ਤੇ ਧਾਰਮਿਕ ਲੋੜਾਂ ਦੀ ਪੂਰਤੀ ਲਈ ਸਾਹਿੱਤ ਦੇ ਸ਼ਕਤੀਸ਼ਾਲੀ ਮਾਧਿਅਮ ਨੂੰ ਪੂਰੀ ਤਰ੍ਹਾਂ, ਵਰਤੋਂ ਵਿਚ ਲਿਆਂਦਾ ਗਿਆ। ਨਿਰਸੰਦੇਹ ਪੰਜਾਬੀ ਭਾਸ਼ਾ ਦੀਆਂ ਸੰਭਾਵਨਾਵਾਂ ਨੂੰ ਉਘਾੜਨ, ਇਸ ਨੂੰ ਵਿਗਸਾਉਣ, ਸਾਹਿੱਤ-ਸਿਰਜਣਾ ਲਈ ਇਸ ਦੀ ਸਮਰਥਾ ਨੂੰ ਵਧਾਉਣ ਤੇ ਨਵੇਂ ਵਾਤਾਵਰਣ ਤੇ ਆਵਸ਼ਕਤਾ ਅਨੁਸਾਰ ਸਾਹਿੱਤ ਸਿਰਜਣਾ ਨੂੰ ਉਤਸ਼ਾਹਤ ਕਰਨ ਵਿਚ ਸਿੰਘ ਸਭਾ ਦਾ ਯੋਗਦਾਨ ਮਹਾਨ ਤੇ ਅਮਿੱਟ ਹੈ।

******

ਅਧਿਆਇ ਅੱਠਵਾਂ

# ਵਾਰਤਕ ਸਾਹਿੱਤ ਦਾ ਸਰਵੇਖਣ

## ਵਾਰਤਕ ਸਾਹਿੱਤ ਦਾ ਸਰਵੇਖਣ

"ਵਾਰਤਕ ਦੇ ਜਨਮ ਤੇ ਵਿਕਾਸ ਲਈ ਕਿਸੇ ਲਹਿਰ ਦਾ ਚਲਣਾ ਅਤੇ ਉਸ ਲਹਿਰ ਦੀ ਵਿਚਾਰਧਾਰਾ ਦਾ ਆਮ ਜਨਤਾ ਤਕ ਪੁਚਾਣਾ ਜ਼ਰੂਰੀ ਹੁੰਦਾ ਹੈ ਅਤੇ ਇਸ ਲਈ ਮਾਧਿਅਮ ਦੇਸ਼ ਭਾਸ਼ਾ ਹੀ ਬਣ ਸਕਦੀ ਹੈ।"[1]

ਡਾਕਟਰ ਸੁਰਿੰਦਰ ਸਿੰਘ ਕੋਹਲੀ ਦਾ ਉਪ੍ਰੋਕਤ ਕਥਨ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਪੰਜਾਬੀ ਵਾਰਤਕ ਦੀ ਉਪਜ ਤੇ ਵਿਕਾਸ ਦੀ ਗਤੀ ਤੇ ਪ੍ਰਵਿਰਤੀ ਉਤੇ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ। ਜਿੰਨੀਆਂ ਧਾਰਮਕ ਤੇ ਸਮਾਜ ਸੁਧਾਰ ਦੀਆਂ ਲਹਿਰਾਂ[2] ਇਸ ਕਾਲ ਵਿਚ ਉਠੀਆਂ, ਉਭੱਰੀਆਂ ਜਾਂ ਉਪਜੀਆਂ ਉਨੀਆਂ ਪੰਜਾਬ ਜਾਂ ਪੰਜਾਬੀ ਸਾਹਿੱਤ ਦੇ ਸਮੁੱਚੇ ਇਤਿਹਾਸ ਦੇ ਕਿਸੇ ਵੀ ਹੋਰ ਕਾਲ ਵਿਚ ਇਸ ਤੋਂ ਪਹਿਲਾਂ ਜਾਂ ਪਿਛੋਂ ਸਾਹਮਣੇ ਨਹੀਂ ਆਈਆਂ। ਇਹ ਤੱਥ ਹੋਰ ਵੀ ਮਹੱਤਵ-ਪੂਰਨ ਬਣ ਜਾਂਦਾ ਹੈ, ਜਦ ਅਸੀਂ ਦੇਖਦੇ ਹਾਂ ਕਿ ਇਹ ਲਹਿਰਾਂ, ਵਕਤੀ, ਸਾਮਿਅਕ ਜਾਂ ਸੀਮਤ ਦ੍ਰਿਸ਼ਟੀ ਅਧੀਨ ਕਿਸੇ ਵਰਗ, ਫਿਰਕੇ, ਕਬੀਲੇ ਅਤੇ ਕੌਮ ਦਾ ਜਜ਼ਬਾਤੀ ਉਬਾਲ ਨਹੀਂ ਸਨ, ਸਗੋਂ ਨਿਸਚਿਤ ਆਸ਼ੇ ਤੇ ਉਦੇਸ਼ ਅਧੀਨ, ਜਥੇਬੰਦਕ ਜਾਂ ਸੰਗਠਤ ਰੂਪ ਵਿਚ, ਨਵ-ਜਾਗ੍ਰਤੀ ਦੀ ਭਾਵਨਾ ਲੈ ਕੇ ਸਮੇਂ ਦੇ ਇਤਿਹਾਸ ਨੂੰ ਨਵੇਂ ਰੂਪ ਵਿਚ ਉਲੀਕਣ ਤੇ ਉਸਾਰਨ ਦੇ ਸ਼ਕਤੀਸ਼ਾਲੀ ਤੇ ਮਹੱਤਵ-ਪੂਰਨ ਯਤਨਾਂ ਦਾ ਪ੍ਰਤਿਫਲ ਸਨ। ਇਨ੍ਹਾਂ ਯਤਨਾਂ ਵਿਚ ਉਹ ਸਾਰੇ ਸਾਧਨ ਤੇ ਵਿਧੀਆਂ ਅਪਣਾਈਆਂ ਗਈਆਂ, ਜਿਹੜੀਆਂ ਉਸ ਵੇਲੇ ਪ੍ਰਾਪਤ ਸਨ ਤੇ ਲੋਕ-ਜੀਵਨ ਦਾ ਅੰਗ ਬਣ ਗਈਆਂ ਸਨ, ਅਰਥਾਤ ਅਖ਼ਬਾਰਾਂ, ਰਸਾਲੇ, ਪੈਂਫਲਿਟ, ਪੁਸਤਕਾਂ ਅਤੇ ਇਕੱਤ੍ਰਤਾਵਾਂ, ਕਾਨਫ੍ਰੰਸਾਂ ਤੇ ਸ਼ਾਸਤ੍ਰਾਰਥ ਆਦਿ। ਏਥੇ ਸਾਡਾ ਸੰਬੰਧ ਤੇ ਮਨੋਰਥ ਕੇਵਲ ਉਨ੍ਹਾਂ ਲਿਖਤਾਂ ਜਾਂ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਚਰਚਾ ਕਰਕੇ, ਉਨ੍ਹਾਂ ਦਾ ਮੁਲਾਂਕਣ ਕਰਨਾ ਹੈ ਜਿਹੜੀਆਂ ਉਪ੍ਰੋਕਤ ਲਹਿਰਾਂ ਦੇ ਸਿੱਧੇ ਜਾਂ ਅਸਿੱਧੇ ਪ੍ਰਭਾਵਾਂ ਅਧੀਨ ਸਾਹਮਣੇ ਆਈਆਂ। ਕੁਝ ਲਿਖਤਾਂ ਪਾਠਕਾਂ ਦੀ ਜਾਣਕਾਰੀ ਜਾਂ ਗਿਆਨ ਵਿਚ ਵਾਧਾ ਕਰਨ ਦੇ ਖਿਆਲ ਨਾਲ ਛਾਪੀਆਂ ਗਈਆਂ। ਕੁਝ ਕੁ ਦਾ ਮਨੋਰਥ ਕੇਵਲ ਆਪਣੇ ਮੱਤ, ਆਸ਼ੇ ਜਾਂ

---

1. ਕੋਹਲੀ-ਸੁਰਿੰਦਰ ਸਿੰਘ (ਡਾਕਟਰ), "ਪੁਰਾਤਨ ਪੰਜਾਬੀ ਵਾਰਤਕ" (ਸੰਪਾਦਤ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973, ਮੁਖ-ਬੰਧ, ਪੰਨਾ 9.

2. ਇਨ੍ਹਾਂ ਸਾਰੀਆਂ ਲਹਿਰਾਂ ਦੇ ਸੁਭਾ, ਸਰੂਪ, ਖੇਤਰ ਤੇ ਪ੍ਰਭਾਵ ਨੂੰ ਇਕ ਵੱਖਰੇ ਅਧਿਆਇ ਵਿਚ ਵਿਚਾਰਿਆ ਗਿਆ ਹੈ।

ਵਿਚਾਰਾਂ ਦੇ ਪ੍ਰਚਾਰ ਜਾਂ ਪ੍ਰਾਪੇਗੰਡੇ[3] ਦਾ ਸੀ, ਪਰ ਕੁਝ ਕੁ ਅਜਿਹੀਆਂ ਕ੍ਰਿਤਾਂ ਵੀ ਸਾਹਮਣੇ ਆਈਆਂ, ਜਿਹੜੀਆਂ ਪਾਠਕਾਂ ਦੇ ਸੌਹਜ-ਸੁਆਦ ਨੂੰ ਤ੍ਰਿਪਤ ਕਰਦੀਆਂ ਹੋਈਆਂ, ਸਦੀਵੀ ਤੌਰ ਤੇ ਸਾਡੇ ਸਾਹਿੱਤ ਦਾ ਅੰਗ ਬਣ ਗਈਆਂ। ਇਸ ਕਾਲ ਦੇ ਸਾਹਿੱਤ, ਵਿਸ਼ੇਸ਼ ਕਰ ਕੇ ਗੱਦ ਸਾਹਿੱਤ ਦਾ ਵਡੇਰਾ ਭਾਗ ਪਹਿਲੀਆਂ ਦੋਹਾਂ ਵੰਨਗੀਆਂ ਅਰਥਾਤ ਗਿਆਨ ਤੇ ਪ੍ਰਚਾਰ ਵਾਲਾ ਹੈ ਅਤੇ ਤੁਲ-ਨਾਤਮਕ ਤੌਰ ਤੇ ਤੀਜੀ ਪ੍ਰਕਾਰ ਦੀ ਪ੍ਰਤਿਨਿਧਤਾ ਕਰਨ ਵਾਲੇ ਸਾਹਿੱਤ ਦੀ ਮਾਤ੍ਰਾ ਕਾਫ਼ੀ ਘੱਟ ਹੈ। ਗਿਆਨ-ਮਈ ਤੇ ਪ੍ਰਚਾਰ-ਮਈ ਲਿਖਤਾਂ ਨੂੰ ਸਾਹਿੱਤ ਦੇ ਖੇਤਰ ਵਿੱਚੋਂ ਲਾਂਭੇ ਰੱਖਣ ਦਾ ਸੁਝਾ, ਸਾਹਿੱਤ-ਜਗਤ ਲਈ ਓਪਰਾ ਜਾਂ ਨਵਾਂ ਨਹੀਂ, ਪਰ ਜਦ ਅਜਿਹੀਆਂ ਲਿਖਤਾਂ ਕਿਸੇ ਯੁਗ-ਵਿਸ਼ੇਸ਼ ਦੀ ਪ੍ਰਧਾਨ ਧਾਰਾ ਨਾਲ ਜੁੜੀਆਂ ਹੋਈਆਂ ਹੋਣ, ਲੋਕ-ਜੀਵਨ ਦੇ ਵੱਖ ਵੱਖ ਅੰਗਾਂ ਜਾਂ ਪੱਖਾਂ ਦੀ ਪ੍ਰਤਿਨਿਧਤਾ ਕਰਦੀਆਂ ਹੋਣ, ਅਤੇ ਉਨ੍ਹਾਂ ਵਿੱਚੋਂ ਸਮੇਂ ਤੇ ਸਮਾਜ ਦੀ ਸਮੁੱਚੀ ਤਸਵੀਰ ਦੇਖੀ ਜਾ ਸਕਦੀ ਹੋਵੇ, ਤਾਂ ਇਨ੍ਹਾਂ ਲਿਖਤਾਂ ਦਾ ਮਹੱਤਵ ਵਧ ਜਾਂਦਾ ਹੈ। ਨਾਲ ਹੀ ਭਵਿੱਖ ਦੇ ਸਾਹਿੱਤ ਦੀ ਉਸਾਰੀ ਜਾਂ ਉਸ ਦੀ ਰੂਪ ਰੇਖਾ ਨੂੰ ਘੜਨ ਤੇ ਉਲੀਕਣ ਵਿਚ ਜਿਨ੍ਹਾਂ ਰਚਨਾਵਾਂ ਨੇ ਰੂੜ੍ਹੀ ਦਾ ਕੰਮ ਕੀਤਾ ਹੋਵੇ, ਉਨ੍ਹਾਂ ਨੂੰ ਅੱਖੋਂ ਓਹਲੇ ਕਰਨਾ ਸੰਭਵ ਨਹੀਂ ਹੁੰਦਾ । ਸੋ ਭਾਵੇਂ ਇਸ ਕਾਲ ਦਾ ਬਹੁਤਾ ਸਾਹਿੱਤ ਪ੍ਰਚਾਰ ਜਾਂ ਪ੍ਰਾਪੇਗੰਡੇ ਦੇ ਘੇਰੇ ਵਿਚ ਆਉਂਦਾ ਹੈ, ਪਰ ਇਸ ਦੇ ਸਰਵ-ਪੱਖੀ ਅਧਿਐਨ ਉਪਰੰਤ ਅਸੀਂ ਇਸ ਦੀ ਸਾਰਥਕਤਾ ਤੋਂ ਮੂੰਹ ਨਹੀਂ ਮੋੜ ਸਕਦੇ ।

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਰਚੇ ਗਏ ਪੰਜਾਬੀ ਸਾਹਿੱਤ ਨੂੰ ਵਿਦਵਾਨਾਂ[4] ਨੇ ਵਾਰਤਕ ਪ੍ਰਧਾਨ ਸਾਹਿੱਤ ਆਖਿਆ ਹੈ, ਕਿਉਂਜੋ ਪਹਿਲਾਂ ਦੇ ਟਾਕਰੇ ਤੇ ਇਸ ਕਾਲ ਵਿਚ ਵਾਰਤਕ

---

3. ਸ਼ਬਦ-ਕੋਸ਼ ਅਨੁਸਾਰ ਪ੍ਰਚਾਰ ਜਾਂ ਪ੍ਰਾਪੇਗੰਡੇ ਤੋਂ ਭਾਵ ਹੈ:-"ਸਿਧਾਂਤ, ਵਿਚਾਰ, ਦਲੀਲਾਂ, ਤੱਥ ਜਾਂ ਦੂਸ਼ਨ ਜਿਹੜੇ ਪ੍ਰਸਾਰ ਦੇ ਕਿਸੇ ਵੀ ਸਾਧਨ ਦੁਆਰਾ ਉਚੇਚੇ ਯਤਨ ਕਰ ਕੇ ਫੈਲਾਏ ਜਾਣ ਤਾਂ ਜੋ ਆਪਣੇ ਹਿਤਾਂ ਨੂੰ ਉਭਾਰਿਆ ਜਾ ਸਕੇ ਜਾਂ ਵਿਰੋਧੀ ਧੜੇ ਦੇ ਹਿਤਾਂ ਨੂੰ ਹਾਨੀ ਪੁਚਾਈ ਜਾ ਸਕੇ– ਅਰਥਾਤ ਲੋਕ ਪੱਧਰ ਤੇ ਅਜਿਹਾ ਕਾਰਜ ਜਾਂ ਪ੍ਰਦਰਸ਼ਨ ਜਿਸ ਦਾ ਮਨੋਰਥ ਜਾਂ ਪ੍ਰਭਾਵ ਕਿਸੇ ਆਸ਼ੇ ਜਾਂ ਪ੍ਰਯੋਜਨ ਨੂੰ ਉਤਸਾਹਿਤ ਕਰਨਾ ਜਾਂ ਉਸ ਦੇ ਰਾਹ ਵਿਚ ਰੋਕ ਬਣਨਾ ਹੋਵੇ। ਪ੍ਰਯੋਜਨ ਜਾਂ ਆਸ਼ੇ ਤੋਂ ਬਿਨਾਂ ਇਹ ਕਿਸੇ ਵਿਅੱਕਤੀ ਜਾਂ ਸੰਸਥਾ ਸੰਬੰਧੀ ਵੀ ਹੋ ਸਕਦਾ ਹੈ ।"

4.(ੳ) ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਸ਼ਾ ਵਿਭਾਗ, ਜਿਲਦ ਤੀਜੀ, ਪੰਨਾ 100
" ਵਿਸ਼ੇਸ਼ ਕਰ ਕੇ ਵਾਰਤਕ ਦਾ ਕਾਲ ਹੋ ਨਿਬੜਿਆ " ।

(ਅ) ਹਰਚਰਨ ਸਿੰਘ(ਡਾਕਟਰ), "ਇਹ ਕਾਲ ਪੰਜਾਬੀ ਵਾਰਤਕ ਦੀ ਉਪਜ ਅਤੇ ਪਸਾਰ ਲਈ ਬਹੁਤ ਢੁਕਵਾਂ ਸੀ।" 'ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ', ਪਟਿਆਲਾ-1972, ਪੰਨਾ 49.

(ੲ) ਸੀਤਲ-ਜੀਤ ਸਿੰਘ(ਡਾਕਟਰ), "ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਨੂੰ ਅਸੀਂ ਪੰਜਾਬੀ ਵਾਰਤਕ ਦੇ ਆਧੁਨਿਕੀਕਰਨ ਦਾ ਯੁਗ ਆਖ ਸਕਦੇ ਹਾਂ" , ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ, ਭਾਗ ਤੀਜਾ –, ਪਟਿਆਲਾ-1974, ਪੰਨਾ 585

ਦੀ ਉਪਜ ਵਧੇਰੇ ਹੋਈ ਜਾਂ ਵਾਰਤਕ ਦੀ ਉਪਜ ਲਈ ਵਾਤਾਵਰਣ ਤੇ ਪ੍ਰਸਥਿਤੀਆਂ ਵਧੇਰੇ ਅਨੁਕੂਲ ਹੋ ਗਈਆਂ। ਪਹਿਲੀ ਵਾਰੀ ਗੱਦ ਰੂਪ ਨੂੰ ਸਾਹਿੱਤ ਸਿਰਜਣਾ ਲਈ ਯੋਗ ਤੇ ਢੁਕਵਾਂ ਮਾਧਿਅਮ ਸਵੀਕਾਰ ਕੀਤਾ ਗਿਆ ਤੇ ਸਾਹਿੱਤਕਾਰਾਂ ਨੇ ਬਿਨਾਂ ਝਿਜਕ ਜਾਂ ਮਾਨਸਕ ਦਵੰਦ ਦੇ ਇਸ ਕਲਾ ਰੂਪ ਵਿਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਪਰ ਇਹ ਪਰਿਵਰਤਨ ਸਵੈ-ਪ੍ਰਗਟਾਵੇ ਦੀ ਕਿਸੇ ਆਵੱਸ਼ਕਤਾ ਜਾਂ ਮਜਬੂਰੀ ਨਾਲੋਂ ਵੱਧ ਗੱਦ ਸਾਹਿੱਤ ਦੇ ਪਸਾਰ ਲਈ ਪੈਦਾ ਹੋਏ ਅਨੁਕੂਲ ਵਾਤਾਵਰਨ ਦਾ ਸਿੱਟਾ ਵਧੇਰੇ ਸੀ। ਪੰਜਾਬੀ ਭਾਸ਼ਾ ਨੂੰ ਜਿਨ੍ਹਾਂ ਲੋੜਾਂ ਲਈ ਪਹਿਲੀ ਵਾਰੀ ਵਰਤੋਂ ਵਿਚ ਲਿਆਂਦਾ ਗਿਆ, ਉਨ੍ਹਾਂ ਦੀ ਪੂਰਤੀ ਕੇਵਲ ਗੱਦ-ਰੂਪ ਵਿਚ ਹੀ ਹੋ ਸਕਦੀ ਸੀ। ਗ ਪਰੰਪਰਾਵਾਦੀ ਧਾਰਨਾਵਾਂ ਨੂੰ ਤਿਆਗ ਕੇ ਨਵੀਨਤਾ ਸੰਬੰਧੀ ਪ੍ਰਯੋਗਾਂ ਦੀ ਰੁਚੀ ਵੀ ਭਾਵੇਂ ਬੜੀ ਸੁਭਾਵਿਕ ਤੇ ਮਨੋ-ਵਿਗਿਆਨਕ ਤੱਥਾਂ ਦੇ ਅਨੁਕੂਲ ਹੈ, ਪਰ ਇਸ ਕਾਲ ਵਿਚ ਗੱਦ-ਰੂਪਾਂ ਦੀ ਸੁਚੇਤ ਵਰਤੋਂ ਕਿਸੇ ਪ੍ਰਯੋਗ ਦੀ ਭਾਵਨਾ ਅਧੀਨ ਕੀਤੀ ਗਈ ਪ੍ਰਤੀਤ ਨਹੀਂ ਹੁੰਦੀ। ਇਸ ਦੇ ਉਲਟ ਅਨੁਕਰਣ ਦੀ ਰੁਚੀ ਗੱਦ ਰੂਪਾਂ ਵਲ ਇਸ ਮੋੜੇ ਦੀ ਕੁਝ ਹੱਦ ਤਕ ਜ਼ਰੂਰ ਜ਼ਿੰਮੇਵਾਰ ਬਣੀ।

ਸੰਖੇਪ ਵਿਚ ਉਹ ਤੱਥ ਜਿਨ੍ਹਾਂ ਨੇ ਵਾਰਤਕ ਦੀ ਉਪਜ ਤੇ ਵਿਕਾਸ ਵਿਚ ਮਹੱਤਵ-ਪੂਰਨ ਤੇ ਗੌਰਵਮਈ ਹਿੱਸਾ ਪਾਇਆ, ਉਹ ਇਸ ਪ੍ਰਕਾਰ ਹਨ:-

---

(ਸ) ਸਤਿੰਦਰ ਕੌਰ -" ਇਸ ਕਾਲ ਦਾ ਸਾਰਾ ਵਾਤਾਵਰਣ ਵਾਰਤਕ ਉਪਜ ਦੇ ਬਹੁਤ ਅਨੁਕੂਲ ਸੀ। " ," ਸਾਹਿੱਤ ਸਮਾਚਾਰ " ਲੁਧਿਆਣਾ, ਅਪ੍ਰੈਲ-1975, ਪੰਨਾ 73

(ਹ) ਪ੍ਰੀਤਮ ਸਿੰਘ ," ਇਹ ਸਾਰਾ ਵਾਤਾਵਰਨ ਵਾਰਤਕ ਦੀ ਵਧੇਰੀ ਵਰਤੋਂ ਦੇ ਅਨੁਕੂਲ ਸੀ ਤੇ ਅਸੀਂ ਵੇਖਦੇ ਹਾਂ ਕਿ ਉਨ੍ਹੀਵੀਂ ਸਦੀ ਦੇ ਅੰਤਲੇ ਹਿੱਸੇ ਵਿਚ ਵਾਰਤਕ ਨੇ ਪਹਿਲੀ ਵਾਰੀ ਕਵਿਤਾ ਪਾਸੋਂ ਹੱਕ ਵੰਡਾਉਣੇ ਸ਼ੁਰੂ ਕੀਤੇ.... ਹਰ ਕਹਿੰਦੇ ਕਹਾਉਂਦੇ ਸਾਹਿੱਤਕਾਰ ਨੇ ਕਵਿਤਾ/ਦੇ ਨਾਲ ਨਾਲ ਵਾਰਤਕ ਵਿਚ ਵੀ ਲਿਖਿਆ। " ਸਾਹਿੱਤ ਸਮਾਚਾਰ, ਮਾਰਚ-1952, ਪੰਨਾ 56.

(ਕ) ਮੋਹਨ ਸਿੰਘ(ਡਾਕਟਰ)," ਪ੍ਰੋਜ਼ ਹੈਜ਼ ਮੇਡ ਐਸਟਾਨਿਸ਼ਿੰਗ ਅਡਵਾਂਸਜ਼ " ਹਿਸਟਰੀ ਔਫ ਪੰਜਾਬੀ ਲਿਟਰੇਚਰ(ਅੰਗ੍ਰੇਜ਼ੀ), 1933, ਪੰਨਾ 92.

(ਖ) ਗੁਰਦਰਸ਼ਨ ਸਿੰਘ - " ਦੇ ਟੁਕ ਪੰਜਾਬੀ ਪ੍ਰੋਜ਼ ਔਨ ਦੀ ਅਨਟ੍ਰਾਡਨ ਪਾਥਸ ਐਂਡ ਗੇਵ ਇਟ ਏ ਨਿਊ ਟਰਨ ", " ਕਰੈਕਟਰ ਐਂਡ ਇਮਪੈਕਟ ਔਫ਼ ਸਿੰਘ ਸਭਾ ਮੂਵਮੈਂਟ ਔਨ ਪੰਜਾਬ ਹਿਸਟਰੀ"(ਪੀ.ਐਚ.ਡੀ. ਪ੍ਰਵਾਣਤ ਥੀਸਸ)-ਪਟਿਆਲਾ-1973, ਪੰਨਾ 25.

(ਗ) ਉਹੀ,
"It was essentially an age of prose. Although most of the prose output of this period did not rise above the level of journalism and tracterianism."

1) <u>ਬਦੇਸ਼ੀ ਰਾਜ ਤੇ ਪੱਛਮੀ ਪ੍ਰਭਾਵ:</u> ਪੰਜਾਬ ਦੇ ਅੰਗਰੇਜ਼ੀ ਸਾਮਰਾਜ ਅਧੀਨ ਆ ਜਾਣ ਨਾਲ, ਪ੍ਰਬੰਧਕੀ ਢਾਂਚੇ ਵਿਚ ਤਬਦੀਲੀ, ਨਵੀਆਂ ਸੰਸਥਾਵਾਂ, ਵਿਕਾਸ-ਯੋਜਨਾਵਾਂ, ਆਰਥਕ ਨੀਤੀਆਂ ਤੇ ਸਮਾਜਕ ਢਾਂਚੇ ਵਿਚ ਨਵੇਂ ਸ਼੍ਰੇਣਿਕ ਵਰਗ, ਪੱਛਮੀ ਸਭਿਆਚਾਰ, ਗਿਆਨ ਵਿਗਿਆਨ, ਟੈਕਨਾਲੋਜੀ ਤੇ ਉਦਯੋਗਾਂ ਆਦਿ ਦੇ ਫੈਲਾ ਨੇ ਪੰਜਾਬੀਆਂ ਦੇ ਜੀਵਨ, ਚਰਿਤ੍ਰ, ਸੁਭਾ, ਰਹਿਣੀ-ਸਹਿਣੀ, ਸੋਚਣੀ ਤੇ ਵਰਤ-ਵਰਤਾਰੇ ਵਿਚ ਪਰਿਵਰਤਨ ਲਿਆਂਦਾ, ਜਿਸ ਨਾਲ ਨਵਾਂ ਵਾਤਾਵਰਣ ਤੇ ਨਵੀਂ ਚੇਤਨਤਾ ਦਾ ਪ੍ਰਕਾਸ਼ ਹੋਇਆ, ਜਿਸ ਨੇ ਸਾਹਿੱਤ ਸਿਰਜਣਾ ਲਈ ਨਵੀਂ ਸਾਮੱਗ੍ਰੀ ਤੇ ਨਵੇਂ ਵਿਸ਼ਿਆਂ ਦੇ ਨਾਲ ਨਵੀਆਂ ਸਾਹਿੱਤਕ ਪ੍ਰੇਰਣਾਵਾਂ ਨੂੰ ਵੀ ਜਨਮ ਦਿੱਤਾ।[5]

2) <u>ਛਾਪਾਖਾਨਾ:</u> ਇੱਕੋ ਇਕ ਅਤੀ ਸ਼ਕਤੀਸ਼ਾਲੀ ਤੱਥ ਜਿਸ ਨੇ ਸਾਹਿੱਤ ਦੀ ਉਪਜ, ਵਿਕਾਸ ਤੇ ਪ੍ਰਸਾਰ ਵਿਚ ਕ੍ਰਾਂਤੀਕਾਰੀ ਹਿੱਸਾ ਪਾਇਆ। ਪੁਰਾਣੇ ਯੁਗ ਵਿਚ ਭਾਵੇਂ ਕਿੰਨਾ ਵੀ ਉੱਤਮ, ਸ੍ਰੇਸ਼ਟ ਜਾਂ ਅਨੇਕ-ਭਾਂਤੀ ਸਾਹਿੱਤ ਸਿਰਜਿਆ ਜਾਂਦਾ ਰਿਹਾ ਸੀ, ਪਰ ਇਹ ਸੀਮਤ ਹੱਥਾਂ ਤਕ ਹੀ ਪੁਜਦਾ ਰਿਹਾ ਤੇ ਉਹ ਵੀ ਬਹੁਤ ਮਹਿੰਗੇ ਭਾ ਤੇ। ਛਾਪਾਖਾਨਾ ਸਾਹਿੱਤ ਨੂੰ ਸਭ ਵਰਗਾਂ ਦੇ ਲੋਕਾਂ ਤਕ ਸਸਤੇ ਤੇ ਸੌਖੇ ਢੰਗ ਨਾਲ ਪੁਚਾਉਣ ਦਾ ਜ਼ਿੰਮੇਵਾਰ ਬਣਿਆ।

3) <u>ਅਖ਼ਬਾਰਾਂ ਤੇ ਰਸਾਲੇ ਆਦਿ</u> : ਇਹ ਛਾਪੇਖਾਨੇ ਦਾ ਚਮਤਕਾਰ ਹੀ ਸੀ, ਜਿਸ ਨੇ ਪੱਤਰਕਾਰੀ ਨੂੰ ਉਤਸਾਹਤ ਕੀਤਾ ਤੇ ਪੰਜਾਬੀ ਵਿਚ ਕਾਫ਼ੀ ਗਿਣਤੀ ਵਿਚ ਅਖ਼ਬਾਰਾਂ ਤੇ ਰਸਾਲੇ ਛਪਣ ਲਗੇ। ਜਿਨ੍ਹਾਂ ਪੱਤਰ ਪੱਤਰਕਾਵਾਂ ਦੇ ਵਾਧੇ ਨਾਲ, ਪਾਠਕਾਂ ਦਾ ਇਕ ਪੜ੍ਹਿਆ ਲਿਖਿਆ ਵਰਗ ਤਿਆਰ ਹੋ ਗਿਆ, ਜਿਨ੍ਹਾਂ ਵਿਚ ਗਿਆਨ-ਮਈ ਸਾਹਿੱਤ ਦੇ ਨਾਲ ਨਾਲ ਰਚਨਾਤਮਕ ਸਾਹਿੱਤ ਪੜ੍ਹਨ ਦੀ ਇੱਛਾ ਪੈਦਾ ਹੋ ਗਈ।[6]

4) <u>ਨਵੀਂ ਵਿਦਿੱਅਕ ਪ੍ਰਣਾਲੀ</u> : ਭਾਵੇਂ ਪੰਜਾਬ ਵਿਚ ਉਰਦੂ ਨੂੰ ਸਰਕਾਰੀ ਜ਼ੁਬਾਨ ਤੇ ਵਿੱਦਿਆ ਦੇ ਮਾਧਿਅਮ ਵਜੋਂ ਪੰਜਾਬੀਆਂ ਉਤੇ ਠੋਸਿਆ ਗਿਆ, ਪਰ ਸਿੱਖ ਆਗੂਆਂ ਤੇ ਜਥੇਬੰਦੀਆਂ ਦੇ ਯਤਨਾਂ ਨਾਲ ਲੜਕੀਆਂ ਲਈ ਅਠਵੀਂ ਜਮਾਤ ਤਕ ਪੰਜਾਬੀ ਰਾਹੀਂ ਵਿਦਿਆ ਪ੍ਰਾਪਤ ਕਰਨ ਦੀ ਖੁਲ੍ਹ ਮਿਲ ਗਈ ਅਤੇ ਦੂਜੇ ਸਕੂਲਾਂ ਵਿਚ ਵੀ ਪੰਜਾਬੀ ਨੂੰ ਇਕ ਮਜ਼ਮੂਨ ਵਜੋਂ ਪੜ੍ਹਾਏ ਜਾਣ ਦੇ ਪ੍ਰਬੰਧ ਕੀਤੇ ਗਏ। ਸਿੱਟੇ ਵਜੋਂ ਵਿਦਿਆਰਥੀਆਂ ਲਈ ਪਾਠ-ਪੁਸਤਕਾਂ ਦੀ ਲੋੜ

---

5. ਇਸ ਕਾਲ ਦੇ ਪਿਛੋਕੜ ਤੇ "ਪੱਛਮੀ ਪ੍ਰਭਾਵਾਂ" ਵਾਲੇ ਕਾਂਡਾਂ ਵਿਚ, ਇਨ੍ਹਾਂ ਸੰਬੰਧੀ ਸਵਿਸਥਾਰ ਚਰਚਾ ਕੀਤੀ ਗਈ ਹੈ।

6. 'ਪੰਜਾਬੀ ਪੱਤਰਕਾਰੀ ਦੀ ਦੇਣ' ਵਾਲੇ ਅਧਿਆਇ ਵਿਚ ਇਸ ਬਾਰੇ ਵਧੇਰੇ ਚਰਚਾ ਕੀਤੀ ਗਈ ਹੈ।

ਪਈ। ਇਸ ਲੋੜ ਨੂੰ ਕੁਝ ਤਾਂ ਹੋਰ ਭਾਸ਼ਾਵਾਂ ਵਿਚੋਂ ਅਨੁਵਾਦ ਦੁਆਰਾ ਪੂਰਾ ਕੀਤਾ ਗਿਆ ਤੇ ਬਹੁਤ ਸਾਰੀਆਂ ਮੌਲਿਕ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ।[7]

5) <u>ਈਸਾਈ ਪ੍ਰਚਾਰਕ</u> : ਧਾਰਮਕ ਪ੍ਰਚਾਰ ਲਈ ਮਾਤ-ਭਾਸ਼ਾ ਜਾਂ ਲੋਕ-ਬੋਲੀ ਨੂੰ ਅਪਣਾਏ ਜਾਣ ਦੇ ਮਹੱਤਵ ਨੂੰ ਈਸਾਈ ਮਿਸ਼ਨਰੀ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ। ਇਸ ਆਸ਼ੇ ਅਧੀਨ ਪੰਜਾਬੀਆਂ ਵਿਚ ਆਪਣੇ ਮਤ ਦਾ ਪ੍ਰਚਾਰ ਕਰਨ ਲਈ ਇਨ੍ਹਾਂ ਨੇ ਮੌਲਿਕ ਤੇ ਅਨੁਵਾਦਤ ਰੂਪ ਵਿਚ ਮਣਾਂ-ਮੂੰਹੀ ਸਾਹਿੱਤ ਰਚਿਆ, ਛਪਵਾਇਆ ਤੇ ਮੁਫ਼ਤ ਦੇ ਭਾ, ਦੂਰ ਦੁਰੇਡੀਆਂ ਥਾਵਾਂ ਤੇ ਘਰੋ ਘਰੀ ਪੁਚਾਇਆ। ਇਨ੍ਹਾਂ ਦੀ ਰੀਸੋ-ਰੀਸੀ ਤੇ ਇਨ੍ਹਾਂ ਦੀਆਂ ਪ੍ਰਚਾਰ ਵਿਧੀਆਂ ਤੋਂ ਪ੍ਰੇਰਿਤ ਹੋ ਕੇ, ਹੋਰ ਕੌਮਾਂ ਨੇ ਇਸ ਪਾਸੇ ਵਲ ਪੂਰਾ ਧਿਆਨ ਦਿੱਤਾ। ਇਸ ਤਰ੍ਹਾਂ ਸਿਧੇ ਤੇ ਅਸਿੱਧੇ ਢੰਗ ਨਾਲ ਸਾਹਿੱਤ ਦੀ ਉਪਜ ਤੇ ਗਤੀ ਨੂੰ ਅਥਾਹ ਉਤਸ਼ਾਹ ਮਿਲਿਆ।[8]

6) <u>ਧਾਰਮਕ ਤੇ ਸਮਾਜ ਸੁਧਾਰ ਦੀਆਂ ਲਹਿਰਾਂ:</u> ਸਾਰੇ ਭਾਰਤ ਵਿਚ ਆਮ ਕਰ ਕੇ, ਤੇ ਪੰਜਾਬ ਵਿਚ ਵਿਸ਼ੇਸ਼ ਕਰ ਕੇ ਇਤਿਹਾਸ ਦਾ ਇਹ ਕਾਲ, ਉਪ੍ਰੋਕਤ ਢੰਗ ਦੀਆਂ ਭਿੰਨ ਭਿੰਨ ਲਹਿਰਾਂ ਦੇ ਪ੍ਰਚਲਨ ਜਾਂ ਫੈਲਾ ਕਰ ਕੇ ਜਾਣਿਆ ਜਾਂਦਾ ਹੈ। ਇਹ ਲਹਿਰਾਂ ਭਾਵੇਂ ਕੁਝ ਹਾਲਤਾਂ ਵਿਚ ਸੰਪਰਦਾਇਕ ਉਦੇਸ਼ਾਂ ਲਈ ਸਾਹਮਣੇ ਆਈਆਂ ਤੇ ਇਨ੍ਹਾਂ ਦਾ ਘੇਰਾ ਤੇ ਖੇਤਰ ਵੀ ਸੀਮਤ ਸੀ, ਪਰ ਤਾਂ ਵੀ ਇਨ੍ਹਾਂ ਨੇ ਲੋਕਾਂ ਵਿਚ ਇਕ ਨਵ-ਜਾਗ੍ਰਤੀ ਦੀ ਭਾਵਨਾ ਪੈਦਾ ਕਰ ਦਿੱਤੀ। ਵਰਤਮਾਨ ਦੀ ਸੋਝੀ ਤੇ ਭੂਤ ਦਾ ਗੌਰਵ ਇਨ੍ਹਾਂ ਲਹਿਰਾਂ ਦਾ ਮੁਖ ਚਰਿਤ੍ਰ ਜਾਂ ਵੱਡੀ ਦੇਣ ਸੀ। ਆਪੋ ਆਪਣੇ ਧਰਮਾਂ ਦੀ ਵਿਆਪਕ ਅਧੋਗਤੀ ਦੇ ਅਹਿਸਾਸ ਨੇ ਭੂਤ ਦੇ ਆਪਣੇ ਵਿਰਸੇ ਦੀ ਵਡਿੱਤਣ ਤੇ ਪ੍ਰਭੁਤਾ ਨੂੰ ਖੋਜਣ ਤੇ ਦਰਸਾਉਣ ਦੀ ਲਾਲਸਾ ਪੈਦਾ ਕੀਤੀ। ਇਸ ਲਾਲਸਾ ਅਧੀਨ, ਆਪਣੇ ਬਜ਼ੁਰਗਾਂ, ਪੀਰਾਂ, ਗੁਰੂਆਂ ਤੇ ਭਗਤਾਂ ਦੀਆਂ ਜੀਵਨੀਆਂ ਤੇ ਕਾਰਨਾਮਿਆਂ ਦਾ ਪੁਨਰ-ਅੰਕਣ ਕੀਤਾ ਜਾਣ ਲਗਾ ਤੇ ਆਪਣੇ ਧਰਮ ਦੀ ਸ੍ਰੇਸ਼ਟਤਾ, ਆਪਣੇ ਕੌਮੀ ਆਚਰਨ ਦੀ ਉਤਮਤਾ ਅਤੇ ਆਪਣੇ ਪੁਰਾਤਨ ਇਤਿਹਾਸ ਦੀ ਮਹਿਮਾ ਨੂੰ ਦਰਸਾਉਣ ਲਈ ਸਾਹਿੱਤ ਦਾ ਆਸਰਾ ਲਿਆ ਗਿਆ। ਨਾਲ ਹੀ ਸਮਾਜਕ ਕੁਰੀਤੀਆਂ ਨੂੰ ਦੂਰ ਕਰਕੇ ਕੌਮ ਨੂੰ ਸਦਾਚਾਰਕ, ਤੇ ਅਧਿਆਤਮਕ ਤੌਰ ਤੇ

---

7. ਸਰਕਾਰ ਦੀ ਵਿੱਦਿਅਕ ਨੀਤੀ ਤੇ ਸਿੱਖਿਆ ਦੇ ਮਾਧਿਅਮ ਸੰਬੰਧੀ ਵਿਸਤਾਰ ਪੂਰਵਕ ਚਰਚਾ 'ਪਿਛੋਕੜ' ਵਾਲੇ ਅਧਿਆਇ ਵਿਚ ਕੀਤੀ ਗਈ ਹੈ। ਪਾਠ-ਪੁਸਤਕਾਂ ਬਾਰੇ ਵਿਚਾਰ ਏਸੇ ਅਧਿਆਇ ਵਿਚ ਅਗੇ ਕੀਤੀ ਗਈ ਹੈ।

8. ਇਸ ਬਾਰੇ ਵਿਸਤਾਰ-ਪੂਰਵਕ ਚਰਚਾ, "ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿੱਤ ਨੂੰ ਦੇਣ " ਵਾਲੇ ਅਧਿਆਇ ਵਿਚ ਕੀਤੀ ਗਈ ਹੈ।

ਉਚਾ ਚੁਕਣ ਲਈ ਗੁਰਬਾਣੀ ਤੇ ਹੋਰ ਸ਼ਾਸਤ੍ਰਾਂ ਆਦਿ ਨੂੰ ਆਧਾਰ ਬਣਾਇਆ ਗਿਆ ਤੇ ਸਮੇਂ ਦੀ ਮੰਗ ਤੇ ਲੋੜ ਅਨੁਸਾਰ ਉਨ੍ਹਾਂ ਦੀ ਪੁਨਰ-ਵਿਆਖਿਆ ਕੀਤੀ ਗਈ।[9]

7) <u>ਸੰਪਰਦਾਇਕ ਖਿੱਚੋਤਾਣ ਤੇ ਧਾਰਮਕ ਵਾਦ-ਵਿਵਾਦ</u>: ਬਦੇਸ਼ੀ ਰਾਜ ਦੇ ਜਿਥੇ ਹੋਰ ਪੱਖਾਂ ਤੇ ਸੁਖਾਵੇਂ ਤੇ ਪ੍ਰਗਤੀਵਾਦੀ ਪ੍ਰਭਾਵ ਪਏ, ਜਿਨ੍ਹਾਂ ਨੇ ਸਾਡੇ ਸਮੁਚੇ ਜੀਵਨ ਦੀ ਕਾਇਆ-ਕਲਪ ਕਰ ਦਿੱਤੀ ਉਥੇ ਆਪਣੇ ਰਾਜ ਨੂੰ ਪੱਕਾ ਤੇ ਚਿਰ-ਸਥਾਈ ਬਨਾਉਣ ਲਈ ਅਪਣਾਈਆਂ ਗਈਆਂ ਨੀਤੀਆਂ ਨੇ ਪੰਜਾਬੀਆਂ ਦੇ ਮਨਾਂ ਵਿੱਚ ਪੱਕੀਆਂ ਤ੍ਰੇੜਾਂ ਪਾ ਦਿੱਤੀਆਂ। ਲੋਕਾਂ ਦਾ ਧਿਆਨ ਸੁਤੰਤਰਤਾ ਵਲੋਂ ਮੋੜਨ ਲਈ, ਇਸ ਨੂੰ ਦੋ ਦਿਸ਼ਾਵਾਂ ਵਲ ਪਰਿਵਰਤਤ ਕੀਤਾ। ਇਕ ਤਾਂ ਆਰਥਕ ਨੀਤੀਆਂ ਤੇ ਯੋਜਨਾਵਾਂ ਦੁਆਰਾ- ਸਮਾਜ ਨੂੰ ਨਵੀਆਂ ਸ਼੍ਰੇਣੀਆਂ ਵਿਚ ਵੰਡਿਆ ਜਿਸ ਨਾਲ ਇਕ ਸ਼੍ਰੇਣੀ ਦੇ ਆਰਥਕ ਹਿਤ ਦੂਜੀ ਨਾਲ ਟਕਰਾਉਣ ਲਗੇ ਤੇ ਹਰ ਧੜਾ ਆਪਣੇ ਹਿੱਤਾਂ ਲਈ ਦੂਜੇ ਨੂੰ ਵਰਤਣ ਲਗਾ, ਭਾਵੇਂ ਇਸ ਕ੍ਰਿਆ ਵਿਚ ਵੀ ਅੰਗਰੇਜ਼ਾਂ ਦੇ ਸਿੱਧੇ ਵਪਾਰਕ ਹਿਤ ਲੁਕੇ ਹੋਏ ਸਨ। ਦੂਜੀ ਨੀਤੀ, ਵੱਖ ਵੱਖ ਜਾਤੀਆਂ ਦੇ ਸਾਂਝੇ ਕੌਮੀ ਭਾਵਾਂ ਨੂੰ ਸੰਗਠਿਤ ਹੋਣ ਦੇ ਸਾਰੇ ਸਾਧਨਾਂ ਤੋਂ ਵਾਂਝਿਆਂ ਕਰਨਾ ਜਾਂ ਰੱਖਣਾ ਤਾਂ ਜੋ ਉਹ 1857 ਈ. ਦੇ ਗ਼ਦਰ ਵਾਂਗ, ਕਿਸੇ ਨਵੇਂ ਅਪੱਦਰ ਨੂੰ ਖੜਾ ਕਰਨ ਬਾਰੇ ਸੁਪਨਾ ਵੀ ਨਾ ਲੈ ਸਕਣ। ਇਸ ਮਨੋਰਥ ਲਈ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅਪਣਾਇਆ ਗਿਆ ਜਿਸ ਨਾਲ ਹਰ ਧਰਮ, ਕਬੀਲਾ, ਫਿਰਕਾ ਜਾਂ ਸੰਪਰਦਾ, ਦੂਜੇ ਦੀ ਵੈਰੀ ਬਣ ਗਈ। ਆਪਣੇ ਧਰਮ ਜਾਂ ਫਿਰਕੇ ਨੂੰ ਦੂਜਿਆਂ ਨਾਲੋਂ ਉੱਤਮ ਤੇ ਸ੍ਰੇਸ਼ਟ ਸਿੱਧ ਕਰਨ ਦੀ ਭਾਵਨਾ ਨੇ ਬੜੇ ਘ੍ਰਿਣਤ, ਅਸੁਖਾਵੇਂ ਤੇ ਕਮੀਨੇ ਸਾਧਨਾਂ ਨੂੰ ਵਰਤੋਂ ਵਿਚ ਲਿਆਂਦਾ ਤੇ ਇਸ ਨਾਲ ਵਾਦ-ਵਿਵਾਦੀ ਸਾਹਿੱਤ ਦਾ ਜਨਮ ਹੋਇਆ ਜਿਸ ਨੇ ਪੰਜਾਬ ਦੇ ਸਮੁਚੇ ਵਾਤਾਵਰਣ ਨੂੰ ਕਲੰਕਿਤ ਤੇ ਦੂਸ਼ਿਤ ਕਰ ਦਿੱਤਾ। ਉਸ ਦੌਰ ਵਿਚ ਬਦੇਸ਼ੀ ਸਰਕਾਰ ਵਲੋਂ ਅਜਿਹੇ ਬੀਜ ਬੀਜੇ ਗਏ ਜਿਨ੍ਹਾਂ ਨੇ ਲਗਭਗ ਇਕ ਸਦੀ ਦੇ ਪੰਜਾਬ ਦੇ ਰਾਜਸੀ, ਧਾਰਮਕ, ਸਮਾਜਕ ਤੇ ਸਭਿਆਚਾਰਕ ਜੀਵਨ ਨੂੰ ਆਪਣੀ ਲਪੇਟ ਵਿਚ ਲਈ ਰੱਖਿਆ ਤੇ ਜਿਸ ਦੇ ਕੁਝ ਪੱਖ ਤੇ ਤੱਥ ਅੱਜ ਵੀ ਸਾਡੀ ਨੀਤੀ, ਸੁਭਾ ਤੇ ਸੋਚ ਉਤੇ ਛਾਏ ਹੋਏ ਹਨ। ਉਪ੍ਰੋਕਤ ਪ੍ਰਭਾਵਾਂ ਅਧੀਨ ਇਸ ਕਾਲ ਵਿਚ ਰਚਿਆ ਗਿਆ ਸਾਹਿੱਤ ਜਿਥੇ ਦੇਸ਼ ਪਿਆਰ ਜਾਂ ਸਾਂਝੀ ਕੌਮੀ ਭਾਵਨਾ ਤੋਂ ਸੱਖਣਾ ਸੀ, ਉਥੇ ਇਸ ਦਾ ਸਮੁੱਚਾ ਪ੍ਰਭਾਵ ਸੁਭਾ ਤੇ ਸਰੂਪ ਵਾਦ-ਵਿਵਾਦ ਵਿਚ ਪੂਰੀ ਤਰ੍ਹਾਂ ਗੁੱਸਿਆ ਹੋਇਆ ਸੀ।[10]

---

9. "ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿੱਤ ਨੂੰ ਦੇਣ" ਵਾਲੇ ਅਧਿਆਇ ਵਿਚ ਇਸ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ।
9. ਇਸ ਬਾਰੇ ਵਧੇਰੇ ਚਰਚਾ "ਸਮਾਜਕ-ਧਾਰਮਕ ਲਹਿਰਾਂ" ਵਾਲੇ ਅਧਿਆਇ ਵਿਚ ਕੀਤੀ ਗਈ ਹੈ।

8) <u>ਨਵੇਂ ਕਲਾ-ਰੂਪ ਤੇ ਕਲਾ-ਚੇਤੰਨਤਾ</u> :- ਪੱਛਮ ਦੇ ਮੇਲ ਨਾਲ ਸਾਡੇ ਸਾਹਿੱਤਕਾਰ ਗੱਦ ਦੇ ਨਵੇਂ ਕਲਾਂ-ਰੂਪਾਂ ਨਾਲ ਪ੍ਰੀਚਿਤ ਹੋਏ ਜਿਨ੍ਹਾਂ ਤੋਂ ਪਹਿਲਾਂ ਉਹ ਅਗਿਆਤ ਸਨ। ਇਨ੍ਹਾਂ ਸਾਹਿੱਤ ਰੂਪਾਂ ਦੀਆਂ ਕਲਾ-ਕ੍ਰਿਤਾਂ ਤੇ ਪਹਿਲੋਂ-ਪਹਿਲ ਅਨੁਵਾਦ ਹੋਏ। ਜਾਂ ਫੇਰ ਹੋਰ ਭਾਸ਼ਾਵਾਂ ਯਥਾ ਉਰਦੂ, ਹਿੰਦੀ ਤੇ ਬੰਗਾਲੀ ਆਦਿ ਵਿਚ ਰਚੀਆਂ ਗਈਆਂ ਮੌਲਿਕ ਲਿਖਤਾਂ ਨੂੰ ਪੜ੍ਹਨ ਉਪ੍ਰੰਤ ਅਪਣਾਇਆ, ਜਿਨ੍ਹਾਂ ਨੇ ਇਨ੍ਹਾਂ ਰੂਪਾਂ ਨੂੰ ਪੰਜਾਬੀਆਂ ਨਾਲੋਂ ਪਹਿਲਾਂ ਗ੍ਰਹਿਣ ਕਰ ਲਿਆ ਸੀ। ਇਸ ਤਰ੍ਹਾਂ ਵਾਰਤਕ ਸਾਹਿੱਤ ਵਿਚ ਨਾਵਲ, ਨਾਟਕ, ਕਹਾਣੀ, ਨਿਬੰਧ ਤੇ ਜੀਵਨੀ ਆਦਿ ਦਾ ਪ੍ਰਵੇਸ਼ ਹੋਇਆ।[11] ਅੰਗਰੇਜ਼ੀ ਦੀ ਲਾਜ਼ਮੀ ਪੜ੍ਹਾਈ ਨੇ ਪੱਛਮੀ ਦੇਸ਼ਾਂ ਦੀ ਸਾਹਿੱਤਕ ਚੇਤਨੰਤਾ ਤੋਂ ਸਾਡੇ ਵਿਦਵਾਨਾਂ ਨੂੰ ਜਾਣੂੰ ਕਰਾਇਆ ਜਿਸ ਨਾਲ ਸਾਹਿੱਤ ਦਾ ਉਦੇਸ਼, ਸੁਭਾ ਤੇ ਸਰੂਪ ਬਦਲ ਗਿਆ। ਵੱਖ ਵੱਖ ਪ੍ਰਾਂਤਾਂ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਰਚੇ ਜਾ ਰਹੇ ਸਾਹਿੱਤ ਨੇ ਵੀ ਇਸ ਪਰਿਵਰਤਨ ਵਿਚ ਯੋਗਦਾਨ ਪਾਇਆ। ਮਾਨਵ-ਸਮਾਜ ਨਾਲ ਸੰਬੰਧਤ ਹਰ ਪ੍ਰਕਾਰ ਦੀਆਂ ਰਾਜਸੀ, ਸਮਾਜਕ, ਸਭਿਆਚਾਰਕ, ਆਰਥਕ ਤੇ ਵਿਗਿਆਨਕ ਜਾਂ ਮਨੋ-ਵਿਗਿਆਨਕ, ਸਭ ਸਮੱਸਿਆਵਾਂ ਸਾਹਿੱਤ ਦਾ ਅੰਗ ਬਣ ਸਕਦੀਆਂ ਹਨ, ਇਹ ਸੋਝੀ ਵੀ ਸਾਡੇ ਸਾਹਿੱਤਕਾਰਾਂ ਨੂੰ ਏਸੇ ਕਾਲ ਵਿਚ ਪਹਿਲੀ ਵਾਰੀ ਆਈ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਿਰੋਲ ਧਾਰਮਕ ਜਾਂ ਪਰੰਪਰਾਵਾਦੀ ਸਾਹਿੱਤ ਤੋਂ ਬਿਨਾਂ ਲੌਕਿਕ, ਵਿਆਪਕ ਤੇ ਸਰਬ-ਪੱਖੀ ਸਾਹਿੱਤ ਵੀ ਰਚਿਆ ਜਾਣ ਲਗਾ, ਜਿਸ ਦਾ ਮੁਖ ਮਾਧਿਅਮ ਗੱਦ-ਰੂਪ ਹੀ ਸਨ।

9) <u>ਪੰਜਾਬੀ ਭਾਸ਼ਾ ਦਾ ਸਾਹਿੱਤਕ ਰੂਪ:</u> ਗੱਦ ਦੇ ਵਿਕਾਸ ਲਈ ਇਕ ਹੋਰ ਮਹੱਤਵ-ਪੂਰਨ ਤੱਥ, ਪੰਜਾਬੀ ਭਾਸ਼ਾ ਦੇ ਸ਼ੁਧ ਸਰੂਪ ਦਾ ਪ੍ਰਯੋਗ ਸੀ, ਜਿਹੜੀ ਪਹਿਲੀ ਵਾਰੀ ਬ੍ਰਜੀ, ਹਿੰਦੀ ਤੇ ਫ਼ਾਰਸੀ ਦੇ ਦਬਾਊ ਤੇ ਮਾਰੂ ਪ੍ਰਭਾਵਾਂ ਤੋਂ ਮੁਕਤ ਹੋ ਕੇ, ਇਕ ਨਿਰੋਲ ਸਾਹਿੱਤਕ ਭਾਸ਼ਾ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। ਇਕ ਨਿਪੁੰਨ ਤੇ ਸੰਪੂਰਨ ਭਾਸ਼ਾ ਦੇ ਤੌਰ ਤੇ ਗੱਦ-ਰੂਪਾਂ ਵਿਚ ਸਾਹਿੱਤ ਸਿਰਜਣਾ ਲਈ, ਇਸ ਭਾਸ਼ਾ ਨੂੰ, ਏਨੇ ਵਡੇਰੇ ਤੇ ਬਹੁ-ਪੱਖੀ ਮਨੋਰਥਾਂ ਲਈ ਇਸ ਤੋਂ ਪਹਿਲਾਂ ਕਦੇ ਵੀ ਵਰਤੋਂ ਵਿਚ ਨਹੀਂ ਸੀ ਲਿਆਂਦਾ ਗਿਆ। ਜਿੱਥੇ ਠੇਠ ਪੰਜਾਬੀ ਦਾ ਰੰਗ-ਰੂਪ ਨਿਖਰ ਕੇ ਸਾਹਮਣੇ ਆਇਆ, ਉਥੇ ਵਾਰਤਕ ਸੰਯੋਗਾਤਮਕਤਾ ਤੋਂ ਵਿਯੋਗਾਤਮਕਤਾ ਵਲ ਕਦਮ ਪੁਟਣ ਲਗੀ ਅਤੇ ਵਿਆਕਰਣਕ ਨਿਯਮਾਂ ਦੀ ਧਾਰਨੀ ਬਣੀ। ਇਸ ਕਾਲ ਦੇ ਭਾਸ਼ਾਈ ਵਿਕਾਸ ਸੰਬੰਧੀ ਇਹ ਤੱਥ ਵੀ ਧਿਆਨ ਵਿਚ ਰੱਖਣ ਵਾਲਾ ਹੈ ਕਿ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਇਸ ਦਾ ਅਧੁਨਿਕਤਮ ਸਰੂਪ ਚੰਗੀ

---

11. Gurdarshan Singh, "The Panjabi Writers began to seek new modes of expression and tried to explore the hitherto untrodden realms of novel and short story." Ibid(4), p.247.

ਤਰ੍ਹਾਂ ਨਹੀਂ ਸੀ ਉਘੜਿਆ, ਸਗੋਂ ਪੁਰਾਤਨਤਾ ਤੇ ਨਵੀਨਤਾ ਦੀ ਵਿਚਕਾਰਲੀ ਅਵੱਸਥਾ ਸੀ, ਜਿਥੇ ਸ਼ਬਦ-ਜੋੜ ਤੇ ਲਹਿਜਾ ਕੁਝ ਹੱਦ ਤਕ ਮਿਸ਼੍ਰਤ ਸੀ। ਵਾਰਤਕ ਦੀ ਉਪਜ ਲਈ ਅਨੁਸਾਰੀ ਸ਼ਕਤੀਆਂ ਸੰਬੰਧੀ ਸੰਖੇਪ ਵਿਚ ਚਰਚਾ ਕਰਨ ਉਪ੍ਰੰਤ ਹੀ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਰਚੇ ਗਏ ਵਾਰਤਕ ਸਾਹਿੱਤ ਦਾ ਸੰਖੇਪ ਸਰਵੇਖਣ ਸੰਭਵ ਸੀ। ਏਥੇ ਇਹ ਗੱਲ ਵੀ ਸਪੱਸ਼ਟ ਕਰ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ ਕਿ ਇਸ ਸਰਵੇਖਣ ਵਿਚ ਇਸ ਕਾਲ (1849-1900 ਈ.) ਵਿਚ ਰਚੀ ਜਾਂ ਪ੍ਰਕਾਸ਼ਤ ਹਰ ਗੱਦ-ਰਚਨਾ ਦਾ ਹਵਾਲਾ ਜਾਂ ਵਰਣਨ ਜ਼ਰੂਰੀ ਨਹੀਂ ਸਮਝਿਆ ਗਿਆ ਤੇ ਨਾ ਹੀ ਅਜਿਹਾ ਕਰਨਾ ਸੰਭਵ ਸੀ। ਅੰਤਿਕਾ ਵਿਚ ਲੇਖਕ ਤੇ ਪੁਸਤਕ ਸੂਚੀਆਂ ਨੂੰ ਵੱਧ ਤੋਂ ਵੱਧ ਸੰਭਵ ਹੱਦ ਤਕ ਪ੍ਰਤਿਨਿਧਤ ਰੂਪ ਵਿਚ ਅੰਕਿਤ ਕਰਨ ਦਾ ਯਤਨ ਕੀਤਾ ਗਿਆ ਹੈ, ਭਾਵੇਂ ਇਹ ਦਾਅਵਾ ਕਰਨਾ ਕਠਨ ਹੈ ਕਿ ਉਥੇ ਵੀ ਹਰ ਪ੍ਰਕਾਸ਼ਤ ਜਾਂ ਰਚਿਤ ਪੁਸਤਕ ਜ਼ਰੂਰ ਹੀ ਦਰਜ ਹੋ ਗਈ ਹੈ।

ਸਰਵੇਖਣ ਵਿਚ ਵੀ ਬਹੁਤਾ ਧਿਆਨ ਇਸ ਗਲ ਵਲ ਦਿੱਤਾ ਗਿਆ ਹੈ ਕਿ ਗੱਦ ਸਾਹਿੱਤ ਦੇ ਪ੍ਰਧਾਨ ਰੂਪਾਂ, ਉੱਘੀਆਂ ਲਿਖਤਾਂ, ਵਿਸ਼ੇਸ਼ ਪ੍ਰਵਿਰਤੀਆਂ ਜਾਂ ਮੁਖ ਵਿਸ਼ੇਸ਼ਤਾਵਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰਿਆ ਤੇ ਉਘਾੜਿਆ ਜਾਏ। ਇਸ ਕਾਲ ਦੇ ਉੱਘੇ ਜਾਂ ਪ੍ਰਮੁਖ ਗੱਦ ਲੇਖਕਾਂ ਸੰਬੰਧੀ ਵਖਰੇ ਅਧਿਆਇ ਵਿਚ ਸਵਿਸਤਾਰ ਚਰਚਾ ਕੀਤੀ ਗਈ ਹੈ। ਏਥੇ ਕੇਵਲ ਉਨ੍ਹਾਂ ਸੰਬੰਧੀ ਸਮੁੱਚਾ ਤੇ ਸਰਸਰੀ ਜ਼ਿਕਰ ਹੀ ਕੀਤਾ ਗਿਆ ਹੈ।

## ਪੱਤਰ-ਪੱਤ੍ਰਕਾਵਾਂ, ਪੈਂਫ਼ਲਿਟ ਤੇ ਟ੍ਰੈਕਟ:

ਪੰਜਾਬ ਵਿਚ ਛਾਪੇਖਾਨੇ ਦੇ ਆ ਜਾਣ ਨਾਲ, ਪੱਤਰਕਾਰੀ ਦਾ ਯੁਗ ਆਰੰਭ ਹੋਇਆ। ਪਹਿਲਾ ਛਾਪਾਖਾਨਾ ਈਸਾਈ ਮਿਸ਼ਨਰੀਆਂ ਵਲੋਂ 1837 ਈ.[12] ਵਿਚ ਲੁਧਿਆਣੇ ਲਾਇਆ ਗਿਆ ਤੇ ਏਸੇ ਛਾਪੇਖਾਨੇ ਦੁਆਰਾ ਪ੍ਰਕਾਸ਼ਤ 'ਚੁਪੜੀਆਂ ਦੀ ਪਹਿਲੀ ਪੋਥੀ' (1859 ਈ.) ਅਤੇ "ਚੁਪੜੀਆਂ ਦੀ ਦੂਜੀ ਪੋਥੀ" (1860 ਈ.) ਵਿਚ ਸੰਮਿਲਤ ਕ੍ਰਮਵਾਰ 6 ਤੇ 9 ਛੋਟੇ ਟ੍ਰੈਕਟ, ਸ਼ਾਇਦ ਪੰਜਾਬੀ ਵਿਚ ਛਪਣ ਵਾਲੇ ਪਹਿਲੇ ਟ੍ਰੈਕਟ ਆਖੇ ਜਾ ਸਕਦੇ ਹਨ, ਭਾਵੇਂ ਇਸ ਤੋਂ ਪਹਿਲਾਂ ਸੀਰਾਮਪੁਰ ਪ੍ਰੈਸ ਕਲਕੱਤਾ ਤੇ ਲੁਧਿਆਣਾ ਮਿਸ਼ਨ ਦੁਆਰਾ ਬਾਈਬਲ ਦੇ ਅਨੁਵਾਦ, ਵਿਆਕਰਣ ਤੇ

---

12. ਬੈਡਲੇ, ਬੀ.ਐਚ., "ਇੰਡੀਅਨ ਮਿਸ਼ਨਰੀ ਡਾਇਰੈਕਟਰੀ ਐਂਡ ਮੈਮੋਰੀਅਲ ਵਾਲਯੂਮ" ਲਖਨਊ, 1870, ਪੰਨਾ 130.

13. "ਈਸਾਈ ਮਿਸ਼ਨਰੀਆਂ ਦੀ ਪੰਜਾਬੀ ਨੂੰ ਦੇਣ" ਵਾਲੇ ਅਧਿਆਇ ਵਿਚ ਇਸ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਗਈ ਹੈ।

ਕੋਸ਼ ਪ੍ਰਕਾਸ਼ਤ ਹੋ ਚੁਕੇ ਸਨ। ਪੰਜਾਬ ਉੱਤੇ ਅੰਗਰੇਜ਼ੀ ਅਧਿਕਾਰ ਤੋਂ ਪਿਛੋਂ ਲਾਹੌਰ, ਅੰਮ੍ਰਿਤਸਰ ਤੇ ਹੋਰ ਉੱਘੇ ਸ਼ਹਿਰਾਂ ਵਿਚ ਛਾਪੇਖਾਨੇ ਜਾਰੀ ਹੋ ਗਏ, ਜਿਸ ਨਾਲ ਉਰਦੂ, ਹਿੰਦੀ, ਅੰਗਰੇਜ਼ੀ ਤੇ ਪੰਜਾਬੀ ਵਿਚ ਵੱਖ ਵੱਖ ਸੰਸਥਾਵਾਂ, ਵਿਅਕਤੀਆਂ ਫਿਰਕਿਆਂ ਤੇ ਧਰਮਾਂ ਵਲੋਂ ਪੱਤਰ-ਪੱਤਰਕਾਵਾਂ ਜਾਰੀ ਕੀਤੀਆਂ ਗਈਆਂ ਤੇ ਬਹੁਤ ਛੇਤੀ ਪੰਜਾਬ ਵਿਚ ਸੈਂਕੜੇ ਅਖ਼ਬਾਰਾਂ[14] ਦਾ ਜਾਲ ਵਿਛ ਗਿਆ। ਇਨ੍ਹਾਂ ਵਿਚੋਂ ਮੁਸਲਮਾਨਾਂ ਵਲੋਂ ਉਰਦੂ ਭਾਸ਼ਾ ਵਿਚ ਸਭ ਤੋਂ ਵੱਧ[15] ਅਖ਼ਬਾਰਾਂ ਤੇ ਰਸਾਲੇ ਛਾਪੇ ਗਏ, ਕਿਉਂਜੋ ਸ਼ੁਰੂ ਸ਼ੁਰੂ ਵਿਚ ਬਹੁਤੇ ਛਾਪੇਖਾਨਿਆਂ ਦੇ ਮਾਲਕ ਮੁਸਲਮਾਨ ਹੀ ਸਨ।[16] ਇਸ ਦੇ ਟਾਕਰੇ ਤੇ ਪੰਜਾਬੀ ਪੱਤਰਕਾਰੀ[17] ਦੀ ਚਾਲ ਬੜੀ ਮੱਧਮ, ਪੱਧਰ ਬੜੀ ਅਵਿਗਸਤ ਅਤੇ ਮੰਗ ਬੜੀ ਸੀਮਤ ਸੀ ਪਰ ਤਾਂ ਵੀ ਮੁਢਲੇ ਇਕ ਦੋ ਵਿਅਕਤੀਗਤ ਯਤਨਾਂ ਨੂੰ ਛੱਡ ਕੇ, ਸਿੰਘ ਸਭਾ ਦੇ ਆਗੂਆਂ ਵਲੋਂ ਵਿਚਾਰ-ਪ੍ਰਗਟਾਵੇ ਤੇ ਪ੍ਰਚਾਰ ਦੇ ਆਸ਼ਿਆਂ ਅਧੀਨ ਪੰਜਾਬੀ ਪੱਤਰਕਾਰੀ ਵਲ ਉਚੇਚਾ ਧਿਆਨ ਦਿੱਤਾ ਗਿਆ, ਜਿਸ ਨੇ ਪੰਜਾਬੀ ਵਾਰਤਕ ਤੇ ਵਿਕਾਸ ਵਿਚ ਬਹੁਤ ਹਿੱਸਾ ਪਾਇਆ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਪੰਜਾਬੀ ਪੱਤਰਕਾਰੀ ਮੁਢਲੀਆਂ ਔਕੜਾਂ ਨੂੰ ਪਾਰ ਕਰ ਕੇ ਆਪਣੇ ਪੈਰਾਂ ਤੇ ਖਲੋ ਚੁਕੀ ਸੀ ਅਤੇ ਇਸ ਨੇ ਆਪਣੇ ਲਈ ਲੋੜੀਂਦਾ ਵਾਤਾਵਰਣ, ਲੋੜੀਂਦੇ ਸਾਧਨ ਅਤੇ ਮਾਨਯੋਗ ਪੱਧਰ ਗ੍ਰਹਿਣ ਕਰ ਲਈ ਸੀ, ਜਿਸ ਦਾ ਸਿਹਰਾ ਕੁਝ ਕੁ ਉੱਘੇ ਵਿਦਵਾਨਾਂ ਦੇ ਸਿਰ ਹੈ ਜਿਨ੍ਹਾਂ ਨੇ ਬੜੀ ਮਿਹਨਤ, ਲਗਨ, ਸਿਰੜਤਾ ਤੇ ਸੂਰਮਗਤੀ ਨਾਲ ਵੱਖੋ ਵੱਖ ਅਖ਼ਬਾਰਾਂ ਨੂੰ ਆਰੰਭ ਕਰ ਕੇ, ਹਰ ਪ੍ਰਕਾਰ ਦੀਆਂ ਮਾਇਕ ਤੇ ਮਾਨਸਕ ਔਕੜਾਂ ਝੱਲ ਕੇ, ਇਨ੍ਹਾਂ ਅਖ਼ਬਾਰਾਂ ਨੂੰ ਜਾਰੀ ਰੱਖਿਆ ਅਤੇ ਪੰਜਾਬੀ ਭਾਸ਼ਾ, ਸਾਹਿੱਤ, ਵਿਸ਼ੇਸ਼ ਕਰ ਕੇ ਗੱਦ ਸਾਹਿੱਤ ਅਤੇ ਸਿੱਖ

---

14. ਜੋਨਜ਼-ਕੈਨਿਥ," 1880 ਈ. ਤੋਂ 1905 ਈ. ਦੇ ਦਰਮਿਆਨ ਸਾਰੀਆਂ ਭਾਸ਼ਾਵਾਂ ਵਿਚ 419 ਪੱਤਰ-ਪਤਰਕਾਵਾਂ ਪ੍ਰਕਾਸ਼ਤ ਹੋਈਆਂ" ਸੋਰਸਜ਼ ਔਫ ਪੰਜਾਬ ਹਿਸਟਰੀ-ਦਿੱਲੀ-1975 ਪੰਨਾ 258.

15. Barrier N.G."Language of the Press was overwhelmingly Urdu-approximately 82% of all the News Papers, 4% in Hindi,5.7% in English and 4.5% were in Panjabi." "The Panjab Press 1880-1905- East Lensing, Michigan,1970, p.3.

16. Ibid,"The Muslims of the Panjab were more active than other communities in the first years of printing and publishing as they owned most of the Presses and edited a large number of newspapers and journals." p255.

17. ਪੰਜਾਬੀ ਪੱਤਰ-ਕਾਰੀ ਬਾਰੇ ਸਵਿਸਤਾਰ ਚਰਚਾ ਇਕ ਵੱਖਰੇ ਅਧਿਆਇ ਵਿੱਚ ਕੀਤੀ ਗਈ ਹੈ।

ਜਨਤਾ ਦੀ ਵਡਮੁੱਲੀ ਸੇਵਾ ਕੀਤੀ। ਸਿੱਖ ਜਨਤਾ ਇਸ ਕਰ ਕੇ ਆਖਿਆ ਗਿਆ ਹੈ ਕਿਉਂਜੋ ਸੰਪਰਦਾਇਕ ਵਖੇਵਿਆਂ ਅਤੇ ਧਾਰਮਕ ਖਿੱਚੋਤਾਣ ਦੇ ਵਾਤਾਵਰਣ ਵਿਚ, ਪੰਜਾਬੀ ਅਖ਼ਬਾਰਾਂ ਕੇਵਲ ਸਿੱਖ ਹੀ ਪੜ੍ਹਦੇ ਸਨ। ਵਧੇਰੇ ਕਰ ਕੇ, ਇਨ੍ਹਾਂ ਅਖ਼ਬਾਰਾਂ ਦੀ ਸਹਾਇਤਾ ਤੇ ਸਰਪ੍ਰਸਤੀ ਸਿੱਖ਼ਸਰਦਾਰ , ਸਿੱਖ ਮਹਾਰਾਜੇ ਜਾਂ ਸਿੱਖ ਸੰਸਥਾਵਾਂ ਹੀ ਕਰਦੀਆਂ ਸਨ।

ਪੰਜਾਬ ਵਿਚ ਛਪਣ ਵਾਲੀਆਂ ਲਗਭਗ ਸਾਰੀਆਂ ਅਖ਼ਬਾਰਾਂ ਕੁਝ ਪੱਖਾਂ ਤੋਂ ਸਮਾਨ ਸਨ। ਖ਼ਬਰਾਂ ਤੋਂ ਬਿਨਾਂ, ਆਪੋ ਆਪਣੇ ਧਰਮ ਦੇ ਪ੍ਰਚਾਰ ਸੰਬੰਧੀ ਲੇਖ, ਕਵਿਤਾਵਾਂ, ਸੂਚਨਾਵਾਂ, ਧਾਰਮਕ ਗ੍ਰੰਥਾਂ ਵਿੱਚੋਂ ਟੂਕਾਂ ਲੈ ਕੇ ਉਨ੍ਹਾਂ ਦੀ ਵਿਆਖਿਆ ਅਤੇ ਕਿਸੇ ਵਿਸ਼ੇਸ਼ ਸਮੱਸਿਆ, ਵਾਦ-ਵਿਵਾਦ ਜਾਂ ਵਿਆਪਕ ਕੌਮੀ ਸੰਕਟ ਸੰਬੰਧੀ ਚਰਚਾ ਹੁੰਦੀ ਸੀ। ਜਾਂ ਫੇਰ ਦੂਜੇ ਧਰਮਾਂ ਉਤੇ ਹਮਲੇ ਜਾਂ ਹੋਰਨਾਂ ਫਿਰਕਿਆਂ ਵਲੋਂ ਆਪਣੇ ਧਰਮ ਤੇ ਹੋ ਰਹੇ ਹਮਲਿਆਂ ਦਾ ਉੱਤਰ ਹੁੰਦਾ ਸੀ।[18] ਕਦੇ ਕਦੇ ਪਰੰਪਰਾ ਜਾਂ ਵਰਤਮਾਨ ਨਾਲ ਚੰਬੜੇ ਰਹਿਣ ਦੀ ਬਜਾਇ ਨਵੀਨਤਾ ਜਾਂ ਝਟ ਪਟ ਤਬਦੀਲੀ ਦੀ ਭਾਵਨਾ ਜਾਂ ਰੀਝ ਦੀ ਪ੍ਰੇਰਨਾ ਹੁੰਦੀ ਸੀ। ਆਮ ਝੁਕਾ ਤੇ ਨੀਤੀ ਸਭ ਪੱਤਰਾਂ ਦੀ ਰਾਜ-ਭਗਤੀ ਵਾਲੀ ਹੀ ਸੀ ਅਤੇ ਰਾਜਸੀ ਸਮੱਸਿਆਵਾਂ ਜਾਂ ਦੇਸ਼-ਭਗਤੀ ਦੀ ਭਾਵਨਾ ਦਾ ਪ੍ਰਗਟਾਵਾ ਲਗ ਭਗ ਅਲੋਪ ਸੀ । ਕਦੇ ਕਦਾਈਂ ਕਿਸੇ ਅਖ਼ਬਾਰ ਵਿਚ ਭਾਰਤੀਆਂ ਨਾਲ ਅੰਗਰੇਜ਼ੀ ਸਰਕਾਰ ਵਲੋਂ ਕਿਸੇ ਪੱਖੋਂ ਹੋ ਰਹੀ ਬੇ-ਇਨਸਾਫ਼ੀ ਜਾਂ ਵਿਅੱਕਤੀਗਤ ਅੰਗਰੇਜ਼ ਅਧਿਕਾਰੀਆਂ ਦੀਆਂ ਜ਼ਿਆਦਤੀਆਂ ਆਦਿ ਵਿਰੁਧ ਰੋਸ ਜ਼ਰੂਰ ਹੁੰਦਾ ਸੀ, ਪਰ ਇਸ ਵਿਚ ਵੀ ਕ੍ਰਾਂਤੀ , ਵਿਦ੍ਰੋਹ, ਜਾਂ ਦੇਸ਼ ਪਿਆਰ ਦੇ ਜਜ਼ਬਾਤਾਂ ਦੀ ਲਗਭਗ ਅਣਹੋਂਦ ਹੀ ਸੀ। ਇਸ ਲਈ ਸਮੁੱਚੇ ਤੌਰ ਤੇ ਭਾਰਤੀ ਭਾਸ਼ਾਵਾਂ ਵਿਚ ਛਪਣ ਵਾਲੀਆਂ ਅਖ਼ਬਾਰਾਂ ਦੀ ਪੱਧਰ ਬਹੁਤ ਹੀ ਨੀਵੀਂ ਹੁੰਦੀ ਸੀ। ਫ਼ਾਰਸੀ, ਅਰਬੀ ਤੇ ਖ਼ਾਸ ਕਰ ਕੇ ਉਰਦੂ ਪੱਤਰਕਾਰੀ ਦੀ ਆਮ ਪੱਧਰ ਤੇ ਸਾਹਿੱਤਕ ਮਿਆਰ ਜ਼ਰੂਰ ਉਚੇਰਾ ਸੀ, ਕਿਉਂਜੋ 'ਹਿੰਦੁਸਤਾਨੀ' ਭਾਸ਼ਾ ਵਜੋਂ ਤੇ ਏਸੇ ਨਾਂ ਹੇਠ ਸਰਕਾਰ ਵਲੋਂ ਇਸ ਨੂੰ ਹਰ ਪ੍ਰਕਾਰ ਦਾ ਸਮਰਥਨ ਪ੍ਰਾਪਤ ਸੀ ਤੇ ਇਸ ਦਾ ਘੇਰਾ ਵੀ ਕਾਫ਼ੀ ਵਿਸ਼ਾਲ ਸੀ। ਪੰਜਾਬੀ ਪੱਤਰਕਾਰੀ ਦੀ ਪੱਧਰ ਜਾਂ ਮਿਆਰ ਆਮ ਕਰਕੇ ਕਾਫ਼ੀ ਨੀਵਾਂ ਤੇ ਅਤੇ ਅੰਗਰੇਜ਼ੀ ਉਰਦੂ ਜਾਂ ਹੋਰ ਭਾਸ਼ਾਵਾਂ ਵਿੱਚੋਂ ਖ਼ਬਰਾਂ ਤੇ ਸਾਮਗ੍ਰੀ ਲੈ ਕੇ ਡੰਗ ਸਾਰਿਆ ਜਾਂਦਾ ਸੀ। ਇਸ ਵਿਚ ਜੋਸ਼, ਗਰਮੀ, ਉਬਾਲ ਜਾਂ ਵਿਸ਼ੇਸ਼ ਉਤਸ਼ਾਹ ਉਸ ਵੇਲੇ ਪ੍ਰਗਟ ਹੁੰਦਾ ਸੀ ਜਦ ਹੋਰਨਾ ਧਰਮਾਂ ਵਾਲਿਆਂ ਨਾਲ ਵਾਦ-ਵਿਵਾਦ ਜਾਂ ਕਿਸੇ ਵਿਸ਼ੇਸ਼ ਮਾਮਲੇ ਸੰਬੰਧੀ ਟੱਕਰ ਚਲ ਰਹੀ ਹੋਵੇ ਜਾਂ ਕੌਮ ਦੇ ਵੱਖ ਵੱਖ ਧੜਿਆਂ ਵਿਚਕਾਰ ਕਿਸੇ ਸਮੱਸਿਆ ਸੰਬੰਧੀ ਮਤ-ਭੇਦ ਦਾ ਪ੍ਰਗਟਾਵਾ ਕਰਨਾ ਹੋਵੇ। ਉਸ ਵੇਲੇ ਦੇ ਉੱਘੇ ਪੰਜਾਬੀ ਪੱਤਰਾਂ ਵਿੱਚੋਂ ਕੁਝ ਕੁ

---

18. Ibid(15)," The Press was an important element in the struggles between rival communities or in regard to tensions within one community." p.2.

ਉਦਾਹਰਣਾਂ ਦੇਣ ਨਾਲ ਪੱਤਰਕਾਰੀ ਦੀ ਪੰਜਾਬੀ ਗੱਦ ਸਾਹਿੱਤ ਨੂੰ ਦੇਣ ਬਾਰੇ ਅਨੁਮਾਨ ਲਾਇਆ ਜਾ ਸਕਦਾ ਹੈ:-

(1) ਸਿੰਘ ਸਭਾ ਗਜ਼ਟ 12 ਅਗਸਤ 1893 ਈ. ਨੂੰ ਸਪਤਾਹਕ ਪੱਤਰ ਦੇ ਰੂਪ ਵਿਚ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ। ਪਹਿਲੇ ਪਰਚੇ ਦਾ ਸੰਪਾਦਕੀ ਨੋਟ ਇਸ ਪ੍ਰਕਾਰ ਸੀ:-

> " ਇਸ ਅਖ਼ਬਾਰ ਵਿਚ ਕੀ ਲਿਖਯਾ ਜਾਏਗਾ "
>
> " ਨਵੀਆਂ ਨਵੀਆਂ ਖ਼ਬਰਾਂ, ਦੇਸ ਦੇਸ ਦੇ ਸਮਾਚਾਰ, ਮੁਲਕੀ ਅਤੇ ਜੰਗੀ ਖਬਰਾਂ ਦੇ ਸੰਦੇਸ਼, ਸੋਹਣੇ ਸੋਹਣੇ ਲੇਖ, ਸੁੰਦਰ ਸੁੰਦਰ ਵਾਰਤਾ, ਗੁਰੂ ਜੀ ਦੇ ਉਪਕਾਰ, ਗੁਰਮਤ ਦਾ ਪ੍ਰਚਾਰ, ਗੁਰ ਮਰਯਾਦਾ ਦਾ ਵਿਸਤਾਰ, ਸਿੰਘ ਸਭਾ ਦੇ ਸਮਾਚਾਰ, ਗੁਰਪੁਰਬ ਤੇ ਸਿੰਘ ਸਭਾ ਦੇ ਆਨੰਦ-ਦਾਇਕ ਜੋੜ-ਮੇਲਾਂ ਦੇ ਇਸ਼ਤਿਹਾਰ, ਪੰਥ ਦੀਆਂ ਧਾਰਮਿਕ ਕਾਰਵਾਈਆਂ, ਗੁਰੂ ਅਸਥਾਨਾਂ ਤੇ ਤਖ਼ਤ ਸਾਹਿਬਾਨ ਅਤੇ ਉਨ੍ਹਾਂ ਦੇ ਕਰਮਚਾਰੀਆਂ ਦੀਆਂ ਕਾਰਵਾਈਆਂ, ਰਾਜਾ ਤੇ ਪਰਜਾ ਵਿਚ ਪ੍ਰੇਮ, ਅਤੇ ਭਗਤੀ ਵਧਾਉਣ ਵਾਲੇ ਲੇਖ, ਧਰਮ-ਸ਼ਾਸਤ੍ਰਾਂ ਦੇ ਸੰਖੇਪ ਖੁਲਾਸੇ, ਪੰਥ ਪ੍ਰਗਟ ਕਰਨ ਦੇ ਕਾਰਨ, ਖ਼ਾਲਸਾ ਪੰਥ ਸਨਾਤਨ ਸਿੱਧ ਕਰਨਾ, ਦਸਾਂ ਗੁਰੂਆਂ ਦੇ ਕਿਰਪਾਲੂ ਉਪਦੇਸ਼, ਕਲਯੁਗੀ ਸਿੱਖਾਂ ਦੇ ਹਾਲ, ਸਾਹਿਬਜ਼ਾਦਿਆਂ ਤੇ ਹੋਰ ਸ਼ਹੀਦਾਂ ਦਾ ਵਰਣਨ, ਕੌਮ ਦੀਆਂ ਲੋੜਾਂ ਪੂਰੀਆਂ ਕਰਵਾਉਣ ਲਈ ਸਰਕਾਰ ਅੱਗੇ ਬੇਨਤੀ ਕਰਨੀ, ਦੇਸ ਵਿਚ ਕੁਰੀਤੀਆਂ ਦਾ ਪਰੀ-ਤਿਆਗ, ਸਿੰਘ ਸਭਾ ਦੇ ਦਸਾਂ ਨਿਯਮਾਂ ਦਾ ਪ੍ਰਚਾਰ, ਗੁਰਬਾਣੀ ਤੇ ਗੁਰਮਤ ਦੇ ਪੁਸਤਕਾਂ ਦੀ ਸ੍ਰੇਸ਼ਟਤਾਈ ਪਰ ਲੇਖ, ਗੁਰਮੁਖੀ ਬਿਦਯਾ ਦੀ ਬ੍ਰਿਧੀ ਲਈ ਪ੍ਰਕਾਰ, ਰਹਿਤ ਬਹਿਤ, ਅਸੂਲ ਨਿਯਮ, ਮਨੋਰਥ ,ਧਰਮ-ਸਵਾਮੀ ਦੀ ਨਿਮਕ ਹਲਾਲੀ ਦੇ ਲਈ ਲੇਖ ਆਦਿ। "

ਉਪਰੋਕਤ ਲਿਖਤ ਤੋਂ ਦੋ ਤਿੰਨ ਨੁਕਤੇ ਸਪੱਸ਼ਟ ਹੋ ਕੇ ਸਾਹਮਣੇ ਆਉਂਦੇ ਹਨ:-

ੳ) ਅਖ਼ਬਾਰ ਦਾ ਮੂਲ ਉਦੇਸ਼ ਸਿੱਖੀ ਦਾ ਪ੍ਰਚਾਰ ਤੇ ਸਮਾਜ ਸੁਧਾਰ ਹੈ ਤੇ ਇਸ ਦੀ ਸਪੱਸ਼ਟ ਨੀਤੀ ਸਿੱਖੀ ਦੇ ਸਨਾਤਨੀ ਸਰੂਪ ਨੂੰ ਉਜਾਗਰ ਕਰਨ ਦੀ ਹੈ।

ਅ) ਅੰਗਰੇਜ਼ੀ ਰਾਜ ਦੇ ਵਿਰੁਧ ਕੌਮੀ ਜਾਂ ਦੇਸ਼ ਪਿਆਰ ਦੀ ਭਾਵਨਾ ਪੈਦਾ ਕਰਨ ਦੀ ਥਾਂ ਰਾਜਾ ਪਰਜਾ ਦਾ ਪ੍ਰੇਮ ਵਧਾਉਣਾ ਤੇ ਸਿੱਖੀ ਮੰਗਾਂ ਸੰਬੰਧੀ ਕੇਵਲ ਬੇਨਤੀ ਕਰਨੀ ਹੈ।

ੲ) ਭਾਵੇਂ ਸ਼ਬਦ-ਜੋੜ ਕੁਝ ਅੱਖਰਾਂ ਦੇ ਪੁਰਾਣੇ ਹਨ ਪਰ ਲਿਖਤ ਵਿਚ ਸਰਲਤਾ ਦੇ ਨਾਲ ਨਾਲ ਸੰਜਮ ਤੇ ਵਹਾ ਹੈ ਤੇ ਦੋ ਤਿੰਨਾਂ ਵਾਕਾਂ ਵਿਚ ਹੀ ਦੋ ਦਰਜਨ ਦੇ ਕਰੀਬ ਆਪਣੇ ਮਨੋਰਥ, ਆਸ਼ੇ ਜਾਂ ਉਸ ਵੇਲੇ ਦੇ ਧਰਮ ਤੇ ਸਮਾਜ ਦੀਆਂ ਕੁਰੀਤੀਆਂ ਤੇ ਉਨ੍ਹਾਂ ਦੇ ਸੁਧਾਰ ਲਈ, ਆਪਣੇ ਪੱਤਰ ਨੂੰ ਵਰਤਣ ਦਾ ਐਲਾਨ ਹੈ।

ਕਈ ਵਾਰੀ ਇਨ੍ਹਾਂ ਪੰਜਾਬੀ ਅਖ਼ਬਾਰਾਂ ਵਿਚ ਹੋਰ ਧਰਮਾਂ ਤੇ ਫਿਰਕਿਆਂ ਨਾਲ ਸਿੱਧੀ ਟੱਕਰ ਦੇ ਪਰਮਾਣ ਵੀ ਸਾਹਮਣੇ ਆਉਂਦੇ ਹਨ, ਅਤੇ ਉਨ੍ਹਾਂ ਦੇ ਸੰਚਾਲਕਾਂ ਦੇ ਨਿੱਜੀ ਚਰਿਤ੍ਰ ਤੇ ਉਨ੍ਹਾਂ ਵਲੋਂ ਪ੍ਰਚਾਰੇ ਜਾਂਦੇ ਵਿਚਾਰਾਂ ਦਾ ਬੜੇ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਮਿਲਦਾ ਹੈ। ਦੇਵ ਸਮਾਜ ਦੇ ਮੋਢੀ ਸਤਿਆਨੰਦ ਅਗਨੀਹੋਤਰੀ ਸੰਬੰਧੀ ਇਕ ਉਦਾਹਰਣ [19] ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗੀ :-

(2) "ਲਾਹੌਰ ਵਿਚ ਇਕ ਸਤਿਆਨੰਦ ਅਗਨੀਹੋਤ੍ਰੀ ਨਾਮੀ ਪੁਰਸ਼ ਹੈ। ਇਹ ਪਹਿਲਾਂ ਬ੍ਰਹਮ ਸਮਾਜ ਲਾਹੌਰ ਦਾ ਮਿੰਬਰ ਸੀ, ਪਰ ਕਈ ਕਾਰਨਾਂ ਕਰ ਕੇ, ਇਸ ਦੀ ਸਮਾਈ ਉਥੇ ਨਾ ਹੋ ਸਕੀ। ਇਸ ਲਈ ਇਸ ਸ਼ਖ਼ਸ ਨੇ ਉਸ ਸਮਾਜ ਤੋਂ ਜੁਦਾ ਹੋਨ ਪਰ ਅਪਨੀ ਵੱਖਰੀ ਮੰਡਲੀ ਰਚ ਲਈ, ਜਿਸ ਦਾ ਨਾਉ ਦੇਵ ਸਮਾਜ ਰੱਖਿਆ ਤੇ ਅਪਣਾ ਨਾਮ ਦੇਵ ਗੁਰੂ ਧਾਰਿਆ। ਆਪਣੇ ਪੁਤਰਾਂ ਨੂੰ ਸਕੂਲ ਕਾਲਜ ਦੀ ਪੜ੍ਹਾਈ ਵਿਚ ਬਰਾਬਰ ਲਗਾਤਾਰ ਰੱਖਿਆ। ਜੋ ਹੁਨ ਤਕ ਜਾਰੀ ਹੈ। ਮਗਰ ਹੋਰ ਦੁਹ ਚਹੁ ਪੁਰਾਏ ਪੁਤਰਾਂ ਨੂੰ ਘਰੋਂ ਬਾਰੋਂ ਨਸਾ, ਸਿਰ ਮੂੰਹ ਮੁਨਾ, ਭਗਵੀਆਂ ਲੀਰਾਂ ਪਵਾ, ਇਰਦ ਗਿਰਦ ਬਠਾ, ਆਪ ਅਜੇਹੇ ਮੁਰੀਦਾਂ ਦਾ ਪੀਰ ਬਣ ਬੈਠਾ।"

(3) ਹਰਿਮੰਦਿਰ ਸਾਹਿਬ ਅੰਮ੍ਰਿਤਸਰ, ਜਿਹੜਾ ਸਿੱਖੀ ਦਾ ਸਭ ਤੋਂ ਬੜਾ ਕੇਂਦਰ ਤੇ ਖਾਲਸੇ ਦੀ ਗੌਰਵਤਾ ਤੇ ਪ੍ਰਭੁਤਾ ਦਾ ਪ੍ਰਤੀਕ ਹੈ, ਉਸ ਦੀ ਦਸ਼ਾ ਜਿਹੜੀ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਸੀ, ਉਸ ਸੰਬੰਧੀ ਵਰਣਨ ਦੇਖੋ:-[20]

"ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾਂ ਵਿਚ ਇਤਨੀ ਬੇਅਦਬੀ ਹੁੰਦੀ ਹੈ ਜੋ ਕਥਨ ਤੋਂ ਬਾਹਰ ਹੈ। ਤਾਸ਼ ਅਤੇ ਸ਼ਤਰੰਜ ਖੇਲੀ ਜਾਂਦੀ ਹੈ। ਗਨੇਰੀਆਂ ਚੂਪ ਕੇ ਜੂਠੇ ਛਿਲੜ ਪ੍ਰਕਰਮਾ ਵਿਚ ਸੁਟੇ ਜਾਂਦੇ ਹਨ। ਰੋਟੀਆਂ ਖਾਂਦੇ ਮਹਾਂ-ਪ੍ਰਸਾਦ ਛਕਦੇ ਹਨ। ਕਈ ਵਾਰੀ ਸੰਖੀਆਂ ਚੁਕ ਕੇ ਬਾਹਰ ਸੁਟੀਆਂ ਗਈਆਂ ਹਨ। ਬਹੁਤ ਹਿੰਦੂ ਰਾਤ ਨੂੰ ਪ੍ਰਕਰਮਾਂ ਵਿਚ ਸੌਂ ਜਾਂਦੇ ਤੇ ਮੁਠੀਆਂ ਭਰਵਾਉਂਦੇ ਹਨ। ਜੇਕਰ ਉਨ੍ਹਾਂ ਨੂੰ ਮਨ੍ਹਾਂ ਕੀਤਾ ਜਾਵੇ ਤਾਂ ਲੜਨ ਨੂੰ ਤਿਆਰ ਹੁੰਦੇ ਹਨ, ਚੌਕੀ ਸਾਹਿਬ ਆਇਆਂ ਜਾਂ ਅਰਦਾਸ ਹੋਣ

---

19. ਗੁਰਮੁਖੀ ਅਖਬਾਰ, ਜਿਲਦ-1 ਨੰਬਰ 16 ਮਿਤੀ 15 ਸਤੰਬਰ 1893, ਪੰਨਾ 3.
20. ਖਾਲਸਾ ਅਖ਼ਬਾਰ ਲਾਹੌਰ ਦੇ 14 ਅਕਤੂਬਰ 1898 ਈ. ਦੇ ਅੰਕ ਵਿੱਚੋਂ।

ਲਗਿਆਂ ਖੜੇ ਨਹੀਂ ਹੁੰਦੇ, ਆਖਨ ਤੇ ਕਹਿੰਦੇ ਹਨ ਕਿ ਅਸੀਂ ਸੈਰ ਲਈ ਆਏ ਹਾਂ, ਜਿਸ ਦਾ ਜਿਸਦਾ ਹੈ ਉਹ ਖੜਾ ਹੋ ਜਾਵੇ । ਹੋਰ ਇਤਨੀਆਂ ਬੇਅਦਬੀਆਂ ਕਰਦੇ ਹਨ ਕਿ ਕਹਿਣੇ ਦੀ ਬਾਤ ਨਹੀਂ। ਪਿੱਤਲ ਦੇ ਬੁਤ ਜਿਨ੍ਹਾਂ ਨੂੰ ਬ੍ਰਾਹਮਣ ਠਾਕਰ ਆਖਦੇ ਹਨ, ਉਨ੍ਹਾਂ ਨੂੰ ਮਿੱਟੀ ਨਾਲ ਮਾਂਜ ਕੇ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਧੋਂਦੇ ਹਨ ਤੇ ਧੋਤੀਆਂ ਸਾਫ਼ੇ ਵੀ ਅੰਮ੍ਰਿਤ ਵਿਚ ਪਾਉਂਦੇ ਹਨ।"

ਉਸ ਵੇਲੇ ਦੀ ਕੋਈ ਪੰਜਾਬੀ ਅਖ਼ਬਾਰ ਚੁਕ ਕੇ ਦੇਖ ਲਉ, ਸਭਨਾਂ ਵਿਚ ਲਗਭਗ ਇੱਕੋ ਪੱਧਰ ਤੇ ਇੱਕੋ ਜਿਹੀ ਭਾਸ਼ਾ ਵਿਚ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਦਾ ਵਰਣਨ, ਹੋਰਨਾਂ ਧਰਮਾਂ ਵਲੋਂ ਸਿੱਖੀ ਤੇ ਹੁੰਦੇ ਹੱਲੇ, ਆਪਸੀ ਫੁਟ, ਜਾਂ ਸਮਕਾਲੀ ਘਟਨਾਵਾਂ, ਜਿਨ੍ਹਾਂ ਤੋਂ ਸਿੱਖੀ ਨੂੰ ਹਾਨੀ ਪੁਜਦੀ ਹੋਵੇ, ਦਾ ਵਰਣਨ ਹੁੰਦਾ ਸੀ। ਭਾਸ਼ਾ ਵਿਚ ਵਧੇਰੇ ਠੇਠਤਾ ਤੇ ਬਿਆਨ ਵਿਚ ਸਰਲਤਾ ਤੇ ਸਪੱਸ਼ਟਤਾ ਹੁੰਦੀ ਸੀ। ਥਾਂ ਦੀ ਥੁੜ ਕਰਕੇ ਲਿਖਤ ਵਿਚ ਬੜੇ ਸੰਜਮ ਤੋਂ ਕੰਮ ਲਿਆ ਜਾਂਦਾ ਸੀ , ਪਰ ਸਾਹਿੱਤਕ ਗੁਣਾਂ ਵਾਲੀ ਉੱਤਮ ਜਾਂ ਸ੍ਰੇਸ਼ਟ ਵਾਰਤਕ ਦੇ ਨਮੂਨੇ ਕਦੇ ਕਦਾਈਂ ਹੀ ਸਾਹਮਣੇ ਆਉਂਦੇ ਸਨ ਜਿਨ੍ਹਾਂ ਵਿਚ ਨਿਆਇ-ਯੁਕਤ ਜਾਂ ਬਾਦਲੀਲ ਲਿਖਤ, ਸੱਭਯ ਤੇ ਖਿੱਚ-ਭਰਪੂਰ ਸ਼ੈਲੀ ਅਤੇ ਸੁਧ ਤੇ ਠੇਠ ਲਹਿਜੇ ਵਾਲੀ ਭਾਸ਼ਾ ਵਰਤ ਕੇ ਕਿਸੇ ਉਚੇਰੇ ਸਾਹਿੱਤਕ ਸੋਹਜ ਨੂੰ ਪੈਦਾ ਕੀਤਾ ਗਿਆ ਹੋਵੇ। ਪਹਿਲੀ ਵਾਰੀ ਸਾਨੂੰ ਭਾਈ ਵੀਰ ਸਿੰਘ ਦੁਆਰਾ ਜਾਰੀ ਕੀਤੇ ਸਪਤਾਹਕ 'ਖਾਲਸਾ ਸਮਾਚਾਰ'[21] ਤੋਂ ਇਸ ਘਾਟ ਦੀ ਪੂਰਤੀ ਹੁੰਦੀ ਦਿਖਾਈ ਦਿੰਦੀ ਹੈ । ਸਿਆਣੇ ਪਾਠਕਾਂ ਨੇ ਇਸ ਦੇ ਪਹਿਲੇ ਅੰਕ ਵਿਚ ਛਪੇ "ਕੌਮੀ ਬਨਾਵਟ" ਵਾਲੇ ਲੇਖ ਤੋਂ ਹੀ ਇਸ ਪੱਤਰ ਦੀਆਂ ਸਾਹਿੱਤਕ ਸੰਭਾਵਨਾਵਾਂ ਦਾ ਅਨੁਮਾਨ ਲਾ ਲਿਆ ਸੀ —

"ਕਦੀ ਆਪ ਨੇ ਕਿਸੇ ਸੁੰਦਰ ਚੂਨੇ ਗੱਚ ਮਹੱਲ ਨੂੰ ਵੇਖ ਕੇ ਸੋਚਿਆ ਹੈ ਕਿ ਇਸ ਦੀ ਰਚਨਾ ਕਿਸ ਤਰ੍ਹਾਂ ਹੋਈ ਹੈ। ਜਦ ਪਹਿਲੇ ਦੇਖੀਏ ਤਾਂ ਸਾਰਾ ਮਹੱਲ ਇਕ ਰੂਪ ਦਿਸਦਾ ਹੈ। ਸਭ ਕੋਈ ਉਸ ਨੂੰ ਇਕ ਮਹੱਲ ਜਾਣਦਾ ਹੈ ਪਰ ਇਕ ਹੋਣ ਤੇ ਉਹ ਅਨੇਕ ਪ੍ਰਕਾਰ ਦੇ ਸੁਖਾਂ ਦਾ ਦਾਤਾ ਹੁੰਦਾ ਹੈ ਅਰ ਮੀਂਹ ਹਨੇਰੀ, ਗੜੇ ਬਿਜਲੀ ਅਤੇ ਧੁਪ ਆਦਿ ਨਾਸ਼ ਕਰਨੇ ਵਾਲੇ ਵੈਰੀਆਂ ਤੋਂ ਬਚਿਆ ਖੜਾ ਰਹਿੰਦਾ ਹੈ। ਕਿਸੇ ਪ੍ਰਕਾਰ ਦਾ ਕਸ਼ਟ ਉਸ ਨੂੰ ਨਹੀਂ ਤੋੜ ਸਕਦਾ, ਪਰ ਜਦ ਪਾਣੀ ਦੇ ਅਸਰ ਨਾਲ

21. 'ਖ਼ਾਲਸਾ ਸਮਾਚਾਰ' ਦਾ ਪਹਿਲਾ ਅੰਕ 17 ਨਵੰਬਰ 1899 ਈ. ਨੂੰ ਪ੍ਰਕਾਸ਼ਤ ਹੋਇਆ। ਪੰਜਾਬੀ ਦਾ ਇਹ ਸਭ ਤੋਂ ਪੁਰਾਣਾ ਅਖ਼ਬਾਰ ਇੱਕੋ ਨੀਤੀ ਨੂੰ ਅਪਣਾਉਂਦਾ ਹੋਇਆ, ਅੱਜ ਤਕ ਜਾਰੀ ਹੈ।

ਉਤੋਂ ਚੂਨਾ ਉਖੜ ਕੇ ਕਲਰੀ ਮਿੱਟੀ ਵਾਂਗ ਡਿਗਣ ਲਗ ਪਵੇ ਤਦ ਲੱਖਾਂ ਇੱਟਾਂ ਵੱਖੋ ਵੱਖ ਦਿਸਣ ਲਗ ਪੈਂਦੀਆਂ ਹਨ, ਪਰ ਅਜੇ ਮਹਲ ਖੜਾ ਰਹਿੰਦਾ ਹੈ। ਜਦ ਪਾਣੀ ਉਸ ਦੀਆਂ ਕੰਧਾਂ ਦੇ ਅੰਦਰ ਧੱਸ ਜਾਂਦਾ ਹੈ, ਤਦ ਵਿਚਲਾ ਚੂਨਾਂ ਫੁਲ ਫੁਲ ਕੇ ਕਿਰਨ ਲਗ ਪੈਂਦਾ ਹੈ, ਅਰ ਤ੍ਰੇੜਾਂ ਤ੍ਰੇੜਾਂ ਹੋ ਕੇ ਮਕਾਨ ਡਿਗਣ ਲਗ ਜਾਂਦਾ ਹੈ, ਅਰ ਇਕ ਦਿਨ ਇਟ ਇਟ ਹੋ ਕੇ ਮਿੱਟੀ ਨਾਲ ਰਲ ਜਾਂਦਾ ਹੈ।

ਇਸ ਪਰਮਾਨ ਤੋਂ ਜਦ ਅਸੀਂ ਕੌਮ ਦੀ ਦੁਰਦਸ਼ਾ ਦੇਖੀਏ ਤਾਂ ਸਮਝ ਆ ਜਾਂਦੀ ਹੈ ਕਿ ਠੀਕ ਮਹਲ ਦੀ ਉਮਰਾ ਘਟਦੀ ਹੈ। ਕੌਮ ਵਿਚ ਲੱਖਾਂ ਕ੍ਰੋੜਾਂ ਆਦਮੀ, ਮਹੱਲ ਦੀਆਂ ਇੱਟਾਂ ਵਾਂਗ ਹੁੰਦੇ ਹਨ ਪਰ ਪ੍ਰਸਪਰ ਪ੍ਰੀਤੀ ਅਰ ਧਾਰਮਕ ਅਸੂਲਾਂ ਦਾ ਉਨ੍ਹਾਂ ਵਿੱਚ ਚੂਨਾ ਲਗਾ ਹੁੰਦਾ ਹੈ... ਅਰ ਉਸੇ ਤਬਾਹੀ ਦੀ ਸੜਕ ਉਤੇ ਹੁਣ ਖਾਲਸਾ ਕੌਮ ਨੇ ਕਦਮ ਧਰ ਦਿੱਤਾ ਹੈ।"

" ਭਾਈ ਵੀਰ ਸਿੰਘ ਨੇ ਖਾਲਸਾ ਸਮਾਚਾਰ ਰਾਹੀਂ ਪੰਜਾਬੀ ਪੱਤਰ-ਕਾਰੀ ਦੀ ਵਡਮੁਲੀ ਸੇਵਾ ਕੀਤੀ ਹੈ। ਪੰਜਾਬੀ ਪੱਤਰਕਾਰੀ ਭਾਈ ਸਾਹਿਬ ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ, ਪਰ ਜਿਹੜੀ ਨੀਤੀ ਭਾਈ ਸਾਹਿਬ ਨੇ ਆਪਣੇ ਸਪਤਾਹਕ ਵਿਚ ਸੰਪਾਦਕ ਦੇ ਤੌਰ ਤੇ ਅਪਣਾਈ, ਉਸ ਦੀ 'ਖਾਲਸਾ ਅਖਬਾਰ' ਲਾਹੌਰ ਦੇ ਸੰਪਾਦਕ ਗਿਆਨੀ ਦਿੱਤ ਸਿੰਘ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਪ੍ਰਸੰਸਾ ਕੀਤੀ:" ਅਸੀਂ_ਬਹੁਤੇ ਹੀ ਤੇਜ਼ ਸਾਂ, ਪਰ ਜੋ ਰੀਤੀ 'ਖ਼ਾਲਸਾ ਸਮਾਚਾਰ' ਨੇ ਫੜੀ ਹੈ, ਬੜੀ ਚੰਗੀ ਰਹੇਗੀ।"[22]

ਡਾਕਟਰ ਗੰਡਾ ਸਿੰਘ[23] ਦਾ ਵਿਚਾਰ ਹੈ ਕਿ 'ਨਿਰਗੁਣਆਰਾ' ਦੇ ਸੀਮਤ ਆਕਾਰ, ਘੱਟ ਪਾਠਕਾਂ ਤੇ ਇਸ ਦੇ ਮਹੀਨੇ ਵਿੱਚ ਇੱਕੋ ਵਾਰੀ ਛਪ ਕੇ ਪਾਠਕਾਂ ਤਕ ਪੁਜਣ ਦੀ ਮਜਬੂਰੀ ਤੇ ਘਾਟ ਨੇ ਭਾਈ ਵੀਰ ਸਿੰਘ ਨੂੰ ਪ੍ਰੇਰਿਆ ਕਿ ਉਹ ਸਪਤਾਹਕ ਪੱਤਰ ਜਾਰੀ ਕਰਨ, ਜਿਸ ਰਾਹੀਂ ਹਰ ਹਫ਼ਤੇ ਉਹ ਨਵੇਂ ਤੋਂ ਨਵੇਂ ਲੇਖਾਂ, ਸੰਪਾਦਕੀ ਨੋਟਾਂ ਤੇ ਹੋਰ ਸਾਮੱਗ੍ਰੀ ਨੂੰ ਵੱਧ ਗਿਣਤੀ ਵਿਚ ਆਮ ਸਿੱਖ ਜਨਤਾ ਤਕ ਪੁਚਾ ਸਕਣ। 'ਖ਼ਾਲਸਾ ਸਮਾਚਾਰ' ਦੀ ਨੀਤੀ, ਨਿਰੋਲ ਧਾਰਮਕ ਸੀ ਜਿਸ ਵਿਚ ਸਿੱਖ ਗੁਰੂਆਂ ਤੇ ਗੁਰੂ ਗ੍ਰੰਥ ਸਾਹਿਬ ਉਤੇ ਅਟੱਲ ਵਿਸ਼ਵਾਸ਼ ਦਾ ਸੁਨੇਹਾ ਸੀ। ਧਰਮ ਤੋਂ ਬਿਨਾਂ ਦੂਜਾ ਮਨੋਰਥ ਪੰਜਾਬੀ ਭਾਸ਼ਾ ਦਾ ਪ੍ਰਚਾਰ ਤੇ ਇਸ ਦਾ ਸਰਬ-ਪੱਖੀ ਵਿਕਾਸ ਸੀ। ਇਸ ਸੰਬੰਧੀ

---

22. ਕੋਹਲੀ-ਸੁਰਿੰਦਰ ਸਿੰਘ(ਡਾਕਟਰ), 'ਪਰਖ', ਭਾਈ ਵੀਰ ਸਿੰਘ ਸਿਮ੍ਰਿਤੀ ਅੰਕ', ਜਿਲਦ-1, 1972, ਪੰਨਾ 158.
23. ਗੰਡਾ ਸਿੰਘ(ਡਾਕਟਰ), 'ਪੰਜਾਬ ਪਾਸਟ ਐਂਡ ਪ੍ਰੈਜ਼ੰਟ', ਪਟਿਆਲਾ, ਅਕਤੂਬਰ-1972, ਪੰਨਾ 250-253.

ਭਾਈ ਸਾਹਿਬ ਨੇ 'ਖਾਲਸਾ ਸਮਾਚਾਰ' ਵਿਚ 'ਮਾਦ੍ਰੀ ਬੋਲੀ' ਸਿਰਲੇਖ ਹੇਠ ਜੋ ਸੰਪਾਦਕੀ ਨੋਟ ਲਿਖਿਆ, ਉਸ ਤੋਂ, ਜਿੱਥੇ ਉਨ੍ਹਾਂ ਦਾ ਪੰਜਾਬੀ ਲਈ ਪਿਆਰ ਡੁਲ੍ਹ ਡੁਲ੍ਹ ਪੈਂਦਾ ਦਿਖਾਈ ਦਿੰਦਾ ਹੈ, ਉਥੇ ਇਹ ਲੇਖ ਉਨ੍ਹਾਂ ਦੀ ਉੱਤਮ ਗੱਦ-ਸ਼ੈਲੀ ਦਾ ਵੀ ਪਰਮਾਣ ਹੈ:-

" ਸੱਚ ਮੁਚ ਅਸੀਂ ਉਨ੍ਹਾਂ ਰੂੰ ਦੇ ਗੋੜ੍ਹਿਆਂ ਵਰਗੇ ਹਾਂ, ਜੋ ਸੁਨਹਿਰੀ ਛੱਤਾਂ ਹੇਠ ਇਸ ਗੱਲ ਲਈ ਲਟਕਾਏ ਜਾਂਦੇ ਹਨ ਕਿ ਦੀਵੇ ਦਾ ਧੂੰ ਉਨ੍ਹਾਂ ਨੂੰ ਕਾਲਿਆਂ ਕਰੇ ਪਰ ਛੱਤ ਨੂੰ ਅਜਾਂ ਨਾ ਲਗੇ। ਕਿਉਂਕਿ ਰੂੰ ਵਿਚ ਇਹ ਗੁਣ ਹੁੰਦਾ ਹੈ ਕਿ ਧੂੰਏ ਦੀ ਕਾਲਕ ਨੂੰ ਆਪਣੇ ਵਲ ਖਿੱਚ ਲੈਂਦਾ ਹੈ। ਖ਼ਾਲਸਾ ਕੌਮ ਵਲ ਜਦ ਅਸੀਂ ਨਜ਼ਰ ਪਾ ਕੇ ਦੇਖਦੇ ਹਾਂ ਤਾਂ ਕਾਲਜਾ ਪੀੜਿਆ ਜਾਂਦਾ ਹੈ ਕਿ ਨਿਆਣੇ ਬਾਲਕਾਂ ਵਾਂਗ ਏਹ ਕਿਉਂ ਲੋਕਾਂ ਦੀਆਂ ਬਦੀਆਂ ਦੇ ਨਕਲੱਚੀ ਹੁੰਦੇ ਜਾਂਦੇ ਹਨ। ਬੰਗਾਲੀਆਂ ਵਲ ਨਜ਼ਰ ਮਾਰੋ। ਬੜੇ ਥੋੜ੍ਹੇ ਚਿਰ ਵਿਚ ਉਨ੍ਹਾਂ ਲੋਕਾਂ ਅਪਨੀ ਵਿਦਯਾ ਨੂੰ ਵਧਾਇਆ ਹੈ, ਅਰ ਆਪਣੀ ਬੋਲੀ ਨੂੰ ਹਿੰਦੁਸਤਾਨ ਦੀਆਂ ਸਭ ਬੋਲੀਆਂ ਨਾਲੋਂ ਵੱਡੀ ਕਰ ਦਿਖਾਇਆ ਹੈ । ਉਨ੍ਹਾਂ ਵਿਚ ਨਾਇਕ ਕਵੀਸ਼ੁਰ, ਗ੍ਰੰਥ ਕਰਤਾ, ਪੁਸਤਕਾਂ ਰਚਨੇ ਵਾਲੇ ਅਰ ਅਖ਼ਬਾਰਾਂ ਦੇ ਐਡੀਟਰ ਤੇ ਵਿਦਯਾ ਵਿਗਯਾਨ ਵੇਤਾ ਐਸੇ ਐਸੇ ਨਾਇਕ ਤੀਵੀਆਂ ਅਰ ਮਰਦ ਨਿਕਲੇ ਹਨ ਕਿ ਜਿਨ੍ਹਾਂ ਦੇ ਕੀਤਾਂ ਦੇ ਤਰਜਮੇ (ਉਲਥੇ) ਅੰਗਰੇਜ਼ੀ ਤੇ ਜਰਮਨੀ ਦੀਆਂ ਬੋਲੀਆਂ ਵਿਚ ਹੋਏ ਹਨ। ਅਰ ਕਈ ਯੂਰਪ ਦੇ ਵਿਦਵਾਨ ਕਹਿੰਦੇ ਕਿ ਏਹ ਸੱਚੇ ਵਿਦਵਾਨ ਹਨ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੇ ਅੰਗਰੇਜ਼ਾਂ ਦੇ ਔਗੁਣ ਦੀ ਨਕਲ ਨਹੀਂ ਲਾਈ। ਅੰਗਰੇਜ਼ਾਂ ਦੇ ਉਸ ਪਯਾਰ ਨੂੰ ਜੋ ਉਹ ਆਪਣੀ ਮਾਦਰੀ ਅੰਗਰੇਜ਼ੀ ਬੋਲੀ ਨਾਲ ਰਖਦੇ ਹਨ, ਲੈ ਕੇ ਆਪਣੀ ਬੰਗਾਲੀ ਬੋਲੀ ਨਾਲ ਪਿਆਰ ਪਾਇਆ। ਉਨ੍ਹਾਂ ਦੇ ਜਵਾਨ ਵਿਦਯਾਰਥੀ ਕਦੇ ਅੰਗਰੇਜ਼ੀ ਫ਼ਾਰਸੀ ਗੀਤ ਨਹੀਂ ਗਾਉਂਦੇ, ਆਪਣੇ ਬੰਗਾਲੀ ਗੀਤ ਗਾਉਂਦੇ ਹਨ। ਬੰਗਾਲੀ ਪੁਸਤਕ ਪੜ੍ਹਦੇ ਹਨ, ਇਥੋਂ ਤਕ ਕਿ ਆਪਸ ਦੀਆਂ ਚਿੱਠੀਆਂ ਬੰਗਾਲੀ ਵਿੱਚ ਲਿਖਦੇ ਹਨ। ਇਸ ਗੁਣ ਨੂੰ ਗ੍ਰਹਿਣ ਕਰਨੇ ਤੇ ਬੜੀ ਤ੍ਰੱਕੀ ਕਰ ਗਏ ਹਨ। ਇਸੇ ਇਕ ਗਲ ਨੂੰ ਲੈ ਕੇ ਅਸੀਂ ਪੰਜਾਬੀਆਂ ਵਲ ਵੇਖਦੇ ਹਾਂ ਤਾਂ ਸੱਚ ਮੁਚ ਦੂਜੇ ਲੋਕਾਂ ਦੇ ਢੱਗੇ ਹੀ ਦਿਸਦੇ ਹਨ। ਕੋਈ ਲੋਕ ਤਾਂ ਉਰਦੂ ਬੋਲੀ ਨੂੰ ਫੈਲਾ ਰਹੇ ਹਨ ਅਰ ਉਰਦੂ ਨਾਲ ਵਿਹਾਰ ਰਖਦੇ ਹਨ ਅਰ ਪੰਜਾਬੀ ਨੂੰ ਜਟਕੀ ਬੋਲੀ ਕਹ ਕੇ ਨਕ ਵਟਦੇ ਹਨ। ਦੂਜੇ ਕਈ ਲੋਕ ਐਸੇ ਹਨ ਜੋ ਹਿੰਦੀ ਬੋਲੀ ਨੂੰ ਫੈਲਾਉਂਦੇ ਹਨ ਅਰ ਪੰਜਾਬੀ ਨੂੰ ਗ੍ਰਾਮੀਨ ਭਾਸ਼ਾ ਕਹਿੰਦੇ ਹਨ। ਅਰ ਤਮਾਸ਼ਾ ਇਹ ਹੈ ਕਿ ਇਨ੍ਹਾਂ ਪੰਜਾਬੀਆਂ ਦੇ ਉਰਦੂ ਤੇ ਹਿੰਦੀ ਲਿਖਣੇ ਵਾਲਿਆਂ ਦੀ ਕਦਰ ਹਿੰਦੁਸਤਾਨ ਦੇ ਲੋਕ ਰਤਾ ਨਹੀਂ ਕਰਦੇ ਕਿਉਂਕਿ ਇਹ ਲੋਕ ਉਨ੍ਹਾਂ ਵਰਗਾ ਸੁਥਰਾ ਲਿਖ ਨਹੀਂ ਸਕਦੇ। ਕਾਂ ਹੰਸਾਂ ਦੀ ਬੋਲੀ ਬੋਲਦੇ ਨਾ ਹੰਸਾਂ ਵਿਚ ਆਦਰ ਪਾਉਂਦੇ ਹਨ ਨਾ ਕਾਵਾਂ ਵਿੱਚ..... ।"

" ਸਿਖ ਲੋਕ ਵੀ ਇਸ ਬੋਲੀ ਨੂੰ ਛੱਡਣ ਲਗ ਪਏ ਹਨ। ਉਰਦੂ ਦੇ ਸ਼ੇਅਰ ਗਾਉਂਦੇ ਹਨ, ਗਜ਼ਲਾਂ ਨੂੰ ਪਸੰਦ ਕਰਦੇ ਹਨ। ਖ਼ਤ ਪੱਤਰ ਉਰਦੂ ਜਾਂ ਅੰਗਰੇਜ਼ੀ ਵਿਚ ਲਿਖਦੇ ਹਨ। ਬੋਲ ਚਾਲ

ਵਿਚ ਜਾਂ ਤਾਂ ਕਚ ਘਰੜ ਉਰਦੂ ਬੋਲਦੇ ਹਨ ਜਾਂ ਉਹ ਟੁਟੀ ਫੁਟੀ ਹਿੰਦੀ ਬੋਲਦੇ ਹਨ, ਜੋ ਸਾਧ ਵਰਤਦੇ ਹਨ, ਨਾ ਹਿੰਦੀ ਨਾ ਪੰਜਾਬੀ। ਘਰ ਘਰੇਕ ਦਾ ਤੇ ਪੈਰ ਤੂਤ ਦੇ।.. ਸਾਰੇ ਪੰਜਾਬ ਦੇ ਡਾਕਖ਼ਾਨਿਆਂ, ਦਫ਼ਤਰਾਂ, ਅਰ ਕਚਹਿਰੀਆਂ ਵਿਚ ਦੇਸੀ ਬੋਲੀ ਦੀ ਥਾਂ ਉਰਦੂ ਪ੍ਰਧਾਨ ਹੋ ਰਹੀ ਹੈ ਅਰ ਪੰਜਾਬੀ ਬੋਲੀ ਜੋ ਲਗ ਭਗ ਡੇਢ ਕ੍ਰੋੜ ਲੋਕਾਂ ਦੀ ਮਾਤ੍ਰੀ ਭਾਸ਼ਾ ਹੈ, ਕੇਵਲ ਆਮ ਬੋਲੀ ਦੇ ਵਰਤਣ ਦੀ ਹੋ ਰਹੀ ਹੈ।"

" ਕਦੇ ਅੰਗਰੇਜ਼ਾਂ ਵਿਚ ਵੀ ਇਹ ਦੂਸ਼ਣ ਹੁੰਦਾ ਸੀ। ਵੱਡੇ ਲੋਕੀਂ ਤਾਂ ਫ਼੍ਰਾਂਸੀਸੀ ਬੋਲੀ ਬੋਲਦੇ ਸੀ ਪਰ ਆਮ ਵਰਤਾਰੇ ਵਿਚ ਅੰਗਰੇਜ਼ੀ ਸੀ। ਜਦ ਤਕ ਇਨ੍ਹਾਂ ਨੇ ਆਪਣੀ ਬੋਲੀ ਨੂੰ ਨੀਚ ਜਾਣੀ ਰੱਖਿਆ, ਆਪ ਨੀਵੇਂ ਰਹੇ ਪਰ ਜਦ ਇਨ੍ਹਾਂ ਨੇ ਫ਼੍ਰਾਂਸੀਸੀ ਬੋਲੀ ਨੂੰ ਮਰੋੜ੍ਹੀ ਜਾਣ ਕੇ ਕੱਢ ਦਿੱਤਾ ਤੇ ਆਪਣੀ ਬੋਲੀ ਦੀ ਕਦਰ ਕੀਤੀ, ਇਨ੍ਹਾਂ ਦੀ ਕਦਰ ਸਾਰੇ ਸੰਸਾਰ ਵਿਚ ਹੋਣ ਲਗੀ।"

" ਅਚਰਜ ਫੇਰ ਏਹ ਦੇਖਦੇ ਹਾਂ ਕਿ ਸਾਰੇ ਉੜਦੂ ਖਾਂ ਤੇ ਹਿੰਦੀ ਦੇ ਪਯਾਰੇ ਅਰ ਆ ਕੇ ਪੰਜਾਬੀ ਬੋਲਦੇ ਹਨ, ਕੋਈ ਉਰਦੂ ਹਿੰਦੀ ਨਹੀਂ ਛਾਂਟਦਾ। ਵਤਨ ਦੀ ਉਥੇ ਪੇਸ਼ ਨਹੀਂ ਚਲਦੀ। ਜੇ ਘਰ ਭੀ ਫਾਰਸੀਆਂ ਮਾਰਨ ਤਾਂ ਪਾਣੀ ਭੀ ਨਾ ਮਿਲੇ ਤੇ ਫਿਰ ਉਹੋ ਗਲ ਹੋਵੇ —

ਆਬ ਆਬ ਕਰ ਮੋਇਓਂ ਵੇ ਬੱਚਾ, ਫਾਰਸੀਆਂ ਘਰ ਗਾਲੇ।

ਪਯਾਰੇ ਸਜਣੋ ਜੇ ਚਾਹੁੰਦੇ ਹੋ ਕਿ ਕਦੇ ਤ੍ਰੱਕੀ ਕਰੋ ਤਦ ਅਪਣੀ ਮਾਦਰੀ ਬੋਲੀ ਦਾ ਪ੍ਰਚਾਰ ਕਰੋ ਨਹੀਂ ਤਾਂ ਅਪਨੇ ਵਤਨਾਂ ਨੂੰ ਇਹ ਸਮਝੋ ਕਿ ਆਪ ਡਾਲੀਆਂ ਨੂੰ ਪਾਣੀ ਦੇ ਰਹੇ ਹੋ, ਪਰ ਜੜ੍ਹਾਂ ਸੋਕੇ ਨਾਲ ਮੁਰਝਾ ਹੋ ਰਹੀਆਂ ਹਨ।"[24]

ਉਪਰੋਕਤ ਲੰਮੀ ਉਦਾਹਰਣ ਦੇਣ ਦਾ ਮਨੋਰਥ, ਜਿਥੇ ਭਾਈ ਵੀਰ ਸਿੰਘ ਦੇ ਪੰਜਾਬੀ ਪਿਆਰ ਸੰਬੰਧੀ ਜਜ਼ਬਿਆਂ ਨੂੰ ਦਰਸਾਉਣਾ ਹੈ; ਉਥੇ ਉਸ ਵੇਲੇ ਦੀ ਸਥਿਤੀ ਨੂੰ ਵੀ ਦਰਸਾਉਣਾ ਹੈ ਕਿ ਕਿਵੇਂ ਲੋਕ, ਆਪਣੀ ਮਾਤ-ਭਾਸ਼ਾ ਵਲ ਬੇਮੁਖ ਸਨ। ਸਿਵਾਇ ਕੁਝ ਇਕ ਸ਼ਬਦ-ਜੋੜਾਂ ਜਾਂ ਅਤੇ ਦੀ ਥਾਂ 'ਅਰ' ਦੀ ਵਰਤੋਂ ਦੇ ਬਾਕੀ ਸਾਰੀ ਲਿਖਤ ਆਧੁਨਿਕ ਗੱਦ ਦੇ ਬਹੁਤ ਨੇੜੇ ਦੀ ਪ੍ਰਤੀਤ ਹੁੰਦੀ ਹੈ।

ਭਾਵੇਂ ਪੰਜਾਬੀ ਪੱਤਰ ਪੱਤਰਕਾਵਾਂ ਦੀ ਗਿਣਤੀ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਬਹੁਤੀ ਨਹੀਂ ਸੀ, ਪਰ ਨਿਸ਼ਚੇ ਹੀ ਇਨ੍ਹਾਂ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਮਹੱਤਵ-ਪੂਰਨ ਹਿੱਸਾ

---

24. 'ਖਾਲਸਾ ਸਮਾਚਾਰ', ਅੰਮ੍ਰਿਤਸਰ, ਸੰਪਾਦਕੀ ਨੋਟ 'ਮਾਦ੍ਰੀ ਬੋਲੀ', 1 ਜਨਵਰੀ, 1900 ਈ.

ਪਾਇਆ ਹੈ। ਗੱਦ-ਸਾਹਿੱਤ ਦੇ ਬਾਕੀ ਰੂਪ ਅਜੇ ਤਕ ਜਾਂ ਤਾਂ ਹੋਂਦ ਵਿਚ ਨਹੀਂ ਸਨ ਆਏ ਜਾਂ ਬਹੁਤ ਪਰਚਲਿਤ ਨਹੀਂ ਸਨ ਹੋਏ, ਇਸ ਲਈ ਆਧੁਨਿਕ ਵਾਰਤਕ ਸ਼ੈਲੀ ਦਾ ਮੁਢਲਾ ਵਿਕਾਸ ਇਨ੍ਹਾਂ ਪੱਤਰਕਾਰਾਂ ਦੁਆਰਾ ਹੀ ਹੋਇਆ। ਭਾਵੇਂ ਨਿਰੋਲ ਪਰਚਾਰ ਦੇ ਆਸ਼ੇ ਨਾਲ ਛਪਦੀਆਂ ਅਖ਼ਬਾਰਾਂ ਦੀਆਂ ਲਿਖਤਾਂ ਨੂੰ ਸਾਹਿੱਤਿਕ ਕ੍ਰਿਤਾਂ ਦਾ ਨਾਂ ਨਹੀਂ ਦਿੱਤਾ ਜਾ ਸਕਦਾ, ਪਰ ਨਿਸਚੇ ਹੀ ਇਨ੍ਹਾਂ ਅਖ਼ਬਾਰਾਂ ਨੇ ਸਾਹਿੱਤ ਸਿਰਜਣਾ ਲਈ ਭੂਮੀ ਤਿਆਰ ਕੀਤੀ ਤੇ ਭਵਿਖ ਦੇ ਸਾਹਿੱਤ ਲਈ ਪਾਠਕ-ਵਰਗ ਨੂੰ ਤਿਆਰ ਕੀਤਾ। ਅਖ਼ਬਾਰਾਂ ਵਿਚ ਛਪਦੇ ਮਹੱਤਵ-ਪੂਰਨ ਲੇਖ ਜਾਂ ਸੰਪਾਦਕੀ ਨੋਟ, ਕਈ ਵਾਰੀ ਟ੍ਰੈਕਟਾਂ ਦੇ ਰੂਪ ਵਿਚ ਦੋਬਾਰਾ ਛਾਪ ਦਿੱਤੇ ਜਾਂਦੇ ਤੇ ਟ੍ਰੈਕਟਾਂ ਤੋਂ ਅੱਗੇ ਪੁਸਤਕਾਂ ਦਾ ਰੂਪ ਵੀ ਧਾਰ ਲੈਂਦੇ, ਜੇ ਇਨ੍ਹਾਂ ਵਿਚ ਕੋਈ ਸਾਹਿੱਤਿਕ ਗੁਣ ਜਾਂ ਸਜੀਵਤਾ ਹੋਰ ਹੁੰਦਾ।

ਪੰਜਾਬੀ ਵਾਰਤਕ ਦੇ ਰੂਪ ਨੂੰ ਨਿਖਾਰਨ, ਬ੍ਰਜੀ ਦੇ ਪ੍ਰਭਾਵ ਤੋਂ ਪੰਜਾਬੀ ਭਾਸ਼ਾ ਨੂੰ ਮੁਕਤ ਕਰਨ ਤੇ ਇਸ ਦੀ ਪ੍ਰਗਟਾ ਸਮਰਥਾ ਨੂੰ ਵਧਾਉਣ ਅਤੇ ਇਸ ਵਿਚ ਨਵੀਂ ਸ਼ਬਦਾਵਲੀ ਨੂੰ ਲਿਆਉਣ ਵਿਚ ਪੰਜਾਬੀ ਪੱਤਰਕਾਰੀ ਦਾ ਬਹੁਤ ਵੱਡਾ ਹੱਥ ਹੈ।

ਟ੍ਰੈਕਟ ਤੇ ਪੈਂਫਲਿਟ:- ਪੱਤਰਕਾਰੀ ਦੇ ਵਰਗ ਵਿਚ ਆਉਣ ਵਾਲੇ ਤੇ ਲਗਭਗ ਇਨ੍ਹਾਂ ਮਨੋਰਥਾਂ ਦੀ ਪੂਰਤੀ ਕਰਨ ਵਾਲੇ, ਟ੍ਰੈਕਟਾਂ ਤੇ ਪੈਂਫਲਿਟਾਂ ਦਾ ਇਸ ਕਾਲ ਵਿਚ ਸਭ ਤੋਂ ਵੱਧ ਚਲਦਾ ਹੈ। ਟ੍ਰੈਕਟ ਤੇ ਪੈਂਫਲਿਟ ਦੋਵੇਂ ਅੰਗਰੇਜ਼ੀ ਸ਼ਬਦ ਹਨ ਤੇ ਅੰਗਰੇਜ਼ੀ ਤੋਂ ਹੀ ਤਤਸਮ ਰੂਪ ਵਿਚ, ਪੰਜਾਬੀ ਵਿਚ ਅਪਣਾ ਲਏ ਗਏ ਹਨ, ਭਾਵੇਂ ਸ਼ੁਰੂ ਸ਼ੁਰੂ ਵਿਚ ਈਸਾਈ ਪਾਦਰੀਆਂ ਨੇ ਲੋਕ-ਉਚਾਰਨ ਦੇ ਨਿਕਟ ਰਹਿਣ ਦੀ ਇੱਛਾ ਅਧੀਨ ਟ੍ਰੈਕਟ-ਸ਼ਬਦ ਨੂੰ "ਟ੍ਰਾਕਟ" ਕਰਕੇ ਲਿਖਿਆ। "ਟ੍ਰੈਕਟ" ਦਾ ਭਾਵ[25] ਛੋਟੇ ਆਕਾਰ ਵਾਲੀ ਸਾਹਿੱਤਿਕ ਲਿਖਤ ਹੈ, ਜਿਸ ਵਿਚ ਨਿਯਮਤ ਢੰਗ ਨਾਲ ਕਿਸੇ ਨਿਸਚਿਤ ਵਿਸ਼ੇ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਹੋਵੇ। ਇਹ ਵਿਸ਼ਾ ਵਿਸ਼ੇਸ਼ ਤੌਰ ਤੇ ਧਾਰਮਿਕ ਹੀ ਹੁੰਦਾ ਹੈ। ਆਮ ਤੌਰ ਤੇ ਇਹ 16 ਤੋਂ 64 ਸਫ਼ਿਆਂ ਤਕ ਹੁੰਦਾ ਹੈ। ਪੈਂਫਲਿਟ ਤੋਂ ਭਾਵ ਛੋਟਾ ਰਿਸਾਲਾ, ਪਤ੍ਰਿਕਾ ਜਾਂ ਚਲੰਤ ਮਾਮਲਿਆਂ ਬਾਰੇ ਜਿਲਦ ਤੋਂ ਬਿਨਾਂ ਛੋਟੀ ਜਿਹੀ ਪੁਸਤਿਕਾ ਹੈ। ਇਹ ਦੋ ਚਹੁੰ ਸਫ਼ਿਆਂ ਤੋਂ ਲੈ ਕੇ ਅੱਠ ਦਸ ਸਫ਼ੇ ਤਕ ਦੇ ਹੋ ਸਕਦੇ ਹਨ। ਪੰਜਾਬੀ ਵਿਚ ਟ੍ਰੈਕਟਾਂ ਤੇ ਪੈਂਫਲਿਟਾਂ ਦਾ ਰਿਵਾਜ ਈਸਾਈ ਮਿਸ਼ਨਰੀਆਂ ਨੇ ਪਾਇਆ ਤੇ ਟ੍ਰੈਕਟਾਂ ਤੋਂ ਬਿਨਾਂ

---

25. ਕਨਸਾਈਜ਼ ਔਕਸਫੋਰਡ ਡਿਕਸ਼ਨਰੀ – ਪੰਨਾ 1352 – " ਸ਼ਾਰਟ ਟ੍ਰੀਟਾਈਜ਼ ਆਰ ਡਿਸਕੋਰਸ ਅਸਪੈਸ਼ਲੀ ਆਨ ਰੀਲੀਜਸ ਸਬਜੈਕਟ"।

'ਦੋ ਪਤ੍ਰੀਆਂ' ਤੇ 'ਚੌਪਤ੍ਰੀਆਂ' ਲੁਧਿਆਣਾ ਮਿਸ਼ਨ ਪ੍ਰੈਸ ਤੋਂ ਪ੍ਰਕਾਸ਼ਤ ਕੀਤੀਆਂ।[26] ਈਸਾਈ ਪ੍ਰਚਾਰਕਾਂ ਨੇ ਵੱਡੇ ਗ੍ਰੰਥਾਂ ਤੇ ਪੁਸਤਕਾਂ ਤੋਂ ਬਿਨਾਂ ਟ੍ਰੈਕਟਾਂ ਤੇ ਪੈਂਫਲਿਟਾਂ ਨੂੰ ਆਪਣੇ ਪਰਚਾਰ ਦਾ ਬਹੁਤ ਵੱਡਾ ਮਾਧਿਅਮ ਬਣਾਇਆ ਤੇ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਕ੍ਰੋੜਾਂ ਦੀ ਗਿਣਤੀ[27] ਵਿਚ ਇਨ੍ਹਾਂ ਨੂੰ ਛਾਪ ਕੇ ਮੁਫ਼ਤ ਜਾਂ ਨਾਮ-ਮਾਤਰ ਮੁੱਲ ਉੱਤੇ ਵੰਡਿਆ। ਇਨ੍ਹਾਂ ਦੀ ਵੇਖਾ-ਵੇਖੀ ਬਾਕੀ ਧਰਮਾਂ ਵਾਲਿਆਂ ਨੇ ਆਪੋ ਆਪਣੇ ਮਤਾਂ ਦਾ ਪ੍ਰਚਾਰ ਕਰਨ ਲਈ ਆਪਣੀ ਭਾਸ਼ਾ ਜਾਂ ਆਪਣੇ ਪ੍ਰਭਾਵ ਹੇਠ ਆ ਸਕਣ ਵਾਲਿਆਂ ਦੀ ਭਾਸ਼ਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਇਹ ਟ੍ਰੈਕਟ ਤੇ ਪੈਂਫਲਿਟ ਪ੍ਰਕਾਸ਼ਤ ਕੀਤੇ।

ਇਨ੍ਹਾਂ ਟ੍ਰੈਕਟਾਂ ਦੇ ਮਹੱਤਵ, ਇਨ੍ਹਾਂ ਦੇ ਪਾਸਾਰ, ਫੈਲਾ ਜਾਂ ਮੰਗ ਅਤੇ ਪਰਚਾਰ ਦੇ ਸ਼ਕਤੀ-ਸ਼ਾਲੀ ਅੰਗ ਜਾਂ ਸਾਧਨ ਵਜੋਂ ਇਨ੍ਹਾਂ ਦੇ ਲੇਖਕਾਂ ਤੇ ਪ੍ਰਕਾਸ਼ਕਾਂ ਦੀ ਲਗਨ, ਰੀਝ ਤੇ ਮਿਹਨਤ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਅੱਜ ਵੀ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ ਉਨ੍ਹੀਵੀਂ ਸਦੀ ਦੇ ਅੰਤ ਤਕ ਪੰਜਾਬ ਵਿਚ ਪ੍ਰਕਾਸ਼ਤ ਉਰਦੂ ਦੇ 2000, ਹਿੰਦੀ ਦੇ 800 ਤੇ ਪੰਜਾਬੀ ਦੇ 900 ਟ੍ਰੈਕਟ ਸਾਂਭੇ ਪਏ ਹਨ। ਐਸੇ ਤਰ੍ਹਾਂ ਐਸੇ ਸਮੇਂ ਵਿਚਕਾਰ ਛਪੇ ਉਰਦੂ ਦੇ 1200, ਹਿੰਦੀ ਦੇ 350 ਤੇ ਪੰਜਾਬੀ ਦੇ 300 ਟ੍ਰੈਕਟ , ਬ੍ਰਿਟਿਸ਼ ਮਿਊਜ਼ੀਅਮ ਲੰਡਨ ਵਿਚ ਸੁਰੱਖਿਅਤ ਪਏ ਹਨ।[28] ਵਾਸਤਵ ਵਿਚ ਛਪੇ ਟ੍ਰੈਕਟਾਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੈ, ਕਿਉਂਜੋ 1867 ਈ. ਦੇ ਇੰਡੀਅਨ ਪ੍ਰੈਸ ਰੈਗੂਲੇਸ਼ਨ ਤੋਂ ਪਹਿਲਾਂ ਦੇ ਛਪੇ ਟ੍ਰੈਕਟ ਬਹੁਤ ਘੱਟ ਸਾਂਭੇ ਗਏ। ਦੇਸੀ ਰਿਆਸਤਾਂ ਵਿਚ ਛਪੇ ਟ੍ਰੈਕਟਾਂ ਸੰਬੰਧੀ ਵੀ ਕੋਈ ਰੀਕਾਰਡ ਜਾਂ ਅੰਕੜੇ ਨਿਸਚਿਤ ਨਹੀਂ। ਵੱਡੇ ਸ਼ਹਿਰਾਂ ਤੋਂ ਬਿਨਾਂ ਜ਼ਿਲਾ ਜਾਂ ਤਹਿਸੀਲਾਂ ਵਿਚ ਛਪੇ ਟ੍ਰੈਕਟ ਵੀ ਪੂਰੀ ਤਰ੍ਹਾਂ ਸਾਂਭੇ ਨਹੀਂ ਜਾ ਸਕੇ। ਉਪ੍ਰੋਕਤ ਅੰਕੜਿਆਂ ਤੇ ਤੱਥਾਂ ਦੇ ਆਧਾਰ ਤੇ ਜੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਪੰਜਾਬੀ ਸਾਹਿੱਤ ਨੂੰ ਟ੍ਰੈਕਟਾਂ ਤੇ ਪੈਂਫਲਿਟਾਂ ਦਾ ਯੁਗ ਆਖ ਦੇਈਏ ਤਾਂ ਕੋਈ ਭੁੱਲ ਨਹੀਂ ਹੋਵੇਗੀ। ਹੋਰ ਹਰ ਪ੍ਰਕਾਰ ਦੇ ਸਾਹਿੱਤ ਦੇ ਟਾਕਰੇ ਤੇ ਇਨ੍ਹਾਂ ਟ੍ਰੈਕਟਾਂ ਦੀ ਮਾਤ੍ਰਾ ਘੱਟੋ ਘੱਟ 60% ਨਿਸਚਿਤ ਕੀਤੀ ਜਾ ਸਕਦੀ ਹੈ।

---

26. ਪਹਿਲੀ ਚੌਪਤ੍ਰੀ 1854 ਈ. ਵਿਚ ਪ੍ਰਕਾਸ਼ਤ ਹੋਈ। 9 ਚੌਪਤ੍ਰੀਆਂ ਇਕੱਠੀਆਂ ਕਰ ਕੇ "ਚੁਪਤ੍ਰੀਆਂ ਦੀ ਪਹਿਲੀ ਪੋਥੀ" ਲੁਧਿਆਣਾ ਮਿਸ਼ਨ ਪ੍ਰੈਸ ਵਲੋਂ 1859 ਵਿਚ ਪ੍ਰਕਾਸ਼ਤ ਕੀਤੀ ਗਈ । ਐਸੇ ਤਰ੍ਹਾਂ 1860 ਈ. ਵਿਚ 6 ਚੁਪੱਤ੍ਰੀਆਂ ਦੀ ਦੂਜੀ ਪੋਥੀ ਛਾਪੀ ਗਈ। (ਲੁਧਿਆਣਾ ਮਿਸ਼ਨ ਦੀਆਂ ਸਾਲ 1859 ਤੇ 1860 ਦੀਆਂ ਰੀਪੋਰਟਾਂ ਦੇ ਆਧਾਰ ਤੇ)
27. ਕੇਵਲ ਲੁਧਿਆਣਾ ਮਿਸ਼ਨ ਵਲੋਂ 1834 ਤੋਂ 1884 ਈ. ਦੇ ਪੰਜਾਹ ਸਾਲਾਂ ਦੇ ਸਮੇਂ ਵਿਚ ਉਰਦੂ , ਹਿੰਦੀ, ਪੰਜਾਬੀ ਤੇ ਕਸ਼ਮੀਰੀ ਭਾਸ਼ਾਵਾਂ ਵਿਚ ਛੱਬੀ ਕ੍ਰੋੜ ਸੱਤਰ ਲੱਖ ਪੰਨੇ ਛਾਪ ਕੇ ਵੰਡੇ ਗਏ। ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ , 1894-ਪੰਨਾ 94(ਹਵਾਲਾ-ਹਿਸਟਰੀ ਔਫ਼ ਪ੍ਰੈਸਬੀਟੇਰੀਅਨ ਮਿਸ਼ਨ ਇਨ ਇੰਡੀਆ-ਪੰਨਾ 48- ਲੇਖਕ ਡਾ. ਨਿਊਟਨ)

ਇਹ ਟ੍ਰੈਕਟ ਪੰਜਾਬ ਦੇ ਧਾਰਮਕ, ਸਮਾਜਕ ਤੇ ਬੌਧਿਕ ਇਤਿਹਾਸ ਲਈ ਮੁਢਲੀ ਜਾਂ ਕੱਚੀ ਸਾਮੱਗ੍ਰੀ ਹਨ। ਇਨ੍ਹਾਂ ਦੇ ਲਿਖਣ ਦੀ ਪ੍ਰੇਰਣਾ ਦਾ ਆਧਾਰ ਤਾਂ ਸਮੇਂ, ਸਥਿਤੀ ਤੇ ਮੰਗ ਅਨੁਸਾਰ ਭਿੰਨ ਭਿੰਨ ਹੋ ਸਕਦਾ ਹੈ, ਪਰ ਜਿਹੜੇ ਟ੍ਰੈਕਟ ਜਾਂ ਪੈਂਫਲਿਟ ਇਸ ਕਾਲ ਵਿਚ ਲਿਖੇ ਗਏ, ਉਨ੍ਹਾਂ ਦਾ ਮੁਖ ਮਨੋਰਥ ਹੇਠ ਲਿਖੇ ਅਨੁਸਾਰ ਨਿਸਚਿਤ ਕੀਤਾ ਜਾ ਸਕਦਾ ਹੈ :-

(ੳ) ਸਮਾਜਕ ਤੇ ਧਾਰਮਕ ਸੁਧਾਰ ਲਈ ਸੌਖੀ ਤਰ੍ਹਾਂ ਪੜ੍ਹੇ ਜਾ ਸਕਣ ਵਾਲੇ ਪੈਂਫਲਿਟ ।

(ਅ) ਆਪਣੇ ਧਰਮ ਦੇ ਮੂਲ ਤੇ ਸਹੀ ਸਿੱਧਾਂਤਾਂ ਨੂੰ ਥੋੜ੍ਹੇ ਸ਼ਬਦਾਂ ਵਿਚ ਗਿਣਵਾ ਸਕਣਾ।

(ੲ) ਆਪਣੀ ਪੁਰਾਤਨ ਗੌਰਵਤਾ ਨੂੰ ਦਸ ਕੇ ਵਰਤਮਾਨ ਅਮਲ ਲਈ ਉਨ੍ਹਾਂ ਤੋਂ ਪੁਸ਼ਟੀ ਪ੍ਰਾਪਤ ਕਰਨੀ।

(ਸ) ਹੋਰਨਾਂ ਵਲੋਂ ਆਪਣੇ ਧਰਮ ਤੇ ਹੁੰਦੇ ਹਮਲਿਆਂ ਦਾ ਉੱਤਰ ਦੇਣਾ ਤੇ ਉਲਟਾ ਉਨ੍ਹਾਂ ਦੇ ਨੁਕਸਾਂ ਤੇ ਘਾਟਾਂ ਨੂੰ, ਦਿਤਾਰਨਾ।

(ਹ) ਆਪਣੀ ਸੰਸਥਾ ਦੇ ਆਦਰਸ਼ਾਂ ਤੇ ਮਨੋਰਥਾਂ ਨੂੰ ਲੋਕਾਂ ਤਕ ਪੁਚਾਉਣਾ।

(ਕ) ਭਾਵਕਤਾ ਤੇ ਮੌਲਿਕਤਾ ਭਰਪੂਰ- ਪ੍ਰਚਾਰਕਾ, ਤਾਂ ਜੋ ਪਾਠਕ ਲਿਖਤ ਤੋਂ ਪ੍ਰਭਾਵਤ ਤੇ ਰੁਚਿਤ ਹੋ ਸਕਣ।

(ਖ) ਬੋਲੀ ਤੇ ਸ਼ੈਲੀ ਦੀ ਭਿੰਨਤਾ ਹੁੰਦੀ ਸੀ ਅਤੇ ਵਿਸ਼ੈ ਅਨੁਸਾਰ ਉਨ੍ਹਾਂ ਨੂੰ ਵਿਆਖਿਆ ਦਾ ਰੂਪ, ਗਲਪ ਦਾ ਰੂਪ, ਨਾਟਕ ਦਾ ਰੂਪ ਜਾਂ ਨਿਰੋਲ ਨਿਬੰਧ ਦਾ ਰੂਪ ਦੇ ਦਿੱਤਾ ਜਾਂਦਾ ਸੀ । ਇਹ ਭਿੰਨਤਾ ਤੇ ਬਹੁ-ਰੂਪਤਾ, ਟ੍ਰੈਕਟਾਂ ਨੂੰ ਲਗਾਤਾਰ ਪੜ੍ਹਨ ਵਾਲੇ ਪਾਠਕਾਂ ਵਿਚ, ਅਕੇਵਾਂ ਜਾਂ ਬੇ-ਰਸੀ ਪੈਦਾ ਨਹੀਂ ਹੋਣ ਦਿੰਦੀ ਸੀ।

(ਗ) ਲਿਖਤ ਬਾਦਲੀਲ ਤੇ ਨਿਆਇ-ਯੁਕਤ ਹੁੰਦੀ ਸੀ ਤੇ ਲੋੜ ਅਨੁਸਾਰ ਪੁਸ਼ਟੀ ਲਈ ਉਦਾਹਰਣਾਂ, ਸਾਖੀਆਂ , ਜਾਂ ਗੁਰਬਾਣੀ ਦੀਆਂ ਤੁਕਾਂ ਦਿਤੀਆਂ ਜਾਂਦੀਆਂ ਸਨ।

(ਘ) ਕੁਝ ਟ੍ਰੈਕਟ ਐਲਾਨ, ਬੇਨਤੀ ਜਾਂ ਪ੍ਰਾਰਥਨਾ ਦੇ ਨਾਂ ਹੇਠ ਛਪਦੇ ਅਤੇ ਕਿਸੇ ਯੋਜਨਾ, ਵਿਚਾਰ ਜਾਂ ਕਾਰਵਾਈ ਲਈ ਸਹਾਇਤਾ ਦੀ ਮੰਗ ਕਰਦੇ।[29]

---

28. ਬੈਰੀਅਰ ਐਨ. ਜੀ. " ਦੀ ਪੰਜਾਬ ਇਨ ਦੀ ਨਾਈਨਟੀਨਥ ਸੈਂਚਰੀ ਟ੍ਰੈਕਟਸ " ਐਨ ਇੰਟਰੋਡਕਸ਼ਨ ਟੂ ਦੀ ਪੈਂਫਲਿਟ ਕੁਲੈਕਸ਼ਨਜ਼ ਇਨ ਦੀ ਬ੍ਰਿਟਿਸ਼ ਮਿਊਜ਼ੀਅਮ ਐਂਡ ਇੰਡੀਆ ਆਫ਼ਿਸ ਲਾਇਬ੍ਰੇਰੀ " ਈਸਟ ਲੈਂਜ਼ਿੰਗ-ਮਿਚੀਗਨ (ਰੀਸਰਚ ਸੀਰੀਜ਼ ਔਨ ਪੰਜਾਬ) 1969 ਪੰਨਾ 5-7.

29. ਬੈਰੀਅਰ ਐਨ.ਜੀ., "ਸਿਖਸ ਐਂਡ ਦੇਅਰ ਲਿਟਰੇਚਰ " , ਪੰਨਾ xxx-ਭੂਮਿਕਾ

ਟੀ.ਐਸ.ਇਲੀਅਟ ਇਨ੍ਹਾਂ ਟ੍ਰੈਕਟਾਂ ਨੂੰ ਉੱਤਮ ਗੱਦ ਦਾ ਦਰਜਾ ਨਹੀਂ ਦਿੰਦਾ। ਉਸ ਅਨੁਸਾਰ, ਇਹ ਟ੍ਰੈਕਟ ਉਨ੍ਹਾਂ ਗਿਣਤੀ ਦੇ ਲੋਕਾਂ ਵਲੋਂ ਪੜ੍ਹੇ ਜਾਂਦੇ ਹਨ ਜਿਹੜੇ ਉਸ ਯੁਗ ਦੇ ਧਾਰਮਕ ਵਿਵਾਦ ਜਾਂ ਖਿੱਚੋਤਾਣ ਵਿਚ ਦਿਲਚਸਪੀ ਰਖਦੇ ਹਨ ਅਤੇ ਗੱਦ ਸ਼ੈਲੀ ਵਿਚ ਰੁਚਿਤ ਹੁੰਦੇ ਹਨ।[30]

1862 ਈ. ਨੂੰ ਈਸਾਈ ਮਿਸ਼ਨਰੀਆਂ ਦੀ ਲਾਹੌਰ ਵਿਚ ਇਕ ਇਕੱਤ੍ਰਤਾ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ "ਲੰਡਨ ਰਿਲੀਜਸ ਟ੍ਰੈਕਟ ਸੁਸਾਇਟੀ " ਦੇ ਪੂਰਨਿਆਂ ਤੇ 'ਰਿਲੀਜਸ ਬੁਕ ਸੁਸਾਇਟੀ ਲਾਹੌਰ' ਦੀ ਸਥਾਪਨਾ ਕੀਤੀ ਜਾਏ, ਜਿਸ ਦਾ ਉਦੇਸ਼ ਸੀ ਕਿ ਅੰਗਰੇਜ਼ੀ ਤੇ ਹੋਰ ਦੇਸੀ ਭਾਸ਼ਾਵਾਂ ਵਿਚ ਧਾਰਮਕ ਟ੍ਰੈਕਟ ਤੇ ਪੁਸਤਕਾਂ ਛਾਪੀਆਂ ਜਾਣ ।[31] ਜਿਉਂ ਜਿਉਂ ਪੰਜਾਬ ਦੀਆਂ ਵੱਖ ਵੱਖ ਥਾਵਾਂ ਉਤੇ ਈਸਾਈ ਪ੍ਰਚਾਰ ਕੇਂਦਰ ਸਥਾਪਤ ਹੁੰਦੇ ਗਏ, ਲਗਭਗ ਹਰ ਮਿਸ਼ਨ ਵਲੋਂ ਕੋਈ ਨਾ ਕੋਈ ਵਿਸ਼ਾ ਲੈ ਕੇ, ਛੋਟੇ ਛੋਟੇ ਟ੍ਰੈਕਟ ਛਾਪੇ ਜਾਣ ਲਗ ਪਏ, ਪਰ ਮਿਸ਼ਨ ਪ੍ਰੈਸ ਲੁਧਿਆਣਾ, ਪੰਜਾਬ ਰਿਲੀਜਸ ਬੁਕ ਸੁਸਾਇਟੀ ਲਾਹੌਰ, ਅਮੈਰੀਕਨ ਟ੍ਰੈਕਟ ਸੁਸਾਇਟੀ ਲਾਹੌਰ, ਆਦਿ ਦੁਆਰਾ ਪ੍ਰਕਾਸ਼ਤ ਟ੍ਰੈਕਟਾਂ ਦੀ ਗਿਣਤੀ ਸੈਂਕੜਿਆਂ ਤਕ ਜਾ ਪੁਜਦੀ ਹੈ।[32] ਇਨ੍ਹਾਂ ਮਿਸ਼ਨਰੀਆਂ ਦੀਆਂ ਪ੍ਰਚਾਰ ਸਰਗਰਮੀਆਂ ਨੇ ਸਾਰੇ ਧਰਮਾਂ ਦੇ ਆਗੂਆਂ ਨੂੰ ਚੌਕੰਨਾ ਕਰ ਦਿੱਤਾ ਪਰ ਸਭ ਤੋਂ ਪਹਿਲਾ ਪ੍ਰਤਿਕਰਮ ਮੁਸਲਮਾਨਾਂ[33] ਵਲੋਂ ਹੋਇਆ ਅਤੇ ਉਨ੍ਹਾਂ ਨੇ ਮਿਸ਼ਨਰੀਆਂ ਵਿਰੁਧ ਟ੍ਰੈਕਟਾਂ ਤੇ ਪੈਂਫਲਿਟਾਂ ਦੀ ਜੰਗ ਸ਼ੁਰੂ ਕੀਤੀ, ਅਤੇ ਪ੍ਰੈਸ ਰਾਹੀਂ ਆਪਣੇ ਧਰਮ ਦੇ ਹੱਕ ਵਿਚ

---

30. Eliot, T.S.,"Tracts are not certainly as fine a prose. These are only read by those small number of people, in the religious squabbles of that epoch, who interest themselves in the prose style."
'Points of View' London, 1937, p.44.

31. ਡਿਸਟ੍ਰਿਕਟ ਗਜ਼ਟੀਅਰ, ਲਾਹੌਰ- 1894 ਈ., ਪੰਨਾ 239.

32. ਇਨ੍ਹਾਂ ਟ੍ਰੈਕਟਾਂ ਦੀਆਂ ਸੂਚੀਆਂ ਅਤੇ ਉਨ੍ਹਾਂ ਦੇ ਭਾਸ਼ਾਈ ਤੇ ਸਾਹਿੱਤਕ ਗੁਣਾਂ ਬਾਰੇ ਵਿਸਥਾਰ ਪੂਰਵਕ ਚਰਚਾ, 'ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।

33. Churchil Edward-"Muslims were the first community to wage a pamphlet war against the missionaries and to use the press to support a popular religious movement."
Sources of Panjab History-Article" Printed Literature of Panjabi Muslims" pp 255-56.

ਇਕ ਜ਼ੋਰਦਾਰ ਲਹਿਰ ਚਲਾਈ।[34] ਇਨ੍ਹਾਂ ਵਿਚੋਂ ਬਹੁਤੇ ਟ੍ਰੈਕਟ ਉਰਦੂ ਵਿਚ ਸਨ ਪਰ ਕੁਝ ਇਕ ਪੰਜਾਬੀ ਭਾਸ਼ਾ ਤੇ ਫ਼ਾਰਸੀ ਲਿੱਪੀ [35] ਵਿਚ ਵੀ ਪ੍ਰਕਾਸ਼ਤ ਕੀਤੇ ਗਏ। ਮੁਸਲਮਾਨਾਂ ਨੇ ਆਪਣੇ ਧਰਮ ਦੇ ਪਰਚਾਰ ਲਈ ਤੇ ਆਪਣੇ ਕੌਮੀ ਹਿਤਾਂ ਦੀ ਸੁਰੱਖਿਆ ਲਈ ਸਾਹਿੱਤ ਸਿਰਜਣਾ ਦੀ ਕਿੰਨੀ ਸ਼ਕਤੀਸ਼ਾਲੀ ਲਹਿਰ ਚਲਾਈ ਜਿਸ ਦਾ ਕੁਝ ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ " 1867 ਈ. ਤੋਂ( ਜਦ ਤੋਂ ਪ੍ਰੈਸ ਕਾਨੂੰਨ ਅਧੀਨ ਹਰ ਪ੍ਰਕਾਸ਼ਨਾ ਰਜਿਸਟਰ ਹੋਣ ਲਗੀ) 1900 ਈ. ਤਕ ਲਗਭਗ 70,000 ਹਜ਼ਾਰ ਪੁਸਤਕਾਂ ਤੇ ਪੈਂਫਲਿਟ ਜਾਂ ਟ੍ਰੈਕਟ ਪੰਜਾਬ ਵਿਚ ਪ੍ਰਕਾਸ਼ਤ ਹੋਏ, ਉਨ੍ਹਾਂ ਵਿਚੋਂ 35000 ਮੁਸਲਮਾਨਾਂ ਵਲੋਂ ਲਿਖੇ ਗਏ ਜਾਂ ਮੁਸਲਮਾਨਾਂ ਦੀਆਂ ਲੋੜਾਂ ਅਧੀਨ ਛਾਪੇ ਗਏ।"[36] ਫ਼ਾਰਸੀ ਦੀ ਥਾਂ ਉਰਦੂ ਨੂੰ ਸਾਹਿੱਤਕ ਭਾਸ਼ਾ ਵਜੋਂ ਅਪਣਾ ਕੇ, ਇਸ ਵਿਚ ਇਤਿਹਾਸ, ਜੀਵਨੀਆਂ, ਗਲਪ, ਨਾਟਕ, ਕਵਿਤਾ, ਕਿੱਸੇ ਤੇ ਸ਼ਰ੍ਹਾ ਦੀਆਂ ਕਿਤਾਬਾਂ ਸ਼ਾਮਲ ਸਨ। ਉਸ ਕਾਲ ਵਿਚ ਆਈ ਨਵੀਂ ਜਾਗ੍ਰਤੀ ਅਧੀਨ ਪੰਜਾਬੀ ਭਾਸ਼ਾ ਵਿਚ ਵੀ ਕਾਫ਼ੀ ਸਾਹਿੱਤ ਰਚਿਆ ਗਿਆ ਪਰ ਪੜ੍ਹੇ ਲਿਖੇ ਮੁਸਲਮਾਨਾਂ ਨੇ ਪੰਜਾਬੀ ਦੀ ਉੱਨਤੀ ਵਿਚ ਹਿਸਾ ਨਾ ਪਾਇਆ। ਆਮ ਪੇਂਡੂ ਮੁਸਲਮਾਨੀ ਜਨਤਾ ਦੀ ਭਾਸ਼ਾ ਪੰਜਾਬੀ ਹੀ ਰਹੀ, ਜਿਸ ਵਿਚ ਕਿੱਸੇ, ਕਹਾਣੀਆਂ, ਲੋਕ-ਗੀਤ ਤੇ ਲੋਕ-ਕਥਾਵਾਂ ਅਤੇ ਪੀਰਾਂ ਫਕੀਰਾਂ ਸੰਬੰਧੀ ਰਚਨਾਵਾਂ, ਧਾਰਮਕ ਮਰਯਾਦਾ ਤੇ ਜਾਦੂ ਟੂਣੇ, ਕਰਾਮਾਤਾਂ ਆਦਿ ਮੁਸਲਮਾਨ ਲੇਖਕਾਂ ਵਲੋਂ ਪੰਜਾਬੀ ਵਿਚ ਲਿਖੇ ਜਾਂਦੇ ਰਹੇ। ਪਰ ਇਹ ਨਿਰੋਲ ਕਵਿਤਾ ਵਿਚ ਹੀ ਹੁੰਦੇ ਸਨ।[37] ਸਿੰਘ ਸਭਾ, ਆਰੀਆ ਸਮਾਜ, ਬ੍ਰਹਮੋ ਸਮਾਜ,

---

34. Ibid(28)," Much of the intellectual ferment in the Panjab prior to 1880's came from the Muslim Community, rather than from Hindus or Sikhs. Many tracts reflected growing concern with the general state of Islam and the need for reform." p.12.

35. ਮੁਸਲਮਾਨੀ ਟ੍ਰੈਕਟ ਵਧੇਰੇ ਕਰਕੇ ਵਾਰਤਕ ਦੀ ਥਾਂ ਪੰਜਾਬੀ ਕਵਿਤਾ ਵਿਚ ਸਨ ਤੇ ਇਨ੍ਹਾਂ ਸੰਬੰਧੀ ਚਰਚਾ " ਕਵਿਤਾ ਦਾ ਸਰਵੇਖਣ " ਵਾਲੇ ਅਧਿਆਇ ਵਿਚ ਕੀਤੀ ਗਈ ਹੈ।

36. Ibid(33),p.257 and Census Report,1901,p.271.
" As a rule the literary activity of the Mo-hammaden Writers is centred on religious works and Islam usually, publishes each year more books on religious questions than all the other religions, put together."

37. Ibid,"For the Panjab as a whole Panjabi grew dramatically to the point, where it was about equal with Urdu, but the Panjabi speaking Muslims did not contribute to this growth. Panjabi remained the language of the rural muslims and was used for a more indigenous type of literature, ie,secular love tales, bazar songs, folk legends and religious works related to saints worship and shrine rituals. It was used almost exclusively in verse."p.260. and Census Report 1891,p.270 271,"It appears that Urdu and Panjabi are between them driving out the exotic of the country."

ਦੇਵ ਧਰਮ, ਅਤੇ ਹੋਰ ਧਾਰਮਿਕ ਲਹਿਰਾਂ ਦੀਆਂ ਸਰਗਰਮੀਆਂ, ਕਾਰਨ 1880 ਈ. ਤੋਂ ਪਿਛੋਂ ਮੁਸਲਮਾਨਾਂ ਦਾ ਸਾਹਿੱਤ ਖੇਤਰ ਵਿੱਚੋਂ ਗ਼ਲਬਾ ਘਟਣ ਲਗਾ, ਕਿਉਂਜੋ ਬਾਕੀ ਜਾਤੀਆਂ ਤੇ ਭਾਸ਼ਾਵਾਂ ਵਾਲੇ ਹੋਰ ਵੀ ਜ਼ੋਰ ਸ਼ੋਰ ਨਾਲ ਪ੍ਰੈਸ ਦੀ ਵਰਤੋਂ ਕਰਨ ਲਗ ਪਏ। ਮੁਸਲਮਾਨੀ ਸਾਹਿੱਤ ਦੀ ਰਫ਼ਤਾਰ ਦੇ ਘਟਣ ਦਾ ਇਕ ਕਾਰਨ ਇਹ ਵੀ ਸੀ ਕਿ ਬਾਕੀ ਕੌਮਾਂ ਦੇ ਟਾਕਰੇ ਤੇ ਮੁਸਲਮਾਨ ਸਭ ਤੋਂ ਘੱਟ ਪੜ੍ਹੇ ਹੋਏ ਸਨ।[38] ਇਕ ਹੋਰ ਸਥਿਤੀ ਜਿਹੜੀ ਇਸ ਕਾਲ ਵਿਚ ਸਾਹਮਣੇ ਆਈ, ਉਹ ਇਹ ਸੀ ਕਿ ਏਥੋਂ ਦੀਆਂ ਸਾਰੀਆਂ ਜਾਤੀਆਂ ਜਾਂ ਧਰਮਾਂ ਨੂੰ ਈਸਾਈਅਤ ਤੋਂ ਸਾਂਝਾ ਖ਼ਤਰਾ ਸੀ, ਕਿਉਂਜੋ ਉਹ ਏਥੋਂ ਦੇ ਹਰ ਧਰਮ ਨੂੰ ਸਮਿਓਂ ਪਛੜਿਆ ਸਿੱਧ ਕਰ ਕੇ, ਈਸਾਈਅਤ ਦੀ ਉੱਚਤਾ ਜਾਂ ਗੌਰਵਤਾ ਨੂੰ ਦਰਸਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਦੇ ਵਿਰੁਧ ਪ੍ਰਚਾਰ ਦੀ ਲਹਿਰ ਦੇ ਮੋਢੀ ਵੀ ਤੇ ਮੋਹਰੀ ਵੀ ਮੁਸਲਮਾਨ ਸਨ। ਹਿੰਦੂ ਸਿੱਖ ਆਪੋ ਵਿਚ ਤਾਂ ਉਲਝੇ ਰਹਿੰਦੇ ਸਨ ਅਤੇ ਮੁਸਲਮਾਨਾਂ ਨੂੰ ਵੀ ਆਪਣੀ ਕਰੋਪੀ ਦਾ ਸ਼ਿਕਾਰ ਬਣਾਉਂਦੇ ਸਨ, ਪਰ ਈਸਾਈਆਂ ਦੇ ਵਿਰੁਧ ਮੁਹਿੰਮ ਏਨੀ ਸ਼ਕਤੀਸ਼ਾਲੀ ਨਹੀਂ ਸੀ, ਕਿਉਂਜੋ ਰਾਜ-ਧਰਮ ਹੋਣ ਕਰਕੇ, ਉਸ ਦੀ ਖੁਲ੍ਹਮ ਖੁਲ੍ਹਾ ਵਿਰੋਧਤਾ ਕਰਨ ਵਿਚ ਝਿਜਕ ਸੀ। ਪਰ ਮੁਸਲਮਾਨਾਂ ਦੇ ਵਿਰੁਧ ਕੀ ਹਿੰਦੂ ਤੇ ਕੀ ਸਿੱਖ, ਵਧੇਰੇ ਕਮਰਕਸੇ ਕਰੀ ਫਿਰਦੇ ਸਨ। ਏਥੋਂ ਤਕ ਕਿ ਮੁਗ਼ਲ ਰਾਜ ਸਮੇਂ ਸਿੱਖਾਂ ਤੇ ਹੋਏ ਜ਼ੁਲਮ ਤੇ ਤਸੀਹੇ ਅਤੇ ਇਨ੍ਹਾਂ ਦੀ ਕਈ ਸੌ ਸਾਲਾਂ ਦੀ ਨਿਰੰਤਰ ਟੱਕਰ ਨੂੰ ਇਸ ਕਾਲ ਵਿਚ ਸਾਰੇ ਮਾਧਿਅਮਾਂ ਤੇ ਸਾਰੇ ਸਾਹਿੱਤਕ ਰੂਪਾਂ ਦੁਆਰਾ ਮੁੜ ਦੁਹਰਾਇਆ ਗਿਆ ਤੇ ਸਿੱਖੀ ਗੌਰਵਤਾ ਨੂੰ ਦ੍ਰਿੜ੍ਹਾ ਕੇ, ਕੌਮ ਨੂੰ ਨਵਾਂ ਮਨੋ-ਬਲ ਦੇਣ ਦਾ ਯਤਨ ਕੀਤਾ ਗਿਆ। ਪਰ ਮੁਸਲਮਾਨਾਂ ਨੂੰ ਸਿੱਖੀ ਨਾਲੋਂ ਵੱਧ ਈਸਾਈਅਤ ਤੋਂ ਖ਼ਤਰਾ ਸੀ, ਇਸ ਲਈ ਮੁਸਲਮਾਨ ਲੇਖਕਾਂ ਵਲੋਂ ਸਿੱਖਾਂ ਬਾਰੇ ਤਾਂ ਕਦੇ ਕਦਾਈਂ ਹੀ ਕੋਈ ਰਚਨਾ ਸਾਹਮਣੇ ਆਉਂਦੀ ਸੀ, ਤੇ ਉਹ ਵੀ ਉਰਦੂ ਵਿਚ, ਪਰ ਇਨ੍ਹਾਂ ਵਲੋਂ ਇਸਾਈਆਂ ਦੇ ਵਿਰੁਧ ਜ਼ਰੂਰ ਇਕ ਜ਼ੋਰਦਾਰ ਤੇ ਨਿਰੰਤਰ ਲਹਿਰ ਚਲਾਈ ਗਈ। ਇਸ ਸੰਬੰਧ ਵਿਚ ਗ਼ੁਲਾਮ, ਹੁਸੈਨ ਰਚਿਤ "ਮੁਸਲਮਾਨੀ ਮੇਮ " ਅਤੇ "ਅਜ਼ੀਜ਼ ਫ਼ਾਤਮਾਂ " ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ। ਇਹ ਈਸਾਈਅਤ ਦੇ ਵਿਰੁਧ ਪ੍ਰਤਿਕਰਮ ਸੀ ਕਿ ਇਕ ਮੇਮ ਈਸਾਈ ਮੱਤ ਦਾ ਪ੍ਰਚਾਰ ਕਰਦੀ, ਇਸਲਾਮ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਮੁਸਲਮਾਨ ਬਣ ਜਾਂਦੀ ਹੈ।

ਜਿਸ ਤਰ੍ਹਾਂ ਪਿਛੇ ਦਸਿਆ ਜਾ ਚੁਕਾ ਹੈ, ਇਨ੍ਹਾਂ ਟ੍ਰੈਕਟਾਂ ਦਾ ਰਿਵਾਜ ਈਸਾਈ[39] ਪ੍ਰਚਾਰਕਾਂ ਨੇ ਪਾਇਆ ਅਤੇ ਬਾਈਬਲ ਜਾਂ ਹੋਰ ਈਸਾਈ ਸਾਹਿੱਤ ਵਿੱਚੋਂ ਛੋਟੀਆਂ ਛੋਟੀਆਂ ਕਹਾਣੀਆਂ

---

38. ਮਰਦਮ ਸ਼ੁਮਾਰੀ ਰੀਪੋਰਟ 1891 ਤੋਂ 1901.
39. ਇਨ੍ਹਾਂ ਟ੍ਰੈਕਟਾਂ ਬਾਰੇ ਵਿਸਤਾਰ ਪੂਰਵਕ ਚਰਚਾ 'ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿੱਤ ਨੂੰ ਦੇਣ ' ਵਾਲੇ ਅਧਿਆਇ ਵਿਚ ਕੀਤੀ ਜਾ ਚੁਕੀ ਹੈ।

ਜਾਂ ਘਟਨਾਵਾਂ ਲੈ ਕੇ, ਮੌਲਿਕ ਜਾਂ ਅਨੁਵਾਦਿਤ ਰੂਪ ਵਿਚ ਟ੍ਰੈਕਟ ਛਾਪੇ ਜਿਨ੍ਹਾਂ ਦੀ ਗਿਣਤੀ ਦਾ ਸਹੀ ਅਨੁਮਾਨ ਲਾਉਣਾ ਸੰਭਵ ਨਹੀਂ, ਪਰ ਇਸਦੇ ਹੀ ਉਨ੍ਹੀਵੀਂ ਸਦੀ ਦੇ ਅੰਤ ਤਕ ਛਪਣ ਵਾਲੇ ਇਨ੍ਹਾਂ ਛੋਟੇ ਛੋਟੇ ਟ੍ਰੈਕਟਾਂ ਦੀ ਗਿਣਤੀ ਦੋ ਸੌ ਤੋਂ ਘੱਟ ਨਹੀਂ। ਚੁਪਤ੍ਰੀਆਂ ਦੀ ਵਾਰਤਕ ਸ਼ੈਲੀ ਬੜੀ ਕਮਜ਼ੋਰ ਸੀ। ਸ਼ਬਦ-ਚੋਣ, ਸ਼ਬਦ-ਜੋੜ ਤੇ ਵਾਕ ਬਣਤਰ, ਦੇ ਪੱਖੋਂ ਇਨ੍ਹਾਂ ਵਿਚ ਬੇਹੱਦ ਨੁਕਸ ਹਨ। ਅਰਥ ਵੀ ਕਈ ਵਾਰੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੁੰਦੇ। ਪਰ ਇਹ ਨੁਕਸ ਮੁਢਲੇ ਟ੍ਰੈਕਟਾਂ ਜਾਂ ਈਸਾਈ ਲਿਖਤਾਂ ਦੇ ਹਨ। ਹੌਲੀ ਹੌਲੀ ਇਹ ਵਾਰਤਕ ਵਧੇਰੇ ਨਿਪੁੰਨ ਹੁੰਦੀ ਗਈ। ਸ਼ਬਦ-ਜੋੜਾਂ ਦਾ ਠੁਕ ਵੀ ਬੱਝ ਗਿਆ ਤੇ ਸ਼ਬਦਾਵਲੀ ਵੀ ਆਮ ਬੋਲ-ਚਾਲ ਨਾਲੋਂ ਵਧੇਰੇ ਸਾਹਿੱਤਕ ਪੱਧਰ ਦੀ ਹੋ ਗਈ। ਉਦਾਹਰਣ ਲਈ 'ਕਰਮਾਂ ਤੇ ਮੁਕਤ ਦਾ ਨਾਂ ਹੋਣਾ' [40] ਇਕ ਚੁਪਤ੍ਰੀ ਦਾ ਸਿਰਲੇਖ ਹੈ, ਜਿਸ ਦੀ ਲਿਖਤ ਵਿੱਚੋਂ ਉਪ੍ਰੋਕਤ ਸਾਰੇ ਨੁਕਸ ਪ੍ਰਗਟ ਰੂਪ ਵਿਚ ਸਾਹਮਣੇ ਆਉਂਦੇ ਹਨ:-

> "ਕਰਮਾਂ ਥੀਂ ਮੁਕਤ ਨਹੀਂ, ਪਰ ਮਨੁਖਾਂ ਨੂੰ ਆਪਣੇ ਪਾਪਾਂ ਤੇ ਲਜਿਆਮਾਨ ਹੋ ਕੇ; ਅਤੇ ਪ੍ਰਭੂ ਈਸਾ ਮਸੀਹ ਦੇ ਪਰਾਸਚਿੱਤ ਰੂਪ ਮਰਨ ਦੇ ਆਸਰੇ ਕਰਨੇ, ਜੋ ਮੁਕਤ ਹੁੰਦੀ ਹੈ, ਸੋ ਪਾਦਰੀ ਵਿਲਿਸਨ ਸਾਹਬ ਨੇ ਅਤੇ ਉਸ ਦੇ ਇਕ ਗੁਆਂਢੀ ਨੇ, ਜੋ ਉਸ ਦੇ ਸਰੋਤਿਆਂ ਵਿੱਚੋਂ ਸੀ, ਜਿਕੁਰ ਇਸ ਤਤਪਰਜ ਪੁਰ ਪਰਸਨਾਂ ਉੱਤ੍ਰਾਂ ਦੀ ਰੀਤ ਨਾਲ ਗੋਸਟ ਕੀਤੀ ਹੈ, ਤਿਵੇਂ ਉਸ ਬਿਆਨ ਦੀ ਇਹ ਪੋਥੀ ਰਚੀ ਗਈ ਹੈ। ਉਨ੍ਹਾਂ ਦਾ ਤਿੰਨ ਦਿਨ ਤੀਕੁਰ ਇਸ ਪੁਰ ਸੰਬਾਦ ਹੁੰਦਾ ਰਿਹਾ ਸੀ, ਤਿਸੀ ਅਨੁਸਾਰ ਇਸ ਦੇ ਤਿੰਨ ਭਾਗ ਕੀਤੇ ਹਨ।"

ਭਾਵੇਂ ਉਪ੍ਰੋਕਤ ਵਾਰਤਕ ਦਾ ਨਮੂਨਾ ਪੁਰਾਤਨ ਵਾਰਤਕ ਨਾਲੋਂ ਕਾਫ਼ੀ ਭਿੰਨ ਹੈ, ਅਤੇ ਵਿਸ਼ਰਾਮ ਚਿੰਨ੍ਹਾਂ ਤੇ ਵਾਕ-ਬਣਤਰ ਦੇ ਪੱਖੋਂ ਨਵੀਨ ਵਾਰਤਕ ਨਾਲ ਮੇਲ ਖਾਂਦਾ ਹੈ, ਪਰ ਇਸ ਨੂੰ ਨਵੀਨ ਵਾਰਤਕ ਨਹੀਂ, ਸਗੋਂ ਨਵੀਨ ਵਾਰਤਕ **ਵੱਲ** ਨੂੰ ਇਕ ਕਦਮ ਆਖਿਆ ਜਾ ਸਕਦਾ ਹੈ।

ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਈਸਾਈ ਮਿਸ਼ਨਰੀਆਂ ਵਲੋਂ ਛਾਪੇ ਗਏ ਟ੍ਰੈਕਟਾਂ ਦੀ ਵਾਰਤਕ ਸ਼ੈਲੀ ਬਿਲਕੁਲ ਆਧੁਨਿਕ ਢੰਗ ਦੀ ਹੋ ਗਈ ਸੀ। ਸ਼ਬਦਾਵਲੀ, ਸ਼ਬਦ-ਜੋੜਾਂ ਤੇ ਵਾਕ-ਬਣਤਰ ਵਿਚ ਇਕਸਾਰਤਾ ਵੀ ਆ ਗਈ ਸੀ ਅਤੇ ਵਿਆਕਰਣ ਦੀ ਦ੍ਰਿਸ਼ਟੀ ਤੋਂ ਇਸ ਦਾ ਟਕਸਾਲੀ ਰੂਪ ਨਿਖਰ ਕੇ ਸਾਹਮਣੇ ਆ ਗਿਆ ਸੀ। ਵਿਚਾਰ ਸਪੱਸ਼ਟ ਵੀ ਤੇ ਬਾਦਲੀਲ ਵੀ ਹੋ ਗਏ ਸਨ। ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਵੀ ਪੂਰੀ ਤਰ੍ਹਾਂ ਕੀਤੀ ਜਾਣ ਲਗ ਪਈ ਸੀ। ਉਪ੍ਰੋਕਤ ਵਿਚਾਰ ਦੀ ਪੁਸ਼ਟੀ ਹੇਠ ਲਿਖੀ ਉਦਾਹਰਣ [41] ਤੋਂ ਹੋ ਜਾਂਦੀ ਹੈ:-

---

40. ਚੁਪਤ੍ਰੀਆਂ ਦੀ ਦੂਜੀ ਪੋਥੀ (1860 ਈ.) ਦੀ ਪੰਜਵੀਂ ਕਹਾਣੀ ਵਿੱਚੋਂ।

41. 'ਵਿਚਾਰ ਪ੍ਰਕਾਸ਼' ਪੰਜਾਬ ਰਿਲੀਜਸ ਬੁਕ ਸੁਸਾਇਟੀ, ਅਨਾਰਕਲੀ ਲਾਹੌਰ 1900 ਈ., ਪੰਨਾ 141.

"ਖਾਲਿਸਹ ਪਦ ਦਾ ਅਰਥ ਸਰਕਾਰੀ ਜ਼ਮੀਨ - ਅਰਥਾਤ ਉਹ ਮੁਖਈ ਈਸ਼ਵਰੀ ਸੰਗਤ ਜਿਸ ਦੇ ਮਨ ਵਿਖੇ ਕਿਸੇ ਦੂਜੇ ਦੇਵੀ ਆਦਿਕ ਇਸ਼ਟ ਦੀ ਮਨੌਤ ਰੂਪੀ ਜਾਗੀਰ ਨਾ ਹੋ। ਕੇਵਲ ਉਹ ਈਸ਼ਵਰੀ ਸਰਕਾਰ ਦੀ ਖਾਲਿਸ ਪ੍ਰਜਾ ਹੈ। ਗੁਰੂ ਗੋਬਿੰਦ ਸਿੰਘ ਦੇ ਮਨ ਵਿਚ ਦੇਵੀ ਆਦਿਕ ਮਨੌਤ ਰੂਪੀ ਜਾਗੀਰ ਸੀ , ਇਸ ਲਈ ਗੁਰੂ ਗੋਬਿੰਦ ਸਿੰਘ ਦਾ ਪੰਥ ਖਾਲਸਾ ਪੰਥ ਨਹੀਂ ਹੋ ਸਕਦਾ।

ਬਸ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਨਾਮ ਖਾਲਿਸਹ ਪੰਥ ਰੱਖਣਾ ਤੇ ਆਖਣਾ ਵੱਡਾ ਹੀ ਅਜੋਗ ਔਰ ਅਨਰਥ ਹੈ। ਬਸ ਇਸੀ ਵਾਸਤੇ ਇਹ ਗੁਰਦੇਵ ਯਿਸੂ ਮਸੀਹ ਦੀ ਸੰਗਤ ਅਸਲੀ ਖਾਲਿਸਹ ਪਦਵੀ ਰਖਦੀ ਹੈ। ਬਸ ਇਸ ਨੂੰ ਖਾਲਿਸਹ ਜੀ ਆਖਣਾ ਬਹੁਤ ਹੀ ਯੋਗਯ ਔਰ ਯਥਾਰਥ ਹੈ।"

ਗੁਰਮਤਿ ਦੀ ਵਿਆਖਿਆ, ਸਨਾਤਨੀ ਹਿੰਦੂ, ਆਰੀਆ ਸਮਾਜੀ, ਨਿਰਮਲੇ, ਉਦਾਸੀ ਤੇ ਗੁਲਾਬ ਦਾਸੀਏ ਸਭ ਆਪੋ ਆਪਣੇ ਢੰਗ ਨਾਲ ਕਰਦੇ ਸਨ ਅਤੇ ਸਿੱਖ ਆਪ ਅਨਪੜ੍ਹ ਹੋਣ ਕਰਕੇ ਜਾਂ ਆਪਣੇ ਧਰਮ ਤੇ ਧਰਮ ਗ੍ਰੰਥਾਂ ਤੋਂ ਪੂਰੀ ਤਰ੍ਹਾਂ ਜਾਣੂੰ ਨਾ ਹੋਣ ਕਰਕੇ, ਉਨ੍ਹਾਂ ਸਭ ਵਿਆਖਿਆਵਾਂ ਨੂੰ ਜਿਉਂ ਦਾ ਤਿਉਂ ਸਵੀਕਾਰ ਕਰ ਲੈਂਦੇ ਸਨ। ਸ਼ਾਇਦ ਹੀ ਸੰਸਾਰ ਦੇ ਕਿਸੇ ਹੋਰ ਧਾਰਮਕ ਸਿੱਧਾਂਤਾਂ, ਆਗੂਆਂ ਜਾਂ ਉਨ੍ਹਾਂ ਦੇ ਇਤਿਹਾਸ ਨੂੰ ਏਨਾ ਮੋੜ ਤੋੜ ਕੇ ਪੇਸ਼ ਕੀਤਾ ਗਿਆ ਹੋਵੇ ਜਿੰਨਾ ਕਿ ਸਿੱਖੀ ਬਾਰੇ ਕੀਤਾ ਗਿਆ। ਸਿੱਖੀ ਨੂੰ ਹਿੰਦੂ ਧਰਮ ਦਾ ਇਕ ਅੰਗ, ਗੁਰਬਾਣੀ ਵੇਦਾਂ ਦੀ ਨਕਲ, ਸਿੱਖ ਗੁਰੂ ਹਿੰਦੂਆਂ ਦੇ ਚਾਲੀ ਕ੍ਰੋੜ ਦੇਵਤਿਆਂ ਵਿੱਚੋਂ ਹੀ ਸਿੱਧ ਕਰਨ ਦੇ ਯਤਨ ਤੇ ਉਨ੍ਹਾਂ ਦੇ ਚਰਿਤ੍ਰਾਂ, ਗੁਣਾਂ, ਕਰਨੀਆਂ, ਸਭਨਾਂ ਉਤੇ ਮਿਥਿਹਾਸ ਦਾ ਰੰਗ ਚਾੜ੍ਹ ਕੇ ਅਤੇ ਉਨ੍ਹਾਂ ਨੂੰ ਸਾਧਾਰਨ ਵਿਅੱਕਤੀ ਦਰਸਾ ਕੇ, ਉਨ੍ਹਾਂ ਪ੍ਰਤੀ ਸ਼ਰਧਾ ਨੂੰ ਘਟਾਉਣ ਦੇ ਕੋਝੇ ਯਤਨ, ਇਸ ਦੌਰ ਦੇ ਧਾਰਮਕ ਵਾਦ-ਵਿਵਾਦ ਦਾ ਉੱਘੜਵਾਂ ਪੱਖ ਸੀ। ਹਿੰਦੂਆਂ ਦੀ ਦੇਖਾ-ਦੇਖੀ, ਮੁਸਲਮਾਨਾਂ ਤੇ ਈਸਾਈਆਂ ਨੇ ਇਹੀ ਰੁਚੀ, ਇਹੀ ਢੰਗ ਤੇ ਇਹੀ ਸਾਧਨ ਅਪਣਾ ਕੇ ਸਿੱਖ ਇਤਿਹਾਸ ਤੇ ਗੁਰਮਤਿ ਸਿੱਧਾਂਤਾਂ ਨੂੰ ਆਪਣੇ ਰੰਗ ਵਿਚ ਚਿਤ੍ਰਨਾ ਸ਼ੁਰੂ ਕਰ ਦਿੱਤਾ। ਜਿਥੇ ਅਹਿਮਦੀਆਂ ਨੇ ਗੁਰੂ ਨਾਨਕ ਨੂੰ ਮੁਸਲਮਾਨ ਸਿੱਧ ਕਰਨ ਲਈ ਸਾਰਾ ਜ਼ੋਰ ਲਾ ਦਿੱਤਾ, ਉਥੇ ਈਸਾਈ ਪ੍ਰਚਾਰਕ ਵੀ ਪਿੱਛੇ ਨਾ ਰਹੇ ਅਤੇ ਉਨ੍ਹਾਂ ਨੇ ਵੀ ਆਪਣੇ ਟ੍ਰੈਕਟਾਂ ਵਿਚ ਇਹੀ ਨੀਤੀ ਅਪਣਾਈ।[42]

---

42. ਕਾਦੀਆਨੀ ਲਹਿਰ ਵਲੋਂ ਕੀਤੇ ਗਏ ਯਤਨ 'ਧਾਰਮਕ ਲਹਿਰਾਂ ਦੇ ਪਿਛੋਕੜ' ਵਾਲੇ ਅਧਿਆਇ ਵਿਚ ਅੰਕਿਤ ਕੀਤੇ ਹਨ। ਈਸਾਈ ਯਤਨਾਂ ਦੀ ਉਦਾਹਰਣ "ਹਰੀ ਚਰਿਤ੍ਰ" (1894 ਈ.) ਨਾਂ ਦੇ ਟ੍ਰੈਕਟ ਵਿਚ ਹੈ, ਜਿਹੜਾ ਅੰਗਰੇਜ਼ੀ ਤੇ ਪੰਜਾਬੀ ਵਿਚ ਹੈ ਤੇ ਜਿਸ ਵਿਚ ਗੁਰੂ ਨਾਨਕ ਨੂੰ ਈਸਾਈ, ਤੇ ਬਾਈਬਲ ਦਾ ਪ੍ਰਚਾਰਕ ਸਿੱਧ ਕੀਤਾ ਗਿਆ ਹੈ।

ਇਸ ਲਈ ਇਹ ਬੜਾ ਕੁਦਰਤੀ ਸੀ ਕਿ ਸੂਝਵਾਨ ਸਿੱਖ ਆਪਣੇ ਧਰਮ ਸੰਬੰਧੀ ਪਾਏ ਜਾ ਰਹੇ ਭੁਲੇਖਿਆਂ, ਆਪਣੇ ਇਤਿਹਾਸ ਨੂੰ ਦੂਸ਼ਤ ਰੂਪ ਵਿਚ ਪੇਸ਼ ਕਰਨ ਦੇ ਯਤਨਾਂ ਅਤੇ ਆਪਣੇ ਗੁਰੂਆਂ ਬਾਰੇ ਪ੍ਰਗਟਾਏ ਗਏ ਝੂਠੇ, ਕੋਝੇ ਤੇ ਬੇ-ਬੁਨਿਆਦ ਵਿਚਾਰਾਂ ਸੰਬੰਧੀ ਸੁਚੇਤ ਹੋ ਕੇ ਆਪਣੇ ਅੰਦਰ ਝਾਤੀ ਮਾਰਦੇ ਅਤੇ ਆਪਣੇ ਵਿਰੋਧੀਆਂ ਵਲੋਂ ਕੀਤੇ ਗਏ ਹੱਲਿਆਂ ਦਾ ਨਾਂ ਕੇਵਲ ਮੂੰਹ-ਤੋੜ ਜਵਾਬ ਹੀ ਦਿੰਦੇ, ਸਗੋਂ ਨਵੀਂ ਜਾਗ੍ਰਤੀ ਅਧੀਨ ਸਿੱਖੀ ਦੀ ਅਜਿਹੀ ਵਿਗਿਆਨਕ, ਤੱਥ-ਪੂਰਤ ਤੇ ਨਿਆਇ-ਯੁਕਤ ਵਿਆਖਿਆ ਪੇਸ਼ ਕਰਦੇ, ਜਿਸ ਨਾਲ ਸਿੱਖੀ ਦੀ ਗੌਰਵਤਾ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ। 1873 ਈ. ਵਿਚ ਸਿੰਘ ਸਭਾ ਦੀ ਸਥਾਪਨਾ ਇਸ ਆਸ਼ੇ ਦੀ ਪੂਰਤੀ ਵਲ ਪਹਿਲਾ ਨਿਗਰ ਕਦਮ ਸੀ ਜਿਸ ਨੇ ਕੁਝ ਵਰ੍ਹਿਆਂ ਦੇ ਅੰਦਰ ਅੰਦਰ ਨਾ ਕੇਵਲ ਸਿੱਖੀ ਸੰਬੰਧੀ ਸਭ ਪਾਸਿਆਂ ਵਲੋਂ ਪਾਏ ਜਾ ਰਹੇ ਭੁਲੇਖਿਆਂ ਨੂੰ ਹੀ ਦੂਰ ਕੀਤਾ, ਸਗੋਂ ਸਿੱਖਾਂ ਸਾਹਮਣੇ ਪੇਸ਼ ਪ੍ਰਸ਼ਨਾਂ[43] ਦਾ ਯੋਗ, ਢੁਕਵਾਂ ਤੇ ਸਮੇਂ ਅਨੁਕੂਲ ਉੱਤਰ ਦੇ ਕੇ ਸਿੱਖੀ ਦੀ ਅੱਡਰਤਾ ਤੇ ਵਿਲੱਖਣਤਾ ਨੂੰ ਸਥਿਰ ਤੇ ਦ੍ਰਿੜ੍ਹ ਕੀਤਾ ਅਤੇ ਧਾਰਮਕ, ਸਮਾਜਕ, ਵਿੱਦਿਅਕ, ਆਰਥਕ ਤੇ ਸਭਿਆਚਾਰਕ ਖੇਤਰਾਂ ਵਿਚ ਸਿੱਖਾਂ ਨੂੰ ਮਾਣਯੋਗ ਪਦਵੀ ਦੁਆਉਣ ਦੀ ਜ਼ਿੰਮੇਵਾਰ ਬਣੀ।

ਉਨ੍ਹਾਂ ਵਲੋਂ ਉਸ ਵੇਲੇ ਦੇ ਪਰਚਲਿਤ ਤੇ ਨਵੀਨਤਮ, ਮਾਧਿਅਮਾਂ ਜਾਂ ਸਾਧਨਾਂ ਦੁਆਰਾ ਆਮ ਲੋਕਾਂ ਦੀ ਭਾਸ਼ਾ ਤੇ ਲਿੱਪੀ ਵਿੱਚ ਤੇ ਸਰਲ, ਸਪੱਸ਼ਟ, ਸਿੱਧੇ, ਸਸਤੇ ਤੇ ਸੌਖ ਨਾਲ ਘਰੋ ਘਰੀ ਪੁਚਾਏ ਜਾ ਸਕਣ ਵਾਲੇ ਸਾਹਿੱਤ ਦੀ ਸਿਰਜਣਾ ਕੀਤੀ ਜਿਸ ਦਾ ਸਭ ਤੋਂ ਵੱਧ ਪ੍ਰਿਯ ਰੂਪ ਟ੍ਰੈਕਟ ਤੇ ਪੈਂਫਲਿਟ ਸਨ। ਵਿਅੱਕਤੀਗਤ ਯਤਨਾਂ ਤੋਂ ਬਿਨਾਂ ਹੇਠ ਲਿੱਖੀਆਂ ਉੱਘੀਆਂ ਸਿੱਖ ਸੰਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਦੇ ਸੰਗਠਤ ਤੇ ਜਥੇਬੰਦਕ ਯਤਨਾਂ ਨੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਉਨਤੀ ਦੇ ਨਾਲ ਨਾਲ ਪੰਜਾਬੀ ਵਾਰਤਕ ਦੇ ਨੁਕ ਤੇ ਮੁਹਾਂਦਰੇ ਨੂੰ ਵਿਗਸਾਉਣ ਤੇ ਇਸ ਦਾ ਟਕਸਾਲੀ ਤੇ ਆਧੁਨਿਕ ਰੂਪ ਉਘਾੜਨ ਵਿਚ ਬਹੁਤ ਵੱਡਾ ਹਿਸਾ ਪਾਇਆ:- ਇਹ ਸੰਸਥਾਵਾਂ ਸਨ:-

ੳ) ਖ਼ਾਲਸਾ ਧਰਮ ਪ੍ਰਚਾਰਕ ਸਭਾ ਅੰਮ੍ਰਿਤਸਰ/ਰਾਵਲਪਿੰਡੀ-(12 ਜਨਵਰੀ, 1896 ਈ.)

ਅ) ਖ਼ਾਲਸਾ ਪੰਥ ਪ੍ਰਕਾਸ਼ਕ ਸੁਸਾਇਟੀ(ਖਾਲਸਾ ਕਾਲਜ ਅੰਮ੍ਰਿਤਸਰ, 1896 ਈ.)

ੲ) ਸਿੱਖ ਬੁਕ ਕਲੱਬ ਪਿਸ਼ਾਵਰ(1893 ਈ.)

ਸ) ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ(1885 ਈ.)

ਹ) ਗੁਰਮਤਿ ਗ੍ਰੰਥ ਸੁਧਾਰਕ ਕਮੇਟੀ ਲਾਹੌਰ(1885 ਈ.)

---

43. ਬੈਰੀਅਰ- " ਦੀ ਸਿਖ ਰੀਸਰਜੈਂਸ " (1849-1947 ਈ.) ਪੁਸਤਕ ਸੋਰਸਜ਼ ਆਫ਼ ਪੰਜਾਬ ਹਿਸਟਰੀ(ਸੰਪਾਦਕ-ਜੌਨਜ਼ ਕੈਨਥ) ਦਿਲੀ 1975, ਪੰਨਾ 222.

ਕ) ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ(1894 ਈ.)

ਖ) ਖਾਲਸਾ ਟ੍ਰੈਕਟ ਸੁਸਾਇਟੀ, ਲਾਹੌਰ(1889 ਈ.)

ਉਪ੍ਰੋਕਤ ਸੰਸਥਾਵਾਂ[44] ਵਲੋਂ ਛੋਟੇ ਟ੍ਰੈਕਟਾਂ ਤੇ ਪੈਂਫਲਿਟਾਂ ਤੋਂ ਬਿਨਾਂ ਖੋਜ-ਭਰਪੂਰ, ਸੰਪਾਦਤ ਤੇ ਮੌਲਿਕ ਵੱਡੇ ਆਕਾਰ ਦੇ ਗ੍ਰੰਥ ਵੀ ਛਾਪੇ ਜਾਂਦੇ ਰਹੇ, ਪਰ ਉਨ੍ਹਾਂ ਸੰਬੰਧੀ ਵਿਚਾਰ, ਵਿਸ਼ੇ ਤੇ ਮਹੱਤਵ ਅਨੁਸਾਰ ਯੋਗ ਥਾਂ ਤੇ ਕੀਤੀ ਜਾਵੇਗੀ । ਜਿਸ ਤਰ੍ਹਾਂ ਪਿੱਛੇ ਹਵਾਲਾ ਦਿੱਤਾ ਜਾ ਚੁੱਕਾ ਹੈ ਕਿ ਇਸ ਕਾਲ, ਅਰਥਾਤ 1900 ਈ. ਤਕ ਦੇ ਸਮੇਂ ਵਿਚ ਰਚੇ ਤੇ ਪ੍ਰਕਾਸ਼ਤ ਹੋਏ ਪੰਜਾਬੀ ਟ੍ਰੈਕਟਾਂ ਵਿੱਚੋਂ 900 ਦੇ ਕਰੀਬ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ ਪਏ ਹਨ ਤੇ ਹੋਰ ਵੀ ਬਹੁਤ ਸਾਰੇ ਹੋਣਗੇ, ਜਿਹੜੇ ਸਮੇਂ ਦੀ ਧੂੜ ਹੇਠ ਲੁਪਤ ਹੋਏ, ਸਾਡੇ ਤਕ ਨਹੀਂ ਅਪੜੇ । ਇਨ੍ਹਾਂ ਸੈਂਕੜੇ ਪੈਂਫਲਿਟਾਂ ਦੀਆਂ ਟੋਟੇ ਸੂਚੀਆਂ ਦੇਣੀਆਂ, ਜਾਂ ਹਰੇਕ ਬਾਰੇ ਚਰਚਾ ਸੰਭਵ ਨਹੀਂ ਤੇ ਨਾ ਹੀ ਸਭਨਾਂ ਤੀਕ ਖੋਜ ਕਰਤਾ ਦੀ ਪਹੁੰਚ ਹੀ ਹੋ ਸਕੀ ਹੈ । ਖ਼ਾਲਸਾ ਟ੍ਰੈਕਟ ਸੋਸਾਇਟੀ ਵਲੋਂ ਪ੍ਰਕਾਸ਼ਤ ਟ੍ਰੈਕਟਾਂ ਤੋਂ ਬਿਨਾਂ ਸੌ ਕੁ ਦੇ ਕਰੀਬ ਹੋਰ ਟ੍ਰੈਕਟ ਖੋਜ ਕਾਰਜ ਦੇ ਦੌਰਾਨ ਵੇਖਣ ਦਾ ਅਵਸਰ ਪ੍ਰਾਪਤ ਹੋਇਆ। ਏਥੇ ਕੇਵਲ ਉਨ੍ਹਾਂ ਟ੍ਰੈਕਟਾਂ ਦਾ ਹੀ ਜ਼ਿਕਰ ਕੀਤਾ ਜਾਵੇਗਾ ਜਿਹੜੇ ਵਿਸ਼ੈ, ਰੂਪ, ਸ਼ੈਲੀ ਦੇ ਗੁਣਾਂ ਜਾਂ ਲੇਖਕ, ਘਟਨਾ, ਰੁਚੀ, ਪ੍ਰਵਿਰਤੀ ਦੇ ਲਖਾਇਕ ਹੋਣ ਕਰਕੇ ਜਾਂ ਉਸ ਕਾਲ-ਵਿਸ਼ੇਸ਼ ਦੀ ਸਪਿਰਟ ਨੂੰ ਰੂਪਮਾਨ ਕਰਨ ਵਿਚ ਸਹਾਈ ਹੋਏ। ਪੰਜਾਬੀ ਤੋਂ ਬਿਨਾਂ ਹੋਰ ਭਾਸ਼ਾਵਾਂ ਵਿਚ ਛਪੇ ਕੇਵਲ ਉਨ੍ਹਾਂ ਟ੍ਰੈਕਟਾਂ ਦਾ ਹੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਨੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਪੰਜਾਬੀ ਟ੍ਰੈਕਟਾਂ ਦੇ ਲਿਖੇ ਜਾਣ ਵਿਚ ਪ੍ਰੇਰਣਾ, ਜਾਂ ਵੰਗਾਰ ਦਿਤੀ, ਜਾਂ ਜਿਨ੍ਹਾਂ ਦੇ ਉੱਤਰ ਜਾਂ ਪ੍ਰਤਿਕਰਮ ਵਜੋਂ ਕੋਈ ਟ੍ਰੈਕਟ ਲਿਖੇ ਗਏ। ਸਾਡਾ ਮੂਲ ਮਨੋਰਥ ਏਥੇ ਇਹ ਦਰਸਾਉਣਾ ਹੈ ਕਿ ਇਨ੍ਹਾਂ ਟ੍ਰੈਕਟਾਂ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਕੀ ਤੇ ਕਿਵੇਂ ਹਿੱਸਾ ਪਾਇਆ ।

1873 ਈ. ਵਿਚ ਸਿੰਘ ਸਭਾ ਦੀ ਸਥਾਪਨਾ ਤੋਂ ਪਿੱਛੋਂ, ਸਭਾ ਵਲੋਂ ਗੁਰਮਤ ਪ੍ਰਚਾਰ ਲਈ ਵਿਦਵਾਨਾਂ ਦੀਆਂ ਇਕੱਤ੍ਰਤਾਵਾਂ ਹੋਣ ਲਗੀਆਂ, ਜਿਨ੍ਹਾਂ ਵਿਚ ਸਿੱਖ ਇਤਿਹਾਸ ਦੀ ਖੋਜ ਤੇ ਵਿਚਾਰਾਂ ਹੁੰਦੀਆਂ। ਇਨ੍ਹਾਂ ਖੋਜਾਂ ਦਾ ਪਹਿਲਾ ਵਿਸ਼ਾ ਇਹ ਸੀ ਕਿ ਕੀ ਗੁਰੂ ਨਾਨਕ ਦੇਵ ਜੀ ਦਾ

---

44. (ੳ) ਤੇ (ਅ) ਦਾ ਹਵਾਲਾ ਖ਼ਾਲਸਾ ਡਾਇਰੈਕਟਰੀ(1898 ਈ. ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਟ੍ਰੈਕਟ ਨੰ:58 ) (ਸ) ਤੇ (ਹ) — ਹਵਾਲਾ ਖਾਲਸਾ ~~ਟ੍ਰੈਕ~~ ਦੀਵਾਨ ਲਾਹੌਰ ਦੀ ਰੀਪੋਰਟ 1880, ਤੇ ਬੈਰੀਅਰ- ਉਹੀ ਰਚਨਾ ਪੰਨਾ 222. (ਖ) ਹਵਾਲਾ 1889 ਈ. ਵਿਚ ਪ੍ਰਕਾਸ਼ਤ ਭਾਈ ਮੱਯਾ ਸਿੰਘ ਦਾ ਟ੍ਰੈਕਟ 'ਖਾਲਸਾ ਧਰਮ' ਤੇ ਹੋਰ ਦੋ ਦਰਜਨ ਦੇ ਕਰੀਬ ਟ੍ਰੈਕਟ (ੲ) ਪ੍ਰਕਾਸ਼ਤ ਟ੍ਰੈਕਟ — ਤੇ ਬੈਰੀਅਰ ਉਹੀ ਰਚਨਾ, ਪੰਨਾ 226.

ਜਨਮ ਕੱਤਕ ਦਾ ਹੈ ਜਾਂ ਵਿਸਾਖ ਦਾ ? ਇਸ ਪ੍ਰਸ਼ਨ ਉੱਤੇ ਤਿੰਨ ਸਾਲ ਬਹਿਸ ਹੁੰਦੀ ਰਹੀ। ਇਸ ਤੋਂ ਪਿੱਛੋਂ ਹਰ ਗੁਰਪੁਰਬ ਦੀ ਤਾਰੀਖ ਬਾਰੇ ਖੋਜ ਕੀਤੀ ਗਈ। ਤੇ 'ਗੁਰ ਪ੍ਰਣਾਲੀ' ਨਾਂ ਦੀ ਕਿਤਾਬ ਤਿਆਰ ਕੀਤੀ ਗਈ। ਗੁਰਮਤਿ ਵਿਚਾਰ ਨੂੰ ਜਾਰੀ ਰਖਣ ਲਈ "ਗੁਰਮਤਿ ਗ੍ਰੰਥ ਪ੍ਰਚਾਰਕ ਸਭਾ" ਕਾਇਮ ਕੀਤੀ ਗਈ।"[45] ਉਪ੍ਰੋਕਤ ਮਨੋਰਥਾਂ ਲਈ ਕਾਇਮ ਹੋਣ ਵਾਲੀ ਸ਼ਾਇਦ ਇਹ ਪਹਿਲੀ ਸੰਸਥਾ ਸੀ ਜਿਸ ਨੇ ਅਨੇਕ ਟ੍ਰੈਕਟ ਤੇ ਪੁਸਤਕਾਂ ਛਾਪੀਆਂ। ਇਸ ਸਭਾ ਵਲੋਂ ਪ੍ਰਕਾਸ਼ਤ ਹੋਣ ਵਾਲੇ ਗ੍ਰੰਥਾਂ ਤੇ ਟ੍ਰੈਕਟਾਂ ਦੇ ਮਹੱਤਵ ਦਾ ਅਨੁਮਾਨ ਕੇਵਲ ਇੱਕੋ ਉਦਾਹਰਣ ਤੋਂ ਲਗ ਜਾਂਦਾ ਹੈ ਕਿ ਦਸਮ ਗ੍ਰੰਥ ਦੀ ਖੋਜ ਦੀ ਯੋਜਨਾ ਅਧੀਨ 32 ਤਰ੍ਹਾਂ ਦੀਆਂ ਦਸਮ ਗ੍ਰੰਥ ਦੀਆਂ ਬੀੜਾਂ ਮੰਗਵਾਈਆਂ ਗਈਆਂ। 'ਦਸਮ ਗ੍ਰੰਥ ਦੀ ਅਸਲੀਅਤ ਬਾਰੇ ਨਿਰਣਾ ਕਰਨ ਲਈ ਹਰ ਰੋਜ਼ ਗੁਰਮਤ ਦੇ ਬੜੇ ਬੜੇ ਵਿਦਵਾਨ, ਖੋਜੀ, ਗਿਆਨੀ ਅਤੇ ਪੰਡਿਤ ਬੈਠ ਕੇ ਵਿਚਾਰਾਂ ਕਰਦੇ। ਨਿਰੰਤਰ, ਨੇਮ ਨਾਲ ਰੋਜ਼ਾਨਾ ਲਗ ਭਗ 13 ਮਹੀਨੇ ਦੀ ਮਿਹਨਤ ਦੇ ਵਿਚਾਰ-ਵਟਾਂਦਰੇ ਉਪਰੰਤ, ਇਕ ਰੀਪੋਰਟ ਤਿਆਰ ਕੀਤੀ ਗਈ ਜਿਸ ਵਿਚ ਦਸਮ ਗ੍ਰੰਥ ਸੰਬੰਧੀ ਪੂਰੀ ਪੂਰੀ ਵਾਕਫ਼ੀਅਤ ਦਰਜ ਹੈ।"[46] ਇਸ ਪੱਧਰ ਦੀ ਖੋਜ ਉਪਰੰਤ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ ਵਲੋਂ, ਜਿਹੜੇ ਟ੍ਰੈਕਟ ਪ੍ਰਕਾਸ਼ਤ ਹੋਏ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1) 'ਗੁਰ ਪ੍ਰੀਖਯਾ' (1882 ਈ.) ਲੇਖਕ ਭਾਈ ਸਰਦੂਲ ਸਿੰਘ- ਵਾਰਤਕ, 40 ਪੰਨੇ
2) 'ਸ੍ਰੀ ਗੁਰਮਤ ਸਿਧਾਂਤ' (1882 ਈ.) -ਉਹੀ- 30 ਪੰਨੇ
3) 'ਸ੍ਰੀ ਗੁਰਮਤ ਵਿਚਾਰਾਂ' (1882 ਈ.) -ਉਹੀ- 30 ਪੰਨੇ
4) 'ਪ੍ਰਸ਼ਨਾਵਲੀ ਤੇ ਉੱਤਰ (1882 ਈ.) -ਉਹੀ- 18 ਪੰਨੇ
5) ਕ੍ਰਿਪਾ ਕਟਾਖਯ ਜਾਂ ਖਾਲਸਾ ਮਨ-ਮੋਦਿਕ (1882 ਈ.) -ਉਹੀ- 45 ਪੰਨੇ
6) 'ਸੱਚ ਸਿਧਾਂਤ (1887 ਈ.) -ਉਹੀ- 80 ਪੰਨੇ
7) 'ਰੀਪੋਟ ਦਸਮ ਗ੍ਰੰਥ ਦੀ ਸੁਧਾਈ ਦੀ' (1894 ਈ.) -ਉਹੀ- 116 ਪੰਨੇ
8) 'ਗੁਰਪੁਰਬ ਕਰਨ ਦੀ ਵਿਧੀ' (1895 ਈ.) -ਉਹੀ- 13 ਪੰਨੇ
9) 'ਗੁਰਪੁਰਬ ਪ੍ਰਕਾਸ਼' (1895 ਈ.) -ਉਹੀ- 64 ਪੰਨੇ
10) 'ਗੁਰਸਿੱਖਾਂ ਦੇ ਨਿੱਤ ਕਰਮ' (1897 ਈ.) - ਉਹੀ- 40 ਪੰਨੇ
11) 'ਯਾਤ੍ਰਾ ਸ੍ਰੀ ਹਜ਼ੂਰ ਸਾਹਿਬ (1897 ਈ.) - ਉਹੀ - 16 ਪੰਨੇ
12) 'ਗੁਰ ਪ੍ਰਣਾਲੀ' (1876 ਈ.) -ਉਹੀ- 62 ਪੰਨੇ

---

45. ਗੁਰਦੁਆਰਾ ਗਜ਼ਟ ਅੰਮ੍ਰਿਤਸਰ, ਅਗਸਤ -1953, ਪੰਨਾ 10
46. ਉਹੀ, ਪੰਨਾ 10.

ਇਨ੍ਹਾਂ ਤੋਂ ਬਿਨਾਂ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' ਵਲੋਂ ਹੋਰ ਵੀ ਕੁਝ ਕੁ ਟ੍ਰੈਕਟ ਛਪੇ। ਇਸ ਸਭਾ ਦਾ ਮੁਖ ਮਨੋਰਥ ਇਤਿਹਾਸਕ ਸਾਮੱਗ੍ਰੀ ਸੰਬੰਧੀ ਰਪੋਟਾਂ ਤਿਆਰ ਕਰਨਾ ਸੀ, ਪਰ ਇਸ ਸਾਮੱਗ੍ਰੀ ਦੇ ਸ੍ਰੋਤ ਦੀ ਸ਼ੁੱਧਤਾ ਦਾ ਮੁਲਾਂਕਣ 'ਗੁਰਮਤਿ ਗ੍ਰੰਥ ਸੁਧਾਰਕ ਕਮੇਟੀ' ਲਾਹੌਰ ਦੇ ਜ਼ਿੰਮੇ ਸੀ।[47] 'ਗੁਰਮਤਿ ਗ੍ਰੰਥ ਸੁਧਾਰਕ ਕਮੇਟੀ' ਨੇ ਇਹ ਕੰਮ ਵੀ ਆਪਣੇ ਜ਼ਿੰਮੇ ਲਿਆ ਕਿ 'ਗੁਰੂ ਗ੍ਰੰਥ ਸਾਹਿਬ' ਦੀਆਂ ਨਕਲੀਆਂ ਐਡੀਸ਼ਨਾਂ **ਪ੍ਰਕਾਸ਼ਤ** ਨਾ ਕੀਤੀਆਂ ਜਾਣ ਅਤੇ ਜਿਹੜੀਆਂ ਜੀਵਨੀਆਂ ਗੁਰੂ ਸਾਹਿਬਾਨ ਦੀਆਂ ਪ੍ਰਕਾਸ਼ਤ ਹੋਣ, ਉਨ੍ਹਾਂ ਵਿਚ ਗ਼ਲਤ ਤੱਥ ਸ਼ਾਮਲ ਨਾ ਹੋ ਸਕਣ। ਪਹਿਲੇ ਮਨੋਰਥ ਦੀ ਪੂਰਤੀ ਲਈ ਸਰਕਾਰ ਪਾਸੋਂ 'ਗੁਰਬਾਣੀ ਕਾਨੂੰਨ' ਪਾਸ ਕਰਾਉਣ ਦਾ ਯਤਨ ਵੀ ਕੀਤਾ ਗਿਆ ਜਿਹੜਾ ਸਿਰੇ ਨਾ ਚੜ੍ਹ ਸਕਿਆ।[48] ਇਸ ਕਮੇਟੀ ਵਲੋਂ ਉੱਚ-ਪੱਧਰ ਦੀਆਂ ਸ਼ੁੱਧ ਜੀਵਨੀਆਂ ਟ੍ਰੈਕਟਾਂ ਦੇ ਰੂਪ ਵਿਚ ਛਾਪੀਆਂ ਜਾਣ ਲੱਗੀਆਂ ਜਿਨ੍ਹਾਂ ਦੇ ਲੇਖਕ ਉਸ ਵੇਲੇ ਦੇ ਪ੍ਰਸਿੱਧ ਵਿਦਵਾਨ ਗਿਆਨੀ ਦਿੱਤ ਸਿੰਘ, ਭਾਈ ਨਰੈਣ ਸਿੰਘ ਤੇ ਭਾ. ਸਰਦੂਲ ਸਿੰਘ ਸਨ ਜਿਨ੍ਹਾਂ ਨੇ ਕ੍ਰਮਵਾਰ ਗੁਰੂ ਨਾਨਕ ਪ੍ਰਬੋਧ, ਗੁਰੂ ਅਰਜਨ ਚਰਿਤ੍ਰ, ਕਲਗੀਧਰ ਉਪਕਾਰ, ਜਨਮ ਸਾਖੀ ਗੁਰੂ ਤੇਗ਼ ਬਹਾਦਰ ਜੀ, ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਟ੍ਰੈਕਟਾਂ ਦੀ ਰੂਪ ਵਿਚ ਲਿਖੀਆਂ। ਹੋਰ ਟ੍ਰੈਕਟਾਂ ਤੋਂ ਬਿਨਾਂ (ਏਸੇ ਕਮੇਟੀ ਵਲੋਂ) ਲੰਡਨ ਵਾਲੀ ਜਨਮ ਸਾਖੀ, ਜਿਸ ਨੂੰ ਮੈਕਾਲਫ਼ ਵਾਲੀ ਜਨਮ ਸਾਖੀ ਵੀ ਆਖਿਆ ਜਾਂਦਾ ਹੈ, ਸੰਪਾਦਤ ਕਰਾ ਕੇ 1885 ਈ. ਵਿਚ ਪੱਥਰ ਦੇ ਛਾਪੇ ਵਿਚ ਪ੍ਰਕਾਸ਼ਤ ਕੀਤੀ।[49]

ਪਰ ਸਿੱਖ ਸਿੱਧਾਂਤਾਂ ਦੀ ਵਿਗਿਆਨਕ ਤੇ ਨਿਆਇ-ਸ਼ੀਲ ਵਿਆਖਿਆ, ਸਿੱਖ ਗੁਰੂ ਸਾਹਿਬਾਨ ਦੀਆਂ ਕਲਾਮਈ ਤੇ ਪ੍ਰਮਾਣਿਕ ਜੀਵਨੀਆਂ, 'ਸਿਖ ਰਹਿਤ ਮਰਯਾਦਾ' ਦੀਆਂ ਮੂਲ ਧਾਰਨਾਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਸ਼ੁਧ ਟੀਕੇ, ਮਨਮਤ ਤੇ ਅਨਮਤ ਦੇ ਖੰਡਨ, ਹੋਰ ਧਰਮਾਂ ਦੇ ਸਿੱਖੀ ਉੱਤੇ ਹੁੰਦੇ ਹੱਲਿਆਂ ਦੇ ਉੱਤਰ ਅਤੇ ਸਿੱਖ ਸਮਾਜ ਵਿਚ ਆ ਚੁੱਕੀਆਂ ਗਿਰਾਵਟਾਂ ਬਾਰੇ ਸੋਝੀ ਤੇ ਲੋਕ-ਚੇਤਨਾਂ ਜਾਂ ਭਾਵਨਾਂ ਨੂੰ ਟੁੰਬਣ ਵਿਚ ਜੋ ਸੇਵਾ 'ਖ਼ਾਲਸਾ ਟ੍ਰੈਕਟ ਸੁਸਾਇਟੀ' ਅੰਮ੍ਰਿਤਸਰ ਨੇ ਕੀਤੀ ਹੈ, ਉਹ ਬੇ-ਮਿਸਾਲ ਤੇ ਸਦੀਵੀ ਇਤਿਹਾਸਕ ਮਹੱਤਤਾ

---

47. ਜੋਨਜ਼ ਕੈਨਿਥ - 'ਸੋਰਸਜ਼ ਆਫ਼ ਪੰਜਾਬ ਹਿਸਟਰੀ- ਦਿੱਲੀ, 1975, ਪੰਨਾ 224
"ਦੀਜ਼ ਟੂ ਸੁਸਾਇਟੀਜ਼ ਵੇਅਰ ਇਨਵਾਲਵਡ ਇਨ ਹਿਸਟਾਰੀਕਲ ਰੀਸਰਚ"
48. ਅਸ਼ੋਕ ਸ਼ਮਸ਼ੇਰ ਸਿੰਘ, 'ਪੰਜਾਬ ਦੀਆਂ ਲਹਿਰਾਂ', ਪੰਨਾ 106.
49. ਪੁਰਾਤਨ ਜਨਮ ਸਾਖੀ (ਮੈਕਾਲਫ਼) 1885, ਲਾਹੌਰ, ਪੰਨਾ 7.

ਵਾਲੀ ਹੈ। ਇਸ ਸੰਸਥਾ ਨੇ ਸਿੰਘ ਸਭਾ ਵਲੋਂ ਮਿਥੇ ਗਏ ਆਸ਼ਿਆਂ, ਵਿਦਿੱਅਕ ਪ੍ਰਚਾਰ, ਸਿੱਖ ਸਿੱਧਾਂਤਾਂ ਦਾ ਪੁਨਰ ਉਥਾਨ ਤੇ ਪੁਨਰ-ਨਿਰਮਾਣ, ਪੰਜਾਬੀ ਸਾਹਿੱਤ ਦਾ ਬਹੁ-ਪੱਖੀ ਵਿਕਾਸ ਤੇ ਸਮਾਜ ਸੁਧਾਰ ਆਦਿ — ਦੀ ਪੂਰਤੀ ਵਿਚ ਹੋਰ ਸਭਨਾਂ ਵਿਅੱਕਤੀਆਂ ਤੇ ਸੰਸਥਾਵਾਂ ਨਾਲੋਂ ਕਿਤੇ ਵਧ ਯੋਗਦਾਨ ਦਿੱਤਾ।

ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਆਰੰਭ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹਨ। ਕੋਈ ਇਸ ਨੂੰ 1892 ਈ., ਕੋਈ 1894 ਈ., ਕੋਈ 1896 ਈ. ਤੇ ਕੋਈ 1897 ਈ. ਵਿਚ ਆਰੰਭ ਹੋਈ ਸਿੱਧ ਕਰਦਾ ਹੈ।[50] ਇਹ ਠੀਕ ਹੈ ਕਿ ਡਾ. ਚਰਨ ਸਿੰਘ ਨੇ 1894 ਈ. ਤੋਂ ਪਹਿਲਾਂ ਕੁਝ ਟ੍ਰੈਕਟ ਲਿਖੇ ਤੇ ਛਾਪੇ, ਸਨ ਜਿਵੇਂ 'ਸ੍ਰੀ ਅਟੱਲ ਪ੍ਰਕਾਸ਼(1891 ਈ.) ਪਰ ਭਾ: ਕੌਰ ਸਿੰਘ ਧੂਪੀਆ, ਭਾਈ ਵੀਰ ਸਿੰਘ ਤੇ ਹਕੀਮ ਹਰਨਾਮ ਸਿੰਘ ਦੇ ਮਿਲਵੇਂ ਯਤਨਾਂ ਨਾਲ ਇਹ ਸੁਸਾਇਟੀ ਸਤੰਬਰ 1894 ਈ.[51] ਵਿਚ ਕਾਇਮ ਹੋਈ। ਹੁਣ ਤਕ ਇਸ ਸੁਸਾਇਟੀ ਵਲੋਂ 1400 ਤੋਂ ਉਪਰ[52] ਟ੍ਰੈਕਟ ਪ੍ਰਕਾਸ਼ਤ ਹੋ ਚੁੱਕੇ ਹਨ, ਵੱਖ ਵੱਖ ਟ੍ਰੈਕਟਾਂ ਦੀਆਂ ਕਾਪੀਆਂ ਦਾ ਕੁਲ ਜੋੜ ਇਕ ਕਰੋੜ ਦੇ ਲਗਭਗ ਹੈ ਪਰ ਸਾਡੇ ਅਧੀਨ ਕਾਲ ਵਿਚ ਪ੍ਰਕਾਸ਼ਤ ਟ੍ਰੈਕਟਾਂ ਦੀ ਲੜੀ 141

---

50.(ੳ) "ਮਾਸਕ ਪੱਤਰ(ਨਿਰਗੁਣਿਆਰਾ) ਨਾਲ ਖ਼ਾਲਸਾ ਟ੍ਰੈਕਟ ਸੁਸਾਇਟੀ ਦਾ ਮੁਢ ਬੱਝਿਆ। 1892 ਈ. ਵਿਚ ਇਹ ਪੱਤਰ ਡਾ: ਚਰਨ ਸਿੰਘ ਦੀ ਕਲਮ ਤੋਂ ਮਾਹਵਾਰ ਟ੍ਰੈਕਟ ਦੀ ਸ਼ਕਲ ਵਿਚ ਨਿਕਲਣਾ ਸ਼ੁਰੂ ਹੋਇਆ। ਇਸ ਤੋਂ ਚਾਰ ਸਾਲ ਪਿਛੋਂ ਸੰਨ 1896 ਈ. ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ, ਭਾਈ ਵੀਰ ਸਿੰਘ, ਹਕੀਮ ਹਰਨਾਮ ਸਿੰਘ ਆਦਿ ਸਜਣਾਂ ਦੇ ਯਤਨਾਂ ਨਾਲ ਕਾਇਮ ਹੋਈ" ਪੰਜਾਬੀ ਪੱਤਰ ਕਲਾ - ਪਟਿਆਲਾ, ਪੰ:38.

(ਅ) ਕੁਲਦੀਪ ਸਿੰਘ 'ਪਤਰਕਾਰੀ'(ਦਿੱਲੀ) ਦੇ ਪੰਨਾ 32 ਉਤੇ 1892 ਈ. ਨੂੰ ਸੰਸਥਾਪਨ ਕਾਲ ਮੰਨਦਾ ਹੈ।

(ੲ) ਇਹ ਸੁਸਾਇਟੀ ਮਾਰਚ 1897 ਈ. ਵਿਚ ਸਰਕਾਰ ਪਾਸ ਰਜਿਸਟਰ ਹੋਈ, ਇਸ ਲਈ ਕਈ 1897 ਈ. ਹੀ ਇਸ ਦਾ ਆਰੰਭ ਕਾਲ ਮੰਨਦੇ ਹਨ।

(ਸ) ਵੀਹਵੀਂ ਸਦੀ ਵਿਚ ਪ੍ਰਕਾਸ਼ਤ ਕਈ ਟ੍ਰੈਕਟਾਂ ਉਤੇ ਛਪਿਆ ਮਿਲਦਾ ਹੈ ਕਿ ਸੁਸਾਇਟੀ 1896 ਈ. ਵਿਚ ਬਣੀ।

51.(ੳ) 'ਖਾਲਸਾ ਧਰਮ ਪ੍ਰਚਾਰ' ਦੇ 15 ਸਤੰਬਰ 1894 ਈ. ਦੇ ਅੰਕ(ਸਾਲ 1, ਅੰਕ 5 ਪੰਨਾ 1) ਵਿਚ ਇਹ ਖ਼ਬਰ ਪ੍ਰਕਾਸ਼ਤ ਹੋਈ ਕਿ ਅੰਮ੍ਰਿਤਸਰ ਵਿਚ 'ਖਾਲਸਾ ਟ੍ਰੈਕਟ ਸੁਸਾਇਟੀ ਕਾਇਮ ਹੋਈ।

(ਅ) ਸੁਸਾਇਟੀ ਦੇ ਮੋਢੀ ਮੈਂਬਰ ਭਾਈ ਕੌਰ ਸਿੰਘ ਦੀ ਮ੍ਰਿਤੂ ਤੇ 19 ਜੁਲਾਈ 1895 ਈ. ਨੂੰ ਜਿਹੜਾ ਸ਼ੋਕ-ਪੱਤਰ ਦੇ ਰੂਪ ਵਿਚ ਟ੍ਰੈਕਟ ਪ੍ਰਕਾਸ਼ਤ ਕੀਤਾ ਗਿਆ, ਉਸ ਦਾ ਨੰਬਰ 6 ਹੈ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਟ੍ਰੈਕਟਾਂ ਦੀ ਪ੍ਰਕਾਸ਼ਨਾਂ ਉਥਾ-ਬੰਧ ਜਾਂ ਬਾਕਾਇਦਾ ਨਹੀਂ ਸੀ ਕਿਉਂਕਿ ਸਤੰਬਰ 1894 ਤੋਂ ਜੁਲਾਈ 1895 ਤਕ ਕੇਵਲ 6 ਹੀ ਟ੍ਰੈਕਟ ਛਪੇ।

(ੲ)ਪ੍ਰੋ: ਗੁਰਇੰਦਰ ਸਿੰਘ ਪਾਲ ਅਨੁਸਾਰ ਇਹ ਸੁਸਾਇਟੀ ਲਗਭਗ ਦਸੰਬਰ 1894 ਈ. ਨੂੰ ਹੋਂਦ ਵਿਚ ਆਈ।('ਪਰਖ' ਸੰਪਾਦਕ - ਡਾ.ਸੁਰਿੰਦਰ ਸਿੰਘ ਕੋਹਲੀ - ਅੰਕ ਨੰ:1, 1968 ਪੰਨਾ 23 -

ਤਕ ਹੀ ਪੁੱਜਦੀ ਹੈ।[53] 'ਪ੍ਰਾਰਥਨਾ '(ਟ੍ਰੈਕਟ ਨੰ:1) ਤੋਂ 'ਲਾਭ-ਮਈ ਬੇਨਤੀ'(ਟ੍ਰੈਕਟ ਨੰ:141) ਤਕ ਛਪੇ ਟ੍ਰੈਕਟਾਂ ਦੇ ਲੇਖਕ ਵੱਖੋ ਵੱਖਰੇ ਸੱਜਣ ਹਨ, ਪਰ ਉਨ੍ਹਾਂ ਦੇ ਲੇਖਕਾਂ ਦਾ ਨਾਂ ਕਿਸੇ ਕਿਸੇ ਟ੍ਰੈਕਟ ਤੇ ਹੀ ਦਿਖਾਈ ਦਿੰਦਾ ਹੈ। ਟ੍ਰੈਕਟਾਂ ਦੀ ਬਹੁਤੀ ਰਚਨਾ ਭਾਈ ਵੀਰ ਸਿੰਘ ਜੀ ਦੁਆਰਾ ਹੀ ਕੀਤੀ ਗਈ, ਭਾਵੇਂ ਹੋਰ ਉਘੇ ਲੇਖਕਾਂ ਵਿਚ ਡਾ: ਚਰਨ ਸਿੰਘ, ਗਿਆਨੀ ਹਜ਼ਾਰਾ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿ: ਦਿੱਤ ਸਿੰਘ, ਸ੍ਰ: ਅਵਤਾਰ ਸਿੰਘ ਵਹੀਰੀਆ, ਸ੍ਰ: ਝੰਡਾ ਸਿੰਘ ਆਦਿ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨ-ਯੋਗ ਹਨ।

1900 ਈ: ਤਕ ਛਪੇ ਟ੍ਰੈਕਟਾਂ ਦੇ ਆਕਾਰ, ਪੰਨੇ, ਮੁੱਲ, ਗਿਣਤੀ, ਪ੍ਰਕਾਸ਼ਨ ਦਾ ਢੰਗ 'ਸਰਵਰਕ ਦਾ ਡੀਜ਼ਾਈਨ ,ਆਦਿ ਭਿੰਨ ਭਿੰਨ ਹਨ। ਏਸੇ ਤਰ੍ਹਾਂ ਵਿਸ਼ਿਆਂ ਦੀ ਲੜੀ ਵੀ ਇਕਸਾਰ ਨਹੀਂ ਅਤੇ ਨਾ ਹੀ ਸ਼ੈਲੀ ਇਕਸਾਰ ਹੈ, ਜਿਸ ਤੋਂ ਲਿਖਣ ਵਾਲਿਆਂ ਦੇ ਵਖਰੇ ਹੋਣ ਦਾ ਪਤਾ ਲਗ ਜਾਂਦਾ ਹੈ। ਇਨ੍ਹਾਂ ਟ੍ਰੈਕਟਾਂ ਵਿਚ ਜੀਵਨੀਆਂ, ਇਤਿਹਾਸ, ਵਿੱਦਿਆ, ਕੁਰੀਤੀ ਸੁਧਾਰ, ਸਿੱਖੀ ਸਿਦਕ, ਸਿੱਖੀ ਪੁਰ ਵਿਚਾਰ ਤੇ ਖਾਸ ਸਿੱਖਾਂ ਲਈ ਉਪਦੇਸ਼, ਗੁਰਬਾਣੀ ਦੇ ਟੀਕੇ, ਆਮ ਸਿੱਖਿਆ, ਇਸਤਰੀ ਸਿੱਖਿਆ ਤੇ ਸੁਧਾਰ, ਕਿੱਸੇ, ਤੁੱਕਾਂ, ਤਸਵੀਰਾਂ, ਡਾਇਰੈਕਟਰੀਆਂ, ਵਧਾਈ-ਪੱਤਰ ਤੇ ਸ਼ੋਕ-ਪੱਤਰ ਸਭ ਕੁਝ ਸ਼ਾਮਲ ਹੈ। ਇਨ੍ਹਾਂ ਸਾਰੇ ਟ੍ਰੈਕਟਾਂ ਉਤੇ ਇਕੱਲੀ ਇਕੱਲੀ ਵਿਚਾਰ ਕਰਨੀ ਉਚਿੱਤ ਨਹੀਂ ਪ੍ਰਤੀਤ ਹੁੰਦੀ ਕਿਉਂਜੋ ਏਥੇ ਸਾਡਾ ਮਨੋਰਥ ਕੇਵਲ ਇਸ ਕਾਲ ਵਿਚ ਪ੍ਰਕਾਸ਼ਤ ਟ੍ਰੈਕਟਾਂ ਦੀ ਪੰਜਾਬੀ ਵਾਰਤਕ ਨੂੰ ਦੇਣ ਸੰਬੰਧੀ ਹੀ ਅਧਿਐਨ ਕਰਨਾ ਹੈ। ਇਹ ਅਧਿਐਨ ਵਿਸ਼ਿਆਂ ਦੇ ਵਰਗੀਕਰਣ ਦੁਆਰਾ ਹੀ ਸੰਭਵ ਹੈ, ਟ੍ਰੈਕਟ-ਲੜੀ ਅਨੁਸਾਰ ਨਹੀਂ।

## ਧਾਰਮਿਕ ਜੀਵਨੀਆਂ

ਅੰਗਰੇਜ਼ ਇਤਿਹਾਸਕਾਰਾਂ, ਈਸਾਈ ਮਿਸ਼ਨਰੀਆਂ, ਆਰੀਆ ਸਮਾਜੀਆਂ, ਸਨਾਤਨੀਆਂ, ਮਿਰਜ਼ਈਆਂ, ਨਿਰਮਲਿਆਂ, ਉਦਾਸੀਆਂ ਤੇ ਸ਼ਰਧਾ ਰਾਮ ਫਲੌਰੀ ਵਰਗੇ ਲੇਖਕਾਂ ਨੇ ਸਿੱਖੀ ਨੂੰ ਸਭ ਤੋਂ ਵੱਡੀ ਚਾਹ, ਸਿੱਖ ਗੁਰੂ ਸਾਹਿਬਾਨ , ਸਿੱਖ ਸ਼ਹੀਦਾਂ ਸੂਰਬੀਰਾਂ, ਯੋਧਿਆਂ ਆਦਿ ਦੀਆਂ ਗਲਤ,

---

"ਖਾਲਸਾ ਟ੍ਰੈਕਟ ਸੁਸਾਇਟੀ ਦੀ ਪੰਜਾਬੀ ਸਾਹਿਤ ਨੂੰ ਦੇਣ" । ਪਰ ਸਮਕਾਲੀ ਅਖ਼ਬਾਰ ਦੀ ਖ਼ਬਰ ਨੂੰ ਵਧੇਰੇ ਭਰੋਸੇਯੋਗ ਮੰਨਣਾ ਚਾਹੀਦਾ ਹੈ।

52. 15 ਅਗਸਤ 1972 ਨੂੰ ਪ੍ਰਕਾਸ਼ਤ ਟ੍ਰੈਕਟ 'ਅੰਮ੍ਰਿਤ ਵੇਲਾ' ਉਤੇ ਜਿਲਦ ਨੰ:70, ਨੰਬਰ 8 ਕੁਲ ਅੰਕ 1400 ਦਰਜ ਹੈ, ਹੁਣ ਇਹ ਗਿਣਤੀ 1435 ਤਕ ਪੁਜ ਚੁਕੀ ਹੈ।

53. ਇਨ੍ਹਾਂ 141 ਟ੍ਰੈਕਟਾਂ ਦੀ ਸੂਚੀ ਅੰਤਿਕਾ ਵਿਚ ਦਿੱਤੀ ਗਈ ਹੈ।

ਭੁਲੇਖਾ-ਪਾਊ, ਤੋੜੀਆਂ ਮ੍ਰੋੜੀਆਂ, ਇਤਿਹਾਸਕ ਰੰਗ ਵਿਚ ਰੰਗੀਆਂ, ਜੀਵਨੀਆਂ ਪੇਸ਼ ਕੀਤੀਆਂ ਤਾਂ ਜੋ ਸਿੱਖਾਂ ਨੂੰ ਸਿੱਖੀ ਉੱਤੇ ਮਾਣ ਹੋਣ ਦੀ ਥਾਂ ਸ਼ਰਮ ਮਹਿਸੂਸ ਹੋਵੇ ਅਤੇ ਉਹ ਵੀ ਆਪਣੇ ਨਾਇਕਾਵਾਂ ਨੂੰ ਹਿੰਦੂ ਇਤਿਹਾਸ ਵਾਂਗ ਨਿਰੋਲ ਕਲਪਿਤ ਪਾਤਰ ਹੀ ਸਮਝਣ ਲਗ ਪੈਣ। ਇਸ ਲਈ ਸ਼ੁਧ ਸਰੂਪ ਵਾਲੀਆਂ, ਉਭਾਰੂ ਤੇ ਉਸਾਰੂ ਜੀਵਨੀਆਂ ਸਰਲ ਤੇ ਠੇਠ ਭਾਸ਼ਾ ਵਿਚ ਪੰਜਾਬੀਆਂ ਸਾਹਮਣੇ ਪੇਸ਼ ਕਰਨ ਦਾ ਟੀਚਾ, ਸਿੰਘ ਸਭਾ ਦੇ ਆਗੂਆਂ ਨੇ ਆਪਣੇ ਸਾਹਮਣੇ ਮਿਥਿਆ। ਖਾਲਸਾ ਟ੍ਰੈਕਟ ਸੁਸਾਇਟੀ ਨੇ ਇਸ ਮਨੋਰਥ ਨੂੰ ਨਵੀਨ ਤੇ ਵਿਗਿਆਨਕ ਢੰਗ ਤੇ ਰਚੀਆਂ ਜੀਵਨੀਆਂ ਰਾਹੀਂ ਪੂਰਾ ਕਰਨ ਦਾ ਉਦਮ ਕੀਤਾ, ਜਿਨ੍ਹਾਂ ਵਿਚੋਂ ਇਤਿਹਾਸਕ ਤੱਥਾਂ ਦੇ ਨਾਲ ਨਾਲ ਗੁਰਮਤਿ ਦੇ ਡੂੰਘੇ ਤੇ ਗੂੜ੍ਹੇ ਸਿੱਧਾਂਤਾਂ ਦੀ ਵੀ ਸਹਿਜ ਸੁਭਾ ਜਾਣਕਾਰੀ ਹੋ ਜਾਏ। ਇਸ ਸੰਬੰਧੀ ਭਾਈ ਵੀਰ ਸਿੰਘ ਨੇ ਆਪਣੇ ਆਸ਼ੇ ਨੂੰ ਬੜੇ ਸ਼ਕਤੀ-ਸ਼ਾਲੀ ਤੇ ਭਾਵ-ਪੂਰਤ ਢੰਗ ਨਾਲ ਇਸ ਤਰ੍ਹਾਂ ਪੇਸ਼ ਕੀਤਾ ਹੈ:[54]

> "ਉਚੇ ਜੀਵਨ ਲਈ ਉਚੇ ਜੀਵਨ ਹੀ ਅੱਖਾਂ ਅਗੇ ਆਉਣ ਤਾਂ ਲਾਭ ਹੁੰਦਾ ਹੈ, ਹਾਂ, 'ਜੀਵਨ ਲਹਿਰਾਂ' ਤਾਂ ਵਲਵਲੇ ਵਿਚ ਆਉਂਦਾ ਹੈ ਜੋ ਜ਼ਿੰਦਗੀਆਂ ਜੀ ਨੂੰ ਬਸਰ ਹੋਈਆਂ ਤਿਵੇਂ ਹੂਬਹੂ ਹਿਲਦੀਆਂ, ਜੁਲਦੀਆਂ, ਕੰਮ ਕਰਦੀਆਂ, ਸੁਖੀ ਦੁਖੀ ਹੁੰਦੀਆਂ, ਚੜ੍ਹਦੀਆਂ, ਫਿਸਲਦੀਆਂ, ਉਠਦੀਆਂ ਹੰਭਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਉਚੇ ਭਾਵਾਂ ਨਾਲ ਕੰਬਦੀਆਂ ਥਰਾਉਂਦੀਆਂ, ਰਸਲੀਨ ਹੁੰਦੀਆਂ ਅੱਖਾਂ ਅੱਗੇ ਆਉਣ, ਉਨ੍ਹਾਂ ਉਤੇ ਵਸਦੇ ਮਿਹਰ ਦੇ ਚੋਜ ਨੈਣਾ ਦੇ ਸਾਹਮਣੇ ਫਿਰ ਜਾਣ, ਜਿਨ੍ਹਾਂ ਤੋਂ ਆਦਮੀ ਮੁਅੱਸਰ ਹੋਵੇ ਤੇ ਆਪੇ ਵਿਚ ਉਚੇ ਹੋਣ ਦਾ ਪ੍ਰੇਮ ਜਾਗ ਉਠੇ। ਇਸ ਤਰ੍ਹਾਂ ਇਹ ਪੁਸਤਕ ਨਿਰਾ ਇਤਿਹਾਸ ਨਹੀਂ, ਪਰ ਇਤਿਹਾਸ ਦੀ ਬੋਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਹੈ।"
>
> (ਚਮਤਕਾਰਾਂ ਦੀ ਭੂਮਿਕਾ)

ਉਪ੍ਰੋਕਤ ਆਸ਼ੇ ਦੀ ਪੂਰਤੀ ਅਧੀਨ ਪ੍ਰਕਾਸ਼ਤ ਜੀਵਨੀਆਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ – ਸ੍ਰੀ ਗੁਰੂ ਤੇਗ਼ ਬਹਾਦਰ ਜੀ(ਟ੍ਰੈਕਟ ਨੰ:9), ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਨੰ:10), ਗੁਰੂ ਹਰਿ ਰਾਏ ਜੀ (ਨੰ:16), ਸ੍ਰੀ ਗੁਰੂ ਅਰਜਨ ਦੇਵ ਜੀ(ਨੰ:26), ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ(ਨੰ:27), ਸ੍ਰੀ ਗੁਰੂ ਅਮਰ ਦਾਸ(ਨੰ:30), ਸ੍ਰੀ ਗੁਰੂ ਰਾਮ ਦਾਸ(ਨੰ:43), ਬਾਬਾ ਅਟੱਲ ਰਾਏ ਜੀ(ਨੰ:60), ਭਾਈ ਮਨੀ ਸਿੰਘ ਜੀ ਦਾ ਜੀਵਨ ਬ੍ਰਿਤਾਂਤ(ਨੰ: 100), ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ ਬ੍ਰਿਤਾਂਤ(ਨੰ:115) ਆਦਿ। ਟ੍ਰੈਕਟ ਨੰ:84 ਤੇ 111

---

54. ਉਹੀ(ਪ੍ਰੋ: ਗੁਰਇੰਦਰ ਸਿੰਘ ਪਾਲ), 'ਪਰਖ'(ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ) ਅੰਕ ਨੰ: ਇੱਕ, 1968, ਪੰਨਾ 48-49.

ਸੱਚ-ਖੰਡ ਪ ਥਰਾ ਭਾਗ 1-2 ਦੇ ਰੂਪ ਵਿਚ ਪ੍ਰਕਾਸ਼ਤ ਹੋਏ ਜਿਹੜੇ ਪਿਛੋਂ "ਉਚੇ ਖੰਡਾਂ ਦੇ ਕੌਤਕ" ਸਿਰਲੇਖ ਹੇਠ 'ਗੁਰੂ ਨਾਨਕ ਚਮਤਕਾਰ' ਦੇ ਪਹਿਲੇ ਅਧਿਆਇ ਵਜੋਂ ਪ੍ਰਕਾਸ਼ਤ ਹੋਏ।[55]

ਸਿੱਖ ਧਰਮ:

ਸਿੱਖ ਧਰਮ ਵਿਚ ਆ ਗਈਆਂ ਕੁਰੀਤੀਆਂ ਤੇ ਧਰਮ ਵਲੋਂ ਬੇ-ਮੁਖਤਾ ਉਸ ਵੇਲੇ ਦੇ ਸਿੱਖ ਆਗੂਆਂ ਤੇ ਵਿਦਵਾਨਾਂ ਦੀ ਸਭ ਤੋਂ ਵੱਡੀ ਚਿੰਤਾ ਸੀ। ਇਸ ਚਿੰਤਾ ਨੂੰ ਚਿੰਤਾ ਸਿੰਘ ਦੇ ਚਿੰਨ੍ਹਾਤਮਕ ਕਲਮੀ ਨਾਂ ਹੇਠ ਟ੍ਰੈਕਟ ਨੰ:36 ਵਿਚ 'ਨਦੀ ਕਿਨਾਰੇ ਰੁਖੜਾ' ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ, ਮਾਨੋ ਉਸ ਵੇਲੇ ਦੇ ਸਮੁਚੇ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਸਮਾਜ ਦੀ ਕਲਮੀ ਤਸਵੀਰ ਖਿੱਚ ਦਿੱਤੀ ਹੈ — ਜ਼ਾਤ ਪਾਤ ਦਾ ਭੇਦ ਭਾਵ, ਕੇਸਾਂ ਦੀ ਬੇਅਦਬੀ, ਅੰਮ੍ਰਿਤ ਛਕਣ ਵਲੋਂ ਕਰੁਚੀ, ਨਸ਼ਿਆਂ ਦੀ ਵਰਤੋਂ, ਵਡੇ ਗੁਰਦੁਆਰਿਆਂ ਦੇ ਗ੍ਰੰਥੀਆਂ ਦਾ ਨੀਵਾਂ ਆਚਰਨ, ਧਰਮ ਅਸਥਾਨਾਂ ਦੀ ਆਮਦਨਾਂ ਦਾ ਦੁਰ-ਉਪਯੋਗ, ਵਿਆਹ ਆਦਿ ਹੋਰ ਮੌਕਿਆਂ ਤੇ ਗੁਰਮਰਯਾਦਾ ਦੀ ਉਲੰਘਣਾ, ਸਿੱਖ ਬੱਚਿਆਂ ਦੀ ਗੁਰਮੁਖੀ ਪੜ੍ਹਾਈ ਵਲੋਂ ਕਰੁਚੀ, ਅਮੀਰਾਂ ਦਾ ਸਿੱਖੀ ਪ੍ਰਚਾਰ ਲਈ ਅੰਗਰੇਜ਼ਾਂ ਵਾਂਗ ਆਪਾ ਅਰਪਤ ਨਾ ਕਰਨਾ, ਬੇਦੀਆਂ, ਸੋਢੀਆਂ, ਭੱਲਿਆਂ, ਅਮੀਰਾਂ, ਪੁਜਾਰੀਆਂ, ਭਾਈਆਂ, ਨਿਹੰਗਾਂ ਨਿਰਮਲਿਆਂ ਆਦਿ ਸਭਨਾਂ ਦਾ ਈਸਾਈ ਧਰਮ-ਪਰਚਾਰ ਦੇ ਸਨਮੁਖ ਚੁਪ ਰਹਿਣਾ, ਵਿਧਵਾ ਇਸਤਰੀਆਂ ਦੀ ਭਲਾਈ ਲਈ ਕੋਈ ਯਤਨ ਨਾ ਕਰਨਾ, ਸਭ ਇਸ ਟ੍ਰੈਕਟ ਵਿਚ ਅੰਕਿਤ ਕੀਤੇ ਗਏ ਹਨ। ਸੁਆਮੀ ਦਯਾ ਨੰਦ ਸਰੱਸਵਤੀ ਤੇ ਮਿਰਜ਼ਾ ਗੁਲਾਮ ਅਹਿਮਦ ਕਾਦੀਆਂ ਵਲੋਂ ਗੁਰੂਆਂ ਬਾਰੇ ਜੋ ਕੁਝ ਕੋਝੇ ਢੰਗ ਨਾਲ ਲਿਖਿਆ ਗਿਆ, ਉਸ ਦਾ ਕਿਸੇ ਸਿੱਖ ਵਲੋਂ ਉੱਤਰ ਨਾ ਦਿੱਤੇ ਜਾਣ ਉਤੇ ਵੀ ਦੁਖ ਪ੍ਰਗਟ ਕੀਤਾ ਹੈ। ਹੋਰ ਧਰਮਾਂ ਵਲੋਂ ਕੀਤੀਆਂ ਜਾ ਰਹੀਆਂ ਕੁਰਬਾਨੀਆਂ ਦੇ ਟਾਕਰੇ ਤੇ ਸਿੱਖੀ ਲਈ ਕੁਝ ਨਾ ਕਰਨ ਦਾ ਰੋਸ ਹੈ। ਧਾਰਮਕ ਟ੍ਰੈਕਟਾਂ ਦੀ ਬਜਾਇ ਗੰਦੇ ਕਿੱਸੇ ਪੜ੍ਹਨ ਤੇ ਵੀ ਅਫ਼ਸੋਸ ਹੈ। ਐਸੇ ਤਰ੍ਹਾਂ ਟ੍ਰੈਕਟ ਨੰ:82, 'ਖਾਲਸੇ ਦੀ ਨੀਂਦ', ਇਕ ਬਾਬੂ ਨੂੰ ਉਪਦੇਸ਼(ਨੰ:93), ਔਂਬੜ ਜਟ ਦੇ ਸੌਂਬੜ ਸਾਧੂ(ਨੰ:44) ਤੇ ਦਾੜ੍ਹੀ ਦੀ ਦੁਰਗਤ (ਨੰ:46) ਆਦਿ ਟ੍ਰੈਕਟਾਂ ਰਾਹੀਂ ਵੀ ਸਿੱਖਾਂ ਨੂੰ ਪਤਿਤ ਹੋਣ ਤੋਂ ਰੋਕਣ ਦੀ ਪ੍ਰੇਰਣਾ ਹੈ। 'ਪੰਜਾਬੀ ਸਿੰਘ ਦੀ ਵਲਾਇਤੀ ਸੈਰ'(ਨੰਬਰ 73) ਅਤੇ 'ਚੀਨ ਦੀ ਅਮੀਰਜ਼ਾਦੀ'(ਨੰਬਰ 48) ਵਿਚ ਸਿੱਖੀ ਆਚਰਨ ਦੀ ਉੱਚਤਾ ਤੇ ਦ੍ਰਿੜ੍ਹਤਾ ਨੂੰ ਦਰਸਾਇਆ ਗਿਆ ਹੈ।

---

55. ਸਾਡਾ ਇਹ ਦੱਸਣ ਤੋਂ ਭਾਵ ਹੈ ਕਿ ਟ੍ਰੈਕਟਾਂ ਵਿਚ ਛਪੀ ਸਾਮੱਗ੍ਰੀ ਬਹੁਤ ਵਾਰੀ ਪਿਛੋਂ ਪੁਸਤਕਾਂ ਦੇ ਰੂਪ ਵਿਚ ਵੀ ਪ੍ਰਕਾਸ਼ਤ ਹੋ ਗਈ। ਬਾਬਾ ਨੌਧ ਸਿੰਘ ਤੇ ਰਾਣਾ ਸੂਰਤ ਸਿੰਘ, ਇਸ ਦੀਆਂ ਹੋਰ ਉਦਾਹਰਣਾਂ ਹਨ।

ਈਸਾਈ ਪ੍ਰਚਾਰਕਾਂ ਵਲੋਂ ਸਿੱਖੀ ਨੂੰ ਜੋ ਖ਼ਤਰਾ ਸੀ, ਉਸ ਬਾਰੇ ਵੀ ਸਾਰੀ ਕੌਮ ਚਿੰਤਾਤੁਰ ਸੀ। ਇਸ ਬਾਰੇ ਲਿਖੇ ਗਏ ਟ੍ਰੈਕਟ ਵੀ ਸਾਡਾ ਧਿਆਨ ਖਿੱਚਦੇ ਹਨ ਕਿ ਇਹ ਪ੍ਰਚਾਰਕ ਕਿਵੇਂ ਧੋਖੇ, ਲਾਲਚ, ਛਲ ਕਪਟ ਤੇ ਅਸੱਭਯ ਢੰਗਾਂ ਨਾਲ ਭਾਰਤੀਆਂ ਨੂੰ ਈਸਾਈ ਬਨਾਉਣ ਤੇ ਤੁਲੇ ਹੋਏ ਸਨ। ਇਕ ਕਨਯਾ ਦੇ ਦੁਖੜੇ (ਨੰ:7), 'ਹਾਇ ਹਾਇ ਬੱਚੀ ਤੂੰ ਕਿੱਥੇਂ' (ਨੰ:17), 'ਧੋਖੇ ਤੋਂ ਬਚੋ' (ਨੰ:94), 'ਅਨਰਥ' (ਨੰ:95) ਤੇ 'ਸਚਾ ਗੁਰੂ' (ਨੰ:96) ਐਸੇ ਵਿਸ਼ੇ ਸੰਬੰਧੀ ਹਨ ਜਿਨ੍ਹਾਂ ਵਿਚ ਇਹ ਵੀ ਅੰਕਿਤ ਹੈ ਕਿ "ਈਸਾਈਆਂ ਨੂੰ ਵੀ ਐਸੇ ਕੰਮ ਕਰਨ ਦੀ ਸ਼ਰਮ ਕਰਨੀ ਚਾਹੀਦੀ ਹੈ।"

## ਸਮਾਜ ਸੁਧਾਰ

ਧਾਰਮਕ ਪੱਤਨ ਹੀ ਸਮਾਜਕ ਕੁਰੀਤੀਆਂ ਦਾ ਜ਼ਿੰਮੇਵਾਰ ਬਣਦਾ ਹੈ। ਸ਼ਰਾਬ, ਨਸ਼ੇ, ਜੂਆ, ਫੈਸ਼ਨ ਆਦਿ ਬਹੁਤ ਸਾਰੇ ਅਜਿਹੇ ਵਿਸ਼ੇ ਹਨ ਜਿਹੜੇ ਸਮਾਜਕ ਜੀਵਨ ਨੂੰ ਅਸੁਖਾਵਾਂ ਬਣਾਉਂਦੇ ਹਨ। 'ਇਹ ਕੀ ਗਰਕੀ ਆਈ' (ਨੰ:29), ਇਸਤਰੀਆਂ ਦੇ ਭੜਕੀਲੇ ਕਪੜੇ ਤੇ ਫੈਸ਼ਨ, ਭੂਤਨਿਆਂ ਦੀ ਜੰਵ (ਨੰ:50), 'ਬਾਲਾਂ ਨੂੰ ਗਹਿਣੇ ਪਾਉਣ ਦੇ ਔਗੁਣ' (ਨ:123) ਇਸ ਦੀਆਂ ਕੁਝ ਕੁ ਉਦਾਹਰਣਾਂ ਹਨ। ਇਸਤਰੀ ਸਿੱਖਿਆ ਤੇ ਸੁਧਾਰ ਵੀ ਇਨ੍ਹਾਂ ਟ੍ਰੈਕਟਾਂ ਦਾ ਮਹੱਤਵ-ਪੂਰਨ ਤੇ ਪ੍ਰਿਯ ਵਿਸ਼ਾ ਹੈ - ਪਤੀਬਰਤਾ ਧਰਮ (ਨੰ:41), ਅਣਜੋੜ ਟਹਿਲਣ (ਨੰ:49) ਸੁੰਦਰਾਂ ਨੂੰ ਸਿੱਖਿਆ (ਨੰ:56), ਗ਼ਰੀਬ ਕੌਰ (ਨੰ:61), ਇਕ ਭੈਣ ਜੀ ਦੀ ਚਿੱਠੀ (ਨੰ:70), ਨੂੰਹ ਸੱਸ ਦਾ ਸੰਬਾਦ (ਨੰ:103), 'ਹਾਇ ਨੀ ਮੇਰਾ ਨੱਕ ਨਹੀਂ ਰਹਿੰਦਾ' (ਨੰ:121), ਅੱਜ ਮੰਗਲਵਾਰ ਹੈ (ਨੰ:131), ਆਦਿ ਅਜੇਹੇ ਕਈ ਹੋਰ ਟ੍ਰੈਕਟ ਹਨ ਜਿਨ੍ਹਾਂ ਵਿਚ ਇਸਤਰੀ ਦੇ ਸਮਾਜਕ ਸਥਾਨ ਦੀ ਉੱਚਤਾ ਨੂੰ ਦਰਸਾਇਆ ਗਿਆ ਹੈ, ਜਾਂ ਇਸਤਰੀਆਂ ਵਿਚ ਪਰਚਲਿਤ ਵਹਿਮਾਂ ਭਰਮਾਂ ਨੂੰ ਭੰਡਿਆ ਗਿਆ ਹੈ।

## ਪੰਜਾਬੀ ਭਾਸ਼ਾ ਦੀ ਚੇਤਨਤਾ

ਪੰਜਾਬੀ ਭਾਸ਼ਾ ਦੀ ਸਰਬ-ਪੱਖੀ ਚੇਤਨਤਾ ਸੰਬੰਧੀ ਜੋ ਚੇਤਨਾ ਇਸ ਕਾਲ ਵਿਚ ਪੈਦਾ ਹੋਈ, ਉਹ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਸੀ। ਖ਼ਾਲਸਾ ਟ੍ਰੈਕਟ ਸੁਸਾਇਟੀ ਦਾ ਵੀ ਇਸ ਚੇਤਨਾ ਨੂੰ ਜਗਾਉਣ ਵਿਚ ਬਹੁਤ ਵੱਡਾ ਹੱਥ ਹੈ। ਪੰਜਾਬੀ ਪੜ੍ਹਨ ਵਾਲਿਆਂ ਲਈ ਜਿੱਥੇ ਮੁੱਢਲੀਆਂ ਪਾਠ-ਪੁਸਤਕਾਂ ਦੇ ਰੂਪ ਵਿਚ ਕੁਝ ਟ੍ਰੈਕਟ ਛਾਪੇ ਗਏ (ਟ੍ਰੈਕਟ ਨੰ:31,35,90) ਉਥੇ ਉਰਦੂ ਜਾਣਨ ਵਾਲਿਆਂ ਨੂੰ ਪੰਜਾਬੀ ਸਿਖਾਉਣ ਲਈ 'ਕੁਲੀਦ ਗੁਰਮੁਖੀ' (ਨੰ:138) ਨਾਂ ਦਾ ਟ੍ਰੈਕਟ ਬਹੁਤ ਸੁਲਾਘਾਯੋਗ ਯਤਨ ਸੀ। ਕੁਝ ਕੁ ਅਨੁਵਾਦ, ਗੁਰਬਾਣੀ ਦੇ ਟੀਕੇ ਤੇ ਸੰਪਾਦਨ ਤੇ ਬਾਣੀ ਦੀ

ਆਲੋਚਨਾਤਮਕ ਵਿਆਖਿਆ ਸੰਬੰਧੀ ਟ੍ਰੈਕਟ(ਨੰਬਰ 63,74,81 ਅਤੇ 54,62,71) ਪੰਜਾਬੀ ਭਾਸ਼ਾ ਦੀ ਪ੍ਰਗਟਾ ਸਮਰੱਥਾ ਨੂੰ ਵਧਾਉਣ ਤੇ ਇਸ ਦੇ ਮਿਆਰ ਨੂੰ ਉੱਚਾ ਚੁਕਣ ਦੇ ਜ਼ਿੰਮੇਵਾਰ ਬਣੇ। ਡਾ. ਚਰਨ ਸਿੰਘ ਦੀ ਪ੍ਰਸਿੱਧ ਖੋਜ ਕ੍ਰਿਤ ਬਾਣੀ ਬਿਉਰਾ ਵੀ ਪਹਿਲੇ ਪਹਿਲ ਟ੍ਰੈਕਟ (ਨੰ:139) ਦੇ ਰੂਪ ਵਿਚ ਹੀ ਛਪੀ।

ਖ਼ਾਲਸਾ ਜੀ ਦੀ ਡਾਇਰੈਕਟਰੀ ਇਕ ਅਜਿਹਾ ਹਵਾਲਾ ਟ੍ਰੈਕਟ ਹੈ, ਜਿਸ ਵਿਚ ਉਸ ਵੇਲੇ ਦੀਆਂ ਉੱਘੀਆਂ ਸਿੱਖ ਸੰਸਥਾਵਾਂ, ਸਿੰਘ ਸਭਾਵਾਂ ਤੇ ਉਨ੍ਹਾਂ ਦੇ ਅਹੁਦੇਦਾਰ, ਉੱਘੇ ਸਰਕਾਰੀ ਕਰਮਚਾਰੀਆਂ, ਪ੍ਰਤਿਸ਼ਟ ਸਿੰਘ ਘਰਾਣਿਆਂ, ਉੱਘੇ ਪੰਜਾਬੀ ਲੇਖਕਾਂ ਅਤੇ ਉੱਘੇ ਸਿੱਖ ਵਿਦਿਆਲਿਆਂ ਤੇ ਅਧਿਆਪਕਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸੋਧੇ ਹੋਏ ਰੂਪ ਵਿਚ ਇਹੀ ਡਾਇਰੈਕਟਰੀ ਮੁੜ 1900 ਈ. ਵਿਚ ਪ੍ਰਕਾਸ਼ਤ ਹੋਈ।

ਉਸ ਵੇਲੇ ਦੀਆਂ ਪ੍ਰਕਾਸ਼ਤ ਹੋਰ ਬਹੁਤ ਸਾਰੀਆਂ ਰਚਨਾਵਾਂ ਵਾਂਗ[56] ਇਨ੍ਹਾਂ ਟ੍ਰੈਕਟਾਂ ਵਿਚ ਵੀ ਬਹੁਤੀ ਥਾਈਂ ਅੰਗਰੇਜ਼-ਪ੍ਰਸਤੀ ਜਾਂ ਰਾਜ-ਭਗਤੀ ਦੀ ਭਾਵਨਾ ਸਪੱਸ਼ਟ ਰੂਪ ਵਿਚ ਪ੍ਰਗਟਾਈ ਗਈ ਹੈ। ਇਹ ਉਸ ਵੇਲੇ ਦੀ ਦੇਸ਼ ਦੀ ਸਮੁਚੀ ਸਥਿਤੀ ਤੇ ਵਾਤਾਵਰਣ ਦੇ ਅਨੁਕੂਲ ਹੀ ਪ੍ਰਤੀਤ ਹੁੰਦੀ ਹੈ। ਟ੍ਰੈਕਟ ਨੰਬਰ 39 ਵਿਚ ਮਹਾਰਾਣੀ ਵਿਕਟੋਰੀਆ ਦੀ ਜੁਬਲੀ ਕਿਵੇਂ ਮਨਾਉਣੀ ਚਾਹੀਦੀ ਹੈ,

---

56(ੳ) "ਹਰ ਵਕਤ ਹੀ ਅਕਾਲ ਪੁਰਖ ਜੀ ਅਗੇ ਬੇਨਤੀ ਕਰਦੇ ਹਾਂ ਕਿ ਐਸੇ ਉਪਕਾਰੀ ਰਾਜ ਦਾ ਸਾਯਾ, ਇਸ ਭਾਰਤ ਭੂਮੀ ਪਰ ਸਦਾ ਹੀ ਰਹੇ।"

(ਰਸਾਲਾ ਗੁਰਮਤ ਪ੍ਰਕਾਸ਼ਕ ਰਾਵਲਪਿੰਡੀ ਜਿਲਦ 12 ਨੰਬਰ 22)

(ਅ) ਹੇ ਕਲਗੀਧਰ ਦਸਮ ਗੁਰੂ ਜੀ, ਅਪਨੀ ਕਿਰਪਾ ਧਾਰੋ।
ਜੋ ਜੋ ਦੁਸ਼ਮਨ ਹੈ ਬ੍ਰਿਟਿਸ਼ ਕੇ, ਛਿਨ ਮੈਂ ਮਾਰ ਬਕਾਰੋ।
ਰਾਜ ਕੈਸਰੀ ਰਹੇ ਹਮੇਸ਼ਾਂ, ਇਸ ਦੁਨੀਆਂ ਪਰ ਕਾਇਮ।
ਸਿਦਕੀ ਸੂਰੇ ਔਰ ਬਹਾਦਰ, ਰਹਿਣ ਹਿੰਦ ਮੈਂ ਕਾਇਮ।

(ਖਾਲਸਾ ਅਖ਼ਬਾਰ ਲਾਹੌਰ 27 ਜੁਲਾਈ 1900 ਈਸਵੀ)

(ੲ)"ਅਖ਼ੀਰ ਵਿਚ ਪ੍ਰਮੇਸ਼ੁਰ ਅਗੇ ਪ੍ਰਾਰਥਨਾ ਹੈ ਕਿ ਸਾਡੇ ਉਤੇ ਸਦੀਵ ਕਾਲ ਮਹਾਰਾਣੀ ਵਿਕਟੋਰੀਆ ਦਾ ਰਾਜ ਕੈਮ ਰਹੇ ਤਾਂ ਕੇ ਦੇਸ ਨੂੰ ਅਰਾਮ ਦੇ ਦਿਨ ਬੀਤਨ।"

('ਸੇਵਾ ਜੀ' ਲੇਖਕ ਲਾਜਪਤ ਰਾਏ ਸੰਮਤ 1955 ਬਿ:1898 ਈ.)

(ਸ)"ਅਕ੍ਰਿਤਘਣ ਤੇ ਕ੍ਰਿਤੱਗਯ" ਲੇਖਕ ਭਾਈ ਗੁਰਮੁਖ ਸਿੰਘ(ਲਾਹੌਰ 1887 ਈ.) ਨੇ ਅੰਗਰੇਜ਼ੀ ਰਾਜ ਦੀ ਮਹਿਮਾ ਗਾਈ ਤੇ ਸਰਕਾਰ ਵਿਰੋਧੀਆਂ ਦੇ ਕਰਮ ਨੂੰ ਦੇਸ਼-ਧਰੋਹੀ ਆਖਿਆ।"

(ਹ)"ਪੰਜਾਬ ਵਿਚ ਪ੍ਰਕਾਸ਼ਤ ਸਾਹਿੱਤ ਦਾ ਆਮ ਲਹਿਜਾ ਜਿਹੜਾ ਕਿ ਰਜਿਸਟਰਡ ਪ੍ਰਕਾਸ਼ਨਾਵਾਂ ਤੋਂ ਪ੍ਰਗਟ ਹੈ, ਸਦਾਚਾਰਕ ਤੇ ਰਾਜ-ਭਗਤੀ ਵਾਲਾ ਹੈ।"

( ਪੰਜਾਬ ਪ੍ਰਬੰਧਕੀ ਰੀਪੋਰਟ, ਸਾਲ 1883-84)

ਸਾਰੀ ਪਦ ਰੂਪ ਵਿਚ ਹੈ " ਚਰਯੋ ਖਾਲਸਾ ਭੀ ਰਚੈ ਯਾਦਗਾਰ ਸੁਖਕਾਰ, ਮੁਕਤ ਭੁਗਤ ਪ੍ਰਾਪਤ ਕਰੈ, ਸੁਖ ਦੇਵੈ ਸਰਕਾਰ ।" 1900-01 ਈਸਵੀ ਵਿਚ ਪ੍ਰਕਾਸ਼ਤ ਖ਼ਾਲਸਾ ਪੱਤਰ ਵਿਚ ਵੀ ਇਹੀ ਭਾਵ ਗੱਦ ਰੂਪ ਵਿਚ ਇਸ ਤਰ੍ਹਾਂ ਪ੍ਰਗਟਾਏ ਗਏ ਹਨ:-

> " ਜੋ ਜੋ ਖਿਦਮਤਾਂ ਫੌਜੀ ਪੰਥ ਨੇ ਸਰਕਾਰ ਅੰਗਰੇਜ਼ੀ ਦੀਆਂ ਕੀਤੀਆਂ ਹੈਨ, ਉਨ੍ਹਾਂ ਨੂੰ ਯਾਦ ਰੱਖਣ ਵਾਸਤੇ ਸਾਰਾ ਗੜ੍ਹੀ ਜੈਸੇ ਮਾਰਕਿਆਂ ਦੀਆਂ ਤਾਰੀਖ਼ਾਂ ਆਉਣੀਆਂ ਜ਼ਰੂਰੀ ਹੈਨ ਅਰ ਜੋ ਉਪਕਾਰ ਸਰਕਾਰ ਅੰਗਰੇਜ਼ੀ ਨੇ ਸਿੱਖਾਂ ਪਰ ਕੀਤੇ ਹੈਨ, ਉਨ੍ਹਾਂ ਨੂੰ ਯਾਦ ਰੱਖਣ ਵਾਸਤੇ, ਉਨ੍ਹਾਂ ਦੀਆਂ ਤਾਰੀਖ਼ਾਂ ਆਉਣੀਆਂ ਚਾਹੀਏ।"

ਸਾਹਿੱਤਕ, ਧਾਰਮਕ ਸਮਾਜਕ ਤੇ ਵਿੱਦਿਅਕ ਟ੍ਰੈਕਟਾਂ ਤੋਂ ਬਿਨਾਂ, ਖ਼ਾਲਸਾ ਟ੍ਰੈਕਟ ਸੁਸਾਇਟੀ ਵਲੋਂ ਟ੍ਰੈਕਟਾਂ ਦੀ ਲੜੀ ਵਿਚ ਹੀ, ਜੰਤਰੀ, ਪੱਤਰੀ, ਫੋਟੋ, ਕਿੱਤੇ ਤੇ ਵਧਾਈ-ਪੱਤਰ ਆਦਿ ਵੀ ਛਪੇ। ਵਧਾਈ-ਪੱਤਰ ਬਹੁ-ਰੰਗੀ ਬੇਲ-ਬੂਟਿਆਂ ਨਾਲ ਸਜਾਏ ਵਲਾਇਤੀ ਕਾਰਡਾਂ ਉੱਤੇ ਛਾਪੇ ਜਾਂਦੇ ਸਨ ਅਤੇ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਛਪੇ ਮਿਲਦੇ ਹਨ।

ਇਨ੍ਹਾਂ ਟ੍ਰੈਕਟਾਂ ਦਾ ਮਹੱਤਵ, ਵਿਸ਼ਿਆਂ ਦੀ ਵੰਨ-ਸਵੰਨਤਾ ਤੋਂ ਬਿਨਾਂ, ਸਾਹਿੱਤ-ਰੂਪਾਂ ਕਰ ਕੇ ਵੀ ਹੈ। ਕਹਾਣੀ, ਨਾਟਕ, ਨਿਬੰਧ, ਜੀਵਨ ਤੇ ਸਫ਼ਰਨਾਮਾ ਆਦਿ ਕੁਝ ਕੁ ਅਜਿਹੇ ਰੂਪ ਹਨ, ਜਿਹੜੇ 1900 ਈਸਵੀ ਤਕ ਛਪੇ ਟ੍ਰੈਕਟਾਂ ਵਿੱਚੋਂ ਦੇਖੇ ਜਾ ਸਕਦੇ ਹਨ, ਭਾਵੇਂ ਸਮੁੱਚੇ ਪੰਜਾਬੀ ਸਾਹਿੱਤ ਵਿਚ ਵੀ ਉਸ ਵੇਲੇ ਤਕ ਇਹ ਰੂਪ ਪੂਰੀ ਤਰ੍ਹਾਂ ਪਰਚਲਿਤ ਜਾਂ ਪ੍ਰਮਾਣਿਤ ਨਹੀਂ ਸਨ ਹੋਏ । ਈਸਾਈ ਪਰਚਾਰਕਾਂ ਦੇ ਟ੍ਰੈਕਟਾਂ ਵਾਂਗ ਲਗ ਭਗ ਹਰ ਟ੍ਰੈਕਟ ਗਲਪ ਤੇ ਨਾਟਕ ਦਾ ਮਿਲਵਾਂ ਰੂਪ ਹੈ ਜਿਸ ਵਿਚ ਵਿਚਾਰਾਂ, ਸਿੱਧਾਂਤਾਂ ਤੇ ਉਦੇਸ਼ਾਂ ਦੀ ਪੂਰਤੀ ਲਈ ਵਿਰੋਧੀ ਰੁਚੀਆਂ ਜਾਂ ਸੁਭਾਵਾਂ ਵਾਲੇ ਪਾਤਰਾਂ ਦੀ ਗਲ ਬਾਤ ਵਿੱਚੋਂ ਨਾਟਕੀ ਰਸ ਤੇ ਕਹਾਣੀ-ਰਸ ਉਪਜਾਇਆ ਗਿਆ ਹੈ। ਇਸ ਤਰ੍ਹਾਂ ਇਹ ਟ੍ਰੈਕਟ ਪਾਠਕਾਂ ਲਈ ਬਹੁਤ ਰੋਚਿਕ ਬਣ ਗਏ ਹਨ।

ਨਿਬੰਧ ਵਾਰਤਕ ਦਾ ਇਕ ਅਜਿਹਾ ਰੂਪ ਹੈ ਜਿਸ ਦਾ ਆਰੰਭ ਹੀ ਪੰਜਾਬੀ ਪੱਤਰਕਾਰੀ ਦੇ ਨਾਲ ਹੋਇਆ ਪਰ ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟਾਂ ਵਿਚ ਇਸ ਦਾ ਸੰਪੂਰਨ, ਪਰਪੱਕ ਤੇ ਕਲਾ-ਮਈ ਰੂਪ ਉਘੜਿਆ ਹੈ। ਗੁਰਮਤਿ ਸਿੱਧਾਂਤਾਂ ਦੀ ਵਿਆਖਿਆ, ਇਤਿਹਾਸਕ ਘਟਨਾਵਾਂ ਦੇ ਬਿਆਨ ਤੇ ਗੁਰਬਾਣੀ ਦੇ ਗੂੜ੍ਹੇ ਅਰਥਾਂ ਦੇ ਵਿਸ਼ਲੇਸ਼ਣ ਸਮੇਂ ਨਿਬੰਧ ਦਾ ਅਤਿ ਗੰਭੀਰ, ਬੌਧਿਕ ਤੇ ਸ੍ਰੇਸ਼ਟ ਰੂਪ ਉੱਘੜ ਕੇ ਸਾਹਮਣੇ ਆ ਜਾਂਦਾ ਹੈ ਤੇ ਉੱਤਮ ਸ਼ੈਲੀ ਦੇ ਲਗ ਭਗ ਸਾਰੇ ਗੁਣ ਵਿਦਮਾਨ ਹੋ ਜਾਂਦੇ ਹਨ। ਭਾਵਕਤਾ, ਆਦਰਸ਼ ਤੇ ਸ਼ਰਧਾ ਦੇ ਬਾਵਜੂਦ ਸ਼ੈਲੀ ਵਿਚ ਨਿਆਇ-ਸ਼ੀਲਤਾ, ਸੰਜਮ, ਸਪੱਸ਼ਟਤਾ ਤੇ ਭਾਸ਼ਾਈ ਕਲਾਤਮਕਤਾ ਪ੍ਰਤੱਖ ਤੌਰ ਤੇ ਦ੍ਰਿਸ਼ਟੀਗੋਚਰ ਹੁੰਦੇ ਹਨ। ਹਰ ਨਿਬੰਧ ਦੇ ਆਰੰਭ ਵਿਚ ਢੁਕਵਾਂ ਵਾਤਾਵਰਣ ਬੰਨ੍ਹਣ ਲਈ ਕੁਦਰਤ ਦਾ ਵਰਣਨ ਲਿਖਤ ਨੂੰ ਖਿੱਚ-ਭਰਪੂਰ ਤੇ

ਰੋਮਾਂਟਿਕ ਬਣਾ ਦਿੰਦਾ ਹੈ - ਟ੍ਰੈਕਟ ਨੰਬਰ 94 ਜਿਸ ਦਾ ਸਿਰਲੇਖ 'ਧੋਖੇ ਤੋਂ ਬਚੋ' ਹੈ, ਉਸ ਦਾ ਆਰੰਭ ਇਸ ਤਰ੍ਹਾਂ ਹੁੰਦਾ ਹੈ –

> "ਵਰ੍ਹੇ ਦੀ ਛੇਕੜਲੀ ਸਿਆਲੇ ਦੀ ਕਾਲੀ ਬੋਲੀ ਰਾਤ ਡਾਢੀ ਹੀ ਡਰਾਉਣੀ ਹੈ, ਤਿਸ ਪਰ ਬਦਲਾਂ ਦੀ ਆਵਾਜਾਈ, ਬਰਖਾ ਦੀ ਰਿਮ ਝਿਮ, ਬਿਜਲੀ ਦੀ ਕੜਕ ਤੇ ਚਮਕ ਨੇ ਉਹ ਭਯੰਕਰ ਸਮਾਂ ਬੱਧਾ ਹੈ, ਜੋ ਲਿਖਣ ਤੋਂ ਆਕੀ ਹੋ ਕੇ , ਲਿਖਣ ਵਿਚਾਰੀ ਵੀ ਆਪਣਾ ਸੀਨਾ ਚੀਰ ਚੁਕੀ ਹੈ।"

ਹਰ ਵੰਨਗੀ, ਰੂਪ, ਸ਼ੈਲੀ, ਸਿੱਧਾਂਤ ਆਦਿ ਦੀ ਉਦਾਹਰਣ, ਆਕਾਰ ਵਧ ਜਾਣ ਦੇ ਡਰੋਂ, ਏਥੇ ਦਰਜ ਨਹੀਂ ਕੀਤੀ ਗਈ ਪਰ ਸਮੁੱਚੇ ਤੌਰ ਤੇ ਆਖਿਆ ਜਾ ਸਕਦਾ[57] ਹੈ ਕਿ ਖ਼ਾਲਸਾ ਟ੍ਰੈਕਟ ਸੁਸਾਇਟੀ ਨੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਪੰਜਾਬੀ ਭਾਸ਼ਾ, ਸਾਹਿੱਤ-ਵਿਸ਼ੇਸ਼ ਕਰਕੇ ਗੱਦ-ਸਾਹਿੱਤ ਦੀ ਜੋ ਸੇਵਾ ਕੀਤੀ, ਉਹ ਬਹੁਤ ਮਹੱਤਵ-ਪੂਰਨ ਹੈ। ਮੁਢਲੇ ਟ੍ਰੈਕਟਾਂ ਵਿਚ ਵਰਤੀ ਗਈ ਭਾਸ਼ਾ ਦੀ ਸ਼ਬਦਾਵਲੀ ਉਤੇ ਬ੍ਰਜੀ ਜਾਂ ਉਪ-ਭਾਖਾਈ ਪ੍ਰਭਾਵ ਪ੍ਰਤੱਖ ਹੈ ਤੇ ਬੋਲ-ਚਾਲ ਦਾ ਲਹਿਜਾ, ਸਾਹਿੱਤ-ਸੋਹਜ ਵਿਚ ਰੜਕਦਾ ਹੈ ਜਿਵੇਂ, ਜੀਹਨੂੰ, ਜੀਕਰ, ਹਈ, ਥੋਂ , ਤੀਸੀਂ, ਲੱਭਦੀ ਆਦਿ। ਪਰ ਇਹ ਰੁਚੀ ਇਸ ਲਈ ਅਪਣਾਈ ਪ੍ਰਤੀਤ ਹੁੰਦੀ ਹੈ ਕਿ ਲਿਖਤ ਨੂੰ ਪਾਠਕਾਂ ਦੀ ਪੱਧਰ ਤੇ ਉਸਾਰਿਆ ਜਾਏ ਨਾਂ ਕਿ ਕਿਸੇ ਉਚੇਰੇ ਸਾਹਿੱਤਕ ਮਿਆਰਾਂ ਉਤੇ, ਭਾਵੇਂ ਸਾਹਿੱਤਕ ਮਿਆਰ ਨੂੰ ਡਿੱਗਣ ਕਿਧਰੇ ਵੀ ਨਹੀਂ ਦਿੱਤਾ ਗਿਆ। ਉਨ੍ਹੀਵੀਂ ਸਦੀ ਦੇ ਅਖ਼ੀਰ ਤੱਕ ਟ੍ਰੈਕਟਾਂ ਦੀ ਭਾਸ਼ਾ ਟਕਸਾਲੀ, ਪ੍ਰਮਾਣਿਤ ਤੇ ਹਰ ਪੱਖੋਂ ਸ਼ੁੱਧ ਤੇ ਆਧੁਨਿਕ ਹੋ ਗਈ ਪ੍ਰਤੀਤ ਹੁੰਦੀ ਹੈ। ਡਾ. ਤਾਰਨ ਸਿੰਘ ਅਨੁਸਾਰ:[58] "ਟ੍ਰੈਕਟ ਸੁਸਾਇਟੀ ਦੇ ਇਕ ਪ੍ਰਕਾਰ ਦੀ "ਸਾਹਿੱਤ ਅਕਾਡਮੀ" ਸੀ, ਜਿਥੇ ਪੁਸਤਕਾਂ ਦੀ, ਪ੍ਰਕਾਸ਼ਤ ਹੋਣ ਤੋਂ ਪਹਿਲਾਂ ਪੁਣ-ਛਾਣ ਹੁੰਦੀ ਸੀ। ਸੰਸਥਾ ਉਸ ਵਿਚ ਹਰ ਪ੍ਰਕਾਰ ਦੀਆਂ ਤਬਦੀਲੀਆਂ ਕਰਨ ਦਾ ਹੱਕ ਰਖਦੀ ਸੀ। ਪੂਰੀ ਵਿਚਾਰ ਤੇ ਸੁਧਾਰ ਮਗਰੋਂ ਹੀ ਖਰੜਾ ਟ੍ਰੈਕਟ ਰੂਪ ਵਿਚ ਪ੍ਰਕਾਸ਼ਤ ਹੁੰਦਾ ਸੀ।"

ਖਾਲਸਾ ਟ੍ਰੈਕਟ ਸੁਸਾਇਟੀ ਤੋਂ ਛੁਟ ਹੋਰ ਵੀ ਸੈਂਕੜੇ ਟ੍ਰੈਕਟ ਇਸ ਕਾਲ ਵਿਚ ਛਪ ਕੇ ਸਾਹਮਣੇ ਆਏ। ਬਹੁਤ ਸਾਰੇ ਟ੍ਰੈਕਟ ਤਾਂ ਪਿੱਛੇ ਦਸੀਆਂ ਸੰਸਥਾਵਾਂ ਦੇ ਪ੍ਰਬੰਧ ਅਧੀਨ ਛਾਪੇ ਤੇ ਵੰਡੇ

---

57. ਜੋਗਿੰਦਰ ਸਿੰਘ(ਸਰ),"ਭਾਈ ਵੀਰ ਸਿੰਘ ਦੀ ਬੌਧਿਕ ਸਰਪ੍ਰੱਸਤੀ ਹੇਠ, ਜੋ ਸੇਵਾ ਖਾਲਸਾ ਟ੍ਰੈਕਟ ਸੁਸਾਇਟੀ ਨੇ, ਪੰਜਾਬੀ ਸਾਹਿੱਤ ਨੂੰ ਅਮੀਰ ਬਨਾਉਣ ਵਿਚ ਕੀਤੀ ਹੈ, ਹੋਰ ਕਿਸੇ ਨੇ ਨਹੀਂ ਕੀਤੀ।" ਪ੍ਰਧਾਨਗੀ ਭਾਸ਼ਣ ਦੂਜੀ ਸਿੱਖ ਐਜੂਕੇਸ਼ਨਲ ਕਾਨਫਰੰਸ, ਲਾਹੌਰ, 1909 ਈਸਵੀ ।

58. ਤਾਰਨ ਸਿੰਘ(ਡਾ.),"ਪੰਜਾਬੀ ਸਾਹਿੱਤ ਦਾ ਇਤਿਹਾਸ",ਭਾਸ਼ਾ ਵਿਭਾਗ,ਪੰਨਾ 104-05.

ਗਏ ਪਰ ਕੁਝ ਕੁ ਵਿਅੱਕਤੀਗਤ ਯਤਨ ਵੀ ਕੀਤੇ ਗਏ, ਜਿਹੜੇ ਕਿਸੇ ਤੁਰਤ ਮਾਮਲੇ ਸੰਬੰਧੀ ਆਪਣਾ ਪੱਖ ਪੇਸ਼ ਕਰਨ ਲਈ ਛਪਦੇ ਜਾਂ ਵਿਰੋਧੀਆਂ ਵਲੋਂ ਉਠਾਏ ਗਏ ਸਿਧਾਂਤਕ ਮਸਲਿਆਂ ਜਾਂ ਕੀਤੇ ਹੱਲਿਆਂ ਦੇ ਉੱਤਰ ਵਜੋਂ ਲਿਖੇ ਜਾਂਦੇ। ਇਹ ਵਾਦ-ਵਿਵਾਦੀ ਸਾਹਿੱਤ[59] ਉਸ ਵੇਲੇ ਦੀ ਹਰ ਜਥੀ, ਧੜੇ, ਕੌਮ ਜਾਂ ਫਿਰਕੇ ਵਲੋਂ ਆਪੋ ਆਪਣੀ ਭਾਸ਼ਾ ਵਿਚ ਛਾਪਿਆ ਤੇ ਵੱਧ ਤੋਂ ਵੱਧ ਹੱਥਾਂ ਤਕ ਪੁਚਾਇਆ ਜਾਂਦਾ ਸੀ। ਸਿੱਖੀ ਉਤੇ ਹੋਰ ਧਰਮਾਂ ਵਲੋਂ ਜਿਨੇ ਵੀ ਹੱਲੇ ਹੋਏ, ਉਹ ਬਹੁਤ ਵੱਡੀ ਮਾਤ੍ਰਾ ਵਿਚ ਪੰਜਾਬੀ ਤੋਂ ਬਿਨਾਂ ਹੋਰ ਭਾਸ਼ਾਵਾਂ ਯਥਾ ਹਿੰਦੀ, ਉਰਦੂ ਜਾਂ ਅੰਗਰੇਜ਼ੀ ਵਿਚ ਹੁੰਦੇ ਸਨ ਅਤੇ ਸਿੱਖਾਂ ਵਲੋਂ ਉੱਤਰ ਪੰਜਾਬੀ ਵਿਚ ਹੀ ਦਿੱਤਾ ਜਾਂਦਾ ਸੀ। ਧਾਰਮਕ ਵੰਡੀਆਂ ਦੇ ਨਾਲ ਨਾਲ ਭਾਸ਼ਾਈ ਵੰਡੀਆਂ ਉਸ ਵੇਲੇ ਦੀ ਸਾਹਿੱਤ ਸਿਰਜਣਾ ਦਾ ਬੜਾ ਉਘੜਵਾਂ ਤੇ ਵਿਲੱਖਣ ਪੱਖ ਸੀ। ਪੰਜਾਬੀ ਵਿਚ ਛਪੇ ਕੁਝ ਕੁ ਟ੍ਰੈਕਟਾਂ ਤੇ ਪੈਂਫਲਿਟਾਂ ਦੇ ਨਾਵਾਂ ਤੋਂ ਹੀ ਵਿਰਲੇ ਮਜ਼ਮੂਨ ਜਾਂ ਵਿਸ਼ੈ ਦਾ ਅਨੁਮਾਨ ਲੱਗ ਜਾਂਦਾ ਹੈ। ਉਦਾਹਰਣ ਲਈ ਮੂੰਹ-ਤੋੜ ਉੱਤਰ', 'ਜਿਹਾ ਮੂੰਹ ਤੇਹੀ ਚਪੇੜ', 'ਆਰੀਆਂ ਦੇ ਢੋਲ ਦਾ ਪੋਲ', 'ਤਾਲੀਮੇ ਸਤਿਆਰਥ ਪ੍ਰਕਾਸ਼ ਕਾ ਅਸਲੀ ਫੋਟੋ', 'ਕਪਟ ਬਿਨਾਸ਼', 'ਵੇਦਾਂ ਦਾ ਪੋਲ', 'ਹਮ ਹਿੰਦੂ ਨਹੀਂ', 'ਨਿਯੋਗ ਦਰਪਨ', 'ਹਿੰਦੂ ਸਿੱਖਾਂ ਦਾ ਨਿਬੇੜਾ', ਆਦਿ ਟ੍ਰੈਕਟ ਕੇਵਲ ਸਿੱਖੀ ਉਤੇ ਹੁੰਦੇ ਵਾਰਾਂ ਦੇ ਉੱਤਰ ਵਜੋਂ ਛਾਪੇ ਗਏ। ਇਨ੍ਹਾਂ ਦੀ ਗਿਣਤੀ 60 ਦੇ ਕਰੀਬ ਹੈ। ਇਹੀ ਨੀਤੀ ਤੇ ਇਹੀ ਰਵੱਈਆ ਹਿੰਦੂਆਂ ਤੋਂ ਬਿਨਾਂ ਈਸਾਈਆਂ ਮੁਸਲਮਾਨਾਂ, ਤੇ ਹੋਰ ਫਿਰਕਿਆਂ ਵਲੋਂ ਅਪਣਾਇਆ ਗਿਆ। ਵੱਖੋ ਵੱਖ ਸਿੱਖ ਵਿਚਾਰ-ਧਾਰਾਵਾਂ ਦੀ ਆਪਸੀ ਟੱਕਰ ਵੀ ਬਹੁਤ ਸਾਰੇ ਟ੍ਰੈਕਟ-ਸਾਹਿੱਤ ਦੀ ਉਪਜ ਦੀ ਜ਼ਿੰਮੇਵਾਰ ਬਣੀ।

ਇਨ੍ਹਾਂ ਟ੍ਰੈਕਟਾਂ ਦੇ ਲਿਖੇ ਜਾਣ ਦੀ ਰਫ਼ਤਾਰ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿੱਥੇ 1870 ਈ. ਦੇ ਨੇੜੇ ਤੇੜੇ, ਹਰ ਤਿਮਾਹੀ ਵਿਚ ਕੇਵਲ ਪੰਜ ਚਾਰ ਪੈਂਫਲਿਟ ਛਪਦੇ ਸਨ, ਉਥੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ, ਹਰ ਤਿਮਾਹੀ ਵਿਚ ਇਨ੍ਹਾਂ ਦੀ ਗਿਣਤੀ 40 ਦੇ ਕਰੀਬ ਅਪੜ ਗਈ। ਮੁਢਲੇ ਟ੍ਰੈਕਟ ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਨਾਲ ਸੰਬੰਧਿਤ ਸਨ ਪਰ ਉਨ੍ਹੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ ਸਿੱਖ ਇਤਿਹਾਸ ਧਰਮ ਤੇ ਸਮਕਾਲੀ ਸਮੱਸਿਆਵਾਂ ਵਲ ਜ਼ੋਰ ਵਧ ਗਿਆ।[60]

---

59. ਇਸ ਦਾ ਬਹੁਤ ਸਾਰਾ ਵੇਰਵਾ ਸਿੰਘ ਸਭਾ ਦੀ ਪੰਜਾਬੀ ਨੂੰ ਦੇਣ ਵਾਲੇ ਅਧਿਆਇ ਵਿਚ ਦਿੱਤਾ ਗਿਆ ਹੈ।

60. Barrier-N.G.,"The average number of tracts by Sikhs or on Sikhism during 3 months period increased from approximately 15 in the 1870's to 40 by 1900". "Hindi Urdu and Panjabi Tracts on 19th Century Panjab". 'Panjab Past and Present', April-1970, p.175.

ਪੰਜਾਬੀ ਪੱਤਰਕਾਰੀ ਤੇ ਵਿਸ਼ੇਸ਼ ਕਰਕੇ ਪੰਜਾਬੀ ਟ੍ਰੈਕਟਾਂ ਤੇ ਪੈਂਫਲਿਟਾਂ ਨੇ ਪੰਜਾਬੀ ਭਾਸ਼ਾ ਦੀ ਸਿਰਜਣਾਤਮਕ ਸਮਰੱਥਾ ਨੂੰ ਬੇਹੱਦ ਵਧਾਇਆ। ਇਸ ਵਿਚ ਨਵੀਂ ਸ਼ਬਦਾਵਲੀ, ਨਵੇਂ ਮੁਹਾਵਰੇ ਤੇ ਵਾਕੰਸ਼, ਵਾਕ-ਬਣਤਰ ਦੇ ਨਵੇਂ ਨਿਯਮ, ਆਪਣੀ ਗੱਲ ਨੂੰ ਕਹਿਣ ਦਾ ਢੰਗ ਤੇ ਲਹਿਜਾ, ਪਹਿਲੀ ਵਾਰੀ ਉੱਘੜ ਕੇ ਸਾਹਮਣੇ ਆਏ। ਜਿਸ ਭਾਸ਼ਾ ਨੂੰ ਗ੍ਰਾਮੀਣ, ਪੱਛੜੀ ਹੋਈ, ਬੋਲ ਚਾਲ ਦੀ ਉੱਜਡ, ਅਸੱਭਯ ਅਤੇ ਕੇਵਲ ਲੋਕ-ਸਾਹਿੱਤ ਦੀ ਪੱਧਰ ਦੀ ਸਮਝਿਆ ਜਾਂਦਾ ਸੀ, ਉਸ ਵਿਚ ਸਾਹਿੱਤ ਸਿਰਜਣਾ ਕਰਨ ਨੂੰ ਵੱਡੇ ਵੱਡੇ ਵਿਦਵਾਨ ਨਾ ਕੇਵਲ ਫ਼ਖ਼ਰ ਹੀ ਸਮਝਣ ਲਗ ਪਏ, ਸਗੋਂ ਇਸ ਦੀ ਉਨਤੀ ਤੇ ਸਰਬ-ਪੱਖੀ ਬ੍ਰਿਧੀ ਨੂੰ ਆਪਣਾ ਪਰਮ ਧਰਮ ਸਮਝਣ ਲਗ ਪਏ। ਕਾਵਿ-ਜਗਤ ਦੀਆਂ ਗਗਨ ਉਡਾਰੀਆਂ ਤੋਂ ਹੇਠ ਉੱਤਰ ਕੇ ਵਿਦਵਾਨਾਂ ਨੇ ਜਦ ਗੱਦ-ਰੂਪ ਨੂੰ ਅਪਣਾਇਆ, ਤਾਂ ਇਸ ਵਿਚ ਹਰ ਉਹ ਗੱਲ ਆਖੀ ਜਿਹੜੀ ਕਿਸੇ ਵੀ ਹੋਰ ਭਾਸ਼ਾ ਵਿਚ ਆਖੀ ਜਾ ਸਕਦੀ ਹੋਵੇ। ਇਸ ਨਾਲ ਵਿਦਵਾਨਾਂ ਦਾ ਨਾ ਕੇਵਲ ਝਾਕਾ ਹੀ ਖੁਲ੍ਹ ਗਿਆ, ਸਗੋਂ ਗੌਰਵ ਦਾ ਅਹਿਸਾਸ ਵੀ ਹੋ ਗਿਆ, ਕਿਉਂਜੋ ਹੁਣ ਉਹ ਆਮ ਜਨ-ਸਾਧਾਰਨ ਦੇ ਨੇੜੇ ਹੋ ਗਏ, ਜਿਨ੍ਹਾਂ ਤਕ ਆਪਣੇ ਵਿਚਾਰ ਪੁਚਾਉਣੇ ਉਨ੍ਹਾਂ ਦਾ ਉਦੇਸ਼ ਤੇ ਲਕਸ਼ ਸੀ। ਬ੍ਰਜ-ਭਾਸ਼ਾ ਤੋਂ ਸ਼ੁੱਧ-ਪੰਜਾਬੀ ਵਲ ਆਉਣਾ ਤੇ ਨਿਰੋਲ ਕਵਿਤਾ ਤੋਂ ਵਾਰਤਕ ਨੂੰ ਅਪਨਾਉਣਾ, ਉਨ੍ਹੀਵੀਂ ਸਦੀ ਦੇ ਪੰਜਾਬੀ ਸਾਹਿੱਤ ਦੀਆਂ ਦੋ ਇਤਿਹਾਸਕ ਤੇ ਇਨਕਲਾਬੀ ਕਰਾਮਾਤਾਂ ਹਨ, ਅਤੇ ਇਨ੍ਹਾਂ ਦੋਹਾਂ ਪਰਿਵਰਤਨਾਂ ਨੂੰ ਸੰਪੂਰਨਤਾ ਬਖਸ਼ਣ ਵਿਚ ਪੰਜਾਬੀ ਪੱਤਰ-ਕਾਰੀ ਤੇ ਟ੍ਰੈਕਟਾਂ ਤੇ ਪੈਂਫਲਿਟਾਂ ਦਾ ਬਹੁਤ ਵੱਡਾ ਹਿੱਸਾ ਹੈ।

## ਪੰਜਾਬੀ ਪਾਠ-ਪੁਸਤਕਾਂ

'ਵਿਦਿਆ ਦਾ ਪਸਾਰ, ਸਿੱਖਿਆ ਦਾ ਮਾਧਿਅਮ ਤੇ ਪੰਜਾਬੀ' ਦੇ ਸਿਰਲੇਖ ਹੇਠ ਅਸੀਂ ਪਿੱਛੇ ਵਿਚਾਰ ਕਰ ਆਏ ਹਾਂ ਕਿ ਅੰਗਰੇਜ਼ਾਂ ਦੇ ਆਉਣ ਨਾਲ ਦੇਸੀ ਵਿਦਿਆਲਿਆਂ ਵਿਚ ਪੁਰਾਤਨ ਢੰਗ ਦੀ ਦਿੱਤੀ ਜਾ ਰਹੀ ਵਿਦਿਆ ਦੇ ਨਾਲ ਨਾਲ ਪੱਛਮੀ ਢੰਗ ਦੀ ਦਰਜੇਵਾਰ ਪੜ੍ਹਾਈ ਲਈ ਵੀ ਸਕੂਲ ਖੁਲ੍ਹਣੇ ਸ਼ੁਰੂ ਹੋ ਗਏ ਤੇ ਕੁਝ ਸਮੇਂ ਤਕ ਦੇਸੀ ਤੇ ਬਦੇਸ਼ੀ ਦੋਹਾਂ ਪ੍ਰਕਾਰਾਂ ਦੀ ਸਿੱਖਿਆ ਵਿਧੀ ਤੇ ਪਾਠ-ਕ੍ਰਮ ਜਾਰੀ ਰਹੇ। ਸਮੇਂ ਦੀ ਮੰਗ ਤੇ ਲੋੜ ਅਨੁਸਾਰ, ਜਨਤਾ ਵਿਚ ਆਈ ਨਵੀਂ ਜਾਗ੍ਰਿਤੀ ਦੇ ਫਲ-ਸਰੂਪ ਅਤੇ ਅੰਗਰੇਜ਼ੀ ਸ਼ਾਸ਼ਕਾਂ ਦੀ ਨਿਸਚਿਤ ਤੇ ਨਿਰਧਾਰਿਤ ਨੀਤੀ ਦੇ ਸਨਮੁਖ, ਦੇਸੀ ਵਿੱਦਿਆ, ਦਿਨੋ ਦਿਨ ਅਪ੍ਰਿਯ ਹੁੰਦੀ ਗਈ ਅਤੇ ਉਸ ਦੀ ਥਾਂ ਨਵੀਂ ਸਿੱਖਿਆ ਪ੍ਰਣਾਲੀ ਨੇ ਮਲਣੀ ਸ਼ੁਰੂ ਕਰ ਦਿੱਤੀ ਅਤੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਭਾਵੇਂ ਦੇਸੀ-ਵਿੱਦਿਆਲੇ ਜਾਰੀ ਰਹੀ, ਪਰ ਵਿੱਦਿਆ ਪ੍ਰਾਪਤੀ ਦਾ ਅਰਥ ਕੇਵਲ ਪੱਛਮੀ ਢੰਗ ਦੀ ਵਿੱਦਿਆ ਹੀ ਲਿਆ ਜਾਣ ਲਗ ਪਿਆ। ਇਸ ਸੰਬੰਧੀ ਵੀ ਵੇਰਵੇ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਅੰਗਰੇਜ਼ੀ

ਦੀ ਨਜ਼ਮੀ ਪੜ੍ਹਾਈ ਦੇ ਨਾਲ ਉਰਦੂ ਨੂੰ ਪੜ੍ਹਾਈ ਤੇ ਸਿੱਖਿਆ ਦੇ ਮਾਧਿਅਮ ਵਜੋਂ ਲਾਗੂ ਕੀਤਾ ਗਿਆ ਅਤੇ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬੀ ਸੱਤਰ ਫੀਸਦੀ ਪੰਜਾਬੀਆਂ ਦੀ ਮਾਤ-ਭਾਸ਼ਾ ਹੋਣ ਦੇ ਬਾਵਜੂਦ, ਸਿੱਖਿਆ ਦਾ ਮਾਧਿਅਮ ਤਾਂ ਇਕ ਪਾਸੇ, ਪੰਜਾਬੀ ਨੂੰ ਬਤੌਰ ਇਕ ਮਜ਼ਮੂਨ ਦੇ ਵੀ ਪੜ੍ਹਾਈ ਦੇ ਕਾਰਜ-ਕਰਮ ਵਿਚ ਸ਼ਾਮਲ ਨਾ ਕੀਤਾ ਗਿਆ। ਸਿੱਖ ਜਨਤਾ ਅਨਪੜ੍ਹ ਤੇ ਸੋਝੀ-ਹੀਣ ਸੀ , ਸਿੱਖ ਆਗੂ ਰਾਜ-ਭਾਗ ਖੁੱਸਣ ਉਪਰੰਤ ਵਿਸ਼ਾਦ-ਗ੍ਰਸਿਤ ਸਨ, ਹਿੰਦੂ ਹਿੰਦੀ ਨੂੰ ਆਪਣੀ ਕੌਮੀ ਭਾਸ਼ਾ ਸਮਝਦੇ ਸਨ, ਮੁਸਲਮਾਨ ਫਾਰਸੀ ਦੀ ਬਜਾਇ ਉਰਦੂ ਨੂੰ ਉਸੇ ਲਿੱਪੀ ਵਿਚ ਅਪਣਾਏ ਜਾਣ , ਅਤੇ ਮਾਨਤਾ ਮਿਲਣ ਉਤੇ ਪ੍ਰਸੰਨ ਸਨ, ਪੰਜਾਬੀ ਦੇ ਹੱਕ ਵਿਚ ਆਵਾਜ਼ ਉੱਚੀ ਕੌਣ ਕਰਦਾ ? ਉਰਦੂ ਨੂੰ ਮਾਨਤਾ ਮਿਲਣ ਨਾਲ, ਮੁਸਲਮਾਨ ਬਹੁ-ਗਿਣਤੀ ਪ੍ਰਸੰਨ ਸੀ, ਅੰਗਰੇਜ਼ ਹਾਕਮ ਉਰਦੂ ਨੂੰ ਪਹਿਲਾਂ ਹੀ 'ਹਿੰਦੁਸਤਾਨੀ' ਦੇ ਰੂਪ ਵਿਚ ਵੀ, ਭਾਰਤ ਦੀ ਕੌਮੀ ਜ਼ਬਾਨ (ਲਿੰਗੁਆ ਫ੍ਰੈਂਕਾ) ਸਮਝਦੇ ਸਨ। ਇਸ ਲਈ ਉਰਦੂ ਦੀ ਵਿਰੋਧਤਾ ਦਾ ਕੋਈ ਲਾਭ ਨਹੀਂ ਸੀ। ਜਦ ਸਿੰਘ ਸਭਾ ਦੇ ਆਗੂਆਂ ਨੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਉਨਤੀ ਨੂੰ ਆਪਣੇ ਮਨੋਰਥ-ਪੱਤਰ ਤੇ ਨਿਯਮਾਵਲੀ (1873 ਈ.) ਵਿਚ ਸ਼ਾਮਲ ਕਰ ਵੀ ਲਿਆ ਤਾਂ ਚੌਵੀ ਵਰ੍ਹਿਆਂ ਦੇ ਅੰਗਰੇਜ਼ੀ ਰਾਜ ਅਧੀਨ ਉਰਦੂ ਦੇ ਪੱਕੀ ਤਰ੍ਹਾਂ ਪੈਰ ਜੰਮ ਚੁੱਕੇ ਸਨ। ਕੇਵਲ ਲੜਕੀਆਂ ਲਈ ਪੰਜਾਬੀ ਦੀ ਪੜ੍ਹਾਈ ਦੀ ਆਗਿਆ ਮਿਲ ਗਈ ਅਤੇ ਹੰਟਰ ਕਮਿਸ਼ਨ ਨੇ ਵੀ ਪੰਜਾਬੀ ਨੂੰ ਇਕ ਅਖ਼ਤਿਆਰੀ ਮਜ਼ਮੂਨ ਤੋਂ ਵੱਧ ਕੋਈ ਮਾਨਤਾ ਜਾਂ ਸਵੀਕ੍ਰਿਤੀ ਦੇਣ ਦੀ ਲੋੜ ਨਾ ਸਮਝੀ। ਪੰਜਾਬੀ ਦੀ ਬਾਕਾਇਦਾ ਪੜ੍ਹਾਈ ਤੇ ਸਿੱਖਿਆ ਦੇ ਮਾਧਿਅਮ ਵਜੋਂ ਇਸ ਨੂੰ ਈਸਾਈ ਸਕੂਲਾਂ ਨੇ ਸਭ ਤੋਂ ਪਹਿਲਾਂ ਪਰਵਾਨ ਕੀਤਾ[61] ਅਤੇ ਇਸ ਮਨੋਰਥ ਲਈ ਪਾਠ-ਪੁਸਤਕਾਂ ਤਿਆਰ ਕਰਵਾਈਆਂ ਪਰ ਇਨ੍ਹਾਂ ਪੁਸਤਕਾਂ ਰਾਹੀਂ ਕੇਵਲ ਈਸਾਈ ਧਰਮ ਦੀ ਸਿੱਖਿਆ ਹੀ ਦਿੱਤੀ ਜਾਂਦੀ ਸੀ। ਇਹ ਪਾਠ-ਪੁਸਤਕਾਂ ਬਾਈਬਲ ਦੀਆਂ ਕਹਾਣੀਆਂ ਉਤੇ ਆਧਾਰਿਤ ਹੁੰਦੀਆਂ ਸਨ ਜਿਵੇਂ- 'ਬੇਨਤੀ ਪ੍ਰਕਾਸ਼', 'ਧਰਮ ਸਾਰ', 'ਧਰਮ ਮਾਰਗ', 'ਮੁਕਤਿ ਮਾਲਾ' ਤੇ 'ਨਿਮਾਜ਼ ਦੀ ਛੋਟੀ ਕਿਤਾਬ', 'ਧਰਮ ਗਿਆਨ' ਆਦਿ ।'ਧਰਮ ਮਾਰਗ' ਕਵਿਤਾ ਵਿਚ ਹੈ। ਪਹਿਲਾ ਅਧਿਆਇ 'ਵਿੱਦਿਆ ਦੇ ਲਾਭ' ਹੈ ਜਿਸ ਦੇ ਆਰੰਭ ਵਿਚ ਅਰਦਾਸ ਜਾਂ ਪ੍ਰਾਰਥਨਾ ਹੈ:-

---

61. 1853-54 ਤਕ ਪੰਜਾਬ ਵਿਚ ਈਸਾਈ ਮਿਸ਼ਨਰੀਆਂ ਵਲੋਂ 5 ਹਾਈ ਤੇ 4 ਮੁਢਲੇ ਸਕੂਲ ਖੁੱਲ੍ਹ ਚੁੱਕੇ ਸਨ । ਹਵਾਲਾ - ਮਹਿਤਾ, " ਗ੍ਰੋਥ ਐਂਡ ਡਿਵੈਲਪਮੈਂਟ ਆਫ਼ ਵੈਸਟਰਨ ਐਜੂਕੇਸ਼ਨ ਇਨ ਪੰਜਾਬ", ਪੰਨਾ 27.

" ਮੈਂ ਨਿੱਤ ਯਿਸੂ ਵਸੀਲੇ ਨਾਲ, ਰਹਾਂ ਚਲਦਾ ਅੱਛੀ ਚਾਲ ।
ਜਿਸ ਨੇ ਪਾਪੀ ਲੋਕ ਬਚਾਏ, ਲੋਕਾਂ ਦੀ ਥਾਂ ਬਹੁ ਦੁਖ ਪਾਏ।
ਮੈਂ ਇਹ ਕਰਦਾ ਰਹਾ ਵਡਾਈ, ਤੇਰਾ ਤੇਜ ਜੁ ਹੈ ਸੁਖਦਾਈ ।
ਅਰ ਮਸੀਹ ਦਾ ਤੇਜ ਜੁ ਹਈ, ਸ਼ੁਧ ਆਤਮਾਂ ਦਾ ਗੁਣ ਮਈ ।
ਸਦਾ ਜਗਤ ਵਿਚ ਪਰਗਟ ਹੋਵੇ, ਅਤੇ ਅਨ੍ਹੇਰਾ ਸਭ ਦਾ ਖੋਵੇ। "[62]

1849 ਈਸਵੀ ਵਿਚ ਹੀ ਲੁਧਿਆਣਾ ਮਿਸ਼ਨ ਪ੍ਰੈਸ ਵਲੋਂ 'ਪੰਜਾਬ ਦਾ ਭੂਗੋਲਕ ਬ੍ਰਿਤਾਂਤ' ਛਾਪਿਆ ਜਿਹੜਾ ਕਿ ਬੂਟੇ ਸ਼ਾਹ ਕ੍ਰਿਤ 'ਤਾਰੀਖ਼ ਪੰਜਾਬ' ਵਿਚੋਂ ਲੈ ਕੇ ਅਨੁਵਾਦਤ ਰੂਪ ਵਿਚ ਛਾਪਿਆ ਗਿਆ। ਕਿਸੇ ਵੀ ਭਾਸ਼ਾ ਦੇ ਵਿਗਿਆਨਕ ਅਧਿਐਨ ਲਈ ਉਸ ਦੇ ਵਿਆਕਰਣਕ ਨਿਯਮਾਂ ਦਾ ਅਧਿਐਨ ਮੁਢਲੀ ਲੋੜ ਹੈ। ਏਸੇ ਲਈ ਈਸਾਈ ਮਿਸ਼ਨਰੀਆਂ ਨੇ ਜਦ ਸੀਰਾਮਪੁਰ ਪ੍ਰੈਸ ਵਿਚ 1811 ਈਸਵੀ ਵਿਚ ਬਾਈਬਲ ਦਾ ਅਨੁਵਾਦ ਛਾਪਿਆ ਤਾਂ ਅਗਲੇ ਵਰ੍ਹੇ 1812 ਈਸਵੀ ਵਿਚ "ਗ੍ਰਾਮਰ ਆਫ਼ ਦੀ ਪੰਜਾਬੀ ਲੈਂਗੂਏਜ " ਪ੍ਰਕਾਸ਼ਤ ਕੀਤਾ ਤੇ ਏਸੇ ਤਰ੍ਹਾਂ 1838 (ਲੈਫਟੀਨੈਂਟ ਲੀਚ), 1849 ਵਿਚ (ਕੈਪਟਨ ਸਟਾਰਕੀ) ਤੇ 1851 ਈਸਵੀ ਵਿਚ (ਜਾਨ ਨਿਊਟਨ) ਦੁਆਰਾ ਰਚਿਤ ਵਿਆਕਰਣ, ਸਭ ਪੰਜਾਬੀ ਭਾਸ਼ਾ ਦਾ ਪ੍ਰਮਾਣਿਕਤਾ ਨੂੰ ਸਥਿਰ ਕਰਨ ਤੇ ਇਸ ਦੇ ਨਿਯਮਾਂ ਨੂੰ ਟਕਸਾਲੀ ਰੂਪ ਦੇਣ ਦੇ ਯਤਨ ਆਖੇ ਜਾ ਸਕਦੇ ਹਨ।

ਡਾਕਟਰ ਮੋਹਨ ਸਿੰਘ ਭਾਰਤੀ ਵਿਦਵਾਨਾਂ ਵਿਚੋਂ ਪਹਿਲਾ ਵਿਆਕਰਣ ਲਿਖਣ ਦਾ ਮਾਣ ਲਾਹੌਰ ਦੇ ਮੁਨਸ਼ੀ ਕਾਂਸ਼ੀ ਰਾਮ ਨੂੰ ਦਿੰਦੇ ਹਨ, ਜਿਨ੍ਹਾਂ ਨੇ ਫੋਰਟ ਵਿਲੀਅਮ ਕਾਲਜ ਦੇ ਵਿਦਿਆਰਥੀਆਂ ਲਈ ਨਵੰਬਰ 1811 ਈਸਵੀ ਵਿਚ "ਕਾਇਦਾ-ਇ-ਜ਼ਬਾਨਿ ਪੰਜਾਬੀ" (ਉਰਦੂ ਜ਼ਬਾਨ 84 ਪੰਨੇ) ਛਪਵਾਇਆ।[63] ਪਰ ਡਾਕਟਰ ਹਰਨਾਮ ਸਿੰਘ ਸ਼ਾਨ ਦਾ ਮਤ ਹੈ ਕਿ ਇਹ ਵਿਆਕਰਣ ਸਮੇਂ ਸਮੇਂ 19ਵੀਂ ਸਦੀ ਤੇ 20ਵੀਂ ਸਦੀ ਵਿਚ ਪ੍ਰਕਾਸ਼ਤ ਹੁੰਦੇ ਰਹੇ ਜਿਨ੍ਹਾਂ ਦਾ ਮੁਖ ਮਨੋਰਥ ਤਾਂ ਅੰਗਰੇਜ਼ੀ ਅਧਿਕਾਰੀਆਂ ਨੂੰ ਪ੍ਰਬੰਧਕੀ ਲੋੜਾਂ ਲਈ ਪੰਜਾਬੀ ਭਾਸ਼ਾ ਦਾ ਗਿਆਨ ਦੇਣਾ ਤੇ ਈਸਾਈ ਮਿਸ਼ਨਰੀਆਂ ਨੂੰ ਆਪਣੀਆਂ ਪ੍ਰਚਾਰ ਸਰਗਰਮੀਆਂ ਵਿਚ ਸਹਾਈ ਹੋਣ ਦੇ ਯੋਗ ਬਨਾਉਣਾ ਸੀ,[65] ਪਰ ਪੰਜਾਬੀ

---

62. "ਧਰਮ ਮਾਰਗ" ਲੁਧਿਆਣਾ ਮਿਸ਼ਨ ਪ੍ਰੈਸ - ਪੰਨਾ 2

63. ਮੋਹਨ ਸਿੰਘ (ਡਾਕਟਰ), " ਆਧੁਨਿਕ ਪੰਜਾਬੀ ਕਵਿਤਾ", ਲਾਹੌਰ-1941, ਪੰਨਾ 26.

/ਪਹਿਲਾ 64. ਹਰਨਾਮ ਸਿੰਘ ਸ਼ਾਨ (ਡਾ:), 'ਪੰਜਾਬੀ ਵਿਆਕਰਣ', 'ਆਲੋਚਨਾ', ਜਨਵਰੀ-1957, ਪੰਨਾ 29.

65. ਇਨ੍ਹਾਂ ਵਿਆਕਰਣਾਂ ਬਾਰੇ ਵਿਸਤਾਰ ਪੂਰਵਕ ਚਰਚਾ 'ਈਸਾਈ ਮਿਸ਼ਨਰੀਆਂ ਦੀ ਦੇਣ' ਅਤੇ 'ਪੰਜਾਬੀ ਉਤੇ ਪੱਛਮੀ ਪ੍ਰਭਾਵਾਂ' ਵਾਲੇ ਅਧਿਆਵਾਂ ਵਿਚ ਕੀਤੀ ਜਾ ਚੁਕੀ ਹੈ।

ਵਿਦਿਆਰਥੀਆਂ ਨੂੰ ਪਾਠ-ਕ੍ਰਮ ਵਜੋਂ ਵਿਆਕਰਣ ਦੀ ਜਾਣਕਾਰੀ ਦੇਣ ਲਈ ਬਿਹਾਰੀ ਲਾਲ ਪੁਰੀ ਨੂੰ ਮੋਢੀ ਮਿਥਿਆ ਜਾ ਸਕਦਾ ਹੈ, ਜਿਨ੍ਹਾਂ ਨੇ 1867 ਈਸਵੀ ਵਿਚ 'ਪੰਜਾਬੀ ਗ੍ਰਾਮਰ' ਅਤੇ 1869 ਈਸਵੀ ਵਿਚ "ਪੰਜਾਬੀ ਬਯਾਕਰਣ ਸਾਰ" ਪ੍ਰਕਾਸ਼ਤ ਕੀਤੇ।[66] ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਨੇ ਸੰਸਕ੍ਰਿਤ ਦੇ ਵਿਆਕਰਣ 'ਲਘੂ ਸਿੱਧਾਂਤ ਕੌਮਦੀ' ਦਾ ਅਨੁਵਾਦ ਪੰਜਾਬੀ ਵਿਚ ਭਾਈ ਸਾਹਿਬ ਸਿੰਘ ਮ੍ਰਿਗਿੰਦ ਪਾਸੋਂ ਕਰਵਾਇਆ, ਜਿਸ ਦਾ ਨਾਂ "ਸ਼ਬਦ ਕੁਮੁਦ ਕਲਾ ਨਿਧਿ" ਰਖਿਆ ਗਿਆ(ਮੋਤੀ ਬਾਗ ਲਾਇਬ੍ਰੇਰੀ ਪਟਿਆਲਾ ਵਿਚ ਹੈ) ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਹੀ ਲਾਲਾ ਅਮਰ ਨਾਥ ਮੁਨਸਫ਼ ਦੁਆਰਾ ਪ੍ਰਕਾਸ਼ਤ 'ਪੰਜਾਬੀ ਵਿਆਕਰਣ' ਪ੍ਰਕਾਸ਼ਤ ਹੋਇਆ। ਇਸ ਕਾਲ ਵਿਚ ਇਕ ਦਰਜਨ ਦੇ ਕਰੀਬ ਛਪੇ ਵਿਆਕਰਣ ਵਧੇਰੇ ਕਰਕੇ ਪੱਛਮੀ ਵਿਦਵਾਨਾਂ ਦੀ ਹੀ ਕ੍ਰਿਤ ਹਨ। ਪੰਜਾਬੀ ਵਿਆਕਰਣਾਂ ਦੇ ਬਹੁਤੇ ਭਾਰਤੀ ਲਿਖਾਰੀ ਵੀਹਵੀਂ ਸਦੀ ਵਿਚ ਹੀ ਸਾਹਮਣੇ ਆਏ।

ਪੰਜਾਬੀ ਦੀ ਮੁਢਲੀ ਪੜ੍ਹਾਈ ਲਈ ਮਿਸ਼ਨਰੀਆਂ ਨੇ ਸਿੱਧੇ ਪਹਿਲਾ ਬਾਲ ਬੋਧ ਲਿਖਵਾਇਆ ਉਥੇ ਸਾਹਿਬ ਸਿੰਘ ਮ੍ਰਿਗਿੰਦ ਦਾ "ਗੁਰਮੁਖੀ ਮਾਰਗ"(ਬਾਲ ਬੋਧ) ਅਤੇ ਭਾਈ ਟਹਿਲ ਸਿੰਘ ਦਾ ਏਸੇ ਨਾਂ ਦਾ ਹੀ ਬਾਲ ਬੋਧ ਉਸ ਵੇਲੇ ਦੀਆਂ ਕ੍ਰਿਤਾਂ ਹਨ। ਖਾਲਸਾ ਟ੍ਰੈਕਟ ਸੁਸਾਇਟੀ ਦਾ ਟ੍ਰੈਕਟ ਨੰਬਰ 90 ਵੀ "ਗੁਰਮੁਖੀ ਪ੍ਰਕਾਸ਼ ਬਾਲ ਬੋਧ" ਨਾਂ ਹੇਠ 1899 ਈਸਵੀ ਵਿਚ ਛਪਿਆ।

ਦਰਜੇਵਾਰ ਪੜ੍ਹਾਈ ਲਈ ਪਾਠ-ਪੁਸਤਕਾਂ ਲਿਖਣ ਵਾਲੇ ਅੱਧੀ ਦਰਜਨ ਦੇ ਕਰੀਬ ਵਿਦਵਾਨਾਂ ਦੇ ਨਾਂ ਤੇ ਉਨ੍ਹਾਂ ਦੁਆਰਾ ਰਚਿਤ ਪਾਠ-ਪੁਸਤਕਾਂ ਦੇ ਹਵਾਲੇ ਮਿਲਦੇ ਹਨ ਜਿਨ੍ਹਾਂ ਵਿਚ ਸਭ ਤੋਂ ਉਘਾ ਨਾਂ ਤੇਂ ਲਾਲਾ ਬਿਹਾਰੀ ਲਾਲ ਪੁਰੀ ਦਾ ਹੈ,[67] ਜਿਨ੍ਹਾਂ ਨੇ ਵਿਦਿਆਰਥੀਆਂ ਦੀ ਵੱਖ ਵੱਖ ਪੱਧਰ ਦੇ ਅੱਡ ਅੱਡ ਵਿਸ਼ਿਆਂ ਸੰਬੰਧੀ ਗੱਦ ਤੇ ਪੱਦ ਵਿਚ ਤੀਹ ਦੇ ਕਰੀਬ ਸਕੂਲੀ ਪੁਸਤਕਾਂ ਤਿਆਰ ਕੀਤੀਆਂ ਜਿਨ੍ਹਾਂ ਵਿੱਚ ਪੰਜਾਬੀ ਦੀ ਪਹਿਲੀ ਤੋਂ ਪੰਜਵੀਂ ਪੋਥੀ, ਇਸਤਰੀ ਸਿਖਿਆ (ਚਾਰ ਭਾਗ) ਗਿਆਨ ਮਾਲਾ, ਰਤਨ ਮਾਲਾ, ਚਰਿਤ੍ਰਾਵਲੀ, ਵਿਨਯ ਪਤ੍ਰਿਕਾ, ਮਨੋਹਰ ਵਾਰਤਾ, ਵਿਦਿਆ ਰਤਨਾਕਰ ਤੇ ਅਨੇਕ ਦਰਸ਼ਨ, ਵਿਦਯਾ ਪ੍ਰਚਾਰ ਦੀ ਦ੍ਵਿਤਯ ਪੁਸਤਕ, ਆਦਿ ਵਿਸ਼ੇਸ਼ ਤੌਰ

---

66. ਬਿਹਾਰੀ ਲਾਲ ਪੁਰੀ -"ਪੰਜਾਬੀ ਬਯਾਕਰਣ ਸਾਰ" ਲੁਧਿਆਣਾ-1869 ਪਹਿਲੀ ਮਾਰਚ, 1869 ਈ. ਨੂੰ ਲਿਖੀ ਭੂਮਿਕਾ ਅਨੁਸਾਰ 'ਮੇਜਰ ਹਾਲਰਾਇਡ, ਡੀ.ਪੀ.ਆਈ, ਪੰਜਾਬ ਦੀ ਸਲਾਹ ਮੂਜਬ ਪੰਜਾਬੀ ਬੋਲੀ ਦੇ ਬਯਾਕਰਣ ਦਾ ਇਹ ਸਾਰ ਛਪਿਆ।

67. ਇਨ੍ਹਾਂ ਬਾਰੇ ਸੰਪੂਰਨ ਜਾਣਕਾਰੀ "ਪੰਜਾਬੀ ਗੱਦ ਦੇ ਉੱਘੇ ਲੇਖਕ" ਵਾਲੇ ਅਧਿਆਇ ਵਿਚ ਦਿਤੀ ਗਈ ਹੈ।

ਤੇ ਵਰਣਨ-ਯੋਗ ਹਨ। ਇਨ੍ਹਾਂ ਪਾਠ-ਪੁਸਤਕਾਂ ਦੇ ਨਾਵਾਂ ਤੇ ਅੰਦਰ ਦਰਜ ਵਿਸ਼ਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੀ ਰਚਨਾ ਦਾ ਬਹੁਤਾ ਆਧਾਰ ਹਿੰਦੀ ਸੰਸਕ੍ਰਿਤ ਪਾਠ-ਪੁਸਤਕਾਂ ਤੇ ਹਿੰਦੂ ਇਤਿਹਾਸ ਮਿਥਿਹਾਸ ਹੈ। ਲਿਖਤ ਹਿੰਦੀ ਤੇ ਬ੍ਰਜੀ ਸ਼ਬਦਾਵਲੀ ਨਾਲ ਕਾਫ਼ੀ ਬੋਝਲ ਤੇ ਔਖੀ ਪ੍ਰਤੀਤ ਹੁੰਦੀ ਹੈ।[68] ਪਾਠ-ਪੁਸਤਕਾਂ ਗੱਦ ਤੇ ਪੱਦ ਦੋਹਾਂ ਰੂਪਾਂ ਵਿਚ ਹਨ। ਵਾਰਤਕ ਵੀ ਕਾਵਿ-ਮਈ ਹੈ ਤੇ ਅੰਪ੍ਰਾਸਾਂ ਦੀ ਵਰਤੋਂ ਨਾਲ ਕਵਿਤਾ ਵਰਗਾ ਸੁਆਦ ਦਿੰਦੀ ਹੈ। ਵਾਕ ਸੰਯੁਕਤ ਨਹੀਂ ਅਤੇ ਉਸ ਵੇਲੇ ਦੀ ਆਮ ਰੁਚੀ ਅਨੁਸਾਰ ਵਾਰਤਾਲਾਪੀ ਢੰਗ ਦੇ ਹਨ। ਸਦਾਚਾਰਕ ਸਿੱਖਿਆ ਅਤੇ ਮਾਤ-ਭਾਸ਼ਾ ਦਾ ਪਿਆਰ, ਪੁਰੀ ਦੀਆਂ ਪਾਠ-ਪੁਸਤਕਾਂ ਵਿਚੋਂ ਡੁਲ੍ਹ ਡੁਲ੍ਹ ਪੈਂਦਾ ਹੈ।

ਗਿਆਨੀ ਹਜ਼ਾਰਾ ਸਿੰਘ ਇਕ ਹੋਰ ਵਿਦਵਾਨ ਹਨ, ਜਿਨ੍ਹਾਂ ਨੇ ਵੱਖ ਵੱਖ ਪੱਧਰ ਦੇ ਵਿਦਿਆਰਥੀਆਂ ਲਈ ਮੌਲਿਕ ਤੇ ਅਨੁਵਾਦ ਰੂਪ ਦੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ। ਅਨੁਵਾਦਤ ਪਾਠ-ਪੁਸਤਕਾਂ ਵਿਚ 'ਹਿੰਦ ਦਾ ਸੁਗਮ ਇਤਿਹਾਸ' (1883) ਅਤੇ 'ਤੋਸਤਾਂ'(ਫ਼ਾਰਸੀ) ਦਾ ਅਨੁਵਾਦ 'ਹਜ਼ੂਰੀ ਬਾਗ਼' ਨਾਂ ਹੇਠ ਪ੍ਰਕਾਸ਼ਤ ਕੀਤਾ। ਮੌਲਿਕ ਪੁਸਤਕਾਂ ਵਿਚ ਹਿੰਦ ਦਾ ਇਤਿਹਾਸ (ਪ੍ਰਸ਼ਨੋਤਰੀ) ਪ੍ਰਥਮ ਭੂਗੋਲ ਜਾਂ ਭੂਗੋਲ ਦਰਪਣ ( ਹਿੰਦ ਭੂਗੋਲ ਮੰਜਰੀ ਤੇ ਪੰਜਾਬ ਭੂਗੋਲ) ਪਹਿਲੀ ਤੋਂ ਪੰਜਵੀਂ ਤਕ ਪੰਜਾਬੀ ਪੋਥੀਆਂ ਤੇ ਵਿਆਕਰਣ ਆਦਿ ਹਨ। ਫ਼ਾਰਸੀ ਵਿਚੋਂ ਹੀ 'ਮੀਰਾਤੁਲ-ਅਰੂਸ' ਦਾ ਪੰਜਾਬੀ ਅਨੁਵਾਦ " ਦੁਲਹਨ ਦਰਪਨ " ਨਾਂ ਹੇਠ ਕੀਤਾ, ਜਿਹੜਾ ਕਿ ਪੰਜਾਬੀ ਦੇ ਬਹੁਤ ਮੁਢਲੇ ਅਨੁਵਾਦਤ ਨਾਵਲਾਂ ਵਿਚੋਂ ਇਕ ਹੈ।[69] ਗਿਆਨੀ ਹਜ਼ਾਰਾ ਸਿੰਘ ਰਚਿਤ

---

68. ਨਮੂਨਾ:- " ਫੇਰ ਇਕ ਦਿਨ ਸੰਧਿਆ ਦੇ ਸਮੇਂ ਵਿਸ਼੍ਵਾ-ਮਿਤ੍ਰ ਨੇ ਸਾਯੰਕਾਲ ਦੀ ਸੰਧਿਆ ਕਰਨ ਲਈ ਮੇਨਕਾ ਨੂੰ ਅਰਘ ਆਚਮਨੀ ਅਤੇ ਪੰਚ ਪਾਤ੍ਰ ਲਿਆਉਣ ਲਈ ਆਗਿਆ ਕੀਤੀ।"

69. 'ਦੁਲਹਨ ਦਰਪਨ' ਦਾ ਰੀਵੀਊ ਲਾਹੌਰ ਦੇ ਉਰਦੂ ਅਖ਼ਬਾਰ 'ਆਫ਼ਤਾਬ' ਨੇ ਆਪਣੇ 23 ਫ਼ਰਵਰੀ 1880 ਦੇ ਅੰਕ ਵਿਚ ਕੀਤਾ। ਰੀਵੀਊ ਕਰਨ ਵਾਲੇ ਸ੍ਰ: ਠਾਕਰ ਸਿੰਘ ਸੰਧਾਵਾਲੀਏ ਸਨ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਇਸ ਪੁਸਤਕ ਦੀਆਂ ਘੱਟੋ ਘੱਟ ਤਿੰਨ ਐਡੀਸ਼ਨਾਂ ਪ੍ਰਕਾਸ਼ਤ ਹੋਈਆਂ। ਕਿਸੇ ਵੀ ਪੰਜਾਬੀ ਪੁਸਤਕ ਦਾ ਸ਼ਾਇਦ ਇਹ ਪਹਿਲਾ ਰੀਵੀਊ ਸੀ, ਕਿਉਂਜੋ ਸ਼ੁਧ ਪੰਜਾਬੀ ਦੀਆਂ ਅਖ਼ਬਾਰਾਂ ਦਾ ਦੌਰ 1880 ਈ. ਤੋਂ ਹੀ ਸ਼ੁਰੂ ਹੁੰਦਾ ਹੈ ਤੇ ਇਸ ਤੋਂ ਪਿਛੋਂ ਹੀ ਪੰਜਾਬੀ ਪੱਤਰਕਾਵਾਂ ਵਿਚ ਰੀਵੀਊ ਛਪਣ ਦਾ ਰਿਵਾਜ ਪਿਆ।

"ਮੇਰੇ ਜਾਣੇ ਇਸਤਰੀਆਂ ਲਈ ਇਸ ਪੋਥੀ ਦੀ ਵੱਡੀ ਜ਼ਰੂਰਤ ਹੈ ਕਿਉਂਕਿ ਇਹ ਉਨ੍ਹਾਂ ਦੇ ਸੁਧਾਰ ਲਈ ਪੂਰੀ ਜ਼ੁਮੇਵਾਰ ਹੈ। ਪੰਜਾਬੀ ਬੋਲੀ ਵਿਚ ਇਸ ਦੀ ਪ੍ਰਥਮ ਰਚਨਾ ਹੈ। ਇਸ ਢੰਗ ਦੀਆਂ ਪੋਥੀਆਂ ਜੇ ਮਦਰਸਿਆਂ ਵਿਚ ਪੜ੍ਹਾਈਆਂ ਜਾਣ ਤਦ ਇਸਤਰੀ ਸਿੱਖਿਆ ਦੀ ਵੱਡੀ ਬ੍ਰਿਧੀ ਹੋ ਸਕਦੀ ਹੈ, ਪਰ ਸ਼ਰਤ ਇਹ ਹੈ ਕਿ ਜੋ ਸੁਚੱਜੀ ਨੇ ਇਸ ਪੋਥੀ ਵਿਚ ਕੁੜੀਆਂ ਨੂੰ ਸਿਖਾਯਾ ਹੈ, ਗੁਰੂ ਭੀ ਇਹੋ ਜਿਹੇ ਹੋਣ। ਭੇਡ ਬਕਰੀਆਂ ਦੀਆਂ ਕਹਾਣੀਆਂ ਨਾਲੋਂ ਇਹ ਪੋਥੀ ਇਸਤਰੀਆਂ ਲਈ ਵੱਡੀ ਗੁਣਦਾਇਕ ਹੈ। ਹਰੇਕ ਢੰਗ ਦੇ ਵਰਤਾਉ, ਉਚੇ ਘਰਾਣਿਆਂ ਦੇ ਜ਼ਰੂਰੀ ਕਾਰਜਾਂ ਵਿੱਚ ਲੋੜੀਂਦੇ ਹਨ। ਸ਼ਰਮ ਧਰਮ ਨ੍ਰਿਮ੍ਰਤਾ , ਲਜਾ ਆਦਿ ਗੁਣ ਜੋ ਹਰੇਕ ਉਮਰ ਵਿੱਚ ਇਸਤਰੀ ਨੂੰ ਕਰਤੱਬ ਹਨ, ਲਿਖੇ ਗਏ ਹਨ। ਠੇਠ ਸਿੱਧੀ ਪੰਜਾਬੀ ਬੋਲੀ ਵਿਚ ਰੋਜ਼ ਬੋਲ ਚਾਲ ਦੀਆਂ ਕਹਾਬਤਾਂ ਵੀ ਸੰਗ ਵਿਦਮਾਨ ਹਨ।"

ਪਾਠ-ਪੁਸਤਕਾਂ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਰਲ ਭਾਸ਼ਾ ਵਿਚ ਲਿਖੀਆਂ ਗਈਆਂ ਹਨ। ਸ਼ੈਲੀ ਬੜੀ ਮਿੱਠੀ ਤੇ ਸੁਆਦਲੀ ਹੈ। ਬੱਚਿਆਂ ਦੀ ਪੱਧਰ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ।

ਏਸੇ ਲੜੀ ਵਿਚ ਅਗਲਾ ਨਾਂ ਹਰਸਾ ਸਿੰਘ[70] ਦਾ ਹੈ, ਜਿਨ੍ਹਾਂ ਨੇ ਸਿੰਘਾਸਨ ਬਤੀਸੀ ਦਾ ਅਨੁਵਾਦ 'ਬਾਗੋ-ਬਹਾਰ' ਨਾਂ ਹੇਠ ਕੀਤਾ। ਏਸੇ ਤਰ੍ਹਾਂ ਲੈਥ-ਬ੍ਰਿਜ ਦੀ 'ਹਿਸਟਰੀ ਆਫ਼ ਇੰਡੀਆ' ਅਤੇ ਬਲੋਚਮੈਨ ਦਾ ਭੂਗੋਲ, ਇਨ੍ਹਾਂ ਨੇ ਸਰਲ ਭਾਸ਼ਾ ਵਿਚ ਉਲਥਾਇਆ। 1879 ਈ. ਵਿਚ ਆਪ ਨੇ ਸਿੱਖਿਆ ਗਿਆਨ ਦੀਪਕਾ ਦੀ ਲੜੀ ਵਿਚ ਤਿੰਨ ਉਰਦੂ ਰੀਡਰਾਂ ਦਾ ਪੰਜਾਬੀ ਅਨੁਵਾਦ ਕੀਤਾ, ਪਰ ਅਨੁਵਾਦ ਠੀਕ ਅਤੇ ਬੱਚਿਆਂ ਦੀ ਪੱਧਰ ਅਨੁਕੂਲ ਨਾਹ ਹੋਣ ਕਰਕੇ ਸਿੱਖਿਆ ਵਿਭਾਗ ਨੇ ਇਨ੍ਹਾਂ ਨੂੰ ਪ੍ਰਵਾਨਗੀ ਨਾ ਦਿੱਤੀ। ਖਾਲਸਾ ਟ੍ਰੈਕਟ ਸੁਸਾਇਟੀ ਨੇ ਵੀ ਬਾਲ ਬੋਧ ਤੋਂ ਬਿਨਾਂ ਗੁਰਮੁਖੀ ਪ੍ਰਥਮ ਪੁਸਤਕ (ਟ੍ਰੈਕਟ ਨੰ: 31) ਅਤੇ ਗੁਰਮੁਖੀ ਦੀ ਦੁਤਯ ਪੁਸਤਕ( ਟ੍ਰੈਕਟ ਨੰ:35) ਪ੍ਰਕਾਸ਼ਤ ਕੀਤੀਆਂ।

ਪੰਡਤ ਭਾਨੂੰ ਦੱਤ[71] ਦੇ ਨਾਂ ਹੇਠ ਵੀ ਅੱਧੀ ਦਰਜਨ ਦੇ ਕਰੀਬ ਅਨੁਵਾਦਤ ਤੇ ਮੌਲਿਕ ਪਾਠ-ਪੁਸਤਕਾਂ ਪ੍ਰਾਪਤ ਹਨ ਜਿਨ੍ਹਾਂ ਵਿਚ 'ਤਰਕ ਸੰਗ੍ਰਹਿ' (ਐਲੀਮੈਂਟਰੀ ਟ੍ਰੀਟਾਈਜ਼ ਆਨ ਲਾਜਿਕ) ਵੇਦਾਂਤ ਸਾਰ, ਗੁਰੂ ਸਿੰਘ ਇਤਿਹਾਸ, ਪੰਜਾਬੀ ਅਖਾਉਤਾਂ ਸ਼ਾਮਲ ਹਨ। 'ਪੋਥੀ ਸੁਧਰਮੀ' ਕ੍ਰਿਤ ਕ੍ਰਿਸ਼ਨ ਸਿੰਘ ਆਰਿਫ਼, ਗੁਰਮੁਖੀ ਦੀ ਪਹਿਲੀ ਪੋਥੀ(ਜੁਬਲੀ ਗਰਲਜ਼ ਸਕੂਲ ਸਿਆਲਕੋਟ) ਉਤਮ ਸਿੰਘ ਕ੍ਰਿਤ 'ਬਾਲ ਬੋਧ' (1884 ਈ.), 'ਇਸਤਰੀ ਉਪਦੇਸ਼ ਮਾਲਾ' (1877- ਈਸਾਈ ਸਕੂਲਾਂ ਦੀਆਂ ਇਸਤਰੀਆਂ ਲਈ), ਯੋਗੀ ਸ਼ਿਵ ਨਾਥ ਦੁਆਰਾ 'ਯੂਕਲਿਡ' ਦਾ ਪੰਜਾਬੀ ਅਨੁਵਾਦ, 'ਹਨੂਮਾਨ ਨਾਟਕ ' ਦੀ ਵਿਆਖਿਆ, ਹਿੰਦ ਦਾ ਇਤਿਹਾਸ, ਪੰਚ-ਤੰਤਰ, ਤੇ ਪੰਜਾਬੀ ਛੰਦ ਰਤਨਾਵਲੀ ਕੁਝ ਕੁ ਵਰਣਨ-ਯੋਗ ਪਾਠ-ਪੁਸਤਕਾਂ ਹਨ। 'ਕੁਝ ਨਵੀਆਂ ਕਾਢਾਂ' ਨਾਂ ਹੇਠ ਪੰਡਤ ਰਘੂਨਾਥ ਦਾਸ ਨੇ ਜਾਹਿਸ ਦੇ "ਸਾਇੰਟੈਫਿਕ ਡਾਇਲਾਗ" ਦਾ ਪੰਜਾਬੀ ਅਨੁਵਾਦ ਕੀਤਾ ਜਿਸ ਤੇ ਉਨ੍ਹਾਂ ਨੂੰ ਸਿੱਖਿਆ ਵਿਭਾਗ ਵਲੋਂ ਪੰਜ ਸੌ ਰੁਪਏ ਦਾ ਇਨਾਮ ਮਿਲਿਆ। ਗਿ: ਸਰਦੂਲ ਸਿੰਘ ਨੇ ਵੀ 'ਵਸਤਾਂ ਦੇ ਪਾਠ' ਭਾਗ ਪਹਿਲਾ ਤੇ ਦੂਜਾ ਪ੍ਰਕਾਸ਼ਤ ਕੀਤੇ।[72]

---

70. ਲਾਈਟਨਰ, 'ਹਿਸਟਰੀ ਆਫ਼ ਇੰਡੀਜੀਨਸ ਐਜੂਕੇਸ਼ਨ ਇਨ ਪੰਜਾਬ ' ਕਲਕੱਤਾ-1882, ਪੰਨਾ-110.

71 ਤੇ 72 ਉਪਰੋਕਤ ਪੁਸਤਕਾਂ ਵਿੱਚੋਂ ਕੁਝ ਤਾਂ ਸੈਂਟ੍ਰਲ ਸਟੇਟ ਲਾਇਬ੍ਰੇਰੀ, ਪਟਿਆਲਾ ਤੇ ਹੋਰ ਲਾਇਬ੍ਰੇਰੀਆਂ ਵਿਚ ਪਈਆਂ ਹਨ, ਤੇ ਕੁਝ ਕੁ ਸੰਬੰਧੀ ਸੂਚਨਾ - ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੀਆਂ ਸਾਲਾਨਾਂ ਰੀਪੋਰਟਾਂ ਤੋਂ ਇਕੱਤ੍ਰ ਕੀਤੀ ਗਈ ਹੈ। ਇਹ ਜਾਣਕਾਰੀ ਸੰਪੂਰਨ ਨਹੀਂ

ਉਪਰੋਕਤ ਪੁਸਤਕਾਂ ਤੋਂ ਛੁਟ, ਛੰਦਾਂ, ਅਲੰਕਾਰਾਂ, ਅਖਾਣਾਂ ਅਖਾਉਤਾਂ ਦੀਆਂ ਪੁਸਤਕਾਂ,
ਕੋਸ਼ ਜਾਂ ਅਰਥਾਵਲੀਆਂ ਵੀ ਸਮੇਂ ਸਮੇਂ ਛਪਦੀਆਂ ਰਹੀਆਂ। ਭਾਸ਼ਾ ਦੀ ਜਾਣਕਾਰੀ ਉਪਰੰਤ, ਇਨ੍ਹਾਂ
ਪਾਠ-ਪੁਸਤਕਾਂ ਦਾ ਮੂਲ ਮਨੋਰਥ ਬੱਚਿਆਂ ਨੂੰ ਸਦਾਚਾਰਕ, ਧਾਰਮਕ ਤੇ ਦੁਨਿਆਵੀ ਸਿੱਖਿਆ
ਦੇਣਾ ਹੁੰਦਾ ਸੀ। ਉਰਦੂ ਤੇ ਹਿੰਦੀ ਦੇ ਟਾਕਰੇ ਤੇ ਪੰਜਾਬੀ ਵਿਚ ਬਾਕੀ ਵਿਸ਼ਿਆਂ ਯਥਾ ਗਣਿਤ,
ਰੇਖਾ-ਗਣਿਤ, ਤਰਕ-ਸ਼ਾਸਤ੍ਰ, ਦਰਸ਼ਨ, ਵਿਗਿਆਨ, ਮਨੋ-ਵਿਗਿਆਨ ਬਹੁਤ ਘਟ ਸੀ, ਜਿਸ
ਦਾ ਕਾਰਨ ਇਹੀ ਪ੍ਰਤੀਤ ਹੁੰਦਾ ਹੈ ਕਿ ਪੰਜਾਬੀ ਮਾਧਿਅਮ ਰਾਹੀਂ ਸਿੱਖਿਆ ਪ੍ਰਾਪਤ ਕਰਨ ਦੀ
ਖੁਲ੍ਹ ਨਾ ਹੋਣ ਕਰਕੇ ਅਤੇ ਲੜਕੀਆਂ, ਜਿਨ੍ਹਾਂ ਨੂੰ ਇਹ ਖੁਲ੍ਹ ਸੀ, ਉਨ੍ਹਾਂ ਦੀ ਗਿਣਤੀ ਘੱਟ ਹੋਣ
ਕਰਕੇ, ਲੇਖਕ ਜਾਂ ਅਨੁਵਾਦਕ ਇਸ ਨੂੰ ਲਾਹੇਵੰਦਾ ਕੰਮ ਨਹੀਂ ਸਨ ਸਮਝਦੇ। ਓਰੀਐਂਟਲ ਕਾਲਜ,
ਤੇ 'ਅੰਜੁਮਨਿ-ਪੰਜਾਬ' ਦੁਆਰਾ ਪ੍ਰਕਾਸ਼ਤ ਪਾਠ-ਪੁਸਤਕਾਂ ਵਿਚ ਵੀ ਪੰਜਾਬੀ ਪੁਸਤਕਾਂ ਦੀ ਗਿਣਤੀ
ਨਾਮਾਤ੍ਰ ਹੀ ਹੈ। ਅੰਜੁਮਨਿ ਪੰਜਾਬ ਵਲੋਂ[73] ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਤੋਂ ਪੰਜਾਬੀ ਵਿਚ
ਅਨੁਵਾਦ ਕੀਤੀਆਂ ਪਾਠ-ਪੁਸਤਕਾਂ ਜਾਂ ਆਮ ਕਿਤਾਬਾਂ ਸੰਬੰਧੀ ਕੋਈ ਸੂਚੀ ਪ੍ਰਾਪਤ ਨਹੀਂ ਹੋ ਸਕੀ,
ਹਾਲਾਂਕਿ , ਰਾਇ ਮੂਲ ਸਿੰਘ, ਭਾਈ ਹਰਿ ਭਗਤ ਸਿੰਘ ਤੇ ਲਾਲਾ ਬਿਹਾਰੀ ਲਾਲ, ਇਨ੍ਹਾਂ
ਤਿੰਨਾਂ ਵਿਦਵਾਨਾਂ ਦੀ ਇਕ ਪੰਜਾਬੀ ਅਨੁਵਾਦ ਕਮੇਟੀ ਕਾਇਮ ਕੀਤੀ ਗਈ, ਅਤੇ ਇਨ੍ਹਾਂ ਨੂੰ
ਆਦੇਸ਼ ਦਿੱਤਾ ਗਿਆ ਕਿ ਹਰੇਕ ਇਲਮ ਦੀਆਂ ਕਿਤਾਬਾਂ ਜੋ ਹਰ ਪਹਿਲੂ ਤੋਂ ਚੰਗੀਆਂ ਤੇ ਤਰਜਮਾ
ਕਰਨ ਦੇ ਯੋਗ ਹੋਣ, ਇਸ ਕੰਮ ਲਈ ਚੁਣੀਆਂ ਜਾਣ। ਸੰਭਵ ਹੈ ਕਿ ਲਾਲਾ ਬਿਹਾਰੀ ਲਾਲ ਪੁਰੀ
ਦੇ ਨਾਂ ਹੇਠ ਜਿਹੜੀਆਂ ਤੀਹ ਦੇ ਕਰੀਬ ਪਾਠ-ਪੁਸਤਕਾਂ ਸਾਡੇ ਤਕ ਪੁਜੀਆਂ ਹਨ, ਉਨ੍ਹਾਂ ਵਿਚੋਂ
ਕੁਝ ਕੁ 'ਅੰਜੁਮਨਿ ਪੰਜਾਬ' ਦੇ ਯਤਨਾਂ ਦਾ ਫਲ ਹੋਣ।

ਇਨ੍ਹਾਂ ਪਾਠ-ਪੁਸਤਕਾਂ ਵਿਚ ਹੀ ਸ਼ਰਧਾ ਰਾਮ ਫਲੌਰੀ ਦੀ ਪੁਸਤਕ "ਪੰਜਾਬੀ ਬਾਤ-ਚੀਤ"
(1875 ਈ:) ਸ਼ਾਮਲ ਕੀਤੀ ਜਾ ਸਕਦੀ ਹੈ ਕਿਉਂਕਿ ਇਹ ਅੰਗਰੇਜ਼ਾਂ ਨੂੰ ਪੰਜਾਬੀ ਮੁਹਾਵਰੇ
ਉਪ-ਭਾਖਾਵਾਂ, ਦਸਤੂਰ ਤੇ ਬੋਲ-ਚਾਲ ਸੰਬੰਧੀ ਜਾਣਕਾਰੀ ਦੇਣ ਲਈ ਲਿਖੀ ਗਈ।[74] ਸਰਕਾਰ
ਦੇ ਸਿੱਖਿਆ ਵਿਭਾਗ ਵਲੋਂ ਇਸ ਨੂੰ ਪਰਵਾਨ ਕਰਕੇ ਲੇਖਕ ਨੂੰ ਇਨਾਮ ਵੀ ਦਿੱਤਾ ਗਿਆ।

ਇਹ ਪਾਠ-ਪੁਸਤਕਾਂ ਨਿਸ਼ਚਿਤ ਮਨੋਰਥ, ਤੇ ਇਕ ਖਾਸ ਪੱਧਰ ਨੂੰ ਧਿਆਨ ਵਿਚ ਰੱਖ
ਕੇ ਲਿਖੀਆਂ ਗਈਆਂ। ਲੇਖਕਾਂ ਦੇ ਸਾਹਮਣੇ ਅੰਗਰੇਜ਼ੀ, ਉਰਦੂ, ਫਾਰਸੀ ਤੇ ਸੰਸਕ੍ਰਿਤ ਆਦਿ
ਭਾਸ਼ਾਵਾਂ ਦੀਆਂ ਪਾਠ-ਪੁਸਤਕਾਂ ਦਾ ਨਮੂਨਾ ਸੀ, ਜਿਨ੍ਹਾਂ ਨੂੰ ਆਧਾਰ ਬਣਾ ਕੇ, ਇਨ੍ਹਾਂ ਦੀ ਰਚਨਾ
ਕੀਤੀ ਗਈ।

---

73. ਰਸਾਲਾ ਅੰਜੁਮਨਿ ਪੰਜਾਬ, ਲਾਹੌਰ, ਅੰਕ 2 ਫਰਵਰੀ 1866 , ਪੰਨਾ 7
74. 'ਪੰਜਾਬੀ ਬਾਤ ਚੀਤ'- ਸ਼ਰਧਾ ਰਾਮ ਫਲੌਰੀ - ਸੰਪਾਦਕ ਡਾ: ਹਰਚਰਨ ਸਿੰਘ - ਆਦਿਕਾ, ਪੰਨਾ 12. ਇਹ ਪੁਸਤਕ ਅਤੇ ਸ਼ਰਧਾ ਰਾਮ ਫਲੌਰੀ ਦੀ ਸਮੁੱਚੀ ਗੱਦ-ਸੇਵਾ, ਉਘੇ ਵਾਰਤਕ ਲਿਖਾਰੀਆਂ ਵਾਲੇ ਅਧਿਆਇ ਵਿਚ ਵਿਸਤਾਰ ਸਹਿਤ ਵਿਚਾਰੀ ਗਈ ਹੈ।

" ਜਿਵੇਂ ਪੱਤਰਕਾਰੀ ਨੇ ਪੰਜਾਬੀ ਵਿਚ ਕਵਿਤਾ ਦੀ ਥਾਂ ਵਾਰਤਕ ਨੂੰ ਪਰਧਾਨਤਾ ਦਿੱਤੀ, ਤਿਵੇਂ ਇਨ੍ਹਾਂ ਸਕੂਲੀ (ਪਾਠ-) ਪੁਸਤਕਾਂ ਨੇ ਵੀ ਪੰਜਾਬੀ ਦੇ ਨਿਖਾਰ ਵਿਚ ਬੜੀ ਸਹਾਇਤਾ ਦਿੱਤੀ। ਵੱਧ ਤੋਂ ਵੱਧ ਸਰਲ ਹੋ ਸਕਣਾ, ਫ਼ਿਰਕੂ ਤੇ ਧਾਰਮਕ ਖਿਚ-ਧੂਹ ਤੋਂ ਉਚੇਰਾ ਹੋ ਸਕਣਾ, ਰਹੱਸਵਾਦ ਤੇ ਦਰਸ਼ਨ ਤੇ ਘੱਟ ਬਲ ਦੇਣਾ, ਵਾਰਤਕ ਲਿਖਣ ਵਿਚ ਪਾਠਕ ਦੇ ਪੱਧਰ ਤੇ ਰੁਚੀ ਦਾ ਧਿਆਨ ਰੱਖ ਸਕਣਾ, ਵਾਰਤਕ ਸਰਬ ਰਸੀ ਬਣਾਉਣਾ, ਨਿਆਇ-ਸ਼ੀਲਤਾ ਤੇ ਸੰਜਮ ਵਾਰਤਕ ਵਿਚ ਨਿਭਾਣੇ, ਵਾਰਤਕ ਵਿਚ ਗੰਦੇ ਤੇ ਅਸੱਭਯ ਸ਼ਬਦ ਤੇ ਭਾਵ ਨਾ ਵਰਤਣੇ, ਵਾਰਤਕ ਵਿਚ ਆਚਰਨ, ਸਦਾਚਾਰ ਤੇ ਸ਼੍ਰੇਸ਼ਟਾਚਾਰ ਤੇ ਬਲ ਦੇਣਾ, ਸੋਹਜਵਾਦੀ ਉਪਦੇਸ਼ਾਤਮਕਤਾ, ਕਲਪਨਾ, ਜਜ਼ਬੇ ਦਾ ਤਾਲ ਮੇਲ ਤੇ ਸਾਵਾਂ-ਪੱਧਰਾ ਮੇਲ— ਇਹ ਸਾਰੀਆਂ ਰੁਚੀਆਂ, ਸਕੂਲੀ ਪਾਠ-ਪੁਸਤਕਾਂ ਰਾਹੀਂ ਪੰਜਾਬੀ ਵਾਰਤਕ ਵਿਚ ਪਰਵੇਸ਼ ਕੀਤੀਆਂ।[75]

<u>ਟੀਕਾ-ਕਾਰੀ</u>

ਭਾਰਤੀ ਸਮਾਲੋਚਨਾ ਪ੍ਰਣਾਲੀ ਵਿਚ ਟੀਕਾ-ਕਾਰੀ ਦਾ ਹੁਨਰ ਬਹੁਤ ਪੁਰਾਣੇ ਸਮੇਂ ਤੋਂ ਤੁਰਿਆ ਆ ਰਿਹਾ ਹੈ। ਸੰਸਾਰ ਦੀ ਲਗਭਗ ਹਰ ਭਾਸ਼ਾ ਵਿਚ ਧਾਰਮਕ ਤੇ ਸਨਾਤਨੀ ਗ੍ਰੰਥਾਂ ਜਾਂ ਰਚਨਾਵਾਂ ਦੇ ਟੀਕੇ ਹੁੰਦੇ ਆਏ ਹਨ। ਇਹ ਕਲਾ ਜਿੱਥੇ ਵਿਸ਼ਵ-ਵਿਆਪੀ ਹੈ, ਉਥੇ ਇਸ ਦੀਆਂ ਵੰਨਗੀਆਂ ਵੀ ਭਿੰਨ ਭਿੰਨ ਹਨ। ਕਈ ਵਿਦਵਾਨਾਂ ਨੇ ਇਸ ਨੂੰ 'ਕਿਤਾਬੀ ਆਲੋਚਨਾ' ਜਾਂ 'ਟੈਕਸਚੂਅਲ ਕ੍ਰਿਟਿਸਿਜ਼ਮ' ਦਾ ਨਾਂ ਵੀ ਦਿੱਤਾ ਹੈ। ਟੀਕਿਆਂ ਲਈ 'ਪਰਮਾਰਥ' ਸ਼ਬਦ ਦੀ ਵਰਤੋਂ ਕੀਤੀ ਵੀ ਮਿਲਦੀ ਹੈ। ਪੰਜਾਬੀ ਵਿਚ "ਟੀਕਾ-ਕਾਰੀ" ਪਰੰਪਰਾ ਸਤਾਰ੍ਹਵੀਂ ਸਦੀ ਈ. ਵਿਚ ਮਿਹਰਬਾਨੀ ਟੀਕਿਆਂ ਨਾਲ ਪੈ ਚੁਕੀ ਸੀ"।[76] ਗੁਰਬਾਣੀ ਤੋਂ ਬਿਨਾਂ ਹੋਰ ਧਾਰਮਕ ਜਾਂ ਦਾਰਸ਼ਨਕ ਰਚਨਾਵਾਂ ਦੇ ਟੀਕੇ ਸਮੇਂ ਸਮੇਂ ਹੁੰਦੇ ਰਹੇ ਹਨ ਤੇ ਅਜ ਤਕ ਹੋ ਰਹੇ ਹਨ। ਡਾ: ਪਿਆਰ ਸਿੰਘ ਅਨੁਸਾਰ " ਪਰਮਾਰਥ ਤੇ ਗੋਸ਼ਟੀਆਂ ਦਾ ਪਰਵਾਹ ਚਲਾਣ ਦਾ ਸਿਹਰਾ ਮੀਣੇ ਗੁਰੂਆਂ ਸ੍ਰੀ ਮਿਹਰਬਾਨ ਤੇ ਹਰਿਜੀ ਦੇ ਸਿਰ ਹੈ ... ਪਰਮਾਰਥ ਜਾਂ ਟੀਕੇ ਲਿਖਣ ਦਾ ਜੋ ਢੰਗ ਇਨ੍ਹਾਂ ਦੇ ਹੱਥੋਂ ਵਿਕਸਤ ਹੋਇਆ, ਉਹ ਬੜਾ ਮਿਸ਼ਰਤ ਜਿਹਾ ਸੀ - ਅਜਿਹਾ ਜਿਸ ਤਰ੍ਹਾਂ ਦਾ ਕਿ ਆਮ ਕੁਰਾਨ ਦੀਆਂ ਤਸਵੀਰਾਂ ਲਿਖਣ ਵਿਚ ਆਉਂਦਾ ਹੈ। ਇਨ੍ਹਾਂ ਵਿਚ ਬਿਰਤਾਂਤ, ਭਾਵ ਵਿਆਖਿਆ, ਕਥਾ ਆਦਿ ਸਭ ਕੁਝ ਸ਼ਾਮਿਲ ਹੁੰਦੇ ਹਨ। ਸ਼ਬਦਾਂ ਦੇ ਅਰਥ ਲਿਖਣ ਜਾਂ ਉਨ੍ਹਾਂ ਦੇ ਅੱਡ ਅੱਡ ਭਾਵ ਨਿਰੂਪਣ ਕਰਨ ਦੀ ਪ੍ਰਥਾ ਨਹੀਂ ਸੀ ਹੁੰਦੀ। ਇੱਕ ਇੱਕ ਤੁਕ ਲੈ ਕੇ, ਉਸ ਦਾ

---

75. ਤਾਰਨ ਸਿੰਘ (ਡਾ.), 'ਪੰਜਾਬੀ ਸਾਹਿਤ ਦਾ ਇਤਿਹਾਸ' (ਆਧੁਨਿਕ ਕਾਲ), ਭਾਸ਼ਾ ਵਿਭਾਗ, ਪੰਨਾ 146.

76. ਬੇਦੀ, ਤ੍ਰਿਲੋਚਨ ਸਿੰਘ (ਡਾ.), 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ', ਫ਼ਰੀਦਕੋਟ, 1972, ਪੰਨਾ 152.

ਭਾਵ ਲਿਖ ਦਿਤਾ ਜਾਂਦਾ ਸੀ ਤੇ ਉਸ ਵਿਚ ਆਏ ਇਤਿਹਾਸਕ ਤੱਥਾਂ, ਮਿਥਿਹਾਸਕ ਸੰਕੇਤਾਂ, ਉਨ੍ਹਾਂ ਨਾਲ ਜੁੜਦੀਆਂ ਕਥਾਵਾਂ ਨੂੰ ਬਿਆਨ ਕਰ ਦਿੱਤਾ ਜਾਂਦਾ ਸੀ।"[77]

ਸਾਡੇ ਅਧਿਐਨ ਕਾਲ ਵਿਚ ਸਤਾਰ੍ਹਵੀਂ ਸਦੀ ਤੋਂ ਚਲੀ ਆ ਰਹੀ ਟੀਕਾਕਾਰੀ ਦੀ ਪਰੰਪਰਾ ਨਵੇਂ ਮੋੜ ਤੇ ਪੁਜੀ ਤੇ ਇਸ ਨੂੰ ਨਿਆਇ-ਸ਼ੀਲ, ਵਿਗਿਆਨਕ ਤੇ ਵਧੇਰੇ ਸਾਹਿੱਤਕ ਸਰੂਪ ਵਾਲੀ ਬਨਾਉਣ ਦੇ ਯਤਨ ਕੀਤੇ ਗਏ। ਪੁਰਾਣੇ ਸਮੇਂ ਤੋਂ ਗੁਰਬਾਣੀ ਦੀ ਵਿਆਖਿਆ ਕਰਨ ਵਾਲੇ ਜਾਂ ਟੀਕਾ-ਕਾਰ ਆਮ ਤੌਰ ਤੇ ਨਿਰਮਲੇ, ਉਦਾਸੀ ਜਾਂ ਡੇਰਿਆਂ ਦੇ ਸਾਧੂ ਹੁੰਦੇ ਸਨ, ਜਿਹੜੇ ਜਾਂ ਤਾਂ ਗੁਰਬਾਣੀ ਨੂੰ ਪੁਰਾਤਨ ਵੇਦਾਂ ਸ਼ਾਸਤ੍ਰਾਂ ਦਾ ਇਕ ਪ੍ਰਤਿਰੂਪ ਸਮਝ ਕੇ ਉਸ ਦੇ ਅਰਥ ਵੀ ਸ਼ਾਸਤ੍ਰੀ ਢੰਗ ਦੇ ਕਰਦੇ ਸਨ, ਜਾਂ ਫੇਰ ਗੁਰਬਾਣੀ ਦੀ ਵਿਆਖਿਆ ਅਜਿਹੇ ਸਨਾਤਨੀ ਢੰਗ ਦੀ ਕਰਦੇ ਸਨ, ਜਿਸ ਤੋਂ ਸਿੱਖੀ ਦਾ ਕੋਈ ਅੱਡਰਾ ਦਾਰਸ਼ਨਿਕ ਅਸਤਿੱਤਵ ਜਾਂ ਸਿੱਖ ਗੁਰੂਆਂ ਦੇ ਕਿਸੇ ਵੱਖਰੇ ਆਦਰਸ਼ ਜਾਂ ਉਦੇਸ਼ ਪ੍ਰਗਟ ਹੋਣ ਦੀ ਥਾਂ, ਉਸੇ ਦਾ ਇਕ ਅੰਗ ਪ੍ਰਤੀਤ ਹੁੰਦੇ ਸਨ। ਅਨਪੜ੍ਹ ਸਿੱਖ ਜਨਤਾ ਸਿੱਖੀ ਦੇ ਭਗਤੀ ਸਰੂਪ ਨੂੰ ਵੇਦਾਂ ਉਪਨਿਸ਼ਦਾਂ ਦੀ ਦੇਣ, ਅਤੇ ਇਸ ਦੇ 'ਸ਼ਕਤੀ-ਸਰੂਪ' ਨੂੰ ਦੁਰਗਾ ਦੇਵੀ ਦੀ ਬਖ਼ਸ਼ਿਸ਼ ਸਮਝ ਕੇ, ਬਹੁਤ ਸਾਰੇ ਬ੍ਰਾਹਮਣੀ ਵਹਿਮਾਂ ਭਰਮਾਂ ਵਿਚ ਗ੍ਰੱਸਿਥ, ਸਿੱਖੀ ਦੇ ਅਸਲੀ ਸਰੂਪ ਤੋਂ ਅਨਜਾਣ ਸੀ। ਸਿੱਖਾਂ ਦੀ ਇਸ ਅਗਿਆਨਤਾ ਦਾ ਲਾਭ ਹਿੰਦੂਆਂ ਨੇ ਤਾਂ ਉਠਾਉਣਾ ਹੀ ਸੀ, ਮੁਸਲਮਾਨ ਤੇ ਈਸਾਈ ਵੀ ਪੂਰੇ ਜ਼ੋਰ ਸ਼ੋਰ ਨਾਲ ਇਹ ਸਿੱਧ ਕਰਨ ਲਈ ਤੁਲ ਪਏ ਕਿ ਸਿੱਖ ਗੁਰੂ ਮੁਸਲਮਾਨ ਸਨ ਜਾਂ ਈਸਾਈ ਸਨ। ਉਨ੍ਹਾਂ ਨੇ ਆਪਣੇ ਮਨੋਰਥਾਂ ਦੀ ਸਿੱਧੀ ਲਈ ਗੁਰਬਾਣੀ ਦੀ ਜੋ ਵਿਆਖਿਆ ਕੀਤੀ, ਉਸ ਦੀ ਇਕ ਉਦਾਹਰਣ ਏਥੇ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ, ਤਾਂ ਜੋ ਉਪ੍ਰੋਕਤ ਕਥਨ ਦੀ ਪੁਸ਼ਟੀ ਹੋ ਸਕੇ:-

'ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜ਼ਾਰ
ਏਤੇ ਚਾਨਣ ਹੋਂਦਿਆਂ, ਗੁਰ ਬਿਨ ਘੋਰ ਅੰਧਾਰ ।

ਉਪ੍ਰੋਕਤ ਤੁਕਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ:- "ਹੁਣ ਸੋਚ ਬਿਚਾਰ ਕੇ, ਨੇਤ੍ਰ ਖੋਲ੍ਹ ਕੇ ਵੇਖ ਲਓ ਕਿ ਆਤਮਿਕ ਰੂਪੀ ਨੇਤ੍ਰ ਦੇਣ ਵਾਲਾ ਔਰ ਸਤੱਯ ਗਯਾਨ ਥੋਂ ਅੰਤਹਿ-ਕਰਣ ਕੋ ਪ੍ਰਕਾਸ਼ਮਾਨ ਕਰਨ ਵਾਲਾ ਸੱਤਯ ਗੁਰ ਕੇਵਲ ਗੁਰ ਦੇਵ ਯਿਸੂ ਮਸੀਹ ਹੈ, ਜੈਸਾ ਕਿ ਉਹ ਫਰਮਾਉਂਦਾ ਹੈ ਕਿ ਜਗਤ ਦਾ ਪ੍ਰਕਾਸ਼(ਅਰਥਾਤ ਆਤਮਿਕ ਰੂਪੀ ਪ੍ਰਕਾਸ਼) ਮੈਂ ਹਾਂ। ਜੋ ਮੇਰੇ ਮਗਰ ਚਲਦਾ ਹੈ, ਅਨ੍ਹੇਰੇ ਵਿਚ (ਅਗਯਾਨ ਰੂਪੀ ਅਨ੍ਹੇਰੇ ਵਿਚ) ਨਾ ਚਲੇਗਾ, ਸਗੋਂ ਜੀਵਨ ਦਾ (ਆਤਮਿਕ ਜੀਵਨ ਦਾ) ਪ੍ਰਕਾਸ਼ ਪਾਵੇਗਾ।"[78]

---

77. ਪਿਆਰ ਸਿੰਘ(ਡਾ.), 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਸ਼ਾ ਵਿਭਾਗ, (ਮੱਧ-ਕਾਲ) ਪੰਨਾ 65-66.

78. 'ਵਿਚਾਰ ਪ੍ਰਕਾਸ਼' ਅਰਥਾਤ 'ਸਿੱਖਾਂ ਦੇ ਲਈ ਗੁਟਕਾ' 1900 ਈ. - ਲਾਹੌਰ, ਪੰਨਾ 32.

ਸਧਾਰਣ ਅਨਪੜ੍ਹ ਸਿੱਖ-ਜਨਤਾ ਦਾ ਉਪ੍ਰੋਕਤ ਵਿਆਖਿਆ ਤੋਂ ਭੁਲੇਖਾ ਖਾ ਜਾਣਾ ਬੜਾ ਸੁਭਾਵਿਕ ਸੀ ਕਿ ਸੱਚਾ ਗੁਰੂ ਯਿਸੂ-ਮਸੀਹ ਹੀ ਹੈ। ਏਸੇ ਤਰ੍ਹਾਂ ਹੀ ਕਾਦੀਆਨੀ ਮਿਰਜ਼ੇ ਨੇ ਵੀ ਗੁਰਬਾਣੀ ਦੇ ਗ਼ਲਤ ਅਰਥ ਕਰਕੇ ਗੁਰੂ ਨਾਨਕ ਨੂੰ ਇਸਲਾਮ ਦਾ ਪ੍ਰਚਾਰਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਪਰ ਸਭ ਤੋਂ ਵੱਧ ਭੁਲੇਖਾ, ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਲਿਖੇ ਉਨ੍ਹਾਂ ਟੀਕਿਆਂ ਨੇ ਪਾਇਆ ਜਿਹੜੇ ਬ੍ਰਜੀ ਜਾਂ ਸਾਧ-ਭਾਖਾ ਨਾਲ ਲਦੀ ਭਾਸ਼ਾ ਤੇ ਪੰਡਤਾਊ ਸ਼ੈਲੀ ਵਿਚ ਗੁਰਮਤਿ ਦੀ ਸਾਰੀ ਫ਼ਿਲਾਸਫ਼ੀ ਨੂੰ ਪਰੰਪਰਾਗਤ ਤੇ ਸਨਾਤਨੀ ਸਿੱਧ ਕਰਨ ਲਈ ਉਚੇਚੇ ਤੌਰ ਤੇ ਤਿਆਰ ਕੀਤੇ ਗਏ, ਅਤੇ ਉਨ੍ਹਾਂ ਵਿਚ ਮਿਥਹਾਸਕ ਹਿੰਦੂ ਦੇਵੀ ਦੇਵਤਿਆਂ ਦੇ ਹਵਾਲੇ ਦੇ ਕੇ, ਇਹ ਦਰਸਾਉਣ ਦਾ ਯਤਨ ਕੀਤਾ ਗਿਆ ਕਿ ਗੁਰਮਤਿ ਦੀ ਫ਼ਿਲਾਸਫ਼ੀ ਹਿੰਦੂ ਮਤ ਨਾਲੋਂ ਕੋਈ ਭਿੰਨ ਨਹੀਂ ਅਤੇ ਨਾ ਹੀ ਵਿਸ਼ੇਸ਼ ਜਾਂ ਉਚੇਰੀ ਹੈ ।

ਜਰਮਨ ਭਾਸ਼ਾ ਵਿਗਿਆਨੀ ਤੇ ਈਸਾਈ ਮਿਸ਼ਨਰੀ ਡਾ. ਟ੍ਰੰਪ ਨੂੰ ਬਰਤਾਨਵੀ ਸਰਕਾਰ ਨੇ 1869 ਈ. ਨੂੰ ਆਦੇਸ਼ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਕੀਤਾ ਜਾਏ। ਇਹ ਅਨੁਵਾਦ 1877 ਈ. ਵਿਚ ਪ੍ਰਕਾਸ਼ਤ ਹੋਇਆ ਜਿਸ ਦੇ ਛਪਦਿਆਂ ਸਾਰ ਸਿੱਖ ਹਲਕਿਆਂ ਵਿਚ ਕਾਫ਼ੀ ਰੋਸ ਜਾਗਿਆ, ਕਿਉਂਜੋ ਇਸ ਅਨੁਵਾਦ ਰਾਹੀਂ ਜਿਥੇ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਇਕ ਸ਼ਾਖ ਹੀ ਸਿੱਧ ਕਰਨ ਦਾ ਯਤਨ ਕੀਤਾ ਗਿਆ, ਉਥੇ ਬਾਣੀ ਦੇ ਗ਼ਲਤ ਤੇ ਭੁਲੇਖਾ-ਪਾਊ ਅਰਥਾਂ ਦੇ ਨਾਲ ਨਾਲ ਗੁਰਬਾਣੀ ਦੀ ਭਾਸ਼ਾ, ਸ਼ੈਲੀ ਤੇ ਸੰਪਾਦਨਾ ਆਦਿ ਸੰਬੰਧੀ ਵੀ ਬਹੁਤ ਸਾਰੇ ਨੁਕਸ ਕੱਢੇ ਗਏ।[80] ਇਸ ਅਨੁਵਾਦ ਦੇ ਪ੍ਰਤਿਕਰਮ ਵਜੋਂ ਮਹਾਰਾਜਾ ਫ਼ਰੀਦਕੋਟ ਨੇ ਯੋਜਨਾ ਬਣਾਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਤੇ ਸੰਪੂਰਨ ਟੀਕਾ ਤਿਆਰ ਕਰਵਾਇਆ ਜਾਏ। ਇਸ ਮਨੋਰਥ ਲਈ ਉਸ ਵੇਲੇ ਦੇ ਬਹੁਤ ਸਾਰੇ ਉੱਘੇ ਵਿਦਵਾਨ ਇਕੱਠੇ ਕੀਤੇ ਗਏ, ਜਿਨ੍ਹਾਂ ਵਿਚ ਪਟਨਾ ਸਾਹਿਬ ਦੇ ਮਹੰਤ ਬਾਬਾ ਸੁਮੇਰ ਸਿੰਘ ਤੇ ਗਿਆਨੀ ਬਦਨ ਸਿੰਘ ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨ-ਯੋਗ ਹੈ। ਇਹ ਟੀਕਾ ਵੀ ਸਨਾਤਨੀ ਢੰਗ ਦੇ ਅਰਥਾਂ ਵਾਲਾ ਹੀ ਸੀ ਅਤੇ ਪੂਰੀ ਖੋਜ ਅਤੇ ਗੁਰਮਤਿ

---

79. ਡਾਕਟਰ ਟ੍ਰੰਪ ਦੇ ਅਨੁਵਾਦ ਸੰਬੰਧੀ ਪੂਰੇ ਵੇਰਵਿਆਂ ਸਹਿਤ ਪਹਿਲਾਂ ਵਿਚਾਰ ਕੀਤੀ ਜਾ ਚੁਕੀ ਹੈ।

80. The greatest part of the granth contains a sort of devotional hymn, rather poor in conception, clumsy in style, and wearisome to read. The writings of the old Hindu Bhagats(or devotees) are on the whole far superior to those of the Sikh Gurus themselves, as regards contents and style, especially those of Kabir from whom Nanak and his successors have borrowed all they know and preach..." Letter of Trump addressed to Sedretary of State for India, Jan.13, 1874, Quoted by N.G.Barrier in 'Sikhs and their Literature', p.XX-Introduction.

ਫਿਲਾਸਫ਼ੀ ਦੀ ਪੁਣ-ਛਾਣ ਕਰਨ ਤੋਂ ਬਿਨਾਂ ਹੀ ਤਿਆਰ ਕੀਤਾ ਗਿਆ। ਪ੍ਰੋ. ਗੁਰਮੁਖ ਸਿੰਘ ਵਰਗੇ ਸੂਝਵਾਨ ਵਿਦਵਾਨਾਂ ਨੇ ਛਪਣ ਤੋਂ ਪਹਿਲਾਂ ਹੀ ਇਹ ਟੀਕਾ ਦੇਖ ਕੇ ਆਪਣੀ ਸੰਮਤੀ ਤੇ ਅਸੰਤੁਸ਼ਟਤਾ ਪ੍ਰਗਟ ਕਰ ਦਿੱਤੀ। ਉਸ ਵੇਲੇ ਆਰੀਆ ਸਮਾਜੀਆਂ ਦਾ ਸਾਰਾ ਜ਼ੋਰ ਇਹ ਸਿੱਧ ਕਰਨ ਤੇ ਲਗਾ ਹੋਇਆ ਸੀ ਕਿ ਸਿੱਖ ਹਿੰਦੂ ਹਨ ਤੇ ਗੁਰੂਆਂ ਤੇ ਗੁਰਬਾਣੀ ਦੀ ਸਿੱਖਿਆ ਵੇਦਾਂ ਤੇ ਉਪਨਿਸ਼ਦਾਂ ਤੋਂ ਭਿੰਨ ਨਹੀਂ। ਫਰੀਦਕੋਟੀ ਟੀਕਾ ਤੇ ਟ੍ਰੰਪ ਦਾ ਅੰਗਰੇਜ਼ੀ ਅਨੁਵਾਦ, ਆਰੀਆ ਸਮਾਜੀਆਂ ਨੂੰ ਆਪਣਾ ਪੱਖ ਪੂਰਨ ਲਈ ਤਕੜੇ ਹਥਿਆਰ ਮਿਲ ਗਏ।

ਸਨਾਤਨੀ ਟੀਕਾ ਪੱਧਤੀ ਨਾਲ ਸਿੱਖੀ ਨੂੰ ਜਿਹੜੀ ਢਾਹ ਲੱਗੀ, ਉਸ ਦਾ ਕੁਝ ਕੁ ਅਨੁਮਾਨ, ਬਿਨਾਂ ਜੁਗਤੀ ਵਿਆਖਿਆ ਅਤੇ ਪੁਣ ਛਾਣ ਦੇ ਹੇਠ ਲਿਖੀ ਉਦਾਹਰਣ ਤੋਂ ਲਗ ਜਾਂਦਾ ਹੈ:[81]

" ਜਿਸ ਸਮੇਂ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰੀ ਜੀਵੋਂ ਕੇ ਉਧਾਰ ਨਮਿਤ ਅਵਤਾਰ ਧਾਰਤੇ ਭਏ, ਤਿਸ ਸਮੇਂ 28 ਸਾਲ 2 ਮਹੀਨੇ ਪ੍ਰਯੰਤ ਕਿਸੀ ਕੋ ਉਪਦੇਸ਼ ਨਹੀਂ ਕੀਆ, ਜਿਸ ਕਾਲ ਸ੍ਰੀ ਗੁਰ ਦੇਵ ਜੀ ਮਹਾਰਾਜ ਮਹਾਂਬਿਸ਼ਨੂੰ ਭਗਵਾਨ ਕੇ ਸਮੀਪ ਪ੍ਰਾਪਤ ਭਏ ਤੋਂ ਉਨ੍ਹੋਂ ਨੇ ਸ੍ਰੀ ਗੁਰੂ ਜੀ ਕੋ ਕਹਾ ਕਿ ਆਪ ਨੇ ਜਿਸ ਨਮਿਤ ਅਵਤਾਰ ਧਾਰਨ ਕੀਆ ਥਾ, ਉਸ ਕਾ ਆਪ ਨੇ ਇਸ ਕਾਲ ਪ੍ਰਯੰਤ ਪ੍ਰਾਰੰਭ ਨਹੀਂ ਕੀਆ, ਤਬ ਸ੍ਰੀ ਗੁਰੂ ਜੀ ਕਹਿਤੇ ਭਏ ਕਿ ਆਪ ਮਰਯਾਦਾ ਅਨੁਕੂਲ ਗੁਰੂ ਸਿੱਖ ਕੀ ਰੀਤ ਦੁਆਰਾ ਉਪਦੇਸ਼ ਕਰੇਂ ਉਸੀ ਉਪਦੇਸ਼ ਕੋ ਉਸੀ ਰੀਤੀ ਸੇ ਹਮ ਸੰਸਾਰੀ ਜੀਵੋਂ ਕੇ ਉਧਾਰ ਨਮਿਤ ਪ੍ਰਵਿਰਤ ਕਰੇਂਗੇ ਤਿਸ ਤੇ ਮਹਾਂ ਬਿਸ਼ਨੂੰ ਭਗਵਾਨ ਨੇ, ਸ੍ਰੀ ਗੁਰੂ ਨਾਨਕ ਦੇਵ ਜੀ ਕੋ ਇਸ ਮੂਲ ਮੰਤ੍ਰ ਮਾਲਾ ਕੀ, ਉਪਦੇਸ਼ ਕੀਆ:-

ਪ੍ਰਸ਼ਨ: (ਗੁਰੂ ਸਾਹਿਬ) ਇਸ ਜਗਤ ਦਾ ਕਰਤਾ ਕੌਨ ਹੈ,

ਉੱਤਰ: (ਮਹਾਂ ਬਿਸ਼ਨੂੰ) ਨਾਮ ਰੂਪ ਜਗਤ ਕਾ ਕਰਤਾ ਮੈਂ ਪ੍ਰਮਾਤਮਾ ਹੂੰ।

ਪ੍ਰਸ਼ਨ: ਜਗਤ ਕਰਤਾ ਤੋਂ ਆਪ ਹੂਏ, ਜੀਵ ਕਿਆ ਵਸਤੂ ਹੈ-

ਉੱਤਰ: ਮੈਂ ਹੀ ਪੁਰਖ ਹੂੰ, ਅਰਧ ਸਰੀਰ ਰੂਪੀ ਪੁਰਖੋਂ ਮੇਂ ਪ੍ਰਕਾਸ਼ ਰੂਪ ਪੁਰਖ ਮੈਂ ਜੀਵ ਹੂੰ।

ਪ੍ਰਸ਼ਨ: ਬ੍ਰਹਮਾ ਆਦਿਕਨਾ ਉਪਦੇਸ਼ ਕਰਤਾ ਗੁਰੂ ਕੌਨ ਹੈ -

ਉੱਤਰ: ਮੈਂ ਹੀ ਮੁਕਤੀ ਉਪਦੇਸ਼ ਕਰਨੇ ਵਾਲਾ ਗੁਰੂ ਹੂੰ ।

ਸਿੰਘ ਸਭਾ ਦੇ ਪ੍ਰਭਾਵ ਅਧੀਨ ਗੁਰਬਾਣੀ ਦੇ ਟੀਕਿਆਂ ਦੀ ਇਕ ਨਵੀਂ ਪਰਪਾਟੀ ਚਲੀ । ਸਨਾਤਨੀ ਰੰਗਣ ਵਾਲੇ ਟੀਕੇ ਜਿੱਥੇ ਬ੍ਰਜ ਭਾਸ਼ਾ ਵਿਚ ਹੁੰਦੇ ਸਨ, ਉਥੇ ਨਵੇਂ ਟੀਕੇ ਆਮ ਲੋਕਾਂ ਦੀ ਭਾਸ਼ਾ ਵਿਚ ਸਰਲ ਤੇ ਸਪੱਸ਼ਟ ਅਰਥਾਂ ਵਾਲੇ ਲਿਖੇ ਜਾਣ ਲਗੇ। ਨਾਲ ਹੀ ਗੁਰਮਤਿ ਦੀ ਦਾਰਸ਼ਨਿਕ

---

81. ਗੁਰਮੁਖ ਸਿੰਘ(ਪੰਡਤ), 'ਸ੍ਰੀ ਗੁਰੂ ਨਾਨਕ ਸਿਧਾਂਤ ਦੀਪਕਾ' ਯਾਨੇ 'ਜਪੁਜੀ ਸਾਹਿਬ ਸਟੀਕ' 1891 ਈ., ਪੰਨਾ 10-11.

ਵਿਲੱਖਣਤਾ ਨੂੰ ਰੂਪਮਾਨ ਕਰਨਾ ਵੀ ਇਨ੍ਹਾਂ ਦਾ ਉਦੇਸ਼ ਸੀ। ਇਸ ਕਾਲ ਵਿਚ ਲਿਖੇ ਗਏ ਟੀਕਿਆਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

(1) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਟੀਕਾ - ਭਾਈ ਲੱਧਾ ਸਿੰਘ (1897 ਈ.)

(2) ਜ਼ਫਰਨਾਮਾ ਸਟੀਕ - ਭਾਈ ਜੋਧ ਸਿੰਘ - 1900 ਈ.

(3) ਆਸਾ ਦੀ ਵਾਰ ਸਟੀਕ - ਡਾ. ਭਗਵਾਨ ਸਿੰਘ - 1898 ਈ.

(4) ਆਸਾ ਦੀ ਵਾਰ ਸਟੀਕ - ਡਾ. ਨਿਹਾਲ ਸਿੰਘ - 1899 ਈ.

(5) ਸਲੋਕ ਕਬੀਰ ਸਟੀਕ - ਡਾ. ਨਿਹਾਲ ਸਿੰਘ - 1900 ਈ.

(6) ਭਗਤਾਂ ਦੀ ਬਾਣੀ ਸਟੀਕ - ਡਾ. ਭਗਵਾਨ ਸਿੰਘ - 1897 ਈ.

(7) ਗੁਰਬਾਣੀ ਦੇ ਟੀਕੇ - ਗਿਆਨੀ ਸਰਦੂਲ ਸਿੰਘ - 1896 ਈ.

(8) ਗੁਰੂ ਗ੍ਰੰਥ ਕੋਸ਼ - ਗਿਆਨੀ ਹਜ਼ਾਰਾ ਸਿੰਘ - 1894 ਈ.

ਸਨਾਤਨੀ ਜਾਂ ਪਰੰਪਰਾਵਾਦੀ ਢੰਗ ਵਾਲੇ ਤੇ ਕੁਝੀ ਰੰਗਣ ਵਿਚ ਰੰਗੇ ਟੀਕੇ ਵੀ ਪਹਿਲਾਂ ਵਾਂਗ ਇਸ ਕਾਲ ਵਿਚ ਰਚੇ ਜਾਂਦੇ ਰਹੇ। ਉਨ੍ਹਾਂ ਵਿਚ ਪੰਡਤ ਗੁਰਮੁਖ ਸਿੰਘ ਰਚਿਤ, ਭਗਤਮਾਲ ਸਟੀਕ ਤੇ ਸੁਖਮਨੀ ਸਟੀਕ', ਪੰਡਤ ਤਾਰਾ ਸਿੰਘ ਦੁਆਰਾ ਟੀਕਾ 'ਜਪੁਜੀ' (1894 ਈ.) ਤੇ ਟੀਕਾ 'ਸ੍ਰੀ ਰਾਗ (1899 ਈ.) ਸੰਤ ਦਲ ਸਿੰਘ ਦੁਆਰਾ ਟੀਕਾ 'ਹਜ਼ਾਰੇ ਤੇ ਸ਼ਬਦ' (1900 ਈ.) ਅਤੇ ਸੰਤ ਦੇਵਾ ਸਿੰਘ ਦੁਆਰਾ 'ਸਿੱਧ ਗੋਸ਼ਟ ਸਟੀਕ' (1899 ਈ.) ਕੁਝ ਕੁ ਵਰਣਨ-ਯੋਗ ਕ੍ਰਿਤਾਂ ਹਨ।

ਜਿਸ ਤਰ੍ਹਾਂ ਏਸੇ ਅਧਿਆਇ ਵਿਚ ਪਿੱਛੇ ਵੇਰਵੇ ਸਹਿਤ ਜ਼ਿਕਰ ਕੀਤਾ ਜਾ ਚੁੱਕਾ ਹੈ, ਖ਼ਾਲਸਾ ਟ੍ਰੈਕਟ ਸੁਸਾਇਟੀ ਦਾ ਇਕ ਮੁਖ ਉਦੇਸ਼ ਗੁਰਬਾਣੀ ਦੀ ਸ਼ੁੱਧ ਵਿਆਖਿਆ ਤੇ ਟੀਕੇ ਆਦਿ ਠੇਠ ਭਾਸ਼ਾ ਵਿਚ ਆਮ ਲੋਕਾਂ ਤਕ ਪੁਚਾਉਣਾ ਵੀ ਸੀ। ਇਸ ਮਨੋਰਥ ਲਈ ਛਾਪੇ ਗਏ ਹੇਠ ਲਿਖੇ ਟ੍ਰੈਕਟ ਵਰਣਨ-ਯੋਗ ਹਨ –

ਬਾਰਾਂ ਮਾਂਹ ਮਾਝ ਤੇ ਤੁਖ਼ਾਰੀ (ਟ੍ਰੈ: ਨੰ:54), ਜੈਤਸਰੀ ਦੀ ਵਾਰ (ਨੰ:63), ਸਵੱਯੇ* ਪਾਤਸ਼ਾਹੀ ੧੦ (ਨੰ: 74), ਜਪੁਜੀ ਸਾਹਿਬ ਸਟੀਕ (ਨੰ:81), ਸ਼ਬਦ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਅਰਥਾਂ ਸਮੇਤ (ਨੰ: 122) ਸਲੋਕ ਸ਼ੇਖ ਫ਼ਰੀਦ ਅਰਥਾਂ ਸਮੇਤ (ਨੰ: 125)।

ਭਾਈ ਵੀਰ ਸਿੰਘ ਜੀ ਗੁਰਬਾਣੀ ਦੇ ਹੋ ਰਹੇ ਗ਼ਲਤ ਅਰਥਾਂ ਸੰਬੰਧੀ ਕਿੰਨੇ ਚਿੰਤਾਤੁਰ ਸਨ, ਅਤੇ ਉਹ ਕਿਵੇਂ ਬਾਣੀ ਦੇ ਸ਼ੁਧ, ਬਾਦਲੀਲ ਜਾਂ ਵਿਵੇਕੀ ਤੇ ਵਿਗਿਆਨਕ ਅਰਥ ਪਰਚਲਿਤ ਕਰਨ ਦੇ ਇੱਛਕ ਸਨ, ਇਸ ਦੀ ਇਕ ਉਦਾਹਰਣ ਏਥੇ ਦਰਜ ਕਰਨੀ ਅਨੁਚਿਤ[82] ਪ੍ਰਤੀਤ ਨਹੀਂ ਹੁੰਦੀ। ਭਾਈ ਵੀਰ ਸਿੰਘ ਜੀ ਨੇ (ਟ੍ਰੈਕਟ ਨੰ: 158) ਜਪੁਜੀ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਟੀਕਾ ਆਪ ਕਰਕੇ ਵਿਦਵਾਨ ਪਾਠਕਾਂ ਨੂੰ ਆਪੋ ਆਪਣੀ ਰਾਏ ਲਿਖਣ ਲਈ ਭੇਜਿਆ। ਵੱਡੇ ਆਕਾਰ ਵਾਲੇ ਇਸ ਟ੍ਰੈਕਟ ਦੇ ਇਕ ਪੰਨੇ ਉਤੇ ਭਾਈ ਸਾਹਿਬ ਵਲੋਂ ਆਪ ਕੀਤੇ ਗਏ ਅਰਥ ਦਿਤੇ ਹੋਏ ਸਨ ਤੇ ਦੂਜਾ ਪੰਨਾ ਪਾਠਕਾਂ ਦੇ ਸੁਝਾਵਾਂ ਤੇ ਰਾਵਾਂ ਲਈ ਖਾਲੀ ਛੱਡਿਆ ਗਿਆ। ਮੂਲ ਸ਼ਬਦ ਦਰਜ ਕਰ ਕੇ ਉਸ ਦਾ ਮੂਲ ਧਾਤੂ, ਭਿੰਨ ਭਿੰਨ ਅਰਥ ਅਤੇ ਅਖ਼ੀਰ ਵਿਚ ਸਵਿਸਤਾਰ ਵਿਆਖਿਆ ਕੀਤੀ ਗਈ। ਉਦਾਹਰਣ ਲਈ:-

੧- ਜਿਸ ਦਾ ਦੂਸਰਾ ਨਾ ਹੋਵੇ, ਅਦੁਤੀ। ਇਹ ਅੰਗ ਪਰਮੇਸੁਰ ਦੇ ਸਰੂਪ ਦਾ ਵਾਚਕ ਹੈ, ਕਿਉਂਕਿ ਇਹ ਸਰਬ ਕਾਲ, ਸਰਬ ਠੌਰ, ਕਾਲ ਰਹਿਤ , ਠੌਰ ਰਹਿਤ, ਕਦੀ, ਕਿਤੇ ਹਰ ਹਾਲ ਇਕ ਹੈ। ਹੋਰ ਕੋਈ ਚੀਜ਼ ਐਸੀ ਨਹੀਂ, ਜੋ ਇਸ ਪ੍ਰਕਾਰ 'ਇਕ' ਹੋਵੇ ਤੇ ਜੋ ਦੁਤੀ ਨਾ ਹੋਵੇ। 'ਏਕੰਕਾਰ ਅਵਰੁ ਨਹੀਂ ਦੂਜਾ ਨਾਨਕ ਏਕ ਸਮਾਣੀ' ਸੋ ਹੈ ਪਾਰਬ੍ਰਹਮ ਪਰਮੇਸੁਰ। ਇਹ ਅੰਕ ਨਿਰਗੁਣ 'ਨਿਰੰਕਾਰ' ਦਾ ਲਖਾਇਕ ਹੈ ਜੋ ਅਦੁਤੀ ਹੈ।

ਓ - ਵਯਾਕਰਣ ਵਿਚ ਓੰ 'ਅਵੁ' ਧਾਤੂ ਤੋਂ ਬਣਿਆ ਦਸ ਕੇ 'ਰਖਯਾ ਕਰਨੇ ਵਾਲਾ' ਅਰਥ ਕੀਤਾ ਹੈ ਤੇ ਇਸ ਦਾ ਰੂਪ ਦੂਜੇ 'ਓਮ' ਹੈ। ਯੋਗ ਦਰਸ਼ਨ ਵਿਚ ਓੰ ਦਾ ਨਾਮ ਪਰਵਾਣ ਦਿੱਤਾ ਹੈ। ਇਸ ਨੂੰ ਈਸ਼ਵਰ ਦਾ ਵਾਚਕ ਦੱਸਿਆ ਹੈ। ਗੁਰੂ ਜੀ ਨੇ 'ਓ' ਨੂੰ ਤਿੰਨਾਂ ਭਾਵਨਾ ਵਿਚ ਸਾਰ ਰੂਪ ਪਰਮਾਤਮਾ ਦਾ ਲਖਾਇਕ ਤੇ ਬ੍ਰਹਮਾ ਆਦਿ ਦਾ ਕਰਤਾ ਦੱਸਿਆ ਹੈ। ਇਹ ਅੱਖਰ ਓ ਅਨੇਕਤਾਈ ਵਿਚ ਪਰੀਪੂਰਣ ਹੋ ਕੇ ਫਿਰ ਏਕਤਾ ਵਿਚ ਕਾਯਮ ਵਜੂਦ ਦਾ ਲਖਾਇਕ ਹੈ।.....

ਸੈਭੰ - ( ਸਾ + ਭਾ = ਸਯੰ + ਭਾ ) ਸ = ਆਪਣੇ ਆਪ, ਭਾ = ਪ੍ਰਕਾਸ਼ ਸਰੂਪ ) ਜੋ ਆਪਣੇ ਆਪ ਪ੍ਰਕਾਸ਼ ਸਰੂਪ ਹੈ। ਜਯੋਤੀ ਸਰੂਪ। ਜਿਸ ਦੀ ਚੇਤਨਾ ਸੁਤੇ ਹੀ ਹੈ, ਕਿਸੇ ਹੋਰ ਚੇਤਨਾ ਤੋਂ ਨਹੀਂ ਬਣੀ।

---

82. ਟ੍ਰੈਕਟ ਨੰ: 158 ਸਾਡੇ ਅਧਿਐਨ ਕਾਲ ਵਿਚ ਨਹੀਂ ਆਉਂਦਾ, ਪਰ ਕਿਉਂਜੋ ਇਸ ਤੋਂ ਗੁਰਬਾਣੀ ਦੇ ਸ਼ੁਧ ਟੀਕਿਆਂ ਦੀ ਭਾਵਨਾ ਦੀ ਪ੍ਰਵਿਰਤੀ ਦਾ ਪਤਾ ਲਗਦਾ ਹੈ, ਇਸ ਲਈ ਇਸ ਬਾਰੇ ਇਹ ਵਿਸਤਾਰ ਦੇਣਾ ਜ਼ਰੂਰੀ ਸਮਝਿਆ ਗਿਆ ਹੈ।

<u>ਗੁਰ</u> - (ਧਾਤੂ ਗ੍ਰੀ ) ( ਗਿਰਵਤੀ) ਸ਼ਬਦ ਕਰਨਾ । ਜੋ ਮਰਯਾਦਾ ਦੀ ਜਾਚ ਦੱਸੇ, ਗੀਰਯਤੇ = ਜਣਾਉਣਾ, ਸਿਖਾਉਣਾ ।) ।

1) ਸ਼ਬਦ ਦਾ ਦਾਤਾ, ਸਿੱਖਿਆ ਦੇਣ ਵਾਲਾ, ਗੁਰੂ, ਵਾਹਿਗੁਰੂ ਦਾ ਘੱਲਿਆ ਜਗਤ ਨਿਸਤਾਰਕ, ਨਾਮ ਤੇ ਗਯਾਨ ਦਾ ਦਾਤਾ।

2) ਗੁ =(ਹਨੇਰਾ+ ਰੂ = ਪ੍ਰਕਾਸ਼) ਜੋ ਹਨੇਰਾ (ਅਗਯਾਨ) ਦੂਰ ਕਰ ਕੇ (ਗਯਾਨ) ਦਾ ਪ੍ਰਕਾਸ਼ ਕਰ ਦੇਵੇ।

ਉਪ੍ਰੋਕਤ ਉਦਾਹਰਣ ਇਹ ਸਿੱਧ ਕਰਨ ਲਈ ਦਿੱਤੀ ਗਈ ਹੈ ਕਿ ਟੀਕਿਆਂ ਦੀ ਨਵੀਂ ਸ਼ੈਲੀ ਜਿਥੇ ਖੋਜ ਤੇ ਵਿੱਦਵਤਾ ਕਰਕੇ ਮਹੱਤਵ-ਪੂਰਨ ਹੈ, ਉਥੇ ਪੰਜਾਬੀ ਭਾਸ਼ਾ ਦੀ ਪ੍ਰਗਟਾ ਸਮਰੱਥਾ ਨੂੰ ਵਧਾਉਣ ਤੇ ਗੁਰਮਤਿ ਦੇ ਟਕਸਾਲੀ ਤੇ ਸਰਬ-ਪ੍ਰਵਾਨਤ ਅਰਥ ਦ੍ਰਿੜਾਉਣ ਦੀ ਜ਼ਿੰਮੇਵਾਰ ਬਣੀ। ਭਾਵੇਂ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਰਚੇ ਗਏ ਸਟੀਕ, ਦੋਹਾਂ ਪ੍ਰਕਾਰਾਂ, ਦੇ ਯਥਾ ਸਨਾਤਨੀ ਤੇ ਪਰੰਪਰਾਈ ਅਰਥਾਂ ਵਾਲੇ, ਜਿਨ੍ਹਾਂ ਦੀ ਭਾਸ਼ਾ ਬ੍ਰਜੀ ਜਾਂ ਸਾਧ ਭਾਖਾ ਹੁੰਦੀ ਸੀ, ਅਤੇ ਨਵੀਨ ਢੰਗ ਦੇ ਵਿਗਿਆਨਕ ਆਧਾਰਾਂ ਵਾਲੇ ਟੀਕੇ ਜਿਨ੍ਹਾਂ ਦੀ ਭਾਸ਼ਾ ਸ਼ੁਧ ਤੇ ਠੇਠ ਪੰਜਾਬੀ ਸੀ, ਨਾਲੋ ਨਾਲ ਲਿਖੇ ਜਾਂਦੇ ਰਹੇ, ਪਰ ਨਵੀਨ ਪ੍ਰਵਿਰਤੀ, ਸ਼ੁਧ ਭਾਸ਼ਾ ਵਾਲੀ ਸੀ ਤਾਂ ਜੋ ਸਾਧਾਰਣ ਤੋਂ ਸਾਧਾਰਣ ਲੋਕ ਵੀ ਭਲੀ ਭਾਂਤ ਅਰਥ ਗ੍ਰਹਿਣ ਕਰ ਸਕਣ। ਡਾਕਟਰ ਤਾਰਨ ਸਿੰਘ ਦੇ ਸ਼ਬਦਾਂ ਵਿਚ ," ਕਵਿਤਾ ਨੂੰ ਵਾਰਤਕ ਵਿਚ ਉਲਥਣ ਦੇ ਇਸ ਟੀਕਾ-ਕਾਰੀ ਢੰਗ ਨੇ, ਪੰਜਾਬੀ ਵਾਰਤਕ-ਕਾਰਾਂ ਨੂੰ ਕਵਿਤਾ ਤੇ ਵਾਰਤਕ ਦਾ ਅੰਤਰ ਦੱਸਿਆ ਤੇ ਇਹ ਦੱਸਿਆ ਕਿ ਵੱਧ ਤੋਂ ਵੱਧ ਸਪੱਸ਼ਟ, ਸਰਲ ਤੇ ਅਲੰਕਾਰ-ਰਹਿਤ ਵਾਰਤਕ ਕਿਵੇਂ ਲਿਖੀ ਜਾ ਸਕਦੀ ਹੈ; ਕਠਨ ਜਾਂ ਅਪਰਚਲਿਤ ਸ਼ਬਦ ਦੀ ਥਾਂ ਕਿਵੇਂ ਸੁਖੈਨ ਤੇ ਪਰਚਲਿਤ ਸ਼ਬਦ ਨੂੰ ਵਰਤਣਾ ਹੈ; ਕਾਵਿਕ-ਚਾਲ ਤਾਲ ਤੇ ਰਸ ਨੂੰ ਵਾਰਤਕ ਵਿਚ ਕਿਵੇਂ ਪਰਵੇਸ਼ ਕਰਨਾ ਹੈ। ਕਵਿਤਾ ਸੰਕੋਚਵੀਂ ਤੇ ਸੰਜੋਗਾਤਮਕ ਹੈ, ਵਾਰਤਕ ਨੂੰ ਇਸ ਦੇ ਉਲਟ ਫੈਲਵੀਂ ਤੇ ਵਿਜੋਗਾਤਮਕ ਦਾ ਵਲ ਵੀ ਟੀਕਾ-ਕਾਰੀ ਨੇ ਦਿੱਤਾ। ਟੀਕਾ-ਕਾਰੀ ਨੇ ਰਹੱਸਵਾਦੀ ਤੱਤ ਪੰਜਾਬੀ ਵਾਰਤਕ ਵਿੱਚੋਂ ਘਟਾਣ ਵਿਚ ਸਹਾਇਤਾ ਦਿੱਤੀ।"[83]

ਇਸ ਤਰ੍ਹਾਂ ਟੀਕਾ-ਕਾਰੀ ਦੇ ਹੁਨਰ ਵਿਚ ਜਿਹੜੀ ਪਕਿਆਈ ਇਸ ਕਾਲ ਵਿਚ ਆਈ, ਉਹ ਇਸ ਤੋਂ ਪਹਿਲਾਂ ਕਿਧਰੇ ਦੇਖਣ ਵਿਚ ਨਹੀਂ ਆਈ। ਨਿਸਚੇ ਹੀ ਇਸ ਕਲਾ ਉਤੇ ਵੀ ਪੱਛਮੀ ਪ੍ਰਭਾਵ ਪਿਆ, ਜਿਸ ਨਾਲ ਟੀਕਾ-ਕਾਰਾਂ ਨੇ ਵਿਗਿਆਨਕ ਰੁਚੀ ਅਪਣਾ ਕੇ, ਖੋਜ ਤੇ ਮਿਹਨਤ

---

83. ਤਾਰਨ ਸਿੰਘ(ਡਾਕਟਰ), 'ਪੰਜਾਬੀ ਸਾਹਿੱਤ ਦਾ ਇਤਿਹਾਸ', ਭਾਸ਼ਾ ਵਿਭਾਗ, (ਆਧੁਨਿਕ ਕਾਲ), ਪੰਨਾ 133.

ਦੁਆਰਾ ਬਾਣੀ ਦੇ ਪਿਛੋਕੜ ਦੀ ਛਾਣ ਬੀਣ ਕਰ ਕੇ, ਹਰ ਸ਼ਬਦ, ਤੁਕ, ਜਾਂ ਪਦ ਦੀ ਤਹਿ ਤਕ ਪੁਜ ਕੇ, ਤੁਲਨਾਤਮਕ ਤੇ ਨਿਆਇ-ਸ਼ੀਲ ਦ੍ਰਿਸ਼ਟੀ ਅਪਣਾ ਕੇ, ਹਰ ਵਿਚਾਰ ਨੂੰ ਲੋਕ-ਪੱਧਰ ਦੇ ਅਨੁਕੂਲ ਰੱਖ ਕੇ ਜਾਂ ਢਾਲ ਕੇ ਪੇਸ਼ ਕਰਨ ਦਾ ਯਤਨ ਕੀਤਾ। ਲੋੜ ਅਨੁਸਾਰ ਹਰ ਸੰਭਵ ਸਾਧਨ ਤੋਂ, ਉਦਾਹਰਣਾਂ, ਜਾਂ ਇਤਿਹਾਸ ਤੇ ਪਰੰਪਰਾ ਵਿਚੋਂ ਸਾਮਗ੍ਰੀ ਲੈ ਕੇ ਆਪਣੇ ਵਿਚਾਰਾਂ ਦੀ ਪੁਸ਼ਟੀ ਕੀਤੀ ਪਰ ਉਹ ਟੀਕਾ-ਕਾਰ ਇਸ ਪੱਖੋਂ ਪੂਰਨ ਭਾਂਤ ਸੁਚੇਤ ਰਹੇ ਕਿ ਨਾ ਤਾਂ ਕਰਾਮਾਤ ਜੋੜੀਆਂ ਜਾਣ, ਅਤੇ ਨਾ ਹੀ ਮਿਥਿਹਾਸ ਦੀ ਰੰਗਣ ਚਾੜ੍ਹੀ ਜਾਏ, ਸਗੋਂ ਬਾਣੀ ਵਿਚ ਆਏ ਹਵਾਲਿਆਂ ਤੇ ਮੂਲ ਸ਼ਬਦਾਵਲੀ ਦੇ ਨਿਰੁਕਤ ਨੂੰ ਦਰਸਾ ਕੇ, ਸੰਪੂਰਨ ਵਿਆਖਿਆ ਕੀਤੀ ਜਾਏ। ਇਸ ਪ੍ਰਕਾਰ ਦੀ ਟੀਕਾ-ਕਾਰੀ ਨਾਲ ਜਿਥੇ ਗੁਰਮਤਿ ਕਾਵਿ ਦਾ ਭਾਸ਼ਾ-ਵਿਗਿਆਨ ਦੀ ਦ੍ਰਿਸ਼ਟੀ ਤੋਂ ਅਧਿਐਨ ਹੋਣ ਲੱਗਾ, ਉਥੇ ਨਵੀਂ ਚੇਤਨਾ ਅਧੀਨ ਲੋਕ-ਭਾਸ਼ਾ ਤੇ ਲੋਕ-ਪੱਧਰ ਦਾ ਧਿਆਨ ਰੱਖ ਕੇ ਅਰਥਾਂ ਨੂੰ ਵੱਧ ਤੋਂ ਵੱਧ ਸਰਲ ਤੇ ਸਪੱਸ਼ਟ ਬਨਾਉਣ ਦਾ ਟੀਚਾ ਵੀ ਰੱਖਿਆ ਗਿਆ। ਨਿਸਚੇ ਹੀ ਟੀਕਾਕਾਰੀ ਦੇ ਇਸ ਹੁਨਰ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਨਿੱਗਰ ਹਿੱਸਾ ਪਾਇਆ।

ਇਤਿਹਾਸਕਾਰੀ :

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਵਾਰਤਕ-ਰਚਨਾ ਦਾ ਇਕ ਹੋਰ ਮਹੱਤਵ-ਪੂਰਨ ਪੱਖ ਇਤਿਹਾਸਕਾਰੀ ਹੈ, ਜਿਹੜੀ ਭੂਤ ਬਾਰੇ ਦਿਲਚਸਪੀ ਦੀ ਜਗਿਆਸਾ ਦੁਆਰਾ ਹੋਂਦ ਵਿਚ ਆਉਂਦੀ ਹੈ। ਧਾਰਮਕ ਖਿੱਚੋਤਾਣ ਤੇ ਵਾਦ-ਵਿਵਾਦ ਦੇ ਇਸ ਯੁਗ ਵਿਚ ਆਪਣੇ ਕੌਮੀ ਜਾਂ ਸੰਪਰਦਾਇਕ ਗੁਣਾਂ ਨੂੰ ਦੂਜਿਆਂ ਨਾਲੋਂ ਉੱਤਮ ਜਾਂ ਸ੍ਰੇਸ਼ਟ ਸਿੱਧ ਕਰਨ ਦਾ ਇੱਕੋ ਇਕ ਆਧਾਰ ਆਪਣੇ ਭੂਤ ਦੇ ਗੌਰਵ ਨੂੰ ਰੂਪਮਾਨ ਕਰਨ ਵਿਚ ਹੁੰਦਾ ਹੈ, ਜਿਹੜਾ ਇਤਿਹਾਸ ਦੇ ਪੰਨਿਆਂ ਵਿਚ ਅਣਗੌਲਿਆ ਪਿਆ ਰਹਿੰਦਾ ਹੈ, ਜਾਂ ਜਿਹੜਾ ਸਮੇਂ ਦੀ ਧੂੜ ਹੇਠ ਲੁਪਤ ਹੋ ਜਾਂਦਾ ਹੈ। ਜਿਸ ਤਰ੍ਹਾਂ ਪਿਛੇ ਲਿਖਿਆ ਜਾ ਚੁਕਾ ਹੈ, ਜਿੰਨੀ ਤੀਬਰਤਾ, ਦ੍ਰਿੜ੍ਹਤਾ ਤੇ ਲਗਨ ਨਾਲ ਪੰਜਾਬ ਦੇ ਇਤਿਹਾਸ ਦੀ ਖੋਜ, ਛਾਣ ਬੀਣ ਜਾਂ ਪੁਨਰ-ਅੰਕਣ ਇਸ ਕਾਲ ਵਿਚ ਕੀਤੀ ਗਈ, ਇਸ ਤੋਂ ਪਹਿਲਾਂ ਕਦੇ ਵੀ ਵੇਖਣ ਵਿਚ ਨਹੀਂ ਆਈ ਅਤੇ ਇਸ ਤੱਥ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੇ ਇਤਿਹਾਸ ਨੂੰ ਗ਼ਲਤ ਰੰਗ ਵਿਚ ਤੋੜ ਮਰੋੜ ਕੇ ਪੇਸ਼ ਕਰਨ ਦੇ ਜਿੰਨੇ ਯਤਨ, ਦੇਸੀ ਤੇ ਬਦੇਸ਼ੀ ਇਤਿਹਾਸਕਾਰਾਂ ਤੇ ਵਿਦਵਾਨਾਂ ਵਲੋਂ ਇਸ ਕਾਲ ਵਿਚ ਹੋਏ, ਉਨੇ ਪਹਿਲਾਂ ਕਦੇ ਨਹੀਂ ਹੋਏ। ਇਨ੍ਹਾਂ ਦੇ ਕਾਰਨਾਂ ਸੰਬੰਧੀ ਚਰਚਾ ਬੜੇ ਵਿਸਤਾਰ ਵਿਚ, ਆਪਣੇ ਅਧਿਐਨ ਦੇ ਪਿਛੋਕੜ ਨੂੰ ਦਰਸਾਉਣ ਸਮੇਂ ਕੀਤੀ ਜਾ ਚੁਕੀ ਹੈ, ਤੇ ਉਸ ਨੂੰ ਦੁਹਰਾਉਣਾ ਉਚਿਤ ਪ੍ਰਤੀਤ ਨਹੀਂ ਹੁੰਦਾ।

ਸਿਵਾਇ 'ਸਾਖੀ' ਸਾਹਿੱਤ ਦੇ, ਪੰਜਾਬ ਦਾ ਇਤਿਹਾਸ, ਮੂਲ ਰੂਪ ਵਿਚ ਬ੍ਰਜੀ ਭਾਸ਼ਾ ਅਤੇ ਕਾਵਿ-ਰੂਪ ਵਿਚ ਰਹਿਆ ਹੁੰਦਾ ਸੀ। ਕੇਵਲ ਜਨਮ ਸਾਖੀਆਂ ਹੀ, ਜਿਨ੍ਹਾਂ ਤੋਂ ਇਤਿਹਾਸ ਦੀ

ਵਿਸ਼ੇਸ਼ ਕਰਕੇ ਸਿੱਖ ਗੁਰੂਆਂ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਹੋ ਸਕਦੀ ਸੀ, ਗੱਦ ਰੂਪ ਅਤੇ ਪਰਚਲਿਤ ਲੋਕ-ਭਾਸ਼ਾ ਵਿਚ ਲਿਖੀਆਂ ਗਈਆਂ। ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਵਰਗੀ ਅਦੁਤੀ ਰਚਨਾ ਵੀ ਬ੍ਰਜੀ ਕਾਵਿ ਵਿਚ ਹੋਣ ਕਰਕੇ, ਆਮ ਪੰਜਾਬੀ ਜਨਤਾ ਦੀ ਪੱਧਰ ਤੇ ਪਹੁੰਚ ਤੋਂ ਦੂਰ ਰਹੀ, ਹਾਲਾਂਕਿ ਪੰਜਾਬ ਵਿਚ ਰਚੀ, ਸਿੱਖ ਇਤਿਹਾਸ ਨੂੰ ਭਰਪੂਰ ਰੂਪ ਤੇ ਪੂਰੇ ਵਿਸਤਾਰ ਵਿਚ ਬਿਆਨ ਕਰਨ ਵਾਲੀ ਇਹ ਇਕ ਅਜਿਹੀ ਕ੍ਰਿਤ ਹੈ, ਜਿਸ ਦੀ ਕਾਵਿ-ਸ੍ਰੇਸ਼ਟਤਾ ਤੇ ਇਤਿਹਾਸਕ ਸੁਗਮਤਾ ਦੇ ਆਧਾਰ ਤੇ ਡਾਕਟਰ ਮੋਹਨ ਸਿੰਘ ਪੰਜਾਬੀ ਸਾਹਿੱਤ ਦੇ ਰਣਜੀਤ ਸਿੰਘ ਕਾਲ ਨੂੰ 'ਸੰਤੋਖ ਸਿੰਘ ਕਾਲ'[84] ਦਾ ਨਾਂ ਦੇਣਾ ਉਚਿੱਤ ਸਮਝਦੇ ਹਨ। ਏਸੇ ਤਰ੍ਹਾਂ ਹੀ ਸਰਦਾਰ ਰਤਨ ਸਿੰਘ ਭੰਗੂ ਰਚਿਤ " ਸ੍ਰੀ ਗੁਰੂ ਪੰਥ ਪ੍ਰਕਾਸ਼ " ਜਿਸ ਦਾ ਭਾਈ ਵੀਰ ਸਿੰਘ ਜੀ ਨੇ ਸੰਪਾਦਨ ਕਰਕੇ "ਪ੍ਰਾਚੀਨ ਪੰਥ ਪ੍ਰਕਾਸ਼" ਨਾਂ ਹੇਠ ਪ੍ਰਕਾਸ਼ਤ ਕੀਤਾ, ਵੀ ਬ੍ਰਜੀ ਭਾਸ਼ਾ ਵਿਚ ਹੀ ਹੈ। ਕਵੀ ਨਿਹਾਲ ਸਿੰਘ ਦਾ 'ਅਕਾਲ ਨਾਟਕ' ਅਤੇ ਕਵੀ 'ਬੀਸੀ ਪਟਿਆਲਵੀ' ਰਚਿਤ 'ਸ੍ਰੀ ਗੁਰੂ ਪੰਥ ਬਿਨੋਦ' ਮਹੱਤਵ-ਪੂਰਨ ਇਤਿਹਾਸਕ ਕ੍ਰਿਤਾਂ ਹੋਣ ਦੇ ਬਾਵਜੂਦ, ਪੰਜਾਬੀ ਸਾਹਿੱਤ ਦੇ ਇਤਿਹਾਸ ਦਾ ਅੰਗ ਨਾ ਬਣ ਸਕੀਆਂ। ਗਿਆਨੀ ਗਿਆਨ ਸਿੰਘ ਰਚਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' (1878 ਈ.) ਵੀ ਏਸੇ ਘੇਰੇ ਵਿਚ ਆਉਂਦਾ ਹੈ। ਉਪ੍ਰੋਕਤ ਵੇਰਵੇ ਦੇਣ ਦਾ ਮਨੋਰਥ ਇਹ ਦਰਸਾਉਣਾ ਹੈ ਕਿ ਪੰਜਾਬੀ ਤੇ ਸਿੱਖ ਵਿਦਵਾਨਾਂ ਵਿਚ ਇਤਿਹਾਸ-ਮੁਖਤਾ ਤਾਂ ਸੀ ਪਰ ਪੰਜਾਬੀ ਭਾਸ਼ਾ ਵਲੋਂ ਬੇ-ਮੁਖਤਾ ਹੋਣ ਕਰਕੇ ਸਾਡਾ ਸਾਹਿੱਤ ਇਨ੍ਹਾਂ ਵਿਚ ਦਰਜ ਅਮੋਲਕ ਸਾਮੱਗ੍ਰੀ ਤੋਂ ਵਾਂਝਾ ਰਿਹਾ।

ਮੁਸਲਮਾਨ ਵਿਦਵਾਨਾਂ ਨੇ ਪੰਜਾਬ ਦੇ ਇਤਿਹਾਸ ਸੰਬੰਧੀ ਜੋ ਕੁਝ ਵੀ ਲਿਖਿਆ ਉਹ ਫ਼ਾਰਸੀ ਵਿਚ ਸੀ, ਅੰਗਰੇਜ਼ ਇਤਿਹਾਸਕਾਰਾਂ, ਯਾਤਰੂਆਂ ਤੇ ਸੈਨਿਕਾਂ ਨੇ ਉਨ੍ਹੀਵੀਂ ਸਦੀ ਦੇ ਚੜ੍ਹਾ ਨਾਲ ਹੀ ਪੰਜਾਬ ਵਿਚ ਵਿਸ਼ੇਸ਼ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਤੇ ਪੰਜਾਬ ਦੇ ਇਤਿਹਾਸ, ਸਭਿਆਚਾਰ, ਧਰਮ, ਰਾਜਨੀਤੀ, ਭਾਸ਼ਾ ਤੇ ਸਾਹਿੱਤ ਸੰਬੰਧੀ ਘੱਟੋ ਘੱਟ ਪੰਜਾਹ ਸੱਠ ਕਿਤਾਬਾਂ ਲਿਖੀਆਂ ਪਰ ਉਹ ਸਭ ਅੰਗਰੇਜ਼ੀ ਵਿਚ ਸਨ ਤੇ ਉਨ੍ਹਾਂ ਵਿਚ ਲੇਖਕਾਂ ਦੀ ਅੰਤਿਰ-ਮੁਖਤਾ ਦੇ ਨਾਲ ਨਾਲ ਰਾਜਸੀ ਤੇ ਆਰਥਕ ਹਿਤ ਲੁਕੇ ਹੋਏ ਹੋਣ ਕਰਕੇ, ਪੰਜਾਬ ਦੇ ਇਤਿਹਾਸ ਨਾਲ ਉਨ੍ਹਾਂ ਵਿਚ ਪੂਰਾ ਨਿਆਂ ਨਹੀਂ ਸੀ ਕੀਤਾ ਗਿਆ, ਭਾਵੇਂ ਇਤਿਹਾਸਕ ਸਾਮੱਗ੍ਰੀ ਦਾ ਅਥਾਹ ਭੰਡਾਰ ਇਨ੍ਹਾਂ ਕ੍ਰਿਤਾਂ ਵਿਚ ਸੰਮਿਲਤ ਹੋਇਆ ਜ਼ਰੂਰ ਮਿਲਦਾ ਹੈ।

---

84. ਮੋਹਨ ਸਿੰਘ (ਡਾਕਟਰ), ' ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ "— ਅੰਮ੍ਰਿਤਸਰ- 1951, ਪੰਨਾ 144.

ਇਸ ਕਾਲ ਵਿਚ ਇਤਿਹਾਸਕ ਤੇ ਸਮਾਜਕ ਕਾਰਨਾਂ ਕਰਕੇ ਪਹਿਲੀ ਵਾਰੀ ਪੰਜਾਬੀ ਵਿਦਵਾਨਾਂ ਨੂੰ ਇਹ ਅਹਿਸਾਸ ਹੋਇਆ ਕਿ ਆਮ ਜਨਤਾ ਨੂੰ ਉਨ੍ਹਾਂ ਦੀ ਬੋਲ ਚਾਲ ਦੀ ਭਾਸ਼ਾ ਵਿਚ ਆਪਣੇ ਇਤਿਹਾਸਕ ਵਿਰਸੇ ਤੋਂ ਜਾਣੂੰ ਕਰਵਾਇਆ ਜਾਏ ਤਾਂ ਜੋ ਉਨ੍ਹਾਂ ਵਿਚ ਕੌਮੀ ਤੇ ਜਾਤੀ ਗੌਰਵ ਦੀ ਭਾਵਨਾ ਨੂੰ ਉਤੇਜਿਤ ਕੀਤਾ ਜਾ ਸਕੇ। ਸਿੱਖ ਵਿਦਵਾਨਾਂ ਦਾ ਆਪਣੇ ਇਤਿਹਾਸ ਪ੍ਰਤੀ ਸੁਚੇਤ ਹੋਣ ਦਾ ਮੁਖ ਕਾਰਨ ਤਾਂ ਸਿੱਖਾਂ ਦੀ ਵੱਖਰੀ ਹੋਂਦ ਦੀ ਸਥਿਰਤਾ ਨੂੰ ਦ੍ਰਿੜ੍ਹਾਉਣਾ ਸੀ, ਪਰ ਅੰਗਰੇਜ਼ ਇਤਿਹਾਸਕਾਰਾਂ, ਈਸਾਈ ਮਿਸ਼ਨਰੀਆਂ, ਮੁਹੰਮਦ ਲਤੀਫ਼ ਵਰਗੇ ਮੁਸਲਮਾਨ ਇਤਿਹਾਸਕਾਰਾਂ ਤੇ ਸ਼ਰਧਾਰਾਮ ਫਲੌਰੀ ਵਰਗੇ, ਅੰਗ੍ਰੇਜ਼ਾਂ ਦੇ ਖ਼ਰੀਦੇ ਹੋਏ ਹਿੰਦੂ ਵਿਦਵਾਨਾਂ ਦੀਆਂ ਲਿਖਤਾਂ ਨੇ ਸਿੱਖ ਗੁਰੂਆਂ , ਸਿੱਖ ਧਰਮ ਤੇ ਸਿੱਖ ਇਤਿਹਾਸ, ਸਦਾਚਾਰ ਤੇ ਰਹੁ-ਰੀਤਾਂ ਨੂੰ ਏਨੇ ਗ਼ਲਤ, ਕੋਝੇ ਤੇ ਸ਼ਰਾਰਤੀ ਢੰਗ ਨਾਲ ਚਿਤ੍ਰਿਆ ਕਿ ਆਮ ਸਿੱਖ ਜਨਤਾ ਤਾਂ ਕੀ, ਵੱਡੇ ਵੱਡੇ ਵਿਦਵਾਨ ਤੇ ਪੜ੍ਹੇ ਲਿਖੇ ਲੋਕ ਵੀ, ਭੁਲੇਖਿਆਂ ਦਾ ਸ਼ਿਕਾਰ ਹੋ ਗਏ। ਸਿੰਘ ਸਭਾ ਦੇ ਆਗੂਆਂ , ਵਿਸ਼ੇਸ਼ ਕਰ ਕੇ ਪ੍ਰੋ. ਗੁਰਮੁਖ ਸਿੰਘ, ਡਾ. ਦਿੱਤ ਸਿੰਘ, ਗਿਆਨੀ ਗਿਆਨ ਸਿੰਘ ਤੇ ਭਾਈ ਵੀਰ ਸਿੰਘ ਆਦਿ ਨੇ ਇਸ ਕਾਲ ਵਿਚ ਸਿੱਖ ਇਤਿਹਾਸ ਨੂੰ ਸਹੀ ਤੇ ਵਿਗਿਆਨਕ ਢੰਗ ਨਾਲ ਲਿਖਣ ਦਾ ਬੀੜਾ ਚੁਕਿਆ,[85] ਅਤੇ ਵਿਸ਼ਾਦ-ਗ੍ਰੱਸਤ, ਸਿੱਖ ਜਨਤਾ ਵਿੱਚੋਂ ਨਿਰਾਸ਼ਤਾ, ਉਪਰਾਮਤਾ, ਹੀਣਤਾ ਤੇ ਅਨਿਸਚਿਤਤਾ ਦੇ ਭਾਵ ਕੱਢ ਕੇ, ਆਪਣੇ ਸ਼ਾਨਦਾਰ ਵਿਰਸੇ ਨਾਲ ਉਨ੍ਹਾਂ ਦੀ ਸਾਂਝ ਜੋੜ ਕੇ , ਲੋਕਾਂ ਵਿਚ ਇਕ ਨਵਾਂ ਮਨੋ-ਬਲ ਉਤਪੰਨ ਕੀਤਾ। ਸਭ ਭਰਮਾਂ ਭੁਲੇਖਿਆਂ ਦਾ ਬਾਦਲੀਲ ਢੰਗ ਨਾਲ ਖੰਡਨ ਕਰਕੇ, ਇਤਿਹਾਸ ਪ੍ਰਤੀ ਬੇ-ਰੁਖ਼ੀ , ਬੇ-ਪਰਵਾਹੀ ਤੇ ਨਿਰਚੇਸ਼ਟਤਾ ਵਾਲਾ ਰਵੱਈਆ ਖ਼ਤਮ ਕਰਕੇ, ਉਚੇ ਕੌਮੀ ਗੁਣਾਂ ਦਾ ਸੰਚਾਰ ਕੀਤਾ। ਜਿਥੇ ਇਸ ਨਾਲ ਲੋਕਾਂ ਨੂੰ ਨਵਾਂ ਬਲ ਮਿਲਿਆ ਉਥੇ ਪੰਜਾਬੀ ਵਾਰਤਕ ਨੂੰ ਵੀ ਵਿਗਸਨ ਲਈ ਇਕ ਸ਼ਕਤੀਸ਼ਾਲੀ ਵਿਸ਼ਾ ਤੇ ਸਾਧਨ ਮਿਲਿਆ।

ਸਿੱਖ ਇਤਿਹਾਸ ਨਾਲ ਸੰਬੰਧਤ ਹੇਠ ਲਿਖੇ ਵੱਖ ਵੱਖ ਪੱਖਾਂ ਦਾ ਨਿਰਣਾ, ਨਿਬੇੜਾ , ਵਿਸ਼ਲੇਸ਼ਣ ਤੇ ਵਰਣਨ ਉਸ ਵੇਲੇ ਦੇ ਇਤਿਹਾਸਕਾਰਾਂ ਦੀ ਵੱਡੀ ਚਿੰਤਾ ਸੀ:-

(ੳ) ਸਿੱਖ ਗੁਰੂਆਂ ਦੀਆਂ ਸ਼ੁਧ ਜੀਵਨੀਆਂ ਤਿਆਰ ਕਰਨੀਆਂ, ਜਿਹੜੀਆਂ ਸਿੱਖ ਸਿੱਧਾਂਤਾਂ ਦੇ ਅਨੁਕੂਲ ਹੋਣ ਦੇ ਨਾਲ ਨਾਲ, ਇਤਿਹਾਸਕ ਤੱਥਾਂ, ਬਾਦਲੀਲ ਢੰਗਾਂ ਤੇ ਵਿਗਿਆਨਕ ਮੰਗਾਂ ਤੇ ਪੂਰੀਆਂ ਉਤਰਨ ਅਤੇ ਕੋਈ ਵੀ ਸੂਝਵਾਨ ਪਾਠਕ, ਗੁਰੂ ਵਿਅੱਕਤੀਆਂ ਨੂੰ

---

85. ਇਨ੍ਹਾਂ ਸਾਰੇ ਵਿਦਵਾਨਾਂ ਦੀ ਸਮੁਚੀ ਸਾਹਿੱਤ ਸੇਵਾ ਦਾ ਸਰਬ-ਪੱਖੀ ਅਧਿਐਨ ਇਕ ਵੱਖਰੇ ਅਧਿਆਇ ਵਿਚ ਕੀਤਾ ਗਿਆ ਹੈ। ਏਥੇ ਕੇਵਲ ਸਰਸਰੀ ਜ਼ਿਕਰ ਕਰ ਦੇਣਾ ਹੀ ਕਾਫ਼ੀ ਸਮਝਿਆ ਗਿਆ ਹੈ।

ਕਲਪਿਤ ਤੇ ਮਿਥਿਹਾਸਕ ਪਖਰ ਸਮਝ ਕੇ ਹੀ ਰਵਾਇਤੀ ਸਤਿਕਾਰ ਪ੍ਰਗਟ ਨਾ ਕਰੇ, ਸਗੋਂ ਉਨ੍ਹਾਂ ਨੂੰ ਵਾਸਤਵਕ ਜੀਵਨ ਵਿਚ ਵਿਚਰਦੇ, ਘਾਲਣਾ ਕਰਦੇ, ਕਲਾ ਵਰਤਾਉਂਦੇ ਤੇ ਇਤਿਹਾਸ ਦੀ ਕਾਇਆਂ ਪਲਟਾਉਣ ਵਾਲੇ ਪਰਮ ਮਨੁਖ ਸਮਝ ਕੇ, ਉਨ੍ਹਾਂ ਸਾਹਮਣੇ ਸਤਿਕਾਰ ਤੇ ਸ਼ਰਧਾ ਵਸ ਆਪਾ ਅਰਪਤ ਕਰਦੇ ਦਿਖਾਈ ਦੇਣ।

(ਅ) ਸਿੱਖ ਸਿਧਾਂਤਾਂ ਦੀ ਠੀਕ ਵਿਆਖਿਆ ਤੇ ਵਿਸ਼ਲੇਸ਼ਣ, ਜਿਸ ਨਾਲ ਸਿੱਖੀ ਹੋਰ ਧਰਮਾਂ ਦਾ ਪ੍ਰਤੀਰੂਪ ਜਾਂ ਅੰਗ ਪ੍ਰਤੀਕ ਹੋਣ ਦੀ ਥਾਂ ਇਕ ਸਰਬ-ਸ੍ਰੇਸ਼ਟ, ਉੱਤਮ ਤੇ ਉਚੇਰਾ ਜੀਵਨ ਮਾਰਗ ਦਿਖਾਈ ਦੇਵੇ ਜਿਹੜਾ ਕਰਮ ਕਾਂਡ ਦੇ ਝਮੇਲਿਆਂ ਤੋਂ ਮੁਕਤ ਸਦਾਚਾਰਕ ਉਚਤਾ ਤੇ ਜੀਵਨ ਜੁਗਤੀ ਤੇ ਗੁਣਾਂ ਦਾ ਲਖਾਇਕ ਤੇ ਕਰਨੀ ਕਥਨੀ ਦੇ ਅਨੁਕੂਲ ਸਿੱਧ ਹੋ ਸਕੇ।

(ੲ) ਸਿੱਖ ਧਰਮ ਦੇ ਆਗਮਨ ਨਾਲ, ਸਿੱਖ ਗੁਰੂਆਂ, ਭਗਤਾਂ, ਸੂਰਬੀਰਾਂ, ਸ਼ਹੀਦਾਂ ਤੇ ਪੰਜਾਬ ਦੇ ਸਮਾਜਕ, ਧਾਰਮਕ ਤੇ ਰਾਜਸੀ ਜੀਵਨ ਵਿਚ ਜਿਹੜੀ ਕ੍ਰਾਂਤੀ ਲਿਆਂਦੀ ਅਤੇ ਜਬਰ ਤੇ ਜ਼ੁਲਮ ਵਿਰੁਧ ਡਟ ਕੇ ਕੌਮੀ ਜੀਵਨ ਵਿਚ ਜਿਹੜੀ ਨਵੀਂ ਸਪਿਰਟ ਪੈਦਾ ਕੀਤੀ, ਉਸ ਨੂੰ ਸਮੁੱਚੇ ਭਾਰਤੀ ਇਤਿਹਾਸ ਦੇ ਚੌਖਟੇ ਵਿਚ ਰੱਖ ਕੇ, ਠੀਕ ਮੁਲ ਪਾਉਣਾ ਤੇ ਲੋਕ ਸੇਵਾ, ਕੁਰਬਾਨੀ ਤੇ ਉਚੇ ਆਚਰਨ ਦੀਆਂ ਉਦਾਹਰਣਾਂ ਨਾਲ ਸਿੱਖੀ ਦੀ ਵਿਲੱਖਣਤਾ ਤੇ ਵਡਿੱਤਣ ਨੂੰ ਪ੍ਰਦਰਸ਼ਤ ਕਰਨਾ।

(ਸ) ਸਿੱਖ ਰਾਜ ਦੇ ਖੁਸ ਜਾਣ ਤੇ ਕੌਮੀ ਜੀਵਣ ਵਿਚ ਆ ਚੁਕੇ ਵਿਗਠਨ, ਤੇ ਆਤਮਿਕ ਤੇ ਸਦਾਚਾਰਕ ਜੀਵਨ ਵਿਚ ਆ ਚੁਕੇ ਪੱਤਨ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰ ਕੇ, ਨਵੇਂ ਵਾਤਾਵਰਣ ਤੇ ਨਵੇਂ ਬਦੇਸ਼ੀ ਰਾਜ ਅਧੀਨ ਕੌਮੀ ਚਰਿਤ੍ਰ ਦੀ ਨਵ-ਉਸਾਰੀ ਲਈ ਉਪਰਾਲੇ ਸੋਚਣੇ।

(ਹ) ਕੁਝ ਇਕ ਮਹੱਤਵ-ਪੂਰਨ ਪ੍ਰਸ਼ਨਾਂ ਦਾ ਖੋਜ ਤੇ ਵਿਚਾਰ ਵਟਾਂਦਰੇ ਉਪ੍ਰੰਤ ਨਿਰਣਾ ਕਰਨਾ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਕਿ ਵਿਸਾਖ ਦਾ ਹੈ, ਰਾਗ-ਮਾਲਾ, ਆਦਿ ਗ੍ਰੰਥ ਦਾ ਅੰਗ ਹੈ ਜਾਂ ਨਹੀਂ? ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ ਜਾਂ ਨਹੀਂ, ਦਸਮ ਗ੍ਰੰਥ ਵਿਚ ਦਰਜ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਦੀ ਹੈ ਜਾਂ ਨਹੀਂ ? ਅਤੇ ਇਹੋ ਜਿਹੇ ਬਹੁਤ ਸਾਰੇ ਹੋਰ ਪ੍ਰਸ਼ਨ।

ਉਪਰੋਕਤ ਮੰਤਵਾਂ ਦੀ ਪੂਰਤੀ ਵਿਚ ਸਿੱਖ ਸੰਸਥਾਵਾਂ, ਵਿਅੱਕਤੀਗਤ ਵਿਦਵਾਨਾਂ ਤੇ ਸਿੰਘ ਸਭਾ ਦੇ ਸੰਚਾਲਕਾਂ ਨੇ ਜਿਹੜਾ ਯੋਗਦਾਨ ਪਾਇਆ, ਉਹ ਆਪਣੇ ਆਪ ਵਿੱਚ ਹੀ ਵਿਸ਼ੇਸ਼

ਇਤਿਹਾਸਕ ਮਹੱਤਤਾ ਵਾਲਾ ਹੈ।[86] ਹਰ ਉਹ ਵਿਰੋਧੀ ਯਤਨ ਤੇ ਹਰ ਉਹ ਭੁਲੇਖਾ-ਪਾਊ ਲਿਖ਼ਤ, ਜਿਹੜੀ ਉਪਰੋਕਤ ਆਸ਼ਿਆਂ ਦੀ ਪੂਰਤੀ ਵਿਚ ਰੋਕ ਪਾ ਸਕਦੀ ਸੀ, ਉਸ ਦਾ ਖੰਡਨ ਕਰਕੇ, ਸਭ ਸੰਭਵ ਸਾਧਨਾਂ ਤੇ ਪ੍ਰਗਟਾ ਦੇ ਨਵੇਂ ਮਾਧਿਅਮਾਂ ਦੁਆਰਾ ਸਿੱਖ ਇਤਿਹਾਸ ਨੂੰ ਲਿਸ਼ਕਾਉਣਾ ਤੇ ਇਸ ਨੂੰ ਸਮੇਂ ਦੀ ਮੰਗ ਤੇ ਭਾਵਨਾ ਅਨੁਕੂਲ ਢਾਲਣ ਤੇ ਰੂਪਮਾਨ ਕਰਨ ਦੇ ਯਤਨ, ਉਨ੍ਹੀਵੀਂ ਸਦੀ ਦੇ ਸਾਹਿੱਤ ਦਾ ਇਕ ਪ੍ਰਤਿਨਿਧ ਪੱਖ ਸੀ, ਜਿਸ ਨੂੰ ਠੀਕ ਇਤਿਹਾਸ ਲਿਖ ਕੇ ਤੇ ਗ਼ਲਤ ਤੇ ਭੁਲੇਖਾ-ਪਾਊ ਇਤਿਹਾਸ ਕੱਢ ਕੇ ਸੰਪੂਰਨ ਕੀਤਾ ਗਿਆ।

ਸਾਡੇ ਵਿਚਾਰ ਅਧੀਨ ਕਾਲ ਵਿਚ ਅੰਗਰੇਜ਼ ਇਤਿਹਾਸਕਾਰਾਂ, ਵਿਸ਼ੇਸ਼ ਕਰਕੇ ਬਿੰਗਲੇ ਤੇ ਸੈਗਰੇਗਰ ਆਦਿ ਨੇ ਸਿੱਖ ਇਤਿਹਾਸ ਨੂੰ ਜਿਸ ਦੂਸ਼ਤ ਰੂਪ ਵਿਚ ਪੇਸ਼ ਕੀਤਾ ਸੀ, ਉਸ ਦਾ ਪ੍ਰਭਾਵ ਤਾਂ ਪੱਛਮੀ ਕੌਮਾਂ, ਜਾਂ ਅੰਗ੍ਰੇਜ਼ੀ ਪੜ੍ਹੀਆਂ, ਗ਼ੈਰ-ਸਿੱਖ ਕੌਮਾਂ ਉਤੇ ਹੀ ਬਹੁਤਾ ਪਿਆ, ਕਿਉਂਜੋ ਆਮ ਸਿੱਖ ਜਨਤਾ ਅੰਗਰੇਜ਼ੀ ਭਾਸ਼ਾ ਤੋਂ ਅਨਜਾਣ ਸੀ, ਪਰ ਸ਼ਰਧਾ ਰਾਮ ਫਿਲੌਰੀ ਦੁਆਰਾ ਲਿਖੀ 'ਸਿੱਖਾਂ ਦੇ ਰਾਜ ਦੀ ਵਿਥਿਆ' (1866 ਈ.) ਪਹਿਲੀ ਅਜਿਹੀ ਰਚਨਾ ਸੀ ਜਿਸ ਨੂੰ ਪੜ੍ਹ ਸੁਣ ਕੇ ਸਿੱਖਾਂ ਨੂੰ ਦਿਲੀ ਧੱਕਾ ਲਗਾ।[87] ਪੰਜਾਬ ਦੇ ਲੈਫਟੀਨੈਂਟ ਗਵਰਨਰ ਮੈਕਲੋਡ ਦੇ ਕਹਿਣ ਤੇ ਲਿਖੀ ਗਈ ਤੇ ਸਰਕਾਰੀ ਖ਼ਰਚ ਤੇ ਛਪੀ ਇਸ ਪੁਸਤਕ ਨਾਲ ਸ਼ਰਧਾ ਰਾਮ ਦੀ ਤਸੱਲੀ ਨਾ ਹੋਈ, ਸਗੋਂ 1873 ਈ. ਵਿਚ ਸ੍ਰੀ ਹਰਮੰਦਿਰ ਸਾਹਿਬ ਦੇ ਨੇੜੇ ਗੁਰੂ ਕੇ ਬਾਗ ਦੇ ਦੀਵਾਨ ਅਸਥਾਨ ਤੇ ਉਪਰੋ-ਥਲੀ 6 ਲੈਕਚਰ ਸਿੱਖ ਗੁਰੂਆਂ ਦੀ ਸ਼ਾਨ ਦੇ ਵਿਰੁਧ ਦਿੱਤੇ,

---

86. Barrier N.G.,"Sikhs were exhibiting fresh interest in their past and historical literature in general.By the end of Century(19th) at least two societies sponsored historical research, the Gurmat Granth Parcharak Sabha of Amritsar which prepared reports on documents and the Gurmat Granth Sudharak Committee Lahore which examined sources, prevented printing of unauthentic Janam Sakhis and inferior Editions of Adi Granth. "Sikhs and their Literature",p.XXI,Introduction.

87. 'ਸਿੰਘ ਸਭਾ ਲਹਿਰ' ਦਾ ਪਿਛੋਕੜ ਵਰਨਣ ਕਰਦਿਆਂ, 'ਸਿੱਖਾਂ ਦੇ ਰਾਜ ਦੀ ਵਿਥਿਆ' ਵਿਚੋਂ ਇਤਰਾਜ਼ ਯੋਗ ਇਤਿਹਾਸਕ ਤੱਥਾਂ ਤੇ ਕੋਝੇ ਤੇ ਦਿਲ ਦੁਖਾਊ ਪ੍ਰਗਟਾ ਢੰਗਾਂ ਦੀਆਂ ਉਦਾਹਰਣਾਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਕਾਲ ਦੇ ਉਘੇ ਵਾਰਤਕ-ਲਿਖਾਰੀਆਂ ਦੀ ਸਾਹਿੱਤ-ਸੇਵਾ ਵਾਲੇ ਅਧਿਆਇ ਵਿਚ ਇਸ ਬਾਰੇ, ਵਧੇਰੇ ਚਰਚਾ ਕੀਤੀ ਗਈ ਹੈ।

ਜਿਨ੍ਹਾਂ ਸੰਬੰਧੀ ਪ੍ਰਤਿਕਰਮ ਹੀ ਸਿੰਘ ਸਭਾ ਦੀ ਸਥਾਪਨਾ ਦਾ ਤੁਰਤ ਤੇ ਇਕ ਵੱਡਾ ਕਾਰਨ ਸੀ। ਮੁਢਲੇ ਸਿੱਖ ਇਤਿਹਾਸਕਾਰਾਂ ਨੇ ਵੀ ਸ਼ਰਧਾ-ਵਸ ਪੁਰਾਣੀਆਂ ਜਨਮ ਸਾਖੀਆਂ ਤੇ ਪਰਚਲਿਤ ਕਥਾ ਕਹਾਣੀਆਂ ਨੂੰ ਆਧਾਰ ਬਣਾ ਕੇ, ਬਿਨਾ ਬਹੁਤੀ ਖੋਜ ਅਤੇ ਪੁਣ-ਛਾਣ ਦੇ ਇਤਿਹਾਸ ਨੂੰ ਜਿਉਂ ਦਾ ਤਿਉਂ ਲਿਖ ਦਿੱਤਾ।

ਠੇਠ ਪੰਜਾਬੀ ਤੇ ਵਾਰਤਕ ਵਿਚ ਰਚੀਆਂ ਗਈਆਂ ਇਸ ਕਾਲ ਦੀਆਂ ਇਤਿਹਾਸਕ ਰਚਨਾਵਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

1. ਸਿੱਖਾਂ ਦੇ ਰਾਜ ਦੀ ਵਿਥਿਆ, ਲੇਖਕ- ਪੰਡਤ ਸ਼ਰਧਾ ਰਾਮ ਫਲੌਰੀ(1866 ਈ.)
2. ਗੁਰੂ ਸਿੰਘ ਇਤਿਹਾਸ, ਲੇਖਕ - ਪੰਡਤ ਭਾਨੂੰ ਦੱਤ (1883 ਈ.)
3. ਗੁਰੂ ਸਿੰਘ ਸਭਾ ਇਤਿਹਾਸ, ਨਵੀਨ, ਲੇਖਕ- ਪੰਡਤ ਭਾਨੂੰ ਦੱਤ(1892 ਈ.)
4. ਤਵਾਰੀਖ ਗੁਰੂ ਖਾਲਸਾ,- ਗਿਆਨੀ ਗਿਆਨ ਸਿੰਘ (1892 ਈ.)
5. ਗੁਰ ਪ੍ਰਣਾਲੀ - ਭਾਈ ਸਰਦੂਲ ਸਿੰਘ (1893 ਈ.)
6. ਪ੍ਰਸੰਗ ਦਸਾਂ ਗੁਰੂਆਂ ਦੇ ਅਵਤਾਰ ਧਾਰਨੇ ਦਾ- ਲੇਖਕ- ਹੁਕਮ ਸਿੰਘ(1894 ਈ.)
7. ਖਾਲਸਾ ਧਰਮ ਦਰਪਨ ਭਾਗ ਪਹਿਲਾ - ਲੇਖਕ - ਭਾਈ ਉੱਤਮ ਸਿੰਘ(1898 ਈ.)
8. ਤਾਰੀਖ ਸਿੱਧੂ ਬੈਰਾੜਾਂ ਤੇ ਖ਼ਾਨਦਾਨ ਫੂਲ -- ਸਰ ਅਤਰ ਸਿੰਘ ਭਦੌੜ(1893 ਈ.)
9. ਬਾਰਾਂ ਮਿਸਲਾਂ - ਬੇਦੀ ਗਣੇਸ਼ ਸਿੰਘ (1893 ਈ.)
10. ਗੁਰਮਤਿ ਮੰਡਨ - ਭਾਈ ਹੀਰਾ ਸਿੰਘ(1898 ਈ.)
11. ਰਤਨ ਅਮੋਲਕ - ਭਾਈ ਹੀਰਾ ਸਿੰਘ( 1898 ਈ.)

ਇਨ੍ਹਾਂ ਤੋਂ ਛੁਟ ਸਿੱਖ ਗੁਰੂਆਂ, ਪੀਰਾਂ ਤੇ ਸ਼ਹੀਦਾਂ ਦੀਆਂ ਜੀਵਨੀਆਂ ਵੀ ਇਤਿਹਾਸਕ ਲਿਖ਼ਤਾਂ ਦੇ ਘੇਰੇ ਵਿਚ ਆਉਂਦੀਆਂ ਹਨ। ਪਰ ਕੀ ਜੀਵਨੀਆਂ ਤੇ ਕੀ ਨਿਰੋਲ ਇਤਿਹਾਸ, ਸਭ ਦੀ ਪੱਧਰ ਲਗ ਭਗ ਸਮਾਨ ਹੈ। ਰਵਾਇਤੀ ਬਿਆਨ, ਪਰਚਲਿਤ ਜਾਂ ਸੁਣੀਆਂ-ਸੁਣਾਈਆਂ ਕਹਾਣੀਆਂ, ਅੰਧ-ਵਿਸ਼ਵਾਸ਼ੀ, ਸ਼ਰਧਾ ਤੇ ਗੁਰੂ-ਵਿਅੱਕਤੀਆਂ ਨਾਲ ਜੁੜੀਆਂ ਕਰਾਮਾਤਾਂ ਜਿਉਂ ਦੀਆਂ ਤਿਉਂ ਦਰਜ ਹਨ। ਬਿਆਨ ਸਭਨਾਂ ਲਿਖਤਾਂ ਦਾ ਸਰਲ, ਭਾਸ਼ਾ ਠੇਠ ਤੇ ਸ਼ੈਲੀ ਰੋਮਾਂਟਿਕ ਰੰਗ ਵਿਚ ਰੰਗੀ ਹੋਈ ਹੈ। ਗਿਆਨੀ ਗਿਆਨ ਸਿੰਘ ਰਚਿਤ ਤਵਾਰੀਖ਼ ਗੁਰੂ ਖਾਲਸਾ ਦੀ ਇਕ ਉਦਾਹਰਣ ਦੇਖੋ:-

"ਐਸੇ ਤਰ੍ਹਾਂ ਹੋਰ ਇਕ ਦਿਨ ਬਾਬਾ ਜੀ ਜੰਗਲ ਵਿਚ ਜਾ ਕੇ ਤਾੜੀ ਲਾ ਬੈਠੇ , ਰੁਖੇ ਭੀ ਦੂਜੇ ਦਿਨ ਸ਼ਿਕਾਰ ਕਰਦਾ ਰਾਇ ਬੁਲਾਰ ਜਾ ਪਹੁੰਚਿਆ, ਦੇਖੇ ਤਾਂ ਹੋਰ ਬ੍ਰਿਛਾਂ ਦੀ ਛਾਉਂ ਪੂਰਬ ਦੀ ਤਰਫ ਹੈ, ਤੇ ਉਸ ਬ੍ਰਿਛ ਦੀ ਛਾਯਾ ਜਿਸ ਦੇ ਹੇਠ ਬਾਬਾ ਜੀ ਬੈਠੇ ਸੇ, ਤੇ ਜੋ ਹੁਣ ਮਾਲ ਸਾਹਿਬ ਸੱਦੀਂਦੀ ਹੈ, ਪੱਛੋਂ ਵਲ ਸੂਰਜ

ਦੇ ਸਾਹਮਣੇ ਨਾਨਕ ਜੀ ਦੇ ਉਤੇ ਖੜੀ ਹੈ। ਰਾਇ ਅਸਚਰਜ ਮੰਨ ਕੇ ਬਾਬੇ ਜੀ ਦਾ ਤਨੋ ਮਨੋ ਪ੍ਰੇਮੀ ਸੇਵਕ ਬਣ ਗਿਆ ਤੇ ਉਸ ਤੋਂ ਇਹ ਦੋਨੋਂ ਗੱਲਾਂ ਸੁਣ ਕੇ ਹੋਰ ਲੋਗ ਭੀ ਬਾਬੇ ਜੀ ਨੂੰ ਸੱਤ-ਪੁਰਖ ਮੰਨਣ ਲਗ ਪਏ।"[88]

ਇਕ ਹੋਰ ਸਿੱਖ ਇਤਿਹਾਸਕਾਰ ਗਿਆਨੀ ਦਿੱਤ ਸਿੰਘ ਦਾ ਵਰਣਨ ਦੇਖੋ:-

"ਫੇਰ ਆਪ ਦੀ ਕਾਰਵਾਈ ਅਚਲਾ ਨਗਰ ਵਿੱਚ ਕਰ ਕੇ ਦਿਖਾ ਦਿੱਤੀ ਜੋ ਸਭ ਸ਼ਸਤਰਾਂ ਸਣੇ ਚਿਤਾ ਪਰ ਜਾ ਬਿਰਾਜੇ। ਨਾ ਕੋਈ ਪਿੰਡ, ਪੱਤਲ, ਦੀਵਾ, ਅਤੇ ਸੱਥਰ ਹੀ ਕੀਤਾ, ਨਾ ਕਰਨ ਦਾ ਹੁਕਮ ਦਿੱਤਾ, ਨਾ ਅਸਤ ਚੁਗਨੇ, ਤੇ ਸ੍ਰਾਧ ਆਦਿ ਦੀ ਮਰਯਾਦਾ ਦੱਸੀ, ਪ੍ਰੰਤੂ ਇਤਨਾ ਉਪਦੇਸ਼ ਦਿੱਤਾ ਕਿ "ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ, ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ"। ਇਸ ਵਿਚ ਇਹ ਸਾਫ਼ ਕਥਨ ਕਰਕੇ ਸਮਝਾ ਦਿਤਾ ਕਿ ਏਹ ਪੰਥ ਅਕਾਲ ਪੁਰਖ ਦੀ ਆਗਿਆ ਨਾਲ ਰਚਿਆ ਹੈ, ਅਤੇ ਤੁਸੀਂ ਕਿਸੇ ਚਰਨ ਧਾਰੀਏ ਨੂੰ ਗੁਰੂ ਨਾ ਥਾਪ ਬਣਾ ਬੈਠਨਾ, ਜੋ ਪੈਰਾਂ ਦੀ ਮਿੱਟੀ ਨਾਲ ਤੁਹਾਡੇ ਮਨਾਂ ਨੂੰ ਮੈਲਾ ਕਰੇ।"[89]

ਉਪ੍ਰੋਕਤ ਦੋਵੇਂ ਉਦਾਹਰਣਾਂ ਇਹ ਸਿੱਧ ਕਰਨ ਲਈ ਦਿੱਤੀਆਂ ਗਈਆਂ ਹਨ ਕਿ ਇਤਿਹਾਸਕ ਬਿਆਨ ਅਤੇ ਕਥਾਵਾਂ ਦੋਹਾਂ ਵਿਚ ਬਿਲਕੁਲ ਰਵਾਇਤੀ ਹਨ ਪਰ ਗਿ: ਦਿੱਤ ਸਿੰਘ ਦੀ ਲਿਖਤ ਵਿਚ ਵਧੇਰੇ ਜ਼ੋਰ ਹੈ ਤੇ ਸਾਹਿੱਤਕ ਸੋਹਜ ਵੀ ਆ ਗਿਆ ਹੈ ਪਰ ਭਾਈ ਵੀਰ ਸਿੰਘ ਦੇ ਹੱਥਾਂ ਵਿੱਚ ਆ ਕੇ ਇਤਿਹਾਸਕ ਵਾਰਤਕ ਨਵੀਆਂ ਉਚਾਈਆਂ ਨੂੰ ਛੂਹੰਦੀ ਹੈ। ਆਪ ਦੀ ਵਾਰਤਕ ਜਿਥੇ ਕਾਵਿ-ਮਈ ਉਡਾਰੀਆਂ ਨਾਲ ਪਾਠਕਾਂ ਦੇ ਮਨਾਂ ਨੂੰ ਕੀਲਦੀ ਹੈ, ਉਥੇ ਬਿਆਨ ਦੀ ਕੋਮਲਤਾ, ਭਾਵਾਂ ਦੀ ਸੁਹਿਰਦਤਾ, ਸ਼ਰਧਾ ਤੇ ਸਤਿਕਾਰ, ਇਤਿਹਾਸ ਵਿੱਚੋਂ ਵੀ ਨਾਵਲ ਵਰਗਾ ਸੁਆਦ , ਕਵਿਤਾ ਵਰਗਾ ਸੋਹਜ ਤੇ ਨਾਟਕ ਵਾਲਾ ਸਾਕਾਰ ਦ੍ਰਿਸ਼ ਅੱਖਾਂ ਅੱਗੇ ਲੈ ਆਉਂਦੀ ਹੈ । ਆਪਣੇ ਸਾਰੇ ਸਮਕਾਲੀ ਲੇਖਕਾਂ ਤੇ ਵਿਦਵਾਨਾਂ ਨਾਲੋਂ ਭਾਈ ਸਾਹਿੱਬ ਕੌਮੀ ਜੀਵਨ ਦੀ ਉਸਾਰੀ ਵਿਚ ਇਤਿਹਾਸ ਦੇ ਮਹੱਤਵ ਨੂੰ ਸਭ ਤੋਂ ਵੱਧ ਸਮਝਦੇ ਸਨ। ਜਿਥੇ ਗੁਰ-ਇਤਿਹਾਸ ਤੇ ਗੁਰੂ-ਜੀਵਨੀਆਂ ਨੂੰ ਚਮਤਕਾਰਾਂ ਦੇ ਰੂਪ ਵਿਚ ਲਿਖ ਕੇ ਲੱਖਾਂ ਸਿੱਖਾਂ ਦੇ ਮਨਾਂ ਵਿਚ ਸਿੱਖੀ ਸ਼ਰਧਾ ਦਾ ਸੰਚਾਰ ਕੀਤਾ, ਉਥੇ ਨਾਵਲ ਵਰਗੇ ਨਵੇਂ ਕਲਾ ਰੂਪ ਨੂੰ ਅਪਣਾ ਕੇ 'ਇਤਿਹਾਸਕ

---

88. ਗਿਆਨ ਸਿੰਘ (ਗਿ:), 'ਤਵਾਰੀਖ ਗੁਰੂ ਖਾਲਸਾ', ਭਾਗ ਪਹਿਲਾ, ਪੰਨਾ 50.

89. ਦਿੱਤ ਸਿੰਘ (ਗਿ:), 'ਨਕਲੀ ਸਿਖ ਪ੍ਰਬੋਧ', ਪੰਨਾ 73-74.

ਨਾਵਲਾਂ ਦੀ ਪੰਜਾਬੀ ਵਿਚ ਇਕ ਨਵੀਂ ਪਿਰਤ ਪਾਈ।[90] ਇਤਿਹਾਸਕ ਤੱਥਾਂ ਦੇ ਵਿਗਿਆਨਕ ਵਿਸ਼ਲੇਸ਼ਣ ਤੋਂ ਬਿਨਾਂ, ਇਨ੍ਹਾਂ ਇਤਿਹਾਸਕ ਕ੍ਰਿਤਾਂ ਵਿਚ ਭਾਈ ਸਾਹਿਬ ਦੀ ਨਿਆਇ-ਸ਼ੀਲਤਾ, ਇਤਿਹਾਸਕ ਸਾਮੱਗ੍ਰੀ ਦੀ ਸੁਚੱਜੀ ਚੋਣ, ਤਰਤੀਬ ਤੇ ਨਿਭਾ ਦੀ ਮੌਲਿਕਤਾ ਅਤੇ ਰਸਦਾਇਕ ਤੇ ਖਿੱਚ-ਭਰਪੂਰ ਸ਼ੈਲੀ, ਪੰਜਾਬੀ ਵਾਰਤਕ ਦੇ ਵਿਕਾਸ ਤੇ ਗੱਦ-ਸ਼ੈਲੀ ਦੇ ਠੁਕ-ਬੰਨ੍ਹਣ ਵਿੱਚ ਇਕ ਮੀਲ-ਪੱਥਰ ਆਖੇ ਜਾ ਸਕਦੇ ਹਨ। ਭਾਵੇਂ ਸਿੱਖ ਇਤਿਹਾਸ ਦੀ ਪੁਣ-ਛਾਣ, ਖੋਜ ਤੇ ਵਿਗਿਆਨਕ ਨਿਰਣੇ ਵੀਹਵੀਂ ਸਦੀ ਦੇ ਆਰੰਭ ਵਿਚ ਸ. ਕਰਮ ਸਿੰਘ ਦੇ ਹੱਥਾਂ ਵਿਚ ਆ ਕੇ ਨਵਾਂ ਮਹੱਤਵ ਤੇ ਨਵੇਂ ਅਰਥ ਗ੍ਰਹਿਣ ਕਰਦੇ ਤੇ ਇਕ ਨਵੀਂ ਖੋਜ ਲੜੀ ਨੂੰ ਜਨਮ ਦਿੰਦੇ ਹਨ, ਪਰ ਇਤਿਹਾਸ ਪ੍ਰਤੀ ਚੇਤੰਨਤਾ, ਰਸਿਕਤਾ ਤੇ ਇਸ ਦੇ ਸਾਹਿੱਤਕ ਮੁੱਲ ਦੀ ਮਹੱਤਤਾ ਦਾ ਅਹਿਸਾਸ ਪਹਿਲੀ ਵਾਰੀ ਭਾਈ ਵੀਰ ਸਿੰਘ ਦੇ ਪ੍ਰਤਿਭਾ ਦੀ ਦੇਣ ਹੀ ਆਖੇ ਜਾ ਸਕਦੇ ਹਨ।

ਉਪ੍ਰੋਕਤ ਵਿਸ਼ੇ-ਬੱਧ ਤੇ ਅੱਡ ਅੱਡ ਸਿਰਲੇਖਾਂ ਹੇਠ ਦਰਜ ਵਾਰਤਕ ਵੰਨਗੀਆਂ, ਰੂਪਾਂ ਜਾਂ ਪ੍ਰਵਿਰਤੀਆਂ ਤੋਂ ਛੁਟ ਵੀ ਇਸ ਕਾਲ ਵਿਚ ਬਹੁਤ ਸਾਰੀ ਫੁਟਕਲ ਵਾਰਤਕ ਵੀ ਰਚੀ ਗਈ ਜਿਹੜੀ ਅਖ਼ਬਾਰਾਂ, ਟ੍ਰੈਕਟਾਂ, ਪੈਂਫਲਿਟਾਂ ਤੇ ਪੁਸਤਕਾਂ ਆਦਿ ਰਾਹੀਂ ਵੱਡੀ ਮਾਤ੍ਰਾ ਵਿਚ ਛਪ ਕੇ ਪਾਠਕਾਂ ਦੇ ਹੱਥਾਂ ਤਕ ਅਪੜਦੀ ਰਹੀ। ਅਜਿਹੀ ਹਰ ਵਾਰਤਕ ਲਿਖਤ ਦਾ ਏਥੇ ਹਵਾਲਾ ਦੇਣਾ ਜਾਂ ਉਸ ਸੰਬੰਧੀ ਏਥੇ ਵਿਚਾਰ ਕਰਨੀ ਨਾ ਤਾਂ ਸੰਭਵ ਹੈ ਤੇ ਨਾ ਹੀ ਉਚਿਤ ਪ੍ਰਤੀਤ ਹੁੰਦੀ ਹੈ। ਜਿਨ੍ਹਾਂ ਉੱਘੇ ਵਾਰਤਕ ਲਿਖਾਰੀਆਂ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਕੁਝ ਹਿੱਸਾ ਪਾਇਆ, ਇਸ ਦੇ ਰੂਪ ਨੂੰ ਨਿਖਾਰਿਆ, ਸ਼ੈਲੀ ਦਾ ਠੁਕ ਬੰਨ੍ਹਿਆ ਜਾਂ ਵਿਸ਼ੇ ਤੇ ਰੂਪ ਦੇ ਪੱਖੋਂ ਕੋਈ ਨਵੀਂ ਪ੍ਰਵਿਰਤੀ ਲਿਆਂਦੀ, ਉਨ੍ਹਾਂ ਸਭਨਾਂ ਬਾਰੇ ਵੱਖਰੇ ਅਧਿਆਇ ਵਿਚ ਵਿਚਾਰ ਕੀਤਾ ਗਈ ਹੈ। ਲੱਗਦੀ ਵਾਹ ਹੋਰ ਪ੍ਰਕਾਸ਼ਤ ਤੇ ਅਪ੍ਰਕਾਸ਼ਤ ਗੱਦ-ਰਚਨਾਵਾਂ ਦੀ ਅੰਤਿਕਾ ਵਿਚ ਸੂਚੀ ਦੇ ਦਿਤੀ ਗਈ। ਬਹੁਤ ਸਾਰੀਆਂ ਵਾਰਤਕ ਕ੍ਰਿਤਾਂ ਦੇ ਹਵਾਲੇ ਤੇ ਨਮੂਨੇ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਜਾਂ ਵਿਵੇਚਨ, 'ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ', 'ਪੰਜਾਬੀ ਪੱਤਰਕਾਰੀ ਦੀ ਪੰਜਾਬੀ ਨੂੰ ਦੇਣ', 'ਈਸਾਈ ਮਿਸ਼ਨਰੀਆਂ ਦੀ ਪੰਜਾਬੀ ਨੂੰ ਦੇਣ' ਅਤੇ 'ਪੰਜਾਬੀ ਭਾਸ਼ਾ ਤੇ ਸਾਹਿੱਤ ਉਤੇ ਪੱਛਮੀ ਪ੍ਰਭਾਵ' ਵਾਲੇ ਅਧਿਆਵਾਂ ਵਿਚ ਕੀਤਾ ਜਾ ਚੁੱਕਾ ਹੈ। ਫੁਟਕਲ ਰਚਨਾਵਾਂ ਵਿਚ ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਜੀ ਦੀਆਂ ਰੰਗੂਨ ਜੇਲ੍ਹ ਤੋਂ ਆਪਣੇ ਸੇਵਕਾਂ ਦੇ ਨਾਂ ਲਿਖੀਆਂ ਚਿੱਠੀਆਂ, ਜਿਹੜੀਆਂ 'ਅਰਦਾਸਾਂ' ਦੇ ਨਾਂ ਨਾਲ ਪ੍ਰਸਿੱਧ ਹਨ, ਪ੍ਰੋ. ਗੁਰਮੁਖ ਸਿੰਘ

---

90. ਭਾਈ ਸਾਹਿਬ ਦੇ ਇਤਿਹਾਸਕ ਨਾਵਲਾਂ ਅਤੇ ਇਸ ਕਾਲ ਵਿਚ ਰਚੀਆਂ ਉਨ੍ਹਾਂ ਦੀਆਂ ਹੋਰ ਇਤਿਹਾਸਕ ਕ੍ਰਿਤਾਂ ਸੰਬੰਧੀ ਵਿਸਤਾਰ ਸਹਿਤ ਚਰਚਾ 'ਉੱਘੇ ਵਾਰਤਕ ਲੇਖਕਾਂ' ਵਾਲੇ ਅਧਿਆਇ ਵਿਚ ਕੀਤੀ ਗਈ ਹੈ।

ਜੀ ਦੇ ਵੱਖ ਵੱਖ ਥਾਵਾਂ ਤੇ ਦਿੱਤੇ ਗਏ ਭਾਸ਼ਨ ਜਿਹੜੇ ਪਿੱਛੋਂ 'ਖ਼ਾਲਸਾ ਧਰਮ ਦਾ ਉਪਦੇਸ਼' (1884 ਈ.) ਨਾਂ ਹੇਠ ਛਾਪੇ ਗਏ, ਮਹਾਰਾਣੀ ਜਿੰਦਾਂ ਦੀਆਂ ਦੇਸ਼ ਨਿਕਾਲੇ ਸਮੇਂ ਲਿਖੀਆਂ ਅੰਗਰੇਜ਼ੀ ਸਰਕਾਰ ਨੂੰ ਚਿੱਠੀਆਂ, ਵਿਗਿਆਨ, ਹਿਕਮਤ, ਜੋਤਸ਼, ਪਸ਼ੂਆਂ ਦੀਆਂ ਬੀਮਾਰੀਆਂ ਤੇ ਚਕਿਤਸਾ ਸੰਬੰਧੀ ਪੁਸਤਕਾਂ ਕੁਝ ਕੁ ਫ਼ਾਰਸੀ ਪੁਸਤਕਾਂ ਦੇ ਅਨੁਵਾਦ ਆਦਿ ਸ਼ਾਮਲ ਹਨ। ਇਨ੍ਹਾਂ ਫੁਟਕਲ ਰਚਨਾਵਾਂ ਵਿੱਚੋਂ ਸੰਖਿਪਤ ਰੂਪ ਵਿਚ ਕੁਝ ਕੁ ਉਦਾਹਰਣਾਂ ਪੰਜਾਬੀ ਵਾਰਤਕ ਦੀ ਪ੍ਰਕਾਰ, ਪੱਧਰ, ਭਾਸ਼ਾਈ ਚੇਣ, ਗੁਣ, ਲੱਛਣ, ਰੰਗ-ਰੂਪ ਤੇ ਸਮਰੱਥਾ, ਅਤੇ ਉਨ੍ਹੀਵੀਂ ਸਦੀ ਦੇ ਅੰਤ ਤਕ ਦੀ ਸਥਿਤੀ ਸੰਬੰਧੀ ਅਨੁਮਾਨ ਲਾਉਣ ਵਿਚ ਜ਼ਰੂਰ ਸਹਾਈ ਹੋਣਗੀਆਂ:-

(ੳ) ਲਿਖ ਤੁਮ ਬੀਬੀ ਸਾਹਾਬੁਆ ਨਾਰਨਿਸ ਸਾਹਾਬ ਜੋਗ ਰੋਬਕਾਰੀ ਆਸਾ ਅਪੁਣਾ ਸਿਰ ਤੁਹਾਡੇ ਹਵਾਲੇ ਕੀਤਾ ਸੀ ਤੁਸਾ ਨਿਮਕ ਹਰਾਮਾ ਦੇਆ ਪੈਰਾਂ ਦੇ ਵਿਚ ਦੇ ਦਿਤਾ। ਤੁਸਾ ਸਾਡੀ ਮੁਨਸਬੀ ਨਾ ਪਾਈ..... ਮੇਰੀ ਅਦਾਲਤ ਕਰੋਹੂ ਨਹੀਂ ਤਾਂ ਲੰਦਨ ਫਿਰਆਦ ਕਰਾਂਗੀ। ਤਿਨਾ ਚਹੂ ਨਿਮਕ ਹਰਾਮਾ ਨੂੰ ਰਖ ਲਹੁ ਹੋਰ ਸਾਰੀ ਪੰਜਾਬ ਨੂੰ ਕਤਲ ਕਰਾ ਦੇਹੂ ਹਿਨਾ ਦੇ ਆਖੇ ਲਗ ਕੇ ਤੇ। ਅਕਾਲ ਸਹਾਇ ਬੀਬੀ ਜਿੰਦ ਕੌਰ (ਮੋਹਰ)।[91]

(ਅ) "ਉਹ ਅਕਾਲ ਪੁਰਖ ਹੈ, ਮਾਲਿਕ ਹੈ, ਪ੍ਰਿਥਵੀ ਅਤੇ ਅਕਾਸ਼ ਦਾ। ਜ਼ਿੰਦਗੀ ਦੇਣੇ ਵਾਲਾ ਹੈ ਆਦਮੀਆਂ ਤੇ ਜਾਨਵਰਾਂ ਤੇ ਦੇਵਤਿਆਂ ਨੂੰ।" "ਜ਼ਿੰਦਗੀ ਨਾਮਾ ਭਾਈ, ਨੰਦ ਲਾਲ ਜੀ ਕਾ" ਪੰਜਾਬੀ ਅਨੁਵਾਦਕ ਭਾਈ ਨਰੈਣ ਸਿੰਘ।[92]

(ੲ) ਹੋਰ ਭਾਈ ਮੈਂ ਤਾਂ ਬਹੁਤ ਉਪਮਾਂ ਕਰ ਕੇ ਦੇਖ ਰਿਹਾ ਹੈ ਪਰ ਮੈਨੂੰ ਤਾਂ ਕਿਤੇ ਭੀ ਨਹੀਂ ਸੁਖ ਹੋਇਆ, ਨਾ ਤਨ ਕਰ ਕੇ, ਨਾ ਮਨ ਕਰ ਕੇ, ਨਾ ਧਨ ਕਰ-ਕੇ ਹੀ। ਪਰ ਜਦ ਗੁਰੂ ਬਾਲਕ ਸਿੰਘ ਜੀ ਨੇ ਨਾਮ ਦਾ ਦਾਨ ਦਿੱਤਾ, ਸਾਰੇ ਈ ਸੁਖ ਹੋਏ ਗਏ। ਤਨ ਮਨ ਤੇ ਧਨ ਦੇ ਭੀ। ਐਥੇ ਦੇਖੋ ਬਹੁਤ ਬੁਰੀ ਜਾਗਾ ਹੈ ਕੈਦ, ਕਾਲਾਪਾਣੀ ਪਰ ਨਾਮ ਦਾ ਐਸਾ ਪ੍ਰਤਾਪ ਹੈ ਏਥੇ ਭੀ ਅਸੀਂ ਵਡੇ ਰਾਜ਼ੀ ਹਾਂ।

---

91. 'ਰੋਬਕਾਰੀ ਮਹਾਰਾਣੀ ਜਿੰਦ ਕੌਰ' ਖਰੜਾ ਨੰਬਰ-47 - ਸਿੱਖ ਹਿਸਟਰੀ ਰੀਸਰਚ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ। ਇਸ ਖਰੜੇ ਵਿਚ ਮਹਾਰਾਣੀ ਵਲੋਂ ਲਿਖੀਆਂ ਗਈਆਂ ਚਾਰ ਚਿਠੀਆਂ ਹਨ। ਉਪਰੋਕਤ ਚਿੱਠੀ ਉਤੇ ਤਾਰੀਖ਼ ਦਰਜ ਨਹੀਂ।

92. 12 ਜੁਲਾਈ 1880 ਈ. ਨੂੰ ਭਾਈ ਨਰੈਣ ਸਿੰਘ ਨੇ ਇਹ ਅਨੁਵਾਦ ਵਾਰਤਕ ਵਿੱਚ ਕਰਕੇ, ਪੰਜਾਬ ਦੇ ਉਪ-ਰਾਜਪਾਲ, ਸਰ ਚਾਰਲਸ ਐਚੀਸਨ ਨੂੰ ਸਮੱਰਪਤ ਕੀਤਾ। ਹਵਾਲਾ ਭਾਈ ਮੋਹਨ ਸਿੰਘ ਵੈਦ ਲਾਇਬ੍ਰੇਰੀ-ਪਟਿਆਲਾ, ਨੰ: 106859.

ਅਮੀਰੀ ਤੇ ਫਕੀਰੀ ਭੀ ਦੋਵੇਂ ਬਨੀਆਂ ਹੋਈਆਂ ਹੈਨ, ਕਿਸੇ ਬਾਤ ਦੀ ਥੁੜ ਨਹੀਂ ਬਿਨ ਇਕ ਸਤਿਗੁਰ ਦੇ ਦਰਸ਼ਨ ਦੇ । ਪਰ ਬੀ ਕਈ ਸੈ ਰੁਪਿਆ ਏਥੇ ਹੀ ਆਇ ਜਾਏ ਕਿਆ ਹੈ ।" (ਅਰਦਾਸ ਨੰ: 20)[93]

(ਸ) "ਪਰ ਦ੍ਰਿਸ਼ਟਾਂਤ ਮਾਤ੍ਰ ਮੈਂ ਆਪ ਨੂੰ ਸੁਣਾ ਦੇਨਾ ਹਾਂ ਕਿ ਓਹ ਮੁਰਦਾ ਲੋਕ ਜੋ ਦੁਸ਼ਮਨ ਦੇ ਪਰਛਾਵੇਂ ਆਏ ਡਰ ਕੇ ਭਜ ਨਿਕਲਦੇ ਸੇ, ਓਹੀ ਕੈਸੇ ਬਹਾਦਰ ਹੋ ਨਿਕਲੇ। ਓਹ ਹਿੰਦੂ ਜਾਤੀ ਜੋ ਦੁਨੀਆਂ ਵਿਚ ਮਖੌਲ ਬਨ ਗਈ ਸੀ ਅਤੇ ਹਿਕਾਰਤ ਨਾਲ ਦੇਖੀ ਜਾਂਦੀ ਸੀ ਜਦ ਪੌਹਲ ਲੈ ਕੇ ਖ਼ਾਲਸੇ ਦੇ ਰੂਪ ਵਿਚ ਆਈ ਦੁਨਿਆ ਦੀ ਤਾਰੀਫ਼ ਦੇ ਲੈਕ ਹੋ ਗਈ ਅਤੇ ਸਭ ਜਗਾ ਇਜ਼ਤ ਪਾਵਣ ਲਗ ਪਈ। ਜੋ ਮੁਰਦੇ ਸੇ, ਜਿੰਦਾ ਹੋਏ, ਜੋ ਵਿਚੜੇ ਗਏ ਸੇ, ਸੋ ਮਜ਼ਬੂਤ ਹੋ ਖਲੋਤੇ, ਜੋ ਨਾ ਚੀਜ਼ ਥੇ ਸੋ ਸਭ ਤੇ ਚੰਗੀ ਚੀਜ ਹੋ ਗਏ ਅਤੇ ਜੋ ਫਕੀਰ ਸੇ ਸੋ ਸਰਦਾਰ ਅਤੇ ਕਬੀਰ ਬਨੇ।"[94]

(ਹ) "ਅਜੇਹੇ ਲੋਕ ਦੇਖੇ ਗਏ, ਜੋ ਬਜਾਇ ਇਸ ਗਲ ਦੇ ਕਿ ਉਹ ਮਜ਼ਬ ਦੀ ਤੈਹਕੀਕਾਤ ਕਰਨ, ਆਪਣੇ ਖਯਾਲਾਤ ਨੂੰ ਮਜ਼ਬ ਦੀ ਤਾਬਿਆ ਵਿਚ ਰਖ ਕੇ ਮਜ਼ਬ ਦੇ ਮਗਰ ਤੁਰਨ, ਸੋ, ਉਹ ਅਸਲੀ ਮਜ਼ਬ ਨੂੰ ਆਪਣੇ ਖਯਾਲਾਤ ( ਜੋ ਉਨ੍ਹਾਂ ਨੂੰ ਗੈਰ ਮਜ਼ਬਾਂ ਦੀ ਸੁਹਬਤ ਵਿੱਚੋਂ ਪ੍ਰਾਪਤ ਹੋਇ ਹੋਏ ਹਨ) ਦੇ ਤਾਬਿਆ ਕਰਨ ਦੀ ਕੋਸ਼ਿਸ਼ ਕਰਦੇ, ਮਾਨੋ ਮਜ਼ਬ ਦੇ ਗਲ ਰਸੀ ਪਾ ਕਰ ਮਨ ਮਾਨੀ ਵਲ ਖਿੱਚਦੇ ਹਨ।"

(ਸਿੱਖ ਖਾਲਸਾ ਧਰਮ ਤੱਤ ਦਰਸ਼ਨ — ਭਾਈ ਅਵਤਾਰ ਸਿੰਘ )[95]

ਉਪ੍ਰੋਕਤ ਸਾਰੀਆਂ ਉਦਾਹਰਣਾਂ ਤੋਂ ਅਸੀਂ ਪੰਜਾਬੀ ਵਾਰਤਕ ਦੇ ਲਗਭਗ ਪੰਜਾਹ ਵਰ੍ਹਿਆਂ ਦੇ ਵਿਕਾਸ-ਪੰਧਾਂ ਜਾਂ ਪੜਾਵਾਂ ਨੂੰ ਦੇਖ ਸਕਦੇ ਹਾਂ। ਮੁਢਲੀ ਵਾਰਤਕ ਜਿਥੇ ਟੁਟਵੀਂ, ਅਧੂਰੀ, ਬੋਲ-ਚਾਲ ਦੇ ਲਹਿਜੇ ਵਾਲੀ, ਅਸਪੱਸ਼ਟ, ਸ਼ਬਦ-ਜੋੜਾਂ ਤੇ ਵਿਆਕਰਣਕ ਨਿਯਮਾਂ ਵਲੋਂ ਅਸ਼ੁੱਧ ਤੇ ਵਿਸ਼ਰਾਮ ਚਿੰਨ੍ਹਾਂ ਤੋਂ ਮੁਕਤ ਸੀ, ਉਥੇ ਹੌਲੀ ਹੌਲੀ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਬਹੁਤ

---

93. ਗੰਡਾ ਸਿੰਘ (ਡਾ.), 'ਕੂਕਿਆਂ ਦੀ ਵਿਥਿਆ', ਅੰਮ੍ਰਿਤਸਰ-1946, ਪੰਨਾ 261.
94. ਗੁਰਮੁਖ ਸਿੰਘ(ਪ੍ਰੋ.), 'ਲਾਸਾਨੀ ਕਰਾਮਾਤ', 1895 ਈ., ਸਫ਼ਾ- 9.
95. ਅਵਤਾਰ ਸਿੰਘ ਵਹੀਰੀਆ 'ਸਿੱਖ(ਖਾਲਸਾ) ਧਰਮ ਤੱਤ ਦਰਸ਼ਨ'— ਅਰਥਾਤ ਅਸੂਲ ਖ਼ਾਲਸਾ ਧਰਮ 1900 ਈ., ਪੰਨਾ 69.

ਸਾਰੇ ਉਪਰੋਕਤ ਨੁਕਸ ਦੂਰ ਹੁੰਦੇ ਦਿਖਾਈ ਦਿੰਦੇ ਹਨ ਪਰ ਨਾ ਤਾਂ ਸ਼ਬਦ-ਜੋੜਾਂ ਵਿਚ ਇਕਸਾਰਤਾ ਆਈ ਸੀ, ਨਾ ਸ਼ੈਲੀ ਦਾ ਕੋਈ ਨੁਕ ਬੱਝਾ ਤੇ ਨਾ ਹੀ ਇਸ ਵਾਰਤਕ ਵਿੱਚੋਂ ਕੋਈ ਉਚੇਰਾ ਸਾਹਿੱਤਕ ਸੋਹਜ ਹੀ ਉਤਪੰਨ ਹੁੰਦਾ ਸੀ। ਇਹ ਵਾਰਤਕ ਇਕ ਪ੍ਰਕਾਰ ਦੀ ਵਿਆਖਿਆ ਜਾਂ ਵਰਣਨੀ ਹੀ ਸੀ ਤੇ ਲੇਖਕਾਂ ਦਾ ਮਨੋਰਥ ਸ਼ੈਲੀ-ਗਤ ਸੁੰਦਰਤਾ ਤੇ ਪਕਿਆਈ ਦੀ ਬਜਾਇ ਆਪਣੀ ਗੱਲ ਨੂੰ ਦੂਜਿਆਂ ਤਕ ਪੁਚਾਉਣਾ ਹੀ ਸੀ। ਉਰਦੂ ਸਰਕਾਰੀ ਭਾਸ਼ਾ ਤੇ ਸਿੱਖਿਆ ਦਾ ਮਾਧਿਅਮ ਹੋਣ ਕਰਕੇ ਪਿਛਲੇ ਲਿਖਾਰੀਆਂ ਦੀਆਂ ਕ੍ਰਿਤਾਂ ਵਿਚ ਉਰਦੂ ਦੀ ਬਹੁਲਤਾ ਹੈ। ਹਿੰਦੀ ਸੰਸਕ੍ਰਿਤ ਦੇ ਪ੍ਰਭਾਵਾਂ ਹੇਠ ਲਿਖੀ ਗਈ ਗੱਦ ਦੇ ਪ੍ਰਮਾਣ ਲਾਲਾ ਬਿਹਾਰੀ ਲਾਲ ਪੁਰੀ ਅਤੇ ਪੱਛਮੀ ਪ੍ਰਭਾਵਾਂ ਹੇਠ ਲਿਖੀ ਗਈ ਵਾਰਤਕ ਦੇ ਕੁਝ ਕੁ ਉੱਤਮ ਨਮੂਨੇ ਉਨ੍ਹੀਵੀਂ ਸਦੀ ਦੇ ਅਖੀਰ ਤਕ ਡਾਕਟਰ ਚਰਨ ਸਿੰਘ ਤੇ ਭਾਈ ਵੀਰ ਸਿੰਘ ਦੀਆਂ ਲਿਖਤਾਂ ਵਿੱਚੋਂ ਉਘੜਨ ਲਗ ਪਏ ਸਨ।[96]

ਜਿਸ ਤਰ੍ਹਾਂ ਪਿੱਛੇ ਹਵਾਲਾ ਦਿੱਤਾ ਜਾ ਚੁਕਾ ਹੈ, ਹਿੰਦੂ ਤੇ ਮੁਸਲਮਾਨ ਵਿਦਵਾਨਾਂ ਨੇ ਸੰਪਰਦਾਇਕ ਕਾਰਨਾਂ ਕਰਕੇ ਕ੍ਰਮਵਾਰ ਹਿੰਦੀ ਤੇ ਉਰਦੂ ਨੂੰ ਆਪਣੇ ਵਿਚਾਰ ਪ੍ਰਗਟਾਵਿਆਂ ਦਾ ਮੁਖ ਮਾਧਿਅਮ ਬਣਾ ਲਿਆ ਸੀ। ਇਨ੍ਹਾਂ ਦੋਹਾਂ ਜਾਤੀਆਂ ਦੇ ਜਿਨ੍ਹਾਂ ਵਿਦਵਾਨਾਂ ਨੇ ਆਪਣੀ ਮਾਤ ਭਾਸ਼ਾ ਨੂੰ ਸਾਹਿੱਤ-ਸਿਰਜਣਾ ਲਈ ਚੁਣਿਆ ਵੀ, ਉਨ੍ਹਾਂ ਵਿੱਚੋਂ ਬਹੁਤਿਆਂ ਨੇ ਗੱਦ ਦੀ ਬਜਾਇ ਪਦ ਨੂੰ ਵਧੇਰੇ ਅਪਣਾਇਆ। ਹਿੰਦੂ ਗੱਦ ਲੇਖਕਾਂ ਵਿਚ ਪੰਡਤ ਸ਼ਰਧਾ ਰਾਮ ਫਲੌਰੀ, ਪੰਡਤ ਭਾਨੂੰ ਦੱਤ(ਵੈਲਸ ਦੀ ਪੁਸਤਕ ਦਾ ਪੰਜਾਬੀ ਅਨੁਵਾਦ ਰੂਸ ਦਾ ਬ੍ਰਿਤਾਂਤ) ਗੁਰੂ ਸਿੰਘ ਇਤਿਹਾਸ, ਪੰਡਤ ਕਿਰਪਾ ਦੇਵੀ (ਕਰਤਾ ਧਰਮ ਪੂਜਾ), ਰਾਮ ਚੰਦ(ਕਰਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਚਰਿਤ੍ਰ ਅਤੇ ਜੀਵਨ ਬ੍ਰਿਤਾਂਤ, ਬਾਬਾ ਬੰਦਾ ਸਿੰਘ ਬਹਾਦਰ), ਭਾਗ ਵੰਤੀ ( ਸਿਦਕ ਦੇ ਬੇੜੇ ਪਾਰ), ਲਾਲਾ ਮੇਹਰ ਚੰਦ(ਪ੍ਰਸੰਸਾ ਪੱਤਰ), ਭਾਈ ਪੂਰਨ ਦਾਸ (ਜਨਮ ਸਾਖੀ ਸੁਆਮੀ ਨਾਮਦੇਵ ਜੀ), ਬਾਵਾ ਸਰੂਪ ਦਾਸ(ਸਾਖੀਆਂ ਪਾਤਸ਼ਾਹੀ ਤਿੰਨ ਦੀਆਂ), ਲਾਲਾ ਤਾਰਾ ਚੰਦ( ਖਾਲਸਾ ਧਰਮ), ਲਾਲਾ ਠਾਕਰ ਦਾਸ (ਸਿੱਖ ਹਿੰਦੂ ਹੈ), ਲਾਲਾ ਅਮਰ ਨਾਥ ਮੁਨਸਿਫ਼ (ਪੰਜਾਬੀ ਵਿਆਕਰਣ, ਪੰਜਾਬੀ ਅਖਾਣ, ਜੋਤਸ਼ ਵਿਦਿਆ) ਅਤੇ ਬਿਹਾਰੀ ਲਾਲ ਪੁਰੀ (ਜਿਨ੍ਹਾਂ ਨੇ ਲਗ ਪਗ 20 ਗੱਦ ਪੁਸਤਕਾਂ ਮੌਲਿਕ ਤੇ ਅਨੁਵਾਦਤ ਰੂਪ ਵਿਚ ਪਾਠ-ਪੁਸਤਕਾਂ ਵਜੋਂ ਲਿਖੀਆਂ)) ਆਦਿ ਦੇ ਨਾਂ ਵਰਣਨ-ਯੋਗ ਹਨ। ਪੰਡਤ ਅਨਾਥ ਦਾਸ ਜੀ, ਰਚਿਤ ( ਪੋਥੀ ਵਿਚਾਰ-ਮਾਲਾ ਕੀ - (ਵੇਦਾਂਤ ਦਰਸ਼ਨ ਸੰਬੰਧੀ) 1873 ਈ. ਵਿਚ ਪ੍ਰਕਾਸ਼ਤ ਹੋਈ[97] ਇਕ ਉੱਘੀ ਰਚਨਾ ਹੈ।

---

96. ਇਨ੍ਹਾਂ ਉੱਘੇ ਗੱਦ ਲੇਖਕਾਂ ਦੀ ਸ਼ੈਲੀ ਬਾਰੇ ਵਿਅਕਤੀਗਤ ਰੂਪ ਵਿਚ ਇਕ ਵੱਖਰੇ ਅਧਿਆਇ ਵਿਚ ਵਿਚਾਰ ਕੀਤੀ ਗਈ ਹੈ।
97. ਇਸ ਦਾ ਹਵਾਲਾ ਕੇਵਲ ਬ੍ਰਿਟਿਸ਼ ਮਿਊਜ਼ੀਅਮ ਲੰਡਨ ਵਲੋਂ ਪ੍ਰਕਾਸ਼ਤ ਸੂਚੀ ਵਿਚ ਮਿਲਦਾ ਹੈ। ਨੰਬਰ 14162 ਏ.ਏ.।

ਮੁਸਲਮਾਨ ਲੇਖਕਾਂ ਦੀ ਸਾਰੀ ਪੰਜਾਬੀ ਗੱਦ ਤੇ ਪੱਦ ਰਚਨਾ ਫ਼ਾਰਸੀ ਲਿੱਪੀ ਵਿਚ ਹੈ। ਜਿਥੇ ਧਾਰਮਕ ਤੇ ਲੌਕਿਕ ਕਵਿਤਾ ਦੇ ਖੇਤਰ ਵਿਚ ਮੁਸਲਮਾਨ ਕਵੀਆਂ ਦੀ ਦੇਣ ਹਿੰਦੂ, ਸਿੱਖ, ਈਸਾਈ ਆਦਿ ਸਭਨਾਂ ਤੋਂ ਵੱਧ ਹੈ, ਉਥੇ ਵਾਰਤਕ ਵਲ ਇਨ੍ਹਾਂ ਦਾ ਧਿਆਨ ਬਹੁਤਾ ਗਿਆ ਪ੍ਰਤੀਤ ਨਹੀਂ ਹੁੰਦਾ। ਯਤਨ ਕਰਨ ਤੇ ਵੀ ਕਿਸੇ ਮੁਸਲਮਾਨ ਲੇਖਕ ਦੀ ਉਸ ਕਾਲ ਵਿਚ ਰਚੀ ਵਾਰਤਕ ਲਿਖਤ ਦਾ ਨਮੂਨਾ ਪ੍ਰਾਪਤ ਨਹੀਂ ਹੋ ਸਕਿਆ ਪਰ ਬ੍ਰਿਟਿਸ਼ ਮਿਊਜ਼ੀਅਮ ਲੰਡਨ ਵਲੋਂ ਪ੍ਰਕਾਸ਼ਤ[98] ਸੂਚੀ ਦੇ ਆਧਾਰ ਤੇ ਹੇਠ ਲਿਖੇ ਵੇਰਵੇ ਪ੍ਰਾਪਤ ਹੋਏ ਹਨ :-

1) ਮੁਸਲਮਾਨੀ ਧਰਮ ਸੰਬੰਧੀ ਅਰਬੀ ਪੁਸਤਕ ਦਾ ਪੰਜਾਬੀ ਵਾਰਤਕ ਵਿਚ 'ਉਮਦਤੁਲ ਤਾਜ' ਨਾਂ ਹੇਠ ਅਨੁਵਾਦ - ਅਨੁਵਾਦਕ - ਅਬਦੁਲ ਅਜ਼ੀਜ਼ - 1890 ਈ.(ਨੰਬਰ 14521)।

2) ਕੁਰਾਨ ਸ਼ਰੀਫ਼ ਵਿਚੋਂ ਚੋਣਵੇਂ ਬੰਦਾਂ ਦਾ ਪੰਜਾਬੀ ਵਾਰਤਕ ਵਿਚ 'ਤੁਹਫ਼ਾਤ-ਅਲ ਇਖਵਾਨ' ਨਾਂ ਹੇਠ ਅਨੁਵਾਦ- ਅਨੁਵਾਦਕ ਸਿਰਾਜੁਦੀਨ ਅਬਦੁਲਾ ਦੀ-ਤਖ਼ੱਲਸ ਸੇਵਾਦਾਰ — ਲਾਹੌਰ ਪੱਥਰ ਦਾ ਛਾਪਾ, ਪੰਨਾ 40 - 1890 ਈ. (14516)।

3) 'ਪੋਥੀ ਤਿਬ ਦਾਰੂਲ, ਸ਼ੁਫ਼ਾ ਪੰਜਾਬੀ ਭਾਖਾ' - ਲੇਖਕ ਅਗਿਆਤ- 1875 ਈ. (ਨੰ: 14162)

4) 'ਨਮਾਜ਼ ਬਾ ਮਆਨੇ' - ਅਨੁਵਾਦਕ ਗੁਲਾਮ ਰਸੂਲ' — ਸਿਰਲੇਖਾਂ ਸਮੇਤ ਲਾਹੌਰ 1871 ਈ., ਪੰਨੇ 16 - ਪੱਥਰ ਦਾ ਛਾਪਾ। (ਨੰ: 14519)

ਉਪਰੋਕਤ ਪੁਸਤਕਾਂ ਦੇ ਨਾਵਾਂ ਤੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਵਿਚਲੀ ਭਾਸ਼ਾ ਕਿਵੇਂ; ਅਰਬੀ ਫਾਰਸੀ ਲੱਦੀ ਹੋਈ ਹੋਵੇਗੀ ਅਤੇ ਇਸਲਾਮ ਦੇ ਦਾਰਸ਼ਨਿਕ ਸਿੱਧਾਂਤਾਂ ਨੂੰ ਪੰਜਾਬੀ ਵਿਚ ਬਿਆਨਿਆਂ ਵੀ ਗਿਆ ਹੋਵੇਗਾ ਤੇਂ ਪਰਿਭਾਸ਼ਕ ਤੇ ਸਿੱਧਾਂਤਕ ਸ਼ਬਦਾਵਲੀ ਮੂਲ ਅਰਬੀ ਵਾਲੀ ਹੀ ਹੋਵੇਗੀ। ਉਪਰੋਕਤ ਹਵਾਲੇ ਦੇਣ ਦਾ ਮਨੋਰਥ ਕੇਵਲ ਇਹ ਦਰਸਾਉਣਾ ਹੈ ਕਿ ਮੁਸਲਮਾਨਾਂ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਉਨ੍ਹੀਵੀਂ ਸਦੀ ਦੇ

---

98. ਜੇ.ਐਫ.ਬਲਮਹਾਰਡਟ ਦੁਆਰਾ ਤਿਆਰ ਕੀਤੀ ਪੰਜਾਬੀ ਪੁਸਤਕਾਂ ਦੀ ਸੂਚੀ 1893 ਈ. ਵਿਚ ਪ੍ਰਕਾਸ਼ਤ ਹੋਈ ਜਿਸ ਦੇ 64 ਪੰਨਿਆਂ ਵਿਚ ਲੇਖਕ, ਟਾਈਟਲ ਤੇ ਵਿਸ਼ਿਆਂ ਦਾ ਵੇਰਵਾ ਦਰਜ ਹੈ।

ਅਖ਼ੀਰ ਤਕ ਢੁੱਕਾ ਕੋਈ ਹਿੱਸਾ ਨਹੀਂ ਪਾਇਆ, ਪਰ ਬਹੁਤ ਸਾਰੇ ਪਰਮਾਣ ਮਿਲਦੇ ਹਨ ਕਿ ਵੀਹਵੀਂ ਸਦੀ ਦੀ ਵਾਰਤਕ ਰਚਨਾ ਵਿਚ ਇਨ੍ਹਾਂ ਨੇ ਵੀ ਹਰ ਪ੍ਰਕਾਰ ਦੀ ਵਾਰਤਕ ਲਿਖ ਕੇ, ਯਥਾ-ਯੋਗ ਹਿੱਸਾ ਪਾਇਆ।

ਜੀਵਨੀਆਂ, ਇਤਿਹਾਸ, ਟੀਕੇ, ਪਾਠ-ਪੁਸਤਕਾਂ, ਪੱਤਰ-ਪੱਤ੍ਰਕਾਵਾਂ ਅਤੇ ਵੱਖ ਵੱਖ ਅਨੁਵਾਦਤ ਪੁਸਤਕਾਂ ਤੋਂ ਛੁਟ ਇਸ ਕਾਲ ਵਿਚ ਸਿਰਜਣਾਤਮਕ ਸਾਹਿੱਤ ਦੇ ਪੱਛਮੀ ਗੱਦ-ਰੂਪਾਂ ਯਥਾ ਨਾਵਲ, ਨਾਟਕ, ਕਹਾਣੀ ਤੇ ਨਿਬੰਧ ਆਦਿ ਦਾ ਰਿਵਾਜ ਵੀ ਪੈ ਗਿਆ, ਭਾਵੇਂ ਇਨ੍ਹਾਂ ਕਲਾ-ਰੂਪਾਂ ਵਿਚ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਹਾਲੀ ਮੁਢਲੀ ਤੇ ਅਵਿਗਸਤ ਪੱਧਰ ਦੇ ਪ੍ਰਯੋਗ ਹੀ ਹੋ ਰਹੇ ਸਨ।[99] ਇਸ ਕਾਲ ਵਿਚ ਅਨੁਵਾਦਤ ਕ੍ਰਿਤਾਂ ਜ਼ਰੂਰ ਸਾਹਮਣੇ ਆਈਆਂ, ਜਿਹੜੀਆਂ ਕਲਾ ਦੇ ਪੱਖੋਂ ਉੱਤਮ ਤੇ ਸ੍ਰੇਸ਼ਟ ਆਖੀਆਂ ਜਾ ਸਕਦੀਆਂ ਹਨ ਪਰ ਮੌਲਿਕ ਕ੍ਰਿਤਾਂ ਵਿਚੋਂ ਉਂਗਲਾਂ ਤੇ ਗਿਣੀਆਂ ਜਾਣ ਜੋਗੀਆਂ ਰਚਨਾਵਾਂ ਨੂੰ ਹੀ ਸਫਲ ਆਖਿਆ ਜਾ ਸਕਦਾ ਹੈ। ਈਸਾਈ ਸਾਹਿੱਤ ਵਿਚ 'ਮਲਕਾ ਅਸਤਰ'(ਨਾਟਕ) ਤੇ 'ਜਯੋਤਿਰੁਦਯ'(ਨਾਵਲ), ਭਾਈ ਵੀਰ ਸਿੰਘ ਰਚਿਤ ਤਿੰਨੇ ਅਰਧ-ਇਤਿਹਾਸਕ ਨਾਵਲ (ਸੁੰਦਰੀ, ਬਿਜੈ ਸਿੰਘ ਤੇ ਸਤਵੰਤ ਕੌਰ), ਅਮਰ ਸਿੰਘ ਰਚਿਤ ਸ੍ਰੀਮਤੀ ਕੁਲਵੰਤ ਕੌਰ(ਨਾਵਲ) (1879 ਈ.), ਏਸ਼ੀਆ ਦੀ ਸੈਰ(ਸਫ਼ਰਨਾਮਾ), ਹਜ਼ਾਰੀ ਲਾਲ ਦਾ ਨਾਟਕ 'ਸਭ ਦਿਲ ਪਸੰਦ' ਇਸ ਘੇਰੇ ਵਿਚ ਰੱਖੀਆਂ ਜਾ ਸਕਣ ਵਾਲੀਆਂ ਕਲਾ-ਕ੍ਰਿਤਾਂ ਹਨ। ਮੁਸਲਮਾਨਾਂ ਨੇ ਨਿਰੋਲ ਵਾਰਤਕ ਲਿਖਣ ਵਲ ਤਾਂ ਪੰਜਾਬੀ ਵਿਚ ਬਹੁਤ ਘੱਟ ਰੁਚੀ ਦਿਖਾਈ, ਪਰ ਗਲਪ ਵਿਚ ਈਸਾਈ ਮਿਸ਼ਨਰੀਆਂ ਦੀ ਦੇਖਾ ਦੇਖੀ ਚੌਪਤ੍ਰਿਆਂ ਦੇ ਨਮੂਨੇ ਤੇ, ਕੁਝ ਕਹਾਣੀਆਂ ਜ਼ਰੂਰ ਲਿਖ ਕੇ ਫ਼ਾਰਸੀ ਲਿੱਪੀ ਵਿਚ ਪ੍ਰਕਾਸ਼ਤ ਕੀਤੀਆਂ। ਇਨ੍ਹਾਂ ਵਿਚੋਂ 'ਫੁਲ' ਅਤੇ 'ਫੁਲਵਾੜੀ' ਨਾਂ ਦੇ ਦੋ ਸੰਗ੍ਰਹਿਾਂ ਵਿਚ ਕ੍ਰਮਵਾਰ ਪੰਜ ਤੇ ਦੋ ਕਹਾਣੀਆਂ ਸ਼ਾਮਲ ਹਨ।[100]

---

99. ਇਨ੍ਹਾਂ ਸਿਰਜਣਾਤਮਕ ਕ੍ਰਿਤਾਂ ਸੰਬੰਧੀ 'ਪੰਜਾਬੀ ਭਾਸ਼ਾ ਤੇ ਸਾਹਿੱਤ ਉਤੇ ਪੱਛਮੀ ਪ੍ਰਭਾਵ', 'ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿੱਤ ਨੂੰ ਦੇਣ', 'ਸਿੰਘ ਸਭਾ ਲਹਿਰ ਦਾ ਪੰਜਾਬੀ ਸਾਹਿੱਤ ਉਤੇ ਪ੍ਰਭਾਵ' ਅਤੇ 'ਪੰਜਾਬੀ ਪੱਤਰਕਾਰੀ ਦੀ ਦੇਣ' ਵਾਲੇ ਅਧਿਆਵਾਂ ਵਿਚ ਕਾਫ਼ੀ ਵਿਸਤਾਰ ਵਿਚ ਚਰਚਾ ਕੀਤੀ ਗਈ ਹੈ।

100. ਉਪਲ- ਸਵਿੰਦਰ ਸਿੰਘ, " ਪੰਜਾਬੀ ਸ਼ਾਰਟ ਸਟੋਰੀ " — ਇਟਸ ਓਰਿਜਨ ਐਂਡ ਡਿਵੈਲਪਮੈਂਟ" ਦਿੱਲੀ 1966, ਪੰਨਾ 238, ਉਤੇ 'ਮਾਰ ਵੱਡੀ ਕਿ ਪਿਆਰ" ਨਾਂ ਦੀ ਇਕ ਅਜਿਹੀ ਨਿੱਕੀ ਕਹਾਣੀ ਨਮੂਨੇ ਵਜੋਂ ਦਿੱਤੀ ਹੈ।

ਇਹ ਕਹਾਣੀਆਂ ਬਹੁਤ ਸਾਰੇ ਪੱਖਾਂ ਤੋਂ ਆਧੁਨਿਕ ਨਿੱਕੀ ਕਹਾਣੀ ਦੇ ਕਲਾ-ਪ੍ਰਮਾਣਾਂ ਤੇ ਪੂਰੀਆਂ ਉਤਰਦੀਆਂ ਹਨ, ਭਾਵੇਂ ਇਨ੍ਹਾਂ ਨੂੰ ਅਜੋਕੀ ਦ੍ਰਿਸ਼ਟੀ ਤੋਂ ਉੱਤਮ ਕਹਾਣੀਆਂ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ।

ਉਪਰੋਕਤ ਸੰਖੇਪ

ਇਸ ਤਰ੍ਹਾਂ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਰਚੀ ਗਈ ਪੰਜਾਬੀ ਵਾਰਤਕ ਦੇ/ਸਰਵੇਖਣ ਤੋਂ ਅਸੀਂ ਹੇਠ ਲਿਖੇ ਸਿੱਟਿਆਂ ਤੇ ਪੁਜਦੇ ਹਾਂ:-

(1) ਪੰਜਾਬੀ ਵਾਰਤਕ, ਆਕਾਰ ਪ੍ਰਕਾਰ, ਵਿਸਥਾਰ, ਵੰਨ-ਸਵੰਨਤਾ, ਭਿੰਨਤਾ ਜਾਂ ਅਨੇਕਤਾ ਕਰਕੇ, ਇਸ ਕਾਲ ਵਿਚ, ਪਿਛਲੇ ਸਮੁਚੇ ਇਤਿਹਾਸ ਦੇ ਟਾਕਰੇ ਤੇ ਵੱਧ ਰਚੀ ਗਈ ਤੇ ਇਸ ਦਾ ਬਹੁ-ਪੱਖੀ ਤੇ ਅਨੇਕ ਭਾਂਤੀ ਵਿਕਾਸ ਤਾਂ ਹੋਇਆ, ਪਰ ਸ਼ੈਲੀ ਦੀ ਪਰਪੱਕਤਾ, ਭਾਸ਼ਾ ਤੇ ਸ਼ਬਦ-ਜੋੜਾਂ ਦੀ ਇਕਸਾਰਤਾ, ਬੌਧਿਕ ਤੇ ਸੂਖ਼ਮ ਗੰਭੀਰਤਾ, ਸਾਹਿੱਤਕ ਸੋਹਜ, ਅਨੁਪਮਤਾ ਤੇ ਕਲਾ ਕੌਸ਼ਲਤਾ ਆਦਿ ਦਾ ਨਿਖਾਰ ਜਾਂ ਸੰਚਾਰ ਦਿਖਾਈ ਨਹੀਂ ਦੇਂਦਾ। ਇਸ ਕਾਲ ਨੂੰ ਸਾਹਿੱਤ ਦਾ ਵਾਰਤਕ ਕਾਲ ਵੀ ਕਹਿਣਾ ਉਚਿੱਤ ਨਹੀਂ ਕਿਉਂਜੋ ਗਿਣਤੀ ਜਾਂ ਮਾਤ੍ਰਾ ਦੇ ਪੱਖ ਤੋਂ ਵੀ, ਕਵਿਤਾ ਦੇ ਟਾਕਰੇ ਤੇ ਇਹ ਘੱਟ ਜਾਂ ਬਹੁਤ ਪਿੱਛਾਂਹ ਸੀ।

(2) ਇਸ ਤੱਥ ਵਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਕਾਲ ਵਿਚ ਪਹਿਲੀ ਵਾਰੀ ਸਾਹਿੱਤ ਸਿਰਜਣਾ ਲਈ ਵਾਰਤਕ ਨੂੰ ਵੀ ਕਵਿਤਾ ਜਿੰਨਾ ਹੀ ਮਹੱਤਵ ਦਿੱਤਾ ਗਿਆ, ਅਤੇ ਵਾਰਤਕ-ਕਾਰਾਂ ਨੂੰ ਵੀ ਸਾਹਿਤਕਾਰਾਂ ਦੀ ਪਦਵੀ ਦਿੱਤੀ ਜਾਣ ਲਗ ਪਈ।

(3) ਗੱਦ ਰਚਨਾ ਲਈ ਸ਼ਬਦ ਚੁਨਣ, ਘੜਨ ਜਾਂ ਅਪਨਾਉਣ ਦੇ ਜੋ ਪ੍ਰਯੋਗ ਇਸ ਕਾਲ ਵਿਚ ਹੋਏ, ਉਹ ਬੜੇ ਅਨੋਖੇ, ਵਿਲੱਖਣ , ਮਿਸ਼੍ਰਤ ਤੇ ਮਿਲਗੋਭੇ ਵਾਲੇ ਹਨ, ਕਿਉਂਜੋ ਵਾਰਤਕ ਰਚਨਾ ਲਈ ਸ਼ਬਦਾਵਲੀ ਦੀ ਚੋਣ ਦੀ ਕੋਈ ਨਿਸ਼ਚਿਤ ਵਿਧੀ, ਰੂਪ-ਰੇਖਾ ਜਾਂ ਨਿਯਮਾਵਲੀ ਨਹੀਂ ਸੀ ਉਸਰੀ, ਜਿਸ ਨਾਲ ਭਾਸ਼ਾ ਦਾ ਕੋਈ ਟਕਸਾਲੀ ਤੇ ਬੱਝਵਾਂ ਰੂਪ ਨਿਖਰ ਸਕਦਾ। ਸਭ ਤੋਂ ਪਹਿਲੀ ਗੱਦ ਰਚਨਾ ਦੇ ਨਮੂਨੇ ਸਾਨੂੰ ਈਸਾਈ ਮਿਸ਼ਨਰੀਆਂ ਦੇ ਮਿਲਦੇ ਹਨ। ਜਿਨ੍ਹਾਂ ਨੇ ਤਤਸਮ ਸ਼ਬਦਾਂ ਨੂੰ ਵੱਧ ਤੋਂ ਵੱਧ ਤਦਭਵ ਰੂਪ ਦੇਣ ਦਾ ਯਤਨ ਕੀਤਾ ਤਾਂ ਜੋ ਲਿਖਤ ਲੋਕ-ਉਚਾਰਨ ਤੇ ਆਮ ਬੋਲ ਚਾਲ ਦੇ ਵੱਧ ਤੋਂ ਵੱਧ ਨੇੜੇ ਰੱਖੀ ਜਾ ਸਕੇ। ਬਾਈਬਲ ਦੀ ਥਾਂ ਬੈਬਲ, ਟ੍ਰੈਕਟ ਦੀ ਥਾਂ ਟ੍ਰਾਕਟ, ਪ੍ਰੈਸ ਦੀ ਥਾਂ ਪ੍ਰੇਸ ਆਦਿ ਅਤੇ ਏਸੇ ਤਰ੍ਹਾਂ ਜਗਾ ਦੀ ਥਾਂ ਜਾਗਾ, ਕਰਦੇ ਹਾਂ ਦੀ ਥਾਂ ਕਰਦੇ ਹਾਂਗੇ, ਸੀ ਦੀ ਥਾਂ ਸੇ, ਅਤੇ ਜਾਂ ਤੇ ਦੀ ਥਾਂ ਅਰ ਆਦਿ। ਸ਼ਰਧਾ

ਰਾਮ ਫਿਲੌਰੀ, ਜਿਹੜਾ ਲੁਧਿਆਣਾ ਮਿਸ਼ਨ ਵਿਚ ਅਨੁਵਾਦਕ ਵਜੋਂ ਨਿਯੁਕਤ ਸੀ, ਉਸ ਦੀਆਂ ਲਿਖਤਾਂ ਵਿਚ ਵੀ ਬੋਲ ਚਾਲ ਵਾਲਾ ਲਹਿਜਾ ਪ੍ਰਧਾਨ ਹੈ।

4) ਆਮ ਸ਼ਬਦਾਵਲੀ ਵਿਚ ਵੀ ਤਤਸਮ ਰੂਪ ਬਦਲ ਕੇ ਪੰਜਾਬੀ ਲਹਿਜੇ ਦੇ ਅਨੁਕੂਲ ਬਣਾ ਲਏ ਗਏ ਜਿਵੇਂ ਧਾਰਮਿਕ, ਸਮਾਜਿਕ, ਮੰਦਿਰ, ਪੰਡਿਤ, ਅਧਿਕਾਰ, ਪਰਿਵਾਰ ਦੀ ਥਾਂ ਧਾਰਮਕ, ਸਮਾਜਕ, ਮੰਦਰ, ਪੰਡਤ, ਅਧਕਾਰ, ਪਰਵਾਰ। ਏਸੇ ਤਰ੍ਹਾਂ ਜੁਗਤਿ, ਸੁਕਤਿ, ਧੁਨਿ, ਗੁਰ ਵਾਲੇ ਹ੍ਰਸਵ ਵਿਅੰਜਨ ਵੀ ਬਦਲ ਕੇ ਜੁਗਤੀ, ਸੁਕਤੀ, ਧੁਨੀ ਜਾਂ ਗੁਰੂ ਬਣਾ ਲਏ ਗਏ। ਸੰਯੁਕਤ ਵਿਅੰਜਨਾਂ ਦੀ ਵਰਤੋਂ ਘਟ ਗਈ ਜਿਵੇਂ ਕ੍ਰਿਪਾ ਦੀ ਥਾਂ ਕਿਰਪਾ, ਯਾਤ੍ਰੀ ਦੀ ਥਾਂ ਯਾਤਰੀ, ਪਵਿਤ੍ਰ ਦੀ ਥਾਂ ਪਵਿੱਤਰ ਆਦਿ। 'ਵ' ਤੇ 'ਬ' ਦੀ ਵਰਤੋਂ ਵੀ ਭਿੰਨ ਭਿੰਨ ਹੈ ਤੇ ਕਿਸੇ ਨੇਮ ਅਨੁਸਾਰ ਨਹੀਂ। ਫ਼ਾਰਸੀ ਲਿੱਪੀ ਦੇ ਪ੍ਰਭਾਵ ਕਰਕੇ ਕੁਝ ਕੁਝ ਵਰਣਾ, ਹੇਠ ਬਿੰਦੀ ਪਾਉਣ ਦਾ ਰਿਵਾਜ ਪੈ ਗਿਆ ਸੀ, ਜਿਵੇਂ ਸ/ਸ਼, ਫ/ਫ਼, ਜ/ਜ਼, ਖ/ਖ਼ , ਪਰ ਇਸ ਕਾਲ ਦੇ ਗੱਦ ਲੇਖਕ ਇਸ ਸੰਬੰਧੀ ਬਹੁਤੀ ਬਾਰੀਕੀ ਵਿਚ ਗਏ ਪ੍ਰਤੀਤ ਨਹੀਂ ਹੁੰਦੇ ਤੇ ਲਿਖਤ ਵਿਚ ਦੋਵੇਂ ਰੂਪ ਨਾਲ ਨਾਲ ਵਰਤੇ ਮਿਲਦੇ ਹਨ।

5) ਫ਼ਾਰਸੀ, ਸੰਸਕ੍ਰਿਤ ਤੇ ਬ੍ਰਜੀ ਦੀ ਸ਼ਬਦਾਵਲੀ ਵੀ ਕਾਫ਼ੀ ਘੱਟ ਗਈ, ਪਰ ਪਰਿਭਾਸ਼ਕ, ਧਾਰਮਕ-ਅਧਿਆਤਮਕ ਸ਼ਬਦਾਵਲੀ ਪੁਰਾਣੀ ਹੀ ਰਹੀ। ਬਹੁਤ ਘੱਟ ਗੱਦ-ਰਚਨਾ ਕਰਨ ਦੇ ਬਾਵਜੂਦ, ਮੁਸਲਮਾਨੀ ਲੇਖਕ ਅਰਬੀ ਫਾਰਸੀ ਦੇ ਗੂੜ੍ਹ ਸ਼ਬਦਾਂ ਦਾ ਆਸਰਾ ਲੈਂਦੇ ਰਹੇ, ਹਿੰਦੂ ਲੇਖਕ ਹਿੰਦੀ ਸੰਸਕ੍ਰਿਤ ਨੂੰ ਆਧਾਰ ਬਣਾਉਂਦੇ ਰਹੇ ਅਤੇ ਸਿੱਖ ਲੇਖਕਾਂ ਦੀ ਸ਼ਬਦਾਵਲੀ ਦਾ ਆਧਾਰ ਗੁਰਬਾਣੀ ਹੀ ਰਿਹਾ, ਪਰ ਗੁਰਮਤਿ ਦੀ ਉਹ ਸ਼ਬਦਾਵਲੀ ਜਿਹੜੀ ਭਾਈ ਗੁਰਦਾਸ ਦੀਆਂ ਵਾਰਾਂ ਨਾਲ ਪੰਜਾਬੀ ਕਵਿਤਾ ਵਿਚ ਆ ਗਈ ਸੀ, ਉਹ ਵਾਰਤਕ ਵਿਚ ਇਸ ਕਾਲ ਵਿਚ ਹੀ ਵਰਤੀ ਜਾਣ ਲਗੀ ਜਿਵੇਂ ਸਾਧ ਸੰਗਤ, ਗੁਰ ਸਿਖ, ਗੁਰਮੁਖ ਪੰਥ ਅਗੰਮ, ਗੁਰ ਚਰਣੀ, ਪਿਰਮ ਰਸ ਆਦਿ। ਕੁਝ ਗੱਦ ਲੇਖਕਾਂ ਦੀਆਂ ਲਿਖਤਾਂ ਵਿਚ, ਖ਼ਾਸ ਤੌਰ ਤੇ ਪੱਤਰ ਪੱਤਰਕਾਵਾਂ ਵਿਚ ਅੰਗਰੇਜ਼ੀ ਦੇ ਤਤਸਮ ਤੇ ਤਦਭਵ ਦੋਵੇਂ ਰੂਪ ਵਰਤੇ ਮਿਲਦੇ ਹਨ। ਪਰ ਭਾਸ਼ਾ ਜਾਂ ਸ਼ਬਦਾਵਲੀ ਦੀ ਚੋਣ ਵਿਚ ਲੋਕ ਪੱਧਰ ਤੇ ਲੋਕ-ਰੁਚੀ ਦਾ ਵਿਸ਼ੇਸ਼ ਤੌਰ ਤੇ ਖ਼ਿਆਲ ਰੱਖਿਆ ਜਾਂਦਾ ਸੀ, ਕਿਉਂਜੋ ਵਾਰਤਕ ਨੂੰ ਪਹਿਲੀ ਵਾਰੀ ਆਮ ਲੋਕਾਂ ਦੇ ਪੜ੍ਹਨ ਲਈ ਲਿਖਿਆ ਜਾਣ ਲੱਗਾ। ਮੁਢਲੀਆਂ ਈਸਾਈ ਲਿਖਤਾਂ ਵਿਚ ਜਿਥੇ ਮਲਵਈ ਰੰਗ ਪ੍ਰਧਾਨ ਸੀ, ਉਥੇ ਲਾਹੌਰ ਤੇ ਅੰਮ੍ਰਿਤਸਰ ਦੇ ਸਾਹਿੱਤਕ ਕੇਂਦਰ ਬਣਨ ਨਾਲ ਸਾਹਿੱਤਕ ਭਾਸ਼ਾ ਮਾਝੀ ਨੂੰ ਹੀ ਸਵੀਕਾਰਿਆ, ਸਤਿਕਾਰਿਆ ਤੇ ਪ੍ਰਚਾਰਿਆ ਜਾਣ ਲੱਗਾ।

6) ਜਿਥੋਂ ਤਕ ਸ਼ਬਦ-ਜੋੜਾਂ ਦਾ ਸੰਬੰਧ ਹੈ, ਇਸ ਦਾ ਵੀ ਕੋਈ ਠੁਕ ਹਾਲੀ ਨਹੀਂ ਸੀ ਬੱਝਾ। ਇਕੋ ਵਾਕ ਵਿਚ ਇਕੋ ਸ਼ਬਦ ਦੇ ਭਿੰਨ ਭਿੰਨ ਸ਼ਬਦ-ਜੋੜ ਮਿਲਦੇ ਹਨ ਜਿਵੇਂ ਸਿਖਿਆ, ਸਿਖਯਾ, ਆਗਿਆ, ਆਗਯਾ, ਆਇਆ, ਆਯਾ, ਗਿਆ, ਗਿਯਾ, ਗਯਾ, ਗਿਆਨੀ, ਗਯਾਨੀ, ਮਜ਼ਬ, ਮਜ਼ਬ, ਮਜ਼ਹਬ, ਜਾਂ ਮਜ਼ੁਬ, ਜਾਂ ਪੜਾਈ, ਪੜ੍ਹਾਈ, ਪੜ੍ਹਨ੍ਹ, ਪੜਣਾ ਆਦਿ। ਇਸੇ ਤਰ੍ਹਾਂ ਸ਼ਬਦ-ਜੋੜਾਂ ਦੀ ਹੋਰ ਭਿੰਨਤਾ, ਅੱਜ ਸਾਨੂੰ ਰੜਕਦੀ ਵੀ ਹੈ ਤੇ ਓਪਰੀ ਵੀ ਲਗਦੀ ਹੈ ਜਿਵੇਂ - ਲਈਯੇ, ਲਇਏ, ਲਈਏ, ਤਰ੍ਹਾਂ, ਤਰਾਂ, ਤ੍ਰਾਂ, ਉਸ, ਹੁਸ, ਹੂਸ, ਅਜੇਹਾ, ਅਜਿਹਾ, ਅਜੇਆ, ਏਹ, ਇਹ, ਏਹਿ, ਏਨਾ/ਇਤਨਾ/ਏਤਨਾ। ਸਭ ਤੋਂ ਵੱਧ ਬੇਧਿਆਨੀ 'ਨ' ਤੇ 'ਣ' ਦੀ ਵਰਤੋਂ ਵਿਚ ਸਾਹਮਣੇ ਆਉਂਦੀ ਹੈ। ਅੱਧਕ ਹੈ ਵੀ ਤੇ ਨਹੀਂ ਵੀ। ਸ਼ਬਦ-ਜੋੜਾਂ ਦੀ ਇਕਸਾਰਤਾ ਤਾਂ ਵੀਹਵੀਂ ਸਦੀ ਦੇ ਮੁਢ ਵਿਚ ਆਉਣ ਲਗ ਪਈ ਸੀ ਪਰ ਸ਼ਬਦ-ਜੋੜਾਂ ਦੀ ਪ੍ਰਮਾਣਿਕਤਾ ਦਾ ਨਿਰਣਾ ਅੱਜ ਤਕ ਵੀ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ।

7) ਵਾਕ-ਬਣਤਰ ਦੇ ਪੱਖੋਂ ਵੀ ਇਸ ਕਾਲ ਦੀ ਵਾਰਤਕ ਤ੍ਰਿਹੀਵੀਂ ਸਦੀ ਦੇ ਅਖ਼ੀਰ ਤਕ ਸਥਿਰ ਹੋ ਗਈ ਪ੍ਰਤੀਤ ਹੁੰਦੀ ਹੈ। ਇਸ ਕਾਲ ਦੇ ਪਹਿਲੇ ਕੁਝ ਦਹਾਕਿਆਂ ਵਿਚ ਲਿਖੀ ਗਈ ਵਾਰਤਕ ਵਿਚ ਵਾਕ-ਰਚਨਾ ਪੁਰਾਤਨ ਢੰਗ ਦੀ ਹੈ ਜਿਹੜੀ ਬੋਲ ਚਾਲ ਵਾਂਗ ਹੀ ਚਲਦੀ ਹੈ। ਵਾਕ ਬਿਲਕੁਲ ਸਾਦਾ ਹੁੰਦੇ ਸਨ ਪਰ ਪਿਛੋਂ ਪੜਨਾਵਾਂ, ਵਿਸ਼ੇਸ਼ਣਾਂ, ਕਿਰਿਆ-ਵਿਸ਼ੇਸ਼ਣਾਂ, ਯੋਜਕਾਂ ਤੇ ਸੰਬੰਧਕਾਂ ਦੇ ਰੂਪ ਤੇ ਵਰਤੋਂ ਨੇ ਵਾਰਤਕ ਵਿਚ ਸਥਿਰਤਾ ਲੈ ਆਂਦੀ। ਵਿਭਗਤੀਆਂ, ਅਗੇਤਰ, ਪਛੇਤਰ ਲੋਪ ਹੋਣ ਲਗੇ। ਵਿਸਰਾਮ ਚਿੰਨ੍ਹਾਂ ਦੀ ਵਰਤੋਂ ਵੀ ਪਹਿਲੀ ਵਾਰੀ ਈਸਾਈ ਲਿਖਤਾਂ ਰਾਹੀਂ ਹੀ ਆਈ ਪਰ ਪੰਜਾਬੀ ਵਿਦਵਾਨਾਂ ਦੀਆਂ ਲਿਖਤਾਂ ਵਿਚ ਇਨ੍ਹਾਂ ਚਿੰਨ੍ਹਾਂ ਦੀ ਜਾਂ ਤਾਂ ਡੰਡਾ ਹੀ ਵਰਤੋਂ ਨਹੀਂ ਸੀ ਹੁੰਦੀ, ਜਾਂ ਫੇਰ ਅਧੂਰੀ ਹੁੰਦੀ ਸੀ, ਵਿਸ਼ੇਸ਼ ਤੌਰ ਤੇ " ; ! ਤੇ "?" ਦੇ ਨਿਸ਼ਾਨ ਬਹੁਤ ਘੱਟ ਮਿਲਦੇ ਹਨ। ਲਿੱਥੋ ਜਾਂ ਪੱਥਰ ਦੇ ਛਾਪੇ ਵਿਚ ਕਾਤਬਾਂ ਦੀ ਅਣਗਹਿਲੀ ਕਰ ਕੇ ਵੀ ਅਜਿਹਾ ਸੰਭਵ ਸੀ, ਪਰ ਟਾਈਪ ਦੇ ਆ ਜਾਣ ਨਾਲ ਵੀ ਇਹ ਭੁਲਾਂ ਕਾਇਮ ਰਹੀਆਂ।

8) ਪੰਜਾਬੀ ਭਾਸ਼ਾ ਦੇ ਮੁਢਲੇ ਵਿਆਕਰਣ ਪੱਛਮੀ ਵਿਦਵਾਨਾਂ ਵਲੋਂ ਅੰਗਰੇਜ਼ੀ ਢੰਗ ਦੇ ਲਿਖੇ ਗਏ । ਲਾਲਾ ਬਿਹਾਰੀ ਲਾਲ ਪੁਰੀ ਨੇ 1867 ਈ. ਵਿਚ ਸੰਸਕ੍ਰਿਤ ਵਿਆਕਰਣ ਦੇ ਆਧਾਰ ਤੇ ਪਹਿਲਾ ਪੰਜਾਬੀ ਵਿਆਕਰਣ ਤਿਆਰ ਕੀਤਾ। ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਉਰਦੂ ਹੋਣ ਕਰਕੇ , ਤੇ ਪੰਜਾਬੀ ਤੇ ਉਰਦੂ ਵਿਆਕਰਣ ਵਿਚ ਬਹੁਤਾ ਅੰਤਰ

ਨਾ ਹੋਣ ਕਰਕੇ , ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਲਿਖੀਆਂ ਗਈਆਂ ਪਾਠ-ਪੁਸਤਕਾਂ ਵਿਚ ਇਹੀ ਵਿਆਕਰਣਕ ਨਿਯਮ ਲਾਗੂ ਕੀਤੇ ਗਏ ਤੇ ਪੜ੍ਹੇ ਲਿਖੇ ਸਾਹਿੱਤਕਾਰਾਂ ਨੇ ਏਸੇ ਨੂੰ ਨਿਭਾਇਆ।

੭) ਇਸ ਕਾਲ ਦੀ ਵਾਰਤਕ ਰਚਨਾ ਵਿਚ ਵਿਸ਼ੇ ਦੀ ਉਸਾਰੀ ਵਿਚ ਤਰਤੀਬ ਤੇ ਇਕਾਗਰਤਾ ਆ ਗਈ। ਸਮੁੱਚੀ ਰਚਨਾ ਵਿਚ ਵਿਸ਼ੇ ਦੀ ਲੜੀ ਦੇ ਅਨੁਕੂਲ ਵਾਕਾਂ ਨੂੰ ਪੈਰ੍ਹਿਆਂ ਵਿਚ ਉਸਾਰਨ ਤੇ ਸਮੁੱਚੀ ਲਿਖਤ ਨੂੰ ਬਾਕਾਇਦਗੀ ਦੇਣ ਦੀ ਰੀਝ ਪ੍ਰਤੱਖ ਦੇਖੀ ਜਾ ਸਕਦੀ ਹੈ। ਵਿਸ਼ੇ ਬੇਸ਼ੱਕ ਬਹੁਤੇ ਧਾਰਮਕ ਤੇ ਸੁਧਾਰਕ ਹੀ ਸਨ ਪਰ ਕਿਧਰੇ ਕਿਧਰੇ ਹੋਰ ਸਮਕਾਲੀ ਸਮੱਸਿਆਵਾਂ ਜਾਂ ਲੋਕ-ਰੁਚੀਆਂ ਵਾਲੇ ਵਿਸ਼ੇ ਵੀ ਗੱਦ ਦਾ ਅੰਗ ਬਨਣ ਲਗ ਪਏ ਸਨ। ਵਿਸ਼ਿਆਂ ਦੀ ਉਸਾਰੀ ਵਿਚ ਸ਼ਰਧਾ ਤੇ ਭਾਵੁਕਤਾ ਦੀ ਰੁਚੀ ਨੇ ਰੋਮਾਂਸ ਦਾ ਅੰਸ਼ ਲੈ ਆਂਦਾ ਪਰ ਨਵੀਂ ਉਪਜ ਰਹੀ ਬੌਧਿਕ ਚੇਤਨੰਤਾ ਤੇ ਨਿਆਇ-ਸ਼ੀਲਤਾ, ਨਾਲ ਯਥਾਰਥਕਤਾ ਵੀ ਆ ਗਈ। ਵਾਰਤਕ ਸੂਤਰਕ ਸੰਕੇਤਾਂ ਵਾਲੀ, ਗੁਟ ਜਾਂ ਸੰਜੋਗਾਤਮਕ ਹੋਣ ਦੀ ਥਾਂ ਵਿਯੋਗਾਤਮਕ, ਵਿਸਤਾਰਕ ਤੇ ਬ੍ਰਿਤਾਂਤਕ ਰੂਪ ਵਾਲੀ ਹੋ ਗਈ।

ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਵਾਰਤਕ ਸਾਹਿੱਤ ਦੇ ਸ਼ੈਲੀਗਤ ਸਰੂਪ ਵਿਚ ਨਿਖਾਰ, ਨਿਸ਼ਚਿਤਤਾ ਤੇ ਸਥਿਰਤਾ ਆਉਣ ਲਗ ਪਈ ਸੀ ਤੇ ਭਾਈ ਵੀਰ ਸਿੰਘ ਵਰਗੇ ਸੁਲਝੇ ਹੋਏ ਵਿਦਵਾਨ ਲੇਖਕਾਂ ਦੇ ਹੱਥਾਂ ਵਿਚ ਪੰਜਾਬੀ ਵਾਰਤਕ ਸਿੱਧੀ, ਸਾਦਾ, ਸਰਲ, ਸਪੱਸ਼ਟ, ਭਾਵ-ਪ੍ਰਗਟਾਊ, ਲੈ ਤੇ ਸੋਹਜ-ਭਰਪੂਰ ਹੋ ਗਈ ਅਤੇ ਵੀਹਵੀਂ ਸਦੀ ਵਿਚ ਉਘੜਨ ਵਾਲੀ ਇਸ ਦੀ ਨੁਹਾਰ ਦੇ ਕੁਝ ਕੁ ਪ੍ਰਤੱਖ ਪ੍ਰਮਾਣ ਸਾਹਮਣੇ ਆਉਣ ਲੱਗ ਪਏ।

*****

ਅਧਿਆਇ ਨੌਵਾਂ

# ਕਾਵਿ-ਸਾਹਿੱਤ ਦਾ ਸਰਵੇਖਣ

## ਕਾਵਿ-ਸਾਹਿੱਤ ਦਾ ਸਰਵੇਖਣ

ਪੰਜਾਬੀ ਸਾਹਿੱਤ ਦੇ ਲਗ ਭਗ ਸਾਰੇ ਇਤਿਹਾਸਕਾਰਾਂ ਨੇ 1849 ਈ. ਵਿਚ ਪੰਜਾਬ ਉੱਤੇ ਅੰਗਰੇਜ਼ੀ ਅਧਿਕਾਰ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਰਚੇ ਗਏ ਸਾਹਿੱਤ ਨੂੰ ਪਰਿਵਰਤਨ ਕਾਲ ਦਾ ਸਾਹਿੱਤ ਆਖਿਆ ਹੈ , ਅਰਥਾਤ ਨਵੇਂ ਰਾਜ-ਪ੍ਰਬੰਧ ਅਧੀਨ ਜੋ ਰਾਜਸੀ, ਸਮਾਜਕ, ਆਰਥਕ ਤੇ ਭਾਈਚਾਰਕ ਪਰਿਵਰਤਨ ਆਇਆ, ਉਸ ਨੇ ਸਾਹਿੱਤ ਵਿਚ ਵੀ ਪਰਿਵਰਤਨ ਲੈ ਆਂਦਾ, ਪਰ ਜੇ ਗਹੁ ਨਾਲ ਵੇਖੀਏ ਤਾਂ ਸਾਹਿੱਤ ਜਗਤ ਵਿਚ ਇਹ ਪਰਿਵਰਤਨ ਕੇਵਲ ਵਸਤਕ ਦੀ ਉਪਜ, ਨੁਹਾਰ, ਗਤੀ ਤੇ ਭਿੰਨਤਾ ਜਾਂ ਵੰਨ-ਸਵੰਨਤਾ ਵਿਚ ਆਇਆ । ਜਿੱਥੋਂ ਤਕ ਕਾਵਿ ਸਿਰਜਣਾ ਦਾ ਸੰਬੰਧ ਹੈ, ਕੋਈ ਵੀ ਉੱਘੜਵਾਂ, ਨਿਵੇਕਲਾ, ਨਵੀਨ ਜਾਂ ਪਰਿਵਰਤਤ ਰੂਪ ਸਾਹਮਣੇ ਨਹੀਂ ਆਇਆ, ਜਿਸ ਨੂੰ ਪੁਰਾਣੀ ਚਲੀ ਆ ਰਹੀ ਪਰੰਪਰਾ, ਰਵਾਇਤ ਜਾਂ ਲੀਹ ਤੋਂ ਨਿਖੇੜ ਕੇ ਕੋਈ ਵੱਖਰਾ ਨਾਂ ਦਿੱਤਾ ਜਾ ਸਕੇ। ਭਾਵੇਂ ਡਾਕਟਰ ਮੋਹਨ ਸਿੰਘ ਨੇ 1860 ਈਸਵੀ ਤੋਂ ਪਿੱਛੋਂ ਦੀ ਰਚੀ ਗਈ ਪੰਜਾਬੀ ਕਵਿਤਾ ਨੂੰ ਆਧੁਨਿਕ ਕਵਿਤਾ [1] ਦਾ ਨਾਂ ਦੇ ਦਿੱਤਾ ਹੈ, ਪਰ ਵਾਸਤਵ ਵਿਚ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਰਚੀ ਗਈ ਕਵਿਤਾ ਵਿਚ ਆਧੁਨਿਕਤਾ ਦੇ ਅੰਸ਼, ਨਾਮ-ਮਾਤ੍ਰ ਹੀ ਦਿਖਾਈ ਦਿੰਦੇ ਹਨ ਅਤੇ ਵਿਸ਼ੇ, ਰੂਪ, ਨਿਭਾ, ਸ਼ਬਦਾਵਲੀ ਜਾਂ ਬਿੰਬਾਵਲੀ ਸਭ ਉੱਤੇ ਪਰੰਪਰਾ ਜਾਂ ਰਵਾਇਤ ਦੀ ਪ੍ਰਧਾਨਤਾ ਪ੍ਰਤੱਖ ਦਿਖਾਈ ਦਿੰਦੀ ਹੈ। ਜਿੱਥੇ ਇਸ ਕਾਲ ਵਿਚ ਗੱਦ ਸਾਹਿੱਤ ਵਿਚ ਆਏ ਪਰਿਵਰਤਨ, ਇਸ ਨੂੰ ਪੁਰਾਤਨਤਾ ਨਾਲੋਂ ਸਪੱਸ਼ਟ ਭਾਂਤ ਨਿਖੇੜਦੇ ਹਨ, ਉਥੇ ਕਾਵਿ-ਸਾਹਿੱਤ ਬਾਰੇ ਇਹ ਗੱਲ ਆਖਣੀ ਔਖੀ ਹੈ। ਪਰਿਵਰਤਨ ਜਾਂ ਆਧੁਨਿਕਤਾ ਦੇ ਕਿਧਰੇ ਕਿਧਰੇ ਸਹਿਜ ਸੁਭਾ ਇਸ਼ਾਰੇ ਤਾਂ ਮਿਲਦੇ ਹਨ ਜਿਹੜੇ ਨਵੀਂ ਉਪਜ ਰਹੀ ਜਾਗ੍ਰਤੀ ਦੇ ਲਖਾਇਕ ਆਖੇ ਜਾ ਸਕਦੇ ਹਨ, ਪਰ ਇਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਆਧੁਨਿਕ ਕਵਿਤਾ ਦਾ ਨਾਂ ਨਹੀਂ ਦਿੱਤਾ ਜਾ ਸਕਦਾ।[2] ਇਸ ਰਚੇ ਗਏ ਸਾਹਿੱਤ ਵਿਚ 70% ਕਵਿਤਾ ਸੀ ਤੇ ਕਵਿਤਾ[3] ਵਿਚ

---

1. ਮੋਹਣ ਸਿੰਘ, ਦੀਵਾਨਾ(ਡਾ:), 'ਆਧੁਨਿਕ ਪੰਜਾਬੀ ਕਵਿਤਾ' (1860-1940 ਈ.) ਲਾਹੌਰ, 1941 ਈ., ਪੰਨਾ 5-7.
2. ਕੋਹਲੀ, ਸੁਰਿੰਦਰ ਸਿੰਘ(ਡਾ:), "(ਆਧੁਨਿਕ ਕਾਲ ਤੋਂ ਪਹਿਲਾਂ) ਪੰਜਾਬੀ ਕਵਿਤਾ ਵਿਚ ਉਹੋ ਪੁਰਾਣੇ ਕਿੱਸੇ ਮੁੜ ਮੁੜਕੇ ਲਿਖੇ ਜਾ ਰਹੇ ਸਨ। ਜਿਹੜਾ ਰੰਗ ਕਿਸੇ ਸਮੇਂ ਵਾਰਿਸ ਸ਼ਾਹ ਨੇ ਜਾਂ ਹਾਸ਼ਮ ਸ਼ਾਹ ਨੇ ਬੱਧਾ ਸੀ, ਇਹ ਉਸ ਕਵਿਤਾ ਵਿਚ ਬਿਲਕੁਲ ਨਹੀਂ ਸੀ। ਜਿਹੜਾ ਕਵੀ ਉੱਠਦਾ ਹੀਰ ਦਾ, ਸੋਹਣੀ ਦਾ, ਜਾਂ ਸੱਸੀ ਦਾ ਕਿੱਸਾ ਲਿਖ ਛੱਡਦਾ। ਨਵੇਂ ਖ਼ਿਆਲ ਉਹਨੇ ਕਿੱਥੋਂ ਲਿਆਉਣੇ ਸਨ, ਉਹੀ ਪੁਰਾਣੀ ਕਹਾਣੀ, ਉਹੀ ਪੁਰਾਣੇ ਅਲੰਕਾਰ, ਨਵੀਨਤਾ ਦਾ ਨਾਂ ਨਹੀਂ ਸੀ ਰਿਹਾ। ਇਹੋ ਕਾਰਨ ਸੀ ਕਿ ਸਾਹਿੱਤ ਬੇਜਾਨ ਤੇ ਬੇ-ਹਿਸ ਜਿਹਾ ਹੋ ਰਿਹਾ ਸੀ। ਮੁੜ ਮੁੜ ਕੇ ਉਹੀ ਚੀਜ਼ ਗਾਈ ਜਾਣੀ ਬੜੀ ਬੇ-ਸੁਆਦੀ ਜਿਹੀ ਹੋ ਜਾਂਦੀ ਹੈ। ਭਗਵਾਨ ਸਿੰਘ, ਕਾਹਨ ਸਿੰਘ, ਜੋਗ ਸਿੰਘ, ਕਾਲੀ ਦਾਸ, ਕਿਸ਼ਨ ਸਿੰਘ ਆਦਿ ਕਵੀ ਪੁਰਾਣੇ ਤੇ ਰਵਾਇਤੀ ਰੰਗ ਵਿਚ ਰੰਗੇ ਰਹੇ"
   'ਲਾਲਾ ਕਿਰਪਾ ਸਾਗਰ ਤੇ ਉਨ੍ਹਾਂ ਦੀ ਕਵਿਤਾ', ਲੁਧਿਆਣਾ 1951, ਪੰਨਾ 43.'
3. 1873 ਤੋਂ 1900 ਈ. ਤਕ ਦੀਆਂ ਪੰਜਾਬੀ ਪ੍ਰਕਾਸ਼ਨਾਵਾਂ ਦਾ ਅੰਤਿਕਾ ਵਿਚ ਦਿੱਤਾ ਗਿਆ ਚਾਰਟ ਵੇਖੋ।

ਵੀ ਮੁੱਖ ਅਸਥਾਨ ਕਿੱਸਾ-ਕਾਰੀ ਨੂੰ ਪ੍ਰਾਪਤ ਸੀ ਜਾਂ ਫੇਰ ਸੰਪਰਦਾਇਕ ਤੇ ਧਾਰਮਕ ਵਿਸ਼ਿਆਂ ਨਾਲ ਸੰਬੰਧਿਤ ਕਾਵਿ-ਸਿਰਜਨਾ ਹੁੰਦੀ ਸੀ, ਜਿਹੜੀ ਵਰਤਮਾਨ ਨਾਲੋਂ ਵੱਧ ਆਪਣੇ ਵਿਰਸੇ ਦੀ ਗੌਰਵਤਾ ਨੂੰ ਦਰਸਾਉਣ ਲਈ ਲਿਖੀ ਜਾਂਦੀ ਸੀ। ਸਮੁੱਚੇ ਸਾਹਿੱਤ ਦੀ ਉਪਜ, ਗਤੀ, ਪ੍ਰਵਿਰਤੀ, ਲੱਛਣ ਜਾਂ ਸੁਭਾ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਵੀਹਵੀਂ ਸਦੀ ਦੇ ਚੜ੍ਹਾ ਤੋਂ ਪਹਿਲਾਂ ਜਿੱਥੇ ਵਾਰਤਕ ਵਿਚ ਪਰਿਵਰਤਨ ਕਾਲ ਦਾ ਆਰੰਭ ਹੋ ਚੁੱਕਾ ਸੀ, ਉੱਥੇ ਕਵਿਤਾ ਹਾਲੀ ਜਾਗ੍ਰਤੀ ਦੀ ਅਵਸਥਾ ਵਿੱਚੋਂ ਨਹੀਂ ਸੀ ਨਿਕਲੀ, ਭਾਵੇਂ ਸਾਡੇ ਅਧਿਐਨ ਕਾਲ ਵਿਚ ਰਚੀ ਗਈ ਕਵਿਤਾ ਕੁਝ ਕੁ ਹੋਰ ਪੱਖਾਂ ਤੋਂ ਵਿਲੱਖਣਤਾ ਦੀ ਧਾਰਨੀ ਜ਼ਰੂਰ ਹੈ, ਜਿਨ੍ਹਾਂ ਪੱਖਾਂ ਦਾ ਵਿਵੇਚਨ ਤੇ ਵਿਸ਼ਲੇਸ਼ਣ ਹੀ ਇਸ ਅਧਿਆਇ ਦਾ ਮੂਲ-ਮਨੋਰਥ ਹੈ। ਕਵਿਤਾ ਦੇ ਸੰਬੰਧ ਵਿਚ ਇਕ ਤੱਥ ਹੋਰ ਵੀ ਸਾਡੇ ਧਿਆਨ ਗੋਚਰੇ ਹੈ, ਕਿਉਂਕਿ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੇ ਦੂਜੇ ਅੱਧ ਵਿਚ ਕੁਝ ਪੱਖਾਂ ਤੋਂ ਬਹੁਤ ਗੂੜ੍ਹੀ ਤੇ ਡੂੰਘੀ ਸਾਂਝ ਹੈ, ਭਾਵੇਂ ਪਹਿਲਾ ਅੱਧ ਸਿੱਖ ਰਾਜ ਦਾ ਸਮਾਂ ਸੀ ਅਤੇ ਦੂਜਾ ਅੱਧ ਅੰਗਰੇਜ਼ੀ ਰਾਜ ਦਾ। ਰਾਜਸੀ, ਸਮਾਜਕ ਤੇ ਆਰਥਕ ਪ੍ਰਸਥਿਤੀਆਂ ਦੇ ਭਿੰਨ ਭਿੰਨ ਹੋਣ ਦੇ ਬਾਵਜੂਦ ਕਾਵਿ ਸਿਰਜਣਾ ਵਿਚ ਸਮਾਨਤਾ ਵੀ ਸਾਡੇ ਉਪਰੋਕਤ ਮੱਤ ਦੀ ਪੁਸ਼ਟੀ ਕਰਦੀ ਹੈ ਕਿ ਵੀਹਵੀਂ ਸਦੀ ਤੋਂ ਪਹਿਲਾਂ ਪੰਜਾਬੀ ਕਵਿਤਾ ਵਿਚ ਪਰਿਵਰਤਨ[4] ਕਾਲ ਦਾ ਵੀ ਆਰੰਭ ਨਹੀਂ ਸੀ ਹੋਇਆ, ਆਧੁਨਿਕ ਕਾਲ ਆਖਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।

ਉਨ੍ਹੀਵੀਂ ਸਦੀ, ਸਾਰੀ ਦੀ ਸਾਰੀ, ਕਿੱਸਾ ਕਾਵਿ ਜਾਂ ਰੋਮਾਂਟਿਕ ਕਾਵਿ ਪ੍ਰਧਾਨ ਸੀ। ਪਹਿਲੇ ਅੱਧ ਵਿਚ ਕਿੱਸਿਆਂ ਦੀ ਜਿੰਨੀ ਉਪਜ ਹੋਈ, ਉਨੀ ਸਾਰੇ ਪੁਰਾਤਨ ਸਾਹਿੱਤ ਵਿਚ ਦੇਖਣ ਵਿਚ ਨਹੀਂ ਆਉਂਦੀ ਅਤੇ ਦੂਜੇ ਅੱਧ ਵਿਚ ਇਸ ਦੀ ਮਾਤ੍ਰਾ ਸਮੁੱਚੇ ਕਿੱਸਾ ਕਾਵਿ ਦੇ ਟਾਕਰੇ ਤੇ ਏਨੀ ਵੱਧ ਹੈ ਕਿ ਇਨ੍ਹਾਂ ਪੰਜਾਹ ਵਰ੍ਹਿਆਂ ਨੂੰ ਜੇ ਗੁਣਾਤਮਕ ਨਹੀਂ ਤਾਂ ਘੱਟੋ ਘੱਟ ਗਿਣਾਤਮਕ ਪੱਖ ਤੋਂ ਕਿੱਸਾ ਕਾਵਿ ਦਾ ਸੁਨਹਿਰੀ ਕਾਲ ਆਖਿਆ ਜਾ ਸਕਦਾ ਹੈ।[5] ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਪੈਦਾ

---

4. ਰੰਧਾਵਾ, ਮਹਿੰਦਰ ਸਿੰਘ, 'ਪੰਜਾਬ' (ਸੰਪਾਦਤ) ਪੰਨਾ 431 ਉਤੇ ਪ੍ਰੋ.ਮੋਹਨ ਸਿੰਘ ਲਿਖਦਾ ਹੈ, " ਉਨ੍ਹੀਵੀਂ ਸਦੀ ਦੇ ਦੂਜੇ ਪੰਜਾਹਵੇਂ ਨੂੰ ਪਰਿਵਰਤਨ ਕਾਲ ਦਾ ਨਾਂ ਦੇਣਾ ਮੁਨਾਸਬ ਸਮਝਿਆ ਹੈ ਕਿਉਂਕਿ ਇਸ ਸਮੇਂ ਵਿਚ ਸਾਡੇ ਸਾਹਿੱਤ ਤੋਂ ਪਿਛਲੀ ਕੁੰਜ ਲੱਥੀ ਤੇ ਪੱਛਮੀ ਰੰਗ ਵਾਲੀ ਨਵੀਂ ਕੁੰਜ ਚੜ੍ਹੀ। " ( ਇਹ ਰਾਏ ਕਾਵਿ-ਸਾਹਿੱਤ, ਉਤੇ ਲਾਗੂ ਨਹੀਂ ਹੁੰਦੀ, ਵਾਰਤਕ ਸੰਬੰਧੀ ਜ਼ਰੂਰ ਆਖਿਆ ਜਾ ਸਕਦਾ ਹੈ )

5 ੳ) ਸਿੰਗਲ - ਧਰਮ ਪਾਲ, 'ਪੰਜਾਬੀ ਕਵਿਤਾ ਦਾ ਵਿਕਾਸ', 1901-1925, ਲੁਧਿਆਣਾ, 1970 ਪੰਨਾ 17 (ਪੀ-ਐਚ.ਡੀ. ਥੀਸਿਸ)

ਅ) ਸੀਤਲਜੀਤ ਸਿੰਘ (ਡਾ:), "ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ", ਪਟਿਆਲਾ 1974, ਪੰਨਾ 399

ੲ) ਭੋਗਲ, ਪਿਆਰਾ ਸਿੰਘ, 'ਪੰਜਾਬੀ ਕਵਿਤਾ ਦੇ ਸੌ ਸਾਲ', ਜਲੰਧਰ, 1955, ਪੰਨਾ 4.

ਹੋਏ ਜਾਂ ਕਾਵਿ-ਜਗਤ ਵਿਚ ਪ੍ਰਵੇਸ਼ ਕਰ ਚੁਕੇ ਕੁਝ ਕੁ ਸਾਹਿੱਤਕਾਰ[6] ਦੂਜੇ ਅੱਧ ਵਿਚ ਸਾਹਿੱਤ ਸਿਰਜਣਾ ਕਰਦੇ ਰਹੇ। ਏਸੇ ਤਰ੍ਹਾਂ ਉਨ੍ਹੀਵੀਂ ਸਦੀ ਦੇ ਕੁਝ ਕੁ ਉਘੇ ਕਵੀ[7] ਵੀਹਵੀਂ ਸਦੀ ਵਿਚ ਵੀ ਏਸੇ ਪਰੰਪਰਾ ਨੂੰ ਨਿਭਾਉਂਦੇ ਰਹੇ। ਇਸ ਲਈ ਕਿੱਸਾ ਕਾਵਿ ਦੇ ਇਸ ਦੌਰ ਨੂੰ ਕੇਵਲ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਤਕ ਕਰੜੀ ਤਰ੍ਹਾਂ ਸੀਮਤ ਕਰਕੇ, ਨਾਂ ਤਾਂ ਇਸ ਕਾਵਿ ਦੇ ਲੱਛਣਾਂ ਤੇ ਨਾ ਹੀ ਪ੍ਰਵਿਰਤੀਆਂ ਦਾ ਸਹੀ ਮੁਲਾਂਕਣ ਹੋ ਸਕੇਗਾ।

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਰਚੀ ਗਈ ਸਮੁੱਚੀ ਕਵਿਤਾ ਨੂੰ ਅਸੀਂ ਹੇਠ ਲਿਖੇ ਮੁਖ ਅੰਗਾਂ ਜਾਂ ਵਰਗਾਂ ਵਿਚ ਵੰਡ ਸਕਦੇ ਹਾਂ:-

ੳ) ਕਵੀ ਦਰਬਾਰੀ ਜਾਂ ਸਟੇਜੀ ਕਵਿਤਾ

ਅ) ਕਿੱਸਾ ਕਾਰੀ

ੲ) ਬੀਰ-ਕਾਵਿ

ਸ) ਸੂਫ਼ੀ ਕਾਵਿ

ਹ) ਸੰਪਰਦਾਈ ਜਾਂ ਧਾਰਮਕ ਕਵਿਤਾ

ਕ) ਫੁਟਕਲ

(ੳ) ਕਵੀ ਦਰਬਾਰੀ ਜਾਂ ਸਟੇਜੀ ਕਵਿਤਾ:

ਪੰਜਾਬ ਉਤੇ ਅੰਗਰੇਜ਼ੀ ਕਬਜ਼ੇ ਪਿਛੋਂ, ਉਰਦੂ ਦੇ ਪ੍ਰਸਿੱਧ ਵਿਦਵਾਨ ਮੌਲਾਨਾਂ ਹਾਲੀ ਤੇ ਮੌਲਾਨਾ ਮੁਹੰਮਦ ਹੁਸੈਨ ਆਜ਼ਾਦ ਲਾਹੌਰ ਆ ਗਏ। ਉਰਦੂ ਦੇ ਸਰਕਾਰੀ ਜ਼ੁਬਾਨ ਤੇ ਸਿੱਖਿਆ ਦਾ ਮਾਧਿਅਮ ਬਨਣ ਨਾਲ, ਲਾਹੌਰ, ਉਰਦੂ ਦੀਆਂ ਸਾਹਿੱਤਕ ਸਰਗਰਮੀਆਂ ਦਾ ਕੇਂਦਰ[8] ਬਣ ਗਿਆ। ਉਰਦੂ ਵਿਚ ਸਭ ਤੋਂ ਵੱਧ ਅਖ਼ਬਾਰਾਂ ਤੇ ਉੱਚ-ਪੱਧਰ ਦੇ ਰਸਾਲੇ ਛਪਦੇ ਤੇ ਉਰਦੂ ਵਿਚ ਹਰ ਪ੍ਰਕਾਰ ਦੀਆਂ ਪੁਸਤਕਾਂ ਪ੍ਰਕਾਸ਼ਤ ਹੁੰਦੀਆਂ। ਨਾਲ ਹੀ ਉਰਦੂ ਮੁਸ਼ਾਇਰਿਆਂ ਦਾ ਰਿਵਾਜ ਪੈ ਗਿਆ ਜਿੱਥੇ ਮੌਲਾਨਾ ਹਾਲੀ ਤੇ ਮੌਲਾਨਾ ਅਜ਼ਾਦ ਆਪਣੀਆਂ ਕਵਿਤਾਵਾਂ ਸੁਣਾਉਂਦੇ। ਉਰਦੂ ਵਿਚ ਹੋਰ ਲਿਖਣ ਵਾਲੇ ਵੀ ਆਪਣੀਆਂ ਨਜ਼ਮਾਂ ਪੜ੍ਹਦੇ। ਪੰਜਾਬੀ ਕਵੀਆਂ ਉੱਤੇ ਇਸ ਦਾ ਪ੍ਰਭਾਵ ਪੈਣਾ ਬੜਾ ਸੁਭਾਵਿਕ ਸੀ ।

---

6. ਅਜਿਹੇ ਕਿੱਸਾਕਾਰਾਂ ਬਾਰੇ ਇਸੇ ਅਧਿਆਇ ਵਿਚ ਅੱਗੇ ਜਾ ਕੇ ਵਿਚਾਰ ਕੀਤੀ ਗਈ ਹੈ।
7. ਇਨ੍ਹਾਂ ਵਿਚ ਦੌਲਤ ਰਾਮ, ਕਾਲੀ ਦਾਸ, ਮੌਲਾ ਬਖ਼ਸ਼ ਕੁਸ਼ਤਾ, ਕਰਤਾਰ ਸਿੰਘ ਕਲਾਸਵਾਲੀਆ ਆਦਿ ਦੇ ਨਾਂ ਵਰਣਨ-ਯੋਗ ਹਨ।
8. ਮੁਹੰਮਦ-ਸਰਵਰ , 'ਪੰਜਾਬੀ ਅਦਬ', ਕਰਾਚੀ – ਪਾਕਿਸਤਾਨ ਪੈਂਫਲਿਟ ਨੰਬਰ 8, ਪੰਨਾ97-98.

ਉਨ੍ਹਾਂ ਨੂੰ ਵੀ ਆਪਣੀਆਂ ਕਵਿਤਾਵਾਂ ਲਿਖ ਕੇ ਲਿਆਉਣ ਦਾ ਸੱਦਾ ਦਿੱਤਾ ਗਿਆ, ਜਿਨ੍ਹਾਂ ਵਿਚੋਂ ਉਸ ਵੇਲੇ ਦੇ ਉਘੇ ਕਵੀ — ਆਗ਼ਾ ਅਲੀ ਖਾਂ, ਗਾਮੂੰ ਖਾਂ, ਰਫੀਕ, ਅਰੂੜਾ ਰਾਏ, ਮੀਆਂ ਹਦਾਇਤੁਲਾ ਤੇ ਫਜ਼ਲ ਸ਼ਾਹ ਵੱਧ ਚੜ੍ਹ ਕੇ ਹਿੱਸਾ ਲੈਂਦੇ। ਉਰਦੂ ਗਜ਼ਲ ਤੇ ਨਜ਼ਮ ਦੇ ਆਧਾਰ ਤੇ ਪੰਜਾਬੀ ਵਿਚ ਵੀ ਪਹਿਲੀ ਵਾਰੀ ਗਜ਼ਲਾਂ ਲਿਖਣ ਦਾ ਰਿਵਾਜ ਪੈ ਗਿਆ। ਕਵੀਆਂ ਨੂੰ ਪਹਿਲਾਂ ਸਮੱਸਿਆ ਦੇ ਦਿੱਤੀ ਜਾਂਦੀ, ਜਿਸ ਉਤੇ ਕਵੀ ਨਜ਼ਮਾਂ ਤੇ ਗਜ਼ਲਾਂ ਲਿਖ ਕੇ ਲਿਆਉਂਦੇ । ਗਾਮੂੰ ਖਾਂ ਦੀ ਉਸ ਵੇਲੇ ਦੀ ਰਚੀ ਇਕ ਪੰਜਾਬੀ ਗਜ਼ਲ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ:[9]-

ਸਦਾ ਦੁਖਾਂ ਦੀ ਕਾਲੀ ਰੈਣ ਆਵੇ, ਤੁਸਾਂ ਦੇ ਬਾਝ ਨਾ ਪਲ ਚੈਨ ਆਵੇ।
ਮੇਰਾ ਖਿਰਹੋਂ ਥੀਂ ਹੋਇਆ ਹਾਲ ਅਬਤਰ, ਸੱਜਣ ਆਵੇ ਤੇ ਦਿਲ ਨੂੰ ਚੈਨ ਆਵੇ।
ਵਸਾਲ ਉਸ ਸ਼ੋਖ ਦਾ ਹੋਵੇਗਾ ਕੀਕਰ, ਜਦ ਆਵੇ ਪਾਸ ਬਣ ਤਰਫੀਨ ਆਵੇ ।
ਅਜਬ ਕੁਰਬਾਨ ਹਸਤੀ ਦਾ ਹੈ ਗੁਲਸ਼ਨ, ਜੋ ਆਵੇ ਸੈਰ ਕਰਦਾ ਵੈਣ ਆਵੇ ।

ਛੇਤੀ ਹੀ ਪੰਜਾਬੀ ਕਵੀਆਂ ਨੇ ਆਪਣੇ ਵੱਖਰੇ ਕਵੀ ਦਰਬਾਰ ਕਰਨੇ ਸ਼ੁਰੂ ਕਰ ਦਿੱਤੇ ਜਿਹੜੇ ਲਾਹੌਰ ਵਿਚ ਆਮ ਤੌਰ ਤੇ ਨਵਾਬ ਗੁਲਾਮ ਮਹਬੂਬ ਸੁਬਹਾਨੀ ਦੇ ਮਕਾਨ ਤੇ ਹੁੰਦੇ ਜਾਂ ਫੇਰ ਮੋਚੀ ਦਰਵਾਜ਼ੇ ਤੇ ਮੱਤੀ ਦੇ ਚੌਕ ਵਿਚ ਹੁੰਦੇ।[10] ਅੰਮ੍ਰਿਤਸਰ ਵਿਚ ਸੰਤ ਰਾਮ ਸਪੜਾ ਦੀ ਕੋਠੀ, ਰਾਮ ਤਲਾਈ, ਜਾਂ ਦੁਰਗਿਆਨੇ ਦੇ ਤਲਾਬ ਕੋਲ ਇਹ ਪਿੜ ਬੱਝਦੇ । ਹੌਲੀ ਹੌਲੀ ਗੁਜਰਾਂਵਾਲੇ, ਸਿਆਲਕੋਟ, ਵਟਾਲੇ ਤੇ ਹੋਰ ਸ਼ਹਿਰਾਂ ਵਿਚ ਕਵੀ ਦਰਬਾਰਾਂ ਦਾ ਰਿਵਾਜ ਪੈ ਗਿਆ। ਸ਼ੁਰੂ ਸ਼ੁਰੂ ਵਿਚ ਸਿੱਖ ਕਵੀ ਇਨ੍ਹਾਂ ਕਵੀ ਦਰਬਾਰਾਂ ਤੋਂ ਲਾਂਭੇ ਹੀ ਰਹੇ ਤੇ ਕੇਵਲ ਹਿੰਦੂ ਤੇ ਮੁਸਲਮਾਨ ਕਵੀ ਹੀ ਭਾਗ ਲੈਂਦੇ ਰਹੇ। 1875 ਈ. ਤੋਂ 1912 ਈ. ਤਕ ਇਨ੍ਹਾਂ ਕਵੀ ਦਰਬਾਰਾਂ ਦਾ ਬੇਹੱਦ ਜ਼ੋਰ ਰਿਹਾ।[11]

ਇਨ੍ਹਾਂ ਕਵੀ ਦਰਬਾਰਾਂ ਨੇ ਇਕ ਨਵੀਂ ਪਰੰਪਰਾ ਦਾ ਮੁਢ ਬੰਨ੍ਹਿਆ ਅਤੇ ਉਹ ਸੀ ਉਸਤਾਦੀ - ਸ਼ਾਗਿਰਦੀ[12] ਦਾ ਰਿਵਾਜ । ਉਘੇ ਕਵੀਆਂ ਨੂੰ ਨਵੇਂ ਉਭਰਦੇ ਕਵੀ ਉਸਤਾਦ ਧਾਰ ਕੇ ਆਪਣੀਆਂ

---

9. ਉਹੀ, (ਨੰ:8), ਪੰਨਾ 99.
10. ਕੁਸ਼ਤਾ ਮੌਲਾ ਬਖ਼ਸ਼ , 'ਪੰਜਾਬ ਦੇ ਹੀਰੇ', ਅੰਮ੍ਰਿਤਸਰ, 1939, ਪੰਨਾ 14
11. ਉਹੀ, ਪੰਨਾ 14.
12ੳ) ਪ੍ਰਸਿੱਧ ਉਸਤਾਦਾਂ-ਸ਼ਾਗਿਰਦਾਂ ਦੇ ਅਖਾੜੇ ਇਸ ਪ੍ਰਕਾਰ ਸਨ —

ਮੌਲਵੀ ਫਰੀਦੁੱਦੀਨ ਫਰੀਦ ਮੁਜੰਗੀ ਦੇ ਸ਼ਾਗਿਰਦਾਂ ਵਿਚ ਸੱਯਦ ਫਜ਼ਲ ਸ਼ਾਹ, ਅਰੂੜਾ ਰਾਇ, ਪਾਰਸ ਅਲੀ ਤੇ ਮੁਜੱਫਰ ਅਲੀ ਪ੍ਰਸਿੱਧ ਹਨ। ਅਗੋਂ ਅਰੂੜ ਰਾਏ ਦੇ ਸ਼ਾਗਿਰਦ ਹਕੀਮ ਰਹੀਮ ਬਖਸ਼ ਤੇ ਉਨ੍ਹਾਂ ਦੇ ਸ਼ਾਗਿਰਦਾ ਸਰਦਾਰ ਖਾਂ ਬਰਕ ਸਨ।

ਅ) ਬੱਦਲ ਦਾ ਸ਼ਾਗਿਰਦ ਸਾਉਣ, ਸਾਉਣ ਦਾ ਸੋਹਣਾ, ਸੋਹਣੇ ਦੇ ਅੱਗੋਂ ਖੁਲਦੀ, ਪਿਆਰੇ ਸਾਹਿਬ, ਰਮਜ਼ੂ ਬਟਾਲਾ, ਉਘੇ ਸ਼ਾਗਿਰਦ ਸਨ। ਏਸੇ ਅਖਾੜੇ ਦੇ ਉਘੇ ਕਵੀਆਂ ਵਿਚ ਮੀਆਂ ਹਦਾਇਤੁਲਾ, ਫਜ਼ਲਦੀਨ, ਲਾਹੌਰਾ ਸਿੰਘ, ਆਗ਼ਾ ਅਲੀ ਖਾਂ, ਗਾਮੂੰ ਖਾਂ, ਫਕੀਰ ਬਟਾਲਵੀ, ਕਮਰਦੀਨ ਤੇ ਮੌਲਾ ਬਖ਼ਸ਼ ਤਾ ਸਨ।

ਰਚਨਾਵਾਂ ਦੀ ਸੁਧਾਈ ਕਰਵਾਉਂਦੇ। ਕਵੀ ਦਰਬਾਰਾਂ ਵਿਚ ਹਰ ਉਸਤਾਦ ਆਪਣੇ ਸ਼ਾਗਿਰਦਾਂ ਨੂੰ ਨਾਲ ਲੈ ਕੇ ਜਾਂਦਾ। ਪਹਿਲਾਂ ਸ਼ਾਗਿਰਦ ਕਵਿਤਾ ਬੋਲਦੇ, ਅਖ਼ੀਰ ਵਿਚ ਉਸਤਾਦ ਉਠਦੇ । ਮੁਕਾਬਲੇ ਵਿਚ ਹਰ ਟੋਲਾ ਦੂਜੇ ਧੜੇ ਨੂੰ ਪਿਛੇ ਸੁੱਟਣ ਦਾ ਯਤਨ ਕਰਦਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਕਵਿਤਾ ਦੀ ਰੂਪਕ ਸੁਧਾਈ ਜਾਂ ਪਕਿਆਈ ਵਲ ਉਚੇਚਾ ਧਿਆਨ ਦਿੱਤਾ ਜਾਣ ਲਗਾ। ਕਵੀ ਦਰਬਾਰਾਂ ਵਿਚ ਲੰਮੀ ਕਿਸੇ ਸੁਨਾਉਣ ਦੀ ਗੁੰਜਾਇਸ਼ ਨਹੀਂ ਸੀ ਹੁੰਦੀ, ਇਸ ਲਈ ਨਿੱਕੀਆਂ ਨਿੱਕੀਆਂ ਕਵਿਤਾਵਾਂ ਲਿਖਣ ਦਾ ਰਿਵਾਜ ਵਧਣ ਲਗਾ। ਨਵੇਂ ਕਾਵਿ-ਰੂਪ ਯਥਾ ਗਜ਼ਲਾਂ, ਰੁਬਾਈਆਂ, ਬਾਰਾਂਮਾਂਹ, ਅਠਵਾਰੇ ਤੇ ਬੁਝਾਰਤਾਂ, ਆਦਿ ਬਹੁਤ ਲਿਖੀਆਂ ਜਾਣ ਲਗ ਪਈਆਂ। ਕਵੀ ਦਰਬਾਰਾਂ ਵਿਚ ਪੜ੍ਹੀਆਂ ਜਾਣ ਵਾਲੀਆਂ ਕਵਿਤਾਵਾਂ ਕਿੱਸਾ ਪਰੰਪਰਾ ਤੋਂ ਲਾਂਭੇ , ਧਾਰਮਿਕ ਜਾਂ ਸੰਪਰਦਾਇਕ ਭਾਵਨਾਵਾਂ ਤੋਂ ਮੁਕਤ , ਉਰਦੂ ਫ਼ਾਰਸੀ ਦੇ ਭਾਰ ਥਲੇ ਦਬੀਆਂ , ਨਿਰੋਲ ਲੌਕਿਕ ਪੱਧਰ ਤੇ ਰਚੀਆਂ ਜਾਂਦੀਆਂ ਸਨ ਤੇ ਮਨੋਰਥ ਸਰੋਤਿਆਂ ਪਾਸੋਂ ਵਾਹ ਵਾਹ ਕਰਵਾਉਣਾ ਹੁੰਦਾ ਸੀ । ਇਸ ਨਾਲ ਕਵਿਤਾ ਵਿਚ ਬਹੁਤ ਸਾਰੇ ਨਵੇਂ ਰੂਪ ਤੇ ਕਈ ਪ੍ਰਕਾਰ ਦੇ ਨਵੇਂ ਪ੍ਰਯੋਗ ਵੀ ਪਹਿਲੀ ਵਾਰੀ ਪੰਜਾਬੀ ਕਵੀਆਂ ਨੇ ਕੀਤੇ, ਪਰ ਸਭ ਤੋਂ ਉੱਘੜਵਾਂ ਪੱਖ ਛੋਟੀ ਕਵਿਤਾ ਦਾ ਰਿਵਾਜ ਸੀ, ਜਿਹੜਾ ਉਰਦੂ ਰਾਹੀਂ ਅੰਗਰੇਜ਼ੀ ਤੋਂ ਪੰਜਾਬੀਅ ਕਵੀਆਂ ਤੇ ਪਿਆ ।

ਕਵੀਆਂ ਦੇ ਵੱਖ ਵੱਖ ਧੜਿਆਂ, ਜਾਂ ਅਖਾੜਿਆਂ, ਵਿਚ ਮੁਕਾਬਲੇ ਹੁੰਦੇ, ਪਹਿਲਵਾਨਾਂ ਵਾਂਗ ਇਕਦੂਜੇ ਨੂੰ ਵੰਗਾਰਿਆ ਜਾਂਦਾ, ਲਗਦੀ ਵਾਹ ਦੂਜੇ ਧੜੇ ਦੀ ਹੇਠੀ ਕੀਤੀ ਜਾਂਦੀ। ਉਰਦੂ ਦੇ ਸ਼ਾਇਰ ਮੀਰ ਤੇ ਸੌਦਾ ਦੀ ਆਪੋ ਵਿਚਲੀ ਛੇੜ ਛਾੜ ਨੂੰ ਵੇਖ ਕੇ ਪੰਜਾਬੀ ਕਵੀਆਂ ਨੇ ਵੀ ਆਪਣੀ ਹਾਜ਼ਰ ਜਵਾਬੀ ਤੇ ਸੋਚ ਸ਼ਕਤੀ ਦਿਖਲਾਣ ਵਾਸਤੇ ਚੋਟ ਕਰਨ ਦੀ ਆਦਤ ਨੂੰ ਅਖ਼ਤਿਆਰ ਕੀਤਾ।[13] ਕਵਿਤਾ ਰਾਹੀਂ ਹੀ ਇਸ ਤੁਰਤ ਸੁਆਲ-ਜਵਾਬ , ਨੋਕ ਝੋਕ, ਚੋਹਲ, ਵਿਅੰਗ ਤੇ ਚੋਟਬਾਜ਼ੀ ਵਿਚ ਬਹੁਤ ਸਾਰੇ ਕਵੀ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਉਲਝੇ ਰਹੇ। ਉਦਾਹਰਣ ਲਈ:

---

ੲ) ਪਿਆਰੇ ਸਾਹਿਬ ਦੇ ਅਖਾੜੇ ਵਿਚ ਰਹੀਮ ਬਖ਼ਸ਼, ਮਿਲਖੀ ਰਾਮ, ਗ਼ੁਲਾਮ ਮੁਹੰਮਦ ਗਾਮਾ ਬਾਬੂ ਹਮਦਮ, ਤੇ ਸ਼ਰਫ ਆਦਿ ਸਨ।

ਸ ) ਚੌਥਾ ਅਖਾੜਾ ਬਾਬਾ ਸਾਦਕ ਦਾ ਸੀ, ਜਿਸ ਵਿਚ ਗੁਲਾਮ ਰਸੂਲ, ਦੇਵੀ ਦਾਸ ਹਿੰਦੀ ਤੇ ਮੁਹੰਮਦ ਇਸਮਾਈਲ ਮੁਸ਼ਤਾਕ ਦੇ ਨਾਂ ਵਰਣਨ-ਯੋਗ ਹਨ।

( ਮੌਲਾਬਖ਼ਸ਼ ਕੁਸ਼ਤਾ — 'ਪੰਜਾਬ ਦੇ ਹੀਰੇ' ਪੰਨਾ 49-51)

13. ਕੁਰੈਸ਼ੀ ਅਬਦੁਲ ਗ਼ਫ਼ੂਰ, 'ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ਼' ਲਾਹੌਰ, 1956, ਪੰਨਾ 47-48.

(1) ਪ੍ਰਸ਼ਨ ਗਾਮੂੰ ਖਾਂ — " ਕਿਹੜਾ ਹੈ ਬੂਟਾ ਐਸਾ ਚਮਨ ਅੰਦਰ,
ਲੱਗੀ ਵਾ ਤੇ ਫੇਰ ਉਹ ਡੋਲਿਆ ਨਹੀਂ ?

ਉੱਤਰ ਬਾਬਾ ਤਾਜ— " ਹੈ ਹਲਦੀ ਦੀ ਕਿਆਰੀ ਵਿਚ ਹੈ ਮਹੁਰਾ,
ਵਗੇ ਲਖ ਝੱਖੜ, ਬੂਟਾ ਡੋਲਦਾ ਨਹੀਂ ।[14]

(2) ਬਾਬਾ ਤਾਜ ਨੇ ਇਕ ਇਕੱਠ ਵਿਚ ਆਖਿਆ:-

"ਅਲਫ਼ ਅਸਾਂ ਦੇ ਮਿਲਣ ਦੀ ਖਾਹਸ਼ ਰਖੇਂ, ਵਤਨ ਅਸਾਂ ਦਾ ਖ਼ਾਸ ਮੁਲਤਾਨ ਪੁਛ ਲੈ।
ਅੰਮ੍ਰਿਤਸਰ ਵਿਚ ਪੰਜਾਬ ਦੇ ਆਣ ਕੇ ਤੇ, ਕਟੜੇ ਵਿਚ ਖ਼ਜ਼ਾਨੇ ਮਕਾਨ ਪੁੱਛ ਲੈ ।
ਅੱਲਾ ਦਿੱਤਾ ਗਰੀਬ ਦਾ ਨਾਮ ਆਜਿਜ਼, ਕੰਦੀ ਦੋਜ਼ ਦੀ ਆ ਕੇ ਦੁਕਾਨ ਪੁੱਛ ਲੈ ।
ਬਾਬਾ ਤਾਜ ਦਾ ਜਾਣ ਕੇ ਨਾਮ ਪਾਇਆ, ਸੁਮਨ ਸ਼ਾਹ ਦੂਲੇ ਨਿਗਾਹਬਾਨ ਪੁਛ ਲੈ।

'ਬਰਦਾ ਪਿਸ਼ੌਰੀ' ਉਸੇ ਅਖਾੜੇ ਵਿਚ ਬੈਠਾ ਝੱਟ ਬੋਲ ਉੱਠਿਆ:

ਕਾਫ਼ ਕਿਹੜੀ ਕਸਤੂਰੀ ਤੇ ਮੁਸ਼ਕ ਵੇਚੇਂ, ਜੋ ਮੈਂ ਆਣ ਕੇ ਤੇਰੀ ਦੁਕਾਨ ਪੁਛ ਲਾਂ।
ਕਿਹੜੇ ਬਵਾਹਵੂਲ ਹੱਕ ਦਾ ਪੋਤਰਾ ਏਂ, ਵਤਨ ਜਾ ਕੇ ਤੇਰਾ ਮੁਲਤਾਨ ਪੁਛ ਲਾਂ।
ਕਿਹੜਾ ਲੱਖਾਂ ਕਰੋੜਾਂ ਦਾ ਵਣਜ ਕਰਨੈ, ਜਿਹੜਾ ਜਾ ਕੇ ਤੇਰਾ ਨਿਸ਼ਾਨ ਪੁੱਛ ਲਾਂ।
ਬਰਦਾ ਆਖਦਾ ਹੋਰ ਤੂੰ ਖਾਹਸ਼ ਨਹੀਂ ਹੈ, ਨਿਗਾਹਬਾਨ ਜੋ ਤੇਰਾ ਖਾਹਾਨ ਪੁਛ ਲਾਂ।[15]

(3) ਹਾਫ਼ਜ਼ ਅਲ੍ਹਾ ਬਖਸ਼ ਪਿਆਰਾ ( ਪਿਆਰੇ ਸਾਹਿਬ ਲਾਹੌਰੀ) ਘਰੋਂ ਇਕ ਪ੍ਰਸ਼ਨ ਸੋਚ ਕੇ ਆਏ ਤੇ ਆਉਂਦਿਆਂ ਹੀ ਅਲਾਦੀਨ ਸ਼ਾਦੀ ਨੂੰ ਅਖਾੜੇ ਵਿਚ ਵੰਗਾਰਿਆ:-

"ਅਲਫ਼ ਅਜਾਂ ਦਿਤਾ ਤੇਰੇ ਹੱਥ ਪੈਸਾ, ਇਹਦੀਆਂ ਲਿਆ ਦੇ ਚੀਜ਼ਾਂ ਤੂੰ ਚਾਰ ਮੀਆਂ।
ਕਾਨ ਫੂਲ ਤੇ ਕਕੜੀ ਪਾਨ ਬੀੜਾ, ਨਾਲੇ ਲਿਆਵੀਂ ਖਾਂ ਫੁਲਾਂ ਦੇ ਹਾਰ ਮੀਆਂ ।
ਪੈਸਾ ਮੋੜ ਲਿਆਵੀਂ, ਨਾਲੇ ਦੁਧ ਲਿਆਵੀਂ, ਅਤੇ ਕਰੀਂ ਨਾ ਮੂਲ ਉਧਾਰ ਮੀਆਂ।
ਪਿਆਰੇ ਯਾਰ ਨੂੰ ਦੇਵੀਂ ਜਵਾਬ ਇਸ ਦਾ, ਨਹੀਂ ਤਾਂ ਨਿਕਲ ਜਾਵੀਂ ਪਿੜੋਂ ਬਾਹਰ ਮੀਆਂ।

ਸ਼ਾਦੀ ਨੇ ਅੱਗੋਂ ਵੰਗਾਰ ਦਾ ਇਹ ਉੱਤਰ ਦੇ ਕੇ ਬਾਜ਼ੀ ਜਿੱਤ ਲਈ :-

ਦਾਲ ਦੁਸ਼ਮਨਾਂ ਨੇ ਦਿੱਤਾ ਹੱਥ ਪੈਸਾ, ਜਾ ਕੇ ਲੱਭ ਲੀਤੀ ਚੀਜ਼ ਵੱਖਰੀ ਮੈਂ।
ਇਕ ਅਜਬ ਅਜਾਇਬ ਥੀਂ ਅੱਕ ਡਿੱਠਾ, ਉਹਦੀ ਤੋੜ ਲਿਤੀ ਸੁਕੀ ਲਕੜੀ ਮੈਂ ।
ਪਹਿਲੇ ਫੂਲ ਤੋੜੇ, ਫੇਰ ਦੁਧ ਚੋਇਆ, ਨਾਲੇ ਤੋੜ ਲੀਤੀ ਉਸ ਦੀ ਕੱਕੜੀ ਮੈਂ ।
ਸ਼ਾਦੀ ਯਾਰ ਨੇ ਤੈਨੂੰ ਜਵਾਬ ਦਿੱਤਾ, ਗੱਲ ਖੋਲ੍ਹ ਦਿੱਤੀ ਵੱਖੋ ਵੱਖਰੀ ਮੈਂ ।

---

14. ਉਹੀ(13), ਪੰਨਾ 47-48.

15. ਕੁਸ਼ਤਾ– ਮੌਲਾ ਬਖ਼ਸ਼, 'ਪੰਜਾਬ ਦੇ ਹੀਰੇ', ਅੰਮ੍ਰਿਤਸਰ, 1939, ਪੰਨਾ 47

ਇਸ ਕਾਲ ਦੇ ਕਵੀ ਦਰਬਾਰੀ ਕਵੀ ਸ਼ਬਦ ਅਲੰਕਾਰ, ਵਿਸ਼ੇਸ਼ ਤੌਰ ਤੇ ਅਨੁਪ੍ਰਾਸ ਅਲੰਕਾਰ ( ਤੈਨੂੰ ਤਾੜਦੀ ਤਾੜਦੀ ਤਾੜ ਗਿਗੀ, ਤਾੜੇ ਲਗ ਗਏ ਮੇਰੇ ਨੈਣ ਪੁੰਨੂੰ – ਫਜ਼ਲਸ਼ਾਹ ) ਤੁਕਾਂ ਦੀ ਤਰਤੀਬ, ਵਰਤੇ ਗਏ ਸ਼ਬਦਾਂ ਦੇ ਦੂਹਰਾਈ ਜਾਂ ਗੂੜ੍ਹ ਭਾਵ ਵਾਲੇ ਅਰਥ, ਅਤਿ-ਕਥਨੀ ਵਿਅੰਗ, ਠੱਠਾ ਤੇ ਹਾਸਾ ਆਦਿ ਉਪਜਾਉਣ ਦੇ ਉਸਤਾਦ ਸਨ, ਜਿਨ੍ਹਾਂ ਦਾ ਮੁਖ ਮਨੋਰਥ ਸ੍ਰੋਤਿਆਂ ਨੂੰ ਖੁਸ਼ ਕਰਨਾ ਤੇ ਆਪਣੇ ਕਾਵਿਕ ਹੁਨਰ ਦਾ ਦਿਖਲਾਵਾ ਕਰਨਾ ਹੁੰਦਾ ਸੀ। ਕਵੀ ਦਰਬਾਰਾਂ ਦੀ ਇਹ ਪ੍ਰਥਾ ਵੱਖ ਵੱਖ ਪੜਾਵਾਂ ਵਿਚੋਂ ਦੀ ਲੰਘਦੀ ਅੱਜ ਤਕ ਵੀ ਚਲੀ ਆ ਰਹੀ ਹੈ ।

(ਅ) ਕਿੱਸਾਕਾਰੀ :

ਜਿਸ ਤਰ੍ਹਾਂ ਇਸ ਅਧਿਆਇ ਦੇ ਆਰੰਭ ਵਿਚ ਹੀ ਆਖਿਆ ਜਾ ਚੁੱਕਾ ਹੈ, ਇਸ ਕਾਲ ਵਿਚ ਕਿੱਸਾਕਾਰੀ ਸਭ ਪੱਖਾਂ ਤੋਂ ਆਪਣਾ ਭਰਪੂਰ ਰੂਪ ਦਿਖਾ ਕੇ, ਵੀਹਵੀਂ ਸਦੀ ਦੇ ਚੜ੍ਹਾ ਨਾਲ ਹੋਰ ਨਵੇਂ ਸਾਹਿੱਤਕ ਰੂਪਾਂ ਤੇ ਨਵੀਆਂ ਕਲਾ ਪ੍ਰਵਿਰਤੀਆਂ ਨੂੰ ਆਪਣੀ ਥਾਂ ਦੇ ਕੇ ਲਗਾਤਾਰ ਉਤਰਾਈ ਵੱਲ ਵਧਣ ਲੱਗੀ । ਪੰਜਾਬ ਦੀਆਂ ਰੁੱਤੀਆਂ ਤੇ ਪ੍ਰਚਲਿਤ ਪ੍ਰੇਮ-ਕਥਾਵਾਂ ਸੰਬੰਧੀ ਕਿੱਸੇ 1850 ਈ. ਤਕ ਲਿਖੇ ਜਾ ਚੁਕੇ ਸਨ। ਕਾਦਰਯਾਰ ਨੇ ਪੂਰਨ ਭਗਤ ਲਿਖ ਕੇ ਪਹਿਲੀ ਵਾਰੀ ਕਿੱਸਾ-ਕਾਵਿ ਦੇ ਵਿਸ਼ੈ ਨੂੰ ਪ੍ਰੇਮ-ਕਥਾਵਾਂ ਦੇ ਘੇਰੇ ਵਿਚੋਂ ਕੱਢਿਆ । ਅਹਿਮਦ ਯਾਰ ਨੇ ਕੁਝ ਕੁ ਨਵੀਆਂ ਕਥਾਵਾਂ ਲੈ ਕੇ ਕਿੱਸਾ-ਕਾਵਿ ਦੇ ਪਿੜ ਨੂੰ ਮੋਕਲਾ ਕੀਤਾ ਅਤੇ ਚਿੱਤਰ ਭਟਿਤਰ, ਕਾਮ ਰੂਪ-ਕਾਮਲਤਾ, ਚੰਦਰ ਬਦਨ, ਰਾਜ ਬੀਬੀ, ਸੈਫਲ ਮਲੂਕ ਆਦਿ ਇਸ਼ਕੀਆ ਕਿੱਸਿਆਂ ਤੋਂ ਛੁਟ ਇਸਲਾਮੀ ਕਿੱਸੇ ਮਥਾ ਹਰਮਤਾਈ, ਤਮੀਮ ਅਨੁਸਾਰੀ ਵਫਾਤਨਾਮਾ, ਜੰਗ ਅਹਿਮਦ ਤੇ ਜੰਗ ਬਦਰ ਲਿਖੇ ਅਤੇ ਆਪਣੀ ਘਾਲਣਾ ਦਾ ਜ਼ਿਕਰ ਕਰਦਿਆਂ ਲਿਖਿਆ ਕਿ " ਮੈਂ ਕਿੱਸੇ ਲਿਖਦਿਆਂ, ਵਰ੍ਹੇ ਪੰਜਾਹ ਸੱਠ, ਆਪਣੀ ਉਮਰ ਲੰਘਾਈ ।"

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਕਿੱਸਾ ਪਰੰਪਰਾ ਜਿਨ੍ਹਾਂ ਲੀਹਾਂ ਤੇ ਤੁਰੀ, ਉਸ ਦਾ ਮੁੱਢ ਕਾਦਰ ਯਾਰ ਤੇ ਅਹਿਮਦ ਯਾਰ ਨਾਲ ਬੱਝਿਆ ਸਮਝਣਾ ਚਾਹੀਦਾ ਹੈ, ਜਿਨ੍ਹਾਂ ਨੇ ਹਿੰਦੂ ਤੇ ਮੁਸਲਮਾਨੀ ਇਤਿਹਾਸ-ਮਿਥਿਹਾਸ ਵਿਚੋਂ ਕਥਾਵਾਂ ਲੈ ਕੇ ਕਿੱਸੇ ਲਿਖਣ ਵਿਚ ਪਹਿਲ ਕੀਤੀ ਅਤੇ ਵਿਸ਼ੇ-ਪੱਖ ਤੋਂ ਇਸ ਦੇ ਪਿੜ ਨੂੰ ਮੋਕਲਾ ਕਰਕੇ ਹਰ ਪ੍ਰਕਾਰ ਦੀਆਂ ਕਥਾਵਾਂ ਲਈ ਕਿੱਸਾ-ਕਾਵਿ ਦੇ ਦਰਵਾਜ਼ੇ ਖੋਲ੍ਹ ਦਿਤੇ। ਇਸ ਕਾਲ ਵਿਚ ਰਚੇ ਗਏ ਕਿੱਸਿਆਂ ਦਾ ਸਰਵੇਖਣ ਤੇ ਮੁਲਾਂਕਣ ਦੇਣ ਤੋਂ ਪਹਿਲਾਂ, ਇਸ ਕਾਲ ਦੇ ਕਿੱਸਾ-ਕਾਵਿ ਦੇ ਪ੍ਰਮੁਖ ਲੱਛਣ, ਪੁਰਾਣੀ ਪਰੰਪਰਾ ਤੋਂ ਭਿੰਨਤਾ ਤੇ ਇਸ ਦੀ ਗਤੀ ਦੀ ਨੁਹਾਰ ਨੂੰ ਦਰਸਾਉਣਾ ਉਚਿਤ ਪ੍ਰਤੀਤ ਹੁੰਦਾ ਹੈ।

1) 1850 ਈ. ਤਕ ਕਿੱਸਾਕਾਰੀ ਦਾ ਜ਼ੋਰ ਵਧੇਰੇ ਕਰਕੇ ਕੇਂਦਰੀ ਪੰਜਾਬ ਜਾਂ ਪੱਛਮੀ ਪੰਜਾਬ ਵਿਚ ਰਿਹਾ, ਪਰ ਇਸ ਕਾਲ ਵਿਚ ਪਹਿਲੀ ਵਾਰੀ ਮਾਲਵਾ ਕਿੱਸਾਕਾਰੀ ਦਾ ਮੁਖ ਗੜ੍ਹ ਬਣ

ਗਿਆ ਅਤੇ ਅਨਗਿਣਤ[16] ਕਵੀ, ਇਸ ਕਲਾ ਉਤੇ ਹੱਥ ਅਜ਼ਮਾਉਣ ਲਈ ਸਾਹਮਣੇ ਆਏ।

2) ਪੁਰਾਣੇ ਕਿੱਸਾ-ਕਾਰ ਲਗ ਭਗ ਸਾਰੇ ਹੀ ਮੁਸਲਮਾਨ ਸਨ (ਸਿਵਾਇ ਦਮੋਦਰ ਜਾਂ ਗੁਰਦਾਸ **ਗੁਣੀ** ਦੇ ) ਪਰ ਇਸ ਕਾਲ ਵਿਚ ਹਿੰਦੂ ਸਿੱਖ ਕਵੀਆਂ ਨੇ ਬਹੁਤ ਵੱਡੀ ਗਿਣਤੀ ਵਿਚ ਇਸ ਕਲਾ-ਰੂਪ ਨੂੰ ਮਾਧਿਅਮ ਬਣਾਇਆ।

3) ਪੁਰਾਣੇ ਕਿੱਸੇ ਪਰਚਲਿਤ ਪ੍ਰੇਮ-ਕਥਾਵਾਂ ਦੇ ਦੁਆਲੇ ਹੀ ਘੁੰਮਦੇ ਸਨ ਅਤੇ ਹਰ ਕਵੀ ਉਨ੍ਹਾਂ ਉਤੇ ਹੀ ਬਾਰ ਬਾਰ ਹੱਥ ਅਜ਼ਮਾਉਂਦਾ ਸੀ। ਅਹਿਮਦ ਯਾਰ ਤੇ ਇਕ ਅੱਧ ਹੋਰ ਕਵੀ ਨੇ ਲੀਹ ਨੂੰ ਤੋੜ ਕੇ ਕਿੱਸਿਆਂ ਲਈ ਮੌਲਿਕ ਕਹਾਣੀਆਂ ਜਾਂ ਧਾਰਮਕ ਤੇ ਇਤਿਹਾਸਕ ਕਥਾਵਾਂ ਲੈ ਕੇ ਕਿੱਸੇ ਲਿਖੇ, ਪਰ ਇਸ ਕਾਲ ਵਿਚ ਇਸ਼ਕੀਆ ਕਿੱਸਿਆਂ ਦੇ ਨਾਲ ਨਾਲ ਸਦਾਚਾਰਕ, ਸੁਧਾਰਕ, ਉਪ-ਦੇਸ਼ਾਤਮਕ, ਪੌਰਾਣਿਕ, ਇਤਿਹਾਸਕ, ਸੂਰਮਗਤੀ ਵਾਲੇ, ਰੋਮਾਂਟਿਕ ਤੇ ਜੰਗਾਂ, ਪੱਤਲਾਂ, ਝਗੜੇ ਆਦਿ ਕਿੱਸਿਆਂ ਦੇ ਪ੍ਰਮੁਖ ਵਿਸ਼ੇ ਬਣੇ।

4) ਪਹਿਲਾਂ ਕੇਵਲ ਮੁਸਲਮਾਨ ਕਿੱਸਾਕਾਰ ਹੀ ਇਸਲਾਮੀ ਵਿਚਾਰਧਾਰਾ ਤੇ ਇਤਿਹਾਸ ਸੰਬੰਧੀ ਇੱਕਾ ਦੁੱਕਾ ਕਿੱਸੇ ਲਿਖਦੇ ਸਨ, ਪਰ ਇਸ ਕਾਲ ਵਿਚ ਜਿਥੇ ਮੁਸਲਮਾਨ ਕਵੀਆਂ ਨੇ ਮਨਾਜਾਤ, ਤੌਬਾਨਾਮੇ, ਰੋਜ਼ਾ-ਨਾਮੇ, ਨੂਰ ਨਾਮੇ, ਫਰਾਕਨਾਮੇ, ਜੰਗਨਾਮੇ, ਕਸੀਦੇ, ਮਦਹ ਆਦਿ ਲਿਖੇ ਉਥੇ ਹਿੰਦੂ ਸਿੱਖ ਕਵੀਆਂ ਨੇ, ਪੂਰਨ ਭਗਤ, ਰਾਜਾ ਰਸਾਲੂ, ਕੌਲਾਂ, ਫਨਾਹ ਦਾ ਮਕਾਨ , ਸੀਤਾ ਦੀ ਭਾਲ, ਲਛਮਨ ਮੂਰਛਾ, ਨੀਲ੍ਹਾ, ਪ੍ਰਹਿਲਾਦ ਭਗਤ, ਰੂਪ ਬਸੰਤ, ਸ਼ਹੀਦੀ ਗੁਰੂ ਅਰਜਨ ਦੇਵ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਆਦਿ ਵਿਸ਼ੈ ਲੈ ਕੇ ਕਿੱਸਿਆਂ ਦੇ ਘੇਰੇ ਨੂੰ ਚੌੜੇਰਾ ਕੀਤਾ ਤੇ ਇਨ੍ਹਾਂ ਦੇ ਮਹੱਤਵ ਨੂੰ ਨਵਾਂ ਅਰਥ ਦਿੱਤਾ।

5) ਇਸ ਕਾਲ ਵਿਚ ਪਹਿਲੀ ਵਾਰੀ ਕਿੱਸਿਆਂ ਵਿਚ ਸਥਾਨਕ ਰੰਗ ਆਇਆ ਅਤੇ ਬੈਗੋ ਨਾਰ, ਸ਼ਾਮੋ ਨਾਰ, ਜੀਉਣਾ ਮੌੜ, ਜਾਨੀ ਚੋਰ, ਸੁੱਚਾ ਸਿੰਘ ਸੂਰਮਾ ਤੇ ਮਹਿਬੂਬ ਜਾਨੀ, ਕਿੱਸਾ ਸੋਹਲ ਔਰ ਮਜੀਠਾ ਨਾਂ ਦੇ ਕਿੱਸੇ ਲਿਖੇ ਗਏ। ਇਸੇ ਤਰ੍ਹਾਂ ਸਮਕਾਲੀ ਜੀਵਨ ਸੰਬੰਧੀ ਕਿੱਸੇ ਲਿਖਣ ਦੀ ਪਿਰਤ ਵੀ ਏਸੇ ਕਾਲ ਵਿਚ ਪਈ ਅਤੇ ਫੈਸ਼ਨ ਦੇ ਕਜ਼ੀਏ, ਗਹਿਣਿਆਂ ਦੀ ਲਾਹਨਤ, ਤਿਆਗ ਤਮਾਕੂ, ਵਿਸਾਖੀ ਦਾ ਮੇਲਾ, ਝਗੜਾ ਅਕਲ ਪ੍ਰੇਮ ਦਾ, ਆਦਿ ਕਿੱਸੇ ਹੋਂਦ ਵਿਚ ਆਏ।

---

16. ਇਨ੍ਹਾਂ ਸੰਬੰਧੀ ਸੰਪੂਰਨ ਜਾਣਕਾਰੀ ਇਸੇ ਅਧਿਆਇ ਵਿਚ ਅਗੇ ਜਾ ਕੇ ਦਿੱਤੀ ਗਈ ਹੈ ।

6) ਪੁਰਾਣੇ ਕਿੱਸਾ-ਕਾਵਿ ਵਿਚ ਦਵੱਯਾ, ਦੋਹੜਾ ਤੇ ਬੈਂਤ ਪ੍ਰਧਾਨ ਛੰਦ ਸਨ ਪਰ ਇਸ ਕਾਲ ਵਿਚ ਸਵੱਈਆ, ਚੌਪਈ, ਕੁੰਡਲੀਆ, ਕਬਿੱਤ ਤੇ ਕੋਰੜਾ ਛੰਦਾਂ ਦੀ ਵਧੇਰੇ ਵਰਤੋਂ ਹੋਣ ਲਗ ਪਈ। ਕਲੀ, ਸੱਦ, ਪਉੜੀ ਤੇ ਸੋਰਠਾ ਦੀ ਵਰਤੋਂ ਵੀ ਮਿਲਦੀ ਹੈ। ਕਬਿੱਤ ਮਾਲਵੇ ਦੇ ਕਿੱਸਾ ਸਾਹਿੱਤ ਉਤੇ ਏਨਾ ਛਾਇਆ ਕਿ ਇਸ ਨੂੰ 'ਕਬਿੱਤ-ਬਾਜ਼ਾਂ' ਜਾਂ 'ਕਬਿੱਤ-ਕਾਲ' ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਮੁਸਲਮਾਨ ਕਵੀਆਂ ਨੇ 'ਸ਼ੀਹਰਫ਼ੀ' ਨੂੰ ਇਸ ਹੱਦ ਤਕ ਅਪਣਾਇਆ ਕਿ ਇਸ ਕਾਲ ਨੂੰ 'ਸ਼ੀਹਰਫ਼ੀ ਕਾਲ' ਆਖਣਾ ਵੀ ਅਨੁਚਿਤ ਨਹੀਂ। ਇਸ ਕਾਲ ਵਿਚ ਬਾਰਾਂ-ਮਾਹ, ਮਾਹਿਆ, ਜਿੰਦੂਆ, ਪੱਤਲਾਂ ਤੇ ਝਗੜੇ ਆਦਿ ਕੁਝ ਕੁ ਹੋਰ ਅਜਿਹੇ ਰੂਪ ਹਨ ਜਿਨ੍ਹਾਂ ਨੇ ਕਿੱਸਾ ਪਰੰਪਰਾ ਨੂੰ ਅਮੀਰ ਕੀਤਾ।

7) ਇਸ ਕਾਲ ਦਾ ਕਿੱਸਾ-ਕਾਵਿ, ਲੋਕ-ਸਾਹਿੱਤ ਦਾ ਅੰਗ ਬਣ ਗਿਆ ਅਤੇ ਲੋਕ-ਮੂੰਹਾਂ ਤੇ ਚੜ੍ਹੀਆਂ ਕਥਾਵਾਂ ਨੂੰ ਜਿੱਥੇ ਕਿੱਸਿਆਂ ਦਾ ਵਿਸ਼ਾ ਬਣਾਇਆ ਗਿਆ, ਉਥੇ ਇਨ੍ਹਾਂ ਨੂੰ ਗਾਉਣ ਦਾ ਰਿਵਾਜ ਇਸ ਹੱਦ ਤਕ ਪੈ ਗਿਆ ਕਿ ਗਾਉਣ ਵਾਲਿਆਂ ਦੇ ਅਖਾੜੇ ਲਗਦੇ, ਤੇ ਦੋ ਤਿੰਨਾਂ ਘੰਟਿਆਂ ਵਿਚ ਸਾਰਾ ਕਿੱਸਾ ਗਾ ਕੇ ਸ੍ਰੋਤਿਆਂ ਨੂੰ ਸੁਣਾਇਆ ਜਾਂਦਾ। ਇਸ ਕਾਲ ਵਿਚ ਹੀ ਕਵੀਸ਼ਰੀ ਦਾ ਜ਼ੋਰ ਵਧਿਆ ਅਤੇ ਇਕੱਠੇ ਹੋ ਕੇ ਗੁਮਿਤਰੀ ਆਪ ਕਬਿੱਤ ਜੋੜਦੇ ਜਾਂ ਕਿਸੇ ਪ੍ਰਸਿੱਧ ਕਿੱਸੇ ਨੂੰ ਇਕੱਠੇ ਹੋ ਕੇ ਗਾਉਂਦੇ।

8) ਪਹਿਲਾਂ ਵਾਂਗ ਹੀ ਇਸ ਕਾਲ ਦੇ ਕਿੱਸਾਕਾਰ ਵੀ ਕਿੱਸਿਆਂ ਦਾ ਆਰੰਭ ਪਰਮਾਤਮਾ ਜਾਂ ਕਿਸੇ ਦੇਵੀ ਦੇਵਤੇ ਜਾਂ ਪੀਰ ਫ਼ਕੀਰ ਦੀ ਅਰਾਧਨਾ ਨਾਲ ਕਰਦੇ। ਮੰਗਲਾਚਰਨ ਦੀਆਂ ਤੁਕਾਂ ਤੋਂ ਪਿੱਛੋਂ ਲਿਖਣ ਦੀ ਪ੍ਰੇਰਣਾ ਦਾ ਆਧਾਰ ਦਸ ਕੇ, ਪਰੰਪਰਾਗਤ ਢੰਗ ਨਾਲ ਕਿੱਸਾ ਲਿਖਿਆ ਜਾਂਦਾ। ਕਿੱਸੇ ਦੇ ਅਖ਼ੀਰ ਵਿਚ ਜਾਂ ਕਿਧਰੇ ਦਰਮਿਆਨ, ਆਪਣਾ ਪਤਾ, ਟਿਕਾਣਾ, ਕਿੱਸਾ ਲਿਖਣ ਦੀ ਤਾਰੀਖ਼ ਤੇ ਬਹੁਤੀ ਵਾਰੀ ਕਿੱਸਾ ਲਿਖਣ ਸਮੇਂ ਆਪਣੀ ਤੁਮਰ ਵੀ ਦੱਸ ਦਿੱਤੀ ਜਾਂਦੀ।

9) ਮੁਸਲਮਾਨ ਕਿੱਸਾਕਾਰ ਵਧੇਰੇ ਕਰ ਕੇ ਇਸ਼ਕ ਮਿਜਾਜ਼ੀ ਵਾਲੇ ਕਿੱਸੇ ਲਿਖਦੇ ਪਰ ਹਿੰਦੂ ਸਿੱਖ ਕਿਨ੍ਹਾਂ ਨੂੰ ਇਸ਼ਕ ਹਕੀਕੀ ਦੇ ਰੰਗ ਵਿਚ ਰੰਗਣ ਦੀ ਕੋਸ਼ਿਸ਼ ਕਰਦੇ। ਅਖ਼ੀਰ ਵਿਚ ਸ਼੍ਰਿਸ਼ਟਾਚਾਰ ਜਾਂ ਸਦਾਚਾਰ ਦਾ ਉਪਦੇਸ਼ ਦਿੱਤਾ ਜਾਂਦਾ। ਮੁਸਲਮਾਨ ਕਿੱਸਾ-ਕਾਰਾਂ ਦੀ ਭਾਸ਼ਾ ਉਤੇ ਉਰਦੂ ਫ਼ਾਰਸੀ ਦਾ ਪ੍ਰਭਾਵ ਵਧੇਰੇ ਹੁੰਦਾ ਅਤੇ ਹਿੰਦੂ ਕਿੱਸਾਕਾਰਾਂ ਉਤੇ ਹੁਜੀ ਜਾਂ ਸੰਸਕ੍ਰਿਤ ਦਾ ਅਸਰ ਪ੍ਰਤੱਖ ਦਿਖਾਈ ਦਿੰਦਾ। ਸਿੱਖ ਕਿੱਸਾਕਾਰ ਗੁਰਮਤਿ ਦੀ ਸ਼ਬਦਾਵਲੀ ਨੂੰ ਨਿਭਾਉਂਦੇ। ਮੁਸਲਮਾਨ ਕਿੱਸਾਕਾਰਾਂ ਦੀ ਭਾਸ਼ਾ ਭਾਵੇਂ ਠੇਠ ਪੰਜਾਬੀ ਸੀ, ਪਰ ਉਹ ਫ਼ਾਰਸੀ ਲਿੱਪੀ ਵਿਚ ਲਿਖਦੇ ਸਨ। ਹਿੰਦੂ ਸਿੱਖ ਕਿੱਸਾਕਾਰਾਂ ਦੀ ਲਿੱਪੀ ਗੁਰਮੁਖੀ ਸੀ। ਗੁਰਮੁਖੀ ਵਿਚ ਲਿਪੀ-ਅੰਤਰ ਸਮੇਂ ਤੋਲ ਤੇ ਤੁਕਾਂਤ ਵਿਚ ਕਈ ਵਾਰੀ ਫ਼ਰਕ ਪੈ ਜਾਂਦਾ ਹੈ।

10) ਕਿੱਸੇ, ਗਿਣਤੀ ਵਿਚ ਤਾਂ ਭਾਵੇਂ ਇਸ ਕਾਲ ਵਿਚ ਸੈਂਕੜੇ ਹੀ ਲਿਖੇ ਗਏ, ਪਰ ਇਨ੍ਹਾਂ ਵਿਚ ਉਹ ਕਾਵਿ-ਸੌਹਜ, ਕਲਾ, ਰੁੜ੍ਹਤਾਈ, ਪਰਪੱਕਤਾ, ਨਿਭਾ ਤੇ ਸ਼ਿਲਪ ਦੀ ਪਕਿਆਈ ਤੇ ਚਰਿਤ੍ਰ ਉਸਾਰੀ ਦਿਖਾਈ ਨਹੀਂ ਦਿੰਦੀ ਜਿਹੜੀ ਦਮੋਦਰ, ਵਾਰਿਸ, ਹਾਸ਼ਮ ਵਰਗੇ ਕਵੀਆਂ ਵਿਚ ਮਿਲਦੀ ਹੈ। ਉਂਜ ਜਦ ਵਿਸ਼ਾ ਪੁਰਾਣਾ ਹੋਵੇ ਤਾਂ ਕਿੱਸਾਕਾਰ ਦਾ ਸਾਰਾ ਜ਼ੋਰ ਉਸ ਦੀ ਰੂਪਕ ਪਕਿਆਈ, ਛੰਦ ਦੀ ਭਿੰਨਤਾ, ਅਲੰਕਾਰਾਂ, ਪ੍ਰਤੀਕਾਂ ਤੇ ਬਿੰਬਾਂ ਦੀ ਮੌਲਿਕਤਾ ਵਲ ਹੁੰਦਾ ਹੈ। ਇਸ ਦੇ ਪਰਮਾਣ ਜ਼ਰੂਰ ਥਾਂ ਪਰ ਥਾਂ ਮਿਲਦੇ ਹਨ। ਅਜਿਹੇ ਕਵੀਆਂ ਵਿਚ ਫਜ਼ਲ ਸ਼ਾਹ, ਮੁਹੰਮਦ, ਬੂਟਾ ਗੁਜਰਾਤੀ, ਭਗਵਾਨ ਸਿੰਘ ਤੇ ਕਿਸ਼ਨ ਸਿੰਘ ਆਰਿਫ਼ ਨੂੰ ਰੱਖਿਆ ਜਾ ਸਕਦਾ ਹੈ।

ਉਪ੍ਰੋਕਤ ਨਿਰਣਿਆਂ ਦੀ ਪੁਸ਼ਟੀ, ਇਸ ਕਾਲ ਦੇ ਕਿੱਸਾ ਕਾਵਿ ਦੇ ਸੰਖੇਪ ਸਰਵੇਖਣ ਨਾਲ ਭਲੀ-ਭਾਂਤ ਹੋ ਜਾਏਗੀ।

## 1. ਸਯੱਦ ਫਜ਼ਲ ਸ਼ਾਹ:

ਇਸ ਕਾਲ ਦਾ ਸਭ ਤੋਂ ਉੱਘਾ ਕਵੀ, ਜਿਸ ਨੂੰ ਪੀਲੂ, ਵਾਰਿਸ, ਹਾਸ਼ਮ ਤੇ ਕਾਦਰ ਯਾਰ ਜਿੰਨੀ ਵਡਿਆਈ ਤੇ ਮਾਨਤਾ ਮਿਲੀ, ਉਹ ਸਯੱਦ ਫਜ਼ਲ ਸ਼ਾਹ (1826 ਈ. - 1890 ਈ.) ਹੈ, ਜਿਸ ਦੇ ਕਿੱਸੇ 'ਸੋਹਣੀ ਮਹੀਂਵਾਲ' ਦੀ ਚੋਖੀ ਪ੍ਰਸਿੱਧੀ ਹੋਈ, ਜਿਹੜੀ ਉਪ੍ਰੋਕਤ ਕਵੀਆਂ ਦੀ ਮਿਰਜ਼ਾ ਸਾਹਿਬਾਂ, ਹੀਰ, ਸੱਸੀ ਪੁੰਨੂੰ ਤੇ ਪੂਰਨ ਭਗਤ ਲਿਖਣ ਕਰਕੇ ਹੋਈ। ਫ਼ਜ਼ਲ ਸ਼ਾਹ ਨੇ ਸੋਹਣੀ ਦਾ ਕਿੱਸਾ 1846 ਈ. ਵਿਚ ਲਿਖਿਆ, ਜਿਹੜਾ ਸਾਡੇ ਅਧਿਐਨ ਕਾਲ ਵਿਚ ਤਾਂ ਨਹੀਂ ਆਉਂਦਾ ਪਰ ਇਸ ਕਿੱਸੇ ਦੇ ਵਰਣਨ ਤੋਂ ਬਿਨਾਂ, ਫ਼ਜ਼ਲ ਸ਼ਾਹ ਸੰਬੰਧੀ ਕਿਸੇ ਪ੍ਰਕਾਰ ਦੀ ਚਰਚਾ ਅਧੂਰੀ ਰਹੇਗੀ। ਸੋਹਣੀ ਦਾ ਕਿੱਸਾ ਵੀ ਹੀਰ ਰਾਂਝੇ ਦੇ ਕਿੱਸੇ ਵਾਂਗ ਪੰਜਾਬੀ ਕਵੀਆਂ ਵਲੋਂ ਭਰਪੂਰ ਰੂਪ ਵਿਚ ਲਿਖਿਆ ਗਿਆ ਅਤੇ ਪੰਜਾਬੀ ਦੇ 52 ਕਵੀਆਂ[17] ਨੇ ਇਸ ਉੱਤੇ ਹੱਥ ਅਜ਼ਮਾਇਆ। ਪੰਜਾਬੀ ਤੋਂ ਬਿਨਾਂ, ਰਾਜਸਥਾਨੀ, ਸਿੰਧੀ ਤੇ ਗੁਜਰਾਤੀ ਵਿਚ ਵੀ ਇਹ ਕਿੱਸਾ ਲਿਖਿਆ ਮਿਲਦਾ ਹੈ। ਫ਼ਜ਼ਲ ਸ਼ਾਹ ਤੋਂ ਪਹਿਲਾਂ ਹਾਸ਼ਮ, ਅਹਿਮਦ ਯਾਰ ਤੇ ਕਾਦਰ ਯਾਰ ਵੀ ਸੋਹਣੀ ਦਾ ਕਿੱਸਾ ਲਿਖ ਬੈਠੇ ਸਨ, ਪਰ ਵਰਣਨ ਤੇ ਵੇਰਵਿਆਂ ਕਰਕੇ, ਕਿੱਸੇ ਵਿਚ ਕਰੁਣਾ ਤੇ ਸੋਜ਼ ਭਰ ਕੇ, ਸ਼ੈਲੀ ਦੇ ਕਮਾਲ ਤੇ ਬੈਂਤ ਛੰਦ ਦੀ ਅਨੂਪਮ ਵਰਤੋਂ ਕਰਕੇ ਫ਼ਜ਼ਲ ਸ਼ਾਹ ਨੇ ਜਿਹੜੀ ਹੂਕ ਪੈਦਾ ਕੀਤੀ, ਉਹ 52 ਕਵੀਆਂ ਵਿਚੋਂ ਹੋਰ ਕਿਸੇ ਵਿਰਲੇ ਦੇ ਹਿੱਸੇ ਆਈ ਹੀ ਪ੍ਰਤੀਤ ਹੁੰਦੀ ਹੈ। ਸੋਹਣੀ ਤੋਂ ਬਿਨਾਂ ਉਸ ਨੇ ਸੱਸੀ ਪੁੰਨੂੰ (1862 ਈ.), ਹੀਰ ਰਾਂਝਾ (1866 ਈ.), ਲੈਲਾ ਮਜਨੂੰ (1870 ਈ.)

---

17. ਇਨ੍ਹਾਂ ਕਵੀਆਂ ਦੇ ਵੇਰਵੇ ਲਈ ਦੇਖੋ, ਪਿਆਰਾ ਸਿੰਘ ਪਦਮ ਰਚਿਤ ਪੁਸਤਕ 'ਪੰਜਾਬੀ ਸਾਹਿਤ ਦੀ ਰੂਪ-ਰੇਖਾ' ਪਟਿਆਲਾ, 1971, ਪੰਨਾ 156-157.

ਤੇ ਯੂਸਫ਼ ਜ਼ੁਲੈਖਾਂ (1870 ਈ.) ਨਾਂ ਦੇ ਕਿੱਸੇ ਲਿਖੇ । ਕੁਝ ਆਲੋਚਕਾਂ ਨੇ[18] ਇਨ੍ਹਾਂ ਦੀਆਂ ਹੋਰ ਰਚਨਾਵਾਂ ਵਿਚ ਕੁਝ ਸੀਹਰਫ਼ੀਆਂ ਤੇ ਤੁਹਫ਼ਾਇ ਫ਼ਜ਼ਲ ਦਾ ਜ਼ਿਕਰ ਵੀ ਕੀਤਾ ਹੈ ।[19]

## 2. ਕਿਸ਼ਨ ਸਿੰਘ ਆਰਿਫ਼ (1836 - 1900 ਈ.)

ਗੁਲਾਬਦਾਸੀ ਸੰਪਰਦਾ ਨਾਲ ਸੰਬੰਧਿਤ , ਅੰਮ੍ਰਿਤਸਰ ਦੇ ਵਸਨੀਕ ਇਸ ਪਰੰਪਰਾਵਾਦੀ ਕਿੱਸਾਕਾਰ ਦੀ ਇਸ ਕਾਲ ਦੇ ਕਵੀਆਂ ਵਿਚ ਵਿਸ਼ੇਸ਼ ਥਾਂ ਹੈ, ਜਿਸ ਦੀਆਂ ਇਕ ਦਰਜਨ ਤੋਂ ਉੱਪਰ ਕਾਵਿ-ਕ੍ਰਿਤਾਂ ਪ੍ਰਕਾਸ਼ਤ ਰੂਪ ਵਿਚ ਪ੍ਰਾਪਤ ਹਨ। ਉਸ ਨੇ ਇਸ਼ਕੀਆ ਕਿੱਸਿਆਂ ਤੋਂ ਛੁਟ ਧਾਰਮਕ ਤੇ ਪਰੰਪਰਾਗਤ ਕਥਾਵਾਂ ਲੈ ਕੇ ਕਿੱਸੇ ਲਿਖੇ, ਜਿਨ੍ਹਾਂ ਵਿਚ ਹੀਰ ਰਾਂਝਾ, ਸ਼ੀਰੀਂ ਫਰਿਹਾਦ, ਪੂਰਨ ਭਗਤ, ਰਾਜਾ ਭਰਥਰੀ ਹਰੀ, ਕਿਸ਼ਨਕਟਾਰ, ਸੁਧਰਮੀ ਕਿਸ਼ਨ ਸਿੰਘ, ਬਬੇਕ ਬਾਣ, ਜੀਉ ਸਿਆਪਾ, ਕੋਰੜੇ, ਕੁੰਡਲੀਏ, ਬੁਝਾਰਤਾਂ ਬਾਰਾਂਮਾਹ, ਕਾਫ਼ੀਆਂ ਤੇ ਰਾਜਨੀਤੀ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।[20] ਕਿਸ਼ਨ ਸਿੰਘ ਦੇ ਸਾਰੇ ਕਿੱਸਿਆਂ ਦਾ ਰੰਗ ਸਮਾਨ ਹੈ। ਕਿੱਸਿਆਂ ਦਾ ਨਿਭਾ ਤਾਂ ਪਰੰਪਰਾਈ ਹੈ, ਪਰ ਉਸ ਦੀ ਧਾਰਮਕ ਬਿਰਤੀ, ਡੂੰਘਾ ਅਧਿਐਨ ਤੇ ਆਲੇ ਦੁਆਲੇ ਸੰਬੰਧੀ ਸੂਝ ਤੇ ਚੇਤੰਨਤਾ, ਉਸ ਦੀ ਕਾਵਿ-ਪ੍ਰਤਿਭਾ ਨੂੰ ਚਮਕਾਉਣ ਤੇ ਰਚਨਾ ਵਿਚ ਅਨੋਖਾ ਰਸ ਤੇ ਗੰਭੀਰਤਾ ਉਪਜਾਉਣ ਦੇ ਜ਼ਿੰਮੇਵਾਰ ਬਣਦੇ ਹਨ। ਪੰਜਾਬੀ ਤੋਂ ਛੁਟ ਉਸ ਨੇ ਹਿੰਦੀ ਤੇ ਉਰਦੂ ਵਿਚ ਵੀ ਕੁਝ ਰਚਨਾ ਕੀਤੀ। ਵੇਦਾਂਤ, ਗੁਰਮਤਿ ਤੇ ਸੂਫ਼ੀ ਤਿੰਨਾਂ ਰੰਗਾਂ ਦਾ ਮਿਸ਼ਰਨ ਉਸ ਦੀ ਰਚਨਾ ਨੂੰ ਬਾਕੀ ਸਮਕਾਲੀਆਂ ਨਾਲੋਂ ਵਖਰਿਆਉਂਦਾ ਹੈ। ਜੀਵਨ ਤੇ ਜਗਤ ਸੰਬੰਧੀ ਗੂੜ੍ਹੇ ਤੱਤ ਤੇ ਨਚੋੜ, ਉਸ ਦੀ ਕਵਿਤਾ ਨੂੰ ਥਾਂ ਥਾਂ ਚਮਕਾਉਂਦੇ ਹਨ।

## 3. ਮੀਆਂ ਮੁਹੰਮਦ ਬੂਟਾ ਗੁਜਰਾਤੀ (1836 - 1919 ਈ.)[21]

ਗੁਜਰਾਤੀ ਸ਼ਬਦ ਤੋਂ ਹੀ ਸਪੱਸ਼ਟ ਹੈ ਕਿ ਆਪ ਸੋਹਣੀ ਦੇ ਸ਼ਹਿਰ ਗੁਜਰਾਤ ਦੇ ਵਸਨੀਕ ਸਨ। ਆਪ ਦੀਆਂ ਪ੍ਰਸਿੱਧ ਕਾਵਿ-ਕ੍ਰਿਤਾਂ ਵਿਚ 'ਸ਼ੀਰੀਂ-ਫ਼ਰਿਹਾਦ' (1872 ਈ.), ਪੰਜ ਗੰਜ

---

18. ਮੁਹੰਮਦ ਸਰਵਰ, 'ਨੌਉਮਰੀ ਮੇਂ ਹੀ 'ਮੁਹਫ਼ਾਇ ਫ਼ਜ਼ਲ' ਕੇ ਨਾਮ ਸੇ, ਇਖ਼ਲਾਕੀ ਇਸ਼ਆਰ ਕਾ ਏਕ ਮਜਮੂਆ ਮੁਰੱਤਬਾ ਕੀਆ,... ਕਈ ਸੀਹਰਫ਼ੀਆਂ ਲਿਖੀਂ,.....'ਪੰਜਾਬੀ ਅਦਬ' ਕਰਾਚੀ ਪੰਨਾ 100 — ਅਤੇ ਡਾ. ਰੋਸ਼ਨ ਲਾਲ ਅਹੂਜਾ ਤੇ ਡਾਕਟਰ ਦੀਵਾਨ ਸਿੰਘ, 'ਕਿੱਸਾ ਸੋਹਣੀ ਮਹੀਂਵਾਲ' ਪੰਨਾ 16(ਅੰਮ੍ਰਿਤਸਰ, 1956)।
19. ਫ਼ਜ਼ਲ ਸ਼ਾਹ ਤੇ ਇਸ ਕਾਲ ਦੇ ਹੋਰ ਉੱਘੇ ਕਵੀਆਂ ਬਾਰੇ ਵਿਸਤਾਰ-ਪੂਰਵਕ ਚਰਚਾ ਇਕ ਵੱਖਰੇ ਅਧਿਆਇ ਵਿਚ ਕੀਤੀ ਗਈ ਹੈ।
20. ਸਿੰਗਲ, ਧਰਮ ਪਾਲ, 'ਪੰਜਾਬੀ ਕਵਿਤਾ ਦਾ ਵਿਕਾਸ', ਲੁਧਿਆਣਾ, ਪੰਨਾ 24.(ਪੀ.ਐਚ.ਡੀ.ਥੀਸਿਸ)

(1874 ਈ.), ਚੰਦਰ ਬਦਨ (1887 ਈ.), ਰੋਡਾ ਜਲਾਲੀ (1888 ਈ.), ਮਿਰਜ਼ਾ ਸਾਹਿਬਾਂ (1897 ਈ.) ਤੇ ਕਿੱਸਾ ਸੁਲਤਾਨ ਮਹਿਮੂਦ 1900 ਈ.)। ਕੁਝ ਕੁ ਕਿੱਸੇ ਚੌਧਵੀਂ ਸਦੀ ਵਿਚ ਲਿਖੇ ਜਿਨ੍ਹਾਂ ਵਿਚ ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਤੇ ਨਸੀਹਤੁਲ-ਗ਼ਾਫ਼ਲੀਨ (ਅੰਤਿਮ ਕ੍ਰਿਤ) ਵਰਣਨਯੋਗ ਹਨ। ਉਸ ਦੇ ਨਾਂ ਹੇਠ 22 ਰਚਨਾਵਾਂ ਪ੍ਰਸਿੱਧ ਹਨ ਪਰ ਕਵੀ ਨੂੰ ਸਾਰੀ ਉਮਰ ਇਹ ਗਿਲਾ ਰਿਹਾ ਕਿ ਉਸ ਦੀ ਕਵਿਤਾ ਦਾ ਮੁਲ ਪਾਉਣ ਵਾਲੇ ਵਿਰਲੇ ਹਨ ਅਤੇ ਉਹ ਅਰਬੀ ਫ਼ਾਰਸੀ ਵਿਚ ਕਵਿਤਾ ਲਿਖ ਕੇ ਆਪਣੀ ਕਾਵਿ-ਪ੍ਰਤਿਭਾ ਦਾ ਪ੍ਰਗਟਾਵਾ ਕਰਨਾ ਲੋਚਦਾ ਹੈ, ਪਰ ਲੋਕ ਸਮਝਦੇ ਨਹੀਂ, ਇਸ ਲਈ ਉਸਨੂੰ ਯਾਰਾਂ ਦੇ ਕਹਿਣ ਤੇ ਮਜਬੂਰ ਹੋ ਕੇ ਪੰਜਾਬੀ ਵਿਚ ਲਿਖਣਾ ਪੈ ਰਿਹਾ ਹੈ:-

ਅਰਬੀ ਫ਼ਾਰਸੀ ਕਹਾਂ ਤਜਨੀਸ ਅੰਦਰ, ਵਿਚ ਤਬ੍ਹਾ ਦੇ ਜੋਸ਼ ਉਬਾਲ ਆਵੇ।
ਐਪਰ ਸਾਫ਼ ਬਣਾਵਣਾ ਪਿਆ ਹਿੰਦੀ, ਲੋਕਾਂ ਸਾਦੜਾ ਮਿਆਰ ਖ਼ੁਸ਼ਹਾਲ ਆਵੇ।
ਯਾਰਾਂ ਵਾਸਤੇ ਭਾਰ ਇਹ ਪਿਆ ਚਾਣਾ, ਪਰ ਤਰਫ਼ ਨਾ ਸ਼ੇਅਰ ਖ਼ਿਆਲ ਆਵੇ।
ਨਾ ਕੋਈ ਕਦਰ ਸ਼ਨਾਸ ਕਿਆਸ ਵਾਲਾ, ਐਪਰ ਇਹ ਅਫ਼ਸੋਸ ਕਮਾਲ ਆਵੇ।[22]

ਕਵੀ ਕਾਫ਼ੀ ਪੜ੍ਹਿਆ ਗੁੜ੍ਹਿਆ ਤੇ ਵਿਦਵਾਨ ਆਦਮੀ ਸੀ ਜਿਸ ਦੇ ਪਰਮਾਣ ਉਸ ਦੀਆਂ ਸਾਰੀਆਂ ਲਿਖਤਾਂ ਵਿਚੋਂ ਪ੍ਰਤੱਖ ਦਿਖਾਈ ਦਿੰਦੇ ਹਨ। ਆਪਣੇ ਨਿੱਜੀ ਇਸ਼ਕ ਬਾਰੇ ਵੀ ਉਹ ਲਗ ਭਗ ਹਰ ਕਿੱਸੇ ਵਿਚ ਜ਼ਿਕਰ ਕਰਦਾ ਹੈ।

4. ਮੀਆਂ ਮੁਹੰਮਦ ਬਖ਼ਸ਼: (1829-1904 ਈ:)

ਜਿਹਲਮ ਜ਼ਿਲ੍ਹੇ ਦੇ ਪਿੰਡ ਖਾਨਗਾਰ ਮੀਰਪੁਰ ਵਿਚ ਫ਼ਕੀਰਾਂ ਦੇ ਇਕ ਉੱਚੇ ਪਰਵਾਰ ਵਿਚ ਪੈਦਾ ਹੋਣ ਵਾਲੇ ਇਸ ਕਵੀ ਨੇ ਬਚਪਨ ਵਿਚ ਘਰ ਬਾਰ ਤਿਆਗ ਕੇ, ਵੱਖ ਵੱਖ ਡੇਰਿਆਂ ਵਿਚ ਇਸਲਾਮੀ ਸਿੱਖਿਆ ਪ੍ਰਾਪਤ ਕੀਤੀ ਅਤੇ ਅਰਬੀ ਫ਼ਾਰਸੀ ਤੇ ਉਰਦੂ ਦਾ ਚੰਗਾ ਗਿਆਨ ਹਾਸਲ ਕਰਕੇ, ਇਸ਼ਕ ਮਿਜਾਜ਼ੀ ਤੇ ਇਸਲਾਮੀ ਸ਼ਰ੍ਹਾ, ਫ਼ਿਕਹ ਤੇ ਇਤਿਹਾਸ ਸੰਬੰਧੀ ਕਿੱਸੇ ਲਿਖੇ। ਆਪ ਦੀ ਪ੍ਰਸਿੱਧ ਰਚਨਾ 'ਸੈਫ਼ੁਲ-ਮਲੂਕ' (1862 ਈ:) ਹੀ ਆਪ ਨੂੰ ਅਮਰ ਰੱਖਣ ਲਈ ਕਾਫ਼ੀ ਹੈ,

---

21. ਇਨ੍ਹਾਂ ਦੇ ਜਨਮ ਤੇ ਮ੍ਰਿਤੂ ਦੀਆਂ ਤਾਰੀਖ਼ਾਂ ਸੰਬੰਧੀ ਬਹੁਤ ਮੱਤ-ਭੇਦ ਹੈ, ਪਰ ਰਚਨਾਵਾਂ ਦੀ ਅੰਦਰਲੀ ਗਵਾਹੀ ਤੋਂ ਇਹੀ ਤਾਰੀਖ਼ਾਂ ਠੀਕ ਪ੍ਰਤੀਤ ਹੁੰਦੀਆਂ ਹਨ। ਵਧੇਰੇ ਚਰਚਾ ਵੱਖਰੇ ਅਧਿਆਇ ਵਿਚ ਕੀਤੀ ਗਈ ਹੈ।

22. ਪੰਜਾਬੀ ਸਾਹਿੱਤ ਦਾ ਇਤਿਹਾਸ (ਮੱਧ-ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 68.

ਜਿਸ ਦੀਆਂ 9128 ਬੈਂਤਾਂ ਹਨ। ਹੋਰ ਰਚਨਾਵਾਂ ਵਿਚ ਸੋਹਣੀ ਮਹੀਂਵਾਲ, ਸ਼ੀਰੀਂ ਫਰਿਹਾਦ, ਮਿਰਜ਼ਾ ਸਾਹਿਬਾਂ ਅਤੇ ਬਦੀਹ-ਅਲਜਮਾਲ,, ਹਦਾਇਤੁਲ ਮੁਸਲਮੀਨ, ਗੁਲਜ਼ਾਰੇ ਫਕਰ, ਤੁਹਫਾ ਮੀਰਾਂ, ਸ਼ਾਹ ਮਨਸੂਰ, ਸਖੀ ਖਵਾਸ ਖਾਨ, ਸੀਹਰਫੀਆਂ ਤੇ ਦੋਹਿੜੇ ਲਿਖੇ ਮਿਲਦੇ ਹਨ।

ਸੈਫੁਲ ਮਲੂਕ ਦਾ ਅਧਾਰ ਬ੍ਰਿਟਿਸ਼ ਮਿਊਜ਼ੀਅਮ ਲੰਡਨ ਵਿਚ ਪਈਆਂ ਚਾਰ ਹੱਥ ਲਿਖਤਾਂ ਹਨ, ਜਿਨ੍ਹਾਂ ਦੇ ਸਿਰਲੇਖ ਅੱਡ ਅੱਡ ਹਨ — ਕਿੱਸਾ ਸੈਫੁਲ ਮਲੂਕ, ਕਿੱਸਾ ਗੁਲ ਬਾ ਸਨੋਬਰ, ਕਿੱਸਾ ਹਜ਼ਾਰ ਗੇਸੂ ਵਾ ਬਾਦਸ਼ਾਹਿ ਮਿਸਰ, ਮੁਖਤਸਿਰ ਕਿੱਸਾ ਸੈਫਿ-ਮਲੂਕ । ਲੇਖਕ ਇਸ ਬਾਰੇ ਆਪ ਲਿਖਦਾ ਹੈ:-

> ਮੁੱਲਕਾਂ ਥੀਂ ਮੰਗਵਾ ਕਿਤਾਬਾਂ, ਬਹੁ ਤਮਾਮੀ ਲੋੜੀ ।
> ਚੌਹਾਂ ਕਿਤਾਬਾਂ ਦੀ ਤਕ ਸ਼ਾਹਦੀ, ਹਿਕ ਹਿੰਦੀ ਕਰ ਜੋੜੀ ।
>
> (ਹਿੰਦੀ ਤੋਂ ਭਾਵ ਪੰਜਾਬੀ ਹੈ) ।

ਮੀਆਂ ਮੁਹੰਮਦ ਬਖਸ਼ ਦੀ ਕਿੱਸਾਕਾਰੀ ਤੋਂ ਛੁੱਟ ਇਕ ਨਿਰਪੱਖ ਅਲੋਚਕ ਵਜੋਂ ਵੀ ਵਿਸ਼ੇਸ਼ ਥਾਂ ਹੈ। ਬੈਂਤ ਨੰਬਰ 8960 ਤੋਂ 9030 ਤਕ, ਉਸ ਨੇ ਪੰਜਾਬੀ ਦੇ ਹੋ ਚੁਕੇ ਚਾਲੀ ਤੋਂ ਵੱਧ ਕਵੀਆਂ ਦੀ ਕਾਵਿ-ਆਲੋਚਨਾ ਕੀਤੀ ਹੈ। ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ "ਪੋਠੋਹਾਰ ਵਿਚ ਇਨ੍ਹਾਂ ਦੇ ਕਿੱਸੇ ਸੈਫੁਲ-ਮਲੂਕ ਨੂੰ ਉਹੋ ਦਰਜਾ ਹਾਸਲ ਹੈ, ਜੋ ਏਧਰ ਵਾਰਿਸ ਸ਼ਾਹ ਦੇ ਕਿੱਸਾ ਹੀਰ ਰਾਂਝਾ ਨੂੰ ਏ ।"[23]

5. <u>ਭਗਵਾਨ ਸਿੰਘ</u> ( 1842 - 1902 ਈ: )

ਇਹ ਕਵੀ ਪਿੰਡ ਮਰ੍ਹਾਜ[24] ਜ਼ਿਲ੍ਹਾ ਬਠਿੰਡਾ ਦੇ ਇਕ ਖੱਤਰੀ ਪਰਵਾਰ ਵਿਚ 1842 ਈ. ਨੂੰ ਪੈਦਾ ਹੋਇਆ । ਉਰਦੂ ਫਾਰਸੀ ਦੀ ਸਿੱਖਿਆ ਪ੍ਰਾਪਤ ਕਰ ਕੇ ਜਵਾਨੀ ਵਿਚ ਹੀ ਕਵਿਤਾ ਲਿਖਣ ਲਗ ਪਿਆ। ਆਪ ਦੀਆਂ ਪ੍ਰਸਿੱਧ ਰਚਨਾਵਾਂ ਹੀਰ, ਸੋਹਣੀ ਮਹੀਂਵਾਲ, ਜਿਊਣਾ ਮੌੜ , ਮਿਰਜ਼ਾ ਸਾਹਿਬਾਂ, ਜੰਵ, ਬਾਰਾਂ-ਮਾਂਹ, ਕਾਫੀਆਂ ਆਦਿ ਹਨ, ਪਰ ਬਹੁਤੀ ਪ੍ਰਸਿੱਧੀ ਉਸ ਦੀ ਹੀਰ ਲਿਖਣ ਕਰ ਕੇ ਹੋਈ। 531 ਬੰਦਾਂ ਵਾਲੀ ਇਹ ਹੀਰ, ਕਬਿੱਤਾਂ ਵਿਚ ਲਿਖੀ ਗਈ ਆਪਣੀ ਕਿਸਮ ਦੀ ਪਹਿਲੀ ਕਿਰਤ ਹੈ। ਮਾਲਵੇ ਦੇ ਕਿੱਸਾ-ਕਾਵਿ ਵਿਚ ਭਗਵਾਨ ਸਿੰਘ ਦੀ ਵਿਸ਼ੇਸ਼ ਥਾਂ ਹੈ।

---

23. ਕੁਸ਼ਤਾ, ਮੌਲਾ ਬਖ਼ਸ਼, " ਪੰਜਾਬੀ ਸ਼ਾਇਰਾਂ ਦਾ ਤਜ਼ਕਰਾ ' ਲਾਹੌਰ, 1960, ਪੰਨਾ 198.

24. ਕਿੱਸਾ ਮਿਰਜ਼ਾ ਸਾਹਿਬਾਂ ਵਿਚ ਕਵੀ ਲਿਖਦਾ ਹੈ:-

> ਹੈ ਮਸਕੀਨ ਮਰ੍ਹਾਜ ਦਾ, ਭਗਵਾਨ ਸਿੰਘ ਹੈ ਨਾਮ,
> ਦੇਸ ਮਾਲਵੇ ਵਲ ਦੇ, ਜਾਨਣ ਲੋਕ ਤਮਾਮ
> ਬਹੁਤ ਕਿਤਾਬਾਂ ਛਾਪੀਆਂ, ਜਗ ਸਾਰੇ ਵਿਚ ਨਾਮ ।
> ਮੇਰੀ ਕਾਰ ਕਵੀਸ਼ਰੀ, ਹਰ ਦਮ ਸੁਬ੍ਹਾ ਤੇ ਸ਼ਾਮ ।

6. <u>ਮੌਲਵੀ ਗ਼ੁਲਾਮ ਰਸੂਲ</u> (1849- 1892 ਈ.)

ਉਨ੍ਹੀਵੀਂ ਸਦੀ ਦੇ ਕਿੱਸਾ ਕਾਵਿ ਵਿਚ ਗੁਲਾਮ ਰਸੂਲ ਨਾਂ ਦੇ ਤਿੰਨ ਕਵੀਆਂ ਦਾ ਜ਼ਿਕਰ ਆਉਂਦਾ ਹੈ। ਪਹਿਲਾ ਗ਼ੁਲਾਮ ਰਸੂਲ (1811-1874 ਈ.) ਕਿਲ੍ਹਾ ਮੀਹਾਂ ਸਿੰਘ(ਗੁਜਰਾਂਵਾਲਾ) ਦਾ ਹੈ ਜਿਸ ਨੇ ਸੱਸੀ ਪੁੰਨੂੰ ਦਾ ਕਿੱਸਾ ਲਿਖਿਆ। ਦੂਜਾ ਗ਼ੁਲਾਮ ਰਸੂਲ (1842-1908 ਈ.) ਅੰਮ੍ਰਿਤਸਰ ਦਾ ਰਹਿਣ ਵਾਲਾ ਸੀ ਜਿਸ ਦੇ ਨਾਂ ਨਾਲ 'ਮਾਲੀ ਬੁਲਬੁਲ' ਦੀ ਰਚਨਾ ਜੁੜੀ ਹੋਈ ਹੈ । ਤੀਜਾ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ( 1849-1892 ਈ.) ਹੈ ਜਿਸ ਦੀ ਰਚਨਾ 'ਅਹਿਸਨੁਲਕਸਿਸ' ਪ੍ਰਸਿੱਧ ਹੈ ਤੇ ਜਿਸ ਦੀ ਅੰਦਰਲੀ ਗਵਾਹੀ ਮੁਤਾਬਿਕ ਇਹ 8 ਦਸੰਬਰ 1883 ਈ. ਨੂੰ ਪ੍ਰਕਾਸ਼ਤ ਹੋਈ ।[25]

ਪਹਿਲੇ ਗ਼ੁਲਾਮ ਰਸੂਲ ਦੁਆਰਾ ਸੱਸੀ ਪੁੰਨੂੰ ਤੋਂ ਛੁਟ, ਸੀਹਰਫ਼ੀ ਗੁਲਾਮ ਰਸੂਲ ਤੇ ਪੱਕੀ ਰੋਟੀ (ਵੱਡੀ) ਵਾਰਤਕ ਵਿਚ ਰਚੀਆਂ ਗਈਆਂ। ਸੱਸੀ ਪੁੰਨੂੰ ਦੀ ਪ੍ਰੇਮ ਕਹਾਣੀ ਨੂੰ ਬੜੇ ਦਰਦ ਤੇ ਸੋਜ਼ ਵਿਚ ਨਿਭਾਇਆ ਪਰ ਰੰਗ ਤੇ ਬਹਿਰ ਵਿਚ ਕੋਈ ਮੌਲਿਕਤਾ ਨਹੀਂ । ਉਦਾਹਰਣ ਲਈ:-

> ਉੱਠੀ ਫਜਰੇ ਪੁੰਨੂੰ ਨਜ਼ਰੀਂ ਨਾ ਆਇਆ, ਕਹੇ ਕੀ ਕਹਿਰ ਕੀਤੋਈ ਖ਼ੁਦਾਇਆ।
> ਪਏ ਹੋਤਾਂ ਦੇ ਰਾਹੀ ਚੋਰ ਮੈਨੂੰ, ਮੁਠਿਓ ਨੇ ਜ਼ਾਲਮਾ ਕਰ ਜ਼ੋਰ ਮੈਨੂੰ ।
> ਫਿਰਾਂ ਕਮਲੀ ਕੋਈ ਦਾਰੂ ਨਾ ਜਾਣਾ, ਜੋ ਢੂੰਡਾਂ ਯਾਰ ਦਾ ਕਿਤਵਲ ਟਿਕਾਣਾ।
> ਮੁਰਾਦਾਂ ਦਿਲ ਦੀਆਂ ਦਿਲ ਵਿਚ ਰਹੀਆਂ, ਸੱਜਣ ਨੂੰ ਮਨ ਦੀਆਂ ਬਾਤਾਂ ਨਾ ਕਹੀਆਂ ।

ਦੂਜੇ ਗ਼ੁਲਾਮ ਰਸੂਲ ਰਚਿਤ ਕਿੱਸਾ 'ਮਾਲੀ ਤੇ ਬੁਲਬੁਲ' ਬਾਰਾਂਮਾਹ ਵਿਚ ਹੈ ਤੇ ਕੁਝ ਕੁ ਫੁਟਕਲ ਬੈਂਤ ਵੀ ਲਿਖੇ ਮਿਲਦੇ ਹਨ। ਬਾਰਾਂਮਾਂਹ ਦੀ ਇਕ ਉਦਾਹਰਣ ਇਸ ਤਰ੍ਹਾਂ ਹੈ:-

> ਅੱਸੂ ਆਸ ਕਰ ਆਈ ਸਾਂ ਚਮਨ ਅੰਦਰ,
> ਰਹੀ ਦਿਲ ਦੀ ਦਿਲ ਵਿਚ ਮੁਰਾਦ ਮਾਲੀ ।
> ਇਕ ਜੁਦਾਈ ਤੇ ਦੂਸਰੀ ਪਈ ਫਾਹੀ ,
> ਤੀਜੀ ਸੁਣੀ ਨਾਂ ਤੂੰ ਫਰਿਆਦ ਮਾਲੀ ।
> ਪਾਵਾਂ ਰੱਬ ਦਾ ਵਾਸਤਾ ਛੱਡ ਮੈਨੂੰ,
> ਤੇਰਾ ਚਮਨ ਰਹੇ ਸਦਾ ਆਬਾਦ ਮਾਲੀ ।
> ਗ਼ੁਲਾਮ ਰਸੂਲ ਬੁਲਬੁਲ ਕਹਿੰਦੀ ਤਰਸ ਕਰ ਤੂੰ,
> ਐ ਬੇਦਾਦ, ਜਿਆਦ ਜਲਾਦ ਮਾਲੀ ।

ਤੀਜੇ ਮੌਲਵੀ ਗ਼ੁਲਾਮ ਰਸੂਲ ਬਾਰੇ ਚਰਚਾ ਵੱਖਰੇ ਅਧਿਆਇ ਵਿਚ ਕੀਤੀ ਗਈ ਹੈ।

---

25. ਕੁਸ਼ਤਾ, ਮੌਲਾ ਬਖ਼ਸ਼, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' (ਲਾਹੌਰ 1960) ਵਿਚ ਪਹਿਲੇ ਗ਼ੁਲਾਮ ਰਸੂਲ ਬਾਰੇ ਵੇਰਵਾ ਪੰਨਾ 165 ਉਤੇ, ਦੂਜੇ ਬਾਰੇ ਪੰਨਾ 227 ਉਤੇ ਅਤੇ ਤੀਜੇ ਬਾਰੇ ਪੰਨਾ 238 ਉਤੇ ਚਰਚਾ ਕੀਤੀ ਗਈ ਹੈ।

## 7. ਅਮਾਮ ਬਖ਼ਸ਼ ( 1778 - 1863 ਈ: )

ਅਮਾਮ ਬਖ਼ਸ਼ ਪਸੀਆਂ ਜ਼ਿਲ੍ਹਾ ਸਿਆਲਕੋਟ ਵਿਚ 1778 ਈ. ਵਿਚ ਪੈਦਾ ਹੋਇਆ। ਏਥੇ ਹੀ ਪੰਜਾਬੀ ਦਾ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ 98 ਵਰ੍ਹੇ ਪਿਛੋਂ ਜਨਮ ਲੈ ਕੇ, ਲੋਪੋਕੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਜਾ ਵਸਿਆ। ਅਮਾਮ ਬਖ਼ਸ਼ ਰਚਿਤ ਕਿਸੇ ਗੁਲ ਸਨੋਬਰ, ਕਿੱਸਾ ਬਦੀਅ-ਉਲਜਮਾਲ, ਕਿੱਸਾ ਗੁਲ ਬਦਨ, ਕਿੱਸਾ ਲੈਲਾ ਮਜਨੂੰ ਪ੍ਰਸਿੱਧ ਹਨ ਪਰ ਸਾਡੇ ਅਧਿਐਨ ਕਾਲ ਵਿਚ ਉਸ ਦਾ ਕਿੱਸਾ 'ਚੰਦਰ ਬਦਨ' ਪਹਿਲੀ ਵਾਰੀ 1869 ਵਿਚ ਪ੍ਰਕਾਸ਼ਤ ਹੋਇਆ ਤੇ ਇਸ ਤੋਂ ਪਿਛੋਂ ਸ਼ਾਹ ਬਹਿਰਾਮ ਛਪਿਆ। ਅਮਾਮ ਬਖਸ਼ ਦੀ ਬਹੁਤੀ ਪ੍ਰਸਿੱਧੀ ਸ਼ਾਹ ਬਹਿਰਾਮ ਲਿਖਣ ਕਰ ਕੇ ਹੋਈ । ਇਸ ਕਿਸੇ ਵਿਚ ਦੇਉ ਤੇ ਪਰੀਆਂ ਦੀ ਕਥਾ ਹੈ ਤੇ ਸ਼ਾਹ ਬਹਿਰਾਮ ਤੇ ਹੁਸਨਬਾਨੋ ਨਾਂ ਦੀ ਇਕ ਪਰੀ ਉਤੇ ਮੋਹਤ ਹੋਣ ਤੇ ਔਕੜਾਂ ਦੇ ਬਾਵਜੂਦ ਉਸ ਨਾਲ ਵਿਆਹ ਕਰਾਉਣ ਦੀ ਵਾਰਤਾ ਨੂੰ ਬੜੇ ਰੋਮਾਂਟਿਕ ਰੰਗ ਵਿਚ ਪੇਸ਼ ਕੀਤਾ ਗਿਆ ਹੈ। ਕਵਿਤਾ ਵਿਚ ਕੋਈ ਸ੍ਰੇਸ਼ਟ ਗੁਣ ਜਾਂ ਕਲਾ ਉਚਿਆਈਆਂ ਨਹੀਂ। ਬਿਆਨ ਆਮ ਕਿੱਸਿਆਂ ਵਾਂਗ ਬੜਾ ਪਰੰਪਰਾਵਾਦੀ ਹੈ। ਉਦਾਹਰਣ ਲਈ :-

ਸੋਹਣੀ ਸੂਰਤ ਉਹ ਸਹਿਜ਼ਾਦਾ, ਆਹਾ ਯੂਸਫ਼ ਸਾਨੀ ।
ਵਾਂਗ ਜ਼ੁਲੈਖ਼ਾਂ ਖ਼ਲਕਤ ਉਸ ਨੂੰ ਵੇਖ ਹੋਏ ਦੀਵਾਨੀ ।
ਹੂਰਾਂ ਸਭ ਫਰਿਸ਼ਤੇ ਉਸ ਨੂੰ, ਵੇਖ ਹੋਵਣ ਦਰਮਾਂਦੇ ।
ਆਦਮ ਜਿਨ ਪਰਿੰਦੇ ਉਸ ਤੇ, ਆਸ਼ਕ ਹੋ ਹੋ ਜਾਂਦੇ ।

## 8. ਮੌਲਵੀ ਅਬਦੁਸਤਾਰ ( 1823 - 1913 ਈ. )

ਖਾਰੀਆਂ ਵਾਲਾ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਵਿਰਕ ਜੱਟਾਂ ਦੇ ਘਰ ਜਨਮ ਲਿਆ। ਪਿਤਾ ਮੁਸਲਮਾਨ ਹੋ ਗਿਆ ਤੇ ਜੁਲਾਹਿਆਂ ਦਾ ਕੰਮ ਕਰਨ ਲਗਾ। ਅਬਦੁਸਤਾਰ ਨੇ ਅਰਬੀ ਫ਼ਾਰਸੀ ਪੜ੍ਹੀ ਤੇ ਕਵਿਤਾ ਲਿਖਣ ਲਗ ਪਿਆ। ਯੂਸਫ਼ ਜ਼ੁਲੈਖਾਂ, ਬਾਰਾਂ ਮਾਂਹ ਤੇ ਸੀਹਰਫੀਆਂ ਤੋਂ ਛੁੱਟ ਮਹੀ-ਨਾਮਾ, ਇਬਰਤ-ਨਾਮਾ ਤੇ ਨੈਣ-ਨਾਮਾ, ਚਰਖਾ ਰੰਗ - ਰੰਗੀਲਾ ਤੇ ਮਦਹ ਨਬੀ ਕਰੀਮ ਆਪ ਦੀਆਂ ਕੁਝ ਕੁ ਵਰਣਨ-ਯੋਗ ਰਚਨਾਵਾਂ ਹਨ, ਪਰ ਆਪ ਦੀ ਪ੍ਰਸਿੱਧੀ ਕਿੱਸਾ ਸਾਹਿੱਤ ਵਿਚ ਯੂਸਫ਼ ਜ਼ੁਲੈਖਾਂ ਲਿਖਣ ਕਰ ਕੇ ਹੋਈ ਜਿਸ ਨੂੰ ਧਾਰਮਕ ਰੰਗ ਵਿਚ 'ਕਸਿੱਸੁਲਮੁਹਸਨੀਨ' ਨਾਂ ਹੇਠ ਲਿਖ ਕੇ 1894 ਈ. ਵਿਚ ਪਹਿਲੀ ਵਾਰੀ ਪ੍ਰਕਾਸ਼ਤ ਕੀਤਾ। 584 ਪੰਨਿਆਂ ਦੇ ਇਸ ਕਿਸੇ ਨੂੰ ਹਰ ਪੜ੍ਹਾਉਣ ਪੜ੍ਹਨ ਸੁਣਨ ਵਾਲੇ ਨੇ ਰੱਜ ਕੇ ਸਲਾਹਿਆ। ਅਹਿਮਦ ਕੁਰੈਸ਼ੀ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀਆਂ ਜਿਨ੍ਹਾਂ ਤਿੰਨ ਪੁਸਤਕਾਂ ਨੂੰ ਅਮਰ ਤੇ ਯਾਦਗਾਰੀ ਰਚਨਾਵਾਂ ਕਹਿੰਦਾ ਹੈ, 'ਕਸਿੱਸੁਲਮੁਹਸਨੀਨ'

ਉਨ੍ਹਾਂ ਵਿੱਚੋਂ ਇਕ ਹੈ। ਬਾਕੀ ਦੀਆਂ ਦੋ ਰਚਨਾਵਾਂ ਮੌਲਵੀ ਗੁਲਾਮ ਰਸੂਲ ਰਚਿਤ 'ਅਹਿਸਨੁਲਕਸਿਸ' ਤੇ ਮੀਆਂ ਮੁਹੰਮਦ ਬਖ਼ਸ਼ ਰਚਿਤ 'ਸੈਫੁਲ ਮਲੂਕ' ਹਨ।[26]

## 9. ਹਦਾਇਤੁਲਾ (1838- 1929 ਈ.)

ਆਪ ਗਲੀ ਚਾਬਕ ਸਵਾਰਾਂ, ਲਾਹੌਰ ਦੇ ਰਹਿਣ ਵਾਲੇ ਸਨ ਤੇ ਦਰਜ਼ੀ ਦਾ ਕੰਮ ਕਰਦੇ ਸਨ। ਕਵੀ ਹਦਾਇਤੁਲਾ ਆਪਣੇ ਸਮੇਂ ਦੇ ਮੰਨੇ ਪ੍ਰਮੰਨੇ ਉਸਤਾਦ ਕਵੀ ਤੇ ਪੰਜਾਬੀ ਮੁਸ਼ਾਇਰਿਆਂ ਦੇ ਮੋਢੀ ਕਵੀਆਂ ਵਿੱਚੋਂ ਸਨ। ਆਪ ਦੀਆਂ ਰਚਨਾਵਾਂ ਵਿਚ ਗਿਆਰਾਂ ਸੀਹਰਫ਼ੀਆਂ, ਇਕ ਬਾਰਾਂ-ਮਾਂਹ, ਕੁਝ ਕੁ ਦੋਹੜੇ ਤੇ ਬੈਂਤ ਸ਼ਾਮਲ ਹਨ।[27] ਸੀਹਰਫ਼ੀਆਂ ਦੇ ਵਿਸ਼ੇ ਇਸ਼ਕ ਮਿਜਾਜ਼ੀ ਤੇ ਇਸ਼ਕ ਹਕੀਕੀ ਦੋਵੇਂ ਹਨ। ਪਰ ਹਦਾਇਤੁਲਾ ਦੀ ਪ੍ਰਸਿੱਧੀ ਇਕ ਹੋਰ ਗੱਲ ਕਰਕੇ ਵੀ ਹੈ ਤੇ ਉਹ ਹੈ ਕਿ ਉਸ ਨੇ ਵਾਰਿਸ ਦੀ ਹੀਰ ਵਿਚ ਵਾਰਿਸ ਦੇ ਬਹਿਰ ਉਤੇ, ਤੇ ਉਸੇ ਦੇ ਨਾਂ ਹੇਠ 1673 ਤੁਕਾਂ ਆਪ ਲਿਖ ਕੇ ਪਾ ਦਿੱਤੀਆਂ।[28] ਪਰ ਈਮਾਨਦਾਰੀ ਇਸ ਗੱਲ ਵਿਚ ਹੈ ਕਿ ਸਾਰੀ ਰਚਨਾ ਉਤੇ ਨੰਬਰ ਲਾ ਕੇ ਅਖ਼ੀਰ ਵਿਚ ਸਾਫ਼ ਲਿਖ ਦਿੱਤਾ ਕਿ ਇਹ ਵਾਧਾ ਮੈਂ ਕੀਤਾ ਹੈ। ਜੇ ਆਪ ਇਹ ਭੇਤ ਨਾ ਖੋਲ੍ਹਦੇ ਤਾਂ ਵੱਡੇ ਤੋਂ ਵੱਡੇ ਆਲੋਚਕ ਲਈ ਵੀ ਇਹ ਨਿਖੇੜ ਕਰਨਾ ਔਖਾ ਹੋ ਜਾਂਦਾ ਕਿ ਇਨ੍ਹਾਂ ਦੇ ਸ਼ੇਅਰ ਕਿਹੜੇ ਹਨ। ਆਪ ਦੀ ਰਚਨਾ ਵਿਚ ਵੀ ਰਸ, ਰਵਾਨੀ, ਬਿਰਹਾ ਤੇ ਕਾਲਪਨਿਕ ਉਡਾਰੀ ਵਾਰਿਸ ਨਾਲੋਂ ਘੱਟ ਨਹੀਂ। 'ਡੋਲੀ ਚੜ੍ਹਦਿਆਂ ...." ਤੇ ' ਗਿਆ ਭੱਜ ਤਕਦੀਰ ...." ਵਰਗੇ ਵਾਰਿਸ ਦੇ ਨਾਂ ਹੇਠ ਪਰਚਲਿਤ ਕਾਵਿ-ਬੰਦ ਵਾਸਤਵ ਵਿਚ ਹਦਾਇਤੁਲਾ ਦੀ ਕ੍ਰਿਤ ਹਨ।

## 10. ਸਯੱਦ ਮੀਰਾਂ ਸ਼ਾਹ (1829 - 1914 ਈ:)

ਸਯੱਦ ਮੀਰਾਂ ਸ਼ਾਹ ਜਲੰਧਰ ਦੇ ਵਸਨੀਕ ਸਨ। ਇਨ੍ਹਾਂ ਦੇ ਨਾਂ ਹੇਠ, ਹੀਰ-ਰਾਂਝਾ, (1889 ਈ:), ਮਿਰਜ਼ਾ ਸਾਹਿਬਾਂ (1893 ਈ.), ਸੋਹਣੀ ਮਹੀਂਵਾਲ (1896 ਈ.), ਕੁਲੀਆਤ ਮੀਰਾਂ ਸ਼ਾਹ (1901 ਈ.) ਆਦਿ ਛਪੇ। ਕੁਝ ਕੁ ਡਿਉਢਾਂ, ਗੀਤ, ਕਾਫ਼ੀਆਂ ਤੇ ਬੈਂਤ ਵੀ 'ਗੁਲਦਸਤਾ ਮੀਰਾਂ ਸ਼ਾਹ' ਵਿਚ ਸ਼ਾਮਲ ਹਨ, ਪਰ ਇਸ ਦਾ ਰਚਨਾ-ਕਾਲ ਨਿਸ਼ਚਿਤ ਨਹੀਂ

---

26. ਅਹਿਮਦ ਕੁਰੈਸ਼ੀ 'ਪੰਜਾਬੀ ਜ਼ਬਾਨ ਕੀ ਮੁਖ਼ਤਸਿਰ ਤਾਰੀਖ਼', ਪੰਨਾ 121, ਹਵਾਲਾ ਡਾ: ਜੀਤ ਸਿੰਘ ਸੀਤਲ, 'ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ' 1974, ਪੰਨਾ 456.
27. ਆਪਣੀਆਂ ਰਚਨਾਵਾਂ ਬਾਰੇ ਉਹ ਆਪ ਹੀ ਲਿਖਦਾ ਹੈ —" ਸੀਹਰਫ਼ੀਆਂ ਯਾਰਾਂ ਹਦਾਇਤੁਲਾ, ਬਾਰਾਂ-ਮਾਂਹ ਵੀ ਇਕ ਬਣਾਇਆ ਜੇ।"
28. ਕੁਸ਼ਤਾ- ਮੌਲਾ ਬਖ਼ਸ਼, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 218.

ਹੋ ਸਕਿਆ। ਮੀਰਾਂ ਸ਼ਾਹ ਨਾਂ ਦਾ ਇੱਕ ਹੋਰ ਲੇਖਕ[29] (1807-1898 ਈ.) ਬਹਾਵਲਪੁਰ ਦਾ ਰਹਿਣ ਵਾਲਾ ਸੀ, ਜਿਸ ਦੀਆਂ ਕਾਵਿ-ਕ੍ਰਿਤਾਂ ਵਿਚ ਕਿੱਸਾ ਹੀਰ-ਰਾਂਝਾ, ਕਾਲੀ ਗੋਰੀ ਦਾ ਝਗੜਾ, ਅਓਸ਼ ਇਸ਼ਕ, ਈਦ ਤੇ ਸ਼ਬ ਕਦਰ ਦਾ ਬਿਆਨ, ਕੁਝ ਫੁਟਕਲ ਨਜ਼ਮਾਂ ਦੇ ਦੋਹਿੜੇ, ਪ੍ਰਕਾਸ਼ਤ ਰੂਪ ਵਿਚ ਮਿਲਦੇ ਹਨ। ਸਿਵਾਇ 'ਹੀਰ-ਰਾਂਝਾ' ਦੇ ਬਾਕੀ ਇਨ੍ਹਾਂ ਦੋਹਾਂ ਦੀ ਕੋਈ ਸਾਂਝੇ ਵਿਸ਼ੇ ਵਾਲੀ ਕ੍ਰਿਤ ਨਹੀਂ। ਪਰ ਦੋਹਾਂ ਵਿਚ ਵੱਡਾ ਫ਼ਰਕ ਇਹ ਹੈ ਕਿ ਜਿੱਥੇ ਮੀਰਾਂ ਸ਼ਾਹ ਦੀ ਲਿਖਤ ਉਤੇ ਲਹਿੰਦੀ ਦਾ ਰੰਗ ਪ੍ਰਧਾਨ ਹੈ, ਉਥੇ ਸੱਯਦ ਮੀਰਾਂ ਸ਼ਾਹ ਦੀ ਭਾਸ਼ਾ ਦੁਆਬੀ ਜਾਂ ਕੇਂਦਰੀ ਪੰਜਾਬੀ ਹੈ ਅਤੇ ਇਸ ਨੇ ਆਪਣੇ ਕਿੱਸੇ ਹੀਰ-ਰਾਂਝੇ ਵਿਚ, ਸੀਹਰਫ਼ੀਆਂ ਦੇ ਵਿਚ ਹੀ, ਕਾਫ਼ੀਆਂ ਵੀ ਜੜ ਦਿੱਤੀਆਂ ਹਨ। ਹਰ ਕਾਫ਼ੀ ਦੇ ਅਖ਼ੀਰ ਵਿਚ 'ਮੈਂ ਤੁਰ ਗਈ ਰਾਂਝਣਾ ਹੋ" ਆਇਆ ਹੈ। ਸਮੇਂ ਦਾ ਰਿਵਾਜ ਜਿੱਥੇ ਕਬਿੱਤ ਤੇ ਕੋਰੜੇ ਵਾਲਾ ਸੀ, ਉਥੇ ਇਸ ਨੇ ਆਪਣਾ ਕਿੱਸਾ ਦਵੱਯਾ ਛੰਦ ਵਿਚ ਲਿਖਿਆ। ਸੱਯਦ ਮੀਰਾਂ ਸ਼ਾਹ ਰਚਿਤ ਇਕ ਡਿਉਢ[30] ਉਸ ਦੀ ਕਾਵਿ-ਕਲਾ ਤੇ ਭਾਸ਼ਾ ਦੇ ਪਰਮਾਣ ਵਜੋਂ ਏਥੇ ਦਿੱਤੀ ਜਾਂਦੀ ਹੈ:-

ਜੀਮ ਜਿਗਰ ਵਿਚ ਜ਼ਖ਼ਮ ਹਿਜਰ ਦਾ, ਕਿਸ ਨੂੰ ਫੋਲ ਦਿਖਾਵਾਂ, ਕਿਸ ਦਰ ਜਾਵਾਂ।
ਬਾਝੋਂ ਵਸਲ ਇਲਾਜ ਨਾ ਕੋਈ, ਸੌ ਸੌ ਮਰਹਮ ਲਾਵਾਂ, ਨਫ਼ਾ ਨਾ ਪਾਵਾਂ।
ਬ੍ਰਿਹੋਂ ਜ਼ਾਲਮ ਅੰਦਰ ਵੜਿਆ, ਕਿਉਂਕਰ ਜਾਨ ਬਚਾਵਾਂ, ਖ਼ਾਕ ਸਮਾਵਾਂ।
ਮੀਰਾਂ ਸ਼ਾਹ ਦਰਬਾਰ ਖ਼ੁਆਜਾ ਦੇ, ਰੋ ਰੋ ਹਾਲ ਸੁਣਾਵਾਂ, ਤਾਂ ਸੁਖ ਪਾਵਾਂ।

11. <u>ਸਾਧੂ ਸਦਾ ਰਾਮ</u> (1861 - 1933 ਈ:)

ਆਪ ਦਾ ਜਨਮ ਪਿੰਡ ਗੰਧੇਲੀ(ਰਾਜਿਸਥਾਨ) ਵਿਚ ਹੋਇਆ। ਚੜ੍ਹਦੀ ਜਵਾਨੀ ਵੇਲੇ ਇਸ਼ਕ ਦੀ ਪੀੜ ਤੇ ਪਿਆਰ ਦੀ ਅਸਫਲਤਾ ਨੇ ਕਵੀ ਬਣਾਇਆ। ਉਹ ਲਿਖਦਾ ਹੈ:-

ਮੇਰੇ ਮਨ ਹੋਰ ਰਬ ਹੋਰ ਕੀਤੀ ਸਦੇ ਰਾਮਾ,
ਮਿਲਿਆ ਸੀ ਯਾਰ ਪਰ ਮਿਲਿਆ ਨਾ ਹੰਢਾਵਣਾ ॥

ਆਪ ਦੀਆਂ ਛਪੀਆਂ ਅਣਛਪੀਆਂ ਰਚਨਾਵਾਂ ਦੀ ਗਿਣਤੀ 16 ਹੈ।[31] ਛਪੀਆਂ ਰਚਨਾਵਾਂ ਆਹਣ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਗਊ ਰਕਸ਼ਾ, ਜੀਵ ਹੇਤੂ, ਸ਼ੁਮ-ਨਾਮਾ, ਕੁਪੱਥ-ਨਾਮਾ, ਚਰਬੇਨਾਮਾ,

---

**29.** ਕੁਸ਼ਤਾ, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 249
30. ਉਹੀ, ਪੰਨਾ 255
31. ਸੁਰਜੀਤ ਸਿੰਘ, 'ਸਦਾ ਰਾਮ ਅਧਿਅਨ', ਪੰਜਾਬੀ ਸਾਹਿੱਤ ਸਭਾ ਬਰਨਾਲਾ, 1962, ਪੰਨਾ 26- 27.

ਪ੍ਰਹਿਲਾਦ(ਬਾਰਾਂ ਮਾਂਹ ) ਤੇ ਦਮਦਮੇ ਸਾਹਿਬ ਦਾ ਫਲ ਅਤੇ ਅਣਛਪੀਆਂ ਵਿਚ ਜਿਊਣਾ ਮੌੜ, ਸੋਹਣੀ ਵੱਡੀ, ਛੋਟੇ ਸਾਹਿਬਜ਼ਾਦੇ, ਵੱਡੇ ਸਾਹਿਬਜ਼ਾਦੇ ਫੁਟਕਲ ਛੰਦ ਤੇ ਵਾਰਤਕ। ਆਪ ਦੀ ਵਧੇਰੇ ਪ੍ਰਸਿੱਧੀ ਕਬਿੱਤ ਤੇ ਕੋਰੜੇ ਛੰਦ ਵਿਚ ਲਿਖੀ ਸੋਹਣੀ ਦੇ ਕਿੱਸੇ ਕਰਕੇ ਹੋਈ। ਮਾਲਵੇ ਦਾ ਇਕ ਹੋਰ ਕਵੀ ਪੰਡਤ ਸਦਾ ਰਾਮ ਹੋਇਆ ਹੈ, ਜਿਹੜਾ ਕੋਟ ਫ਼ਤਾ, ਜ਼ਿਲਾ ਬਠਿੰਡਾ ਦਾ ਵਸਨੀਕ ਸੀ। ਉਸ ਦੇ ਨਾਂ ਹੇਠ , ਸਤੀ ਸੁਲੋਚਨਾ, ਸ਼ਾਮੋ ਨਾਰ, ਤੀਆਂ ਦੀ ਕਰਤੂਤ ਤੇ ਜੰਦ ਵਗੈਰਾ ਕਿੱਸੇ ਮਿਲਦੇ ਹਨ, ਪਰ ਪ੍ਰਕਾਸ਼ਕਾਂ ਦੀ ਚਲਾਕੀ ਕਰਕੇ, ਇਹ ਕਿੱਸੇ ਵੀ ਸਾਧੂ ਸਦਾ ਰਾਮ ਦੇ ਨਾਂ ਹੇਠ ਵੇਚੇ ਜਾਂਦੇ ਰਹੇ। ਸਾਧੂ ਸਦਾ ਰਾਮ ਉਤੇ ਬ੍ਰਜੀ ਤੇ ਸਾਧ-ਭਾਸ਼ਾ ਦਾ ਅਸਰ ਹੈ, ਪਰ ਕਿੱਸਿਆਂ ਦੀ ਭਾਸ਼ਾ ਠੇਠ ਪੰਜਾਬੀ ਹੈ।[32]

12. <u>ਹਾਸ਼ਮ ਮੁਖ਼ਲਿਸ</u> (182?-1895 ਈ:)

ਜੰਗ ਸਿੰਘਾਂ ਤੇ ਫਰੰਗੀਆਂ ਦੇ ਪ੍ਰਸਿੱਧ ਲੇਖਕ, ਸ਼ਾਹ ਮੁਹੰਮਦ ਦਾ ਪੁਤਰ ਹਾਸ਼ਮ ਪਿੰਡ ਵਡਾਲਾ ਜ਼ਿਲਾ ਅੰਮ੍ਰਿਤਸਰ ਵਿਚ 1820 ਈ: ਵਿਚ ਪੈਦਾ ਹੋਇਆ। ਆਪਣਾ ਤਖ਼ੱਲਸ ਮੁਖ਼ਲਿਸ ਰੱਖਿਆ। ਉਸ ਦੀ ਇੱਕੋ ਇਕ ਰਚਨਾ, ਕਿੱਸਾ ਸੱਸੀ ਪੁੰਨੂੰ ਬੈਂਤਾਂ ਵਿਚ ਤੇ ਸੁਆਲ ਜਵਾਬ ਦੇ ਢੰਗ ਤੇ ਲਿਖੀ ਮਿਲਦੀ ਹੈ। ਕਵਿਤਾ ਦਾ ਹੁਨਰ ਵਿਰਸੇ ਵਿਚ ਮਿਲਣ ਕਰਕੇ, ਲਿਖਤ ਵਿਚ ਸੋਜ਼, ਸਰਲਤਾ ਤੇ ਵਹਾ ਹੈ। ਸੱਸੀ ਨੂੰ ਮਾਂ ਆਖਦੀ ਹੈ :-

ਰੇ ਰੱਬ ਦਾ ਵਾਸਤਾ ਮੰਨ ਮੇਰਾ, ਖਲੀਂ ਜਾ ਨਾ ਜਾਨ ਗਵਾ ਕੁੜੀਏ।
ਮਾਂ ਬਾਪ ਦੇ ਹੁਕਮ ਨੂੰ ਰੱਦ ਕਰਨਾ, ਕਿਸੇ ਮਜ਼ਹਬ ਵਿਚ ਨਹੀਂ ਰਵਾ ਕੁੜੀਏ।
ਉਚੀ ਕੂਕ ਨਾ ਬਹੁਤ ਸੁਣਾ ਲੋਕਾਂ, ਰੱਖ ਆਪਣੀ ਪ੍ਰੀਤ ਛੁਪਾ ਕੁੜੀਏ।
ਮੁਖ਼ਲਿਸ ਬਨਣ ਸ਼ਰੀਕ ਤੇ ਦੇਣ ਤਾਅਨੇ, ਯਾਰੀ ਹੋਤਾਂ ਦੇ ਨਾਲ ਨਾ ਲਾ ਕੁੜੀਏ।

13. <u>ਗੋਪਾਲ ਸਿੰਘ ਗੋਪਾਲ</u> ( 1846-1914 ਈ:)

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਵੰਝਲ ਵਿਚ ਸ੍ਰ. ਜਵਾਹਰ ਸਿੰਘ ਰਾਮਗੜ੍ਹੀਆ ਦੇ ਘਰ 1846 ਈ. ਨੂੰ ਜਨਮ ਲਿਆ। ਆਪ ਸੂਫ਼ੀ ਸੁਭਾ ਦੇ ਧਰਮਾਤਮਾ ਪੁਰਸ਼ ਸਨ। ਬਤੌਰ ਕਵੀ ਦੇ ਇਨ੍ਹਾਂ ਦੀ ਕਲਾ ਵਿਚ ਨਾ ਤਾਂ ਪਕਿਆਈ ਹੈ ਤੇ ਨਾ ਹੀ ਨਿਪੁੰਨਤਾ। ਰਵਾਇਤੀ ਸ਼ਬਦਾਵਲੀ, ਸਿੱਧਾ ਪੱਧਰਾ ਬਿਆਨ ਤੇ ਪ੍ਰਚਲਿਤ ਛੰਦ ਪ੍ਰਬੰਧਾਂ ਵਿਚ ਕੁੱਝ ਕਿੱਸੇ ਲਿਖ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

32. ਸਾਧੂ ਸਦਾ ਰਾਮ ਬਾਰੇ ਵਿਸਤਾਰ-ਪੂਰਵਕ ਚਰਚਾ, ਵੱਖਰੇ ਅਧਿਆਇ ਵਿਚ ਕੀਤੀ ਗਈ ਹੈ।

ਕਿੱਸਾ ਸ਼ਾਹ ਬਹਿਰਾਮ, (1876 ਈ:), ਕਿੱਸਾ ਖਿਸ਼ਨੇ ਬੱਗਾ ਮਲ (1878 ਈ.) ਸੱਸੀ ਪੁੰਨੂੰ (1893 ਈ.), ਯੂਸਫ਼ ਜ਼ੁਲੈਖਾਂ (1894 ਈ.) ਤੇ ਕਵਿਤਾ ਵਿਚ ਰਾਮਾਇਣ ( 1895 ਈ.)। ਕਿੱਸਾ ਸ਼ਾਹ ਬਹਿਰਾਮ ਵਿੱਚੋਂ ਕਵਿਤਾ[33] ਦੀਆਂ ਕੁਝ ਸਤਰਾਂ ਤੋਂ ਆਪ ਦੀ ਕਾਵਿ-ਕਲਾ ਦੀ ਪੱਧਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ:-

> ਆਈ ਜਾਗ ਜਾਂ ਸ਼ਾਹ ਬਹਿਰਾਮ ਤਾਈਂ, ਨਿਮੋਝਾਨ ਹੋਇਆ, ਅੱਖੀਂ ਨੀਰ ਆਇਆ।
> ਸੁਫਨੇ ਵਿਚ ਜੋ ਸ਼ਾਹ ਬਹਿਰਾਮ ਨੇ ਸੀ, ਘਰ ਆਪਣੇ ਦਾ ਸਾਰਾ ਹਾਲ ਪਾਇਆ।
> ਰੰਗ ਜ਼ਰਦ ਹੋਇਆ, ਗਏ ਹੋਸ਼ ਮਾਰੇ, ਸੁਣੇ ਸ਼ਾਹ ਨੇ ਦਰਦ ਦਾ ਤੀਰ ਲਾਇਆ।
> ਕਹਿੰਦਾ ਰੋ ਕੇ ਸ਼ਾਹ ਗੋਪਾਲ ਸਿੰਘਾ, ਆਬੋ ਦਾਣਾ, ਸਾਡਾ ਹੁਣ ਰੱਬ ਚਾਇਆ।

14. ਕਾਨ੍ਹ ਸਿੰਘ:

ਕਾਨ੍ਹ ਸਿੰਘ ਦੇ ਜਨਮ-ਮਰਨ ਦੀਆਂ ਤਾਰੀਖਾਂ ਦਾ ਠੀਕ ਤਰ੍ਹਾਂ ਨਿਰਣਾ ਨਹੀਂ ਹੋ ਸਕਿਆ। ਉਸ ਦੀ ਇਕੋ ਇੱਕ ਪ੍ਰਸਿੱਧ ਰਚਨਾ 'ਹੀਰ' ਹੈ । ਇਸੇ ਦੀ ਅੰਦਰਲੀ ਗਵਾਹੀ ਤੋਂ ਇਸ ਦਾ ਰਚਨਾ ਕਾਲ ਮੱਘਰ ਤੇ ਪੋਹ ਸੰਮਤ 1921[34] ਬਿਕ੍ਰਮੀ ਹੈ, ਜਿਹੜਾ ਦਸੰਬਰ 1864 ਈ. ਬਣਦਾ ਹੈ ਤੇ ਸਾਡੇ ਅਧਿਐਨ ਕਾਲ ਵਿਚ ਆਉਂਦਾ ਹੈ।

ਕਾਨ੍ਹ ਸਿੰਘ ਬਹੁਤ ਪੜ੍ਹਿਆ ਲਿਖਿਆ ਤੇ ਵਿਦਵਾਨ ਆਦਮੀ ਸੀ । ਧਾਰਮਕ ਭਾਵਾਂ ਵਾਲਾ ਤੇ ਊਨੇ ਵਾਲੇ ਬੇਦੀਆਂ ਦਾ ਸਿੱਖ ਹੋਣ ਦੇ ਬਾਵਜੂਦ, ਕਿੱਸੇ ਦੇ ਆਰੰਭ ਵਿਚ ਸਰੱਸਵਤੀ ਦੇਵੀ ਨੂੰ ਧਿਆਉਂਦਾ ਹੈ । ਸੂਫ਼ੀਆਂ ਵਾਂਗ ਉਹ ਇਸ਼ਕ ਮਿਜਾਜ਼ੀ ਨੂੰ ਇਸ਼ਕ ਹਕੀਕੀ ਵਲ ਇਕ ਕਦਮ ਸਮਝਦਾ ਹੈ ਤੇ ਇਸੇ ਲਈ ਹੀਰ ਰਾਂਝੇ ਦੀ ਪ੍ਰੇਮ ਕਹਾਣੀ ਨੂੰ ਵਾਰਿਸ ਵਾਂਗ ਅਧਿਆਤਮਕ ਅਰਥ ਦੇਣ ਦੀ ਕੋਸ਼ਿਸ਼ ਕਰਦਾ ਹੋਇਆ ਲਿਖਦਾ ਹੈ :-

> ਰਾਂਝਾ ਆਤਮਾ, ਹੀਰ ਹੈ ਬ੍ਰਿਤੀ, ਫੁਰਦੀ ਝੰਗ ਸਿਆਲ, ਸਰੀਰ ਸਮਝਾਈਏ ਜੀ।
> ਵਿਸ਼ੇ ਮੇਰੀ ਸਹੇਲੀਆਂ ਇੰਦਰੀਆਂ ਨੀ, ਬੇਲਾ ਚਿਤ ਸੈਂ ਸਭੀ ਸੁਣਵਾਈਏ ਜੀ ।
> ਤਖ਼ਤ ਨਾਮ ਹਜ਼ਾਰਾ, ਦਰਗਾਹਾਂ ਜੰਮਾ, ਅੰਤਸ਼ਕਰਨ ਭਾਈ, ਵਾਸ਼ਨਾ ਮਾਊ ਸੀ ਜੀ।

ਕਾਨ੍ਹ ਸਿੰਘ ਨੇ ਆਪਣੇ ਕਿੱਸੇ ਵਿਚ ਕਬਿੱਤ, ਦੋਹਰਾ ਆਦਿ ਛੰਦ ਵਰਤੇ ਹਨ ਤੇ ਭਾਸ਼ਾ ਵੀ ਬੜੀ ਗੰਭੀਰ ਤੇ ਟਕਸਾਲੀ ਵਰਤੀ ਹੈ । ਵਾਰਿਸ ਵਾਂਗ ਕਿੱਸੇ ਵਿਚ ਵੱਖ ਵੱਖ ਮੌਕਿਆਂ ਤੇ ਵੱਖ ਵੱਖ

---

33. ਉਹੀ (ਨੰ: 29), ਪੰਨਾ 237.

34. "ਸੰਮਤ ਉਨੀ ਸੈ ਇਕੀਏ, ਮਾਸ ਮੱਘਰ, ਪੋਹ ਪਹਿਲੀ ਤੋਂ ਸ਼ੁਰੂ ਕੀਤਾ, ਦੋ ਮਹੀਨਿਆਂ ਬੀਚ ਲਿਖਾਇਆ ਈ ।"

ਵਾਰਤਾਲਾਪ ਬੜੇ ਨਾਟਕੀ ਤੇ ਨਿਪੁੰਨ ਰੂਪ ਵਿਚ ਪੇਸ਼ ਕੀਤੀ ਹੈ। ਬੋਲੀ ਤੇ ਸ਼ੈਲੀ ਦੇ ਪੱਖੋਂ ਕਾਨ੍ਹ ਸਿੰਘ ਦੀ ਹੀਰ ਅਨੋਖਾ ਸੁਆਦ ਦਿੰਦੀ ਹੈ। ਡਾ: ਤਾਰਨ ਸਿੰਘ ਦੇ ਸ਼ਬਦਾਂ ਵਿਚ, " ਕਾਨ੍ਹ ਸਿੰਘ ਦੀ ਸ਼ੈਲੀ ਬੜੀ ਮਾਂਜੀ ਹੋਈ ਤੇ ਤੇਜ਼ ਗਤੀ ਵਾਲੀ ਹੈ, ਜਿਸ ਵਿਚ ਇਕ ਅਨੋਖੀ ਮਿਠਾਸ , ਤਰਲਤਾ ਤੇ ਜ਼ੋਰ ਹੈ ।.. ਨਾਟਕੀਪਨ ਕਿਸੇ ਤਰ੍ਹਾਂ ਵੀ ਵਾਰਿਸ ਤੋਂ ਘੱਟ ਨਹੀਂ । ਵਿਦਵਤਾ ਵਿਚ ਕਾਨ੍ਹ ਸਿੰਘ ਵਾਰਿਸ ਤੋਂ ਵੱਧ ਹੈ। ਖ਼ਿਆਲ ਦੇ ਸੰਜਮ, ਸੰਕੋਚ ਤੇ ਸ਼ਰਮ ਵਿਚ, ਸਾਰੇ ਕਿੱਸਾਕਾਰਾਂ ਤੋਂ ਉੱਤਮ ਹੈ ਤੇ ਸੰਕੋਚ ਵਿਚ ਦਮੋਦਰ ਵਾਂਗ ਹੈ। ਇਹ ਵਾਰਿਸ ਵਰਗੇ ਵੇਰਵੇ ਵਿਚ ਨਹੀਂ ਪੈਂਦਾ , ਪਰ ਵਾਰਤਾਲਾਪ ਦਾ ਜ਼ੋਰ ਕਿਤੇ ਕਿਤੇ ਉਸ ਤੋਂ ਵੀ ਵੱਧ ਦਿਖਾਂਦਾ ਹੈ ।"[35]

ਵਾਰਿਸ ਵਾਂਗ ਰਾਂਝੇ ਪਾਸੋਂ ਮਸੀਤ ਦੇ ਮੁਲਾਂ ਨੂੰ ਅਖਵਾਈਆਂ ਗਈਆਂ ਗੱਲਾਂ ਕਾਨ੍ਹ ਸਿੰਘ ਦੀ ਸ਼ੈਲੀ ਦੀ ਇਕ ਉੱਘੜਵੀਂ ਉਦਾਹਰਣ ਹੈ :-

> ਲੈਣ ਗੁਲੀਆਂ ਵਾਸਤੇ ਜਾਂਵਦੇ ਨੀ, ਵਾਂਗ ਕੁਤਿਆਂ ਛਾਤੀਆਂ ਪਾਂਵਦੇ ਨੀ ।
> ਮੁਰਦਾ ਮਰੇ ਤਾਂ ਜਾਇ ਨਵ੍ਹਾਂਵਦੇ ਨੀ, ਲੀੜੇ ਲਾਹ ਕੇ ਸਭ ਲੈ ਆਂਵਦੇ ਨੀ।
> ਹਲਵਾ ਖਾਣ ਨੂੰ ਸ਼ੇਰ ਹੋਇ ਆਂਵਦੇ, ਨੀ ਸਾਰੀ ਤੌਣ ਵਲਟੋਹੀ ਮੁਕਾਂਵਦੇ ਨੀ ।
> ਜਦੋਂ ਕੰਮ ਬਣਦਾ ਕੋਈ ਆਣ ਔਖਾ, ਫੜਨ ਤਸਬੀਆਂ ਪੌਣ ਹਿਲਾਂਵਦੇ ਨੀ।
> ਪਾਇ ਬਗਲ ਕਿਤਾਬ ਤੇ ਤੇੜ ਤੰਬਾ, ਆਸਾ ਹੱਥ ਟੋਪੀ ਸਿਰੇ ਲਾਂਵਦੇ ਨੀ।
> ਵਾਂਗ ਬਗਲਿਆਂ ਅੱਖੀਆਂ ਮੀਟ ਉੱਤੋਂ, ਮੱਛੀ ਵੇਖ ਨਾ ਦਿਲ ਠਹਿਰਾਂਵਦੇ ਨੀ।

ਜਿਸ ਤਰ੍ਹਾਂ ਇਸ ਅਧਿਆਇ ਦੇ ਆਰੰਭ ਵਿਚ ਆਖਿਆ ਗਿਆ ਹੈ, ਇਸ ਕਾਲ ਵਿਚ ਇਸ਼ਕੀਆ ਕਿੱਸਿਆਂ ਤੋਂ ਬਿਨਾਂ ਧਾਰਮਕ ਤੇ ਸਮਾਜਕ ਕਿੱਸੇ ਵੀ ਲਿਖੇ ਗਏ ਤੇ ਫੁਟਕਲ ਵਿਸ਼ਿਆਂ ਉੱਤੇ ਵੀ ਕਵੀਆਂ ਨੇ ਕਲਮ ਚਲਾਈ । ਅਕਾਰ ਵੱਧ ਜਾਣ ਦੇ ਡਰੋਂ ਹਰ ਕਿੱਸਾਕਾਰ ਤੇ ਉਸ ਦੀ ਹਰ ਰਚਨਾ ਦਾ ਹਵਾਲਾ ਦੇਣਾ ਸੰਭਵ ਨਹੀਂ, ਤੇ ਨਾ ਹੀ ਹਰ ਰਚਨਾ ਸੰਬੰਧੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੂਰੀ ਵਿਚਾਰ ਕੀਤੀ ਜਾ ਸਕਦੀ ਹੈ। ਹੇਠਾਂ ਸੰਖੇਪ ਵਿਚ, ਵਰਣਨ-ਯੋਗ ਕਿੱਸਾਕਾਰ ਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਦਿੱਤਾ ਜਾ ਰਿਹਾ ਹੈ:-

15. <u>ਨੱਥਾ ਸਿੰਘ</u> (1834-1924 ਈ.) : ਪਿੰਡ ਚੀਮੇ, ਜ਼ਿਲ੍ਹਾ ਸੰਗਰੂਰ, ਇੱਕੋ ਇਕ ਰਚਨਾ — 'ਜੀਊਣਾ ਮੌੜ' 1893 ਈ. ਵਿਚ ਪ੍ਰਕਾਸ਼ਤ ਹੋਈ ।

ਨਮੂਨਾ: ਪੀਤੀ ਰੱਜ ਕੇ ਸ਼ਰਾਬ, ਪੈਰ ਦੇ ਲਿਆ ਰਕਾਬ,
ਜਿਵੇਂ ਖਿੜਿਆ ਗੁਲਾਬ, ਨੈਣ ਲਾਲ ਹੁੰਦੇ ਸ਼ੇਰ ਦੇ ॥

---

35. ਤਾਰਨ ਸਿੰਘ(ਡਾ:), 'ਪੰਜਾਬੀ ਸਾਹਿੱਤ ਦਾ ਇਤਿਹਾਸ', ਭਾਸ਼ਾ ਵਿਭਾਗ, ਪੰਨਾ 40-41.

16. ਕਰਮ ਸਿੰਘ (1842- 1916 ਈ.): ਪਿੰਡ ਦੂਸੇ ਜ਼ਿਲ੍ਹਾ ਲੁਧਿਆਣਾ। ਪ੍ਰਕਾਸ਼ਤ ਰਚਨਾਵਾਂ ਵਿਚ ਪੱਤਲ ਤੇ ਜੰਗਨਾਮਾ ਕਾਬਲ (1882 ਈ.) ਹਨ। ਕਵੀ ਦੀਆਂ ਅਣ-ਪ੍ਰਕਾਸ਼ਤ ਰਚਨਾਵਾਂ ਵਿਚ ਹੀਰ, ਸੱਸੀ, ਪੂਰਨ ਭਗਤ ਤੇ ਕੌਲਾਂ ਦੇ ਹਵਾਲੇ ਮਿਲਦੇ ਹਨ।[36]

17. ਕਿਸ਼ਨ ਸਿੰਘ (1860 - 1911 ਈ.): ਪਿੰਡ ਲੌਂਗੋਵਾਲ (ਸੰਗਰੂਰ) ਇੱਕੋ ਇਕ ਰਚਨਾ ਜੀਊਣਾ ਮੌੜ 1897 ਈ. ਵਿਚ ਪ੍ਰਕਾਸ਼ਤ ਹੋਈ ।

18. ਕਿਸ਼ਨ ਸਿੰਘ (1864-1934 ਈ.) : ਪਿੰਡ ਸੁਧਾਰ (ਲੁਧਿਆਣਾ) ਕੇਵਲ ਦੂਲਾ-ਭੱਟੀ 1892 ਈ. ਵਿਚ ਛਪਿਆ।

19. ਜੀਵਾ ਸਿੰਘ (1864-1934 ਈ.): ਪਿੰਡ ਰੱਤੋਵਾਲ ਜ਼ਿਲ੍ਹਾ ਲੁਧਿਆਣਾ – ਕੇਵਲ ਮਿਰਜ਼ਾ ਸਾਹਿਬਾਂ (1889 ਈ.)

20. ਧਿਆਨ ਸਿੰਘ (1865-1930 ਈ.): ਪਿੰਡ ਭੁੰਦੜ (ਬਠਿੰਡਾ)- ਜੰਨ ਅਤੇ ਜੰਨ ਜਨਾਨੀ, ਦੋਵੇਂ 1882 ਈ. ਵਿਚ ।

21. ਬਾਗ ਸਿੰਘ (1866- 1918 ਈ.): ਪਿੰਡ ਭੇਖਾ (ਫ਼ਰੀਦਕੋਟ - ਪੱਤਲ 1884 ਈ.।

22. ਗੋਕਲ ਚੰਦ (1868-1951 ਈ.): ਪਿੰਡ ਤੀਸੀਆਂ (ਲੁਧਿਆਣਾ), ਪ੍ਰਤਾਪੀ (1896 ਈ.) ਹੀਰ (1898 ਈ.) ਤੇ ਜੈਮਲ ਫੱਤਾ (1900 ਈ.)। ਹੀਰ ਇਸ ਦੀ ਸੱਭ ਤੋਂ ਪ੍ਰਸਿੱਧ ਤੇ ਲੋਕ-ਪ੍ਰਿਯ ਕ੍ਰਿਤ ਹੈ ਜਿਸ ਵਿਚੋਂ ਇਕ ਉਦਾਹਰਣ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ:-

ਮੱਖਾ ਤੈਨੂੰ ਹੀਰ ਦਾ ਮੈਂ ਕਰਾਂ ਕੀ ਬਿਆਨ ਮੀਆਂ,
ਤੇਜ ਨਹੀਂ ਝੱਲਦੀਆਂ ਨਾਲ ਦੀਆਂ ਹਮਾਨਣਾ ।
ਸੂਰਜ ਨਿਵਾਸ ਕਰੇ, ਹੀਰ ਦੇ ਜੋ ਮੱਥੇ ਵਿਚ,
ਚੂਪਕ ਅਕਾਸ਼ ਦੇ ਨਾ ਬਿਲਕੁਲ ਜਾਨਣਾ ।
ਅਕਸ ਅਕਾਸ਼ ਪਵੇ ਹੀਰ ਵਾਲੇ ਮੱਥੇ ਵਿੱਚੋਂ,
ਚਾਨਣ, ਪ੍ਰਤਾਪ ਆਪ, ਹੀਰ ਦੇ ਪਛਾਨਣਾ ।
ਕਹੇ ਗੋਕਲ ਚੰਦ, ਸੁਣੀ ਹੀਰ ਤੋਂ ਹੈ ਰਾਤ ਪੈਂਦੀ,
ਜਾਗ ਪੈਂਦੀ ਹੀਰ ਤਾਂ ਜਗਤ ਹੁੰਦਾ ਚਾਨਣਾ । [37]

---

ਨੈਣ ਪ੍ਰਤਾਪੀ ਦੇ, ਤਿੱਖੀ ਕਟਾਰੀ ਜਿਉਂ
ਚੀਰ ਦਿੰਦੀ ਅੱਖ, ਲਕੜੀ ਨੂੰ ਆਰੀ ਜਿਉਂ ।[38]

---

36. ਗੁਰਦੇਵ ਸਿੰਘ (ਡਾ:), 'ਮਾਲਵੇ ਦਾ ਕਿੱਸਾ ਕਾਵਿ', (ਪੀ-ਐਚ.ਡੀ. ਥੀਸਿਸ)।

37. ਹੀਰ ਗੋਕਲ ਚੰਦ - ਪ੍ਰਕਾਸ਼ਕ ਅੱਲਾ ਬਖ਼ਸ਼ ਮੌਲਾ - ਬਖਸ਼ ਲੁਧਿਆਣਾ, 1898 ਈ., ਪੰਨਾ 41

23. ਬਜਾਰਾ ਸਿੰਘ (1869-1920 ਈ.): ਪਿੰਡ ਔਲਖ(ਫ਼ਰੀਦਕੋਟ), ਹੀਰ 1894 ਈ.

ਨਮੂਨਾ:- ਦੁਖ ਰੂਪ ਦੇਹ ਤੇ ਗੁਮਾਨ ਐਸਾ ਕਰੇ ਬੰਦਾ
ਰੇਤਦੀ ਹੈ ਕੰਧ ਇਕ ਦਿਨ ਗਿਰ ਪੈਣੀ ਹੈ ।

ਜਾਂ— ਕੀੜੀਆਂ ਜੇ ਕਹਿਣ ਅਸੀਂ ਉਡ ਕੇ ਆਕਾਸ਼ ਜਾਣਾ,
ਮੱਛੀਆਂ ਦਾ ਦਲ ਹਾਥੀਆਂ ਨੂੰ ਲਲਕਾਰਦਾ ।
ਵੰਵਾਂ ਦਾ ਜੇ ਪੂਤ ਕਹੇ, ਮਾਰੋ ਅੰਗਰੇਜ਼ ਤਾਈਂ,
ਗੁੰਗਾ ਬੈਠ ਖ਼ੂਬ ਚਾਰ ਵੇਦ ਹੀ ਉਚਾਰਦਾ ।
ਏਤਨੀਆਂ ਗੱਲਾਂ ਜੇ ਤਾਂ ਸੱਚ ਹੈ ਬਜਾਰਾ ਸਿੰਘਾ,
ਤਾਂ ਵੀ ਪੱਲਾ ਛੱਡੇ ਨਾ, ਹੀਰ ਰਾਂਝੇ ਯਾਰ ਦਾ ।[39]

24. ਨਰੈਣ ਸਿੰਘ (1872-1943 ਈ.): ਤਾਜਪੁਰ (ਲੁਧਿਆਣਾ), ਪੂਰਨ ਭਗਤ (1894 ਈ.) ਜਾਨੀ ਚੋਰ (1897 ਈ.), ਸੁਘੋ ਨਾਰ (1899 ਈ.)।

25. ਰਣ ਸਿੰਘ (1877 - 1931 ਈ.) : ਪਿੰਡ ਨਿਹਾਲ ਵਾਲਾ(ਸੰਗਰੂਰ), ਕਿੱਸਾ ਘੁੰਡ ਵਾਲੀ ਨਾਰ (1889 ਈ.) ।

26. ਨੰਦ ਸਿੰਘ (1880-1950 ਈ.): ਪਿੰਡ ਜੈਠੂ ਕੇ(ਸੰਗਰੂਰ), ਪੂਰਨ ਭਗਤ(1898 ਈ.)।

27. ਈਸ਼ਰ ਦਾਸ(1868-193[illegible] ਈ.): ਪਿੰਡ ਲੁਹਾਰਾ(ਲੁਧਿਆਣਾ) - ਕਾਫ਼ੀਆਂ (1890 ਈ.), ਬਾਰਾਂਮਾਹ (1896 ਈ.), ਗਿਆਨ ਸੋਹਣੀ (1899 ਈ.) ।

28. ਸੁੰਦਰ ਦਾਸ (1865-1942 ਈ.): ਹੀਰ (1893 ਈ.) ਹੱਥ ਲਿਖਤ[40]

ਨਮੂਨਾ:- ਟਾਹਲੀ ਦੀ ਛਾਇਆ, ਭੂਰਾ ਰਾਂਝਣੇ ਵਿਛਾਇਆ,
ਉਤੇ ਪਿਆਰ ਨਾਲ ਬੈਠੀ, ਹੀਰ ਭਰਦੀ ਹੈ ਮੁਠੀਆਂ।
ਮੁਠੀਆਂ ਭਰੇਂਦੀ ਚੰਦ ਜਿਹਾ ਮੁਖ ਦੇਖ ਉਹਦਾ,
ਨੱਢੀ ਹੀਰ ਸੈਂ ਸਲੋਟੀ ਯਾਰ ਰਾਂਝਣੇ ਨੇ ਕੁੱਠੀਆਂ।
ਕੁਠੀਆਂ ਜ਼ਰੂਰ ਚੰਮ ਲਾਹ ਜੋ ਸਰੀਰ ਦਾ ਹੀ,
ਮਨ ਦੀ ਮੁਰਾਦ ਤੂੰ ਸਮਾਊਂ ਇਹਦੀਆਂ ਜੁਤੀਆਂ।
ਜੁਤੀਆਂ ਬਗ਼ੈਰ ਬਣੇ ਨਾਹਿ ਕੁਝ ਪੈਰ ਦਾ ਹੀ,
ਕਹੇ ਸੁੰਦਰ ਦਾਸ, ਰੱਖੀਂ ਯਾਦ ਪੈਣ ਪੁਠੀਆਂ ।

---

38. ਪ੍ਰਤਾਪੀ, ਗੋਕਲ ਚੰਦ, ਲੁਧਿਆਣਾ 1896 ਈਸਵੀ, ਪੰਨਾ-5.
39. ਹੀਰ ਬਜਾਰਾ ਸਿੰਘ , ਅੰਮ੍ਰਿਤਸਰ, ਪੰਨਾ 63.
40. ਉਹੀ(ਨੰਬਰ 36), ਪੰਨਾ 33 .

29. ਗੌਰੀ ਨਾਥ ਗੌਹਰੀ ( 1863-1908 ਈ: ) : ਗੁਜਰਾਂਵਾਲਾ । ਪੰਡਤ ਮਾਨ ਸਿੰਘ, ਕਾਲੀਦਾਸ ਆਪ ਦਾ ਛੋਟਾ ਭਰਾ ਸੀ। ਇੱਕੋ ਇਕ ਕਾਵਿ ਰਚਨਾ 'ਮਲਕੀ ਕੀਮਾਂ' (1883 ਈ.) ਮਿਲਦੀ ਹੈ ।

30. ਬਿਸ਼ਨ ਸਿੰਘ ਖੱਤਰੀ ( 1859-1917 ਈ.): ਪਿੰਡ ਜਲਾਲਾ (ਜਿਹਲਮ) ਕਿੱਸਾ ਜਹਾਂਦਾਰ ਸ਼ਾਹ ਵ ਬਹਿਰੋਜ਼ ਬਾਨੋ (1895 ਈ.), ਕਿੱਸਾ ਸ਼ਾਹ ਮੁਰਾਦ(1897 ਈ.) ।

31. ਮੀਰਾਂ ਦਿੱਤਾ ਤੁੱਗੜ (ਜਨਮ 1860 ਈ.): ਵਜ਼ੀਰਾਬਾਦ( ਜ਼ਿਲ੍ਹਾ ਗੁਜਰਾਂਵਾਲਾ) ਰਚਨਾਵਾਂ ਵਿਚ ਕਿੱਸਾ ਯੂਸਫ਼ ਜ਼ੁਲੈਖਾਂ ਅਤੇ ਅਨੁਵਾਦ ਸਤ ਸੌਰਾ ਤੇ ਗੁਲਜ਼ਾਰ ਗੌਸੀਆ। ਹਦਾਇਤੁਲਾ ਵਾਂਗ ਇਨ੍ਹਾਂ ਨੇ ਵੀ ਹੀਰ ਵਾਰਿਸ ਵਿਚ ਆਪਣੇ ਪਾਸੋਂ ਸ਼ੇਅਰ ਲਿਖ ਕੇ ਵਾਧਾ ਕੀਤਾ।

32. ਕਰੀਮ ਬਖ਼ਸ਼: ( 1785- 1876 ਈ.): ਲਾਹੌਰ— ਰਚਨਾਵਾਂ ਵਿਚ ਹੀਰ ਰਾਂਝਾ, ਬੈਂਤਾਂ ਤੇ ਡਿਉਢਾਂ ਆਪ ਕਵੀ ਦਰਬਾਰੀ ਪਰੰਪਰਾ ਦੇ ਮੋਢੀ ਕਵੀਆਂ ਵਿਚੋਂ ਸਨ।

33. ਮੌਲਵੀ ਜਾਨ ਮੁਹੰਮਦ ( 1820 - 1895 ਈ.) - ਪਿੰਡ ਫੁਲਰਵਨ (ਮਿੰਟ ਗੁਮਰੀ) ਮਾਝੀਆ, ਢੋਲੇ, ਸੀਹਰਫ਼ੀਆਂ ਤੇ ਬੈਂਤ ਲਿਖੇ ।

34. ਚੌਧਰੀ ਘਸੀਟਾ ਮਲ ਗੁਮਨਾਕ -(19 ਸਤੰਬਰ 1857 — 10 ਜਨਵਰੀ 1917 ਈ.): ਕਿਲਾਂਵਾਲਾ ਜ਼ਿਲ੍ਹਾ ਸ਼ੇਖੂਪੁਰਾ – ਅਨਗਿਣਤ ਛੋਟੇ ਵੱਡੇ ਕਿੱਸੇ ਲਿਖੇ, ਜਿਨ੍ਹਾਂ ਵਿੱਚੋਂ ਪ੍ਰਸਿੱਧ ਇਹ ਹਨ -- ਰਾਜਪੂਤਾਂ ਦੇ ਕਾਰਨਾਮੇ, ਕਿੱਸਾ ਪਰਤਾਬੀ, ਦਿਲ ਸਮੁੰਦਰ ਦੀਆਂ ਲਹਿਰਾਂ, ਸਵਾਨਹਿ ਹਰੀ ਸਿੰਘ ਨਲਵਾ, ਕਿੱਸਾ ਸੋਹਣੀ ਮਹੀਂਵਾਲ, ਕਿੱਸਾ ਦਿਲ ਖੁਰਸ਼ੀਦ, ਕਿੱਸਾ ਭਰਥਰੀ ਹਰੀ, ਕਿੱਸਾ ਰਾਜਾ ਗੋਪੀ ਚੰਦ ।

35. ਪੀਰ ਨੇਕ ਆਲਮ :( 1857 — ) ਪਿੰਡ ਕਲਾਨੌਰ(ਗੁਜਰਾਤ) ਇਨ੍ਹਾਂ ਦੀਆਂ ਰਚਨਾਵਾਂ- ਕਿੱਸਾ ਅਸਗਰ ਸੁਗਰਾ, ਪਹੁ ਫੁਟੀ, ਇਸ਼ਕ ਮੁਹੰਮਦੀ, ਸੱਚੀ ਮਾਲਾ, ਪੀਰ ਦਾ ਵਣਜਾਰਾ, ਮਦਹਯਾਤ ਮੁਸ਼ਾਇਖ਼ ।

36. ਭਾਈ ਖਾਂ ਸੈਦਾ ( 1860-1924 ਈ.): ਕਾਲਾ ਅਫ਼ਗਾਨਾ (ਗੁਰਦਾਸਪੁਰ) ਰਚਨਾਵਾਂ ਵਿਚ ਸ਼ੀਰੀਂ ਫਰਿਹਾਦ ਦਾ ਕਿੱਸਾ ਤੇ ਕੁਝ ਸੀਹਰਫ਼ੀਆਂ ਸ਼ਾਮਲ ਹਨ ।

37. ਲਾਹੌਰਾ ਸਿੰਘ :(1865-1923 ਈ.) : ਗੁਮਟੀ ਬਾਜ਼ਾਰ ਲਾਹੌਰ, ਇਨ੍ਹਾਂ ਦੀਆਂ 9 ਸੀਹਰਫ਼ੀਆਂ ਤੇ ਇਕ ਕਿੱਸਾ ਹੀਰ ਰਾਂਝਾ (1899 ਈ.) ਪ੍ਰਸਿੱਧ ਹਨ।

38. ਸਾਈਂ ਮੌਲਾ ਸ਼ਾਹ :(ਜਨਮ 1867 ਈ.) ਮਜੀਠਾ(ਅੰਮ੍ਰਿਤਸਰ), ਆਪ ਦੀਆਂ ਰਚਨਾਵਾਂ ਵਿਚ ਸੱਸੀ ਪੁੰਨੂੰ, ਹੀਰ ਰਾਂਝਾ, ਤੇ ਮਿਰਜ਼ਾ ਸਾਹਿਬਾਂ ਪ੍ਰਸਿੱਧ ਹਨ, ਜਿਹੜੀਆਂ ਉਨ੍ਹੀਵੀਂ ਸਦੀ ਦੇ

ਅਖ਼ੀਰ ਤਕ ਛਪੀਆਂ। ਕੁਝ ਕਾਫ਼ੀਆਂ ਤੇ ਸੀਹਰਫ਼ੀਆਂ ਵੀ ਆਪ ਦੇ ਨਾਂ ਹੇਠ ਪ੍ਰਚਲਿਤ ਹਨ ( ਡਾ: ਮੋਹਨ ਸਿੰਘ, ਆਧੁਨਿਕ ਪੰਜਾਬੀ ਕਵਿਤਾ, ਪੰਨਾ 42.)।

ਪਿਛੇ, ਸੰਖੇਪ ਵਿਚ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਕਿੱਸੇ ਲਿਖਣ ਵਾਲੇ ਪ੍ਰਸਿੱਧ ਕਵੀਆਂ ਬਾਰੇ ਮੁਢਲੀ ਜਾਣਕਾਰੀ ਦਿੱਤੀ ਗਈ ਹੈ। ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਇਹ ਜਾਣਕਾਰੀ ਹਰ ਪੱਖੋਂ ਸੰਪੂਰਨ ਹੈ। ਹੋਰ ਵੀ ਕਿੱਸਾਕਾਰ ਹੋ ਸਕਦੇ ਹਨ ਜਿਨ੍ਹਾਂ ਦੀਆਂ ਰਚਨਾਵਾਂ ਸਾਡੇ ਅਧਿਐਨ ਕਾਲ ਵਿਚ ਛਪੀਆਂ ਹੋਣ, ਪਰ ਅੱਜ ਉਹ ਪ੍ਰਾਪਤ ਨਹੀਂ। ਮੁਸਲਮਾਨ ਕਿੱਸਾਕਾਰਾਂ ਨੇ ਫ਼ਾਰਸੀ ਲਿੱਪੀ ਦੀ ਵਰਤੋਂ ਕੀਤੀ ਤੇ ਹਿੰਦੂ ਸਿੱਖ ਲੇਖਕਾਂ ਨੇ ਗੁਰਮੁਖੀ ਲਿੱਪੀ ਦੀ। ਦੇਸ਼ ਦੀ ਵੰਡ ਪਿੱਛੋਂ ਫ਼ਾਰਸੀ ਲਿੱਪੀ ਵਾਲੇ ਬਹੁਤ ਸਾਰੇ ਕਿੱਸੇ ਲੋਪ ਹੋ ਗਏ ਹਨ ਤੇ ਅੱਜ ਰੂਧੀ ਪੁਸਤਕਾਲਿਆਂ ਵਿਚ ਵੀ ਪ੍ਰਾਪਤ ਨਹੀਂ।

ਜਿਸ ਤਰ੍ਹਾਂ ਪਹਿਲਾਂ ਦੱਸਿਆ ਜਾ ਚੁਕਾ ਹੈ, ਇਸ ਕਾਲ ਵਿਚ ਲਗਭਗ ਹਰ ਕਵੀ ਨੇ ਸੀਹਰਫ਼ੀ[41] ਲਿਖਣ ਦਾ ਯਤਨ ਕੀਤਾ, ਜਿਸ ਕਰਕੇ ਸਾਹਿੱਤ ਦੇ ਇਸ ਕਾਲ ਨੂੰ ਸੀਹਰਫ਼ੀ ਕਾਲ ਆਖਣਾ ਵੀ ਅਨੁਚਿਤ ਨਹੀਂ ਹੋਵੇਗਾ। ਦੂਜਾ ਕਾਵਿ-ਰੂਪ ਬਾਰਾਂਮਾਂਹ[42] ਹੈ ਜਿਸ ਦੀ ਰਚਨਾ ਵੀ ਸਾਡੇ ਅਧਿਐਨ ਕਾਲ ਵਿਚ ਹੋਰ ਸਭਨਾਂ ਕਾਲਾਂ ਨਾਲੋਂ ਵੱਧ ਹੋਈ । ਤੀਜਾ ਕਾਵਿ-ਰੂਪ 'ਮਾਝਾਂ'[43], ਚੌਥਾ 'ਜੰਞਾਂ ਜਾਂ ਪੱਤਲਾਂ'[44] ਅਤੇ ਪੰਜਵਾਂ 'ਪੰਜਾਬੀ ਝਗੜੇ'[45] ਹਨ। 'ਕਾਫ਼ੀਆਂ', 'ਗਜ਼ਲਾਂ',

---

41. ਗੁਰਮੁਖੀ ਦੀ ਪੈਂਤੀ ਅੱਖਰੀ ਵਾਂਗ, ਫ਼ਾਰਸੀ ਲਿੱਪੀ ਦੇ ਅੱਖਰਾਂ ਨੂੰ ਲੈ ਕੇ ਆਰੰਭ ਕੀਤੀ ਗਈ ਕਵਿਤਾ, ਸੀਹਰਫ਼ੀ ਅਖਵਾਉਂਦੀ ਹੈ। ਸੀਹਰਫ਼ੀਆਂ ਲਗਭਗ ਹਰ ਵਿਸ਼ੇ ਤੇ ਲਿਖੀਆਂ ਗਈਆਂ ਹਨ।
42. ਬਿਕ੍ਰਮੀ ਸੰਮਤ ਦੇ ਦੇਸੀ ਮਹੀਨਿਆਂ ਨੂੰ ਲੈ ਕੇ ਬਿਰਹਾ ਤੇ ਵਿਛੋੜੇ ਦੀ ਕਵਿਤਾ ਲਿਖੀ ਜਾਂਦੀ ਹੈ। ਹਰ ਮਹੀਨੇ ਵਿਚ ਪ੍ਰਕ੍ਰਿਤੀ ਤੇ ਮੌਸਮ ਵਿਚ ਜੋ ਤਬਦੀਲੀ ਆਉਂਦੀ ਹੈ ਉਸੇ ਅਨੁਸਾਰ ਵਿਛੋੜੇ ਦੀ ਪੀੜ ਤੇ ਮਿਲਣ ਦੀ ਤਾਂਘ ਨੂੰ ਬਿਆਨਿਆ ਜਾਂਦਾ ਹੈ । ਪਰ ਅੱਜ ਕੱਲ ਬਾਰਾਂ ਮਾਂਹ, ਵਿਚ ਸਭ ਪ੍ਰਕਾਰ ਦੇ ਰਾਜਸੀ, ਸਮਾਜਕ ਤੇ ਧਾਰਮਕ ਮਾਮਲੇ ਵੀ ਬਿਆਨੇ ਜਾਣ ਲਗ ਪਏ ਹਨ।
43. ਪੰਜਾਬ ਦਾ ਵਿਸ਼ੇਸ਼ ਰਾਗ 'ਮਾਝ' ਹੈ ਜਿਸ ਤੋਂ 'ਮਾਝਾਂ' ਕਾਵਿ-ਰੂਪ ਬਣਿਆ। ਇਸ ਵਿਚ ਵਿਛੋੜੇ ਦੇ ਦਰਦ ਨੂੰ ਗਾਇਆ ਜਾਂਦਾ ਹੈ ਪਰ ਰੰਗ ਅਧਿਆਤਮਕ ਹੁੰਦਾ ਹੈ। ਛੰਦ ਆਮ ਤੌਰ ਤੇ ਦਵੱਯਾ ਵਰਤਿਆ ਜਾਂਦਾ ਹੈ।
44. ਬਰਾਤ ਦੇ ਰੋਟੀ ਖਾਣ ਸਮੇਂ ਗਾਈ ਜਾਣ ਕਰਕੇ ਜੰਞ ਜਾਂ ਜੰਞ । ਜਨਾਨੀਆਂ ਪੱਤਲ ਤੇ ਪਈ ਰੋਟੀ ਨੂੰ ਖਾਣ ਤੋਂ ਰੋਕਣ ਲਈ, ਜੰਞ ਬੰਨ੍ਹਦੀਆਂ ਸਨ, ਜਾਂ ਦੂਜੇ ਸ਼ਬਦਾਂ ਵਿਚ ਪੱਤਲ ਜਾਂ ਜੰਞ ਛੰਦਾ-ਬੰਦੀ ਵਿਚ ਰਚੀ ਉਸ ਰਚਨਾ ਨੂੰ ਕਹਿੰਦੇ ਹਨ, ਜੋ ਬਰਾਤੀਆਂ ਦੀ ਰੋਟੀ ਛੁਡਾਉਣ ਲਈ ਗਾਈ ਜਾਏ।
45. ਜਦੋਂ ਦੋ ਵਿਰੋਧੀ ਵਿਚਾਰਾਂ, ਧੜਿਆਂ ਜਾਂ ਪੱਖਾਂ ਨੂੰ ਕਵਿਤਾ ਵਿਚ ਪੇਸ਼ ਕੀਤਾ ਜਾਏ ਤੇ ਦਲੀਲ ਨਾਲ ਦੂਜੇ ਦੀ ਗਲ ਨੂੰ ਕੱਟਿਆ ਜਾਏ ਤਾਂ ਅਜਿਹੀ ਕਵਿਤਾ ਝਗੜੇ ਦੇ ਘੇਰੇ ਵਿਚ ਆਉਂਦੀ ਹੈ।

ਤੇ ਕੁਝ ਕੁ ਹੋਰ ਕਾਵਿ ਰੂਪ ਵੀ ਹਨ, ਜਿਨ੍ਹਾਂ ਉੱਤੇ ਪੰਜਾਬੀ ਕਵੀਆਂ ਨੇ ਹੱਥ ਅਜ਼ਮਾਇਆ। ਉਪ੍ਰੋਕਤ ਸਾਰੇ ਕਾਵਿ-ਰੂਪਾਂ ਸੰਬੰਧੀ ਸੰਖੇਪ ਚਰਚਾ ਉਪ੍ਰੰਤ ਹੀ ਇਸ ਕਾਲ ਦੇ ਕਾਵਿ-ਸਾਹਿਤ ਦੀ ਪ੍ਰਧਾਨ-ਪ੍ਰਵਿਰਤੀ ਤੇ ਲੱਛਣਾਂ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਸੀਹਰਫ਼ੀ ਸਾਹਿੱਤ:

"ਸੀਹਰਫ਼ੀ ਨਜ਼ਮ ਦੀ ਉਹ ਕਿਸਮ ਹੈ ਜਿਸ ਵਿਚ 'ਅਲਫ਼' ਤੋਂ ਲੈ ਕੇ 'ਯੇ' ਤਕ ਇਕ ਇਕ ਹਰਫ਼ ਨਾਲ ਸ਼ੁਰੂ ਕਰਕੇ ਮਿਸਰਾ ਬੰਦ ਲਿਖਿਆ ਜਾਂਦਾ ਹੈ। ਆਮ ਸੀਹਰਫ਼ੀਆਂ ਬਹਿਰ-ਤਵੀਲ (ਲੰਬੇ ਬਹਿਰ) ਵਿਚ ਮਿਲਦੀਆਂ ਹਨ।"[46] ਫ਼ਾਰਸੀ ਵਰਣ-ਮਾਲਾ ਦੇ ਤੀਹ ਅੱਖਰਾਂ ਨੂੰ ਇਕੱਲੇ ਇਕੱਲੇ ਲੈ ਕੇ ਜਦ ਉਸ ਨਾਲ ਲੰਬੇ ਤੋਲ ਵਾਲੀ ਕਵਿਤਾ ਨੂੰ ਰਚਿਆ ਜਾਏ ਤਾਂ ਉਹ ਸੀਹਰਫ਼ੀ ਅਖਵਾਉਂਦੀ ਹੈ। ਸੀਹਰਫ਼ੀ ਲਈ ਨਾਂ ਤਾਂ ਕੋਈ ਬੱਝਵਾਂ ਵਿਸ਼ਾ ਹੁੰਦਾ ਹੈ ਤੇ ਨਾ ਹੀ ਇਸ ਨੂੰ ਕਿਸੇ ਬੱਝਵੇਂ ਛੰਦ ਵਿਚ ਲਿਖਿਆ ਜਾਂਦਾ ਹੈ। ਸਾਡੇ ਵਿਚਾਰ ਅਧੀਨ ਕਾਲ ਵਿਚ ਸੀਹਰਫ਼ੀਆਂ, ਦੋਹੜਿਆਂ, ਬੈਂਤਾਂ, ਡਿਉਢਾਂ, ਸ਼ਲੋਕਾਂ ਤੇ ਦਵੱਈਆ ਛੰਦਾਂ ਵਿਚ ਲਿਖੀਆਂ ਮਿਲਦੀਆਂ ਹਨ ਤੇ ਇਸ਼ਕ-ਮਿਜ਼ਾਜ਼ੀ, ਇਸ਼ਕ-ਹਕੀਕੀ, ਸੂਫ਼ੀ, ਵੇਦਾਂਤ, ਪਰਮਾਰਥ ਵੈਰਾਗ ਸਿੱਖਿਆ ਬੀਰਤਾ, ਜੋਗ ਤੇ ਦੁਨੀਆਂਦਾਰੀ ਦੇ ਹੋਰ ਵਿਸ਼ਿਆਂ ਸੰਬੰਧੀ ਇਕ ਸੌ ਤੋਂ ਉਪਰ ਲਿਖੀਆਂ ਮਿਲਦੀਆਂ ਹਨ। ਵਰਣਮਾਲਾ ਦੇ ਤੀਹ ਅੱਖਰਾਂ ਦੀ ਪਾਬੰਦੀ ਵਿਚ ਕਈ ਕਵੀ ਕੈਦ ਨਹੀਂ ਰਹੇ ਤੇ ਕਿਤੇ ਕਿਤੇ ਕਿਸੇ ਅੱਖਰ ਦਾ ਤਿਆਗ ਵੀ ਕਰ ਦਿੱਤਾ ਗਿਆ ਹੈ। ਇਸ ਕਾਲ ਦੇ ਸੀਹਰਫ਼ੀ ਸਾਹਿੱਤ ਵਿਚ ਅਜਿਹੀ ਖੁਲ੍ਹ ਦੀਆਂ ਕਈ ਉਦਾਹਰਣਾਂ ਮਿਲ ਜਾਂਦੀਆਂ ਹਨ। ਹਿੰਦੂ, ਮੁਸਲਮਾਨ ਤੇ ਸਿੱਖ ਸਭ ਕਵੀਆਂ ਨੇ ਸੀਹਰਫ਼ੀਆਂ ਲਿਖੀਆਂ, ਪਰ ਬਹੁਤ ਸਾਰੇ ਕਵੀ ਅਨਪੜ੍ਹ ਜਾਂ ਅੱਧ-ਪੜ੍ਹ ਹੋਣ ਕਰਕੇ, ਫ਼ਾਰਸੀ ਵਰਣਮਾਲਾ ਦੇ ਸਹੀ ਉਚਾਰਣ ਤੋਂ ਅਣਜਾਣ ਸਨ ਤੇ ਕੇਵਲ ਆਵਾਜ਼ ਨੂੰ ਆਧਾਰ ਬਣਾ ਕੇ ਲਿਖਣਾ ਸ਼ੁਰੂ ਕਰ ਦੇਂਦੇ, ਜਿਸ ਬਾਰੇ ਬਾਵਾ ਬੁੱਧ ਸਿੰਘ ਲਿਖਦੇ ਹਨ:-" ਅਰ ਸੀਹਰਫ਼ੀਆਂ ਦੀ ਅਜਿਹੀ ਅੰਨ੍ਹੀ ਪੈ ਗਈ ਕਿ ਲਿਖਣ ਵਾਲਿਆਂ ਨੇ ਇਹ ਨਾ ਸੋਚਿਆ ਕਿ ਲਫ਼ਜ਼ ਜੋ ਲਿਖਣ ਲੱਗੇ ਹਾਂ, ਉਹ ਉਸ ਹਰਫ਼ ਨਾਲ ਸ਼ੁਰੂ ਵੀ ਹੁੰਦਾ ਹੈ ਕਿ ਨਹੀਂ? ਜ਼ੁਆਦ, ਜ਼ੇ, ਜ਼ੋਇ ਤੇ ਜ਼ਾਲ ਦਾ ਭੇਦ ਉੜਾ ਦਿੱਤਾ, 'ਤੇ', ਤੋਇ ਨੂੰ ਮਿਲਾ ਦਿੱਤਾ ਤੇ ਇਕ ਨਵਾਂ ਘਮਸਾਨ ਮਚਾ ਦਿੱਤਾ।"[47]

---

46. ਅਹਿਮਦ ਹੁਸੈਨ ਅਹਿਮਦ ਕੁਰੈਸ਼ੀ, 'ਪੰਜਾਬੀ ਅਦਬ ਦੀ ਮੁਖ਼ਤਸਿਰ ਤਾਰੀਖ਼', ਲਾਹੌਰ, 1964, ਪੰਨਾ 21

47. ਬੁਧ ਸਿੰਘ, ਬਾਵਾ, 'ਹੰਸ ਚੋਗ', ਪੰਨਾ 78.

ਡਾ: ਜੀਤ ਸਿੰਘ ਸੀਤਲ ਪੰਜਾਬੀ ਸੀਹਰਫ਼ੀ ਸਾਹਿੱਤ ਦਾ ਵਿਕਾਸ ਦਰਸਾਉਂਦੇ ਹੋਏ ਲਿਖਦੇ ਹਨ: " ਇਸ ਤੋਂ ਅਗਲੇਰਾ (1850-1900 ਈ:) ਕਾਲ ਸੀਹਰਫ਼ੀ ਦੇ ਹੜ੍ਹ ਦਾ ਸਮਾਂ ਹੈ। ਇਸ ਵਿਚ ਘੱਟੋ ਘੱਟ 70 ਕਵੀਆਂ ਦੀਆਂ ਛੋਟੀਆਂ ਵੱਡੀਆਂ ਸੀਹਰਫ਼ੀਆਂ ਮਿਲਦੀਆਂ ਹਨ। ਹੁਣ ਵਿਸ਼ਾ ਵਸਤੂ ਰਵਾਇਤੀ ਜੇਹੀ ਬਣ ਗਈ; ਕੇਵਲ ਬਾਹਰਮੁਖੀ, ਰੂਪ ਬਣਤਰ ਤੇ ਸ਼ਬਦ-ਬਾਜ਼ੀ ਉਤੇ ਹੀ ਜ਼ੋਰ ਦਿੱਤਾ ਜਾਣ ਲਗਾ। ਇਹ ਬੈਂਤਬਾਜ਼ੀ ਦਾ ਯੁਗ ਸੀ।... ਕਵਿਤਾ ਸਿਰਫ਼ ਬੈਂਤ ਬਾਜ਼ੀ ਹੀ ਰਹਿ ਗਈ, ਜਿਹੜੀ ਅਨ-ਪੜ੍ਹਤਾ ਤੇ ਹੇਠਲੇ ਤਬਕੇ ਦੇ ਲੋਕਾਂ ਦੇ ਹੱਥ ਚਲੀ ਗਈ।"

ਪੰਜਾਬੀ ਸਾਹਿੱਤ ਵਿਚ ਸੀਹਰਫ਼ੀ ਦਾ ਮੁਢ ਸੁਲਤਾਨ ਬਾਹੂ ਦੇ ਸੂਫ਼ੀ ਭਾਵਾਂ ਨੂੰ ਪਰਸਾਰਨ ਦੀ ਰੀਝ ਨਾਲ ਬੱਝਾ।[49] ਬਾਵਾ ਬੁੱਧ ਸਿੰਘ ਅਲੀ ਹੈਦਰ ਨੂੰ ਸੀਹਰਫ਼ੀ ਲਿਖਣ ਵਾਲਾ ਪਹਿਲਾ ਪੰਜਾਬੀ ਕਵੀ ਮੰਨਦੇ ਹਨ। ਉਹ ਲਿਖਦੇ ਹਨ,[50] " ਇਹ ਵੀ ਮਾਲੂਮ ਹੁੰਦਾ ਹੈ ਕਿ ਸੀਹਰਫ਼ੀ, ਅਲੀ ਹੈਦਰ ਨੇ ਹੀ ਸਭ ਤੋਂ ਪਹਿਲੋਂ ਲਿਖੀ। ਅਲੀ ਹੈਦਰ ਨੇ ਮੁਕੰਮਲ ਪੰਜ ਸੀਹਰਫ਼ੀਆਂ ਲਿਖੀਆਂ ਅਤੇ ਹੋਰ ਵੀ ਜੋ ਬੈਂਤ ਆਖਿਆ, ਉਹ ਵੀ ਕਿਸੇ ਹਰਫ਼-ਤਹੱਜੀ ਤੋਂ ਆਸਰਾ ਲੈ ਕੇ ਹੀ ਆਖਿਆ ।"

ਏਥੇ ਆਪਣੇ ਅਧਿਐਨ ਕਾਲ ਵਿਚ ਆਉਂਦੇ ਸੀਹਰਫ਼ੀ ਲੇਖਕਾਂ ਦੀ ਸੂਚੀ ਦੇ ਕੇ ਉਨ੍ਹਾਂ ਦਾ ਸੀਹਰਫ਼ੀਆਂ ਦੇ ਵਿਸ਼ਿਆਂ ਅਨੁਸਾਰ ਵਰਗੀਕਰਣ ਕਰਕੇ, ਹਰ ਵਰਗ ਦੀ ਇਕ ਇਕ ਪ੍ਰਤਿਨਿਧ ਉਦਾਹਰਣ ਦਿੱਤੀ ਜਾ ਰਹੀ ਹੈ। ਸਾਰੇ ਕਵੀਆਂ ਦੀਆਂ ਉਦਾਹਰਣਾਂ ਆਕਾਰ ਵੱਧ ਜਾਣ ਦੇ ਡਰੋਂ ਨਹੀਂ ਦਿੱਤੀਆਂ ਜਾ ਰਹੀਆਂ। ਕੁਝ ਇਕ ਸੀਹਰਫ਼ੀ ਲੇਖਕ ਅਜਿਹੇ ਹਨ ਜਿਨ੍ਹਾਂ ਨੇ ਸਾਡੇ ਅਧਿਐਨ ਕਾਲ ਤੋਂ ਪਹਿਲਾਂ ਲਿਖਣਾ ਸ਼ੁਰੂ ਕੀਤਾ ਤੇ ਇਸ ਕਾਲ ਵਿਚ ਵੀ ਲਿਖਦੇ ਰਹੇ। ਏਸੇ ਤਰ੍ਹਾਂ ਕੁਝ ਕਵੀ ਅਜਿਹੇ ਹਨ ਜਿਹੜੇ 1900 ਈ: ਤੋਂ ਪਿਛੋਂ ਵੀ ਲਿਖਦੇ ਰਹੇ।

(1) ਅਮਾਮ ਬਖ਼ਸ਼ (1778 - 1863 ਈ.), (2) ਕਰੀਮ ਬਖ਼ਸ਼ (1785-1876 ਈ.), (3) ਰਮਜ਼ੂ ਪਸ਼ੌਰੀ ( 1816-1898 ਈ.), ਅਰੂੜਾ ਰਾਏ ( 1818 - 1880 ਈ.), (5) ਅਬਦੁਲ ਰਹਿਮਾਨ ਖੁਲਦੀ (1792- 1862 ਈ:), (6) ਹਾਫ਼ਜ਼ ਅੱਲਾ ਬਖ਼ਸ਼ ਪਿਆਰਾ(1789 - 1860 ਈ.), (7) ਗ਼ੁਲਾਮ ਰਸੂਲ ( 1811-1874 ਈ.) (8) ਨੂਰ ਅਹਿਮਦ ਚਿਸ਼ਤੀ ( 1827-1858 ਈ.), ਗ਼ੁਲਾਮ ਰਸੂਲ ਆਲਮਪੁਰੀ(1849 - 1892 ਈ.), (10) ਮੌਲਵੀ ਜਾਨ ਮੁਹੰਮਦ (1820- 1895 ਈ.),(11) ਹਾਸ਼ਮ ਸ਼ਾਹ

---

48. ਸੀਤਲ,ਜੀਤ ਸਿੰਘ(ਡਾ:),'ਪੰਜਾਬੀ ਸੀਹਰਫ਼ੀਆਂ', ਭਾਸ਼ਾ ਵਿਭਾਗ, 1972, ਪੰਨਾ- XXI

49. ਉਹੀ, ਪੰਨਾ XIX.

50. ਬੁਧ ਸਿੰਘ, ਬਾਵਾ, 'ਹੰਸ ਚੋਗ', ਪੰਨਾ 76.

ਕੁਰੈਸ਼ੀ ਮੁਖਲਿਸ਼ (1820-1895 ਈ.), (12) ਮੌਲਵੀ ਅਬਦੁਸਤਾਰ ( 1823 - 1913 ਈ.), (13) ਅਬਦੀ ਕੈਸਰ ਸ਼ਾਹੀ (1830-1918 ਈ.), (14) ਅਬਦੀ ਕਾਦਰੀ (ਰਚਨਾ ਕਾਲ 1882 ਈ.), (15) ਮੀਆਂ ਮੁਹੰਮਦ (1830-1904 ਈ.,), (16) ਬਰਦਾ ਪਸ਼ੌਰੀ (1827- 1897 ਈ.), (17) ਪੀਰ ਬਖ਼ਸ਼ ਆਸੀ ( 1837-1892 ਈ.), (18) ਬਾਬਾ ਸਾਦਿਕ (1834-1909 ਈ.),(19) ਮੌਲਵੀ ਗ਼ੁਲਾਮ ਨਬੀ (1834-1929 ਈ.), (20) ਗੰਗਾ ਰਾਮ(1835-1907 ਈ.),(21) ਸਯੱਦ ਫਜ਼ਲ ਸ਼ਾਹ (1837- 1890 ਈ.),(22) ਹਾਫ਼ਜ਼ ਸ਼ਮਸੁਦੀਨ (1838-1902 ਈ:), (23) ਸਾਈਂ ਅਹਿਮਦ ਅਲੀ ਸਾਈਆਂ (183[illegible]-1929 ਈ.),(24) ਹਦਾਇਤੁਲਾ (1838-1929 ਈ.), (25) ਰਫ਼ੀਕ ਮੇਰਠੀ(1841-1889 ਈ.), (26) ਤਾਜੁਦੀਨ ਮੁਲਤਾਨੀ (1844-1911 ਈ.), (27) ਮੀਆਂ ਹੁਸੈਨ ( 1844- 1916 ਈ.),(28) ਫਕੀਰ ਅਲੀ ਫਕੀਰ (1846-1903 ਈ.), (29) ਮੁਹੰਮਦ ਬੂਟਾ ਗੁਜਰਾਤੀ(1851-1930 ਈ.), (30) ਰਹੀਮ ਯਾਰ ਜਾਂ ਰਹੀਮ ਬਖ਼ਸ਼ (1851-1903 ਈ.), (31) ਗਾਮੂੰ ਖਾਂ (1860-1916 ਈ.), (32) ਭਾਈ ਖਾਂ ਸ਼ੈਦਾ(1860-1924 ਈ.),(33) ਹਾਫ਼ਜ ਬਖ਼ਸ਼ੀ ( 1868-1922 ਈ.), (34) ਤਾਰਾ ਸਿੰਘ ਤਰਨਤਾਰਨੀ(ਰਚਨ-ਕਾਲ 1888 ਈ.), (35) ਮੌਲਵੀ ਦਿਲ ਮਜ਼ੀਰ(1875 ਈ.....),(36) ਗ਼ੁਲਾਮ ਰਸੂਲ( 1842-1903 ਈ.), (37) ਫਜ਼ਲੁ-ਦੀਨ (1848-1937 ਈ.),(38) ਖਲੀਫ਼ਾ ਕਮਰ ( 1857-1903 ਈ.), (39) ਗੁਮਨਾਕ (1857-1917 ਈ.)।

ਉਪਰੋਕਤ ਸੂਚੀ ਤੋਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਸੀਹਰਫ਼ੀਆਂ ਲਿਖਣ ਵਾਲੇ ਬਹੁਤੇ ਕਵੀ ਮੁਸਲਮਾਨ ਹੀ ਸਨ। ਹਿੰਦੂ ਤੇ ਸਿੱਖ ਲੇਖਕ ਕੋਈ ਟਾਵਾਂ ਟਾਵਾਂ ਹੀ ਸੀਹਰਫ਼ੀ ਲਿਖਦਾ ਸੀ । ਸਭ ਤੋਂ ਵੱਧ ਸੀਹਰਫ਼ੀਆਂ, ਅਰਥਾਤ 11, ਹਦਾਇਤੁਲਾ ਨੇ ਲਿਖੀਆਂ। ਉਸ ਤੋਂ ਘੱਟ, ਅੱਠ ਸੀਹਰਫ਼ੀਆਂ ਹਾਫ਼ਜ਼ ਸ਼ਮਸੁਦੀਨ ਨੇ ਲਿਖੀਆਂ ਤੇ ਪੰਜ, ਮੁਹੰਮਦ ਬੂਟਾ ਗੁਜਰਾਤੀ ਨੇ। ਦੋ ਤਿੰਨ ਜਾਂ ਚਾਰ ਲਿਖਣ ਵਾਲੇ ਹੋਰ ਕਈ ਕਵੀ ਹਨ।

(ੳ) ਸੀਹਰਫ਼ੀਆਂ ਵਿਚ ਕਿੱਸਾ ਲਿਖਣ ਵਾਲੇ ਹੇਠ ਲਿਖੇ ਕਵੀ ਹਨ:-

1) ਗ਼ੁਲਾਮ ਰਸੂਲ ਆਲਮਪੁਰੀ(ਕਿੱਸਾ ਸੱਸੀ ਪੁੰਨੂੰ),(2) ਹਾਸ਼ਮ ਸ਼ਾਹ ਕੁਰੈਸ਼ੀ ਮੁਖ਼ਲਿਸ(ਸੱਸੀ ਪੁੰਨੂੰ) (3) ਸਯੱਦ ਫਜ਼ਲ ਸ਼ਾਹ(ਹੀਰ ਦੌਹੜਿਆਂ ਵਿਚ ਡਿਉਢ )

<u>ਉਦਾਹਰਣ:</u>

ਤੇ - ਤਪਦੇ ਦੋ ਨੈਣ ਤੱਤੀ ਦੇ, ਉਹ ਰੱਤ ਵਹਿੰਦੇ ਪਰਨਾਲੇ ।
ਖੜੀ ਪੁਕਾਰੇ, ਕਰ ਕਰ ਨਾਹਰੇ, ਦੁਖ ਪਾ ਗਏ, ਹੋਤ ਰਜ਼ਾਲੇ ।
ਨਾ ਛੱਡ ਜਾਈਂ ਪੁੰਨੂੰ ਯਾਰਾ, ਸੈਨੂੰ ਆ ਮੁੜ ਲੈ ਚਲ ਨਾਲੇ।
ਲੈ ਪੈਗ਼ਾਮ ਗ਼ੁਲਾਮ ਰਸੂਲਾ, ਮੇਰੇ ਯਾਰ ਦੇ ਕੀ ਕਰੀਂ ਹਵਾਲੇ।[51]

ਅ) ਹਿੰਦੂ ਪਰੰਪਰਾ ਜਾਂ ਇਤਿਹਾਸ ਨੂੰ ਸੀਹਰਫ਼ੀਆਂ ਵਿਚ ਬਿਆਨਣ ਵਾਲੇ ਕਵੀ ਹਨ:-(1) ਗੰਗਾ ਰਾਮ(ਗੋਪੀ ਚੰਦ), (2) ਤਾਰਾ ਸਿੰਘ ਤਰਨਤਾਰਨੀ (ਰਾਜਾ ਭਰਥਰੀ)।

ਉਦਾਹਰਣ:-

ਜ਼ੇ- ਜ਼ਰਾ ਨਾ ਭਰਥਰੀ ਦੇਰ ਲਾਈ, ਛੱਡ ਰਾਣੀਆਂ ਰਾਜ ਤਿਆਗਿਆ ਈ।
ਤੱਜੇ ਮੋਤੀਆਂ, ਮੰਦਰਾਂ ਹਾਥੀਆਂ ਨੂੰ, ਤਜੇ ਮਿੱਤਰੀ ਸੈਣ ਸਭ ਭਾਗਿਆ ਈ।
ਲੱਗਾ ਢੂੰਡਣੇ ਜੋ ਗੋਰਖ ਨਾਥ ਤਾਈਂ, ਕੋਈ ਭਾਗ ਜੋ ਪੂਰਬਲਾ ਜਾਗਿਆ ਈ।
ਤਾਰਾ ਸਿੰਘ ਲੱਭਾ ਸਿੱਧ ਮੰਡਲੀ ਨੂੰ, ਗੁਰੂ ਗੋਰਖ ਦੇ ਪੱਗ ਮੈਂ ਲਾਗਿਆ ਈ।[52]

ੲ) ਇਸਲਾਮੀ ਸ਼ਰ੍ਹਾ, ਇਤਿਹਾਸ ਤੇ ਭਗਤੀ ਸੰਬੰਧੀ ਸੀਹਰਫ਼ੀਆਂ ਲਿਖਣ ਵਾਲੇ ਕਵੀਆਂ ਵਿਚੋਂ ਹਨ:- (1) ਅਮਾਮ ਬਖ਼ਸ਼(ਮੁਨਾਜਾਤ),(2) ਨੂਰ ਅਹਿਮਦ ਚਿਸ਼ਤੀ (3)ਅਬਦੀ ਕਾਦਰੀ (4) ਮੌਲਵੀ ਅਬਦੁਸਤਾਰ(ਮੁਨਾਕਬਿ ਰਸੂਲ ),(5) ਅਬਦੀ ਕੈਸਰ ਸ਼ਾਹੀ (ਯਾਰ ਨਾਮਾ) ,(6) ਮੌਲਵੀ ਗੁਲਾਮ ਨਬੀ (ਕਸ਼ਕੋਲਿ ਕਲੰਦਰੀ),(7) ਹਦਾਇਤੁਲਾ (ਹਮਦ ਤੌਸੀਫ਼ੀ),(8) ਫਕੀਰ ਅਲੀ ਫਕੀਰ(ਸ਼ਹਾਦਤ ਹਜ਼ਰਤ ਪੈਕਰ),(9) ਰਹੀਮ ਯਾਰ (ਸ਼ਹਾਦਤ),(10) ਪੀਰ ਬਖ਼ਸ਼ ਆਸੀ(ਇਸਲਾਮੀ ਸ਼ਰ੍ਹਾ)।

ਉਦਾਹਰਣ:-

ਸੇ - ਸਾਬਤ ਮੰਨ ਆਲਿ-ਨਬੀ ਨੂੰ, ਜੋ ਕੋਈ ਉਤਵਲ ਆਇਆ - ਰੁਤਬਾ ਪਾਇਆ।
ਵਾਹ ਵਾਹ ਜ਼ਾਤ ਹੁਸੈਨ ਅਲੀ ਦੀ, ਕਰਬਲ ਸਿਰ ਕਟਵਾਇਆ, ਦਰਦ ਨਾ ਆਇਆ।
ਕਰ ਕੁਰਬਾਨ, ਘਰਾਨਾ ਆਪਣਾ, ਉੱਮਤ ਨੂੰ ਬਖ਼ਸ਼ਾਇਆ, ਰੱਜ ਰੁਨਾਇਆ।
'ਨੂਰ ਅਹਿਮਦ' ਵਾਹ ਰੁਤਬਾ ਉਸ ਦਾ, ਸਾਰਾ ਘਰ ਕੁਹਾਇਆ ਤੇ ਲੁਟਵਾਇਆ।
( ਨੂਰ ਅਹਿਮਦ ਚਿਸ਼ਤੀ )[53]

ਬਹੁਤ ਸਾਰੀਆਂ ਸੀਹਰਫ਼ੀਆਂ ਇਸ਼ਕ, ਵਿਛੋੜਾ, ਸ਼ਿੰਗਾਰ, ਉਪਦੇਸ਼ ਜਾਂ ਸਿੱਖਿਆ ਨਾਲ ਸੰਬੰਧਿਤ ਹਨ, ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਨ੍ਹਾਂ ਲਿਖਣ ਵਾਲਿਆਂ ਵਿਚ ਦੋ ਦਰਜਨ ਦੇ ਕਰੀਬ ਲੇਖਕ ਆਉਂਦੇ ਹਨ। ਉਦਾਹਰਣ ਲਈ:-

ਜੀਮ- ਜਾਣੇ - ਮਨ ਮੇਰੇ ਤੇ ਖਫ਼ਾ ਰਹਿਣੈ, ਮੈਨੂੰ ਦੱਸ ਮੈਂ ਕਿਹੜਾ ਕਸੂਰ ਕਰਨਾਂ।
ਤੇਰੀ ਬਦੀ ਬਖੀਲੀ ਤੇ ਨਹੀਂ ਕਰਦਾ, ਤੇਰੇ ਹੁਸਨ ਦੀ ਸਿਫ਼ਤ ਜ਼ਰੂਰ ਕਰਨਾਂ।
ਤੂੰ ਨਹੀਂ ਮਿਲਦਾ ਤੇ ਮਿਲਣ ਮਿਲਾਵਣ ਤੇ, ਨਾ ਮੈਂ ਕਹਿਣਾ ਨਾ ਤੈਨੂੰ ਮਜਬੂਰ ਕਰਨਾਂ।
ਕਹਿੰਦਾ ਸਾਈਂ ਤੂੰ ਸਾਬਤ ਨਹੀਂ ਕਰ ਸਕਦਾ, ਕਿਹੜੀ ਗੱਲ ਮੈਂ ਬੇ-ਦਸਤੂਰ ਕਰਨਾਂ।
( ਸਾਈਂ ਅਹਿਮਦ ਅਲੀ ਸਾਈਆਂ)[54]

---

51. ਗੁਲਾਮ ਰਸੂਲ ਆਲਮਪੁਰੀ-"ਸੀਹਰਫੀ ਸੱਸੀ ਪੁੰਨੂ" , ਪੰਨਾ-2
52. ਉਹੀ(ਨੰ:48), ਪੰਨਾ 449
53. ਉਹੀ, ਪੰਨਾ 258-259
54. ਉਹੀ, ਪੰਨਾ 328.

ਕੁਝ ਸੀਹਰਫ਼ੀਆਂ ਵਿਚ ਸਵੈ-ਜੀਵਨੀਆਂ, (ਬਾਬਾ ਸਾਦਿਕ ਤੇ ਬਰਦਾ ਪਸ਼ੌਰੀ) ਕੁਝ ਕੁ ਸੂਫ਼ੀ ਰੰਗ ਵਿਚ ਰੰਗੀਆਂ ਅਤੇ ਕੁਝ ਕੁ ਫੁਟਕਲ ਵਿਸ਼ੈ ਲੈ ਕੇ ਲਿਖੀਆਂ ਗਈਆਂ ਹਨ। 'ਬਰਦਾ ਪਸ਼ੌਰੀ' ਦੀ ਸਵੈ-ਜੀਵਨੀ ਨਾਲ ਸੰਬੰਧਿਤ ਇਕ ਉਦਾਹਰਣ:-

> ਸ਼ੀਨ - ਸ਼ਹਿਰ ਪਿਸ਼ਾਵਰ ਥੀਂ ਟੁਰਿਆ ਬਰਦਾ, ਕੰਢੇ ਅਟਕ ਦੇ ਆਣ ਖਿਲ੍ਹਾਰਿਓ ਨੇ।
> ਪੰਜ ਸਤ ਸਿਪਾਹੀ ਨੇ ਇਰਦ ਗਿਰਦੇ, ਬੇੜੀ ਵਾਲੇ ਨੂੰ ਨਾਅਰਾ ਜੋ ਮਾਰਿਓ ਨੇ।
> ਬੇੜੀ ਆਰ ਆਵੇ, ਬੇੜੀ ਪਾਰ ਜਾਵੇ, ਵਿਚ ਬਰਦੇ ਨੂੰ ਚਾ ਖਿਲਾਰਿਉ ਨੇ।
> ਬਰਦਾ ਆਖਦਾ ਮਾਰੋ ਅੰਗਰੇਜ਼ ਡਾਢੇ, ਪਿੰਡੀ ਜੇਲ੍ਹਖਾਨੇ ਅੰਦਰ ਵਾੜਿਓ ਨੇ।[55]

ਡਾ: ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿਚ, " ਇਹ ਸਮਾਂ ਸੀਹਰਫ਼ੀ ਸਾਹਿੱਤ ਦੀ ਸਾਉਣੀ ਦਾ ਹੈ। ਇਸ ਵਿਚ ਆਪਣੇ ਆਪ ਚਾਰੇ ਵਾਂਗ ਸੀਹਰਫ਼ੀ ਸਾਹਿੱਤ ਦੇ ਬੂਟੇ ਉਗ ਆਏ। ਸਭ ਤੋਂ ਵਧੀਕ ਸੀਹਰਫ਼ੀ ਸਾਹਿੱਤ ਇਸੇ ਕਾਲ ਵਿਚ ਰਚਿਆ ਗਿਆ।"[56]

## ਬਾਰਾਂ ਮਾਹ

ਭਾਰਤੀ ਸਾਹਿੱਤ ਪਰੰਪਰਾ ਵਿਚ ਰੁਤ ਵਰਣਨ ਦਾ ਰਿਵਾਜ ਬਹੁਤ ਪੁਰਾਣਾ ਹੈ। ਰੁੱਤਾਂ ਛੇ ਹਨ ਪਰ ਉਨ੍ਹਾਂ ਦਾ ਵਿਸਤਾਰ ਬਾਰ੍ਹਾਂ ਮਹੀਨਿਆਂ ਵਿਚ ਹੁੰਦਾ ਹੈ। ਪੁਰਾਣੇ ਸਮੇਂ ਵਿਚ ਇਸ ਕਾਵਿ-ਰੂਪ ਦੁਆਰਾ ਬਿਰਹਾ ਜਾਂ ਵਿਛੋੜੇ ਦੀ ਪੀੜ ਤੇ ਮਿਲਾਪ ਦੀ ਤਾਂਘ ਨੂੰ ਉਲੀਕਿਆ ਜਾਂਦਾ ਸੀ। ਰੁਤ ਬਦਲੀ ਦੇ ਨਾਲ ਪ੍ਰਕ੍ਰਿਤੀ ਵਿਚ ਜਿਹੜੀ ਤਬਦੀਲੀ ਆਉਂਦੀ ਸੀ, ਉਸ ਦਾ ਜੋ ਪ੍ਰਤਿਕਰਮ ਰਸਿਕ ਤੇ ਬਿਰਹੜੇ ਮਨ ਤੇ ਹੁੰਦਾ ਹੈ, ਉਸ ਨੂੰ ਉਲੀਕਿਆ ਜਾਂਦਾ ਸੀ। ਪਰ ਪਿਛੋਂ ਯੋਗ, ਭਗਤੀ, ਰਹੱਸਵਾਦ, ਅਧਿਆਤਮਵਾਦ ਤੇ ਵੇਦਾਂਤ, ਜਾਂ ਨੈਤਿਕਤਾ ਲਈ ਵੀ ਬਾਰ੍ਹਾਂ-ਮਾਂਹ ਦੀ ਵਰਤੋਂ ਹੋਣ ਲਗ ਪਈ ਅਤੇ ਅੱਜ ਕਲ੍ਹ ਤਾਂ ਰਾਜਸੀ ਤੇ ਆਰਥਕ ਵਿਸ਼ਿਆਂ ਲਈ ਵੀ ਇਸ ਕਾਵਿ-ਰੂਪ ਨੂੰ ਅਪਣਾਇਆ ਜਾ ਰਿਹਾ ਹੈ। ਬਹੁਤ ਸਾਰੇ ਪੁਰਾਣੇ ਕਿੱਸਾਕਾਰਾਂ ਨੇ ਬਾਰਾਂ-ਮਾਂਹ ਕਾਵਿ ਰੂਪ ਦੀ ਵਰਤੋਂ ਕੀਤੀ ਹੈ ਤੇ ਕੁਝ ਕੁ ਨੇ ਕਿਸੇ ਦੇ ਵਰਣਨ ਵਿਚ ਸਥਿਤੀ ਤੇ ਘਟਨਾ ਅਨੁਸਾਰ ਬਾਰ੍ਹਾਂਮਾਂਹ ਲੈ ਆਂਦਾ ਹੈ। ਬਾਰ੍ਹਾਂ ਮਾਂਹ ਲਈ ਕੋਈ ਨਿਸਚਿਤ ਛੰਦ ਜਾਂ ਰੌਂਗ ਵੀ ਰਾਖਵਾਂ ਨਹੀਂ। ਇਹ ਕਈ ਛੰਦਾਂ ਤੇ ਕਈ ਰਾਗਾਂ ਵਿਚ ਲਿਖੇ ਗਏ ਹਨ। ਵਿਸ਼ੇ ਅਨੁਸਾਰ ਰਾਗ ਤੇ ਛੰਦ ਵੀ ਬਦਲ ਗਏ ਹਨ।

---

55. ਉਹੀ(54), ਪੰਨਾ 299.
56. ਸੀਤਲ - ਜੀਤ ਸਿੰਘ(ਡਾ:), "ਪੰਜਾਬੀ ਸੀਹਰਫ਼ੀਆਂ", ਭਾਸ਼ਾ ਵਿਭਾਗ, ਪੰਜਾਬ, ਪੰਨਾ 26.

ਪ੍ਰਾਪਤ ਪੰਜਾਬੀ ਸਾਹਿੱਤ ਵਿਚ ਸਭ ਤੋਂ ਪੁਰਾਣਾ ਬਾਰ੍ਹਾਂਮਾਂਹ, ਗੁਰੂ ਨਾਨਕ ਦੇਵ ਜੀ ਦਾ 'ਤੁਖਾਰੀ ਰਾਗ' ਵਿਚ ਲਿਖਿਆ ਹੋਇਆ ਹੈ। ਪ੍ਰੋ. ਪਿਆਰਾ ਸਿੰਘ 'ਪਦਮ' ਅਨੁਸਾਰ "ਸੂਫੀ ਕਾਵਿ ਵਿਚ ਸਭ ਤੋਂ ਪੁਰਾਣਾ ਬਾਰ੍ਹਾਂ ਮਾਂਹ ਅਲੀ ਹੈਦਰ ਦਾ ਦੱਸਿਆ ਜਾਂਦਾ ਹੈ, ਕਿੱਸਾਕਾਰਾਂ ਵਿੱਚੋਂ ਸ਼ਾਇਦ ਹਾਫਜ਼ ਬਰਖੁਰਦਾਰ ਨੇ ਸੁਤੰਤਰ ਬਾਰਾਂਮਾਹ ਰਚਿਆ।"[57] ਸਾਡੇ ਅਧਿਐਨ ਕਾਲ ਵਿਚ ਸੀਹਰਫੀਆਂ ਵਾਂਗ, ਬਾਰ੍ਹਾਂ ਮਾਂਹ ਵੀ ਹੋਰ ਕਾਲਾਂ ਦੇ ਟਾਕਰੇ ਤੇ ਸਭ ਤੋਂ ਵੱਧ ਲਿਖੇ ਗਏ, ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

1) ਫਜ਼ਲ ਸ਼ਾਹ, (2) ਭਗਵਾਨ ਸਿੰਘ, (3) ਕਿਸ਼ਨ ਸਿੰਘ ਆਰਿਫ਼, (4) ਮੌਲਵੀ ਅਬਦੁਲ ਸਤਾਰ, (5) ਬਾਬਾ ਦੇਸ ਰਾਜ, (6) ਈਸ਼ਰ ਦਾਸ, (7) ਨਾਰਾਇਣ ਸਿੰਘ, (8) ਭਗਵਾਨ ਸਿੰਘ ਬਹੂੜੀ, (9) ਮੌਲੇ ਸ਼ਾਹ, (10) ਮੀਰਾਂ ਸ਼ਾਹ, (11) ਮੁਹੰਮਦ ਬੂਟਾ, (12) ਕਰੀਮ ਬਖ਼ਸ਼ (13) ਅਬਦੁਲ ਰਹਿਮਾਨ, (14) ਗੁਲਾਮ ਰਸੂਲ, (15) ਚੰਦਾ ਸਿੰਘ, (16) ਹਦਾਇਤੁਲਾ, (17) ਜਵਾਹਰ ਸਿੰਘ, (18) ਰਹੀਮ ਯਾਰ, (19) ਕਰੀਮ ਯਾਰ, (20) ਅਹਿਮਦ ਦੀਨ, (21) ਰਹੀਮ ਬਖ਼ਸ਼ ਸਾਅਦ, (22) ਬਖ਼ਸ਼ ਅੱਲਾ, (23) ਰੁਲਦੂ ਰਾਮ, (24) ਸ਼ੌਂਕਾ ਰਾਮ, (25) ਗੁਰਬਖ਼ਸ਼ ਸਿੰਘ, (26) ਨਿਹਾਲ ਸਿੰਘ, (27) ਗੰਗਾ ਰਾਮ, (28) ਭੱਜਾ ਰਾਮ, (29) ਗੁਪਾਲ ਸਿੰਘ, (30) ਹਕੂਮਤ ਰਾਏ।

ਫਜ਼ਲ ਸ਼ਾਹ ਸਾਡੇ ਅਧਿਐਨ ਕਾਲ ਦਾ ਉੱਘਾ ਕਿੱਸਾਕਾਰ ਹੈ, ਪਰ ਉਸ ਨੇ ਪਰੰਪਰਾਵਾਦੀ ਰੰਗ ਦਾ ਬਾਰ੍ਹਾਂਮਾਂਹ ਵੀ ਲਿਖਿਆ ਜਿਸ ਵਿਚ ਵਿਛੋੜੇ ਦੇ ਦੁਖ ਤੇ ਮਿਲਾਪ ਦੀ ਖੁਸ਼ੀ ਦਾ ਅਨੋਖਾ ਰੰਗ ਬੰਨ੍ਹਿਆ ਹੈ। ਸ਼ਬਦਾਂ ਦੀ ਚੋਣ, ਤਰਤੀਬ, ਨਾਦ ਜਾਂ ਧੁਨੀ ਇਕ ਅਨੋਖਾ ਵਾਤਾਵਰਣ ਪੈਦਾ ਕਰਦੀ ਹੈ। ਉਦਾਹਰਣ ਲਈ ਮਾਘ ਮਹੀਨੇ ਦਾ ਵਰਣਨ, ਉਪਰੋਕਤ ਕਥਨ ਦੀ ਪੁਸ਼ਟੀ ਕਰਨ ਲਈ ਕਾਫ਼ੀ ਹੈ:-

ਚੜ੍ਹਦੇ ਮਾਘ ਮਹੀਨੇ ਸਰਦੀ, ਮੈਂ ਹੁਣ ਮਰਦੀ, ਮੂੰਹ ਤੇ ਜ਼ਰਦੀ, ਮੈਨੂੰ ਆ ਗਈ।
ਨਿੱਤ ਅੱਖੀਂ ਚਲੇ ਨੀਰ, ਲਗੇ ਤਨ ਤੀਰ, ਗ਼ਮਾਂ ਦੀ ਪੀੜ, ਕਲੇਜੇ ਧਾ ਗਈ।
ਮੈਂ ਰੋ ਰੋ ਕਰਾਂ ਪੁਕਾਰ, ਮੁਇਆਂ ਨੂੰ ਨਾ ਮਾਰ, ਗਇਓਂ ਟੁਰ ਯਾਰ, ਜੁਦਾਈ ਖਾ ਗਈ।
ਕਰ ਫਜ਼ਲ ਪਿਆ ਲਾ ਅੰਗ, ਨਾ ਮੈਥੋਂ ਸੰਗ, ਹੋਈ ਮੈਂ ਤੰਗ, ਗੁਲਾਮ ਵਿਹਾ ਗਈ।
ਮੇਰਾ ਬਾਗ਼ ਸੁਕਾ ਬਿਨ ਮਾਲੀ, ਟੁਰ ਗਏ ਵਾਲੀ, ਰਹੀ ਨਾ ਨਾਲੀ, ਗੁਲ ਗੁਲਜ਼ਾਰ ਦੀ।
ਨਿਤ ਵੇਖਾਂ ਲੇਫ਼ ਨਿਹਾਲੀ, ਯਾਰ ਉਚਾਲੀ, ਕਰ ਗਏ ਖਾਲੀ, ਔਗਣਹਾਰ ਦੀ।
ਇਸ ਬਿਰਹੋਂ ਪਾ ਕੁਠਾਲੀ, ਦਰਦਾਂ ਵਾਲੀ, ਮੁੜ ਮੁੜ ਗਾਲੀ, ਜਾਨ ਬੀਮਾਰ ਦੀ।
ਕਰ ਫਜ਼ਲ ਪਿਆ ਛੱਡ ਰੰਧ, ਮੇਰੇ ਦਿਲ ਬੰਦ, ਘੱਤਾਂ ਸੌਗੰਦਿ, ਮਿਲਾਵਣਹਾਰ ਦੀ।[58]

---

57. ਪਦਮ- ਪਿਆਰਾ ਸਿੰਘ, 'ਪੰਜਾਬੀ ਬਾਰ੍ਹਾਂਮਾਂਹ', ਪਟਿਆਲਾ, 1959, ਪੰਨਾ 47

58. ਉਹੀ, ਪੰਨਾ 214.

ਕਿਸ਼ਨ ਸਿੰਘ ਆਰਿਫ਼, ਇਕ ਨਵੇਂ ਤੋਲ ਤੇ ਛੰਦ ਵਿਚ ਅਨੁਪ੍ਰਾਸ ਅਲੰਕਾਰ ਵਰਤ ਕੇ, ਇੱਕੋ ਅੱਖਰ 'ਭ' ਦੇ ਦੁਹਰਾ ਨਾਲ ਨਵਾਂ ਰਸ ਪੈਦਾ ਕਰਦਾ ਹੈ:-

ਭਾਦੋਂ ਭੌਰਾ ਭੁਲਾ ਭਰਮੇ, ਭਰਮ ਭਰਮ ਭਰਮਾਵੇਂ।
ਭੋਗੀ ਭੋਗੇ, ਭੋਗ ਭਲੇਰੇ, ਭਟਕ ਭਟਕ ਭਟਕਾਵੇ।
ਭਲਾ ਭਲਾ ਭਗਵਾਨ ਭਗਤ ਭਵ, ਭੈੜੂ ਭਲਾ ਨ ਭਾਵੇ।
ਕਿਸ਼ਨ ਸਿੰਘ ਭਰਮਾਵਣ ਭੈੜੇ, ਭਾਜਨ ਭਰਤਾ ਭਾਵੇ ॥[59]

ਮੁਸਲਮਾਨ ਕਵੀਆਂ ਨੇ ਦੁਨਿਆਵੀ ਪਿਆਰ ਅਤੇ ਪ੍ਰੇਮੀ ਪ੍ਰੇਮਿਕਾ ਦੇ ਵਿਛੋੜੇ ਸੰਬੰਧੀ ਬਾਰ੍ਹਾਂਮਾਂਹ ਤਾਂ ਬਹੁਤ ਲਿਖੇ ਹਨ ਅਤੇ ਇਸ਼ਕੀਆ ਕਿੱਸਿਆਂ ਲਈ ਵੀ ਬਾਰ੍ਹਾਂਮਾਂਹ ਰੂਪ ਵਰਤਿਆ ਹੈ, ਪਰ ਕੁਝ ਇਕ ਉੱਤਮ ਉਦਾਹਰਣਾਂ ਧਾਰਮਿਕ ਭਾਵਾਂ ਦੇ ਪ੍ਰਗਟਾਵੇ ਦੀਆਂ ਵੀ ਮਿਲਦੀਆਂ ਹਨ ਜਿੱਥੇ, ਮੱਕੇ ਤੇ ਮਦੀਨੇ ਦੇ ਹੱਜ ਦੀ ਲਾਲਸਾ ਦੀ ਤੜਪ ਨੂੰ ਬਿਆਨਿਆ ਗਿਆ। ਰਹੀਮ ਯਾਰ ਦੇ 'ਬਾਰਾਂਮਾਂਹ ਮੁਹੰਮਦੀ' ਵਿੱਚੋਂ ਇਸ ਦੀ ਇਕ ਉਦਾਹਰਣ, ਪੁਸ਼ਟੀ ਵਜੋਂ ਦਿੱਤੀ ਜਾ ਰਹੀ ਹੈ:-

ਬੈਸਾਖ ਬੈਸਾਖੀ ਲੋਕੀਂ ਜਾਵਣ, ਮੈਂ ਤੜਪਾਂ ਮਦੀਨੇ ਨੂੰ।
ਜਿਸ ਦੀ ਦੌਲਤ ਦੀਨ ਦੁਨੀ ਸਭ, ਵੇਖਾਂ ਉਸ ਖ਼ਜ਼ੀਨੇ ਨੂੰ।
ਕਿਤ ਤਿਆਰੀ ਕਰਾਂ ਵਿਚਾਰੀ, ਮੈਂ ਸੁਬਹਾਨ ਮਹੀਨੇ ਨੂੰ।
ਵੇਖਣ ਬਾਝ ਮੁਹੰਮਦ ਤੇਰੇ, ਭੱਠ ਘੱਤਾਂ ਇਸ ਜੀਨੇ ਨੂੰ।[60]

ਏਸੇ ਤਰ੍ਹਾਂ ਕਵੀ ਨਿਹਾਲ ਸਿੰਘ ਨੇ ਬਾਬਾ ਰਾਮ ਸਿੰਘ ਜੀ ਦੇ ਰੰਗੂਨ ਜੇਲ੍ਹ ਵਿਚ ਜਲਾਵਤਨੀ ਦੇ ਦਿਨਾਂ ਸੰਬੰਧੀ ਇਕ ਬਾਰ੍ਹਾਂਮਾਂਹ ਲਿਖਿਆ ਜਿਸ ਵਿਚ ਸ਼ਰਧਾਲੂਆਂ ਦੀ ਮਨੋਦਸ਼ਾ ਨੂੰ ਉਲੀਕਿਆ ਹੈ:-

ਫਗਣ ਫੇਰ ਕਦੀ ਆਵੀਂ, ਮੁਖ ਆਪਣਾ ਵਿਖਾਵੀਂ, ਦਿਨੇ ਚੈਨ ਨਹੀਂ ਆਵੇ,
ਤੇਰੀ ਸੰਗਤ ਕੁਰਲਾਵਦੀ।
ਬੁਰਾ ਮੀਤ ਦਾ ਵਿਛੋੜਾ, ਜਿਵੇਂ ਜਿਗਰ ਵਿਚ ਫੋੜਾ, ਦਿਨੇ ਰਾਤ ਇਹੀ ਝੋਰਾ,
ਕੋਈ ਗੱਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ, ਖੁਲ੍ਹੇ ਗਲ ਵਿਚ ਵਾਲ, ਫਿਰ ਥਕੀ ਢੂੰਡ ਭਾਲ,
ਨੈਣੀ ਨੀਂਦ ਨਹੀਂ ਆਂਵਦੀ।
ਨਿਹਾਲ ਸਿੰਘ ਔਗੁਣਹਾਰ, ਆਇਆ ਤੇਰੇ ਦਰਬਾਰ, ਗੁਰੂ! ਭੁਲ ਚੁਕ ਮਾਫ਼,
ਸੰਗਤ ਸੀਸ ਹੈ ਨਿਵਾਂਵਦੀ।[61]

---

59. ਪਦਮ, ਪਿਆਰਾ ਸਿੰਘ, 'ਪੰਜਾਬੀ ਬਾਰ੍ਹਾਂਮਾਂਹ', ਪੰਨਾ 221.
60. ਉਹੀ, ਪੰਨਾ 296.
61. ਉਹੀ, ਪੰਨਾ 48.

ਸਮਾਜ ਸੁਧਾਰ ਸੰਬੰਧੀ ਬਾਰ੍ਹਾਂ-ਮਾਂਹ ਵੀ ਲਿਖੇ ਮਿਲਦੇ ਹਨ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਮੇਂ ਸਮੇਂ ਇਸ ਦੇ ਪਰੰਪਰਾਈ ਆਧਾਰ ਤੋਂ ਕਵੀਆਂ ਨੇ ਖੁਲ੍ਹਾਂ ਲਈਆਂ ਹਨ:-

ਅਸੂ ਏਸ ਜ਼ਮਾਨੇ ਕਲ ਜੁਗ, ਧੀਆਂ ਵੇਚਣ ਚੜ੍ਹਦੇ, ਮੂਲ ਨਾ ਡਰਦੇ,
ਘੋੜੀਆਂ ਵਾਂਗਰ ਮੁਲ ਕੁੜੀਆਂ ਦਾ, ਵਿੱਚ ਬਾਜ਼ਾਰਾਂ ਕਰਦੇ, ਸਾਖੀ ਫੜਦੇ।[62]

ਉਪਰ ਦਿੱਤੀ ਸੂਚੀ ਵਿਚ ਦਰਜ ਸਭ ਕਵੀਆਂ ਨੇ ਬਾਰ੍ਹਾਂਮਾਂਹ ਲਿਖੇ ਹਨ ਪਰ ਇਹ ਸੂਚੀ ਸੰਪੂਰਨ ਨਹੀਂ ਅਤੇ ਇਸ ਕਾਲ ਦੇ ਹੋਰ ਕਵੀ ਵੀ ਹੋ ਸਕਦੇ ਹਨ, ਜਿਨ੍ਹਾਂ ਨੇ ਬਾਰਾਂ ਮਾਂਹ ਲਿਖੇ, ਪਰ ਸਾਡੇ ਤਕ ਨਹੀਂ ਪੁਜ ਸਕੇ। ਪ੍ਰਾਪਤ ਬਾਰਾਂਮਾਹਿਆਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਕਵੀਆਂ ਨੇ ਵਿਸ਼ੇ, ਰੂਪ ਤੇ ਛੰਦ ਸਭਨਾਂ ਵਿਚ ਖੁਲ੍ਹ ਲਈ ਹੈ ਤੇ ਇਸ ਦੇ ਘੇਰੇ ਨੂੰ ਨਿਰੋਲ ਬ੍ਰਿਹਾ ਜਾਂ ਮਿਲਾਪ ਤਕ ਸੀਮਿਤ ਨਹੀਂ ਰਹਿਣ ਦਿੱਤਾ। ਇਹ ਬਾਰਾਂਮਾਂਹ ਵਿਕੋਲਿਤ੍ਰੇ 12 ਬੰਦਾਂ ਵਾਲੇ ਕਾਵਿ-ਰੂਪ ਤਕ ਵੀ ਸੀਮਤ ਨਹੀਂ ਰਹੇ ਸਗੋਂ ਇਨ੍ਹਾਂ ਵਿਚ ਵੀ ਵਾਧਾ ਘਾਟਾ ਹੁੰਦਾ ਰਿਹਾ। ਛੰਦ ਵੀ ਇਨ੍ਹਾਂ ਲਈ ਕੋਈ ਨਿਸਚਿਤ ਨਹੀਂ। ਬਾਰਾਂਮਾਂਹ, ਦੋਹਿਰੇ, ਦਵੱਈਏ, ਕੁੰਡਲੀਆ, ਬੈਤਾਂ, ਸਿਰਖੰਡੀ, ਕਬਿੱਤਾਂ ਤੇ ਕਾਫ਼ੀ ਆਦਿ ਰਾਹੀਂ ਲਿਖੇ ਮਿਲਦੇ ਹਨ। ਪ੍ਰੋ. ਪਿਆਰਾ ਸਿੰਘ ਪਦਮ ਐਸੇ ਵਿਚਾਰ ਦੀ ਪੁਸ਼ਟੀ ਤੇ ਵਿਆਖਿਆ ਕਰਦੇ ਹੋਏ ਲਿਖਦੇ ਹਨ, " ਕੁਦਰਤ ਦੀਆਂ ਖੁਸ਼ੀਆਂ ਤੇ ਮੁਹੱਬਤ ਦੀਆਂ ਗ਼ਮੀਆਂ ਨੇ ਬਾਰਾਂਮਾਂਹ ਦਾ ਕਲੇਵਰ ਮਨੋਹਰ ਤੇ ਦਰਦਮੰਦ ਸੂਰਤ ਵਾਲਾ ਬਣਾਇਆ ਹੋਇਆ ਹੈ। ਇਸੇ ਕਰ ਕੇ ਸਾਡੇ ਰੋਮਾਂਟਿਕ ਸਾਹਿੱਤ ਵਿਚ ਇਨ੍ਹਾਂ ਦਾ ਇਕ ਵਿਸ਼ੇਸ਼ ਸਥਾਨ ਹੈ। ਜਿਥੇ ਇਨ੍ਹਾਂ ਵਿੱਚੋਂ ਸਾਨੂੰ ਕਵਿਤਾ ਦੇ ਵਧੀਆ ਨਮੂਨੇ ਮਿਲਦੇ ਹਨ, ਉਥੇ ਵਿਸ਼ੇ ਰੂਪ ਤੇ ਭਾਸ਼ਾ ਦੀਆਂ ਕਈ ਵੰਨਗੀਆਂ ਵੀ ਮਿਲਦੀਆਂ ਹਨ, ਇਨ੍ਹਾਂ ਦਾ ਪਾਠ ਖੁਸ਼ੀ ਮਨਾਂ ਨੂੰ ਹੋਰ ਖੁਸ਼ੀ ਬਖ਼ਸ਼ਦਾ ਤੇ ਗ਼ਮਗੀਨ ਲੋਕਾਂ ਨੂੰ ਕੁਝ ਕੁ ਧਰਵਾਸ ਦਿੰਦਾ ਹੈ ਤੇ ਜਦੋਂ ਜਦੋਂ ਕੁਦਰਤ ਦੀਆਂ ਗੱਲਾਂ ਚਲਣਗੀਆਂ ਜਾਂ ਜਦ ਜਦ ਵੀ ਸ਼ਿੰਗਾਰ-ਕਾਵਿ ਦੀ ਚਰਚਾ ਛਿੜੇਗੀ ਤਾਂ ਬਾਰ੍ਹਾਂ-ਮਾਹਿਆਂ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ।"[63]

## ਪੰਜਾਬੀ ਮਾਝਾਂ

ਬਾਰਾਂ ਮਾਂਹ ਵਾਂਗ ਮਾਝਾਂ ਵੀ ਅਜਿਹਾ ਕਾਵਿ-ਰੂਪ ਹੈ ਜਿਸ ਵਿਚ ਬ੍ਰਿਹਾ ਦੀ ਪੀੜ ਨੂੰ ਗਾਇਆ ਜਾਂਦਾ ਹੈ ਪਰ ਫਰਕ ਇਹ ਹੈ ਇਨ੍ਹਾਂ ਵਿਚ ਨਿਰੋਲ ਅਧਿਆਤਮਕ ਜਾਂ ਇਸ਼ਕ ਹਕੀਕੀ ਦੇ ਵਿਸ਼ੇ ਨੂੰ ਲਿਆ ਜਾਂਦਾ ਹੈ। ਕਿਸੇ ਭਗਤ, ਅਵਤਾਰ ਗੁਰੂ ਆਦਿ ਦੇ ਵਿਯੋਗ ਵਿਚ ਮਾਝਾਂ ਲਿਖੀਆਂ ਮਿਲਦੀਆਂ ਹਨ। ਪਰ ਇਸ਼ਕ ਮਿਜਾਜ਼ੀ ਜਾਂ ਪ੍ਰੇਮ ਦੇ ਕਿਸੇ ਵੀ ਮਾਝਾਂ ਦੇ ਰੂਪ ਵਿਚ ਲਿਖੇ ਮਿਲਦੇ ਹਨ।

---

62. ਗੁਪਾਲ ਸਿੰਘ, 'ਬਾਰ੍ਹਾਂ ਮਾਂਹ ਕਲਜੁਗ ਕਾ' (1944 ਬਿਕ੍ਰਮੀ ਨਾਨਕਸ਼ਾਹੀ 419), ਪੰਨਾ 4
63. ਉਹੀ (ਨੰਬਰ 57), ਪੰਨਾ 48.

ਮਾਝਾਂ ਲਈ ਸਭ ਤੋਂ ਵੱਧ ਪਰਚਲਿਤ ਛੰਦ ਦਵੱਈਆ ਹੀ ਹੈ, ਜਿਸ ਵਿਚ ਦਮੋਦਰ ਨੇ ਹੀਰ ਲਿਖੀ ਜਾਂ ਹਾਸ਼ਮ ਨੇ ਵੀ ਇਸ ਨੂੰ ਅਪਣਾਇਆ। ਪ੍ਰੋ. ਪਿਆਰਾ ਸਿੰਘ ਪਦਮ ਦਾ ਵਿਚਾਰ ਹੈ ਕਿ 'ਮਾਝਾਂ' ਦੀ ਪਨੀਰੀ ਮਾਲਵੇ ਵਿਚ ਉੱਗੀ ਤੇ ਲਹਿੰਦੇ ਵਿਚ ਜਾ ਕੇ ਇਸ ਨੇ ਕਈ ਬਾਗ਼ ਬਗ਼ੀਚਿਆਂ ਨੂੰ ਜਨਮ ਦਿੱਤਾ ... ਪਰ ਲਹਿੰਦੇ ਵਿਚ ਜਾ ਕੇ ਮਾਝ ਦਾ ਨਾਮ ਬਦਲ ਗਿਆ ਤੇ ਇਸ ਨੂੰ ਅਸ਼ਾ ਵਰੀ ਨਾਂ ਨਾਲ ਪੁਕਾਰਿਆ ਜਾਣ ਲੱਗਾ।"[64] ਪ੍ਰੋ: ਪਿਆਰਾ ਸਿੰਘ ਪਦਮ ਅਨੁਸਾਰ ਗੁਰੂ ਗੋਬਿੰਦ ਸਿੰਘ ਦੁਆਰਾ ਲੱਖੀ ਜੰਗਲ ਵਿਚ ਰਚੀ ਗਈ 'ਵਾਰ ਭਗਉਤੀ' ਤੇ ਫੁਟਕਲ ਛੰਦਾਂ ਵਿਚ ਇਕ ਮਾਝ ਵੀ ਹੈ।[65] ਸਾਡੇ ਅਧਿਐਨ ਕਾਲ ਵਿਚ ਮਾਝਾਂ ਲਿਖਣ ਵਾਲਾ ਕੇਵਲ ਇੱਕੋ ਉੱਘਾ ਲੇਖਕ 'ਸੰਤਰੇਣ'(1741-1873 ਈ.) ਹੈ ਜਿਨ੍ਹਾਂ ਦੇ ਲਿਖੇ ਪੰਜ ਗ੍ਰੰਥ [66] ਨਾਨਕ ਵਿਜੈ, ਨਾਨਕ ਬੋਧ, ਬਚਨ ਸੰਗ੍ਰਹਿ, ਉਦਾਸੀ ਬੋਧ ਤੇ ਮਨ ਪ੍ਰਬੋਧ ਗ੍ਰੰਥ' ਮਿਲਦੇ ਹਨ ਜਿਨ੍ਹਾਂ ਦੀ ਭਾਸ਼ਾ ਹਿੰਦੀ ਜਾਂ ਸਾਧ ਭਾਖਾ ਹੈ। ਪਰ ਸੰਤਰੇਣ ਦੁਆਰਾ ਕੁਝ ਸੀਹਰਫ਼ੀਆਂ ਤੇ ਮਾਝਾਂ ਵੀ ਲਿਖੀਆਂ ਮਿਲਦੀਆਂ ਹਨ। " 152 ਮਾਝਾਂ ਵਿੱਚੋਂ 52 ਮਾਝਾਂ ਕੇਵਲ ਸਾਧਾਂ ਫਕੀਰਾਂ ਜਾਂ ਸੰਤਾਂ ਦੇ ਲੱਛਣ ਦੱਸਣ ਲਈ ਲਿਖੀਆਂ ਹਨ ਜਿਨ੍ਹਾਂ ਵਿਚ ਆਪ ਨੇ ਦਿਲ ਤੇ ਦਿਮਾਗ਼ ਨੂੰ ਸੰਤ ਬਣਾਉਣ ਪੁਰ ਜ਼ੋਰ ਦਿੱਤਾ ਹੈ ਤੇ ਆਖਿਆ ਹੈ ਕਿ ਇਲਮ, ਕਰਮ ਕਾਂਡ ਤੇ ਦਿਖਾਵੇ ਦੇ ਚਿਨ੍ਹਾਂ ਨਾਲ ਸਾਧ ਨਹੀਂ ਬਣਿਆ ਜਾ ਸਕਦਾ।"[67] ਉਦਾਹਰਣ ਲਈ:-

---

64. ਪਦਮ-ਪਿਆਰਾ ਸਿੰਘ,' ਪੰਜਾਬੀ ਮਾਝਾਂ', ਪਟਿਆਲਾ, 1960, ਪੰਨਾ 13.

65. ਉਹੀ, ਪੰਨਾ 14.

66. " ਪਾਂਚ ਗ੍ਰੰਥ ਕਰਾਇ ਗੁਰ, ਹਮਤੈ ਆਪ ਸੁਜਾਨ,
ਜੀਵਨ ਕੀ ਕਲਿਆਨ ਹਿਤ, ਸਤਿਗੁਰ ਆਪ ਸਮਾਨ,
ਮਨ ਪ੍ਰਬੋਧ ਗ੍ਰੰਥ ਸੋ ਪ੍ਰਥਮ ਜਾਨਿਯੈ ।
ਦੁਤੀਯ ਨਾਨਕ ਵਿਜੈ ਗ੍ਰੰਥ ਸੋ ਆਨਿਯੈ ।
ਤ੍ਰਿਤਯ ਨਾਨਕ ਬੋਧ ਗ੍ਰੰਥ ਸੁ ਜਾਨ ਰੇ।
ਹੋ ਬਚਨ ਸੰਗ੍ਰਹਿ ਗ੍ਰੰਥ ਸੁ ਚਤੁਰਥ ਮਾਨ ਰੇ।
ਪੰਚਮ ਇਹੋ ਉਦਾਸੀ ਬੋਧ ਮਹਾਨੀਯੈ। ਜੀਵਨ ਤਰਨ ਉਪਾਇ ਸੁ ਖਯਰ ਜੀਨੀਯੈ।
(ਉਦਾਸੀ ਬੋਧ ਗ੍ਰੰਥ ਵਿਚੋਂ- ਇਹ ਗ੍ਰੰਥ 1859 ਈ. ਵਿਚ ਲਿਖਿਆ ਗਿਆ)।

67. ਭੋਗਲ-ਪਿਆਰਾ ਸਿੰਘ, 'ਪੰਜਾਬੀ ਕਵਿਤਾ ਦੇ ਸੌ ਸਾਲ', ਪੰਨਾ 150.

ਸਾਧ ਨਾ ਹੋਂਦਾ ਟੋਪੀ ਪਾਇਆਂ, ਨਾ ਹੋਂਦਾ ਕਫਨੀ ਸੇਲੀ।
ਸਾਧ ਨਾ ਹੋਂਦਾ ਹੱਥ ਫਹੌੜੀ, ਨਹੀਂ ਹੁੰਦੀ ਧੂਣੀ ਮੈਲੀ।
ਸਾਧ ਨਾ ਹੋਂਦਾ ਗੁਰੂ ਸਦਾਇਆਂ, ਨਾ ਹੋਂਦੀ ਬਹੁਤੀਂ ਚੇਲੀਂ।
ਸੰਤ ਰੈਣ ਸਾਧਾਂ ਦੇ ਲੱਛਣ, ਬਿਨ ਸਾਈਂ ਹੋਰ ਨਾ ਬੇਲੀ।

---

ਕੀ ਆਇਉਂ ਜਾਂ ਨੀਅਤ ਖੋਟੀ, ਤੇਰਾ ਆਵਣ ਕਿਤੇ ਨਾ ਲੇਖੇ।
ਅਤੇ ਛਪ ਛਪ ਐਬ ਕਰੇਂ ਬੁਰਿਆਈਆਂ, ਉਹ ਜ਼ਾਹਰ ਸਭ ਕੁਝ ਵੇਖੇ।
ਆਵਣ ਤਿਸਦਾ ਜਿਨ ਸੱਚ ਪਛਾਤਾ, ਉਹ ਹਰਿ ਵੇਖੇ, ਹਰਭੇਖੇ।
ਐਥੇ ਸੰਤ ਰੈਣ ਕੋਈ ਇਕ ਅੱਧ ਵਿਰਲਾ, ਜੋ ਹਰਿ ਨੂੰ ਹਰ ਵਿਚ ਵੇਖੇ।

ਇਨ੍ਹਾਂ ਮਾਝਾਂ ਦਾ ਛੰਦ ਦਵੱਈਆ ਨਹੀਂ ਰਿਹਾ, ਸਗੋਂ ਮਾਤ੍ਰਾਂ ਵਧ ਗਈਆਂ ਹਨ। ਕਾਵਿ-ਉਡਾਰੀ ਤੇ ਕਾਵਿ-ਕਲਾ ਦੀ ਪੱਧਰ ਵੀ ਬਹੁਤ ਉੱਚੀ ਨਹੀਂ। ਹੋਰ ਫੁੱਟਕਲ 'ਮਾਝਾਂ' ਦੇ ਹਵਾਲੇ ਵੀ ਕਾਫੀ ਥਾਈਂ ਮਿਲਦੇ ਹਨ, ਪਰ ਨਾਂ ਤਾਂ ਉਨ੍ਹਾਂ ਦੇ ਲੇਖਕਾਂ ਦਾ ਪਤਾ ਹੈ ਤੇ ਨਾ ਹੀ ਉਨ੍ਹਾਂ ਦਾ ਰਚਨਾ-ਕਾਲ ਮਿਥਿਆ ਜਾ ਸਕਦਾ ਹੈ, ਇਸ ਲਈ ਉਨ੍ਹਾਂ ਸੰਬੰਧੀ ਕਿਸੇ ਪ੍ਰਕਾਰ ਦੀ ਚਰਚਾ ਕਰਨੀ ਯੋਗ ਨਹੀਂ ਸਮਝੀ ਗਈ।[68]

## ਪੰਜਾਬੀ ਜੰਞਾਂ ਜਾਂ ਪੱਤਲਾਂ:

ਜੰਞਾਂ ਲਿਖਣ ਦਾ ਰਿਵਾਜ ਕੇਵਲ ਮਾਲਵੇ ਵਿਚ ਹੀ ਹੈ। ਵਿਆਹਾਂ ਦੇ ਮੌਕੇ ਤੇ ਜਦ ਜੰਞ ਰੋਟੀ ਖਾਣ ਬੈਠਦੀ, ਤਾਂ ਪਿੰਡ ਦੀ ਕੋਈ ਇਸਤਰੀ ਕੁਝ ਤੁਕਾਂ ਬੋਲ ਕੇ ਜੰਞ ਨੂੰ ਰੋਟੀ ਖਾਣ ਤੋਂ ਰੋਕਣ ਦਾ ਯਤਨ ਕਰਦੀ। ਇਸ ਨੂੰ ਜੰਞ ਦਾ ਬੰਨ੍ਹਣਾ ਆਖਦੇ ਸਨ। ਫੇਰ ਬਰਾਤੀਆਂ ਵਿੱਚੋਂ ਕੋਈ ਕਵੀਸ਼ਰ ਉਠ ਕੇ ਕਵਿਤਾ ਦੀਆਂ ਤੁਕਾਂ ਗਾ ਕੇ ਜਾਂ ਬੋਲ ਕੇ ਉੱਤਰ ਦਿੰਦਾ। ਇਸ ਨੂੰ ਜੰਞ ਖੋਲ੍ਹਣ ਦਾ ਨਾਂ ਦਿੱਤਾ ਜਾਂਦਾ ਹੈ। ਉਦਾਹਰਣ ਲਈ:-

ਲੈ ਕੇ ਨਾਮ ਗੁਪਾਲ ਦਾ ਬੰਨ੍ਹਾਂ ਜੰਞ ਮੈਂ ਆਪ,
ਖੋਲ੍ਹੇ ਬਿਨਾਂ ਜੇ ਖਾਉਗੇ, ਖਾਣਾ ਹੋਊ ਸਰਾਪ।

ਅਤੇ - ਈਸ਼ੁਰ ਰਿਦੇ ਧਿਆਇ ਕੇ, ਗੰਗਾ ਜਲੀ ਉਠਾਇ।
ਬੱਧੀ ਖੋਲ੍ਹਾਂ ਜੰਞ ਮੈਂ, ਆਦਿ ਗਣੇਸ਼ ਮਨਾਇ।
ਖੁਲ੍ਹੇ ਜਾਂਞੀ ਬੈਠੜੇ, ਖੁਲ੍ਹਾ ਸਕਲ ਸਰੀਰ।
ਖੁਲ੍ਹ ਗਈਆਂ ਸਭ ਥਾਲੀਆਂ, ਖੁਲ੍ਹ ਗਿਆ ਜੇ ਨੀਰ।

---

68. ਪ੍ਰੋ.ਪਦਮ ਨੇ ਪੰਜਾਬੀ ਮਾਝਾਂ ਪੁਸਤਕ ਦੇ ਅਖ਼ੀਰ ਤੇ ਪੰਨਾ 149 ਤੋਂ 156 ਤਕ ਅਜਿਹੀਆਂ 37 ਮਾਝਾਂ ਦਿੱਤੀਆਂ ਹਨ।

ਇਹ ਜੰਵਾਂ ਲਿਖਣ ਵਾਲੇ ਆਮ ਤੌਰ ਤੇ ਪੇਂਡੂ ਕਵੀਸ਼ਰ ਹੁੰਦੇ ਸਨ ਜਿਹੜੇ ਬਰਾਤਾਂ ਦੇ ਨਾਲ ਵਿਆਹਾਂ ਤੇ ਜਾਂਦੇ ਤੇ ਗਾ ਕੇ, ਵਿਆਹ ਦੇ ਮੌਕੇ ਤੇ ਹਾਸਾ ਠੱਠਾ ਤੇ ਸ਼ੁਗਲ ਪੈਦਾ ਕਰਨ ਦੇ ਜ਼ਿੰਮੇਵਾਰ ਬਣਦੇ। ਪਰ ਕਈ ਵਾਰੀ ਇਨ੍ਹਾਂ ਜੰਵਾਂ ਵਿਚ ਅਜਿਹਾ ਕੋਹਜਾ ਵਰਣਨ ਹੁੰਦਾ ਜਿਸ ਨਾਲ ਦੋਹਾਂ ਧਿਰਾਂ ਵਿਚ ਤਲਖੀ ਵੱਧ ਜਾਂਦੀ। ਜੰਵਾਂ ਨੂੰ ਪੱਤਲਾਂ ਵੀ ਆਖਦੇ ਹਨ। ਅਰਥਾਤ ਖਾਣ ਲਈ ਸਾਹਮਣੇ ਪਈਆਂ ਪੱਤਲਾਂ ਦਾ ਵਰਣਨ। ਲੋਕ ਕਵੀਸ਼ਰਾਂ ਤੋਂ ਬਿਨਾਂ ਕਈ ਉੱਘੇ ਕਵੀਆਂ ਨੇ ਜੰਵਾਂ ਜਾਂ ਪੱਤਲਾਂ ਲਿਖੀਆਂ ਤੇ ਕਾਫ਼ੀ ਲੋਕ-ਪ੍ਰਿਯ ਹੋਈਆਂ। ਇਕ ਜ਼ਨਾਨੀ ਪੱਤਲ ਦੀ ਉਦਾਹਰਣ ਦੇਖੋ:-

" ਕੱਲੇ ਕਾਹਨੂੰ ਆਏ, ਨਾਲ ਬੇਬੇ ਨਾ ਲਿਆਏ,
ਅੱਜ ਜਾਨੀਆਂ ਦੇ ਨਾਲ ਸੋਭਾ ਪਾਉਣ ਬੈਠ ਸਾਲੀਆਂ।
ਲਾੜੇ ਸਰਬਾਲੇ ਦੀ ਭੈਣ ਨੇ ਫਕੀਰ ਕੀਤਾ,
ਤਾਂ ਹੀ ਕੱਲੇ ਬੈਠੇ, ਅੱਜ ਮਿਲੀਆਂ ਨਾ ਭਾਲੀਆਂ।
ਨਾਨੀ ਮਾਮੀ ਬੰਨ੍ਹੀ, ਸਾਰੀਆਂ ਨੂੰ ਹੀ
ਲਾਗੀ ਸਾਡੇ ਲੈ ਗਏ, ਬੈਠ ਰੋਂਦੀਆਂ ਵਿਚਾਰੀਆਂ।
ਨਾਈ ਬੰਨ੍ਹ ਦਿੱਤਾ ਵੇ ਗੁਟਾਰ ਜਾਤ ਧਿਆਨ ਸਿੰਘਾ
ਅੱਜ ਭੱਜ ਜਾਊ ਭੈਣ ਲਾੜੇ ਦੀ ਫਸਾਇ ਕੇ। [69]

ਇਨ੍ਹਾਂ ਜੰਵਾਂ ਵਿਚ ਖਾਣਿਆਂ, ਕਪੜਿਆਂ, ਗਹਿਣਿਆਂ, ਮਠਿਆਈਆਂ, ਘੋੜੇ, ਊਠ, ਵਾਜੇ ਤੇ ਜਾਂਞੀਆਂ ਦੀਆਂ ਪੁਸ਼ਾਕਾਂ ਤਕ ਦਾ ਜ਼ਿਕਰ ਹੁੰਦਾ ਹੈ। ਕਵਿਤਾ ਦੀ ਪੱਧਰ ਬੜੀ ਸਾਧਾਰਨ ਹੁੰਦੀ। ਕੋਈ ਮੌਲਿਕ ਅਲੰਕਾਰ ਜਾਂ ਉਚੇਰੀਆਂ ਕਾਵਿ-ਉਡਾਰੀਆਂ ਦੀ ਬਜਾਇ ਸਿੱਧਾ-ਪੱਧਰਾ ਬਿਆਨ ਹੀ ਇਨ੍ਹਾਂ ਵਿਚ ਹੁੰਦਾ। ਛੰਦ ਆਮ ਤੌਰ ਤੇ ਕਬਿਤ ਤੇ ਕੋਰੜਾ ਹੀ ਵਰਤਿਆ ਜਾਂਦਾ। ਸਾਡੇ ਅਧਿਐਨ ਕਾਲ ਵਿਚ ਉੱਘੇ ਜੰਵਾਂ ਲਿਖਣ ਵਾਲਿਆਂ ਦਾ ਸੰਖੇਪ ਵੇਰਵਾ[70] ਇਸ ਪ੍ਰਕਾਰ ਹੈ:-

1) ਜੰਵ ਜੀਵਾ ਸਿੰਘ ਪਿੰਡ ਖਟੜਾ, ਜ਼ਿਲ੍ਹਾ ਲੁਧਿਆਣਾ- 1866 ਈ.
2) ਜੰਵ ਭਗਵਾਨ ਸਿੰਘ, ਪਿੰਡ ਫੂਲ ਮਰਾਝ(ਬਠਿੰਡਾ) - 1891 ਈ.
3) ਪੱਤਲ ਚੰਦੂ ਲਾਲ , ਮਾਲੇਰਕੋਟਲਾ - 1881 ਈ.
4) ਪੱਤਲ ਨਰੈਣ ਸਿੰਘ, ਪਿੰਡ ਸਹਿਣਾ(ਲੁਧਿਆਣਾ) - 1881 ਈ.
5) ਪੱਤਲ ਹਜ਼ੂਰਾ ਸਿੰਘ, ਪਿੰਡ ਭੁਟਾਰੀ(ਲੁਧਿਆਣਾ) - 1881 ਈ.
6) ਜੰਵ- ਲੱਖਾ ਸਿੰਘ , ਪਿੰਡ ਨਰੜੂ (ਪਟਿਆਲਾ) - 1897 ਈ.
7) ਜੰਵ ਸੋਭਾ ਮਲ , ਗੁਜਰਾਤ, 1886 ਈ.

---

69. ਧਿਆਨ ਸਿੰਘ, 'ਜ਼ਨਾਨੀ ਪੱਤਲ' 1882 ਈ. , ਲੁਧਿਆਣਾ, ਪੰਨਾ 9.

70. ਪਦਮ-ਪਿਆਰਾ ਸਿੰਘ, 'ਪੰਜਾਬੀ ਜੰਵਾਂ', ਪਟਿਆਲਾ, 1975, ਪੰਨਾ 28-30

8) ਜੰਗ ਗੁਰਦਿਤ ਸਿੰਘ - ਪਿੰਡ ਖਟੜਾ( ਲੁਧਿਆਣਾ)-1897 ਈ.,
ਦੋ ਜੰਗਾਂ (1) ਸੁੰਦਰ ਜੰਗ (2) ਜੰਗ ਦਾ ਝਗੜਾ।

9) ਜੰਗ ਮਾਨ ਸਿੰਘ, ਪਿੰਡ ਕਾਨ੍ਹ ਸਿੰਘ ਵਾਲਾ(ਫ਼ੀਰੋਜ਼ਪੁਰ) - 1898 ਈ.

10) ਜੰਗ ਧਿਆਨ ਸਿੰਘ, ਲੁਧਿਆਣਾ - 1882 ਈ.

## ਪੰਜਾਬੀ ਝਗੜੇ

ਜੰਗਾਂ ਤੋਂ ਬਿਨਾਂ 'ਝਗੜੇ', 'ਕਸੀਦੇ' ਤੇ 'ਅਠਵਾਰੇ' ਇਸ ਕਾਲ ਦੀ ਕਵਿਤਾ ਦੇ ਕੁਝ ਕੁ ਹੋਰ ਰੂਪ ਹਨ, ਜਿਨ੍ਹਾਂ ਦੇ ਕੁਝ ਕੁ ਸਫਲ ਨਮੂਨੇ ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ। 'ਝਗੜੇ' ਦਾ ਆਰੰਭ ਸੰਬਾਦ, ਵਿਚਾਰ ਵਟਾਂਦਰੇ ਜਾਂ ਦੋ ਵਿਰੋਧੀ ਵਿਚਾਰਾਂ, ਰੁਚੀਆਂ, ਭਾਵਨਾਵਾਂ, ਦਿਲਚਸਪੀਆਂ ਜਾਂ ਰੀਝਾਂ ਤੋਂ ਮਿਥਿਆ ਜਾ ਸਕਦਾ ਹੈ। ਜਦ ਦੋਵੇਂ ਪੱਖ ਆਪੋ ਆਪਣੇ ਮੱਤ ਜਾਂ ਧਾਰਨਾ ਉੱਤੇ ਡਟੇ ਹੋਏ ਹੋਣ ਤੇ ਆਪਣੀ ਗਲ ਨੂੰ ਮਨਵਾਉਣ ਜਾਂ ਠੀਕ ਸਿੱਧ ਕਰਨ ਲਈ, ਸ਼ਿਸ਼ਟਾਚਾਰ ਦਾ ਪੱਲਾ ਛੱਡ ਕੇ ਨੀਵੀਂ ਪੱਧਰ ਤੇ ਉੱਤਰ ਆਉਣ ਤਾਂ ਝਗੜੇ ਦਾ ਮੁਢ ਬੱਝਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ," ਝਗੜਾ' ਕਾਵਿ-ਰੂਪ ਕੋਈ ਲੜਾਈ ਫਸਾਦ ਪੇਸ਼ ਨਹੀਂ ਕਰਦਾ, ਸਗੋਂ ਦੋ ਵਿਰੋਧੀਆਂ ਨੂੰ ਬੁਲਾ ਕੇ ਮੌਕਾ ਦਿੰਦਾ ਹੈ ਕਿ ਉਹ ਆਪਣਾ ਆਪਣਾ ਪੱਖ ਪੇਸ਼ ਕਰਨ ... ਕਵੀਸ਼ਰ ਦੀ ਰਾਏ ਇਕ ਵਲ ਜ਼ਰੂਰ ਹੁੰਦੀ ਹੈ ਤੇ ਆਮ ਤੌਰ ਤੇ ਉਹ ਨਿਆਂ ਤੇ ਸੱਚ ਦਾ ਪਾਸਾ ਹੁੰਦਾ ਹੈ।"[71] ਇਸ 'ਝਗੜੇ' ਕਾਵਿ-ਰੂਪ ਦਾ ਆਰੰਭ ਤਾਂ ਧਾਰਮਕ ਸੰਬਾਦਾਂ ਜਾਂ ਗੋਸ਼ਟਾਂ ਤੋਂ ਮਿਥਿਆ ਜਾ ਸਕਦਾ ਹੈ, ਪਰ ਸਾਡੇ ਅਧਿਐਨ ਕਾਲ ਵਿਚ ਇਸ ਦਾ ਵਿਸ਼ਾ ਸਮਾਜਕ ਸਮੱਸਿਆਵਾਂ ਜਾਂ ਭਾਵਨਾਵਾਂ ਨਾਲ ਜੁੜ ਗਿਆ ਹੈ ਤੇ ਰਚਨਹਾਰੇ ਪੇਂਡੂ ਕਵੀਸ਼ਰ ਉਭਰ ਕੇ ਸਾਹਮਣੇ ਆਏ ਜਿਨ੍ਹਾਂ ਨੇ ਅਨੇਕ ਮਸਲਿਆਂ ਦੇ ਝਗੜੇ ਬਣਾ ਕੇ, ਸਵਾਲ ਜਵਾਬ ਜੋੜ ਕੇ, ਪ੍ਰਸ਼ਨੋਤਰ ਘੜ ਕੇ, ਇਸ ਭੰਡਾਰ ਨੂੰ ਭਰਪੂਰ ਕੀਤਾ। ਇਨ੍ਹਾਂ ਕਵੀਸ਼ਰਾਂ ਦਾ ਕਮਾਲ ਦੋ ਗੱਲਾਂ ਵਿਚ ਸੀ। ਇਕ ਤਾਂ ਇਹ ਆਪਣੀ ਕਲਪਨਾ ਸ਼ਕਤੀ ਆਸਰੇ ਸਾਰੇ ਵਾਰਤਾਲਾਪ ਦਾ ਢਾਂਚਾ ਤਿਆਰ ਕਰਦੇ ਸਨ, ਦੂਜੇ ਇਸ ਸੰਬਾਦ ਨੂੰ ਕੜਾਕੇਦਾਰ ਠੇਠ ਪੇਂਡੂ ਬੋਲਾਂ ਵਿਚ ਗੁੰਦ ਕੇ ਜ਼ੋਰਦਾਰ ਬਣਾਉਂਦੇ ਸਨ।"[72] ਇਸ ਕਾਲ ਵਿਚ ਰਚੇ ਗਏ ਕੁਝ ਕੁ 'ਝਗੜੇ' ਇਸ ਪ੍ਰਕਾਰ ਹਨ:-

1) ਝਗੜਾ ਸੁਖਈ ਵ ਸੁਖਾਇਨ ਕਾ(1852 ਈ.) ਪੰਡਤ ਗੁਲਾਬ ਸਿੰਘ ਅੰਮ੍ਰਿਤਸਰ[73]

2) ਰੁਤੀਆਂ ਕਾਨ੍ਹ ਗੁਜਰੀ ਕੀਆਂ (1891 ਈ.) ਪੱਥਰ ਦਾ ਛਾਪਾ - ਭਾ. ਕਾਨ੍ਹ ਸਿੰਘ ਚੈੜਪੁਰੀਏ।

---

71. ਪਦਮ-, 'ਪੰਜਾਬੀ ਝਗੜੇ', ਪਟਿਆਲਾ, 1974, ਪੰਨਾ 11.

72. ਉਹੀ, ਪੰਨਾ 14

73. ਸਿੱਖ ਰੈਫ਼੍ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਖਰੜਾ ਨੰ: 6070.

3) ਝੇੜਾ ਇਸਤਰੀਆਂ ਕਾ- (1892 ਈ.), ਦੀਪ ਚੰਦ ਖਤ੍ਰੇਟਾ[74]

4) ਕਥਾ ਸੋਲਾਂ ਸਹੇਲੀਆਂ (1887 ਈ.) ਗੁਲਾਮ ਮੁਸਤਫ਼ਾ, ਲਾਹੌਰ[75]

5) ਤ੍ਰਿੰਞਣ ਸਹੇਲੀਆਂ ਕਾ (1898 ਈ.) ਲਧੂ ਰਾਮ ਕਵੀਸ਼ਰ ਲਾਹੌਰ

6) ਝਖੇੜਾ ਦੇਵਰ ਭਾਬੀ ਕਾ (1899 ਈ.) ਨਰੈਣ ਸਿੰਘ (ਸੁਹਿਣਾ ਜ਼ਿਲ੍ਹਾ ਲੁਧਿਆਣਾ)

7) ਕਿੱਸਾ ਦੇਵਰ ਭਾਬੀ (1900 ਈ.) ਨਗਾਹੀਆ ਰਾਮ
(ਭਾਈ ਕੇ ਜਸਪਾਲ, ਜ਼ਿਲ੍ਹਾ ਲੁਧਿਆਣਾ)

ਆਕਾਰ ਦੇ ਵਧ ਜਾਣ ਡਰੋਂ, ਕੇਵਲ ਨਮੂਨੇ ਮਾਤ੍ਰ 'ਝਗੜਾ' ਸੁਖਣੀ ਵ ਸੁਖਾਇਨ ਵਿਚੋਂ ਇਕ ਉਦਾਹਰਣ ਦਿੱਤੀ ਜਾ ਰਹੀ ਹੈ:-

ਸੁਖਾਇਨਉਵਾਚ- ਅਠ ਪਹਰ ਉਂਘਲਾਂਦਾ ਰਹਿੰਦਾ, ਮੇਰਾ ਖਸਮ ਮਖੱਟੂ
ਜ਼ਰਾ ਆਰਾਮ ਨਾਲ ਨਾ ਬਹਿੰਦਾ, ਜਿਉਂ ਸਰਾਇ ਦਾ ਟੱਟੂ
ਨਦੀ ਭੰਗ ਦੀ ਵਗਦੀ ਰਹਿੰਦੀ, ਪੀ ਕਰ ਹੋਂਦਾ ਲੱਟੂ
ਮੇਰੇ ਭਾਣੇ ਡੁਬਿਆ ਹੋਯਾ, ਜੰਮਿਆ ਚੌੜ ਚਪੱਟੂ ।

ਸੁਖਣੀਉਵਾਚ- ਸੁਣ ਪਿਆਰੀ ਮੈਂ ਬਾਤ ਬਤਾਵੇਂ, ਜੋ ਪੀਂਦਾ ਇਹ ਬੂਟੀ
ਜਨਮ ਮਰਨ ਨੇੜੇ ਨਹੀਂ ਆਵਤ, ਸਗਲ ਵਾਸ਼ਨਾਂ ਛੂਟੀ
ਜੋ ਪੀਵੈ, ਸੋ ਫਿਰੈ ਮਗਨ ਮਨ, ਲਏ ਸੁਅਰਗ ਦੀ ਝੂਟੀ ।
ਬਚਨ ਬੋਲਤੀ ਐਸੇ, ਜੈਸੇ, ਲੜੇ ਜੰਬੂਰੀ ਬੂਟੀ ।

---

## ਅਠਵਾਰੇ

ਸੀਹਰਫੀਆਂ ਤੇ ਬਾਰਾਂਮਾਂਹ ਵਾਂਗ 'ਅਠਵਾਰੇ' ਵੀ ਇਕ ਕਾਵਿ-ਰੂਪ ਹੈ। ਇਹ ਵੀ ਬਾਰਾਂ-ਮਾਂਹ ਵਾਂਗ ਬਿਰਹੋਂ ਦੀ ਕਵਿਤਾ ਹੈ। ਇਸਤਰੀ ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਮਨ ਦੀ ਹਵਾੜ ਕੱਢਦੀ ਹੈ ਅਤੇ ਜਿਸ ਤਰ੍ਹਾਂ ਇਕ ਇਕ ਕਰਕੇ ਬਾਰਾਂਮਾਹ ਬੀਤ ਜਾਂਦੇ ਹਨ ਤੇ ਬਿਰਹਨ, ਵਿਯੋਗ ਦੀ ਪੀੜ ਤੇ ਮਿਲਾਪ ਦੀ ਤਾਂਘ ਨੂੰ ਪ੍ਰਗਟ ਕਰਦੀ ਹੈ, ਉਸੇ ਤਰ੍ਹਾਂ ਅਠਵਾਰੇ ਵਿਚ ਇਕ ਇਕ ਦਿਨ ਦਾ ਹਾਲ ਬਿਆਨ ਕੀਤਾ ਜਾਂਦਾ ਹੈ। ਹਫਤਾ ਸਨਿਚਰਵਾਰ ਤੋਂ ਸ਼ੁਰੂ ਹੋ ਕੇ ਅਗਲੇ ਸ਼ੁਕਰਵਾਰ ਨੂੰ ਖ਼ਤਮ ਹੁੰਦਾ ਹੈ ਤੇ ਅਖ਼ੀਰਲੇ ਦਿਨ ਪ੍ਰੇਮੀ ਦੇ ਮਿਲਾਪ ਨੂੰ ਬੜੇ ਰੋਮਾਂਚਕ ਰੰਗ ਵਿਚ ਚਿਤ੍ਰਿਆ ਜਾਂਦਾ ਹੈ। ਇਨ੍ਹਾਂ

---

74. ਉਹੀ (ਨੰਬਰ 71), ਪੰਨਾ 22.

75. ਕਿੱਸੇ ਦਾ ਆਰੰਭ ਇਸ ਤਰ੍ਹਾਂ ਹੁੰਦਾ ਹੈ:-

ਆਖਾਂ ਸਿਫ਼ਤ ਖੁਦਾਇ ਦੀ, ਜਿਸ ਕੀਤਾ ਕੁਲ ਸੰਸਾਰ,
ਨਬੀ, ਮੁਹੰਮਦ ਸਿਰਜਿਓ, ਆਲਮ ਦਾ ਮੁਖਤਾਰ,
ਮੰਨੇ ਪਾਕ ਰਸੂਲ ਦੇ, ਖਾਸੇ ਚਾਰ ਯਾਰ,
ਵਿਚ ਮਸੀਤੇ ਬੈਠਿਆਂ, ਦਿਲ ਵਿਚ ਫ਼ਿਕਰ ਪਿਆ,

ਕਿੱਸਾ ਜੋੜ ਸਹੇਲੀਆਂ, ਸਾਰਾ ਦਿਆਂ ਸੁਣਾ

ਅਠਵਾਰਿਆਂ ਉਤੇ ਅਨੇਕ ਕਵੀਆਂ ਨੇ ਹੱਥ ਅਜ਼ਮਾਇਆ ਜਿਨ੍ਹਾਂ ਦੀ ਸੂਚੀ ਦੇਣੀ ਸੰਭਵ ਨਹੀਂ। ਕੇਵਲ ਇਕ ਅੱਧ ਉਦਾਹਰਣ ਨਮੂਨੇ ਲਈ ਪੇਸ਼ ਕਰਨੀ ਉਚਿਤ ਜਾਪਦੀ ਹੈ:-

ਅਜ ਚੜ੍ਹਿਆ ਐਤਵਾਰ, ਮੈਂ ਪਈ ਬੀਮਾਰ, ਨਾ ਚੈਨ ਕਰਾਰ ਮੀਆਂ।
ਮੈਂ ਰੋਂਦੀ ਜ਼ੁਲਫਾਂ ਖੋਂਹਦੀ, ਸਦਕੇ ਹੋਂਦੀ, ਹਾਂ ਲਖ ਵਾਰ ਮੀਆਂ ।
ਮੇਰੇ ਅੰਦਰ ਬਲਦੀਆਂ ਭਾਹੀਂ, ਮਾਰਾਂ ਆਹੀਂ, ਬੈਠੀ ਹਾਰ ਮੀਆਂ ।
ਮੈਂ ਹੀਰ, ਜ਼ਹੀਰ, ਅਸੀਰ, ਗ਼ਮਾਂ ਦੀ, ਰਾਂਝਾ ਜੋਗੀ ਯਾਰ ਮੀਆਂ।
ਇਹ ਚਾਕ, ਉਹੋ ਮੁਸ਼ਤਾਕ, ਮੇਰਾ, ਕੁਝ ਰੂਪ ਆਇਆ ਹੋਰ ਧਾਰ ਮੀਆਂ।[76]

ਬੀਰ ਸਾਹਿੱਤ

ਪੰਜਾਬ ਵਿਚ ਬੀਰ ਸਾਹਿੱਤ ਦੀ ਪਰੰਪਰਾ ਬਹੁਤ ਪੁਰਾਣੀ ਹੈ। ਆਦਿ ਕਾਲ ਤੋਂ ਹੀ ਸਾਨੂੰ ਯੋਧਿਆਂ ਦੀਆਂ ਵਾਰਾਂ ਲਿਖੀਆਂ ਮਿਲਦੀਆਂ ਹਨ ਅਤੇ ਪੰਜਾਬੀ ਸਾਹਿੱਤ ਦੇ ਇਤਿਹਾਸ ਦਾ ਕੋਈ ਵੀ ਕਾਲ ਅਜਿਹਾ ਨਹੀਂ ਜਿਸ ਵਿਚ ਬੀਰ ਸਾਹਿੱਤ ਦੀ ਰਚਨਾ ਨਾ ਹੋਈ ਹੋਵੇ। ਬੀਰ ਸਾਹਿੱਤ ਨੂੰ ਵਾਰਾਂ, ਜੰਗਨਾਮੇ ਤੇ ਸ਼ਿੰਮੇ ਆਦਿ ਦਾ ਨਾਂ ਦਿੱਤਾ ਗਿਆ ਹੈ, ਭਾਵੇਂ ਵਿਸ਼ੈ ਜਾਂ ਅਪਣਾਏ ਗਏ ਕਾਵਿ-ਰੂਪ ਦੇ ਪੱਖੋਂ ਇਨ੍ਹਾਂ ਵਿਚ ਕਾਫ਼ੀ ਅੰਤਰ ਹੈ। 'ਫਤਹ-ਨਾਮਾ' ਜਾਂ 'ਸ਼ਹੀਦੀ' ਆਦਿ ਸਿਰਲੇਖਾਂ ਹੇਠ ਵੀ ਬੀਰ ਸਾਹਿੱਤ ਦੀ ਉਪਜ ਹੋਈ ਹੈ। ਅੰਗਰੇਜ਼ਾਂ ਦੇ ਪੰਜਾਬ ਉਤੇ 1849 ਈ. ਵਿਚ ਕਬਜ਼ੇ ਉਪ੍ਰੰਤ, ਇਹ ਸੁਭਾਵਕ ਸੀ ਕਿ ਵਿਸ਼ਾਦ-ਗ੍ਰਸਥ ਪੰਜਾਬੀ ਸਮਾਜ ਵਿੱਚੋਂ, ਬੀਰਤਾ, ਕੌਮੀ ਅਣਖ ਤੇ ਦੇਸ਼ ਪਿਆਰ ਦੇ ਜਜ਼ਬੇ ਮੱਧਮ ਪੈ ਜਾਂਦੇ। ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ, ਪੰਜਾਬੀ ਸੈਨਿਕ ਜਿਸ ਤਰ੍ਹਾਂ ਜੋਸ਼, ਉਤਸ਼ਾਹ ਤੇ ਦ੍ਰਿੜ੍ਹਤਾ ਨਾਲ ਲੜੇ, ਉਸ ਦਾ ਵਰਣਨ ਉਸ ਵੇਲੇ ਦੇ ਤਿੰਨ ਉਘੇ ਕਵੀਆਂ- ਕਾਨ੍ਹ ਸਿੰਘ ਬੰਗਾ (ਜੰਗਨਾਮਾ ਲਾਹੌਰ), ਮਟਕ (ਜੰਗ - ਸਿੰਘਾਂ ਤੇ ਫਰੰਗੀਆਂ ਦਾ), ਅਤੇ ਸ਼ਾਹ ਮੁਹੰਮਦ ( ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ) ਨੇ ਆਪੋ ਆਪਣੀਆਂ ਰਚਨਾਵਾਂ ਵਿਚ, ਪੂਰੇ ਵਿਸਤਾਰ ਤੇ ਵੇਰਵਿਆਂ ਸਹਿਤ ਕੀਤਾ ਹੈ। ਇਨ੍ਹਾਂ ਤਿੰਨਾਂ ਕ੍ਰਿਤਾਂ ਦੀ ਅੰਦਰਲੀ ਗਵਾਹੀ ਤੇ ਬਾਹਰਲੇ ਇਤਿਹਾਸਕ ਤੱਥਾਂ ਤੋਂ ਇਹ ਸਪੱਸ਼ਟ ਰੂਪ ਵਿਚ ਸਿੱਧ ਹੋ ਜਾਂਦਾ ਹੈ ਕਿ ਨਿਸਚੇ ਹੀ ਇਹ ਸਿੱਖਾਂ ਦੀ ਦੂਜੀ ਲੜਾਈ ਤੋਂ ਪਹਿਲਾਂ ਪਹਿਲਾਂ ਲਿਖੀਆਂ[77] ਜਾ ਚੁੱਕੀਆਂ ਸਨ। ਇਨ੍ਹਾਂ ਤਿੰਨਾਂ ਰਚਨਾਵਾਂ ਵਿਚ 22 ਨਵੰਬਰ,

---

76. ਮੁਸ਼ਤਾਕ, ਮੀਆਂ ਮੁਹੰਮਦ ਬੂਟਾ, "ਅਠਵਾਰਾ ਦੋਇਮ ਬੀਵੀ ਹੀਰ ਦਾ ਇਸ਼ਕ ਮੀਆਂ ਰਾਂਝਾ" ਵਿੱਚੋਂ ।

77. ੳ) ਸੰਤ ਸਿੰਘ ਸੇਖੋਂ, 'ਪ੍ਰਸਿੱਧ ਪੰਜਾਬੀ ਕਵੀ', ਲੁਧਿਆਣਾ, ਪੰਨਾ 254.
ਅ) ਪ੍ਰੀਤਮ ਸਿੰਘ (ਡਾ.), "ਗ੍ਰੋਥ ਆਫ਼ ਹੀਰੋਇਕ ਪੋਇਟਰੀ, ਇਨ ਪੰਜਾਬੀ ਲਿਟ੍ਰੇਚਰ (ਪੀ-ਐਚ.ਡੀ. ਥੀਸਿਸ) ਪੰਨਾ 252
ੲ) ਗੰਡਾ ਸਿੰਘ (ਡਾ.), "ਪੰਜਾਬ ਦੀਆਂ ਵਾਰਾਂ", ਅੰਮ੍ਰਿਤਸਰ-1946, ਪੰਨਾ 225- 290.
ਸ) ਸ਼ਾਹ ਮੁਹੰਮਦ 'ਸੰਮਤ ਉਨੀ ਸੌ ਦੂਸਰਾ ਵਰਤਿਆ ਸੀ, ਜਦੋਂ ਹੋਇਆ ਫਰੰਗੀ ਦਾ ਰਾਜ ਮੀਆਂ "। (1902 - 1845 ਈ.)
ਹ) ਕੋਹਲੀ- ਸੀਤਾ ਰਾਮ, " ਵਾਰ ਸ਼ਾਹ ਮੁਹੰਮਦ", ਲੁਧਿਆਣਾ 1960, ਪੰਨਾ 103.

1848 ਈ. ਨੂੰ ਰਾਮ ਨਗਰ ਅਤੇ 1849 ਈ. ਨੂੰ ਚਿਲੀਆਂਵਾਲੇ ਵਿਚ ਹੋਈਆਂ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਦਾ ਉੱਕਾ ਜ਼ਿਕਰ ਨਹੀਂ। ਉਪ੍ਰੋਕਤ ਤਿੰਨੇ ਰਚਨਾਵਾਂ ਸਾਡੇ ਅਧਿਐਨ ਕਾਲ ਵਿਚ ਨਹੀਂ ਆਉਂਦੀਆਂ, ਇਸ ਲਈ ਉਨ੍ਹਾਂ ਸੰਬੰਧੀ ਵਧੇਰੇ ਵਿਚਾਰ ਕਰਨੀ ਏਥੇ ਉਚਿਤ ਪ੍ਰਤੀਤ ਨਹੀਂ ਹੁੰਦੀ।

'ਮੁਲਤਾਨ ਦੀ ਵਾਰ' ਕ੍ਰਿਤ ਕਵੀ ਸੋਭਾ (1810 - 1870 ਈ.)[78] ਅੰਗਰੇਜ਼ਾਂ ਦੇ ਸਾਰੇ ਪੰਜਾਬ ਉੱਤੇ ਕਬਜ਼ੇ ਉਪ੍ਰੰਤ 1852 ਈ. ਵਿਚ ਲਿਖੀ ਇਕ ਮਹੱਤਵ-ਪੂਰਨ ਵਾਰ ਹੈ। ਲੇਖਕ ਪਿੰਡ ਵਹੀ ਤਜੇਵਾਲਾ ਜ਼ਿਲ੍ਹਾ ਮੁਲਤਾਨ ਦਾ ਰਹਿਣ ਵਾਲਾ ਸੀ। ਸਿੱਖਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ (ਅਪ੍ਰੈਲ 1848 ਤੋਂ 22 ਜਨਵਰੀ 1849 ਈ.) ਕਵੀ ਨੇ ਆਪਣੀ ਅੱਖੀਂ ਵੇਖੀ ਅਤੇ ਆਪਣੀ ਸਮਝ ਮੁਤਾਬਿਕ ਯੁੱਧ ਦੇ ਵੇਰਵੇ ਆਪਣੀ ਰਚਨਾ ਵਿਚ ਦਿੱਤੇ। ਵਾਰ ਦੀ ਭਾਸ਼ਾ ਮੁਲਤਾਨੀ ਹੈ। ਸੰਕੇਤ ਮਾਤ੍ਰ ਮੁਲਤਾਨ ਦੀ ਲੜਾਈ ਦੇ ਕਾਰਨ ਦੱਸ ਕੇ ਅਖ਼ੀਰ ਵਿਚ ਦੀਵਾਨ ਮੂਲ ਰਾਜ ਨੂੰ ਕਰਾੜ ਆਖ ਕੇ ਭੰਡਿਆ ਤੇ ਅੰਗਰੇਜ਼ੀ ਰਾਜ ਦੀ ਉਸਤਤ ਕੀਤੀ ਹੈ:-

> ਪੋਤੀ ਬੰਨ੍ਹ ਕਰਾੜ ਵੰਞਾਇਆ, ਆਂਦੇ ਅਹਿਲ ਕਿਤਾਬ ਨੀ ਸਾਈਂ।
> ਵੇਖੋ ਇਹ ਖੇਲ੍ਹ ਡਾਢੇ ਰਬ ਦੀ, ਵਸਦੀਆਂ ਉਜੜ ਗਈਆਂ ਨੇ ਜਾਈਂ।
> ਹੁਣ ਅਮਨ ਜ਼ਮਾਨਾ ਆਇਆ ਹੈ, ਰਲ ਖੇਡਣ ਸ਼ੀਂਹ ਤੇ ਗਾਈਂ।
> ਜੋ ਕੁਛ ਗੁਜ਼ਰਿਆ ਮੁਲਕੇ ਅੰਦਰ, ਸੋਭਾ ਆਖ ਸੁਣਾਈਂ।[79]

ਇਸ ਕਾਲ ਦੀਆਂ ਦੂਜੀਆਂ ਬੀਰ-ਰਸੀ ਕ੍ਰਿਤਾਂ ਦਾ ਨਾਂ 'ਗਦਰ ਦੀ ਵਾਰ' ਅਤੇ ਅਖ ਜੰਗਨਾਮਾ ਦਿੱਲੀ" ਹੈ। ਗ਼ਦਰ ਦੀ ਵਾਰ ਦੇ ਲਿਖਣ ਵਾਲੇ ਦਾ ਕੋਈ ਪਤਾ ਨਹੀਂ ਪਰ ਅਖ ਜੰਗਨਾਮਾ ਦਿੱਲੀ ਦਾ ਲੇਖਕ ਖਜ਼ਾਨ ਸਿੰਘ ਪਟਿਆਲੇ ਦਾ ਰਹਿਣ ਵਾਲਾ ਸੀ। ਇਹ ਵਾਰ 1857 ਦੇ ਗ਼ਦਰ ਤੋਂ ਤੁਰਤ ਪਿੱਛੋਂ ਲਿਖੀ ਗਈ।[80] ਲੇਖਕ ਆਪਣਾ ਨਾਂ 'ਕਵੀ ਸਿੰਘ' ਕਰਕੇ

---

78. ਅਸ਼ੋਕ- ਸ਼ਮਸ਼ੇਰ ਸਿੰਘ, "ਪ੍ਰਾਚੀਨ ਜੰਗਨਾਮੇ", ਅੰਮ੍ਰਿਤਸਰ - 1950, ਪੰਨਾ 263
79. ਉਹੀ, ਪੰਨਾ 277
80. ਮੋਤੀ ਬਾਗ਼ ਲਾਇਬ੍ਰੇਰੀ ਪਟਿਆਲਾ ਦੇ ਖਰੜਾ ਨੰਬਰ 101 ਮੁਤਾਬਿਕ ਰਚਨਾ ਮਿਤੀ "ਜੇਠ ਬਦੀ ਦੂਜ, ਉਨੀ ਸੌ ਪੰਦਰਾਂ' ਬਾਰ ਸ਼ਨਿਚਰਵਾਰ।" ਜਿਹੜਾ 1858 ਈਸਵੀ ਬਣਦਾ ਹੈ।

ਹਰ ਪ੍ਰੈਰ੍ਹੇ ਦੇ ਅਖ਼ੀਰ ਵਿਚ ਦਿੰਦਾ ਹੈ। ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਨੇ ਗ਼ਦਰ ਵਿਚ ਅੰਗਰੇਜ਼ਾਂ ਦੀ ਸਹਾਇਤਾ ਲਈ ਸੈਨਿਕ ਭਰਤੀ ਦਾ ਹੁਕਮ ਦਿੱਤਾ ਤਾਂ ਖਜ਼ਾਨ ਸਿੰਘ ਉਸ ਦਾ ਨਕਸ਼ਾ ਇਸ ਤਰ੍ਹਾਂ ਚਿਤਰਦਾ ਹੈ:-

ਚਲੇ ਤਾਣੀਆਂ ਛੋੜ ਕਬੀਰ ਪੰਥੀ, ਤੇਲੀ ਤੇਲ ਦਾ ਪੀੜਨਾ ਦੂਰ ਕੀਤਾ।
ਨਾਈ ਗੁੱਛੀਆਂ ਸੌਂਪ ਕੇ ਘਰ ਦਿਆਂ ਨੂੰ, ਜਾਣਾ ਨੌਕਰੀ ਦਾ ਮਨਜ਼ੂਰ ਕੀਤਾ।
ਪੀਜੇ ਪੀਜਣਾ ਗਿਆ ਬਿਲੱਗ ਉੱਤੇ, ਕਹਿਣ ਮਾਂਵਾਂ ਤਾੜੇ ਸਾਨੂੰ ਚੂਰ ਕੀਤਾ।
ਕਵੀ ਸਿੰਘ ਛੱਡੇ ਕੰਮ ਦਰਜ਼ੀਆਂ ਨੇ, ਦਿਲ ਆਪਣੇ ਜਦੋਂ ਸਹੂਰ ਕੀਤਾ।[81]

ਗ਼ਦਰ ਸਮੇਂ ਦਿੱਲੀ ਦੇ ਯੁੱਧ ਦਾ ਹਾਲ ਕਵੀ ਨੇ ਬੜੇ ਵਿਸਤਾਰ ਵਿਚ ਪੇਸ਼ ਕੀਤਾ ਹੈ। ਭਾਵੇਂ 'ਚੰਡੀ ਦੀ ਵਾਰ' ਵਾਂਗ ਜਾਂ ਨਜ਼ਾਬਤ ਦੀ ਵਾਰ ਵਾਂਗ ਉਹ ਜੰਗ ਦਾ ਹੂਬਹੂ ਨਕਸ਼ਾ ਪੇਸ਼ ਨਹੀਂ ਕਰ ਸਕਿਆ, ਪਰ ਤਾਂ ਵੀ ਕਲਪਨਾ ਨਾਲ ਯੁੱਧ ਖੇਤਰ ਨੂੰ ਅੱਖਾਂ ਸਾਹਮਣੇ ਸਾਕਾਰ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਉਹ ਲਿਖਦਾ ਹੈ:-

ਜਦੋਂ ਐਡ ਭਾਰੀ ਜੰਗ ਹੋਣ ਲਗਾ, ਓਥੇ ਮੁਰਦਿਆਂ ਦੇ ਮਚੇ ਘਾਣ ਯਾਰੋ।
ਜਿਹੜੀ ਦੇਹੀ ਨੂੰ ਪਾਲ ਕੇ ਰਖਦੇ ਸੇ, ਖੁਸ਼ੀ ਹੋਇਕੇ ਗਿਰਝ ਨਾ ਖਾਣ ਯਾਰੋ।
ਜਿਨ੍ਹਾਂ ਦੇਹੀਆਂ ਦਾ ਵੱਡਾ ਮਾਣ ਕਰਦੇ, ਸੋਈ ਰੁਲਦੀਆਂ ਵਿਚ ਮੈਦਾਨ ਯਾਰੋ।
ਕਵੀ ਸਿੰਘ ਕਾਲੇ ਮਰੇ ਧਰਮ ਉੱਤੇ, ਹੋਏ ਵਿਚ ਜਹਾਨ ਪ੍ਰਧਾਨ ਯਾਰੋ।[82]

ਕਰਤਾ ਦੀ ਹਮਦਰਦੀ ਅੰਗਰੇਜ਼ਾਂ ਨਾਲ ਹੈ ਅਤੇ ਉਹ ਇਨ੍ਹਾਂ ਦੀ ਅੰਤਿਮ ਜਿੱਤ ਉੱਤੇ ਸੰਤੁਸ਼ਟ ਹੈ। 'ਗ਼ਦਰ ਦੀ ਵਾਰ' ਵੀ ਭਾਵੇਂ ਉਸ ਸਮੇਂ ਲਿਖੀ ਗਈ ਪ੍ਰਤੀਤ ਹੁੰਦੀ ਹੈ ਪਰ ਉਸ ਦੇ ਲੇਖਕ ਦਾ ਨਾਂ ਟਿਕਾਣਾ ਨਹੀਂ ਮਿਲਦਾ, ਅਤੇ ਨਾ ਹੀ ਰਚਨਾਕਾਲ ਪੱਕੀ ਤਰ੍ਹਾਂ ਨਿਸਚਿਤ ਕੀਤਾ ਜਾ ਸਕਿਆ ਹੈ। ਮੰਗਲਾਚਰਨ ਦੀਆਂ ਤੁਕਾਂ ਤੋਂ ਉਹ ਹਿੰਦੂ ਲਗਦਾ ਹੈ:-

ਆਦਿ ਕੁੰਵਾਰੀ ਦੁਰਗਾ ਸਿਮਰਾਂ, ਕੋਟ ਕਾਂਗੜੇ ਮਾਇ।
ਗੜ੍ਹ ਕਲਕੱਤੇ ਦੀ ਕਾਲਕਾ ਦੇਵੀ, ਸਿੰਘ ਚੜ੍ਹੀ ਹੁਲਸਾਇ।
ਜਾਗੀ ਦੇਵੀ ਕਾਲਿਕ, ਇਕ ਸੌ ਸੱਠ ਜੋਗਨ ਨਾਲ ਸਿਪਾਹਿ।
ਬਿਜਲੀ ਵਾਂਗਰ ਗਰਜੀ ਹੈ, ਕੋਈ ਰਕਤੂ ਮੰਗਦੀ ਆਇ।
ਨਵਾਂ ਫਰੰਗੀ ਆਇਆ ਵਲਾਇਤੋਂ, ਜਿਨ ਆਣ ਮਸਾਲ ਜਗਾਇ।[83]

---

81. ਖਜ਼ਾਨ ਸਿੰਘ - 'ਜੰਗਨਾਮਾ ਦਿੱਲੀ' ਹਵਾਲਾ ਅਸ਼ੋਕ - 'ਪ੍ਰਾਚੀਨ ਜੰਗਨਾਮੇ', ਪੰਨਾ 287

82. ਉਹੀ, ਪੰਨਾ 312.

83. ਉਹੀ, ਪੰਨਾ 293.

ਇਸ ਕਾਲ ਵਿਚ ਰਚੇ ਗਏ ਬੀਰ ਸਾਹਿੱਤ ਵਿਚ ਪਹਿਲੀ ਵਾਰੀ ਦੇਸ਼ ਪਿਆਰ ਦੀ ਥਾਂ ਰਾਜ-ਭਗਤੀ ਦਾ ਪੱਖ ਉਘੜਿਆ ਹੈ ਅਤੇ ਅੰਗਰੇਜ਼ਾਂ ਦੇ ਰਾਜ ਨੂੰ ਭਾਰਤ ਵਿਚ ਪੱਕਾ ਕਰਨ ਲਈ ਲੜੀਆਂ ਗਈਆਂ ਲੜਾਈਆਂ ਵਿਚ ਪੰਜਾਬੀਆਂ ਦੇ ਯੋਗਦਾਨ ਦਾ ਵਰਣਨ ਕੀਤਾ ਗਿਆ। ਅਜਿਹੀਆਂ ਜੰਗਾਂ ਦਾ ਹਾਲ ਲਿਖਣ ਵਾਲੇ ਜਾਂ ਤਾਂ ਲੋਕ ਕਵੀ ਸਨ ਜਾਂ ਉਹ ਸੈਨਿਕ ਜਿਨ੍ਹਾਂ ਨੇ ਆਪ ਇਨ੍ਹਾਂ ਲੜਾਈਆਂ ਵਿਚ ਹਿੱਸਾ ਲਿਆ। ਇਨ੍ਹਾਂ ਵਾਰਾਂ ਜਾਂ ਜੰਗਨਾਮਿਆਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

1. 'ਜੰਗਨਾਮਾ ਸਰਹੱਦੀ ਤੀਰਾਹ ਕਲਮ' ਲੇਖਕ ਲੈਸ ਦਫੇਦਾਰ ਪਾਲ ਸਿੰਘ (ਦੋਹਿਰੀ, ਕਬਿਤ ਤੇ ਸਵੱਯਾ ਵਿਚ) ਰਚਨਾ 1899 ਈ.।
2. 'ਜੰਗਨਾਮਾ ਕਾਬਲ'- ਲੇਖਕ ਕਰਮ ਸਿੰਘ, (ਪਿੰਡ ਦੂਸੇ-ਲੁਧਿਆਣਾ) ਰਚਨਾ-ਕਾਲ 1882 ਈ. (ਦੋਹਰਾ, ਸੋਰਠਾ, ਕਬਿੱਤ, ਚੌਪਈ, ਸਵੱਯਾ)।
3. 'ਜੰਗਨਾਮਾ ਕਾਬਲ ਕੰਧਾਰ ਦਾ' - ਲੇਖਕ ਸ਼ਿਆਮ ਸਿੰਘ ਕਵੀਸ਼ਰ - ਰਚਨਾ 1881 ਈ.
4. 'ਜੰਗ ਮੁਹਿੰਮ ਚਤਰਾਲ' ਅਤੇ "ਬਾਰਾਂ ਮਾਹ ਜੰਗ ਚਿਤ੍ਰਾਲ "- ਲੇਖਕ ਸੂਬੇਦਾਰ ਵਧਾਵਾ ਸਿੰਘ( ਪਿੰਡ ਦੌਸਰ, ਜ਼ਿਲਾ ਫੀਰੋਜ਼ਪੁਰ) ਰਚਨਾ-ਕਾਲ 1896 ਈ. ( ਬੈਤ ਤੇ ਦੋਹਿਰਾ)।
5. 'ਜੰਗ ਤੀਰਾਹ' ਲੇਖਕ ਲਾਭ ਸਿੰਘ - ਰਚਨਾ - 1899 ਈ.।
6. 'ਜੰਗਨਾਮਾ ਤੀਰਾਹ'- ਲੇਖਕ ~~[illegible]~~ ਸੋਭਾ ਸਿੰਘ - ਰਚਨਾ, ~~1899~~ 1900 ਈ.।
7. 'ਜੰਗਨਾਮਾ ਮਲਾਕੰਦ' ਲੇਖਕ ਗੋਪਾਲ ਸਿੰਘ ਮਿਸਤਰੀ, 1898 ਈ।
8. ਜੰਗ ਚਿਤਰਾਲ - ਲੇਖਕ ਕੇਹਰ ਸਿੰਘ: ਰਚਨਾ 1897 ਈ.।
9. 'ਖ਼ਾਲਸਾ ਬਹਾਦਰ' (ਜੰਗ ਸਾਰਾਗੜ੍ਹੀ) ਕ੍ਰਿਤ ਚੂੜ੍ਹ ਸਿੰਘ- ਰਚਨਾ 1900 ਈ.। ਕਿਲ੍ਹਾ ਨੰ: 1
10. ਖ਼ਾਲਸਾ ਬਹਾਦਰ(ਜੰਗ ਸਾਰਾਗੜ੍ਹੀ ਕਿਲ੍ਹਾ ਨੰ:2)ਕ੍ਰਿਤ ਕਵੀ ਮੋਹਰ ਸਿੰਘ, ਰਚਨਾ 1900 ਈ.।

1. ਕਵੀ ਚੂੜ੍ਹ ਸਿੰਘ ਰਚਿਤ ਜੰਗ ਸਾਰਾਗੜ੍ਹੀ ਦੀ ਇਕ ਉਦਾਹਰਣ ਹੇਠਾਂ ਦਰਜ ਕੀਤੀ ਗਈ ਹੈ ਤਾਂ ਜੋ ਸਿੰਘਾਂ ਵਲੋਂ ਦਿਖਾਈ ਗਈ ਬੀਰਤਾ ਦਾ ਅਨੁਮਾਨ ਲਾਇਆ ਜਾ ਸਕੇ:

ਮੁਖ ਵੈਰੀ ਦਾ ਵੇਖ ਕੇ ਖਾਲਸੇ ਨੇ, ਹੱਥ ਪਾਇ ਕੇ ਰਫਲਾਂ ਸੰਭਾਰੀਆਂ ਜੀ।
ਤਿੰਨਾਂ ਸਿੰਘਾਂ ਨੇ ਜੋਸ਼ ਦੇ ਵਿਚ ਆਕੇ, ਕੰਧਾ ਉਪਰ ਦੀ ਛਾਲਾਂ ਚਾ ਮਾਰੀਆਂ ਜੀ।
ਹੱਲਾ ਮਾਰ ਕੇ ਮਾਰਿਆ ਵੈਰੀਆਂ ਨੂੰ, ਕਿਹੜਾ ਗਿਣੇ ਜੋ ਜਿੰਦਾਂ ਸੰਘਾਰੀਆਂ ਜੀ।
ਜਦੋਂ ਵੈਰੀ ਦੇ ਕੋਲ ਹੀ ਜਾ ਪੁਜੇ, ਮਿਆਨੋਂ ਖਿੱਚ ਕੇ ਤੇਗਾਂ ਉਲਾਰੀਆਂ ਜੀ।
ਸਿੰਘਾਂ ਜੌਹਰ ਵਿਖਾਇ ਕੇ ਚੂੜ੍ਹ ਸਿੰਘਾ, ਜਿੰਦਾਂ ਚਿੱਥੀਆਂ ਬੇ-ਸ਼ੁਮਾਰੀਆਂ ਜੀ।[84]

---

84. ਚੂੜ੍ਹ ਸਿੰਘ, 'ਜੰਗ ਸਾਰਾਗੜ੍ਹੀ' ਅੰਮ੍ਰਿਤਸਰ, 1900 ਈ., ਪੰਨਾ 24-25.

ਸਿੱਖ ਸੋਮਿਆਂ ਦੀ ਬੀਰਤਾ ਤੋਂ ਛੁੱਟ ਇਸ ਕਾਲ ਵਿਚ ਮੁਸਲਮਾਨ ਲੇਖਕਾਂ ਵਲੋਂ ਕੁਝ ਕੁ ਜੰਗਨਾਮੇ ਲਿਖੇ ਗਏ। ਇਨ੍ਹਾਂ ਜੰਗਨਾਮਿਆਂ ਵਿੱਚੋਂ ਬਹੁਤੇ ਹਜ਼ਰਤ ਇਮਾਮ ਹੁਸੈਨ ਦੀ ਸ਼ਹੀਦੀ ਨਾਲ ਸੰਬੰਧਤ ਹਨ। ਹਜ਼ਰਤ ਹੁਸੈਨ ਕਰਬਲਾ ਦੇ ਮੈਦਾਨ ਵਿਚ ਆਪਣੇ 72 ਸਾਥੀਆਂ ਸਮੇਤ ਲੜਦਾ ਲੜਦਾ ਸ਼ਹੀਦ ਹੋ ਗਿਆ। ਮੁਹੰਮਦ ਬੂਟਾ ਗੁਜਰਾਤੀ ਆਪਣੇ ਜੰਗਨਾਮੇ ਵਿਚ ਇਮਾਮ ਹੁਸੈਨ ਤੇ ਉਸ ਦੇ ਸਾਥੀਆਂ ਦੀ ਹਾਲਤ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ:

ਕੁਲ ਹਰਮ ਇਮਾਮ ਹੁਸੈਨ ਦੇ ਪਏ ਤੜਫਣ ਬਾਝੋਂ ਆਬ ਦੇ।
ਹੋਏ ਜਿਗਰ ਕਲੇਜੇ ਉਨ੍ਹਾਂ ਦੇ, ਭੁਜ ਵਾਂਗ ਸੀਖ਼ ਕਬਾਬ ਦੇ ।

ਧਾਰਮਕ ਵਾਦ-ਵਿਵਾਦ ਅਤੇ ਖਿੱਚੋਤਾਣ ਦੇ ਇਸ ਦੌਰ ਵਿਚ ਮੁਸਲਮਾਨ ਲੇਖਕਾਂ ਵਲੋਂ ਆਪਣੇ ਪੁਰਾਣੇ ਇਤਿਹਾਸ ਨੂੰ ਮੁੜ ਆਮ ਲੋਕਾਂ ਦੀ ਭਾਸ਼ਾ ਵਿਚ ਪੇਸ਼ ਕਰਨ ਦੀ ਰੀਝ ਪ੍ਰਬਲ ਹੋ ਉਠੀ, ਜਿਸ ਦੇ ਫਲ ਸਰੂਪ ਲਿਖੇ ਗਏ ਜੰਗਨਾਮਿਆਂ ਦਾ ਕੁਝ ਕੁ ਵੇਰਵਾ ਇਸ ਪ੍ਰਕਾਰ ਹੈ:-

1) ਮੀਆਂ ਕਰੀਮ ਬਖ਼ਸ਼ ਬਦਰੂ - ਜੰਗਨਾਮਾ ਹਜ਼ਰਤ ਅਲੀ' (1865 ਈ.)
2) ਰਹੀਮ ਸ਼ਾਹ ( 1851-1903) - ਹਜ਼ਰਤ ਇਮਾਮ ਦੀ ਸ਼ਹਾਦਤ ਸੰਬੰਧੀ ਕੁਝ ਸ਼ੇਅਰ (1880 ਈ.)
3) ਨੂਰ ਅਹਿਮਦ ਚਿਸ਼ਤੀ (1874-1937 ਈ.)-'ਅਜ਼ੀਜ਼ ਫਰਮਾ' ।

ਗ਼ੁਲਾਮ ਹੁਸੈਨ ਦੀ ਖ਼ੂਬੀ ਇਹ ਹੈ ਕਿ ਉਹ ਯੁੱਧ ਦਾ ਸੰਪੂਰਨ ਨਕਸ਼ਾ ਫ਼ਿਲਮ ਵਾਂਗ ਅੱਖਾਂ ਅੱਗੇ ਲੈ ਆਉਂਦਾ ਹੈ । 'ਅਜ਼ੀਜ਼ ਫਰਮਾ' ਵਿੱਚੋਂ ਇਕ ਉਦਾਹਰਣ ਉਪ੍ਰੋਕਤ ਕਥਨ ਦੀ ਪੁਸ਼ਟੀ ਵਜੋਂ ਦਿੱਤੀ ਜਾਂਦੀ ਹੈ:-

ਲੈਣ ਦੋਹੱਥੜ, ਫੜ ਤਲਵਾਰਾਂ, ਮਰਦ ਬਹਾਦਰ ਗ਼ਾਜ਼ੀ ।
ਕੁਦ ਕੁਦ ਪੈਣ ਸ਼ਹਾਦਤ ਉੱਤੇ ਦੁਨੀਆਂ ਕੂੜੀ ਬਾਜ਼ੀ ।
ਅਗੋ ਈਸਾਈ ਭੀ ਰੱਜੇ ਪੈਰ ਜਮਾ ਕੇ ਲੱਗੇ।
ਹਾਰਨ ਵਲ ਕੋਈ ਨਾ ਆਵੇ, ਨਾਲੇ ਖ਼ੂਨੀ ਵਗੇ।
ਖੇਨੂੰ ਵਾਂਗਰ ਦੂਰ ਦੂਰ ਉਡਦੀਆਂ ਸਿਰੀਆਂ ਜਾਵਣ।
ਜਿਧਰ ਵੇਖੀਏ, ਉਸੇ ਪਾਸੇ, ਮੁਰਦੇ ਨਜ਼ਰੀਂ ਆਵਣ।
ਤੁਰਦੇ ਫਿਰਦੇ ਖ਼ੂਨੀ ਹੜ੍ਹ ਵਿਚ, ਮਰਦ ਬਹਾਦਰ ਗ਼ਾਜ਼ੀ।
ਓੜਕ ਸ਼ਾਮੋਂ ਪਹਿਲੇ ਪਹਿਲੇ, ਜਿਤ ਲਇਓ ਨੇ ਬਾਜ਼ੀ ।85

---

85. ਗ਼ੁਲਾਮ ਹੁਸੈਨ, 'ਅਜ਼ੀਜ਼ ਫਰਮਾ' (ਫ਼ਾਰਸੀ ਲਿੱਪੀ), ਪੰਨਾ 9.

ਬੀਰ ਸਾਹਿਤ ਦੇ ਘੇਰੇ ਵਿਚ ਹੀ 'ਦੁੱਲਾ ਭੱਟੀ', 'ਸੁੱਚਾ ਸਿੰਘ ਸੂਰਮਾ'; ਜੀਊਣਾ ਮੌੜ', 'ਜੈਮਲ ਫੱਤਾ' ਤੇ 'ਜਾਨੀ ਚੋਰ' ਆਦਿ ਰਖੇ ਜਾ ਸਕਦੇ ਹਨ। ਇਸ ਕਾਲ ਵਿਚ ਮਾਲਵੇ ਦੇ ਕਵੀਸ਼ਰਾਂ ਨੇ ਉਪ੍ਰੋਕਤ ਨਾਇਕਾਂ ਦੀ ਬੀਰਤਾ ਨੂੰ ਬੜੀ ਰੀਝ ਨਾਲ ਚਿਤਰਿਆ ਹੈ। ਕਦੇ ਕਦੇ ਤਾਂ ਇੱਕੋ ਘੱਟਨਾ ਜਾਂ ਨਾਇਕ ਜਿਵੇਂ 'ਜੀਊਣਾ ਮੌੜ' ਉਤੇ ਤਿੰਨ ਕਵੀਆਂ, ਨੱਥਾ ਸਿੰਘ, ਕਿਸ਼ਨ ਸਿੰਘ ਤੇ ਭਗਵਾਨ ਸਿੰਘ ਨੇ ਹੱਥ ਅਜ਼ਮਾਇਆ। ਪਰ ਇਨ੍ਹਾਂ ਰਚਨਾਵਾਂ ਦਾ ਮਹੱਤਵ ਸਥਾਨਕ ਲੋਕਾਂ ਦੇ ਜੀ-ਪਰਚਾਵੇ ਤੋਂ ਵੱਧ ਕੁਝ ਨਹੀਂ।

## ਸੂਫ਼ੀ ਕਾਵਿ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਤਕ ਸੂਫ਼ੀ ਕਵਿਤਾ ਆਪਣਾ ਭਰਪੂਰ ਜੋਬਨ ਭੋਗ ਕੇ, ਉਤਰਾਈ ਵਲ ਨੂੰ ਵੱਧਣ ਲੱਗੀ। ਕੋਈ ਟਾਵਾਂ ਟਾਵਾਂ ਕਵੀ ਜ਼ਰੂਰ ਰਹਿ ਗਿਆ, ਜਿਸ ਦੀ ਰਚਨਾ ਵਿੱਚੋਂ ਸੂਫ਼ੀ ਪਰਵਿਰਤੀ ਲੱਭੀ ਜਾ ਸਕਦੀ ਹੋਵੇ। ਪਰ ਉਸ ਵਿਚ ਵੀ ਨਾ ਕੋਈ ਬਿਹਬਲਤਾ ਸੀ, ਨਾ ਖ਼ਿਆਲ ਉਡਾਰੀ ਅਤੇ ਨਾ ਹੀ ਬਿਆਨ ਵਿਚ ਕੋਈ ਨਵੀਨਤਾ, ਮੌਲਿਕਤਾ ਜਾਂ ਡੂੰਘਾਈ। ਕੇਵਲ ਖ਼ੁਆਜ਼ਾ ਗ਼ੁਲਾਮ ਫ਼ਰੀਦ(1841-1901 ਈ.) ਪਿੰਡ ਚਾਚੜਾਂ ਰਿਆਸਤ ਬਹਾਵਲਪੁਰ, ਇਕ ਅਜਿਹੇ ਵਿਅੱਕਤੀ ਹਨ ਜਿਨ੍ਹਾਂ ਦੀ ਰਚਨਾ ਨਾਲ ਸੂਫ਼ੀ ਕਾਵਿ-ਸਾਹਿੱਤ ਇਕ ਵਾਰੀ ਫੇਰ ਪਰਜਵਲਿਤ ਹੋ ਕੇ, ਗਿਆਨ ਤੇ ਅਨੁਭਵ ਮਾਰਗ ਦੇ ਨਵੇਂ ਪੱਖ ਉਲੀਕਣ ਲੱਗਾ। ਡਾਕਟਰ ਲਾਜਵੰਤੀ ਰਾਮਾਕ੍ਰਿਸ਼ਨਾਂ ਦਾ ਮੱਤ [86] ਹੈ ਕਿ ਹਾਸ਼ਮ ਤੋਂ ਪਿੱਛੋਂ ਸੂਫ਼ੀ ਮੱਤ ਦੀ ਹੋਂਦ ਖ਼ਤਮ ਹੋ ਗਈ। ਉਹ ਆਪਣੇ ਖੋਜ-ਨਿਬੰਧ ਵਿਚ ਗ਼ੁਲਾਮ ਫ਼ਰੀਦ ਦਾ ਨਾਂ ਤੱਕ ਨਹੀਂ ਲੈਂਦੀ। ਸਾਡੇ ਅਧਿਐਨ ਕਾਲ ਵਿਚ ਕੁਝ ਕੁ ਹੋਰ ਕਵੀਆਂ ਨੂੰ ਵੀ ਸੂਫ਼ੀ ਕਾਵਿ-ਸਾਹਿੱਤ ਦੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ, ਭਾਵੇਂ ਉਨ੍ਹਾਂ ਨੂੰ ਇਸ ਖੇਤਰ ਵਿਚ ਬਹੁਤੀ ਪ੍ਰਸਿੱਧੀ ਪ੍ਰਾਪਤ ਨਹੀਂ ਹੋ ਸਕੀ। ਇਨ੍ਹਾਂ ਵਿੱਚੋਂ ਕਰੀਮ ਅਲੀ, ਕਰੀਮ ਬਖ਼ਸ਼ ਬਹਾਦਰ ਗ਼ੁਲਾਮ ਮੁਸਤਫ਼ਾ, ਗ਼ੁਲਾਮ ਹੁਸੈਨ ਕੇਲੀਆਂਵਾਲਾ, ਮੁਹੰਮਦ ਦੀਨ, ਤੇ ਮੁਹੰਮਦ ਅਸ਼ਰਫ਼ ਦਾ ਨਾਂ [87] ਵਰਣਨਯੋਗ ਹੈ। [88] ਕੁਝ ਆਲੋਚਕਾਂ ਨੇ ਮੌਲਵੀ ਗ਼ੁਲਾਮ ਰਸੂਲ, ਮੀਰਾਂ ਸ਼ਾਹ ਤੇ ਹਦਾਇਤੁਲਾ ਦਾ ਜ਼ਿਕਰ ਵੀ ਸੂਫ਼ੀ ਕਵੀਆਂ ਵਜੋਂ ਕੀਤਾ ਹੈ।

---

86. Lajwanti Rama Krishana, 'Those Sufis, who received inspiration from personal spiritual experience and acquired knowledge by assiduous study of religions and philosophies had begun to disappear at the beginning of the 19th Century AD. In fact real Sufi ceased to exist after Hashim."Panjabi Sufi Poets', Delhi, 1973, p.145.

87. ਮੁਹੰਮਦ ਸਰਵਰ, 'ਪੰਜਾਬੀ ਅਦਬ', ਕਰਾਚੀ, ਪੰਨਾ 112.

88. ਉਹੀ, (ਨੰਬਰ 6), ਪੰਨਾ 153. ਅਤੇ ਜੀਤ ਸਿੰਘ ਸੀਤਲ, 'ਪੰਜਾਬੀ ਸਾਹਿੱਤ ਦਾ ਆਲੋਚਨਾਤਮਿਕ ਇਤਿਹਾਸ' ਪੰਨਾ 547.

ਡਾਕਟਰ ਲਾਜਵੰਤੀ ਇਸ ਕਾਲ ਵਿਚ ਸੂਫ਼ੀਆਂ ਦੇ ਪਤਨ ਦੇ ਦੋ [89] ਕਾਰਣ ਦਸਦੇ ਹਨ:- (1) ਰਾਜਸੀ ਪਰਿਵਰਤਨ, ਜਿਸ ਦੇ ਫਲ-ਸਰੂਪ ਜੀਵਨ ਸੰਬੰਧੀ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਤਬਦੀਲੀ ; (2) ਸੂਫ਼ੀ ਗੱਦੀ-ਨਸ਼ੀਨਾਂ ਦੀ ਖ਼ੁਦ-ਗ਼ਰਜ਼ੀ, ਤੇ ਸੂਫ਼ੀ ਸਿੱਧਾਂਤਾਂ ਸੰਬੰਧੀ ਉਨ੍ਹਾਂ ਦੀ ਅਗਿਆਨਤਾ । ਜਿਸ ਤਰ੍ਹਾਂ ਇਸ ਕਾਲ ਦੇ ਸਾਹਿੱਤ ਦੇ ਪਿਛੋਕੜ ਉਤੇ ਵਿਚਾਰ ਕਰਦਿਆਂ ਆਖਿਆ ਗਿਆ ਸੀ, ਸਮੁੱਚੀ ਪੰਜਾਬੀ ਕੌਮ ਪੱਛਮੀ ਪ੍ਰਭਾਵਾਂ ਅਧੀਨ ਨਵੇਂ ਵਿਗਿਆਨਕ ਤੇ ਸਭਿਆਚਾਰਕ ਮਾਰਗਾਂ ਉਤੇ ਤੁਰਨ ਵਲ ਪੂਰੀ ਤਰ੍ਹਾਂ ਰੁਚਿਤ ਹੋ ਗਈ ਸੀ, ਇਸ ਲਈ ਪੜ੍ਹੇ ਲਿਖੇ ਤੇ ਸੋਝੀਵਾਨ ਲੋਕਾਂ ਦਾ ਧਿਆਨ ਸੂਫ਼ੀ ਰਹੱਸਵਾਦ ਵਲੋਂ ਹਟ ਗਿਆ। ਕੇਵਲ ਨੀਵੀਆਂ ਜ਼ਾਤੀਆਂ ਦੇ ਲੋਕ ਸੂਫ਼ੀ-ਵਿਚਾਰ-ਧਾਰਾ ਨਾਲ ਚੰਬੜੇ ਰਹੇ। ਸਿੱਟਾ ਇਹ ਨਿਕਲਿਆ ਕਿ ਉਹ ਗੌਰਵਤਾ ਜਿਹੜੀ ਪੁਰਾਣੇ ਸੂਫ਼ੀ ਸਾਧਕਾਂ ਨੂੰ ਪ੍ਰਾਪਤ ਸੀ, ਜਾਂਦੀ ਰਹੀ। ਸੂਫ਼ੀ ਸਾਹਿੱਤ, ਵਿਸ਼ੇਸ਼ ਤੌਰ ਤੇ ਕਵਿਤਾ, ਨਿਰੋਲ ਤੁਕ ਬੰਦੀ ਬਣ ਗਈ, ਜਿਸ ਵਿਚ ਪੁਰਾਣਾ ਰਵਾਇਤੀ ਰੰਗ, ਉਹੀ ਪੁਰਾਣੇ ਛੰਦ, ਪ੍ਰਤੀਕ ਬਿੰਬ ਤੇ ਅਲੰਕਾਰ ਮੁੜ ਮੁੜ ਦੁਹਰਾਏ ਜਾਣ ਲਗੇ।[90] ਪਰ ਜਿਸ ਤਰ੍ਹਾਂ ਪਿਛੇ ਹਵਾਲਾ ਦਿੱਤਾ ਗਿਆ ਹੈ ਇਸ ਕਾਲ ਦੇ ਸਭ ਤੋਂ ਉੱਘੇ ਸੂਫ਼ੀ ਫ਼ਕੀਰ ਤੇ ਕਵੀ ਖ਼੍ਵਾਜਾ ਗ਼ੁਲਾਮ ਫ਼ਰੀਦ ਸਨ [91] ਜਿਨ੍ਹਾਂ ਦਾ ਕਲਾਮ ਏਨਾ ਮਕਬੂਲ ਹੋਇਆ ਪਈ ਹਰ ਪਿੜ, ਹਰ ਮਹਿਫ਼ਲ ਤੇ ਹਰ ਦਿਲ ਦੀ ਆਵਾਜ਼ ਬਣ ਗਿਆ ਤੇ ਸ਼ਹਿਰੀ ਪੇਂਡੂ, ਡਾਂਗਰੀ, ਊਠਾਂ ਵਾਲੇ, ਡੂਮ, ਮਰਾਸੀ, ਗਵਈਏ, ਮੌਸੀਕਕਾਰ ਮੂਹਾਣੇ, ਸਭੋ ਮਸਤ ਹੋ ਕੇ ਗਾਉਂਦੇ ਸੁਣਦੇ ਸਨ। ਖ਼੍ਵਾਜਾ ਹੋਰਾਂ ਦੇ ਸ਼ਿਅਰਾਂ ਦੀ ਮਕਬੂਲੀਅਤ ਦਾ ਏਦੋਂ ਵੱਧ ਹੋਰ ਕੀ ਅੰਦਾਜ਼ਾ ਹੋ ਸਕਦਾ ਏ, ਪਈ ਅਲਾਮਾ ਇਕਬਾਲ ਫ਼ਰਮਾਂਦੇ ਸਨ, 'ਜਿਨ੍ਹਾਂ ਦੀ ਜ਼ਬਾਨ ਵਿਚ ਦੀਵਾਨ ਫ਼ਰੀਦੀ ਮੌਜੂਦ ਏ, ਉਹ "ਬਾਂਗਿ-ਦਰਾ" ਕਿਉਂ ਪੜ੍ਹਦੇ ਨੇ।"[92]

ਹੋਰ ਸੂਫ਼ੀ ਕਵੀਆਂ ਵਿਚ ਗ਼ੁਲਾਮ ਮੁਸਤਫ਼ਾ ਮਾਸੂਮ ਦਾ ਨਾਂ ਸਾਡਾ ਵਿਸ਼ੇਸ਼ ਧਿਆਨ ਖਿੱਚਦਾ ਹੈ, ਜਿਨ੍ਹਾਂ ਦੀ ਪ੍ਰਸਿੱਧ ਰਚਨਾ 'ਸ਼ਮੂਾਇ-ਇਸ਼ਕ' ਹੈ ਜਿਸ ਦੇ ਮੁਢ ਵਿਚ ਉਹ ਫ਼ਾਰਸੀ ਵਿਚ ਆਪਣੇ ਆਪ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ ਕਿ ਮੈਂ ਮੌਲਵਾਲੀ ਜ਼ਿਲ੍ਹਾ ਲਾਇਲਪੁਰ

---

89. ਉਹੀ(ਨੰਬਰ 6), ਪੰਨਾ 145.

90. Ibid(No 6),"Their poetry was a faint echo and a poor repetition of the ideas of those who preceded them."p.146-147.

91. 'ਗ਼ੁਲਾਮ ਫ਼ਰੀਦ' ਦੇ ਜੀਵਨ ਤੇ ਰਚਨਾ ਸੰਬੰਧੀ ਸਰਬ-ਪੱਖੀ ਵਿਚਾਰ, " ਉੱਘੇ ਪੰਜਾਬੀ ਕਵੀ ' ਵਾਲੇ ਅਧਿਆਇ ਵਿਚ ਕੀਤੀ ਗਈ ਹੈ ।

92. ਤਨਵੀਰ ਬੁਖ਼ਾਰੀ , 'ਖ਼ਵਾਜ਼ਾ ਗ਼ੁਲਾਮ ਫ਼ਰੀਦ' , ਪੰਜਾਬੀ ਦੁਨੀਆਂ - ਨਵੰਬਰ-ਦਸੰਬਰ, 1964, ਪੰਨਾ 201.

ਦਾ ਰਹਿਣ ਵਾਲਾ ਹਾਂ ਜਿਹੜਾ ਦਰਿਆ ਦੇ ਕੰਢੇ ਤੇ ਹੈ। ਸ਼ਮ੍ਹਾਇ-ਇਸ਼ਕ ਉਸ ਦੀਆਂ ਜੀਵਨ ਦੇ ਵੱਖ ਵੱਖ ਪੜਾਵਾਂ ਤੇ ਲਿਖੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ ਜਿਸ ਉਤੇ ਫਾਰਸੀ ਸ਼ਬਦਾਵਲੀ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ। ਇਸ ਪੁਸਤਕ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਗ਼ਜ਼ਲਾਂ ਤੇ ਕਾਫੀਆਂ ਹਨ, ਦੂਜੇ ਵਿਚ ਇਕ ਸੀਹਰਫ਼ੀ ਹੈ ਤੇ ਤੀਜੇ ਭਾਗ ਵਿਚ ਇਸਤਰੀਆਂ ਸੰਬੰਧੀ ਅਖਾਉਤਾਂ ਹਨ। ਡਾਕਟਰ ਲਾਜਵੰਤੀ ਅਨੁਸਾਰ ਉਸ ਦੀ ਕਵਿਤਾ ਉਵੇਂ ਹੈ ਜਿਵੇਂ ਰੂਹ ਤੋਂ ਬਿਨਾਂ ਸਰੀਰ ਹੋਵੇ।[93] ਉਸ ਦੀ ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ:-

ਸੀਨ ਸੱਲ ਵਿਛੋੜੇ ਦੀ ਝਲ ਵੇ ਰਾਹੀਆ, ਸ਼ਮ੍ਹਾਂ ਵਾਂਗ ਪਤੰਗ ਜਲ ਬਲ ਵੇ ਰਾਹੀਆ।
ਸੁਣ ਹੋਤ ਬਲੋਚਾ ਖਾਨ ਪੁੰਨੂੰ, ਮੇਰਾ ਦੀਨ ਇਸਲਾਮ, ਈਮਾਨ ਪੁੰਨੂੰ।
ਮੇਰਾ ਦੋ ਜਗ ਮਾਣ ਤ੍ਰਾਣ ਪੁੰਨੂੰ, ਹੁਣ ਹਾਲ ਸੱਸੀ ਤੱਕ ਆਣ ਪੁੰਨੂੰ।
ਤੱਤੀ ਰੇਤ ਥਲ, ਤੱਤੀ ਜਲ ਵੇ ਰਾਹੀਆ, ਸੁਤੀ ਛੱਡ ਗਿਉਂ ਵਲ ਛਲ ਕੇ ਪੁੰਨੂੰ
ਲਿਓ ਸਾਰ ਬੀਮਾਰ ਨਾ ਵਲ ਕੇ ਪੁੰਨੂੰ।[94]

ਅਗਲਾ ਉੱਘਾ ਸੂਫ਼ੀ ਕਵੀ ਗ਼ੁਲਾਮ ਹੁਸੈਨ ਕੇਲੀਆਂਵਾਲਾ ਹੈ ਜਿਸ ਸੰਬੰਧੀ ਇਸ ਅਧਿਆਇ ਦੇ ਕਿੱਸਾ-ਕਾਵਿ ਵਾਲੇ ਭਾਗ ਵਿਚ ਕੁਝ ਵਿਚਾਰ ਕੀਤੀ ਜਾ ਚੁਕੀ ਹੈ। ਉਸ ਦੀਆਂ ਦੋ ਰਚਨਾਵਾਂ ਹੀ ਪ੍ਰਸਿੱਧ ਹਨ:- ਇਕ ਹੀਰ ਤੇ ਦੂਜਾ ਬਾਰਾਂਮਾਹ। ਉਸ ਦੀ ਕਵਿਤਾ ਬੜੀ ਸਾਧਾਰਨ ਪੱਧਰ ਦੀ ਹੈ ਤੇ ਸਾਡਾ ਕੋਈ ਵਿਸ਼ੇਸ਼ ਧਿਆਨ ਨਹੀਂ ਖਿੱਚਦੀ। ਹੀਰ ਵਿੱਚੋਂ ਇਕ ਉਦਾਹਰਣ ਉਸ ਦੀ ਕਾਵਿ-ਕਲਾ ਦੇ ਨਮੂਨੇ ਵਜੋਂ ਏਥੇ ਦਰਜ ਕੀਤੀ ਜਾਂਦੀ ਹੈ:-

ਬੇ-ਬਸ ਮਤੀਂ ਸਾਨੂੰ ਦੱਸ ਨਾਹੀਂ, ਅਸਾਂ ਸਮਝ ਲਈ ਤੇਰੀ ਰਸ ਮਾਈ।
ਕਾਬ੍ਹੇ ਵਲ ਕਰੇਂਦੀ ਏਂ ਕੰਡ ਮੇਰੀ, ਕਿਹੜੀ ਨਾਲ ਹਦੀਸ ਦੇ ਦੱਸ ਮਾਈ।
ਰਾਂਝਾ ਜਾਨ ਤੇ ਵਿਚ ਮਕਾਨ ਮੇਰਾ, ਰਿਹਾ ਜੀਉ ਨਾਹੀਂ ਮੇਰੇ ਵੱਸ ਮਾਈ।
ਮਾਹੀ ਨਾਲ ਹੁਸੈਨ ਫ਼ਕੀਰ ਹੋਸਾਂ, ਤੇਰੇ ਖੇੜਿਆਂ ਦੇ ਸਿਰ ਭੱਸ ਮਾਈ॥[95]

ਮੁਹੰਮਦ ਦੀਨ ਇਕ ਹੋਰ ਸੂਫ਼ੀ ਕਵੀ ਹੈ ਜਿਸ ਨੇ ਦੋ ਸੀਹਰਫ਼ੀਆਂ, ਇਕ ਬਾਰਾਂਮਾਂਹ ਤੇ ਇਕ ਅਠਵਾਰਾ ਲਿਖੇ। ਕਵਿਤਾ ਬੜੀ ਸਾਧਾਰਨ ਪੱਧਰ ਦੀ ਹੈ। ਸੀਹਰਫ਼ੀ ਵਿੱਚੋਂ ਕੁਝ ਤੁਕਾਂ ਇਸ ਤਰ੍ਹਾਂ ਹਨ:-

ਵਾ ਵਕਤ ਨਿਜ਼ਾ ਦਾ ਆਣ ਪਹੁੰਚਾ, ਆਈ ਘੜੀ ਓ ਸੱਜਣਾ ਵਾਸਤਾਈ।
ਤੇਰੇ ਇਸ਼ਕ ਨੇ ਮਾਰ ਖੁਆਰ ਕੀਤਾ, ਸੜੀ ਖੜੀ ਓ ਸੱਜਣਾ ਵਾਸਤਾਈ।
ਬੇੜੀ ਠਿਲ੍ਹੀ ਸੀ ਇਸ਼ਕ ਮਿਜਾਜ਼ ਵਾਲੀ, ਪਾਰ ਕਰੀਂ ਓ ਸੱਜਣਾ ਵਾਸਤਾ ਈ।
ਮੁਹੰਮਦ ਦੀਨ ਕੰਢੇ ਖੜੀ ਸਿਕਨੀ ਆਂ, ਲਾਈਂ ਪਾਰ ਓ ਸੱਜਣਾ ਵਾਸਤਾ ਈ।[96]

---

93. ਉਹੀ(ਨੰਬਰ 6), ਪੰਨਾ 148.
94. ਉਹੀ(ਨੰਬਰ 13), ਪੰਨਾ 149.
95. ਗ਼ੁਲਾਮ ਹੁਸੈਨ, 'ਹੀਰ', ਪੰਨਾ 31.
96. ਉਹੀ(ਨੰਬਰ 6), ਪੰਨਾ 152.

ਮੁਹੰਮਦ ਅਸ਼ਰਫ ਰਹਿਤ ਦੇ ਬਾਰਾਂਮਾਹੇ, ਸੂਫ਼ੀ ਕਾਵਿ ਪ੍ਰਵਿਰਤੀ ਦੇ ਉੱਘੜਵੇਂ ਨਮੂਨੇ ਹਨ। ਕਵੀ ਛੋਟੀ ਉਮਰ ਵਿਚ ਹੀ ਮਰ ਗਿਆ। ਬਾਰਾਂਮਾਹ ਦੀਆਂ ਕੁਝ ਕੁ ਲਾਈਨਾਂ ਉਦਾਹਰਣ ਵਜੋਂ ਏਥੇ ਦਰਜ ਕੀਤੀਆਂ ਜਾਂਦੀਆਂ ਹਨ:-

ਮਘ ਮਾਹੀ ਤੇਰੇ ਬਾਝੋਂ, ਫਿਰਦੀ ਆਂ ਮਸਤ ਦੀਵਾਨੀ ਜੀ ।
ਉਚਾ ਕੂਕਾਂ ਆਹ ਵੀ ਐਸੀ, ਸੁਣੇ ਨਾ ਦਿਲ ਦਾ ਜਾਨੀ ਜੀ ।
ਸਭ ਜਗ ਆਲਮ ਤੇਰੇ ਨੂਰੋਂ, ਸੂਰਤ ਦਾ ਨਸ਼ਾਨੀ ਜੀ ।
ਮੁਹੰਮਦ ਅਸ਼ਰਫ਼ ਸਾਈਂ ਬਾਝੋਂ, ਐਵੇਂ ਉਮਰ ਵਿਹਾਣੀ ਜੀ।[97]

ਬਾਕੀ ਉੱਘੇ ਸੂਫ਼ੀ ਕਵੀਆਂ ਬਾਰੇ ਵਿਚਾਰ ਇਕ ਵੱਖਰੇ ਅਧਿਆਇ ਵਿਚ ਕੀਤੀ ਗਈ ਹੈ। ਜੇ ਅਸੀਂ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਸੂਫ਼ੀ ਸਾਹਿੱਤ ਉਤੇ ਸਮੁੱਚੀ ਝਾਤ ਮਾਰੀਏ ਤਾਂ ਇਹ ਤੱਥ ਉਘੜ ਕੇ ਸਾਹਮਣੇ ਆ ਜਾਂਦਾ ਹੈ ਕਿ ਜਿਥੇ ਪਹਿਲੇ ਕਾਲ ਵਿਚ ਸੂਫ਼ੀ ਕਵਿਤਾ ਸਾਡੇ ਸਾਹਿੱਤ ਦਾ ਅਤਿ ਵੱਡਮੁਲਾ ਤੇ ਗੌਰਵਮਈ ਸ਼ਿੰਗਾਰ ਸੀ, ਉਥੇ ਇਸ ਕਾਲ ਵਿਚ ਸੂਫ਼ੀ ਵਿਚਾਰਧਾਰਾ ਅਧੀਨ ਰਚੀ ਗਈ ਕਵਿਤਾ, ਕਲਾ, ਰੂਪ ਜਾਂ ਬਣਤਰ ਦੇ ਪੱਖੋਂ ਪਰੰਪਰਾਈ ਤੇ ਸਾਧਾਰਨ ਪੱਧਰ ਦੀ ਹੈ, ਅਤੇ ਵਿਸ਼ੇ ਦੇ ਪੱਖੋਂ ਵੀ ਕੋਈ ਉਚੇਰਾ ਮਹੱਤਵ ਨਹੀਂ ਰਖਦੀ, ਕਿਉਂਕਿ ਇਸ ਦੇ ਪਿਛੇ ਰਚਨਹਾਰਿਆਂ ਦੇ ਤਪ, ਸਾਧਨਾ, ਗਿਆਨ ਤੇ ਨਿੱਜੀ ਬਿਹਬਲਤਾ ਜਾਂ ਵਿਆਕੁਲਤਾ ਦੇ ਕੋਈ ਪਰਮਾਣ ਨਹੀਂ ਮਿਲਦੇ। ਏਸੇ ਲਈ ਕਵਿਤਾ ਆਪਣੀ ਪਰੰਪਰਾ ਜਾਂ ਭੂਤ ਦੀ ਗੌਰਵਤਾ ਤੋਂ ਟੁਟੀ ਪ੍ਰਤੀਤ ਹੁੰਦੀ ਹੈ। ਇਸ ਸੰਬੰਧੀ ਡਾਕਟਰ ਲਾਜਵੰਤੀ ਦਾ ਵਿਚਾਰ ਹੈ ਕਿ ਇਹ ਸੂਫ਼ੀ ਕਵੀ ਵਿਦਿਆ ਤੇ ਸਭਿਆਚਾਰ ਦੇ ਪੱਖੋਂ ਪੁਰਾਣੇ ਸੂਫ਼ੀ ਸਾਧਕਾਂ ਤੋਂ ਪਿਛਾਂਹ ਸਨ। ਉਨ੍ਹਾਂ ਵਿੱਚ ਚਿੰਤਕਾਂ ਵਾਲੀ ਸਿਆਣਪ ਤੇ ਬੌਧਿਕਤਾ ਵੀ ਨਹੀਂ ਸੀ ਅਤੇ ਉਨ੍ਹਾਂ ਵਾਸਤੇ ਸੂਫ਼ੀ ਰਹੱਸਵਾਦ ਕੇਵਲ ਕੁਝ ਕੱਟੜ ਨਿਯਮਾਂ ਦਾ ਇਕੱਠ ਹੀ ਸੀ। ਜਦੋਂ ਉਹ ਕਿਸੇ ਪੀਰ ਨੂੰ ਧਾਰ ਕੇ ਛਿੱਲਾ ਕਟ ਲੈਂਦੇ, ਟਾਕੀਆਂ ਲੱਗੀ ਗੋਦੜੀ ਪਾ ਕੇ ਆਪਣੀ ਧੌਣ ਦੁਆਲੇ ਉਨ ਦੀ ਤਸਬੀ ਪਹਿਨ ਲੈਂਦੇ ਤਾਂ ਆਪਣੇ ਆਪ ਨੂੰ ਮਰਯਾਦਾ-ਬੱਧ ਸੂਫ਼ੀ ਸਮਝਣ ਲਗ ਪੈਂਦੇ। ਮਾਨਸਕ ਇਕਾਗਰਤਾ, ਭਗਤੀ ਜਾਂ ਤਪ ਅਤੇ ਬੌਧਿਕ ਅਧਿਐਨ, ਜਿਹੜੇ ਪਿਛਲੇ ਸੂਫੀ ਸਾਧਕਾਂ ਦਾ ਪੂਰਨ ਧਿਆਨ ਮੱਲੀ ਰਖਦੇ ਸਨ, ਉਹ ਇਸ ਕਾਲ ਦੇ ਸੂਫ਼ੀਆਂ ਵਿਚ ਦਿਖਾਈ ਨਹੀਂ ਦਿੰਦੇ।[98]

## ਸੰਪਰਦਾਈ ਜਾਂ ਧਾਰਮਕ ਕਵਿਤਾ

ਵਾਰਤਕ ਸਾਹਿੱਤ ਦੇ ਸਰਵੇਖਣ ਵਾਲੇ ਅਧਿਆਇ ਵਿਚ ਇਹ ਤੱਥ ਸਪੱਸ਼ਟ ਕਰ ਕੇ ਲਿਖਿਆ ਗਿਆ ਸੀ ਕਿ ਉਨ੍ਹੀਵੀਂ ਸਦੀ ਦਾ ਦੂਜਾ ਅੱਧ ਵੱਖ ਵੱਖ ਜਾਤੀਆਂ ਦੇ ਆਪਸੀ ਵਾਦ-ਵਿਵਾਦ ਤੇ ਧਾਰਮਕ ਖਿੱਚੋਤਾਣ ਕਰਕੇ, ਵਾਰਤਕ ਸਾਹਿੱਤ ਦੀ ਉਪਜ ਵਿਚ ਬਹੁਤ ਹਦ ਤਕ ਸਹਾਈ ਹੋਇਆ,

---

97. ਉਹੀ(ਨੰਬਰ 16), ਪੰਨਾ 152.
98. ਉਹੀ(ਨੰਬਰ 6), ਪੰਨਾ 146.

ਕਿਉਂਕਿ ਆਪੋ ਆਪਣੇ ਧਰਮਾਂ ਦੀ ਪ੍ਰਭੁਤਾ ਤੇ ਸ੍ਰੇਸ਼ਟਤਾ ਦਰਸਾਉਣ ਲਈ ਨਵੇਂ ਵਿਕਸਤ ਹੋ ਰਹੇ ਕਲਾ ਰੂਪਾਂ ਵਾਰਤਕ ਤੇ ਪਰਸਾਰ ਦੇ ਹੋਰ ਨਵੇਂ ਸਾਧਨਾਂ ਨੂੰ ਭਰਪੂਰ ਰੂਪ ਵਿਚ ਵਰਤੋਂ ਵਿਚ ਲਿਆਂਦਾ ਗਿਆ। ਉਸੇ ਅਧਿਆਇ ਵਿਚ ਇਹ ਵੀ ਦੱਸਿਆ ਗਿਆ ਸੀ ਕਿ ਇਸ ਵਾਦ-ਵਿਵਾਦ ਦਾ ਮੁਢ ਤਾਂ ਈਸਾਈ ਪ੍ਰਚਾਰਕਾਂ ਵਲੋਂ ਬੰਨ੍ਹਿਆ ਗਿਆ ਪਰ ਬਾਕੀ ਜਾਤੀਆਂ ਵੀ ਚੌਕੰਨੀਆਂ ਹੋ ਕੇ ਆਪਣੇ ਪੱਖ ਨੂੰ ਦ੍ਰਿੜ੍ਹਾਉਣ ਲਈ ਸਾਹਿੱਤ ਦਾ ਆਸਰਾ ਲੈਣ ਲੱਗੀਆਂ। ਮੁਸਲਮਾਨਾਂ ਨੇ ਇਸ ਵੰਗਾਰ ਦਾ ਸਭ ਤੋਂ ਸ਼ਕਤੀਸ਼ਾਲੀ ਢੰਗ ਨਾਲ ਉੱਤਰ ਤਾਂ ਦਿੱਤਾ ਪਰ ਇਸ ਦਾ ਲਾਭ ਪੰਜਾਬੀ ਦੀ ਥਾਂ ਉਰਦੂ ਨੂੰ ਵਧੇਰੇ ਹੋਇਆ। ਜਿਥੋਂ ਤਕ ਕਾਵਿ ਸਾਹਿੱਤ ਦਾ ਸੰਬੰਧ ਹੈ, ਇਹ ਨਿਸਚੇ ਨਾਲ ਆਖਿਆ ਜਾ ਸਕਦਾ ਹੈ ਕਿ ਮੁਸਲਮਾਨਾਂ ਨੇ ਕਿੱਸਾ-ਕਾਵਿ ਤੇ ਹੋਰ ਲੌਕਿਕ ਵਿਸ਼ਿਆਂ ਸੰਬੰਧੀ ਜਿੰਨੀ ਮਾਤ੍ਰਾ ਤੇ ਜਿੰਨੇ ਆਕਾਰ ਵਾਲੀ ਰਚਨਾ ਕੀਤੀ, ਉਹ ਉਸ ਕਾਲ ਦੇ ਹਿੰਦੂ ਤੇ ਸਿੱਖ ਵਿਦਵਾਨਾਂ ਦੇ ਟਾਕਰੇ ਤੇ ਕਈ ਗੁਣਾਂ ਵੱਧ ਹੈ। ਜਿਥੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਮੁਸਲਮਾਨਾਂ ਦੀ ਦੇਣ ਉੱਕਾ ਹੀ ਨਾ ਹੋਣ ਦੇ ਬਰਾਬਰ ਹੈ, ਉਥੇ ਕਵਿਤਾ, ਵਿਸ਼ੇਸ਼ ਕਰਕੇ ਧਾਰਮਕ ਤੇ ਲੌਕਿਕ, ਦੋਹਾਂ ਵੰਨਗੀਆਂ ਵਿਚ ਇਨ੍ਹਾਂ ਦੇ ਯੋਗਦਾਨ ਨੇ, ਇਸ ਕਾਲ ਦੇ ਸਾਹਿੱਤ ਨੂੰ ਬੇਹੱਦ ਭਰਪੂਰ ਕੀਤਾ। ਏਥੇ ਸੰਖੇਪ ਵਿਚ ਉਨ੍ਹਾਂ ਦਾ ਸਰਵੇਖਣ ਦੇ ਕੇ ਉਘੇ ਸਾਹਿੱਤਕਾਰਾਂ ਬਾਰੇ ਸਰਬ-ਪੱਖੀ ਵਿਚਾਰ ਇਕ ਵਖਰੇ ਅਧਿਆਇ ਵਿਚ ਕੀਤੀ ਗਈ ਹੈ।

## ਮੁਸਲਮਾਨੀ ਧਾਰਮਿਕ ਸਾਹਿੱਤ

ਮੁਸਲਮਾਨ ਵਿਦਵਾਨਾਂ ਵਲੋਂ ਪੰਜਾਬੀ ਵਿਚ ਰਚੇ ਗਏ ਸਾਹਿੱਤ ਨੂੰ ਅਸੀਂ ਹੇਠ ਲਿਖੀਆਂ ਵੰਨਗੀਆਂ ਵਿਚ ਵੰਡ ਸਕਦੇ ਹਾਂ:-

(ੳ) ਅਰਬੀ ਫ਼ਾਰਸੀ ਵਿੱਚੋਂ ਹਰ ਪ੍ਰਕਾਰ ਦਾ ਅਨੁਵਾਦਤ ਸਾਹਿੱਤ।

(ਅ) ਹੱਜ ਨਮਾਜ਼ਾਂ ਤੇ ਰੋਜ਼ਿਆਂ ਆਦਿ ਦੇ ਮਹੱਤਵ ਸੰਬੰਧੀ ਰਚਨਾਵਾਂ।

(ੲ) ਕੁਰਾਨ ਦੀਆਂ ਤਫ਼ਸੀਰਾਂ।

(ਸ) ਨੂਰ ਨਾਮਾ, ਫ਼ਰਾਕ ਨਾਮਾ, ਵਫ਼ਾਤ ਨਾਮਾ, ਤੌਬਾ ਨਾਮਾ, ਨਜ਼ਮ ਨਾਮਾ ਆਦਿ।

(ਹ) ਹਜ਼ਰਤ ਮੁਹੰਮਦ ਸਾਹਿਬ ਤੇ ਰਬ ਦੀ ਸਿਫ਼ਤ ਵਿਚ ਰਚੀਆਂ ਗਈਆਂ ਕਵਿਤਾਵਾਂ।

(ਕ) ਇਸਲਾਮ ਸੰਬੰਧੀ ਸਿਧਾਂਤਕ ਰਚਨਾਵਾਂ।

ਹਰ ਪ੍ਰਕਾਰ ਦੀ ਵੰਨਗੀ ਤੇ ਲਿਖਣ ਵਾਲੇ ਲੇਖਕਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਇਕੱਲੇ ਇਕੱਲੇ ਬਾਰੇ ਵਿਚਾਰ ਕਰਨੀ ਸੰਭਵ ਨਹੀਂ। ਇਸ ਲਈ ਏਥੇ ਕੇਵਲ ਉਘੇ ਲੇਖਕਾਂ ਜਾਂ ਉਨ੍ਹਾਂ ਉਘੀਆਂ ਲਿਖਤਾਂ ਦੇ ਹਵਾਲੇ ਦਿੱਤੇ ਜਾ ਰਹੇ ਹਨ ਜਿਹੜੀਆਂ ਲੋਕ-ਪ੍ਰਿਯਤਾ ਕਰਕੇ ਲੋਕ ਮੂੰਹਾਂ ਤੇ ਚੜ੍ਹ ਗਈਆਂ ਜਾਂ ਗੁਣਾਂ ਕਰਕੇ ਸਦੀਵੀ ਸਾਹਿੱਤ ਦਾ ਅੰਗ ਬਣ ਗਈਆਂ।

1. ਅਮਾਮ ਬਖ਼ਸ਼ ( 1778-1863 ਈ.) ਪਸੀਆਂਵਾਲਾ ਜ਼ਿਲਾ ਸਿਆਲਕੋਟ । ਰਚਨਾਵਾਂ:-
(1) ਮਨਾਜਾਤ,(2) ਬਦੀਅਲ - ਜਮਾਲ ॥

2. ਨੂਰ ਮੁਹੰਮਦ ਨੂਰ ( 1782-1862 ਈ.), ਪਿੰਡ ਰਾਣੀਆਂ, ਜ਼ਿਲਾ ਹਿਸਾਰ,
ਰਚਨਾਵਾਂ : - (1) ਸਹਿਬਾਜ਼ ਸ਼ਰੀਅਤ(425 ਪੰਨੇ ),(2) ਚਰਾਗ਼ੇ ਸ਼ਰੀਅਤ ,
(3) ਖ਼ੁਰਸ਼ੀਦ ਸ਼ਰੀਅਤ, (4) ਮੁਫਾਦ ਸ਼ਰੀਅਤ,(5) ਖ਼ੁਤਬਾਤ ਈਦ ।

3. ਮੁਹੰਮਦ ਬਾਰਕ-ਅੱਲਾ (1786 - 1871 ਈ.) ਪਿੰਡ ਲਬੋਕੇ ਜ਼ਿਲਾ ਫ਼ੀਰੋਜ਼ਪੁਰ ।
ਰਚਨਾਵਾਂ:- ਅਨਵਾਰ ਬਾਰਕ-ਅੱਲਾ( ਫ਼ਿਕਹ ਦੇ ਮਸਲਿਆਂ ਸੰਬੰਧੀ ) ਪ੍ਰਕਾਸ਼ਨ ਮਿਤੀ
1864 ਈ.।

4. ਗ਼ੁਲਾਮ ਰਸੂਲ( 1811 ਈ. - 1874 ਈ.) ਪਿੰਡ ਕੋਟ ਭਵਾਨੀ ਦਾਸ, ਜ਼ਿਲ੍ਹਾ ਗੁਜਰਾਂਵਾਲਾ,
ਰਚਨਾਵਾਂ (1) ਹੁਲੀਆ ਸ਼ਰੀਫ਼,(2) ਕਿੱਸਾ ਬਿਲਾਵਲ ,(3) ਮਜਮੂਆ ਨਮਾਜ਼ ,(4) ਤਫ਼ਸੀਰ
ਸੂਰ ਫ਼ਾਤਹ ॥

5. ਹਾਫ਼ਜ ਮੁਹੰਮਦ :(1804 - 1894 ਈ.) ਪਿੰਡ ਲੱਖੋਕੇ ਜ਼ਿਲਾ ਫ਼ੀਰੋਜ਼ਪੁਰ । ਰਚਨਾਵਾਂ:-(1)
ਤਫ਼ਸੀਰ ਮੁਹੰਮਦੀ (7 ਜਿਲਦਾਂ), (2) ਜ਼ੀਨਤੁਲ-ਇਸਲਾਮ (2 ਭਾਗ),(3) ਅਹਿਵਾਲ
ਅਲਾਖਰਤ,(4) ਅਨਵਾਰ ਮੁਹੰਮਦੀ,(5) ਮੁਜਾਹਿਦ ਇਸਲਾਮ,(6) ਅਕਾਇਦ ਮੁਹੰਮਦੀ।

6. ਮੌਲਵੀ ਮੁਹੰਮਦ ਮਸੱਲਮ(1805 - 1880 ਈ.) ਲੁਧਿਆਣਾ । ਰਚਨਾਵਾਂ:-(1) ਗੁਲਜ਼ਾਰ
ਆਦਮ,(2) ਗੁਲਜ਼ਾਰ ਮੂਸਾ ,(3) ਗੁਲਜ਼ਾਰ ਸਿਕੰਦਰੀ,(4) ਗੁਲਜ਼ਾਰ ਮੁਹੰਮਦੀ,(5)
ਤਕਵੀਅਤੁਲ ਇਸਲਾਮ(1877 ਈਸਵੀ ਵਿਚ ਛਪੀ)।

7. ਨੂਰ ਅਹਿਮਦ ਚਿਸ਼ਤੀ(1827 ਈ- 1858 ਈ.) ਲਾਹੌਰ। ਰਚਨਾਵਾਂ:(1) ~~ਤਹਕ~~ ਤਹਿਕੀਕਾਤ
ਚਿਸ਼ਤੀ,(2) ਅਜਾਇਬਾਤ ਚਿਸ਼ਤੀ,(3) ਸੀਹਰਫ਼ੀ ਕਰਬਲਾ ।

8. ਮੌਲਵੀ ਅਬਦੁਲ-ਸਤਾਰ:(1823-21 ਮਾਰਚ 1913), ਪਿੰਡ ਖਾਰੀਆਂ ਜ਼ਿਲ੍ਹਾ ਸ਼ੇਖੂਪੁਰਾ ।
ਰਚਨਾਵਾਂ:- (1) ਚਰਖਾ ਰੰਗ ਰੰਗੀਲਾ,(2) ਮਹੀਂ ਨਾਮਾ ,(3) ਇਬਰਤ ਨਾਮਾ ,
(4) ਨੈਣ ਨਾਮਾ,(5) ਮਦਅ ਨਬੀ ਕਰੀਮ ,(6) ਮਦਅ ਪੀਰਾਨ ਪੀਰ ,(7) ਅਕਰਾਮਿ-
ਮੁਹੰਮਦੀ ।

9. ਬਖ਼ਸ਼ ਫ਼ਕੀਰ:(1830-1905 ਈ.) ਢੋਲਣਵਾਲ, ਜ਼ਿਲ੍ਹਾ ਲਾਹੌਰ । ਰਚਨਾਵਾਂ:-(1) ਇਸ਼ਕ
ਰਸੂਲ,(2) ਮਦਅ ਰਸੂਲ,(3) ਇਸ਼ਕ ਤਮਾਂਚਾ ( ਇਸ ਵਿਚ ਪੰਜ ਕਵਿਤਾਵਾਂ ਇਸ਼ਕ ਤਮਾਂਚਾ,
ਤਸੱਵਰ ਨਾਮਾ, ਪ੍ਰੇਮ ਨਾਮਾ, ਤਾਲਬ ਨਾਮਾ ਤੇ ਮੰਗਤੀ ਨਾਮਾ ਸ਼ਾਮਲ ਹਨ)।

10 ਮੌਲਵੀ ਗੁਲਾਮ ਨਬੀ ( 1834 ਈ. ਤੋਂ 1929 ਈ.) ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ।
ਰਚਨਾਵਾਂ:- (1) ਕਸ਼ਕੋਲ ਕਲੰਦਰੀ(ਸੀਹਰਫੀਆਂ), (2) ਫਾਰਸੀ ਦੀ ਇਕ ਇਸਲਾਮੀ ਪੁਸਤਕ ਦਾ ਅਨੁਵਾਦ ਗੁਲਜ਼ਾਰ ਅਹਿਮਦੀ ਨਾਂ ਹੇਠ ਕੀਤਾ । (3) ਵਲੀਆਂ ਦੇ ਹਾਲਾਤ , (4) ਸਫ਼ਰਨਾਮਾ ਹਜਾਜ਼ , (5) ਹੁਲੀਆ ਮਸਜਿਦ ਨਬਵੀ ।

11. ਮੌਲਵੀ ਰੌਸ਼ਨ ਦੀਨ: (1836-1922 ਈ.) ਪਿੰਡ ਘੁਮਣ ਜ਼ਿਲ੍ਹਾ ਗੁਰਦਾਸਪੁਰ ।
ਰਚਨਾਵਾਂ:-(1) ਕਿੱਸਾ ਦਿਲ ਖੁਰਸ਼ੀਦ, (2) ਕਿੱਸਾ ਜਾਬਰ, (3) ਸ਼ਮ੍ਹਾ ਮੁਹੰਮਦੀ, ਸਰਾਜ ਮੁਹੰਮਦੀ, (4) ਬਾਗੀਚਾ ਮੁਹੰਮਦੀ), (5) ਕਾਮਨ ਮੁਹੰਮਦੀ, (6) ਫ਼ਜ਼ਾਇਲ ਮੁਹੰਮਦੀ, (7) ਹਿਜਰਤ ਮੁਹੰਮਦੀ, (8) ਸ਼ਾਮ ਮੁਹੰਮਦੀ, (9) ਨਕਾਰਾ ਮੁਹੰਮਦੀ ।

12. ਮੀਆਂ ਖ਼ੁਦਾ :-(1831-1892 ਈ.) ਪਿੰਡ ਕੋਡੇਪੁਰ(ਲਾਹੌਰ)। ਰਚਨਾਵਾਂ:-(1) ਦੌਰੁਲ-ਇਸਲਾਮ, (2) ਚਰਖਾ ਰੰਗ-ਰੰਗੀਲਾ ।

13. ਹਾਫਜ਼ ਸ਼ਮਸਦੀਨ: ( 1838-1902 ਈ.) ਪਿੰਡ ਗਲਿਆਨਾ ਜ਼ਿਲ੍ਹਾ ਗੁਜਰਾਤ । ਰਚਨਾਵਾਂ:- (1) ਕਸੀਦੇ, (2) ਨਾਅਤਾਂ, (3) ਤੋਬਾ ਨਾਮਾ, (4) ਰੰਞੂ ਨਾਮਾ, (5) ਪੰਦ-ਨਾਮਾ ।

14. ਮੌਲਵੀ ਮੁਹੰਮਦ ਹੁਸੈਨ(1844-1916 ਈ.) ਭੇਰਾ (ਸ਼ਾਹਪੁਰ) । ਰਚਨਾਵਾਂ:-(1) ਗੁਲਜ਼ਾਰ ਹੁਸੈਨ, (2) ਅਹਿਵਾਲ - ਅਲ-ਆਖ਼ਰਤ (3) ਗੁਲਜ਼ਾਰ ਆਦਮ, (4) ਤਫ਼ਸੀਰ, (5) ਨਮਾਜ਼ ਕਾਮਲ, (6) ਤਫ਼ਸੀਰ ਸੂਰਾ ਫ਼ਾਤਹ, (7) ਖ਼ਾਬ ਨਾਮਾ ॥

15. ਫ਼ਕੀਰ ਅਲੀ ਫ਼ਕੀਰ (1846-1903 ਈ. ), ਬਟਾਲਾ, ਜ਼ਿਲ੍ਹਾ ਗੁਰਦਾਸਪੁਰ ।
ਰਚਨਾਵਾਂ:- (1) ਸ਼ਹਾਦਤ ਹਫ਼ਤ ਪੈਕਰ ।

16. ਮੀਆਂ ਜਾਨ(1850-1902 ਈ.) ਪਿੰਡ ਬਾਲੀਆ ਜ਼ਿਲ੍ਹਾ ਅੰਮ੍ਰਿਤਸਰ । ਰਚਨਾਵਾਂ:-(1) ਪੰਦ ਨਾਮਾ ਮੀਆਂ ਜਾਨ, (2) ਚੌਰੇ ਮੁਹੰਮਦੀ ਮੀਆਂ ਜਾਨ, (3) ਤੁਫਸੀਰ ਕੁਰਾਨ ਮਜੀਦ ਦੇ ਤੀਹਵੇਂ ਪਾਰੇ ਦਾ ਅਖ਼ੀਰੀ ਹਿੱਸਾ, (4) ਤਫ਼ਸੀਰ ਪਾਰਾ ਪਹਿਲਾ, ਦੂਜਾ ਤੇ ਤੀਜਾ।

17. ਰਹੀਮ ਬਖ਼ਸ਼ -(1851- 1903 ਈ.), ਮੋਰੀ ਦਰਵਾਜ਼ਾ, ਲਾਹੌਰ। ਰਚਨਾਵਾਂ:-(1) ਨਸੀਹਤ, (2) ਵਹਿਦਾਨੀਅਤ, (3) ਨਾਅਤਾਂ, (4) ਸ਼ਹਾਦਤ, (5) ਮੁਅਜਜ਼ਾ ਮੁਨਕਰ।

18. ਪੀਰ ਨੇਕ ਆਲਮ( 1857 ਈ. ) ਪਿੰਡ ਕਲਾਚੌਰ(ਗੁਜਰਾਤ)। ਰਚਨਾਵਾਂ:- (1) ਇਸ਼ਕ ਮੁਹੰਮਦੀ, (2) ਸੱਚੀ ਮਾਲਾ, (3) ਮਦਆਤ ਮੁਸ਼ਾਇਖ਼ ।

19. ਪੀਰਾਂ ਦਿੱਤਾ ਤੱਗੜ (1860-1927 ਈ.) ਵਜ਼ੀਰਾਬਾਦ ਜ਼ਿਲ੍ਹਾ ਗੁਜਰਾਂਵਾਲਾ। ਰਚਨਾਵਾਂ: (1) ਨਿਸ਼ਾਨ ਮੁਹੰਮਦੀ, (2) ਚਿਰਾਗ ਮੁਹੰਮਦੀ, (3) ਬਿਆਨ ਮੁਹੰਮਦੀ(4) ਸ਼ਮਸੁਲ-ਵਾਅਜ਼ੀਨ (ਆਖ਼ਰੀ ਕ੍ਰਿਤ 1905 ਈ.)।

20. ਮੌਲਵੀ ਮੁਹੰਮਦ ਇਸਮਾਈਲ ( 1826-1926 ਈ.) ਪਿੰਡ ਬੜਵੇ ਜ਼ਿਲ੍ਹਾ ਗੁਜਰਾਂਵਾਲਾ । ਰਚਨਾਵਾਂ:-(1) ਨਿਸ਼ਾਨ ਮੁਹੰਮਦੀ ,(2) ਚਿਰਾਗ਼ ਮੁਹੰਮਦੀ, (3) ਬਿਆਨ ਮੁਹੰਮਦੀ , (4) ਸ਼ਮਸੁਲ-ਵਾਅਜ਼ੀਨ ( ਅਖ਼ੀਰੀ ਕ੍ਰਿਤ 1905 ਈ.)।

21. ਫੀਰੋਜ਼ ਦੀਨ ਫੀਰੋਜ਼ ( 1864-1907 ਈ.) ਡਮਕਾ ਜ਼ਿਲ੍ਹਾ ਸਿਆਲਕੋਟ। ਰਚਨਾਵਾਂ:- (1) ਖ਼ੁਤਬਾ ਫੀਰੋਜ਼ੀ,(2) ਪਾਰਾ ਨੰਬਰ 1-7 ਦਾ ਅਨੁਵਾਦ,(3) ਬਾਗ਼ ਬਹਿਸ਼ਤ, (4) ਨਮਾਜ਼ ਫੀਰੋਜ਼ੀ,(5) ਨਮਾਜ਼ ਹਜ਼ੂਰੀ, (6) ਗੁਲਜ਼ਾਰ ਯੂਸਫ਼ ।

22. ਮੌਲਵੀ ਹਬੀਬ-ਉਲਾ ( 1871-1945 ਈ.) ਪਿੰਡ ਕੰਬੋ, ਜ਼ਿਲ੍ਹਾ ਅੰਮ੍ਰਿਤਸਰ। ਰਚਨਾਵਾਂ:-(1) ਖ਼ਜ਼ੀਨਾ ਅਲ-ਅਸਰਾਰ,(2) ਗੁਲਜ਼ਾਰ ਆਦਮ ,(3) ਗੁਲਜ਼ਾਰ ਮੂਸਾ,(4) ਕੁਰਾਨ ਦੇ ਨੌ ਪਾਰਿਆਂ ਦੀ ਤਫ਼ਸੀਰ( ਹੋਰ ਵੀ ਅੱਧੀ ਦਰਜਨ ਦੇ ਕਰੀਬ ਧਾਰਮਕ ਰਚਨਾਵਾਂ ਦੇ ਸੰਗ੍ਰਹਿ , ਪਰ ਉਹ ਸਾਡੇ ਅਧਿਐਨ ਕਾਲ ਤੋਂ ਪਿੱਛੋਂ ਲਿਖੇ ਗਏ। )

23. ਮੌਲਵੀ ਦਿਲਪਜ਼ੀਰ(1875 - ) ਭੇਰਾ (ਜ਼ਿਲ੍ਹਾ ਸ਼ਾਹਪੁਰ) । ਰਚਨਾਵਾਂ:-(1) ਗੁਲਜ਼ਾਰ ਆਦਮ (2) ਗੁਲਜ਼ਾਰ ਮੁਹੰਮਦੀ,(3) ਤਫ਼ਸੀਰ ਕੁਰਾਨ; (4) ਅਕਰਾਮ ਮੁਹੰਮਦੀ ( ਇਕ ਦਰਜਨ ਤੋਂ ਵੱਧ ਹੋਰ ਧਾਰਮਿਕ ਪੁਸਤਕਾਂ ਜਿਹੜੀਆਂ ਸਾਡੇ ਅਧਿਐਨ ਕਾਲ ਵਿਚ ਨਹੀਂ ਆਉਂਦੀਆਂ)।

ਉਪ੍ਰੋਕਤ ਸੂਚੀ ਉਨ੍ਹਾਂ ਲੇਖਕਾਂ ਦੀ ਹੈ ਜਿਨ੍ਹਾਂ ਦੀਆਂ ਰਚਨਾਵਾਂ ਸਾਡੇ ਅਧਿਐਨ ਕਾਲ ਤਕ ਪ੍ਰਕਾਸ਼ਤ ਹੋ ਚੁਕੀਆਂ ਸਨ। ਕੁਝ ਕੁ ਹੋਰ ਲੇਖਕ ਵੀ ਹਨ ਜਿਨ੍ਹਾਂ ਨੇ ਇਸ਼ਕੀਆ ਕਿੱਸੇ ਲਿਖਦਿਆਂ, ਵਿਚ ਵਿਚ ਸਦਾਚਾਰ ਜਾਂ ਭ੍ਰਿਸ਼ਟਾਚਾਰ ਸੰਬੰਧੀ ਕੋਈ ਤੱਥ ਪੇਸ਼ ਕਰਨ ਲਈ ਇਸਲਾਮੀ ਸਾਹਿੱਤ ਵਿੱਚੋਂ ਹਵਾਲੇ ਦਿੱਤੇ। ਉਨ੍ਹਾਂ ਦਾ ਏਥੇ ਜ਼ਿਕਰ ਨਹੀਂ ਕੀਤਾ ਗਿਆ। ਕਈ ਕਵੀ ਅਜਿਹੇ ਵੀ ਹੋਏ ਹਨ, ਜਿਨ੍ਹਾਂ ਨੇ ਸੁਰ੍ਹਾ ਮੁਹੰਮਦੀ ਜਾਂ ਇਸਲਾਮੀ ਇਤਿਹਾਸ ਸੰਬੰਧੀ ਕੁਝ ਵਿਕੋਲਿਤ੍ਰੀਆਂ ਕਵਿਤਾਵਾਂ ਵੀ ਲਿਖੀਆਂ, ਪਰ ਉਹ ਕਿਸੇ ਸੰਗ੍ਰਹਿ ਦਾ ਅੰਗ ਨਾ ਬਣ ਸਕੀਆਂ । ਉਨ੍ਹਾਂ ਨੂੰ ਵੀ ਵਿਚਾਰ ਅਧੀਨ ਨਹੀਂ ਲਿਆਂਦਾ ਗਿਆ।

ਇਸਲਾਮ ਸੰਬੰਧੀ ਸਾਡੇ ਅਧਿਐਨ ਕਾਲ ਦੀਆਂ ਕੁਝ ਕੁ ਅਪ੍ਰਕਾਸ਼ਤ ਰਚਨਾਵਾਂ ਖਰੜਾ ਰੂਪ ਵਿਚ ਮਿਲਦੀਆਂ[99] ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਮੁਸਲਮਾਨ ਕਵੀਆਂ ਨੇ ਆਪਣੇ ਧਰਮ ਦੇ ਪਰਚਾਰ ਲਈ ਕਿੰਨੀ ਸਿਰੜਤਾ ਤੇ ਲਗਨ ਨਾਲ ਸਾਹਿੱਤ ਸਿਰਜਣਾ ਕੀਤੀ । ਵੱਖ ਵੱਖ ਵੰਨਗੀਆਂ ਦੀਆਂ ਉਦਾਹਰਣਾਂ ਇਸ ਲਈ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਅਨੁਮਾਨ ਲਾਇਆ ਜਾ ਸਕੇ ਕਿ ਰਚੀ ਗਈ ਕਵਿਤਾ ਦੀ

---

99. ਇਨ੍ਹਾਂ ਵਿੱਚੋਂ ਬਹੁਤੇ ਅਪ੍ਰਕਾਸ਼ਤ ਖਰੜੇ ਸ੍ਰ. ਗੋਬਿੰਦ ਸਿੰਘ ਲਾਂਬਾ ਦੇ ਨਿੱਜੀ ਪੁਸਤਕਾਲੇ ਵਿੱਚੋਂ ਪ੍ਰਾਪਤ ਹੋਏ ਹਨ, ਜਿਸ ਲਈ ਉਨ੍ਹਾਂ ਦਾ ਹਾਰਦਿਕ ਧੰਨਵਾਦ।

ਕੀ ਪੱਧਰ ਸੀ ਅਤੇ ਕਲਾ, ਬਣਤਰ ਜਾਂ ਛੰਦ-ਪ੍ਰਬੰਧ, ਅਲੰਕਾਰਾਂ, ਬਿੰਬਾਂ ਤੇ ਪ੍ਰਤੀਕਾਂ ਆਦਿ ਦੀ ਕਿੰਨੀ ਕੁ ਵੰਨ-ਸਵੰਨਤਾ ਇਨ੍ਹਾਂ ਲਿਖਤਾਂ ਵਿੱਚੋਂ ਪ੍ਰਦਰਸ਼ਤ ਹੁੰਦੀ ਹੈ। ਸਿਧਾਂਤਕ ਰਚਨਾਵਾਂ ਦੇ ਠੇਠ ਤੇ ਸ਼ੁਧ ਪੰਜਾਬੀ ਕਵਿਤਾ ਵਿੱਚ ਅਨੁਵਾਦਾਂ ਤੋਂ ਛੁਟ ਇਸਲਾਮੀ ਇਤਿਹਾਸ, ਮਿਥਿਹਾਸ, ਸ਼ਰ੍ਹਾ, ਫਿਕਹ ਆਦਿ ਨਾਲ ਸੰਬੰਧਿਤ ਹਰ ਪੱਖ ਉਤੇ ਵੀ ਅਣਗਿਣਤ ਰਚਨਾਵਾਂ ਸਾਹਮਣੇ ਆਈਆਂ। ਇਸਲਾਮ ਦੀ ਧਾਰਮਿਕ ਤੇ ਪਰਿਭਾਸ਼ਕ ਸ਼ਬਦਾਵਲੀ ਬਹੁਤ ਹੱਦ ਤਕ ਮੂਲ ਅਰਬੀ ਜਾਂ ਫ਼ਾਰਸੀ ਵਾਲੀ ਰੱਖੀ ਗਈ ਹੋਣ ਕਰ ਕੇ ਗ਼ੈਰ-ਮੁਸਲਮਾਨ ਪਾਠਕਾਂ ਨੂੰ ਬਹੁਤੀ ਵਾਰੀ ਇਸ ਦੇ ਅਰਥ ਸਮਝਣ ਵਿਚ ਔਕੜ ਆਉਂਦੀ ਹੈ। ਉਪ੍ਰੋਕਤ ਸਾਰੀਆਂ ਕਾਵਿ-ਕ੍ਰਿਤਾਂ ਦੀ ਲਿੱਪੀ ਫ਼ਾਰਸੀ ਹੈ। ਜਿਥੇ ਮੁਸਲਮਾਨ ਕਵੀਆਂ ਦੇ ਕਿੱਸੇ ਤੇ ਬਾਰਾਂਮਾਹ ਜਾਂ ਸੀਹਰਫ਼ੀਆਂ ਆਦਿ ਗੁਰਮੁਖੀ ਲਿੱਪੀ ਵਿਚ ਵੀ ਮਿਲਦੇ ਹਨ, ਉਥੇ ਇਸਲਾਮੀ ਧਾਰਮਕ ਸਾਹਿੱਤ ਕੇਵਲ ਫਾਰਸੀ ਲਿੱਪੀ ਵਿਚ ਹੀ ਪ੍ਰਕਾਸ਼ਤ ਹੋਇਆ। ਵੱਖ ਵੱਖ ਵੰਨਗੀ ਦੀ ਇਕ ਇਕ ਉਦਾਹਰਣ ਹੇਠਾਂ ਦਰਜ ਹੈ:-

1. <u>ਕਬਿੱਤ ਨਿਆਜ਼</u>

ਰਬ ਤਾਈਂ ਯਾਦ ਕਰ, ਗ਼ਾਫ਼ਲਾ ਨਮਾਜ਼ ਪੜ੍ਹ
ਇਕ ਦਿਨ ਜਾਣਾ ਮਰ, ਫ਼ਾਨੀ ਹੈ ਜਹਾਨ ਜੀ।
ਨਾਮ ਜਪ ਦਮ ਦਮ, ਦੁਨੀਆਂ ਵਾਲੇ ਛੱਡ ਗ਼ਮ,
ਦਮ ਗਿਆ ਜਦੋਂ ਥਮ, ਹੋਵੇਂਗਾ ਹੈਰਾਨ ਜੀ ॥[100]

2. ਜ਼ੇਵਰ ਜ਼ੀਨਤ ਨੂਰ ਪੁਸ਼ਾਕੀਂ, ਚਮਕਣ ਚਾਨਣ ਲਾਵਣ,
ਹੂਰਾਂ ਤੇ ਗ਼ੁਲਮਾਨ ਕੁਰਾਨੀਂ, ਅਜਬ ਜਮਾਲ ਵਿਖਾਵਣ,
~~ਨਾਮ ਜਪ ਦਮ ਦਮ, ਦੁਨੀਆਂ ਵਾਲੇ ਛੱਡ ਗ਼ਮ~~ ,
~~ਦਮ ਗਿਆ ਜਦੋਂ ਥਮ, ਹੋਵੇਂਗਾ ਹੈਰਾਨ ਜੀ ॥~~
ਜੱਨਤ ਵਾਲੀਆਂ ਸਿਫ਼ਤਾਂ ਰੱਬ ਨੇ, ਨਾਲ ਪਿਆਰ ਸੁਣਾਈਆਂ।
ਗ਼ਮ ਦੇ ਅੰਦਰ ਦੋਸਤ ਤਾਈਂ, ਖ਼ੁਸ਼ਖਬਰਾਂ ਫ਼ਰਮਾਈਆਂ ॥[101]

3. ਕੁਲ ਕਬੀਲਾ ਮਿਲ ਕੇ, ਕੀਤੀ ਇਹ ਸਲਾਹ, ਗਾਨਾ ਬੰਨ੍ਹੋ ਮੌਤ ਦਾ ਕਾਸਮ ਦਾ ਵਿਆਹ।
ਰਲ ਕੇ ਭੈਣਾ ਫੁਫੀਆਂ, ਸਭ ਚੜ੍ਹਾਓ ਤੇਲ, ਅਜ ਅਜੋਕੀ ਰਾਤ ਨੂੰ ਕਾਸਮ ਦਾ ਹੈ ਮੇਲ।
ਗੱਲਾਂ ਕਰ ਲੈ ਕਾਸਮਾਂ ਨਾਲ ਅਸਾਡੇ, ਤੂੰ, ਮਹਿੰਦੀ ਆਈ ਮੌਤ ਦੀ, ਲਾਓ ਕਾਸਮ ਨੂੰ।
ਕਹਾਰ ਆਇਆ ਮੌਤ ਦਾ, ਲੋਹੇ ਚੁਕ ਪਰਾਂਹ, ਮਾਤਮ ਦਾ ਨਾਂ ਰੱਖਿਆ ਜ਼ੋਰਾਵਰੀ ਵਿਆਹ।
ਰੋ ਰੋ ਢਾਈਂ ਮਾਰਦੀ, ਕੋਲੋਂ ਤੇਰੀ ਭੈਣ, ਵੀਰਾਂ ਏਸ ਵਿਆਹ, ਕੀ ਕਰਾਂ ਸਿਆਪੇ ਵੈਣ।
ਨਾ ਮੈਂ ਸ਼ਗਨ ਵਿਚਾਰਿਆ, ਗਾਨਾ ਦਸਤ ਨਾ ਬੰਨ੍ਹ, ਲਾਗੀ ਮਲਕੁਲ-ਮੌਤ ਦਾ ਚੜ੍ਹਿਆ ਤੇਰੀ ਜੰਞ
ਲਾੜਾ ਹੋ ਕੇ ਨਾ ਗਇਓਂ, ਡੋਲੀ ਦੇ ਤੂੰ ਨਾਲ, ਪਾਣੀ ਤੇਰੀ ਮਾਓਂ ਨੇ ਪੀਤਾ ਵਾਰ ਨਾ ਲਾਲ।
ਮਹਿੰਦੀ ਲਗੇ ਸ਼ਾਹ ਨੂੰ ਮੂਲ ਨ ਚੜ੍ਹਆ ਤੇਲ, ਜੰਞ ਵਿਹੂਣੀ ਰਹਿ ਗਈ ਬੂਹੇ ਬੈਠਾ ਮੇਲ।
ਨਾਜ਼ੁਕ ਤੇਰੇ ਬਦਨ ਤੇ ਛਮ ਛਮ ਬਰਸਣ ਤੀਰ, ਨਿੱਘਰ ਜਾਵਣ, ਖਾਰਜੀ ਮੁੱਤਵੰਨੇ ਬੇ-ਪੀਰ॥[102]

---

100. ਮੁਨਸ਼ੀ ਨਿਆਜ਼ ਅਹਿਮਦ, 'ਕਬਿੱਤ ਨਿਆਜ਼', ਲਾਹੌਰ, 1879, ਪੰਨਾ 7.
(ਭਾਈ ਮੋਹਨ ਸਿੰਘ ਵੈਦ ਲਾਇਬ੍ਰੇਰੀ)।
101. ਅਬਦੁਲ-ਸਤਾਰ "ਅਕਰਾਮਿ ਮੁਹੰਮਦੀ", (ਤਫ਼ਸੀਰ), ਪੰਨਾ 192, ਪ੍ਰਕਾਸ਼ਕ ਮੌਲਵੀ ਮੁਹੰਮਦਮੁਅੱਜ਼ਮ, ਲਾਹੌਰ, 1882.

4. ਵੇਖ ਅਲੀ ਵਲ ਰੋ ਪਏ, ਦੋਵੇਂ ਹਸਨ ਹੁਸੈਨ ।
ਹਜ਼ਰਤ ਉਮਰ ਉਸਮਾਨ ਭੀ, ਰੋਂਦੇ ਭਰ ਭਰ ਨੈਣ।
ਸਭ ਅਸਹਾਬ ਰਸੂਲ ਦੇ, ਹੋਏ ਬਹੁਤ ਲਾਚਾਰ ।
ਸੁਣ ਕੇ ਨਾਮ ਹਨੀਫ਼ ਦਾ, ਰੋਂਦੇ ਜ਼ਾਰੋ ਜ਼ਾਰ ॥ [103]

5. ਮੈਂ ਆਜਜ਼ ਬਿਚਾਰਾ ਤੂੰ ਮੇਰਾ ਹੈ ਸਾਈਂ ।
ਗ਼ਮ ਅੰਦੋਹ ਸਾਰੀ ਤੂੰ ਮੇਰੀ ਵੰਜਾਈ ।
ਕਦਮ ਤੇਰੇ ਪਕੜੇ ਕਜ਼ਾਇਸ਼ ਕਰਾਈਂ ।
ਖ਼ੁਦਾ ਸੀ ਕਰ ਦਫ਼ਾ ਮੇਰੀਆਂ ਪੀੜਾਂ ।
ਬੇ-ਹਰਕਤ ਮੁਸ਼ਕਲ ਮਦਦ ਸ਼ਾਹ ਮੀਰਾਂ ॥ [104]

6. ਦਿਲੋਂ ਜ਼ੁਬਾਨੋਂ ਤੋਬਾ ਕਰਨਾ,
ਕਹਿਰ ਅਜ਼ਾਬ ਤੇਰੇ ਥੀਂ ਡਰਨਾ।
ਤਾਕਤ ਅਦਲ ਨਾ ਮੂਲੋਂ ਧਰਨਾ ।
ਫ਼ਜ਼ਲਾਂ ਬਾਝੋਂ ਹੋਰ ਨ ਮੂਲ ।
ਯਾ ਰਬ ਤੋਬਾ ਕਰੀਂ ਕਬੂਲ ।
ਮੰਜ਼ਿਲ ਪਹਲੀ ਤਲਖੀ ਭਾਰੀ।
ਮੈਨੂੰ ਖ਼ਤਰਾ ਕਬਰ ਅੰਧਾਰੀ ।
ਦਾਇਮ ਮੰਗਾਂ ਤੈਂ ਥੀ ਯਾਰੀ,
ਨਾਲ ਸ਼ਫਾਇਤ ਰਬੀ ਰਸੂਲ ॥ [105]

7. ਜਦ ਮਾਪਿਆਂ ਦੇ ਘਰ ਜੰਮੀ ਸਾਂ, ਮੇਰਾ ਚੰਨ ਚੰਨ ਨਾ ਰਖਿਓ ਨੇ।
ਵਿਚ ਕਬੀਲੇ ਖੁਸ਼ੀਆਂ ਹੋਈਆਂ, ਨਾਜ਼ਾਂ ਨਾਲ ਖਿਡਾਇਓ ਨੇ ।
ਅੱਜ ਇਕੱਲੀ ਰਾਤ ਅੰਧੇਰੀ, ਸੌੜੇ ਕੋਠੇ ਪਾਇਓ ਨੇ ।
ਇਸਮ ਮੁਬਾਰਕ ਪਾਕ ਨਬੀ ਦਾ, ਨਾਲ ਚਿਰਾਗ਼ ਲਿਆਇਓ ਨੇ।
ਜੇਵ ਲਬੀ ਵਿਚ ਵਿਹੜੇ ਦੇ, ਤੁਸੀਂ ਭਰਨ ਘੜੋਲੀ ਜਾਵੇ ਨੀ ॥ [106]

---

102. ਘਸੀਟਾ ਕਾਸਬੀ, 'ਜ਼ਿਕਰ ਸ਼ਹਾਦਤ ਹਜ਼ਰਤਕਾਸਮ ", ਪੰਨਾ 3-4, ਪ੍ਰਕਾਸ਼ਕ ਮੀਆਂ ਅਮੀਰ ਦੀਨ, ਲਾਹੌਰ, 1873 ਈ. ।

103. ਅਮੀਰ ਬਖ਼ਸ਼," ਜੰਗ ਜੈਤੂਨ", ਪੰਨਾ 49, ਪ੍ਰਕਾਸ਼ਕ ਭਾਈ ਦਯਾ ਸਿੰਘ ਐਂਡ ਸਨਜ਼, ਲਾਹੌਰ, 1859.

104. ਵਲੀ ਬਖ਼ਸ਼,"ਮਨਾਜਾਤ" (ਹੱਥ ਲਿਖਤ ਖਰੜਾ ਨਿੱਜੀ ਲਾਇਬ੍ਰੇਰੀ ਗੁ:ਸ:ਲਾਂਬਾ) ਪੰਨਾ-12.

105. ਮੁਅੱਜ਼ਮ ਦੀਨ,'ਤੋਬਾ ਨਾਮਾ' (ਹੱਥ ਲਿਖਤ ਖਰੜਾ), ਪੰਨਾ 1.

106. ਮੌਲਵੀ ਮੁਹੰਮਦ ਮਹਿਬੂਬ ਆਲਮ 'ਫਰਾਕਨਾਮਾ'(ਹੱਥ ਲਿਖਤ ਖਰੜਾ-ਉਹੀ), ਪੰਨਾ 34.

8. ਮੂੰਹ ਵਿਚ ਲੱਖ ਜ਼ਬਾਨਾਂ ਹੋਵਣ, ਹੋਵਣ ਅਕਲ ਕਰੋੜੀ।
ਸਿਫ਼ਤ ਰਬੇ ਦੀ ਨਾ ਹੋ ਸਕੇ, ਜਿਤਨਾ ਕੀਤਾ ਲੋੜੀਂ।
ਜ਼ਾਤ ਆਪਣੀ ਨੂੰ ਆਪ ਸਲਾਹੇ, ਪਹਿਲੇ ਸਿਫ਼ਤ ਜੋ ਏਹਾ।
ਗ਼ੂਨਾ ਗ਼ਨੀ ਖ਼ਲਕਤ ਪਾਈ, ਆਪ ਨ ਕਿਸੇ ਜੇਹਾ।
ਤ੍ਰਿਆਂ ਗੱਲਾਂ ਥੀ ਹੈ ਰੱਬ ਖ਼ਾਲੀ, ਛੱਤ ਅਸਮਾਨੋਂ, ਥਾਵੇਂ।
ਕਿਸੇ ਨਾ ਬੇੜਾਬਾਹਰ ਆਂਦਾ, ਹੈਰਤ ਦੀ ਦਰਗਾਹੋਂ।
ਆਕਲ, ਬਾਲਗ਼ ਤੇ ਕੁਲ ਫਾਜ਼ਲ ਆਣ ਕਿਨਾਰ ਖਲੋਤੇ।
ਬਹਿਰ ਅਮੀਕ ਨ ਪਾਇਆ ਹਰਗਿਜ਼, ਮਾਰ ਰਹੇ ਲੱਖ ਗ਼ੋਤੇ ॥[107]

9. ਯਾ ਅੱਲਾ ਤੂੰ ਕਰੇਂ ਜੇ ਮੈਨੂੰ ਮਲਕੁਲ ਮੌਤ ਹਵਾਲੇ।
ਉਹ ਕੀ ਤਰਸ ਕਰੇਸੀ ਮੇਰਾ, ਬਾਝੋਂ ਪੈਦਾ ਕਰਨੇ ਵਾਲੇ।
ਨਾ ਉਹ ਮੇਰਾ ਖਾਲਕ ਰਾਜ਼ਕ , ਨਾ ਮੈਂ ਉਸ ਦਾ ਬੰਦਾ।
ਉਸ ਨੂੰ ਰਹਿਮ ਕਿਵੇਂ ਵਤ ਆਵੇ, ਵੇਖ ਕੇ ਬੰਦਾ ਗੰਦਾ।
ਤੇਰੀ ਮੈਂ ਪੈਦਾਇਸ਼ ਰੱਬਾ, ਤੋੜੇ ਕਿਸੇ ਨ ਕੰਮ ਦਾ।
ਰਹਿਮ ਆਵੇ ਤਾਂ ਤੈਨੂੰ ਆਵੇ, ਜਿਸ ਮੈਂ ਪਾਲਿਆ ਜੰਮ ਦਾ।
ਤੂਹੇਂ ਮੈਨੂੰ ਪੈਦਾ ਕਰਕੇ, ਸ਼ਕਲ ਇਨਸਾਨ ਬਣਾਈ।
ਅੱਖੀਂ ਨੱਕ ਮੱਥਾ ਮੂੰਹ ਸੂੰ, ਰੰਗਤ ਹੁਸਨ ਸਫ਼ਾਈ।
ਇਲਮ ਅਕਲ ਈਮਾਨ ਅਤਾ ਕਰ, ਆਜਜ਼ ਨੂੰ ਵਡਿਆਇਆ।
ਸਾਰੀ ਉਮਰੇ ਸੌਖਾ ਰੱਖਿਆ, ਰਿਜ਼ਕ ਫ਼ਰਾਖ਼ ਪਹੁੰਚਾਇਆ।
ਅੱਜ ਹੁਣ ਜਾਨ ਕੱਢਣ ਦੇ ਵੇਲੇ, ਮੈਨੂੰ ਐਬਾਂ ਬਾਬਤ।
ਕਰੇਂ ਜੇ ਮਲਕੁਲ-ਮੌਤ ਹਵਾਲੇ, ਦਿਲ ਨਹੀਂ ਰਹਿੰਦਾ ਸਾਬਤ ॥[108]

ਜਿਸ ਤਰ੍ਹਾਂ ਪਿੱਛੇ ਦਸਿਆ ਗਿਆ ਹੈ, ਇਸਲਾਮੀ ਸਾਹਿੱਤ ਦੀਆਂ ਅਨੇਕ ਵੰਨਗੀਆਂ ਬਹੁਤ ਵੱਡੀ ਮਾਤ੍ਰਾ ਵਿਚ, ਇਸ ਜਾਗ੍ਰਤੀ ਦੇ ਯੁਗ ਵਿਚ , ਪੰਜਾਬੀ ਵਿਚ ਰਚੀਆਂ ਮਿਲਦੀਆਂ ਹਨ। ਇਹ ਧਾਰਾ ਜਿੱਥੇ ਹਿੰਦੂ ਸਿੱਖ ਧਾਰਮਕ ਸਾਹਿੱਤ ਦੇ ਟਾਕਰੇ ਤੇ ਕਈ ਗੁਣਾਂ ਵੱਧ ਹੈ, ਉਥੇ ਇਸ ਵਿਚ ਕਾਵਿਕ ਖ਼ੂਬੀਆਂ ਵੀ ਕਿਸੇ ਤਰ੍ਹਾਂ ਘੱਟ ਨਹੀਂ। ਅੱਜ ਸਾਨੂੰ ਇਹ ਬਿਆਨ ਰਵਾਇਤੀ ਰੰਗ ਢੰਗ ਦੇ ਪ੍ਰਤੀਤ ਹੁੰਦੇ ਹਨ, ਪਰ ਜੇ ਅਸੀਂ ਉਸ ਕਾਲ ਦੀ ਸਮੁੱਚੀ ਕਾਵਿ-ਸਿਰਜਣਾ ਦੇ ਚੌਖਟੇ ਵਿਚ ਰਖ ਕੇ, ਇਸ ਧਾਰਮਕ ਸਾਹਿੱਤ ਨੂੰ ਪਰਖੀਏ ਤਾਂ ਇਸ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

---

107. ਉਹੀ, "ਵਫ਼ਾਤ-ਨਾਮਾ ਹਜ਼ਰਤ ਮੁਹੰਮਦ " (ਹੱਥ ਲਿਖਤ ਖਰੜਾ ), ਪੰਨਾ 7.
108. ਉਹੀ, 'ਨਜ਼ਅ ਨਾਮਾ '(ਹੱਥ ਲਿਖਤ ਖਰੜਾ) , ਪੰਨਾ 39-40.

## ਹਿੰਦੂਆਂ ਦੀ ਧਾਰਮਕ ਕਵਿਤਾ

ਪਿਛੇ ਸੰਖੇਪ ਵਿਚ ਇਸ਼ਾਰਾ ਕੀਤਾ ਜਾ ਚੁੱਕਾ ਹੈ ਕਿ ਹਿੰਦੂ ਤੇ ਸਿੱਖ ਵਿਦਵਾਨ ਵਧੇਰੇ ਕਰਕੇ ਬ੍ਰਜੀ ਵਿਚ ਹੀ ਕਾਵਿ-ਰਚਨਾ ਕਰਦੇ ਸਨ, ਭਾਵੇਂ ਲਿੱਪੀ ਗੁਰਮੁਖੀ ਹਿੰਦੀ ਸੀ। ਧਾਰਮਕ ਪੁਨਰ-ਜਾਗ੍ਰਤੀ ਦੇ ਇਸ ਕਾਲ ਵਿਚ ਹਿੰਦੂ ਵਿਚਾਰਧਾਰਾ, ਇਤਿਹਾਸ ਮਿਥਿਹਾਸ ਤੇ ਪਰੰਪਰਾ ਨੂੰ ਲੈ ਕੇ, ਕੁਝ ਕੁ ਕਾਵਿ-ਰਚਨਾ ਹੋਈ, ਭਾਵੇਂ ਆਕਾਰ ਤੇ ਪ੍ਰਕਾਰ ਦੇ ਪੱਖੋਂ ਇਹ ਇਸਲਾਮੀ ਸਾਹਿੱਤ ਨਾਲੋਂ ਬਹੁਤ ਘੱਟ ਹੈ। ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

1. ਅਮਰ ਸਿੰਘ ਆਹਲੂਵਾਲੀਆ - ਜਨਮ ਅੰਮ੍ਰਿਤਸਰ। ਰਚਨਾਵਾਂ:-(1) ਸਿਹਰਫ਼ੀ ਰਾਮ ਨਾਮ ਜੀ ਕੀ (1877 ਈ.),(2) ਅਮਰ ਰਾਮਾਇਣ(1884 ਈ.)। ਇਹ ਰਮਾਇਣ ਸੀਹਰਫ਼ੀਆਂ ਵਿਚ ਹੈ ਤੇ ਇਸ ਦੇ ਕੁਲ 990 ਬੰਦ ਹਨ।
2. ਗੁਰਦਾਸ ਸਿੰਘ - ਅੰਮ੍ਰਿਤਸਰ - ਰਚਨਾ:- ਬਾਰਾਂਮਾਹ ਸ੍ਰੀ ਰਾਮ ਚੰਦਰ ਜੀ ਕਾ, 1850 ਈ.
3. ਅਨਾਥ ਦਾਸ ਜੀ - ਲਾਹੌਰ, ਰਚਨਾ: ਪੋਥੀ ਵਿਚਾਰ ਮਾਲਾ ਕੀ(ਵੇਦਾਂਤ ਫਿਲਾਸਫ਼ੀ ਸੰਬੰਧੀ 32 ਸਫ਼ੇ ਦਾ ਟ੍ਰੈਕਟ) ਲਿੱਥੋ ਪ੍ਰੈਸ, 1873 ਈ.।
4. ਗੁਰਦਿੱਤ ਸਿੰਘ - ਲਾਹੌਰ - ਪੋਥੀ ਪ੍ਰਹਲਾਦ ਲੀਲ੍ਹਾ - 16 ਸਫ਼ੇ, 1882 ਈ.।
5. ਲੇਖਕ ਅਗਿਆਤ - 'ਹਾਰ ਫੁੱਲਾਂ ਦੇ'(ਕ੍ਰਿਸ਼ਨ ਲੀਲ੍ਹਾ) - 8 ਪੰਨੇ- ਲਾਹੌਰ, 1870 ਈ.
6. ਕਾਂਸ਼ੀ ਰਾਮ - " ਡਿਓਢਾਂ ਰਾਮਾਇਣ ਦੀਆਂ " 16 ਪੰਨੇ ਲਾਹੌਰ, 1883 ਈ.
7. ਨਾਗਰ ਰਾਮ - ' ਪੋਥੀ ਵਿਆਹ ਸ਼ਿਵ ਜੀ' (ਸੀਹਰਫ਼ੀ) ਲਾਹੌਰ, 1870 ਈ.
8. ਸੰਤ ਰਾਮ - 'ਸੀਹਰਫ਼ੀਆਂ ਸੰਤ ਰਾਮ'(ਵੇਦਾਂਤ ਸਾਰ) 1877 ਈ.
9. ਸੁਰਧਾ ਰਾਮ ਫਲੌਰੀ - ' ਰਾਮ ਕਥਾ ਨਾਲ ਸੰਬੰਧਤ 6 ਬੈਂਤ ' 1876 ਈ.
10. ਠਾਕਰ ਦਾਸ - ਕਿੱਸਾ ਗੋਪੀ ਚੰਦ - ਲਾਹੌਰ (20 ਸਫ਼ੇ), 1880 ਈ.।
11. ਬੀਬੀ ਲੱਛਮੀ - (ਘਣੀਆਂ ਪਿੰਡ ਜ਼ਿਲ੍ਹਾ ਗੁਰਦਾਸਪੁਰ) 'ਤ੍ਰੀਆ ਪੁਰਾਣ'- ਪ੍ਰਕਾਸ਼ਤ 1897 ਈ.
12. ਖੁਸ਼ੀ ਰਾਮ ਆਰਿਫ਼ - ਬੰਨੂ - ਜੰਗ ਮਹਾਂ-ਭਾਰਤ, 1898 ਈ.
13. ਮੁਖ ਰਾਮ, ਕਵੀਸ਼ਰ - ਸੁਨਾਮ(ਪਟਿਆਲਾ) 'ਪਾਂਡਵਾਂ ਦਾ ਬਣੋਬਾਸ'(ਡੰਡਿਕਾ/ ਛੰਦ=ਬੈਂਤ), 1898 ਈ.
14. ਸਾਧੂ ਈਸ਼ਰ ਦਾਸ - 'ਕਾਫ਼ੀਆਂ' (85 ਕਾਫ਼ੀਆਂ, 7 ਦੋਹਿਰੇ, ਦੋ ਕਬਿੱਤ ਤੇ 7 ਸੋਰਠੇ ) 1890 ਈ.
15. ਗਿਆਨ ਦਾਸ ਸਾਧੂ - 'ਕਾਫ਼ੀਆਂ ਸਾਧੂ ਗਿਆਨ ਦਾਸ' - 1883 ਈ.
16. ਮੌਜ ਚੰਦ - ਕਿੱਸਾ ਪੂਰਨ ਭਗਤ ਮਹਿ ਰਾਜਾ ਰਸਾਲੂ " , 1896 ਈ.

17. ਸੰਤ ਗੁਪਾਲ ਸਿੰਘ - ਮਹਾਰਾਜਾ ਰਸਾਲੂ ਮਹਿ ਕੁਲ ਰਾਣੀਆਂ " ,1892 ਈ.

18. ਕ੍ਰਿਸ਼ਨ ਸਿੰਘ ਆਰਿਫ਼ - ਪੂਰਨ ਭਗਤ , ਰਾਜਾ ਰਸਾਲੂ, ਰਾਜਾ ਭਰਥਰੀ - ਹਰੀ, 1884 ਈ.

19. ਬਿਸ਼ਨ ਦਾਸ - 'ਕਿੱਸਾ ਪੂਰਨ ਭਗਤ ਕਾ '(ਅਪ੍ਰਕਾਸ਼ਤ) 1900 ਈ. [109]

20. ਗੰਗਾ ਰਾਮ - ਹਕੀਕਤ ਰਾਏ (1887), ਰੂਪ ਬਸੰਤ(1890 ), ਗੋਪੀ ਚੰਦ(1891), ਰਾਜਾ ਭਰਥਰੀ (1894) ।

21. ਸ਼ਿਬ ਦਿਆਲ - ਰੂਪ ਬਸੰਤ - 1880 ਈ.

22. ਘਸੀਟਾ ਮਲ ਗੁਮਨਾਕ -ਭਰਥਰੀ ਹਰੀ, ਰਾਜਾ ਗੋਪੀ ਚੰਦ, 1883 ਈ. ਤੇ 1889 ਈ.

23. ਕਾਲੀ ਦਾਸ ਗੁਜਰਾਂਵਾਲੀਆ - ਪੂਰਨ ਭਗਤ(1898 ਈ.) , ਗੋਪੀ ਚੰਦ (1900 ਈ. )।

ਉਪ੍ਰੋਕਤ ਸੂਚੀ ਤੋਂ ਬਿਨਾਂ ਵੀ ਹਿੰਦੂ ਲੇਖਕਾਂ ਵਲੋਂ ਕੁਝ ਕੁ ਧਾਰਮਿਕ ਰਚਨਾਵਾਂ ਰਚੀਆਂ ਗਈਆਂ ਜਿਹੜੀਆਂ ਬਾਰਾਂ-ਮਾਹ ਜਾਂ 'ਸਿਠਣੇ' ਆਦਿ ਕਾਵਿ-ਰੂਪਾਂ ਵਿਚ ਪ੍ਰਾਪਤ ਹਨ। ਪ੍ਰਸਿੱਧ ਇਨਕਲਾਬੀ ਕਵੀ ਲਾਲਾ ਬਾਂਕੇ ਦਿਆਲ ਨੇ ਆਰੀਆ ਸਮਾਜ ਦੇ ਮੋਢੀ ਸੁਆਮੀ ਦਯਾਨੰਦ ਸੰਬੰਧੀ ਇਕ ਸੀਹਰਫ਼ੀ[110] ਲਿਖੀ। ਇਹ ਸੀਹਰਫ਼ੀ ਪਹਿਲੋਂ ਪਹਿਲ ' ਬਜ਼ਮੇ ਸੁਆਰਾ ' ਨਾਂ ਦੇ ਮਾਸਕ ਪੱਤਰ(1896 ਈ.) ਵਿਚ ਪ੍ਰਕਾਸ਼ਤ ਹੋਈ । ਨਮੂਨਾ ਇਸ ਪ੍ਰਕਾਰ ਹੈ:-

ਹੇ- ਹੁਕਮ ਹਜ਼ੂਰ ਦਾ ਨਾਲ ਲੈ ਕੇ, ਦਯਾਨੰਦ ਆਇਆ ਸੱਚੀ ਦੱਸਣੇ ਨੂੰ।
ਦੁਨੀਆਂ ਔਝੜੇ ਰਾਹ ਤੇ ਪਈ ਹੋਈ ਸੀ, ਆਇਆ ਉਹ ਸਿੱਧਾ ਰਸਤਾ ਦੱਸਣੇ ਨੂੰ ।
ਦੱਸਿਆ ਉਸ ਨੇ ਮਰਦ ਮੈਦਾਨ ਬਣ ਕੇ, ਡਿੱਠਾ ਪਰਤ ਨਾ ਕਿਸੇ ਦੇ ਕਸਣੇ ਨੂੰ ।
ਓ ਦਿਆਲ ਬਾਂਕੇ, ਸੱਚੀ ਗਲ ਸੁਣ ਲਉ, ਵੇਲਾ ਹੋਰ ਬਹੁਤ ਪਿਆ ਹੱਸਣੇ ਨੂੰ ।[111]

ਹੇਠਾਂ ਸੰਖੇਪ ਵਿਚ ਕੁਝ ਕੁ ਉਦਾਹਰਣਾਂ ਨਮੂਨੇ ਮਾਤ੍ਰ ਦਿੱਤੀਆਂ ਜਾ ਰਹੀਆਂ ਹਨ, ਜਿਨ੍ਹਾਂ ਤੋਂ ਇਸ ਪ੍ਰਕਾਰ ਦੇ ਧਾਰਮਕ ਕਾਵਿ ਦੀ ਭਾਸ਼ਾ, ਛੰਦ, ਅਲੰਕਾਰ ਤੇ ਕਾਵਿ-ਉਡਾਰੀ ਦਾ ਅਨੁਮਾਨ ਲਾਇਆ ਜਾ ਸਕੇ:-

(1) ਕਭੀ ਆਇ ਕੇ ਮੁਖੜਾ ਵਿਖਾਲ ਮੋਹਨ, ਬਿਨ ਦਰਸ਼ਨ ਭਈ ਬੁਰੇ ਹਾਲ ਮੋਹਨ।
ਤੈਨੂੰ ਦੌ ਤਰਫ਼ਾਂ ਵਿਚ ਭਾਲ ਡਿਠਮ, ਪਲ ਪਲ ਚਿਤਾਰ ਹਰ ਸਾਲ ਡਿਠਮ ।
ਤਪ ਤਾਪ ਕੇ ਬਾਂਹ ਉਠਾਲ ਡਿਠਮ, ਨਹੀਂ ਦਰਸ਼ਨ ਹੋਆ ਨੈਣਾਂ ਨਾਲ ਮੋਹਨ ।
ਵਿਚ ਜੰਗਲਾਂ ਜਾਨ ਸੁਕਾਏ ਡਿਠਮ, ਵਿਚ ਗੰਗਾ ਗੋੜ੍ਹੇ ਖਾਇ ਡਿਠਮ ।
ਇਸ ਇਲਮ ਕੋ ਪੜ੍ਹ ਪੜ੍ਹਾਏ ਡਿਠਮ, ਪਰ ਹੋਆ ਨਾ ਤੇਰਾ ਜਮਾਲ ਮੋਹਨ।।[112]

---

109. ਖੋਜ-ਪਤ੍ਰਿਕਾ- ਪਟਿਆਲਾ- ਜਨਵਰੀ 1969 - ਲੇਖਕ ਇੰਦਰ ਸਿੰਘ 'ਰਾਜ਼', ਪੰ:163-174.

110. "ਸੀਹਰਫ਼ੀ ਸਵਾਮੀ ਦਯਾਨੰਦ" ਕਿਰਤ ਬਾਂਕੇ ਦਿਆਲ- ਖੋਜ ਪੱਤ੍ਰਿਕਾ, 1967-68, ਪੰ.153.

111. ਉਹੀ, ਪੰਨਾ 155.

112. ਗਿਆਨ ਦਾਸ ਸਾਧੂ, "ਕਾਫ਼ੀਆਂ ਸਾਧੂ ਗਿਆਨ ਦਾਸ', ਲਾਹੌਰ 1883 ਈ., ਪੰਨਾ 37.

(2) ਰਾਜਾ ਤੂੰ ਅਭਾਗੀ, ਹੈਂ ਵੈਰਾਗੀ ਤੇ ਤਿਆਗੀ ਨਿਤ, ਲਾਗੀ ਹੈ ਲਗਨ ਜਾਨ ਕੋ, ਸਦਾ ਰਾਮ ਨਾਮ ਕੀ।
ਕਾਹੇ ਕੋ ਰੁਆਏਂ, ਤੂੰ ਪਾਛੇ ਕੋ ਪਛਤਾਏ ਤੂੰ, ਪੂਰਨ ਤੇ ਬਗ਼ੈਰ, ਰਾਜਧਾਨੀ ਕਿਸ ਕਾਮ ਕੀ ।
ਇਛਿਆ ਜੇ ਭੋਗ ਕੀ, ਭੋਗ ਕਾ ਹੈ ਛੋੜ ਦੇਣਾ, ਭਗਤ ਕੋ ਨਾ ਜਗਤ ਮੇਂ ਹੈ ਲੋੜ ਹੱਡ ਚਾਮ ਕੀ ।
ਛੋੜ ਦਿਓ ਪੁਤ, ਪਾਈ ਭਿੱਛਿਆ ਗਰੀਬਣੀ ਕੋ, ਇਛਿਆ ਸਪੂਤ ਕੋ ਨਾ ਤੇਰੇ ਧਨ ਧਾਮ ਕੀ ॥ 113

3. ਸਾਧ ਨਹੀਂ ਹੋਵੇ, ਸਭ ਘਰ ਬਾਰ ਛੋੜ ਕਰ, ਸਾਧ ਨਹੀਂ ਹੋਵੇ, ਘਰ ਬਾਰ ਕੋ ਸਵਾਰ ਕੇ ।
ਸਾਧ ਨਹੀਂ ਹੋਵੇ, ਦਾੜ੍ਹੀ ਮੁੱਛ ਹੂੰ ਮੰਡਾਏ ਕਰ, ਸਾਧ ਨਹੀਂ ਹੋਵੇ, ਲਾਂਬੀ ਜਟਾਂ ਧਾਰ ਕੇ ।
ਸਾਧ ਨਹੀਂ ਹੋਵੇ, ਭੇਸ ਸਾਜ ਬਹੁ ਸਰੀਰ ਪਰ, ਸਾਧ ਨਹੀਂ ਹੋਵੇ, ਵੇਦ ਬਾਣੀਆਂ ਵਿਚਾਰ ਕੇ।
ਕਹੈ ਹੈ ਕਿਸ਼ਨ ਸਿੰਘ, ਸਾਧ ਹੋਵੇ ਸਾਧ ਮਨ, ਅਦਵੈ ਵਿਚਾਰ ਏਕ ਦਵੈਤ ਹੂੰ ਕੋ ਡਾਰ ਕੇ ॥ 114

4. ਅਲਫ਼ ਆਤਮਾ ਏਕ ਅਖੰਡ ਪਿਆਰੇ, ਏਸ ਦੇਹ ਨੂੰ ਸਦਾ ਜ਼ਵਾਲ ਹੋਵੇ।
ਜਬ ਤਕ ਦੇਹ ਅਭਿਮਾਨ ਅਗਿਆਨ ਸੇਤੀ, ਤਬ ਤ ਕ ਤੇ ਦੂਖ ਕਮਾਲ ਹੋਵੇ।
ਪਾਂਚ ਕੋਸ਼ ਮੇਂ ਪੜਾ ਬੇਹੋਸ਼ ਹੋਵੇ, ਫਰਾਮੋਸ਼ ਕਰ ਰੂਪ ਕੰਗਾਲ ਹੋਵੇ ।
ਦਲੇ ਦੇਹ ਅਭਿਮਾਨ ਹੰਕਾਰ ਮਾਰੇ, ਪੂਰਨ ਪੁਰਖ ਸੋ ਗੁਰੂ ਹੰਦਾਲ ਹੋਵੇ ।
ਪਾਂਚ ਤੱਤ ਕੀ ਦੇਹ ਅਸੱਤ ਜਾਣੇ, ਪਰਮ ਤੱਤ ਕੋ ਪਾਇ ਨਿਹਾਲ ਹੋਵੇ ।
ਕਰੇ ਵਾਸ਼ਨਾ ਦੂਰ ਭਰਪੂਰ ਹੋਵੇ, ਮਿਲੇ ਨੂਰ ਮੇਂ ਨੂਰ ਗੋਪਾਲ ਹੋਵੇ।
ਬਾਸਨ ਫੁੱਟਣਾ ਅੰਤ ਨੂੰ ਬਿਸ਼ਨਦਾਸਾ, ਏਕ ਆਤਮਾ ਸਦਾ ਅਕਾਲ ਹੋਵੇ ॥ 115

5. ਕਾਢ ਕਰੀ ਤਬ ਅਗਨ ਪ੍ਰਚੰਡ ਓਥੇ, ਮੁਖੋਂ ਸੀਤਾ ਨੇ ਇਹ ਬਚਨ ਉਚਾਰਿਓ ਈ ।
ਬਿਨ ਰਾਮ ਮੈਂ ਕਿਸੇ ਵਲ ਧਿਆਨ ਕੀਤਾ, ਤਾਂ ਅਗਨ ਤੂੰ ਆਪਣੇ ਵਿਚ ਸਾੜਿਓ ਈ ।
ਨਹੀਂ ਹੋਈ ਤੂੰ ਸੀਤਲ ਵਾਂਗ ਬਰਫ ਦੇ ਜੀ, ਇਹ ਕਹਿ ਸੀਤਾ ਦੇਹ ਅਗਨ ਵਿਚ ਧਾਰਿਓ ਈ ।
ਅਮਰ ਸਿੰਘ ਤਬ ਅਗਨ ਪ੍ਰਚੰਡ ਹੋਈ, ਸੀਤਾ ਰਾਮ ਦਾ ਨਾਮ ਉਚਾਰਿਓ ਈ ॥ 116

6. ਬੇ ਬਚਨ ਕੇਕਈ ਦੇ ਮੰਨ ਲੀਤੇ, ਰਾਮ ਚੰਦਰ ਬਨਬਾਸ ਨੂੰ ਜਾਮਦੇ ਸੀ ।
ਦੁਖੀ ਹੋਏ ਸੰਸਾਰ ਦੇ ਲੋਕ ਸਾਰੇ, ਸੀਆ ਰਾਮ ਤੇ ਰਾਮ ਧਿਆਉਂਦੇ ਸੀ।
ਰਾਮ ਲਛਮਨ ਸੀਆ ਨੂੰ ਸੰਗ ਲੇ ਗਏ, ਲੋਕ ਸੁਹਿਰ ਦੇ ਸ਼ੋਕ ਮਨਾਉਂਦੇ ਸੀ । 117
ਸੁਰਧਾ ਰਾਮ ਨਰ ਨਾਰੀ ਪਾ ਰੌਲ ਰੋਵੇ, ਰਾਮ ਚੰਦਰ ਬਨਬਾਸ ਨੂੰ ਜਾਮਦੇ ਸੀ ।

---

113. ਕਾਲੀ ਦਾਸ, ਪੰਡਤ - ਪੂਰਨ ਭਗਤ - ਅੰਮ੍ਰਿਤਸਰ, 1898 ਈ., ਪੰਨਾ 37
114. ਕਿਸ਼ਨ ਸਿੰਘ ਆਰਿਫ਼ - 'ਕਿਸ਼ਨ ਕਟਾਰ '- ਅੰਮ੍ਰਿਤਸਰ- 1886 ਈ., ਪੰਨਾ 24.
115. ਬਿਸ਼ਨ ਦਾਸ, 'ਕਿੱਸਾ ਪੂਰਨਭਗਤ ਕਾ' (ਅਪ੍ਰਕਾਸ਼ਤ ਖਰੜਾ) ਨਿੱਜੀ ਪੁਸਤਕਾਲਾ ਇੰਦਰ ਸਿੰਘ ਰਾਜ਼, 1900 ਈ., ਪੰਨਾ 1.
116. ਅਮਰ ਸਿੰਘ-'ਅਮਰ ਰਾਮਾਇਣ'-(1884 ਈ.), ਅੰਮ੍ਰਿਤਸਰ, ਪੰਨਾ 194.
117. ਫਲੌਰੀ, ਸੁਰਧਾ ਰਾਮ-' ਸੁਰਧਾ ਰਾਮ ਗ੍ਰੰਥਾਵਲੀ', ਪੰਨਾ 62.

ਹਿੰਦੂ ਵਿਚਾਰਧਾਰਾ ਨਾਲ ਸੰਬੰਧਿਤ ਧਾਰਮਕ ਤੇ ਸਦਾਚਾਰਕ ਕਾਵਿ-ਸਿਰਜਣਾ ਦੀਆਂ ਉਪ੍ਰੋਕਤ ਕੁਝ ਕੁ ਉਦਾਹਰਣਾਂ ਕੇਵਲ ਨਮੂਨੇ ਮਾਤ੍ਰ ਦਿੱਤੀਆਂ ਗਈਆਂ ਹਨ। ਪਰੰਪਰਾਈ ਤੇ ਪਰਚਲਿਤ ਕਥਾਵਾਂ ਤੋਂ ਬਿਨਾਂ ਭਗਤੀ, ਸ਼ਰਧਾ, ਪ੍ਰੇਮ, ਸੰਸਾਰ ਦੀ ਨਾਸ਼ਮਾਨਤਾ, ਜੀਵਨ ਦਾ ਉਦੇਸ਼ ਤੇ ਤੱਤ, ਆਦਿ ਸਾਂਝੇ ਵਿਸ਼ੇ ਇਸ ਕਵਿਤਾ ਦਾ ਪ੍ਰਮੁੱਖ ਲੱਛਣ ਹਨ, ਜਿਹੜੇ ਉਸ ਕਾਲ ਦੀ ਲੋਕ-ਭਾਵਨਾ ਦੇ ਅਨੁਕੂਲ ਸਨ। ਇਸ ਕਾਵਿ ਲਈ ਵਰਤੇ ਗਏ ਛੰਦ ਵੀ ਉਹੋ ਹੀ ਹਨ, ਜਿਹੜੇ ਉਸ ਵੇਲੇ ਕਿੱਸਾ ਕਾਵਿ ਜਾਂ ਬਾਰਾਂਮਾਂਹ ਆਦਿ ਲਈ ਵਰਤੇ ਜਾਂਦੇ ਸਨ, ਯਥਾ-ਕੁੰਡਲੀਏ, ਡਿਓੜਾਂ, ਬੈਂਤ, ਸੀਹਰਫ਼ੀਆਂ ਤੇ ਛਪਯ ਆਦਿ। ਕਵਿਤਾ ਦੀ ਪੱਧਰ ਬਹੁਤ ਉੱਚੀ ਨਹੀਂ, ਸਿਵਾਇ ਨਾਇਕ ਨਾਇਕਾਵਾਂ ਦੇ ਚਰਿਤ੍ਰ-ਚਿਤ੍ਰਨ ਦੇ, ਜਿੱਥੇ ਇਹ ਕਵਿਤਾ ਜ਼ਰੂਰ ਨਵੀਆਂ ਉਚਾਈਆਂ ਨੂੰ ਛੂਹੰਦੀ ਹੈ। ਕੁਝ ਲੇਖਕਾਂ ਦੀ ਭਾਸ਼ਾ ਉਤੇ ਬ੍ਰਜੀ ਦਾ ਪ੍ਰਭਾਵ ਪ੍ਰਤੱਖ ਹੈ। ਅਲੰਕਾਰਾਂ ਦੀ ਵੰਨ-ਸੁਵੰਨਤਾ ਤੇ ਭਾਸ਼ਾਈ ਕਲੋਲ, ਜਿਹੜੇ ਉਸ ਕਾਲ ਦੇ ਕਿੱਸਾ ਕਾਵਿ ਵਿਚ ਦੇਖੇ ਜਾ ਸਕਦੇ ਹਨ, ਉਨ੍ਹਾਂ ਦਾ ਇਸ ਪ੍ਰਕਾਰ ਦੀ ਰਚਨਾ ਵਿਚ ਅਭਾਵ ਹੈ। ਸ਼ੋਖੀ ਦੀ ਥਾਂ ਸ਼ਰਧਾ ਤੇ ਜੀਵਨ ਨਾਲ ਮੋਹ ਦਰਸਾਉਣ ਦੀ ਥਾਂ ਸੰਸਾਰ ਦੀ ਨਾਸ਼ਮਾਨਤਾ ਉਤੇ ਜ਼ੋਰ ਇਸ ਕਾਵਿ ਦੇ ਹੋਰ ਉੱਘੜਵੇਂ ਲੱਛਣ ਹਨ।

ਸਿੱਖ ਵਿਚਾਰਧਾਰਾ ਦੀ ਕਵਿਤਾ

ਇਸ ਕਾਲ ਦੇ ਸਮੁੱਚੇ ਸਾਹਿੱਤ ਦੇ ਪਿਛੋਕੜ ਨੂੰ ਵਿਚਾਰਨ ਲੱਗਿਆਂ ਅਤੇ ਵਾਰਤਕ ਸਾਹਿੱਤ ਦੇ ਸਰਵੇਖਣ ਵਾਲੇ ਅਧਿਆਇ ਵਿਚ ਇਹ ਤੱਥ ਦੋ ਤਿੰਨ ਵਾਰੀ ਦ੍ਰਿੜ੍ਹਾਇਆ ਜਾ ਚੁੱਕਾ ਹੈ ਕਿ ਹਿੰਦੂ ਸਿਖ ਵਿਦਵਾਨਾਂ ਦੀ ਮੁੱਖ ਸਾਹਿੱਤਕ ਭਾਸ਼ਾ ਬ੍ਰਜੀ ਹੀ ਸੀ। ਸਿੰਘ ਸਭਾ ਦੇ ਆਗੂਆਂ ਨੇ ਪਹਿਲੀ ਵਾਰੀ ਪੰਜਾਬੀ ਭਾਸ਼ਾ ਦੀ ਸਰਬ-ਪੱਖੀ ਉਨ੍ਨਤੀ ਦਾ ਬੀੜਾ ਚੁੱਕਿਆ ਅਤੇ ਇਸ ਨੂੰ ਲੋਕ-ਭਾਸ਼ਾ ਵਜੋਂ ਆਪਣੇ ਵਿਚਾਰ ਪ੍ਰਗਟਾਵੇ ਦਾ ਮਾਧਿਅਮ ਬਣਾ ਕੇ, ਰਚਨਾ ਕੀਤੀ ਜਾਣ ਲਗੀ, ਪਰ ਸ਼ੁਧ ਤੇ ਠੇਠ ਪੰਜਾਬੀ ਦੀ ਵਰਤੋਂ ਕਵਿਤਾ ਨਾਲੋਂ ਵਾਰਤਕ ਲਈ ਵਧੇਰੇ ਹੁੰਦੀ ਸੀ। ਬਹੁਤੇ ਸਿੱਖ ਸਾਹਿੱਤਕਾਰ ਭੀ ਉਥੇ ਆਗੂ ਵੀ ਧਾਰਮਕ ਜਾਂ ਦੁਨਿਆਵੀ ਵਿਸ਼ਿਆਂ ਸੰਬੰਧੀ ਕਵਿਤਾ ਲਿਖਣ ਲਗਿਆਂ ਬ੍ਰਜੀ ਦਾ ਆਸਰਾ ਲੈਂਦੇ ਸਨ। ਰਤਨ ਸਿੰਘ ਭੰਗੂ, ਪੰਡਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਡਾਕਟਰ ਚਰਨ ਸਿੰਘ, ਮਹੰਤ ਸੁਮੇਰ ਸਿੰਘ, ਸੰਤ ਰੇਣ, ਭਾਈ ਕਾਨ੍ਹ ਸਿੰਘ ਨਾਭਾ ਆਦਿ, ਸਭ ਉਘੇ ਲੇਖਕ ਬ੍ਰਜੀ ਪ੍ਰਭਾਵ ਹੇਠ ਹੀ ਲਿਖਦੇ ਸਨ। ਏਥੋਂ ਤਕ ਕਿ ਭਾਈ ਵੀਰ ਸਿੰਘ ਦੀ ਵੀ ਸਭ ਤੋਂ ਪਹਿਲੀ[118] ਕਾਵਿ-ਕਿਰਤ ਬ੍ਰਜੀ ਵਿਚ ਹੀ ਹੈ। ਇਨ੍ਹਾਂ ਵਿਦਵਾਨਾਂ ਦੁਆਰਾ ਰਚਿਤ ਸਮੁੱਚਾ ਕਾਵਿ ਸਾਹਿੱਤ ਜੇ ਪੰਜਾਬੀ ਵਿਚ ਹੁੰਦਾ ਤਾਂ ਨਿਸਚੇ

---

118. ਭਾਈ ਵੀਰ ਸਿੰਘ ਰਚਿਤ ਸਭ ਤੋਂ ਪਹਿਲੀ ਕਵਿਤਾ ਦੀ ਉਦਾਹਰਣ ਇਸੇ ਅਧਿਆਇ ਵਿਚ ਅੱਗੇ ਦਿੱਤੀ ਗਈ ਹੈ।

ਹੀ ਪੰਜਾਬੀ ਸਾਹਿੱਤ ਦੇ ਇਤਿਹਾਸ ਦਾ ਇਹ ਕਾਲ ਵੀ ਬੜਾ ਗੌਰਵ-ਮਈ ਹੁੰਦਾ। ਉਪ੍ਰੋਕਤ ਵਿਦਵਾਨਾਂ ਵਿੱਚੋਂ ਕੁਝ ਕੁ ਨੇ ਜੋ ਥੋੜ੍ਹੀ ਬਹੁਤ ਪੰਜਾਬੀ ਕਾਵਿ ਰਚਨਾ ਕੀਤੀ ਵੀ, ਤਾਂ ਉਹ ਇਨ੍ਹਾਂ ਦੀ ਪ੍ਰਤਿਨਿਧ ਕ੍ਰਿਤ ਨਹੀਂ ਸਮਝੀ ਜਾ ਸਕਦੀ। ਹੇਠਾਂ ਕੁਝ ਕੁ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ:-

(1) ਲੈ ਭਾਈ ਸਿੱਖਾ, ਇਹ ਜੋ ਬਾਣੀ, ਅਸਲੀਂ ਦੁਧੋਂ ਵਾਂਗ ਮਧਾਣੀ ।
ਸੱਚਾਈ ਦਾ ਮੱਖਨ ਕੱਢੈ, ਅੰਨਮਤਾਂ ਦੇ ਬੰਧਨ ਵੱਢੈ ।
ਪਰ ਕਿਆ ਕਰੀਏ ਘਰ ਦੇ ਲੋਗ, ਪਏ ਕਰਾਵਨ ਕੰਮ ਅਜੋਗ ।
ਨਹੀਂ ਅਸੀਂ ਤਾਂ ਗੁਰ ਦੇ ਦਾਸ, ਗੁਰੂ ਗ੍ਰੰਥ ਹੈ ਸਾਡੇ ਪਾਸ ।
ਨਿਤ ਪਾਠ ਮੈਂ ਉਸ ਦਾ ਕਰਦਾ, ਅਮਲ ਨ ਕਰਦਾ ਘਰ ਤੇ ਡਰਦਾ।
ਜੇ ਮੈਂ ਗੁਰੂ ਗ੍ਰੰਥ ਪਰ ਚੱਲਾਂ, ਸੱਚੇ ਗੁਰੂ ਦਾ ਰਸਤਾ ਮੱਲਾਂ ।
ਏਹੋ ਮੇਰੀ ਘਰ ਦੀ ਨਾਰ, ਵਿਚ ਕੁਟੰਬ ਕਰੂਗੀ ਖੁਆਰ । [119]
ਘਰ ਦੇ ਹਨ ਇਹ ਬੁਰੇ ਬਖੇੜੇ, ਦੇਵਨ ਜਾਨ ਨਾ ਸਿੱਖੀ ਨੇੜੇ ॥

(2) ਦੇਖਿ ਸਾਧੂ ਪ੍ਰਜਾ ਦੁਖੀ, ਮਿਆਨ ਤੋਂ ਪ੍ਰਗਟ ਹੋਂਦੀ, ਪ੍ਰਲਯ ਦੇ ਕਰਨ ਲਈ ਮੂਰਤੀ ਮਹੇਸ਼ ਦੀ।
ਇਸਤਰੀਆਂ ਦੇ ਸਤ ਅਤੇ ਪੁਰਸ਼ਾਂ ਦੀ ਰੱਖੇ ਪੱਤ, ਆਨ ਸ਼ਾਨ ਮਾਨ ਤਾਨ ਰੱਛਕ ਸ੍ਵਦੇਸ਼ ਦੀ ।
ਜ਼ਾਲਿਮ ਅਨਯਾਈ ਸ਼ਾਹਾਂ ਛਿਨ ਵਿਚ ਰੰਕ ਕਰੇ, ਦੇਵੰਦੀ ਕੰਗਾਲਾਂ ਤਾਈਂ ਪਦਵੀ ਨਰੇਸ਼ ਦੀ ।
ਮੌਤ ਅਤੇ ਮੁਕਤੀ ਨੂੰ ਇੱਕੋ ਵਾਰ ਦੇਣ ਵਾਲੀ, ਤੇਗ਼ ਸੱਚੇ ਪਾਤਸ਼ਾਹ ਸ੍ਵਾਮੀ ਦਸ਼ਮੇਸ਼ ਦੀ ।[120]

(3) ਵਿਚ ਅਕਾਸ ਚੜ੍ਹੇ ਲੱਖ ਸੂਰਜ, ਗੁਰ ਬਿਨ ਘੋਰ ਅੰਧਾਰਾ ਰੇ ।
ਗੁਰ ਬਿਨ ਮੁਕਤ ਪ੍ਰਾਪਤ ਨਾਹੀਂ, ਗਿਆਨ ਧਿਆਨ ਨਹੀਂ ਸਾਰਾ ਰੇ ।
ਗੁਰ ਬਿਨ ਜਤ ਸਤ ਪਤ ਨਾ ਕੋਈ, ਗੁਰ ਬਿਨ ਜਨਮ ਬੇਕਾਰਾ ਰੇ ।
ਗੁਰ ਬਿਨ ਰਾਜੇ ਰਾਣੇ ਜੇਤੇ, ਡੂਬੇ ਨਰਕ ਮੁਝਾਰਾ ਰੇ ।
ਸਤਿਗੁਰ ਬਾਝੋਂ ਜੀਤ ਨਾ ਹੋਵੇ, ਜਦ ਕਦ ਹੁੰਦੀ ਹਾਰਾ ਰੇ ।
ਪਾਲ ਸਿੰਘ ਜਹਿੰ ਸਤਿਗੁਰ ਮਿਲਿਆ, ਤਹਿੰ ਸਭੇ ਕਾਜ ਸਵਾਰਾ ਰੇ ॥ [121]

(4) ਵੇਖਿਆ ਵਿਚਾਰ ਕੇ, ਪੁਕਾਰ ਕੇ ਪੁਕਾਰਿਆ ਹੈ, ਭਾਰੀਆਂ ਮੁਹਿੰਮਾਂ ਵਿਚ ਕਰੇ ਜੋ ਸਹਾਈਆਂ।
ਦੀਨ ਦੁਖੀ ਰੋਗੀਆਂ ਤੇ ਸੋਗੀਆਂ ਤੇ ਜੋਗੀਆਂ ਤੇ, ਕਰੇ ਸਦਾ ਬਾਹੁੜੀ ਮੈਂ ਸਦਕੇ ਘੁਮਾਂਈਆਂ ।
ਲੂਲੇ ਲੰਵੇ, ਅੰਨ੍ਹੇ, ਗੂੰਗੇ, ਭੁਖੇ, ਨੰਗੇ, ਚੰਗੇ ਮੰਦੇ, ਪਏ ਤੇਰੇ ਦਵਾਰ ਮਨਸ਼ਾ ਪੁਜਾਈਆਂ ।
'ਸਾਰੰਗ ਚਰਨ' ਸ੍ਰੀ ਅਟਨ ਜੂ, ਸਰਨ ਤੇਰੀ, ਦੂਰੋਂ ਦੂਰੋਂ ਦੇਸਨ ਤੋਂ ਸੰਗਤਾਂ ਨੀ ਆਈਆਂ ।[122]

---

119. ਦਿੱਤ ਸਿੰਘ ਗਿਆਨੀ-'ਨਕਲੀ ਸਿੱਖ ਪ੍ਰਬੋਧ, ਅੰਮ੍ਰਿਤਸਰ, ਪੰਨਾ 94-95.
120. ਕਾਨ੍ਹ ਸਿੰਘ ਨਾਭਾ -( ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ- ਸੰਪਾਦਤ ਸ਼ਮਸ਼ੇਰ ਸਿੰਘ ਅਸ਼ੋਕ), 1966, ਪੰਨਾ 68.
121. ਆਰਿਫ਼, ਪਾਲ ਸਿੰਘ,' ਆਰਿਫ਼ ਵਿਲਾਸ ਗ੍ਰੰਥ', 1899 ਈ., ਅੰਮ੍ਰਿਤਸਰ, ਪੰਨਾ 82.
122. ਚਰਨ ਸਿੰਘ ਡਾਕਟਰ 'ਕਬਿੱਤ' ਚਰਨ ਹਰਿ ਵਿਸਥਾਰ ਵਿੱਚੋਂ- ਹਵਾਲਾ ਪੰਜਾਬੀ ਦੁਨੀਆਂ, ਸਤੰਬਰ,

(5) ਸੁਹਣਿਆਂ ਵੇ! ਅਜ ਪਾ ਜਾਈਂ ਫੇਰਾ, ਹਾਰ ਗਈਆਂ ਨਿਤ ਕਰਦੀ ਮੈਂ ਜੇਰਾ ।
ਮੈਂ ਜਾਸਾਂ ਨੀ ਮਾਏ ! ਹੁਣ ਸਤਿਗੁਰ ਦੇ ਨਾਲ, ਮੈਨੂੰ ਹੋੜ ਨਾ ਮਾਏ, ਦੂਣੀ ਅੱਗ ਨ ਬਾਲ ॥
ਮੇਰਾ ਤਨ ਮਨ ਧਨ ਸਤਿਗੁਰ ਦਾ ਮਾਲ, ਉਸ ਸੋਹਣੇ ਦਾ ਮਾਲ, ਕਲਗੀ ਵਾਲੇ ਦਾ ਮਾਲ ॥[123]

(6) ਪਿਓ ਦਾਦੇ ਵਲ ਦੇਖੋ ਸਿੰਘੋ, ਕਿਧਰੇ ਉਹ ਪਧਾਰੇ ।
ਮੋਏ ਨਹੀਂ ਸੁ ਜੀਊਂਦੇ ਦੇਖੋ, ਪਰ ਉਪਕਾਰੀ ਸਾਰੇ ।
ਧਰਮ ਹੇਤ ਜਿਨ ਸੀਸ ਦੀਏ ਹੈਂ, ਸੋ ਨਾ ਮੋਏ ਵਿਚਾਰੇ ।
ਜੰਗ ਕਰੇ, ਫਿਰ ਦੀਨ ਦਯਾ ਸਿੱਖ, ਹੋਏ ਸਹੀ ਸਰਦਾਰੇ ॥[124]

(7) ਗੁਰੂ ਰੂਖ ਤੇਰੀ ਮਹਿਮਾ ਅਪਰੰਪਰਾ ਹੈ ਬੜੀ ।
ਬਾਣੀ ਹੈ ਮੁਕਤੀ ਦਾਤਾ, ਸਿਰ ਝੁਕਾ ਖਲਕ ਖੜੀ ।
ਜੋ ਧਿਆਵੇ ਔਰ ਗਾਵੇ, ਪਰਮ ਪਦ ਸੋਈ ਪਾਵੇ ।
ਦਸ ਗੁਰੂ ਸਾਹਿਬਾਨ ਦੀ ਬਰਕਤ ਹੈ ਖਰੀ ॥[125]

(8) ਅਲਫ ਆਸਰਾ ਗੁਰੂ ਦੇ ਨਾਮ ਦਾ ਹੈ ।
ਗੁਰੂ ਬਾਂਝ ਨਾ ਕਿਸੇ ਨੂੰ ਜਾਣਦੇ ਹਾਂ ।
ਗੁਰਾਂ ਦੱਸਿਆ, ਏਕ ਅਨੇਕ ਸਾਰੇ ।
ਸੋਈ ਆਪਣਾ ਆਪ ਪਛਾਣਦੇ ਹਾਂ ।[126]

ਉਪ੍ਰੋਕਤ ਉਦਾਹਰਣਾਂ ਤੋਂ ਉਸ ਵੇਲੇ ਦੀ ਸਿੱਖੀ ਭਾਵਨਾ ਦਾ ਕੁਝ ਕੁ ਅਨੁਮਾਨ ਲਾਇਆ ਜਾ ਸਕਦਾ ਹੈ । ਇਹ ਕਵਿਤਾ ਬੜੀ ਰਵਾਇਤੀ ਤੇ ਸਾਧਾਰਨ ਪੱਧਰ ਦੀ ਹੈ। ਕੋਈ ਕਾਵਿ-ਉਡਾਰੀ, ਅਲੰਕਾਰ, ਬਿੰਬ ਜਾਂ ਪ੍ਰਤੀਕ ਅਜਿਹੇ ਨਹੀਂ ਜਿਹੜੇ ਇਸ ਕਾਵਿ ਦੀ ਸ੍ਰੇਸ਼ਟਤਾ ਨੂੰ ਦਰਸਾਉਣ। ਆਮ ਪ੍ਰਭਾਵ ਇਹੀ ਪੈਂਦਾ ਹੈ ਕਿ ਕਵਿਤਾ ਕਲਾ ਦੀ ਦ੍ਰਿਸ਼ਟੀ ਤੋਂ ਨਹੀਂ ਸਗੋਂ ਸ਼ਰਧਾ ਤੇ ਪ੍ਰਚਾਰ ਦੇ ਆਸ਼ੇ ਨਾਲ ਲਿਖੀ ਜਾਂਦੀ ਸੀ । ਸਹੀ ਸਿੱਖ ਕਵਿਤਾ ਵੀਹਵੀਂ ਸਦੀ ਵਿਚ ਹੀ ਉੱਘੜ ਕੇ ਸਾਹਮਣੇ ਆਈ। ਜਿਨ੍ਹਾਂ ਕਵੀਆਂ ਦੀਆਂ ਏਥੇ ਉਦਾਹਰਣਾਂ ਦਿੱਤੀਆਂ ਗਈਆਂ, ਉਹ ਸਾਰੇ ਗੱਦ ਲੇਖਕ ਵੀ ਸਨ। ਕਵਿਤਾ ਦੇ ਟਾਕਰੇ ਤੇ ਉਨ੍ਹਾਂ ਦੀ ਵਾਰਤਕ ਕਿਤੇ ਵੱਧ ਨਿਖਰੀ ਹੈ।

---

123. ਵੀਰ ਸਿੰਘ (ਭਾਈ), 'ਕੰਬਦੀ ਕਲਾਈ', ਪੰਨਾ 121 ( ਇਸ ਵਿਚ ਉਹ ਗੀਤ ਸ਼ਾਮਲ ਹਨ ਜਿਹੜੇ ਭਾਈ ਸਾਹਿਬ ਨੇ ਗੁਰਪੁਰਬਾਂ ਦੇ ਮੌਕਿਆਂ ਤੇ ਲਿਖੇ )

124. ਜੋਧ ਸਿੰਘ, ਗਿਆਨੀ, ' ਸ਼ਹੀਦ ਹੁਲਾਸ', 1899 ਈ., ਲਾਹੌਰ, ਪੰਨਾ 29-30.

125. ਲਾਹੌਰਾ ਸਿੰਘ , 'ਖਾਲਸਾ ਪੱਤਰ ਅਰਥਾਤ ਭਜਨ- ਨੰ: 18, ਪੰਨਾ 31.

126. ਖੁਸ਼ਹਾਲ ਸਿੰਘ - ਸੀਹਰਫੀ - ਲਾਹੌਰ, 1887, ਪੰਨਾ 3.

## ਫੁਟਕਲ ਕਵਿਤਾ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਰਚੀ ਗਈ ਕਵਿਤਾ ਸੰਬੰਧੀ ਇਸੇ ਅਧਿਆਇ ਦੇ ਮੁਢ ਵਿਚ ਦੱਸਿਆ ਗਿਆ ਸੀ ਕਿ ਕਵੀ ਦਰਬਾਰੀ ਦੇ ਰਿਵਾਜ ਨਾਲ, ਪੰਜਾਬੀ ਕਵਿਤਾ ਦਾ ਖੇਤਰ ਕੁਝ ਵਿਸ਼ਾਲ ਹੋ ਗਿਆ ਅਤੇ ਨਿਰੋਲ ਇਸ਼ਕੀਆ ਜਾਂ ਰੋਮਾਂਟਿਕ ਕਵਿਤਾ ਦੀ ਥਾਂ ਜੀਵਨ ਦੇ ਸਾਧਾਰਨ ਪੱਖ ਜਾਂ ਮਸਲੇ ਲੈ ਕੇ ਸਟੇਜ ਉਤੇ ਪੜ੍ਹਨ ਲਈ ਛੋਟੀ ਕਵਿਤਾ ਰਚੀ ਜਾਣ ਲਗੀ। ਭਾਵੇਂ ਇਨ੍ਹਾਂ ਕਵੀ ਦਰਬਾਰਾਂ ਵਿਚ ਸੀਹਰਫ਼ੀਆਂ ਤੇ ਬਾਰਾਂ-ਮਾਹ ਜਾਂ ਅਠਵਾਰੇ ਆਦਿ ਵੀ ਸੁਣਾਏ ਜਾਂਦੇ ਸਨ, ਪਰ ਕਦੇ ਕਦੇ ਪ੍ਰਕਿਰਤੀ, ਸਮਾਜ, ਆਲਾ-ਦੁਆਲਾ, ਮਨੁਖੀ ਹਾਵ-ਭਾਵ ਜਾਂ ਕੋਈ ਅਜਿਹੇ ਵਿਸ਼ੇ ਲੈ ~~ਕੇ ਕਵੀ ਆਪ~~ ਲਏ ਜਾਂਦੇ ਸਨ , ਜਿਹੜੇ ਲੋਕਾਂ ਲਈ ਰੋਚਿਕ ਹੋਣ। ਜੀਵਨ ਦੇ ਕਿਸੇ ਵੀ ਪੱਖ ਨੂੰ ਲੈ ਕੇ ਕਵੀ ਆਪਣੇ ਕਾਵਿ ਸ਼ਿਲਪ, ਕਲਪਨਾ, ਭਾਵ ਜਾਂ ਬੁਧੀ ਦੁਆਰਾ ਉਨ੍ਹਾਂ ਵਿੱਚੋਂ ਕੁਝ ਅਰਥ ਜਾਂ ਨਵਾਂ ਸੋਹਜ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਸਨ। ਇਸ ਕਵਿਤਾ ਦੀ ਮਾਤ੍ਰਾ ਏਨੀ ਵੱਧ ਹੈ ਕਿ ਇਸ ਨੂੰ ਨਾ ਤਾਂ ਕਿਸੇ ਨੇਮ ਵਿਚ ਬੰਨ੍ਹ ਕੇ ਪੇਸ਼ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਧਾਰਾ ਨਾਲ ਜੋੜਿਆ ਜਾ ਸਕਦਾ ਹੈ। ਵਿਸ਼ੇ ਜਾਂ ਰੂਪ ਅਨੁਸਾਰ ਵੀ ਇਨ੍ਹਾਂ ਦਾ ਵਰਗੀਕਰਣ ਸੰਭਵ ਨਹੀਂ । ਬਹੁਤੀ ਵਾਰੀ ਇਨ੍ਹਾਂ ਦੀ ਪੱਧਰ ਵੀ ਏਨੀ ਉੱਚੀ ਨਹੀਂ ਹੁੰਦੀ ਕਿ ਇਸ ਨੂੰ ਸਮੁੱਚੀ ਰਵਾਇਤੀ ਕਵਿਤਾ ਤੋਂ ਨਿਖੇੜਿਆ ਜਾ ਸਕੇ। ਪਰ ਕਿਉਂਜੋ ਨਵੇਂ ਮਾਹੌਲ ਅਧੀਨ, ਕਾਵਿ-ਜਗਤ ਵਿਚ ਇਸ ਨਾਲ ਇਕ ਨਵੀਂ ਪ੍ਰਵਿਰਤੀ ਦਾ ਮੁੱਢ ਬੱਝਾ, ਇਸ ਦੀਆਂ ਕੁਝ ਕੁ ਉਦਾਹਰਣਾਂ ਦੇਣੀਆਂ ਜ਼ਰੂਰੀ ਹਨ:-

(1) ਇਹ ਵੇਦਾਂ ਵਿਚ ਬਦਨਾਮ ਹੋਈ
ਵਿਚ ਗ੍ਰੰਥ ਸਾਹਿਬ ਨਾ-ਕਾਮ ਹੋਈ
ਇਹ ਵਿਚ ਕੁਰਾਨ ਹਰਾਮ ਹੋਈ
ਭੰਨ ਬੋਤਲ ਤੋੜ ਪਿਆਲੇ ਨੂੰ - ਲੱਖ ਲਾਹਨਤ ਪੀਵਣ ਵਾਲੇ ਨੂੰ ।[127]

(2) ਮਿਤਰਾਂ ਨਾਲ ਕਰੇਦੇ ਠੱਗੀ ।
ਡਾਢੀ ਮਾਰ ਰੱਬ ਦੀ ਵੱਗੀ ।
ਥੀਂਦਾ ਜਨਮ ਕਸਾਈ ਹੈ -
ਇਹ ਕੋਈ ਮੱਕੜੀ ਆਈ ਹੈ ।[128]

---

127. ਦੁਰਗਾ ਦਾਸ - 'ਸ਼ਰਾਬ ਦੀ ਸਿੱਠ' (ਫ਼ਾਰਸੀ ਅੱਖਰਾਂ ਵਿੱਚ) ਲਾਹੌਰ, 1893, ਪੰਨਾ 6

128. ਭਾਨਾ ਮਲ ਬੇਲੀ ਰਾਮ- 'ਮੱਕੜੀ ਨਾਮਾ ', ਲਾਹੌਰ, ਅਕਤੂਬਰ 1897, ਪੰਨਾ 5.

(3) ਕੀ ਸਵਾਰਾਂ ਵਿਚ ਜਗਤ ਮੈਂ ? ਸਿਵਾਰ ਕਿੱਥੋਂ ਹੋਈ ।
ਫੁਲ ਕਲੀ ਨ ਡੋਡੀ ਕੋਈ, ਨਾ ਮਿੱਠੀ ਖੁਸ਼ਬੋਈ ।
ਰੰਗ ਜੰਗਾਲੀ ਹੈ ਨਿਰਾ, ਵੇਸ ਗ਼ਰੀਬੀ ਵਾਲਾ ।
ਦੀਦੇ ਹੀਣੀ ਜਿੰਦਿ ਲਈ, ਹੋਰ ਨਹੀਂ ਉਜਿਆਲਾ ।
ਨਾ ਜੜ੍ਹ ਨਾ ਪੱਤੇ ਹਨਗੇ, ਛੋਹ ਨਾ ਡਾਹਨ ਨਾ ਡਾਲਾ ।
ਮੈਂ ਕੌਣ ਹਾਂ - ਕੌਣ, ਕੀ ਕੇਵਲ ਮੈਂ ਜਾਲਾ ? [129]
ਪੁੱਛਾਂ ਪੌਣ, ਉਠ ਗਲੇ ਲਗ, ਕਰ ਜਾਂਦੀ ਪਰ ਟਾਲਾ ॥

(4) ਹਾੜ ਹੋਰ ਸੁਣੋ ਇਕ ਉਪੱਦਰ, ਜਦ ਸਾਹਿਬ ਮਨ ਭਾਇਆ, ਕਲਜੁਗ ਆਇਆ।
ਧੀ ਵੇਚਾਂ ਦਾ ਧਰਮ ਗਿਆ, ਪਹਿਲਾ ਖਸਮ ਹਟਾਇਆ, ਦੂਜਾ ਬਣਾਇਆ ।
ਤੀਜਾ ਸ਼ਾਹੂਕਾਰ ਜਾਣ ਕੇ ਨਾਈ ਸੱਦ ਲਿਆਇਆ, ਪਾਸ ਬਿਠਾਇਆ
ਘਸੀ ਰਾਮ ਮੁਕੱਰਰ ਜਾਣ, ਚੌਥੇ ਨੋਚੀ ਮਾਇਆ, ਗਿਆ ਵਿਆਹਿਆ । [130]

(5) ਸੀਨ ਸੁਰਮੇ ਦੀ ਸ਼ਾਹੀ ਮੱਧਮ ਪੈ ਗਈ, ਵਿਚ ਨੈਣਾਂ ਦੇ ਜ਼ਰਦੀ ਦੀ ਤਾਰ ਆ ਗਈ ।
ਮੈਂ ਤਾਂ ਜਾਣਦਾ ਏਸ ਮੈਦਾਨ ਨੂੰ ਸਾਂ, ਜ਼ਰਦੀ ਕਿਉਂਕਰ ਵਿਚ ਅਨਾਰ ਆ ਗਈ ।
ਤੇਰੀ ਨਿੱਤ ਨਿੱਤ ਦੀ ਸਿਰ ਦਰਦੀ ਕੋਲੋਂ, ਜ਼ਰਦੀ ਗੁਲ ਗੁਲਾਬ ਵਿਚਕਾਰ ਆ ਗਈ ।
ਰੰਗ ਦੇਖ ਕੇ ਯਾਰ ਦਿਲਦਾਰ ਵਾਲਾ, ਰਮਜ਼ੂ ਕਹਿੰਦਾ ਬਸੰਤੀ ਬਹਾਰ ਆ ਗਈ । [131]

(6) ਹੇ ਹੁਸਨ ਦਾ ਬਾਗ਼ ਤਿਆਰ ਹੋਇਆ, ਗੋਇਆ ਖਿਲੀ ਬਹਾਰ ਗੁਲਜ਼ਾਰ ਦੀ ਏ ।
ਭੌਰ ਮਸਤ ਹੋ ਗਿਆ ਖੁਸ਼ਬੂ ਲੈ ਕੇ, ਗੁਲ ਦੇਖ ਬੁਲ ਬੁਲ ਜਾਨ ਵਾਰਦੀ ਏ ।
ਡਾਲੀ ਖਾਲੀ ਨਾ ਕੋਈ ਚਮਨ ਵਾਲੀ, ਵੇਖ ਮੌਜ ਇਹ ਕੈਸੀ ਗੁਲਜ਼ਾਰ ਦੀ ਏ ।
ਨੈਣ ਦੇਖ ਕੇ ਨਰਗਸ ਬੇਹਾਲ ਹੋਈ, ਸ਼ੰਕਰ ਦਾਸ ਸੂਰਤ ਐਸੀ ਯਾਰ ਦੀ ਏ ॥ [132]

(7) ਇਕ ਛੋਟਾ ਸਾ ਪਿੰਡ ਥਾ, ਕਿਸੇ ਸ਼ਹਿਰ ਤੋਂ ਦੂਰ,
ਹੁਤੋ ਬਾਗ਼ ਸੁੰਦਰ ਤਹਾਂ, ਫੂਲੋਂ ਸੇ ਭਰਪੂਰ ।
ਏਕ ਦਿਵਸ ਉਸ ਬਾਗ ਮੇਂ, ਬੈਠੀ ਬੁਲਬੁਲ ਆਇ ।
ਗਾਵਤ ਆਸਾ ਭੈਰਵੀ, ਦੀਨਾ ਦਿਵਸ ਬਿਤਾਇ ।

---

129. ਬਾਬਾ ਕਾਹਨ ਸਿੰਘ (ਡਾ. ਚਰਨ ਸਿੰਘ ਜੀ ਦੇ ਪਿਤਾ ਤੇ ਭਾਈ ਵੀਰ ਸਿੰਘ ਜੀ ਦੇ ਬਾਬੇ) ਸਿਵਾਰ (ਹਵਾਲਾ ਡਾ: ਬਲਬੀਰ ਸਿੰਘ 'ਕਲਮ ਦੀ ਕਰਾਮਤ) 1957, ਪੰ.195.
130. ਘਸੀ ਰਾਮ, 'ਕਿੱਸਾ ਕੁੜੀ ਵੇਚਾਂ', ਅੰਮ੍ਰਿਤਸਰ, 1883 ਈ., ਪੰਨਾ 6.
131. ਰਮਜ਼ੂ ਪਸ਼ੌਰੀ, 'ਸੀਹਰਫ਼ੀ ਰਮਜ਼ੂ ', ਪਿਸ਼ਾਵਰ, 1890 ਈ., ਪੰਨਾ 7.
132. ਸ਼ੰਕਰ ਦਾਸ ਸ਼ੰਕਰ -, 'ਸੀਹਰਫ਼ੀ ਸ਼ੰਕਰ ਦਾਸ', ਅੰਮ੍ਰਿਤਸਰ, 1891 ਈ., ਪੰਨਾ 6.

ਸੰਞ ਭਈ ਖਾਯਾ ਨਾ ਕੁਝ, ਕੀਨਾ ਭੂਖ ਬਿਹਾਲ।
ਦੂਰ ਧਰਾ ਪੁਰ ਤਾੜਿਆ, ਇਕ ਚਮਕਤਾ ਲਾਲ ।
ਮਾਰ ਉਡਾਰੀ ਬਿਰਛ ਤੋਂ, ਪਹੁੰਚੀ ਜੁਗਨੂੰ ਪਾਸ ।
ਮਨ ਮੇਂ ਇਹ ਆਸਾ ਹੁਤੀ, ਕਰੂੰ ਇਸੇ ਇਕ ਗ੍ਰਾਸ ।
ਹਾਥ ਜੋੜ ਇਉਂ ਬੋਲਿਆ, ਜ਼ਰਾ ਦੇਰ ਲੈ ਸਾਹਿ ।
ਜੁਗਨੂੰ ਨੇ ਜਦ ਜਾਨਿਆਂ, ਇਹ ਲੈਗੀ ਮੋਹਿ ਖਾਹਿ ।
ਦੇਖ ਬਡਾਈ ਪ੍ਰਭੂ ਕੀ, ਲਿਖੇ ਲੇਖ ਜਿਨ ਮਾਥ ।
ਮੁਝ ਕੋ ਦੀਆ ਪ੍ਰਕਾਸ਼ ਜਹਿ, ਤੁਝੇ ਰਾਗ ਗੁਨ ਸਾਥ ।
ਤੂੰ ਸਲਾਹ ਮਮ ਚਾਨਣਾ, ਮੈਂ ਸਲਾਹੂੰ ਤਵ ਰਾਗ ।
ਸਮਝ ਸਿਆਣਪ ਹੈ ਇਹੀ, ਪ੍ਰਭ ਦੀ ਸਿਫਤੀ ਲਾਗ ।
ਤੂੰ ਗਾਵਤ ਹੈਂ ਰਾਤ ਨੂੰ, ਮੈਂ ਬੀ ਚਮਕਤ ਰਾਤ ।
" ਇਮ ਕਿਮ ਪ੍ਰਭੂ ਨੈ ਕੀਆ? ਕਿ ਸੋਭਾ ਪਾਵੈ ਰਾਤ "
ਜਦ ਚਮਕੀਲੇ ਕੀਟ ਦੀ ਲੀ ਬੁਲਬੁਲ ਸੁਣ ਕੂਕ ।
ਉਡੀ ਤੁਰਤ ਔ ਭੁਖ ਕੀ, ਰਹੀ ਨਾ ਰੰਚਕ ਹੂਕ।
ਤਾਤਪਰਜ ਇਸ ਬਾਤ ਕਾ, ਸੁਨੋ ਕਾਨ ਦੇ ਮੀਤ ।
ਝਗੜੇ ਝਾਂਝੇ ਛੋੜ ਕੇ ਕਰੋ ਸਭਨ ਸੇ ਪ੍ਰੀਤ ।
ਬਿਨੈ ਕਰਤ ਹੈ ਬੀਰ ਸਿੰਘ ਰਹੋ ਬੀਰ ਸਮ ਬੀਰ ।
ਕਰੋ ਰਾਹ ਨਹ ਕਿਸੂ ਸੈ, ਬਨੋ ਖੀਰ ਔ ਨੀਰ ।।[133]

---

133. ਕਾਵਿ-ਜਗਤ ਵਿਚ ਭਾਈ ਵੀਰ ਸਿੰਘ ਦਾ ਪਰਵੇਸ਼ ਇਸ ਬੂਜੀ ਕਵਿਤਾ ਨਾਲ ਹੋਇਆ, ਜਿਹੜੀ ਉਨ੍ਹਾਂ 1891 ਈ. ਵਿਚ ਲਿਖੀ। ਇਸ ਵਿਚ ਪ੍ਰਗਟਾਏ ਵਿਚਾਰ ਕਿਸੇ ਅੰਗਰੇਜ਼ੀ ਕਵਿਤਾ ਉਤੇ ਅਧਾਰਿਤ ਹਨ । " ਉਸ ਨੇ ਉਸ ਕਵਿਤਾ ਨੂੰ ਸਾਹਮਣੇ ਰੱਖ ਕੇ ਕੋਸ਼ਿਸ਼ ਕੀਤੀ ਕਿ ਇਸ ਦੀ ਸ਼ਬਦਾਵਲੀ ਨੂੰ ਆਪਣੇ ਹਿਰਦੇ ਦੀ ਗੂੰਜ ਵਿੱਚੋਂ ਬਾਹਰ ਕੱਢੇ, ਜਿਸ ਨਾਲ ਆਪਣੇ ਢੱਕੇ ਹੋਏ ਖਿਆਲ ਉਭਰ ਆਉਣ। ਛੰਦ ਲਿਖਣ ਦਾ ਇਹ ਪਹਿਲਾ ਯਤਨ ਸੀ।" ਡਾ. ਬਲਬੀਰ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ ਦਾ ਭਾਈ ਵੀਰ ਸਿੰਘ ਸ਼ਤਾਬਦੀ ਅੰਕ 30 ਨਵੰਬਰ 1972, ਪੰਨਾ- 10. ਇਸ ਕਵਿਤਾ ਦੇ ਅਖ਼ੀਰ ਵਿਚ ਉਨ੍ਹਾਂ ਆਪਣਾ ਨਾਂ ਵੀ ਬੀਰ ਸਿੰਘ ਦਿਤਾ, ਜਿਹੜਾ ਹੋਰ ਕਿਸੇ ਥਾਂ ਨਹੀਂ ਮਿਲਦਾ ।

ਉਪੋਕਤ ਕਵਿਤਾ ਤੋਂ ਬਿਨਾਂ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਭਾਈ ਸਾਹਿਬ ਨੇ ਗੁਰਪੁਰਬ ਦੇ ਮੌਕਿਆਂ ਤੇ ਕੁਝ ਗੀਤ ਲਿਖੇ ਜਿਹੜੇ ਪਿੱਛੋਂ 'ਕੰਬਦੀ ਕਲਾਈ' ਸੰਗ੍ਰਹਿ ਵਿਚ ਸ਼ਾਮਲ ਕੀਤੇ ਗਏ। ਪੁਸਤਕ ਰੂਪ ਵਿਚ ਭਾਈ ਸਾਹਿਬ ਦੀ ਪਹਿਲੀ ਕਾਵਿ-ਰਚਨਾ 'ਨਿਨਾਣ ਭਰਜਾਈ ਦੀ ਸਿਖਿਆਦਾਇਕ ਵਾਰਤਾਲਾਪ" ਬੈਂਤਾਂ ਵਿਚ ਸੀ, ਜਿਹੜੀ 1900 ਈ. ਵਿਚ ਪ੍ਰਕਾਸ਼ਤ ਹੋਈ। ਸਮਾਜ ਸੁਧਾਰ ਦੇ ਆਸ਼ੇ ਅਧੀਨ ਲਿਖੀ ਇਹ ਲੰਬੀ ਕਵਿਤਾ, ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਬਹੁਤੀ ਉਤਮ ਨਹੀਂ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਰਚੀਆਂ ਕਵਿਤਾਵਾਂ ਉਨ੍ਹਾਂ ਦੇ "ਕਾਵਿ-ਅਭਿਆਸ ਕਾਲ " ਦੀਆਂ ਹੀ ਲਖਾਇਕ ਹਨ।

ਉਪ੍ਰੋਕਤ ਉਦਾਹਰਣਾਂ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਪੰਜਾਬੀ ਦੇ ਉਸ ਕਾਲ ਦੇ ਕੁਝ ਕੁ ਕਵੀ, ਬਿਨਾਂ ਕਿਸੇ ਵਿਸ਼ੇਸ਼ ਧਾਰਾ ਦੇ ਅਨੁਯਾਈ ਹੋਣ ਦੇ, ਮਨ ਦੀ ਮੌਜ ਅਨੁਸਾਰ ਕਵਿਤਾ ਲਿਖਣ ਲਗ ਪਏ ਸਨ ਅਤੇ ਜੀਵਨ ਦੇ ਸਧਾਰਨ ਤੋਂ ਸਧਾਰਨ ਵਿਸ਼ਿਆਂ ਨੂੰ ਅਪਣਾ ਕੇ ਰਵਾਇਤੀ ਰੰਗ ਵਿਚ ਸਿਰਜਣਾ ਕਰਦੇ ਸਨ। ਕਵਿਤਾ ਦੀ ਪੱਧਰ ਬੜੀ ਨੀਵੀਂ ਸੀ ਅਤੇ ਕਈ ਵਾਰੀ ਤਾਂ ਨਿਰੋਲ ਤੁਕ-ਬੰਦੀ ਬਣ ਕੇ ਹੀ ਰਹਿ ਜਾਂਦੀ ਸੀ ।

ਉਨ੍ਹੀਵੀਂ ਸਦੇ ਦੇ ਦੂਜੇ ਅੱਧ ਦੀ ਕਾਵਿ ਸਿਰਜਣਾ ਦੇ ਸੰਖੇਪ ਸਰਵੇਖਣ ਤੋਂ ਅਸੀਂ ਹੇਠ ਲਿਖੇ ਸਿੱਟਿਆਂ ਤੇ ਪੁਜਦੇ ਹਾਂ:-

(1) ਇਸ ਕਾਲ ਵਿਚ ਰਚੇ ਗਏ ਕਾਵਿ-ਸਾਹਿੱਤ ਦੀ ਮੁੱਖ ਧਾਰਾ ਕਿੱਸਾਕਾਰੀ ਵਾਲੀ ਸੀ । ਜਿੰਨੇ ਕਿੱਸੇ ਇਸ ਕਾਲ ਵਿਚ ਰਚੇ ਗਏ, ਓਨੇ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਰਚੇ ਗਏ । ਉਨ੍ਹੀਵੀਂ ਸਦੀ ਦੇ ਅੰਤ ਤਕ ਕਿੱਸਾਕਾਰੀ ਆਪਣਾ ਭਰਪੂਰ ਜੋਬਨ ਦਿਖਾ ਕੇ, ਵੀਹਵੀਂ ਸਦੀ ਦੇ ਚੜ੍ਹਾ ਨਾਲ ਮੱਧਮ ਪੈਣ ਲੱਗੀ।

(2) ਕਿੱਸਾ-ਕਾਰੀ ਵਿਚ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਬਹੁਤ ਸਾਰੇ ਨਵੇਂ ਪ੍ਰਯੋਗ ਕੀਤੇ ਗਏ। ਜਿੱਥੇ ਕਿੱਸਿਆਂ ਲਈ ਨਵੇਂ ਅਛੋਹੇ ਵਿਸ਼ੇ ਵੀ ਅਪਣਾਏ ਗਏ, ਉਥੇ ਨਵੇਂ ਕਾਵਿ-ਰੂਪ ਤੇ ਕਾਵਿ-ਛੰਦ ਵੀ ਇਸ ਕਾਲ ਦੀ ਕਿੱਸਾ-ਕਾਰੀ ਦੀ ਵਿਲੱਖਣ ਦੇਣ ਹਨ।

(3) ਪਹਿਲੀ ਵਾਰੀ ਕਿੱਸਿਆਂ ਨੂੰ ਸਦਾਚਾਰਕ ਅਰਥ ਦਿਤੇ ਜਾਣ ਲਗੇ ਅਤੇ ਇਸ਼ਕ ਮਿਜਾਜ਼ੀ ਦੇ ਬ੍ਰਿਤਾਂਤ ਵਿੱਚੋਂ ਵੀ ਜੀਵਨ ਦੇ ਉਚੇਰੇ ਨਕਸ਼ ਦਰਸਾਉਣਾ ਕਿੱਸਾ-ਕਾਰਾਂ ਦੀ ਰੀਝ ਬਣ ਗਈ।

(4) ਇਸ ਕਾਲ ਵਿਚ ਹਰ ਪ੍ਰਕਾਰ ਦੇ ਵਿਚਾਰ ਪ੍ਰਗਟਾਵੇ ਲਈ ਏਨੀਆਂ ਸੀਹਰਫ਼ੀਆਂ ਤੇ ਬਾਰਾਂ-ਮਾਹੇ' ਲਿਖੇ ਗਏ ਕਿ ਸਾਹਿੱਤ ਦੇ ਇਤਿਹਾਸ ਦੇ ਇਸ ਕਾਲ ਨੂੰ 'ਸੀਹਰਫ਼ੀ' ਜਾਂ 'ਬਾਰਾਂ-ਮਾਹ' ਕਾਲ ਆਖਣਾ ਵੀ ਅਨੁਚਿਤ ਨਹੀਂ ਹੋਵੇਗਾ।

(5) ਪੰਜਾਬੀ ਕਵਿਤਾ ਵਿਚ ਇਸਲਾਮੀ ਵਿਚਾਰਧਾਰਾ ਨੂੰ ਪ੍ਰਗਟਾਉਣ ਦੇ ਜਿੰਨੇ ਸੁਚੇਤ ਤੇ ਬਹੁ-ਪੱਖੀ ਯਤਨ ਇਸ ਕਾਲ ਵਿਚ ਹੋਏ, ਉਹ ਇਸ ਤੋਂ ਪਹਿਲਾਂ ਜਾਂ ਪਿੱਛੋਂ ਕਦੇ ਵੀ ਸਾਹਮਣੇ ਨਹੀਂ ਆਏ।

(6) ਹਿੰਦੂ ਤੇ ਸਿੱਖ ਵਿਦਵਾਨਾਂ ਨੇ ਆਪੋ ਆਪਣੇ ਧਰਮਾਂ ਸੰਬੰਧੀ ਪੰਜਾਬੀ ਵਿਚ ਕੁਝ ਕਵਿਤਾ ਜ਼ਰੂਰ ਰਚੀ ਪਰ ਉਨ੍ਹਾਂ ਉਤੇ ਬ੍ਰਜੀ ਭਾਰੂ ਹੀ ਰਹੀ। ਬਹੁਤੇ ਲੇਖਕ ਬ੍ਰਜੀ ਵਿਚ ਹੀ ਕਾਵਿ-ਰਚਨਾ ਕਰਦੇ ਰਹੇ।

(7) ਬੀਰ-ਕਾਵਿ ਦਾ ਵੀ ਇਹ ਅਧੋਗਤੀ ਦਾ ਸਮਾਂ ਹੀ ਆਖਣਾ ਚਾਹੀਦਾ ਹੈ। ਜਿੰਨੀਆਂ ਵਾਰਾਂ ਜਾਂ ਜੰਗਨਾਮੇ ਲਿਖੇ ਗਏ, ਉਹ ਵਧੇਰੇ ਰਾਜ-ਭਗਤੀ ਦੀ ਭਾਵਨਾ ਉਪਜਾਉਣ ਵਾਲੇ ਹੀ ਸਨ।

ਦੇਸ਼-ਭਗਤੀ ਵਾਲਾ ਅਖ਼ੀਰੀ ਕਵੀ ਸ਼ਾਹ-ਮੁਹੰਮਦ ਸਾਡੇ ਅਧਿਐਨ ਕਾਲ ਤੋਂ ਪਹਿਲਾਂ ਹੋ ਚੁੱਕਾ ਸੀ, ਤੇ ਇਨ੍ਹਾਂ ਪੰਜਾਹ ਵਰ੍ਹਿਆਂ ਵਿਚ ਸੁਤੰਤਰਤਾ ਜਾਂ ਦੇਸ਼ ਲਈ ਕੁਰਬਾਨੀ ਦੀ ਕੋਈ ਵੀ ਘਟਨਾ, ਪੁਰਾਣੀ ਜਾਂ ਨਵੀਂ ਉੱਕਾ ਹੀ ਨਾ ਦੁਹਰਾਈ ਗਈ।

(8) ਧਾਰਮਕ ਤੇ ਸਮਾਜ ਸੁਧਾਰ ਦੀਆਂ ਲਹਿਰਾਂ ਦੇ ਇਸ ਕਾਲ ਵਿਚ ਜਿੱਥੇ ਵਾਰਤਕ ਵਿਚ ਅਨਗਿਣਤ ਨਵੇਂ ਰੂਪ ਤੇ ਨਵੇਂ ਮਾਧਿਅਮ ਅਪਣਾਏ ਗਏ, ਉਥੇ ਕਵਿਤਾ ਰਵਾਇਤੀ ਹੱਦਾਂ ਨਾਂ ਟੱਪ ਸਕੀ।

(9) ਕਵੀ ਦਰਬਾਰਾਂ ਦੀ ਪ੍ਰਥਾ ਨੇ ਕਵੀਆਂ ਵਿਚ ਉਸਤਾਦੀ ਸ਼ਾਗਿਰਦੀ ਦਾ ਸਿਲਸਲਾ ਜਾਰੀ ਕਰ ਦਿੱਤਾ ਤੇ ਕਿੱਸਾਕਾਰੀ ਵਿਚ ਕੇਂਦਰੀ ਤੇ ਪੱਛਮੀ ਪੰਜਾਬ ਤੋਂ ਛੁਟ ਮਾਲਵਾ ਵੀ ਉੱਘਾ ਕੇਂਦਰ ਬਣ ਗਿਆ। ਲੋਕ-ਕਵੀ ਤੇ ਕਵੀਸ਼ਰ ਏਨੀ ਮਾਤ੍ਰਾ ਵਿਚ ਉਭਰੇ ਕਿ ਮਾਲਵੇ ਦਾ ਸ਼ਾਇਦ ਹੀ ਕੋਈ ਪਿੰਡ ਹੋਵੇ, ਜਿੱਥੇ ਇਕ ਅੱਧਾ ਕਵੀਸ਼ਰ ਪੈਦਾ ਨਾ ਹੋਇਆ ਹੋਵੇ। ਪਰ ਇਨ੍ਹਾਂ ਸਭਨਾਂ ਦੀਆਂ ਰਚਨਾਵਾਂ ਸਾਡੇ ਤਕ ਨਹੀਂ ਅਪੜ ਸਕੀਆਂ।

(10) ਇਸ ਕਾਲ ਵਿਚ ਰਚੀ ਗਈ ਕਵਿਤਾ ਵਿਚ ਕਾਵਿ-ਅਨੁਭਵ ਤੇ ਕਾਵਿ-ਚੇਤਨਾ ਦਾ ਸੁਮੇਲ ਕਦੇ ਕਦਾਈਂ ਹੀ ਕਿਸੇ ਕਵੀ ਵਿਚ ਵੇਖਣ ਵਿਚ ਆਉਂਦਾ ਹੈ। ਅਨੁਭਵ ਦੀ ਘਾਟ ਤੇ ਵਿਸ਼ਿਆਂ ਦੀ ਮੌਲਿਕਤਾ ਦੀ ਅਨਹੋਂਦ ਕਰ ਕੇ, ਕਵਿਤਾ ਵਿਚ ਰੂਪਕ ਸਜਾਵਟ, ਸ਼ਾਬਦਕ ਅਟਕ-ਮਟਕ ਤੇ ਛੰਦਾਂ ਦੀ ਵੰਨ-ਸੁਵੰਨਤਾ ਵਲ ਵਧੇਰੇ ਧਿਆਨ ਦਿੱਤਾ ਜਾਣ ਲੱਗਾ।

(11) ਭਾਵੇਂ ਡਾ. ਬਲਬੀਰ ਸਿੰਘ ਤੇ ਡਾਕਟਰ ਮੋਹਨ ਸਿੰਘ 1860 ਈ. ਤੋਂ ਪਿੱਛੋਂ ਰਚੀ ਗਈ ਕਵਿਤਾ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਨਾਂ ਦਿੰਦੇ ਹਨ, ਪਰ ਅਸਲੀਅਤ ਇਹ ਹੈ ਕਿ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਰਚੀ ਗਈ ਕਵਿਤਾ ਨੂੰ ਆਧੁਨਿਕਤਾ ਦਾ ਨਾਂ ਦੇਣਾ ਬਿਲਕੁਲ ਉਚਿਤ ਨਹੀਂ।

(12) ਸਮੁੱਚੇ ਤੌਰ ਤੇ ਇਸ ਕਾਲ ਦੀ ਕਾਵਿ-ਸਿਰਜਣਾ ਗਿਣਾਤਮਕ ਪੱਖ ਤੋਂ ਬਹੁਤ ਵੱਡੀ ਮਾਤ੍ਰਾ ਵਿਚ ਹੋਣ ਦੇ ਬਾਵਜੂਦ, ਗੁਣਾਤਮਕ ਪੱਖੋਂ ਬਹੁਤੀ ਉਤਸ਼ਾਹ-ਜਨਕ ਨਹੀਂ।

ਅਧਿਆਇ ਦਸਵਾਂ

# ਉੱਘੇ ਵਾਰਤਕ ਲੇਖਕ

## ਉੱਘੇ ਵਾਰਤਕ ਲੇਖਕ

'ਪੰਜਾਬੀ ਵਾਰਤਕ ਦਾ ਸਰਵੇਖਣ' ਵਾਲੇ ਅਧਿਆਇ ਵਿਚ, ਆਪਣੇ ਅਧੀਨ ਕਾਲ ਨਾਲ ਸੰਬੰਧਿਤ ਸਮੁੱਚੀ ਵਾਰਤਕ ਰਚਨਾ, ਉਸ ਦੇ ਲੱਛਣਾਂ, ਝੁਕਾਵਾਂ ਜਾਂ ਪਰਵਿਰਤੀਆਂ ਸੰਬੰਧੀ ਵਿਸਤਾਰ-ਪੂਰਵਕ ਚਰਚਾ ਕਰਨ ਉਪ੍ਰੰਤ ਕੁਝ ਨਿਸ਼ਚਿਤ ਸਿੱਟੇ ਕੱਢੇ ਗਏ ਸਨ ਜਿਨ੍ਹਾਂ ਤੋਂ ਆਧੁਨਿਕ ਪੰਜਾਬੀ ਵਾਰਤਕ ਦੇ ਆਰੰਭ, ਵਿਕਾਸ ਤੇ ਪ੍ਰਾਪਤੀ ਨੂੰ ਦਰਸਾਇਆ ਗਿਆ ਸੀ। ਇਸ ਅਧਿਆਇ ਵਿਚ ਉਘੇ ਗੱਦ-ਕਾਰਾਂ ਦੀ ਦੇਣ ਨੂੰ, ਸੰਖਿਪਤ, ਪਰ ਸਰਬ-ਪੱਖੀ ਦ੍ਰਿਸ਼ਟੀ ਤੋਂ ਵਿਚਾਰ ਕੇ ਪੰਜਾਬੀ ਗੱਦ ਸਾਹਿੱਤ ਵਿਚ ਉਨ੍ਹਾਂ ਦਾ ਸਥਾਨ ਜਾਂ ਪੰਜਾਬੀ ਵਾਰਤਕ ਨੂੰ ਉਨ੍ਹਾਂ ਦੀ ਸਮੁੱਚੀ ਦੇਣ ਬਾਰੇ ਵਿਚਾਰ ਕੀਤੀ ਗਈ ਹੈ। ਸਾਹਿੱਤ ਵਿਚ ਪ੍ਰਵੇਸ਼-ਕਾਲ-ਕ੍ਰਮ ਅਨੁਸਾਰ ਇਹ ਗੱਦ-ਕਾਰ ਹਨ:-

1. ਪੰਡਿਤ ਸ਼ਰਧਾ ਰਾਮ ਫਲੌਰੀ (1837-1881 ਈ.)
2. ਲਾਲਾ ਬਿਹਾਰੀ ਲਾਲ ਪੁਰੀ ( 1830-1885 ਈ.)
3. ਪ੍ਰੋ. ਗੁਰਮੁਖ ਸਿੰਘ (1849-1898 ਈ.)
4. ਗਿਆਨੀ ਦਿੱਤ ਸਿੰਘ ( 1852-1901 ਈ.)
5. ਗਿਆਨੀ ਗਿਆਨ ਸਿੰਘ( 1822- 1921 ਈ.)
6. ਡਾ. ਚਰਨ ਸਿੰਘ ( 1853- 1908 ਈ.)
7. ਭਾਈ ਵੀਰ ਸਿੰਘ ( 1872 - 1957 ਈ. )

*****

<u>ਪੰਡਿਤ ਸ੍ਰਧਾ ਰਾਮ ਫਲੌਰੀ</u> ( 30 ਸਤੰਬਰ 1837 – 24 ਜੂਨ 1881 ਈ.)

ਹਿੰਦੀ ਸੰਸਕ੍ਰਿਤ, ਉਰਦੂ ਤੇ ਪੰਜਾਬੀ ਦੇ ਉੱਘੇ ਵਿਦਵਾਨ, ਇਨ੍ਹਾਂ ਚੌਹਾਂ ਭਾਸ਼ਾਵਾਂ ਵਿਚ 20[1] ਦੇ ਕਰੀਬ ਪੁਸਤਕਾਂ ਦੇ ਲੇਖਕ ਅਤੇ ਅਨੁਵਾਦਕ, ਕਵੀ ਤੇ ਵਾਰਤਕ ਦੋਹਾਂ ਰੂਪਾਂ ਵਿਚ ਨਿਪੁੰਨ ਤੇ ਇੱਕੋ ਜਿਹੀ ਸੁਗਮਤਾ ਨਾਲ ਲਿਖਣ ਵਾਲੇ, ਈਸਾਈ ਪਾਦਰੀਆਂ ਦੇ ਪ੍ਰਭਾਵ ਹੇਠ ਲਿਖਣ ਦੀ ਚੇਸ਼ਟਾ ਪ੍ਰਾਪਤ ਕਰ ਕੇ, ਉਮਰ ਭਰ ਹਿੰਦੂ ਧਰਮ ਤੇ ਸੰਸਕ੍ਰਿਤੀ ਦੇ ਪ੍ਰਚਾਰਕ, ਧੜੱਲੇਦਾਰ ਵਕਤਾ, ਬਾਦਲੀਲ ਤੇ ਪ੍ਰਭਾਵਸ਼ਾਲੀ ਕੱਥਕੜ ਸਿੱਖ ਗੁਰੂਆਂ ਦੀ ਨਿੰਦਿਆ ਦੇ ਪ੍ਰਤਿਕਰਮ ਵਜੋਂ ਸਿੰਘ ਸਭਾ ਅੰਮ੍ਰਿਤਸਰ ਦੀ ਤੁਰਤ ਸਥਾਪਨਾ ਦੇ ਜ਼ਿੰਮੇਵਾਰ, ਪੰਡਿਤ ਸ੍ਰਧਾ ਰਾਮ ਦਾ ਜਨਮ ਪੰਡਿਤ ਜੈਦਿਆਲ ਦੇ ਘਰ ਫਲੌਰ ਵਿਚ 30 ਸਤੰਬਰ 1837 ਈ. ਨੂੰ ਹੋਇਆ।[2] ਆਪ ਨੇ ਲੁਧਿਆਣਾ ਮਿਸ਼ਨ ਵਲੋਂ ਪ੍ਰਕਾਸ਼ਤ ਹੁੰਦੀਆਂ ਬਹੁਤ ਸਾਰੀਆਂ ਪੁਸਤਕਾਂ ਦੇ, ਨਿਊਟਨ ਸਾਹਿਬ ਦੀ ਅਗਵਾਈ ਹੇਠ, ਪੰਜਾਬੀ ਅਨੁਵਾਦ ਕੀਤੇ। ਆਪਣੀਆਂ ਮੌਲਿਕ ਪੰਜਾਬੀ ਕ੍ਰਿਤਾਂ ਦੁਆਰਾ ਪਹਿਲੀ ਵਾਰ ਲੌਕਿਕ ਜਾਂ ਸੰਸਾਰੀ ਪੱਧਰ ਦੀ ਵਾਰਤਕ ਦਾ ਮੁਢ ਬੰਨ੍ਹਿਆ ਅਤੇ ਆਮ ਬੋਲ-ਚਾਲ ਦੀ ਸਾਫ਼, ਸੁਲਝੀ ਹੋਈ ਤੇ ਨਿਖਰਵੀਂ ਭਾਸ਼ਾ ਵਰਤ ਕੇ, ਪੰਜਾਬੀ ਵਾਰਤਕ ਦੇ ਵਿਕਾਸ ਨੂੰ ਨਵੀਆਂ ਲੀਹਾਂ ਤੇ ਤੋਰਨ ਦੇ ਵੱਡਮੁੱਲੇ ਪ੍ਰਯੋਗ ਕੀਤੇ।

ਪੰਜਾਬੀ ਵਿਚ ਬਾਰਾਂ-ਮਾਹ ਤੇ ਕੁਝ ਬੈਂਤਾਂ ਤੋਂ ਛੁੱਟ ਆਪ ਦੀਆਂ ਦੋ ਪ੍ਰਸਿੱਧ ਗੱਦ-ਰਚਨਾਵਾਂ, ਸਿੱਖਾਂ ਦੇ ਰਾਜ ਦੀ ਵਿਥਿਆ (1866 ਈ.) ਤੇ ਪੰਜਾਬੀ ਬਾਤ ਚੀਤ (1875 ਈ.) ਹਨ । ਇਹ ਦੋਵੇਂ ਪੁਸਤਕਾਂ ਅੰਗਰੇਜ਼ ਹਾਕਮਾਂ ਦੇ ਕਹਿਣ ਤੇ ਲਿਖੀਆਂ ਗਈਆਂ ਤੇ ਉਨ੍ਹਾਂ ਦੇ

---

1. ਪੰਡਿਤ ਸ੍ਰਧਾ ਰਾਮ ਫਲੌਰੀ ਦੁਆਰਾ ਰਚਿੱਤ ਸਾਹਿੱਤ ਦਾ ਵੇਰਵਾ ਇਸ ਪ੍ਰਕਾਰ ਹੈ:-

<u>ਹਿੰਦੀ</u> – (1) ਸਤੱਯ-ਅੰਮ੍ਰਿਤ ਪਰਵਾਹ (2) ਉਪਦੇਸ਼ ਸੰਗ੍ਰਹਿ (3) ਧਰਮ ਸੰਵਾਦ (4) ਧਰਮ ਰਖਸ਼ਾ (5) ਸ਼ਤ ਉਪਦੇਸ਼ (6) ਭਾਗਯਵਤੀ (7) ਸੱਤਯ ਧਰਮ ਮੁਕਤਾਵਲੀ (ਭਜਨ ਸੰਗ੍ਰਹਿ ਤਿੰਨ ਭਾਗ) (8) ਰਮਲ ਕਾਮਧੇਨ (9) ਬੀਜ ਮੰਤ੍ਰ ।

<u>ਸੰਸਕ੍ਰਿਤ:</u> (1) ਨਿਤ ਪ੍ਰਾਰਥਨਾ (2) ਆਤਮ ਚਕਿਤਸਾ ।

<u>ਉਰਦੂ:</u> (1) ਦੁਰਜਨ ਮੁਖ ਚਪੇਟਿਕਾ (2) ਤਤਵ ਦੀਪਕ (3) ਧਰਮ ਕਸੌਟੀ (4) ਅਸੂਲਿ ਮਜ਼ਾਹਿਬ (5) ਜੀਵਨ ਚਰਿਤਰ ।

<u>ਪੰਜਾਬੀ:</u>- ਸਿੱਖਾਂ ਦੇ ਰਾਜ ਦੀ ਵਿਥਿਆ (2) ਪੰਜਾਬੀ ਬਾਤ ਚੀਤ ।

2. ਆਪ ਦੀ ਜਨਮ/ਤਿਥੀ ਸੰਬੰਧੀ ਹਿੰਦੀ ਤੇ ਪੰਜਾਬੀ ਦੇ ਲਗਭਗ ਸਾਰੇ ਵਿਦਵਾਨ ਸਹਿਮਤ ਹਨ, ਪਰ ਡਾ.ਹਰਨਾਮ ਸਿੰਘ ਸ਼ਾਨ ਨੇ 'ਆਲੋਚਨਾ' ਤ੍ਰੈਮਾਸਕ- ਅਕਤੂਬਰ 1956 ਵਿਚ ਪ੍ਰਕਾਸ਼ਤ ਆਪਣੇ ਲੇਖ ਵਿਚ 1896 ਈ. ਵਿਚ ਛਪੀ ਪੁਸਤਕ 'ਸ੍ਰਧਾ ਪ੍ਰਕਾਸ਼' ਦੇ ਹਵਾਲੇ ਨਾਲ ਜਨਮ ਦਾ ਸੰਨ 1807 ਈ. ਦਿੱਤਾ ਹੈ, ਜਿਹੜਾ ਕਿ ਠੀਕ ਪ੍ਰਤੀਤ ਨਹੀਂ ਹੁੰਦਾ।

ਉੱਦਮ ਨਾਲ ਹੀ ਪ੍ਰਕਾਸ਼ਤ ਹੋਈਆਂ। ਪਹਿਲੀ ਪੁਸਤਕ ਦਾ ਮਨੋਰਥ ਬਦੇਸ਼ੀ ਹਾਕਮਾਂ ਤੇ ਈਸਾਈ ਪਾਦਰੀਆਂ ਨੂੰ ਸਿੱਖਾਂ ਦੇ ਧਰਮ, ਇਤਿਹਾਸ ਤੇ ਰਹੁ-ਰੀਤਾਂ ਤੋਂ ਜਾਣੂੰ ਕਰਵਾਉਣਾ ਸੀ ਅਤੇ ਦੂਜੀ ਦਾ ਮਨੋਰਥ ਅੰਗਰੇਜ਼ਾਂ ਨੂੰ ਪੰਜਾਬੀ ਭਾਸ਼ਾ ਸਿੱਖਣ ਵਿਚ ਸਹਾਇਕ ਹੋਣਾ ਸੀ। ਸਿੱਖਾਂ ਦੇ ਰਾਜ ਦੀ ਵਿਥਿਆ ਦੇ ਮੁਢ ਵਿਚ ਲੇਖਕ ਲਿਖਦਾ ਹੈ: " ਇਹ ਪੋਥੀ ਸ੍ਰੀ ਮਹਾਰਾਜ ਗੁਣ-ਗ੍ਰਾਹਕ, ਪਰਮ ਦਿਆਲੂ ਕਿਰਪਾ ਸਾਗਰ ਮਿਸਟਰ ਮੈਕਲੌਂਦ ਸਾਹਿਬ ਜੀ ਦੀ ਇੱਛਿਆ ਅਨੁਸਾਰ, ਜੋ ਲਿਫਟਿਨੈਂਟ ਗਵਰਨਰ ਪੰਜਾਬ ਦੇ ਹਨ, ਸੰਮਤ 1922 ਅਰਥਾਤ ਸੰਨ 1866 ਈ. ਵਿਚ ਮੈਂ ਪੰਡਿਤ ਸ਼ਰਧਾ ਰਾਮ ਜੋ ਜਲੰਧਰ ਦੇ ਇਲਾਕੇ ਦੇ ਫਲੌਰ ਸ਼ਹਿਰ ਵਿਖੇ ਰਹਿੰਦਾ ਹਾਂ, ਤਿਆਰ ਕੀਤੀ ਹੈ। ਜੋ ਕੋਈ ਚਿੱਤ ਲਾ ਕੇ ਆਦਿ ਤੇ ਅੰਤ ਇਸ ਦਾ ਮੇਲ ਕਰੇਗਾ, ਪੰਜਾਬ ਦੇ ਹਾਲ ਨੂੰ ਦਿਲ ਵਿਚ ਧਾਰੇਗਾ।"[3]

ਐਸੇ ਤਰ੍ਹਾਂ 'ਪੰਜਾਬੀ ਬਾਤ ਚੀਤ' ਦੇ ਮੁਢ ਵਿਚ ਲਿਖਿਆ ਹੈ:" ਇਹ ਪੋਥੀ ਜੋ ਅੰਗਰੇਜ਼ਾਂ ਦੇ ਫ਼ਾਇਦੇ ਵਾਸਤੇ ਲਿਖੀ ਹੈ ਕਿ ਜੋ ਪੰਜਾਬ ਦੇ ਸਭ ਦਸਤੂਰ ਸਮਝਣੇ ਚਾਹੁੰਦੇ ਹਨ। ਇਸ ਵਾਸਤੇ ਜਿੱਥੋਂ ਤਾਈਂ ਪਾਰਬਸਾਈ, ਕੋਈ ਮੁਹਾਵਰਾ ਬੁਹਾਰ ਲਿਖਣੇ ਤੋਂ ਨਹੀਂ ਛੱਡਿਆ। ਇਸ ਪੋਥੀ ਵਿਚ ਅਹੀ ਮਨੋਕਤ ਕਥਾ ਲਿਖੀ ਹੈ ਜਿਸ ਨੂੰ ਸੁਣ ਕੇ, ਅਰ ਪੜ੍ਹ ਕੇ ~~ਸਿੱਖਾਂ ਦੇ ਰਾਜ ਦੀ ਵਿਥਿਆ~~' ਇਕ ਤਾਂ ਮਨ ਨਹੀਂ ਥਕਦਾ, ਦੂਜੇ ਬੋਲਣੇ ਦੇ ਸਾਰੇ ਢੰਗ ਆ ਜਾਂਦੇ ਹਨ।"[4]

'ਸਿੱਖਾਂ ਦੇ ਰਾਜ ਦੀ ਵਿਥਿਆ' ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਗੁਰੂ ਸਾਹਿਬਾਨ ਦੇ ਜੀਵਨ ਬ੍ਰਿਤਾਂਤ, ਰਹਿਤਨਾਮਾ ਸਿੱਖਾਂ ਦਾ ਤੇ ਜ਼ਫਰਨਾਮਾ ਹਨ। ਦੂਜੇ ਭਾਗ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਲੈ ਕੇ ਅੰਗਰੇਜ਼ਾਂ ਦੇ ਆਉਣ ਤਕ ਦਾ ਹਾਲ ਹੈ। ਤੀਜੇ ਭਾਗ ਵਿਚ ਪੰਜਾਬ ਦੀਆਂ ਰਸਮਾਂ ਰੀਤਾਂ ਲੋਕ-ਰੀਤਾਂ ਤੇ ਅਖਾਉਤਾਂ ਦਾ ਵਰਣਨ ਹੈ। ਅਖੀਰ ਵਿਚ ਅੰਤਿਕਾ ਵਜੋਂ ਪੁਰਾਤਨ ਜਨਮ-ਸਾਖੀ ਵਿੱਚੋਂ ਵੀਹ ਸਾਖੀਆਂ ਦਰਜ ਹਨ। ਪਾਦਰੀਆਂ ਅਧੀਨ ਕੰਮ ਕਰਨ ਦੇ ਤਜਰਬੇ ਦੇ ਆਧਾਰ ਤੇ ਇਸ ਪੁਸਤਕ ਦੇ ਆਰੰਭ ਵਿਚ ਵਿਸ਼ਾ-ਸੂਚੀ ਤੇ ਹਰ ਪੰਨੇ ਤੇ ਕਾਂਡ ਦਾ ਸਿਰਲੇਖ ਦਿੱਤਾ ਹੈ। ਬਿਸਰਾਮ ਚਿੰਨ੍ਹਾਂ ਦੀ ਵਰਤੋਂ ਵੀ ਕੀਤੀ ਗਈ ਹੈ। ਵਿਸ਼ੇ ਜਾਂ ਬਿਆਨ ਦੇ ਮਹੱਤਵ ਅਨੁਸਾਰ ਲੇਖਕ ਦੀ ਸ਼ੈਲੀ ਵਿਚ ਨਿਜੱਤਵ ਆ ਜਾਂਦਾ ਹੈ। ਵਾਰਤਕ ਲਿਖਦਿਆਂ ਵੀ ਕਥਾਕਾਰਾਂ ਵਾਲੀ ਵਿਆਖਿਆ ਤੇ ਭਾਸ਼ਨ-ਕਾਰਾਂ ਵਾਲੀ ਭਾਵਕਤਾ ਲੈ ਆਉਂਦਾ ਹੈ। ਲੇਖਕ ਦਾ ਮਨੋਰਥ ਅੰਗਰੇਜ਼ਾਂ ਨੂੰ ਸਿੱਖ ਇਤਿਹਾਸ ਤੇ ਸਿੱਖ ਰਹਿਤ-ਮਰਯਾਦਾ ਤੇ ਪੰਜਾਬੀ ਸਭਿਆਚਾਰ ਤੋਂ ਜਾਣੂੰ ਕਰਵਾਉਣਾ ਹੈ, ਇਸ ਲਈ ਲਿਖਤ ਵਿਚ

---

3. ਫਲੌਰੀ, ਸ਼ਰਧਾ ਰਾਮ ," ਸਿੱਖਾਂ ਦੇ ਰਾਜ ਦੀ ਵਿਥਿਆ" ਲਾਹੌਰ 1905 ਈ.-ਭੂਮਿਕਾ।
4. ਫਲੌਰੀ, ਸ਼ਰਧਾ ਰਾਮ ,'ਪੰਜਾਬੀ ਬਾਤ ਚੀਤ', ਏ.ਸੀ.ਪਾਲ ਐਂਡ ਸਨਜ਼, ਅੰਮ੍ਰਿਤਸਰ ਦੀ 1931 ਈ. ਦੀ ਐਡੀਸ਼ਨ।

ਗੁਰੂਆਂ ਪ੍ਰਤੀ ਸ਼ਰਧਾ ਤੇ ਸਿੱਖ ਇਤਿਹਾਸ ਪ੍ਰਤੀ ਸਤਿਕਾਰ ਦੀ ਥਾਂ, ਬਿਆਨ ਵਿਚ ਖਰਵ੍ਹਾ-ਪਨ ਹੈ ਤੇ ਨਿਰਾਦਰ ਸਪੱਸ਼ਟ ਹੈ। ਸੱਭਯ ਜਾਂ ਸਾਊ ਭਾਸ਼ਾ ਦੀ ਥਾਂ ਬੜੀ ਮੂੜ੍ਹ ਭਾਸ਼ਾ ਵਰਤੀ ਹੈ ਜਿਵੇਂ "ਰੰਡੀ ਰਾਣੀ ਸਦਾ ਕੌਰ", 'ਮਹਾਂ ਸਿੰਘ ਮਰ ਗਿਆ', ਜਾਂ 'ਇਹ ਗੁਰੂ ਗੋਬਿੰਦ ਸਿੰਘ ਨਿਆਣਪੁਣੇ ਤੇ ਹੀ ਬੜਾ ਚਤੁਰ ਸੀ।' ਲੇਖਕ ਨੇ ਇਤਿਹਾਸਕ ਤੱਥਾਂ ਨੂੰ ਵੀ ਬੜਾ ਮੋੜ ਤੋੜ ਕੇ ਪੇਸ਼ ਕੀਤਾ ਹੈ ਜਿਸ ਤੋਂ ਉਸ ਦਾ ਮਨੋਰਥ ਇਹ ਪ੍ਰਤੀਤ ਹੁੰਦਾ ਹੈ ਕਿ ਇਕ ਤਾਂ ਅੰਗਰੇਜ਼ ਪਾਠਕਾਂ ਦੇ ਮਨਾਂ ਵਿਚੋਂ ਸਿੱਖਾਂ ਦੀ ਵਡਿੱਤਣ ਤੇ ਇਤਿਹਾਸਕ ਗੌਰਵਤਾ ਨੂੰ ਘਟਾਇਆ ਜਾਏ ਅਤੇ ਦੂਜਾ ਸਿੱਖ ਪਾਠਕ ਆਪਣੇ ਇਤਿਹਾਸ ਨੂੰ ਪੜ੍ਹ ਕੇ ਉਤਸਾਹਤ ਹੋਣ ਦੀ ਥਾਂ ਸ਼ਰਮ ਮਹਿਸੂਸ ਕਰਨ । ਉਸ ਨੇ ਜਿੱਥੇ ਅੰਗਰੇਜ਼ੀ ਰਾਜ ਦੇ ਸੋਹਿਲੇ ਗਾਏ ਹਨ, ਉੱਥੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਘਟੀਆ ਸਿੱਧ ਕਰਨ ਦਾ ਹਰ ਸੰਭਵ ਯਤਨ ਕੀਤਾ।[5] ਪਰ ਲੇਖਕ ਦੇ ਨਿੱਜੀ ਤੁਅੱਸਬ, ਜਾਣ ਬੁਝ ਕੇ ਜਾਂ ਅਚੇਤ ਹੀ ਇਤਿਹਾਸਕ ਤੱਥਾਂ ਦੀ ਗ਼ਲਤ ਬਿਆਨੀ, ਵਿਸ਼ੇਸ਼ ਕਰ ਕੇ ਸਿੱਖ ਗੁਰੂਆਂ ਤੇ ਸਿੱਖ ਰਾਜ ਸੰਬੰਧੀ ਕੁਰੱਖਤ ਜਾਂ ਅਸੱਭਯ ਸ਼ਬਦ-ਚੋਣ ਜਾਂ ਸ਼ੈਲੀ ਦੇ ਬਾਵਜੂਦ, ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਇਸ ਰਚਨਾ ਦਾ ਵਿਸ਼ੇਸ਼ ਸਥਾਨ ਹੈ। ਨਿਰਸੰਦੇਹ ਇਹ ਰਚਨਾ ਪੁਰਾਤਨ ਵਾਰਤਕ ਨਾਲੋਂ ਨਿਖੜਵੀਂ ਤੇ ਆਧੁਨਿਕ ਵਾਰਤਕ ਵਲ ਨੂੰ ਇਕ ਨਿਸ਼ਚਿਤ ਕਦਮ ਹੈ । ਜਿੱਥੇ ਇਹ ਲਿਖਤ ਬ੍ਰਜੀ ਪ੍ਰਭਾਵ ਤੋਂ ਪੂਰਨ ਭਾਂਤ ਮੁਕਤ ਹੈ, ਉੱਥੇ ਲੋਕ-ਉਚਾਰਨ ਤੇ ਲੋਕ-ਲਹਿਜੇ ਦੇ ਨਿਕਟ ਹੋਣ ਕਰ ਕੇ, ਪਾਠਕਾਂ ਦੀ ਦਿਲਚਸਪੀ ਵਿਚ ਵਾਧਾ ਕਰਦੀ ਹੈ।

ਲੇਖਕ ਚੰਗਾ ਪੜ੍ਹਿਆ ਲਿਖਿਆ ਤੇ ਥਾਂ ਥਾਂ ਪਰਚਾਰ ਦੇ ਸੰਬੰਧ ਵਿਚ ਘੁੰਮਿਆਂ ਫਿਰਿਆ ਹੋਣ ਕਰਕੇ, ਪੰਜਾਬ ਦੇ ਰਸਮ-ਰਿਵਾਜਾਂ, ਸਭਿਆਚਾਰਕ ਜੀਵਨ ਧਾਰਾ, ਧਾਰਮਕ ਰਹੁ-ਰੀਤਾਂ, ਗੀਤਾਂ, ਰਾਗਾਂ, ਛੰਦਾਂ, ਕਾਵਿ-ਰੂਪਾਂ, ਸਿੱਠਣੀਆਂ, ਅਖਾਣ ਤੇ ਅਖਾਉਤਾਂ ਆਦਿ ਤੋਂ ਬਹੁਤ ਹੀ ਚੰਗੀ ਤਰ੍ਹਾਂ ਜਾਣੂੰ ਸੀ, ਜਿਸ ਦੇ ਪਰਮਾਣ ਉਸ ਦੀ ਲਿਖਤ ਵਿੱਚੋਂ ਥਾਂ ਪਰ ਥਾਂ ਮਿਲਦੇ ਹਨ।

ਦੂਜੀ ਪੁਸਤਕ "ਪੰਜਾਬੀ ਬਾਤ ਚੀਤ" ਹੈ, ਜਿਹੜੀ ਸਿੱਖਾਂ ਦੇ ਰਾਜ ਦੀ ਵਿਖਿਆ ਨਾਲੋਂ, ਸਾਹਿੱਤਕ ਤੇ ਸਭਿਆਚਾਰਕ ਪੱਖ ਤੋਂ ਵਧੇਰੇ ਮਹੱਤਵ-ਪੂਰਨ ਹੈ। ਇਹ ਪੁਸਤਕ ਤਿੰਨਾਂ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲੇ ਭਾਗ ਵਿਚ ਮਾਝੇ ਦੇ ਲੋਕਾਂ ਦੇ ਕਾਰ ਵਿਹਾਰ ਅਤੇ ਵਰਤਾਰੇ ਦਾ ਵਰਣਨ

---

5. ਫਲੌਰੀ - "ਬਘੇਲ ਸਿੰਘ ਆਖਿਆ ਨਾ ਓਏ ਭਿਰਾਓ ਉਹ ਹਿੰਦੂਆਂ ਦਾ(ਰਣਜੀਤ ਸਿੰਘ ਦਾ) ਰਾਜ ਜਾਣ ਕੇ ਚਾਹੇ ਕੁਝ ਆਖ ਲਵੇ ਪਰ ਜੇ ਸੱਚ ਪਛਉਣੇਓਂ ਤੇ ਭੂਤਾਂ ਦਾ ਰਾਜ ਸਾ। ਭਾਈਆ ਰਾਜ ਹੈ ਤਾਂ ਅੰਗਰੇਜ਼ਾਂ ਦਾ, ਹੋਰ ਸਭੋ ਨਕਲ।... ਸਿੱਧੇ ਰਈਅਤ ਦਾ ਭਲਾ ਚਾਹਣੇ ਵਾਲਾ ਰਾਜਾ ਅੰਗਰੇਜ਼ਾਂ ਜੇਹਾ ਪਿੱਛੇ ਕੋਈ ਨਹੀਂ ਆਇਆ... । ਭਿਰਾਵੇ ਅਸਾਂ ਤੇ ਇਹ ਆਖਦੇ ਹਾਂ ਕਿ ਨਿਰੰਕਾਰ ਇਸ ਦੇ ਰਾਜ ਨੂੰ ਸਲਾਮਤ ਰੱਖੇ। "ਪੰਜਾਬੀ ਬਾਤ ਚੀਤ" ਪੰਨਾ 60-61.

ਹੈ। ਦੂਜੇ ਭਾਗ ਵਿਚ ਦੁਆਬੇ ਦੇ ਲੋਕਾਂ ਦੇ ਦੈਨਿਕ ਜੀਵਨ, ਤਥਾ, ਬੋਲੀ, ਖੇਲਾਂ ਤੇ ਰੀਤਾਂ ਆਦਿ ਦਾ ਜ਼ਿਕਰ ਹੈ। ਤੀਜੇ ਭਾਗ ਵਿਚ ਦੁਆਬੇ ਦਿਆਂ ਮੁਸਲਮਾਨਾਂ, ਕਾਂਗੜੇ ਦੇ ਪਹਾੜੀਆਂ ਅਤੇ ਮਾਲਵੇ ਦਿਆਂ ਜੱਟਾਂ ਦੀ ਬੋਲੀ, ਰਸਮਾਂ-ਰੀਤਾਂ ਸ਼ਾਮਲ ਹਨ । ਡਾਕਟਰ ਹਰਚਰਨ ਸਿੰਘ ਦਾ ਕਥਨ ਹੈ ਕਿ ਸ਼ਰਧਾ ਰਾਮ ਫਲੌਰੀ ਦੀ ਇਸ ਰਚਨਾ ਸੰਬੰਧੀ "ਵਿਚਾਰਦਿਆਂ ਖ਼ਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਉਸ ਨੇ ਪਹਿਲੀ ਵਾਰ ਲੋਕਾਂ ਦੀ ਬੋਲ ਚਾਲ ਦੀ ਬੋਲੀ ਨੂੰ ਸਾਹਿਤਿਕ ਵਾਰਤਕ ਦਾ ਰੂਪ ਦਿੱਤਾ। ... ਇਸ ਨਾਲ ਪੰਜਾਬੀ ਵਿਚ ਪਹਿਲੀ ਵਾਰ ਗੱਦ-ਗਲਪ ( ਪ੍ਰੋਜ਼ ਫਿਕਸ਼ਨ) ਦਾ ਵਾਧਾ ਹੋਇਆ।... ਇਸ ਵਿਚ ਨਾਟਕੀ ਵਾਰਤਾਲਾਪ ਦਾ ਕਾਫ਼ੀ ਪ੍ਰਯੋਗ ਕੀਤਾ ਅਤੇ ਆਮ ਬੋਲ ਚਾਲ ਨੂੰ ਨਾਟਕੀ ਵਾਰਤਾਲਾਪ ਦਾ ਰੂਪ ਦੇਣ ਵਿਚ ਉਸ ਨੇ ਪਹਿਲ ਕੀਤੀ । ਸਭ ਤੋਂ ਵੱਡੀ ਵਡਿਆਈ ਆਧੁਨਿਕ ਪੰਜਾਬੀ ਵਾਰਤਕ ਸ਼ੈਲੀ ਦਾ ਮੁਢ ਬੰਨ੍ਹਣ ਵਿਚ ਹੈ।"[6]

ਇਸ ਰਚਨਾਂ ਦੀ ਸਾਹਿੱਤਿਕ ਤੇ ਸਭਿਆਚਾਰਕ ਮਹੱਤਤਾ ਦੇ ਨਾਲ ਨਾਲ ਭਾਸ਼ਾਈ ਮਹੱਤਤਾ ਵੀ ਹੈ, ਕਿਉਂਜੋ ਲੇਖਕ ਨੇ ਹਰ ਇਲਾਕੇ ਦੀ ਉਪ-ਭਾਸ਼ਾ ਨੂੰ ਬੜੀ ਬਾਰੀਕੀ ਤੇ ਸੂਝ ਨਾਲ, ਲੋਕ-ਜੀਵਨ ਦੇ ਵਰਤ-ਵਰਤਾਰੇ, ਕੰਮ-ਕਾਰ ਤੇ ਰਹਿਣ ਸਹਿਣ ਉਤੇ ਆਧਾਰਤ ਕਰਕੇ, ਪੇਸ਼ ਕੀਤਾ ਹੈ। ਇਸ ਰਚਨਾ ਦੀ ਸਮਾਜਕ ਮਹੱਤਤਾ ਇਸ ਪੱਖੋਂ ਹੈ ਕਿ ਅੱਜ ਤੋਂ ਪੂਰੀ ਇਕ ਸਦੀ ਪਹਿਲੋਂ ਦੇ ਪੰਜਾਬ ਦਾ ਹੂ-ਬਹੂ ਨਕਸ਼ਾ ਅੱਖਾਂ ਸਾਹਮਣੇ ਆ ਜਾਂਦਾ ਹੈ। ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਇਸ ਰਚਨਾ ਦਾ ਇਸ ਲਈ ਮੁਲ ਹੈ ਕਿ ਇਸ ਨਾਲ ਭਾਸ਼ਾਈ ਪਰਿਵਰਤਨ ਤੇ ਉਪ-ਭਾਸ਼ਾਵਾਂ ਦੇ ਨਿਖੇੜ ਨੂੰ ਸਮਝਣ ਲਈ ਬੜੀ ਲਾਹੇਵੰਦੀ ਮੁਢਲੀ ਸਾਮੱਗ੍ਰੀ ਇਕੱਤ੍ਰ ਮਿਲਦੀ ਹੈ।

ਇਸ ਪੁਸਤਕ ਵਿਚ ਦਰਜ ਜਾਣਕਾਰੀ ਦੀ ਵਿਸ਼ਾਲਤਾ, ਬਹੁ-ਰੂਪਤਾ ਤੇ ਅਨਿਕਤਾ ਦਾ ਅਨੁਮਾਨ ਸਹਿਜੇ ਹੀ ਇਸ ਤੱਥ ਤੋਂ ਲੱਗ ਜਾਂਦਾ ਹੈ ਕਿ ਇਸ ਵਿਚ ਉਸ ਨੇ ਪੇਂਡੂ,ਸ਼ਹਿਰੀ, ਮੁਸਲਮਾਨ ਸਿੱਖ, ਮਰਦ ਤੀਵੀਆਂ, ਮੁੰਡੇ ਕੁੜੀਆਂ, ਦੁਆਬੀਏ, ਮਲਵੈਲ, ਪਹਾੜੀਏ, ਬ੍ਰਾਹਮਣ, ਖੱਤਰੀ, ਜੱਟ, ਮਰਾਸੀ, ਨਾਈ, ਕੱਟੜ ਤੇ ਸਨਾਤਨੀ ਸਿੱਖ, ਰਾਜ-ਭਗਤ ਤੇ ਦੇਸ਼-ਭਗਤ ਹਰ ਪ੍ਰਕਾਰ ਦੇ ਪਾਤਰ ਸਾਹਮਣੇ ਲਿਆਂਦੇ ਹਨ । ਏਸੇ ਤਰ੍ਹਾਂ ਧਾਰਮਕ ਰਹੁ-ਰੀਤਾਂ ਤੇ ਮੇਲਿਆਂ ਸੰਬੰਧੀ ਤਰਨ-ਤਾਰਨ ਦਾ ਮੇਲਾ, ਹਰਦੁਆਰ, ਛਪਾਰ ਦਾ ਮੇਲਾ, ਤੇ ਇਨ੍ਹਾਂ ਮੇਲਿਆਂ ਵਿਚ ਖੇਡਾਂ, ਬੋਲੀਆਂ, ਖਰਮਸਤੀਆਂ, ਭੀੜ ਭੜੱਕੇ ਤੇ ਚੋਰੀਆਂ ਆਦਿ ਦਾ ਅਜਿਹਾ ਜ਼ਿਕਰ ਕੀਤਾ ਹੈ ਕਿ ਇਹ ਸਭ ਕੁਝ ਸਾਕਾਰ ਹੋ ਕੇ ਅੱਖਾਂ ਸਾਹਮਣੇ ਆ ਜਾਂਦੇ ਹਨ। ਨਾਲ ਹੀ ਉਹ ਇਸਤਰੀਆਂ ਦੀਆਂ ਲੜਾਈਆਂ, ਮਿਹਣੇ, ਗਾਲ੍ਹਾਂ, ਸਿਆਪੇ ਦੇ ਵੈਣ ਤੇ ਬੋਲ, ਤੀਆਂ, ਗਿੱਧੇ ਤੇ ਗੀਤ, ਤੇ ਲੋਕ ਕਥਾਵਾਂ, ਅਖਾਣਾਂ ਤੇ ਮੁਹਾਵਰਿਆਂ ਸੰਬੰਧੀ ਭਰਪੂਰ

---

6. ਫਲੌਰੀ - 'ਪੰਜਾਬੀ ਬਾਤ ਚੀਤ ' ਸੰਪਾਦਕ ਡਾ. ਹਰਚਰਨ ਸਿੰਘ, ਜਲੰਧਰ, 1967, ਪੰਨਾ 12-13

ਜਾਣਕਾਰੀ ਦਿੰਦਾ ਹੈ। ਵਿਆਹ ਸਮੇਂ ਸਿੱਠਣੀਆਂ, ਸ਼ਗਨ, ਟਿਚਕਰਾਂ, ਹਾਸ-ਵਿਅੰਗ, ਗੱਲ ਕੀ ਪੰਜਾਬੀ ਜੀਵਨ ਦਾ ਸ਼ਾਇਦ ਹੀ ਕੋਈ ਪੱਖ ਹੋਵੇ ਜਿਸ ਉਤੇ ਫਲੌਰੀ ਦੀ ਨਜ਼ਰ ਨਾ ਗਈ ਹੋਵੇ ਤੇ ਉਸ ਨੂੰ ਪੁਸਤਕ ਦੇ ਕਿਸੇ ਨਾ ਕਿਸੇ ਸੰਦਰਭ ਵਿਚ ਰਖ ਕੇ ਰੂਪਮਾਨ ਨਾ ਕੀਤਾ ਹੋਵੇ। ਇਸ ਪੁਸਤਕ ਵਿਚ ਵਧੇਰੇ ਯਥਾਰਥਕ ਹੈ ਤੇ ਆਪਣੇ ਨਿੱਜਤਵ ਨੂੰ ਕਦੇ ਕਦਾਈਂ ਹੀ ਵਿਚ ਆਉਣ ਦਿੰਦਾ ਹੈ। ਕਿਤੇ ਕਿਤੇ ਅਸ਼ਲੀਲਤਾ ਜ਼ਰੂਰ ਆ ਗਈ ਹੈ ਪਰ ਯਥਾਰਥਕਤਾ ਦੀ ਦ੍ਰਿਸ਼ਟੀ ਤੋਂ ਦੇਖਿਆਂ, ਇਹ ਓਪਰੀ ਜਾਂ ਜਾਣ ਬੁਝ ਕੇ ਲਿਆਂਦੀ ਪ੍ਰਤੀਤ ਨਹੀਂ ਹੁੰਦੀ।

ਸ਼ਰਧਾ ਰਾਮ ਫਲੌਰੀ ਦੀ ਗੱਦ-ਸ਼ੈਲੀ ਅਤੇ ਸਮੁੱਚੀ ਦੇਣ ਸੰਬੰਧੀ ਸੰਖੇਪ ਵਿਚ ਅਸੀਂ ਆਖ ਸਕਦੇ ਹਾਂ ਕਿ ਫਲੌਰੀ ਨੇ ਪੰਜਾਬੀ ਵਾਰਤਕ ਨੂੰ ਨਿਰੋਲ ਧਾਰਮਕ ਵਿਸ਼ਿਆਂ ਦੇ ਘੇਰੇ ਤੋਂ ਕੱਢ ਕੇ ਲੌਕਿਕ ਪੱਧਰ ਤਕ ਲਿਆਂਦਾ ਤੇ ਬ੍ਰਜੀ, ਸੰਸਕ੍ਰਿਤ, ਹਿੰਦੀ ਆਦਿ ਦੀ ਮਿਸ਼੍ਰਤ ਜੇਹੀ ਭਾਸ਼ਾ ਤੋਂ ਮੁਕਤ ਕਰ ਕੇ, ਸ਼ੁਧ, ਠੇਠ, ਲੋਕ-ਲਹਿਜੇ ਤੇ ਲੋਕ-ਪੱਧਰ ਦੇ ਅਨੁਕੂਲ ਢਾਲ ਕੇ, ਇਸ ਨੂੰ ਰੋਚਿਕ ਬਣਾਇਆ। ਸੰਸਕ੍ਰਿਤ ਆਦਿ ਭਾਸ਼ਾਵਾਂ ਦਾ ਵਿਦਵਾਨ ਹੋਣ ਕਰ ਕੇ ਉਸ ਨੇ ਆਪਣੀ ਲਿਖਤ ਨੂੰ ਵਿਆਕਰਣਕ ਨਿਯਮਾਂ ਅਧੀਨ ਰੱਖਣ ਦਾ ਯਤਨ ਕੀਤਾ। ਪੈਰਾ-ਵੰਡ, ਢੁਕਵੇਂ ਸਿਰਲੇਖ ਦੇਣ, ਇਕ ਪੈਰ੍ਹੇ ਵਿਚ ਇੱਕੋ ਗੱਲ ਕਹਿਣ ਤੇ ਬਿਸ੍ਰਾਮ ਚਿੰਨ੍ਹਾਂ ਦੀ ਵਰਤੋਂ ਦੁਆਰਾ ਉਸ ਨੇ ਆਪਣੀ ਲਿਖਤ ਨੂੰ ਸੁਚੇਤ ਹੋ ਕੇ ਆਧੁਨਿਕ ਗੱਦ ਦਾ ਜਾਮਾ ਪੁਆਇਆ। ਲੰਮੀ ਤੇ ਲਮਕਵੀਂ ਵਾਕ-ਬਣਤਰ, ਪੁਰਾਣੀ ਕਾਵਿ-ਮਈ ਤੇ ਛੋਟੇ ਵਾਕਾਂ ਵਾਲੀ ਵਾਰਤਕ ਨਾਲੋਂ ਸਪੱਸ਼ਟ ਭਾਂਤ ਨਿਖੜਵੀਂ ਹੈ। ਸੀ ਦੀ ਥਾਂ 'ਸਾ' ਅਤੇ ਸਨ ਦੀ ਥਾਂ 'ਸੇ' ਦੀ ਵਰਤੋਂ ਕੁਝ ਰੜਕਦੀ ਹੈ ਪਰ ਇਹ ਰੁਚੀ ਉਨ੍ਹੀਵੀਂ ਸਦੀ ਦੇ ਲਗਭਗ ਸਾਰੇ ਗੱਦਕਾਰਾਂ ਵਿਚ ਸਮਾਨ ਹੈ ਤੇ ਭਾਈ ਵੀਰ ਸਿੰਘ ਦੀਆਂ ਵੀਹਵੀਂ ਸਦੀ ਦੀਆਂ ਲਿਖਤਾਂ ਵਿਚ ਵੀ ਦੇਖੀ ਜਾ ਸਕਦੀ ਹੈ। ਤਤਸਮ ਸ਼ਬਦਾਂ ਦੇ ਤੱਦ-ਭਵ ਰੂਪ ਬਨਾਉਣ ਲਗਿਆਂ ਉਲਾਰ ਹੋ ਕੇ ਤੇ ਬੋਲ-ਚਾਲ ਦੇ ਲਹਿਜੇ ਦੇ ਨਿਕਟਤਮ ਰਹਿਣ ਦੇ ਯਤਨ ਵਿਚ ਕੁਝ ਲਫਜ਼ਾਂ ਦਾ ਮੁਹਾਂਦਰਾ ਹੀ ਵਿਗਾੜ ਦਿੱਤਾ ਹੈ ਜਿਵੇਂ:-'ਫ਼ਕੀਰ' ਨੂੰ 'ਪਖੀਰ', 'ਮਤਲਬ' ਨੂੰ 'ਮਤਬਲ', 'ਇਤਬਾਰ' ਨੂੰ 'ਉਤਬਾਰ', 'ਮੁਫ਼ਤ' ਨੂੰ 'ਮੁਖਤ', 'ਐਸੀ' ਨੂੰ 'ਐਖੀ' ਆਦਿ। ਲੇਖਕ ਪਾਸ ਮਨੋ-ਵਿਗਿਆਨਕ ਸੂਝ ਹੈ। ਹਰ ਘਟਨਾਂ, ਮੌਕੇ ਜਾਂ ਸਥਿਤੀ ਅਨੁਕੂਲ ਉਹ ਆਪਣੇ ਪਾਤਰਾਂ ਦੇ ਮਨਾਂ ਦੇ ਉਤਰਾਵਾਂ ਚੜ੍ਹਾਵਾਂ ਨੂੰ ਪੇਸ਼ ਕਰਦਾ ਹੈ। ਉਹ ਆਪ ਵੀ ਆਪਣੀ ਕਲਾ ਤੇ ਆਪਣੇ ਆਸ਼ੇ ਵੱਲੋਂ ਸੁਚੇਤ ਹੈ ਤੇ ਇਹ ਸਾਰੀਆਂ ਗੱਲਾਂ ਨਿਸਚੇ ਹੀ ਉਸ ਨੂੰ ਆਧੁਨਿਕ ਪੰਜਾਬੀ ਗੱਦ-ਸ਼ੈਲੀ ਦਾ ਮੋਢੀ ਬਣਾਉਂਦੀਆਂ ਹਨ।" ਪ੍ਰਤੱਖ ਘਾਟਾਂ ਜਾਂ ਊਣਤਾਈਆਂ ਦੇ ਬਾਵਜੂਦ ਅਸੀਂ ਸ਼ਰਧਾ ਰਾਮ ਫਲੌਰੀ ਨਾਲ ਪੰਜਾਬੀ ਗੱਦ ਦੇ ਵਿਕਾਸ ਵਿਚ ਇਕ ਨਿਸ਼ਚਿਤ ਮੋੜਾ ਦੇਖਦੇ ਹਾਂ।"[7]

---

7. Kohli M.P.(Dr.)"Inspite of many drawbacks the prose of Shrdha Ram Phillauri is a turning point in the process of evolution of Panjabi Prose." "The Influence of the West on Panjabi Literature." Ludhiana 1969, p.130(Ph.D Thesis.).

ਲਾਲਾ ਬਿਹਾਰੀ ਲਾਲ ਪੁਰੀ ( 1830-1886 ਈ.)

ਆਧੁਨਿਕ ਪੰਜਾਬੀ ਵਾਰਤਕ ਨੂੰ ਪੁਰਾਤਨ ਵਾਰਤਕ ਨਾਲੋਂ ਨਿਖੇੜਨ ਅਤੇ ਇਸ ਨੂੰ ਧਾਰਮਕ ਵਲਗਣ ਵਿੱਚੋਂ ਕੱਢ ਕੇ ਨਿਰੋਲ ਲੌਕਿਕ ਲੀਹਾਂ ਤੇ ਉਸਾਰਨ ਵਿਚ ਲਾਲਾ ਬਿਹਾਰੀ ਲਾਲ ਪੁਰੀ ਨੇ ਮੋਢੀਆਂ ਵਾਲਾ ਕੰਮ ਕੀਤਾ। ਪੰਜਾਬੀ ਭਾਸ਼ਾ ਦੀ ਸਰਬ-ਪੱਖੀ ਉੱਨਤੀ ਤੇ ਇਸ ਦੇ ਸਾਹਿੱਤਕ ਭੰਡਾਰੇ ਨੂੰ ਹਰ ਪ੍ਰਕਾਰ ਦੀਆਂ ਨਵੀਨ, ਮੌਲਿਕ ਜਾਂ ਅਨੁਵਾਦਤ ਪੁਸਤਕਾਂ ਦੁਆਰਾ ਭਰਪੂਰ ਕਰ ਕੇ, ਹੋਰ ਉੱਨਤ ਭਾਰਤੀ ਭਾਸ਼ਾਵਾਂ ਦੀ ਪੱਧਰ ਤਕ ਲੈ ਜਾਣ ਦੀ ਤੀਬਰ ਇੱਛਿਆ, ਆਪ ਦੀ ਉਮਰ ਭਰ ਦੀ ਰੀਝ ਤੇ ਲਗਨ ਸੀ ਤੇ ਇਸ ਰੀਝ ਦੀ ਪੂਰਤੀ ਲਈ ਆਪ ਨੇ ਮੁਢਲੀਆਂ ਜਾਂ ਮੂਲ ਪੁਸਤਕਾਂ ਰਚ ਕੇ ਅਤੇ ਪੰਜਾਬੀ ਦੀ ਨੇਮ-ਬੱਧ ਪੜ੍ਹਾਈ ਲਈ ਲੋੜੀਂਦੀਆਂ ਪਾਠ-ਪੁਸਤਕਾਂ ਤਿਆਰ ਕਰ ਕੇ, ਇਸ ਨੂੰ ਇਕ ਸਮਰੱਥ ਭਾਸ਼ਾ ਬਨਾਉਣ ਵਿਚ ਹਿਤੋਂ ਚਿਤੋਂ ਇਕ ਬਹੁਤ ਵੱਡਮੁਲਾ ਯੋਗਦਾਨ ਦਿੱਤਾ। ਆਪ ਦੇ ਜੀਉਂਦੇ ਜੀ ਪੰਜਾਬੀ ਦੀ ਉਨਤੀ ਲਈ ਕੋਈ ਵੀ ਉੱਦਮ, ਸਥਾਨ, ਸੰਸਥਾ, ਯੋਜਨਾ ਜਾਂ ਨੀਤੀ ਅਜਿਹੀ ਨਹੀਂ ਸੀ, ਜਿਸ ਦੇ ਆਪ ਮੁਖ ਭਾਈਵਾਲ ਨਾ ਬਣੇ ਹੋਣ। ਪੰਜਾਬੀ ਪਰਚਾਰਨੀ ਸਭਾ (1882 ਈ.) ਦੀ ਸਥਾਪਨਾ,' ਸੱਤ ਸਭਾ' ਵਲੋਂ ਪੰਜਾਬੀ ਰਾਹੀਂ ਹਰ ਪ੍ਰਕਾਰ ਦੀ ਵਿਦਿਆ ਦੇਣ ਲਈ ਪੰਜਾਬੀ ਸਕੂਲ ਦੀ ਕਾਇਮੀ, ਹੰਟਰ ਕਮਿਸ਼ਨ ਸਾਹਮਣੇ ਪੰਜਾਬ ਵਿਚ ਪੰਜਾਬੀ ਨੂੰ ਸਰਕਾਰੀ ਤੇ ਵਿਦਿੱਅਕ ਖੇਤਰਾਂ ਵਿਚ ਯੋਗ ਮਾਨਤਾ ਦਿਵਾਉਣ ਲਈ ਮੈਮੋਰੈਂਡਮ, ਅੰਜਮਨਿ-ਪੰਜਾਬ ਵਲੋਂ ਚੰਗੀਆਂ ਪੁਸਤਕਾਂ ਦੇ ਪੰਜਾਬੀ ਅਨੁਵਾਦ ਕਰਾਉਣ ਤੇ ਚੰਗੀਆਂ ਪਾਠ-ਪੁਸਤਕਾਂ ਨੂੰ ਇਨਾਮ ਦਿਵਾਉਣ ਦੇ ਉੱਦਮ, ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੇ ਇਮਤਿਹਾਨ ਚਾਲੂ ਕਰਾਉਣ ਦੇ ਯਤਨ, ਆਪ ਦੇ ਪੰਜਾਬੀ ਪਿਆਰ ਦੀਆਂ ਕੁਝ ਕੁ ਮੂੰਹੋਂ ਬੋਲਦੀਆਂ ਉਦਾਹਰਣਾਂ[8] ਹਨ।

ਲਾਲਾ ਬਿਹਾਰੀ ਲਾਲ ਪੁਰੀ ਦਾ ਜਨਮ 1830 ਈ. ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਬਹਿਰਾਮ ਪੁਰ ਵਿਚ ਬਾਬਾ ਛਾਂਗਾ ਦੇ ਘਰ ਹੋਇਆ। ਲੁਧਿਆਣੇ ਮਿਸ਼ਨ ਸਕੂਲ ਤੋਂ ਸਿੱਖਿਆ ਪ੍ਰਾਪਤ ਕਰਕੇ ਆਪ ਨਕਸ਼ਾਨਵੀਸ ਲਗ ਗਏ। ਧਾਰਮਕ ਵਾਤਾਵਰਨ ਵਿਚ ਪਲੇ ਹੋਣ ਕਰ ਕੇ ਆਪ ਸਾਰੀ ਉਮਰ ਰਵਾਦਾਰੀ ਤੇ ਉਚੇਰੀਆਂ ਸਦਾਚਾਰਕ ਕੀਮਤਾਂ ਦੇ ਪ੍ਰਚਾਰਕ ਰਹੇ। ਆਪ ਨੇ ਅੰਗਰੇਜ਼ੀ, ਹਿੰਦੀ, ਸੰਸਕ੍ਰਿਤ, ਉਰਦੂ ਤੇ ਫ਼ਾਰਸੀ ਭਾਸ਼ਾਵਾਂ ਸਿੱਖੀਆਂ ਅਤੇ ਇਨ੍ਹਾਂ ਭਾਸ਼ਾਵਾਂ ਦੇ ਗਿਆਨ ਨੂੰ ਆਧਾਰ ਬਣਾ ਕੇ ਆਪ ਨੇ ਸਾਹਿੱਤ ਸਿਰਜਣਾ ਕੀਤੀ। ਧਰਮ ਤੇ ਵਿੱਦਿਆ ਦਾ ਪਰਚਾਰ ਆਪ ਦੇ ਦੋ ਮੁਖ ਲਕਸ਼ ਸਨ, ਜਿਨ੍ਹਾਂ ਦੀ ਪੂਰਤੀ ਹੀ ਆਪ ਦੀ ਸਾਹਿੱਤ ਸੇਵਾ ਦਾ ਆਧਾਰ ਬਣੀ। ਪੁਰਾਤਨ ਭਾਰਤੀ

---

8. ਇਨ੍ਹਾਂ ਸਭਨਾਂ ਸੰਬੰਧੀ ਵਿਸਤਾਰ ਪੂਰਵਕ ਚਰਚਾ 'ਵਿਦਿਆ ਦਾ ਪਸਾਰ' ਸਿੱਖਿਆ ਦਾ ਮਾਧਿਅਮ ਤੇ ਪੰਜਾਬੀ' ਵਾਲੇ ਅਧਿਆਇ ਵਿਚ ਕੀਤੀ ਜਾ ਚੁੱਕੀ ਹੈ।

ਦਰਸ਼ਨ ਨੂੰ ਨਵੇਂ ਯੁਗ ਦੀ ਚੇਤਨਾ ਤੇ ਮੰਗ ਅਨੁਕੂਲ ਢਾਲ ਕੇ, ਧਰਮ, ਸਮਾਜ ਤੇ ਇਸਤਰੀ ਜਾਤੀ ਦੀ ਉੱਚਤਾ ਲਈ, ਆਪ ਨੇ ਆਮ ਲੋਕਾਂ ਦੀ ਮਾਤ-ਭਾਸ਼ਾ ਵਿਚ ਰੂਪਮਾਨ ਕੀਤਾ। ਨਵੇਂ ਰਾਜ-ਪ੍ਰਬੰਧ ਅਧੀਨ ਕੇਵਲ ਇਸਤਰੀਆਂ ਨੂੰ ਪੰਜਾਬੀ ਰਾਹੀਂ ਪੜ੍ਹਾਈ ਦੀ ਖੁਲ੍ਹ ਸੀ। ਪਾਠ-ਪੁਸਤਕਾਂ ਦੀ ਘਾਟ ਨੂੰ ਅਨੁਭਵ ਕਰਕੇ ਆਪ ਏਸੇ ਖੇਤਰ ਵਿਚ ਜੁਟ ਪਏ। ਧਾਰਮਕ ਜਾਗ੍ਰਤੀ ਤੇ ਵਾਦ-ਵਿਵਾਦ ਦੇ ਉਸ ਯੁਗ ਵਿਚ ਚਲੀਆਂ ਲਹਿਰਾਂ ਦੇ ਪ੍ਰਭਾਵ, ਲਾਲਾ ਬਿਹਾਰੀ ਲਾਲ ਪੁਰੀ ਉਤੇ ਪੈਣੇ ਬੜੇ ਸੁਭਾਵਿਕ ਸਨ। ਪੁਰਾਤਨ ਸਭਿਆਚਾਰ, ਸ਼੍ਰਿਸ਼ਟਾਚਾਰ, ਸਦਾਚਾਰ ਤੇ ਧਰਮ ਨੂੰ ਅਧਾਰ ਬਣਾ ਕੇ ਆਪਣੇ ਮਤ ਪ੍ਰਤੀ ਗੌਰਵਤਾ ਦਾ ਇਹਸਾਸ, ਆਪ ਦੀ ਹਰ ਰਚਨਾ ਵਿੱਚੋਂ ਪ੍ਰਗਟ ਰੂਪ ਵਿਚ ਹੁੰਦਾ ਹੈ। ਆਪ ਨੇ ਤੀਹ ਦੇ ਕਰੀਬ ਪੁਸਤਕਾਂ ਲਿਖੀਆਂ ਪਰ ਸਾਰੀਆਂ ਨੂੰ ਆਪ ਦੇ ਜੀਉਂਦੇ ਜੀ ਛਪਣ ਦਾ ਮੌਕਾ ਨਾ ਮਿਲਿਆ। ਦੇਸ਼ ਵੰਡ ਤੋਂ ਪਹਿਲਾਂ ਲਾਹੌਰ ਵਿਚ ਆਪ ਦੇ ਮਕਾਨ ਨੂੰ ਅੱਗ ਲਗ ਜਾਣ ਨਾਲ ਕੁਝ ਖਰੜੇ ਨਸ਼ਟ ਹੋ ਗਏ। ਆਪ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

<u>ਵਿੱਦਿਅਕ</u>: ਪੰਜਾਬੀ ਦੀਆਂ ਪਹਿਲੀ ਤੋਂ ਚੌਥੀ ਤਕ ਦੀਆਂ ਪਾਠ-ਪੁਸਤਕਾਂ, ਪਿੰਗਲ ਮੰਜਰੀ, ਪੰਜਾਬੀ ਵਿਆਕਰਣ, ਬਯਾਕਰਣ ਸਾਰ, ਮਨੋਹਰ ਵਾਰਤਾ, ਇਸਤਰੀ ਸਿੱਖਿਆ, ਬਾਲਕਾਂ ਦੀ ਸਿੱਖਿਆ, ਚਰਿਤਰਾਵਲੀ, ਵਿਦਿਆ ਰਤਨਾਕਰ, ਬੀਜ ਗਣਿਤ ।

<u>ਧਰਮ ਪ੍ਰਚਾਰ</u>(ਕਵਿਤਾ ਵਿਚ)

ਰਤਨ ਮਾਲਾ, ਗਿਆਨ ਮਾਲਾ, ਪ੍ਰੀਤ, ਉਨਤਿ, ਬਿਨਯ-ਪਤ੍ਰਿਕਾ(8 ਭਾਗ), ਪ੍ਰਤਿਬਿੰਬ, ਸਤੱਯ-ਨਿਰੂਪਣ, ਵਿਚਾਰ ਕੁੰਡਲੀ, ਆਦਿ।

<u>ਦਾਰਸ਼ਨਿਕ</u>: ਵਸ਼ੀਕਰਣ, ਅਨੇਕਾਰਥੀ, ਅਨੇਕ ਦਰਸ਼ਨ, ਬ੍ਰਹਮ ਧਰਮ ਬੀਜ ।

ਈਸਾਈ ਪਾਦਰੀਆਂ ਦੀਆਂ ਰਚਨਾਵਾਂ ਤੋਂ ਪ੍ਰੇਰਿਤ ਹੋ ਕੇ ਅਤੇ ਪੱਛਮੀ ਪ੍ਰਭਾਵ ਅਧੀਨ, ਛੋਟੇ ਛੋਟੇ ਵਾਕ ਲਿਖ ਕੇ ਬਿਸ੍ਰਾਮ ਚਿੰਨ੍ਹ ਲਾ ਕੇ, ਪੈਰ੍ਹਿਆਂ ਦੀ ਵੰਡ ਕਰਕੇ, ਸਿਖਿਆ-ਦਾਇਕ ਨਿਕੀਆਂ ਕਹਾਣੀਆਂ ਲਿਖ ਕੇ ਅਤੇ ਬਾਲ ਮਨੋ-ਵਿਗਿਆਨ ਨੂੰ ਸਮਝ ਕੇ ਆਪ ਨੇ ਹਰ ਸੰਭਵ ਢੰਗ ਨਾਲ ਆਪਣੀਆਂ ਪਾਠ-ਪੁਸਤਕਾਂ ਨੂੰ ਰੋਚਿਕ ਬਣਾਉਣ ਦੀ ਕੋਸ਼ਿਸ਼ ਕੀਤੀ। ਬੱਚਿਆਂ ਦੀ ਪੱਧਰ ਦਾ ਖ਼ਿਆਲ ਕਰਕੇ, ਉਸੇ ਅਨੁਸਾਰ ਭਾਸ਼ਾ ਨੂੰ ਸਪੱਸ਼ਟ, ਸਰਲ ਤੇ ਸਾਦਾ ਰਖਿਆ ਅਤੇ ਬਿਆਨ ਵਿਚ ਨਾਟਕੀਅਤਾ ਭਰ ਕੇ ਬੱਚਿਆਂ ਦੀ ਕਲਪਨਾ ਨੂੰ ਟੁੰਬਣ ਦੇ ਸਮਰੱਥ ਬਣਾਇਆ। ਵਿਸ਼ੇਸ਼ ਤੌਰ ਤੇ ਬੱਚਿਆਂ ਦੀ ਦਿਲਚਸਪੀ ਵਿਚ ਵਾਧਾ ਕਰਨ ਲਈ ਜਾਨਵਰਾਂ, ਪੰਖੇਰੂਆਂ ਤੇ ਬਿਰਛਾਂ ਬੂਟਿਆਂ ਸੰਬੰਧੀ, ਸੁਆਦਲੀ ਤੇ ਲਾਭਦਾਇਕ ਜਾਣਕਾਰੀ ਦਿੱਤੀ। 'ਚਰਿਤਰਾਵਲੀ' ਵਿਚ ਵੱਖ ਵੱਖ ਭਾਸ਼ਾਵਾਂ ਵਿਚੋਂ ਉਨ੍ਹਾਂ 9 ਭਾਰਤੀ

ਇਸਤਰੀਆਂ ਦੇ ਜੀਵਨ ਚਰਿਤਰ ਪੇਸ਼ ਕੀਤੇ ਜਿਹੜੀਆਂ ਪਤੀਬ੍ਰਤਾ ਤੇ ਪ੍ਰਤੀਭਾਸ਼ੀਲ ਸਨ। ਲੇਖਕ ਦਾ ਮਨੋਰਥ, ਪੱਛਮੀ ਢੰਗ ਦੇ ਇਸਤਰੀ-ਮਰਦ ਦੇ ਪਦਾਰਥਵਾਦੀ ਸੰਬੰਧਾਂ ਨੂੰ ਦੁਰਕਾਰ ਕੇ, ਭਾਰਤੀ ਨਾਰੀ ਦੀ ਉੱਚਤਾ ਨੂੰ ਦਰਸਾਉਣਾ ਸੀ। ਉਦਾਹਰਣ ਲਈ :-

> " ਇਸਤਰੀਆਂ ਹੋਣ ਤਾਂ ਵਿਦਯੋਤਮਾ ਜਹੀਆਂ ਹੋਣ, ਜਿਹਾ ਪਾਰਸ ਰਤਨ ਦੂਜੇ ਤੁਛ ਧਾਤੂ ਨਾਲ ਸਪਰਸ਼ ਕਰ ਕੇ ਤਿਸ ਨੂੰ ਕੰਚਨ ਬਣਾ ਦਿੰਦਾ ਹੈ। ਤਿਹਾ ਵਿਦਵਾਨ ਵਿਦਯੋਮਤਾ ਨੇ ਪੁਰਖ ਕਾਲੀਦਾਸ ਨੂੰ ਜਗਤ ਦੀ ਸ਼ੋਭਾ ਬਣਾਇਆ।"[9]

ਚਰਿਤਰਾਵਲੀ ਦੇ ਅਖੀਰ ਵਿਚ 29 ਬੁਝਾਰਤਾਂ ਵੀ ਉੱਤਰਾਂ ਸਮੇਤ ਦੇ ਦਿੱਤੀਆਂ ਹਨ। ਉਦਾਹਰਣ ਲਈ:-

> " ਇਕ ਨਾਰੀ ਅਤਿ ਸੁਘੜ ਕਹਾਇ, ਜਿਸ ਪੁਰ ਥੁੱਕੇ ਉਹ ਮਰ ਜਾਏ। "(ਬੰਦੂਕ)

ਬਿਹਾਰੀ ਲਾਲ ਪੁਰੀ ਨੇ ਪੰਜਾਬੀ ਵਿਚ ਪੱਛਮੀ ਕਲਾ-ਰੂਪ, ਨਿਬੰਧ ਨੂੰ, ਪਹਿਲੀ ਵਾਰ ਲਿਆਂਦਾ ਅਤੇ 'ਵਿਦਿਆ ਰਤਨਾਕਰ' ਵਿਚ ਸਮਾਜ ਸੁਧਾਰ( ਤੜਕੇ ਜਾਗਣ ਦੇ ਗੁਣ-'ਸੱਤਯ' ) ਦਾਰਸ਼ਨਿਕ ( ਪਾਪ ਦਾ ਕੁਰਸੀਨਾਮਾ - ਈਸ਼ੁਵਰ ਦੀ ਬਚਿੱਤਰ ਸ਼ਕਤੀ), ਭਾਸ਼ਾ ਅਤੇ ਸਾਹਿੱਤ ਸੰਬੰਧੀ ( ਪੰਜਾਬੀ, ਵਿਦਿਆ, ਬੋਲੀ ਦੀ ਸੁੰਦਰਤਾ) ਅਤੇ ਇਸਤਰੀ ਸਿਖਿਆ (ਸਤੀਆਂ ਦਾ ਹਾਲ, ਸਵਾਮੀ ਵਸ਼ੀਕਰਣ) ਸੰਬੰਧੀ ਮੌਲਿਕ ਨਿਬੰਧ ਲਿਖ ਕੇ ਪੰਜਾਬੀ ਸਾਹਿੱਤ ਦੇ ਭੰਡਾਰ ਨੂੰ ਭਰਪੂਰ ਕੀਤਾ। ਹਰ ਲੇਖ ਦਾ ਆਰੰਭ ਮੰਗਲਾਚਰਨ ਨਾਲ ਤੇ ਅੰਤ ਵਿਚ ਲੇਖ ਦੇ ਮੂਲ ਭਾਵ ਨੂੰ ਇਕ ਦੋਹਿਰੇ ਰਾਹੀਂ ਸਮਝਾਇਆ। ਆਪ ਦੇ ਹਿਰਦੇ ਵਿੱਚੋਂ ਪੰਜਾਬੀ ਭਾਸ਼ਾ ਦਾ ਪਿਆਰ ਕਿਵੇਂ ਡੁਲ੍ਹ ਡੁਲ੍ਹ ਪੈਂਦਾ ਸੀ, ਇਸ ਦੀ ਇਕ ਉਦਾਹਰਣ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ:-

> " ਅੰਗਰੇਜ਼ ਲੋਕ ਅੰਗਰੇਜ਼ੀ ਬੋਲਦੇ ਨਹੀਂ ਸ਼ਰਮਾਉਂਦੇ। ਬੰਗਾਲੀ ਅਤੇ ਕਸ਼ਮੀਰੀ ਯਾ ਹੋਰ ਲੋਕ ਆਪੋ ਆਪਣੀਆਂ ਬੋਲੀ ਬੋਲਦਿਆਂ ਨਹੀਂ ਸ਼ਰਮਾਉਂਦੇ। ਨਿਰਾ ਪੰਜਾਬੀਆਂ ਨੂੰ ਹੀ ਵਾਹਿਗੁਰੂ ਦਾ ਕੁਛ ਭਾਣਾ ਵਰਤ ਗਿਆ ਹੈ, ਕਿ ਆਪਣੀ ਚੰਗੀ ਮਿੱਠੀ ਬੋਲੀ ਬੋਲਦੇ ਸ਼ਰਮਾਉਂਦੇ ਹਨ। ਕੇਹੀ ਅਚਰਜ ਦੀ ਗੱਲ ਹੈ ਕਿ ਗੁਰੂਆਂ, ਸਰਦਾਰਾਂ, ਰਾਜਿਆਂ ਮਹਾਰਾਜਿਆਂ ਦੀ ਬੋਲੀ ਗੁਆਰੀ ਕਹਾਏ, ਅਤੇ ਲਸ਼ਕਰ ਦਿਆਂ ਸਿਪਾਹੀਆਂ ਅਰ ਸਾਈਅਸਾਂ ਅਤੇ ਘਸਿਆਰਿਆਂ ਆਦਿਕ ਦੀ ਬੋਲੀ ਚੰਗੀ ਸਦਾਏ।"[10]

---

9. ਪੁਰੀ, ਬਿਹਾਰੀ ਲਾਲ, 'ਚਰਿਤਰਾਵਲੀ', ਲਾਹੌਰ, 1878 ਈ., ਪੰਨਾ 195.

10. ਉਹੀ, 'ਵਿਦਿਆਰਤਨਾਕਰ', ਲਾਹੌਰ, 1879 ਈ., ਪੰਨਾ 4-5.

ਬਚਿਆਂ ਤੋਂ ਬਿਨਾਂ ਵਡੇਰੀ ਉਮਰ ਦੇ ਪਾਠਕਾਂ ਲਈ ਵੀ ਆਪ ਨੇ ਰਚਨਾ ਕੀਤੀ ਜਿਸ ਦੀ ਉਦਾਹਰਣ 'ਅਨੇਕ ਦਰਸ਼ਨ' ਹੈ ਜਿਸ ਦੀ ਭੂਮਿਕਾ ਵਿਚ ਲਿਖਿਆ ਹੈ ਕਿ," ਗ੍ਰੰਥ ਤਾਂ ਬਹੁਤ ਬਣ ਗਏ ਹਨ, ਪਰ ਸਭ ਬਾਲਕਾਂ ਦੇ ਪੜ੍ਹਨ ਵਾਲੇ ਹਨ। ਸਿਆਣਿਆਂ ਲਈ 'ਚਰਿਤਰਾਵਲੀ' ਤੇ ਵਿਦਿਆਮ੍ਰਤਨਾਕਰ ਤੋਂ ਬਿਨਾਂ ਕੋਈ ਪੜ੍ਹਨ ਵਾਲਾ ਗ੍ਰੰਥ ਨਹੀਂ ਸੀ। ਸੋ ਇਹ 'ਅਨੇਕ ਦਰਸ਼ਨ' ਲਿਖੀ ਹੈ।" ਇਸ ਪੁਸਤਕ ਵਿੱਚੋਂ ਆਪ ਦੀ ਰਚੀ ਹੋਈ ਸੁਖਸ਼੍ਰਿਅਤ ਤੇ ਸੰਜੋਗਾਤਮਕ ਸ਼ੈਲੀ ਦੇ ਪ੍ਰਮਾਣ ਮਿਲਦੇ ਹਨ। ਉਦਾਹਰਣ ਲਈ," ਜੋ ਸਰਵੱਗਯ, ਨਿਰਾਕਾਰ, ਸਰਬ-ਵਿਆਪਕ, ਅਜਨਮਾ, ਅਨੰਤ, ਸਰਬ-ਸ਼ਕਤੀਮਾਨ, ਦਿਯਾਲੂ, ਨਯਾਯ-ਕਾਰੀ, ਸਾਰੀ ਸ੍ਰਿਸ਼ਟੀ ਦਾ ਕਰਤਾ, ਧਰਤਾ, ਹਰਤਾ ਹੈ। ਸਾਰਿਆਂ ਜੀਵਾਂ ਨੂੰ ਕਰਮਾਨੁਸਾਰ ਸਹਜ ਨਿਯਾਯ ਦੇ ਫਲ ਦਿੰਦਾ ਹੈ, ਉਹ ਪਰਮੇਸ਼੍ਵਰ ਹੈ।"[11]

ਪੰਜਾਬੀ ਦਾ ਪਹਿਲਾ ਵਿਆਕਰਣ ਡਾ. ਵਿਲੀਅਮ ਕੇਰੀ ਦੁਆਰਾ 1812 ਈ. ਵਿਚ ਮਿਸ਼ਨ ਪ੍ਰੈਸ ਸੀਰਾਮਪੁਰ ਤੋਂ ਪ੍ਰਕਾਸ਼ਤ ਹੋਇਆ। ਪਿੱਛੋਂ ਲੀਚ ਤੇ ਨਿਊਟਨ ਨੇ ਵੀ ਵਿਆਕਰਣ ਤਿਆਰ ਕੀਤੇ ਪਰ ਇਨ੍ਹਾਂ ਸਭਨਾਂ ਦਾ ਮਨੋਰਥ ਅੰਗਰੇਜ਼ੀ ਜਾਨਣ ਵਾਲੇ ਪੱਛਮੀ ਲੋਕਾਂ ਤੇ ਪਾਦਰੀਆਂ ਨੂੰ ਪੰਜਾਬੀ ਸਿੱਖਣ ਵਿਚ ਸਹਾਇਤਾ ਦੇਣਾ ਸੀ। ਇਹ ਸਾਰੇ ਅੰਗਰੇਜ਼ੀ ਵਿਆਕਰਣ ਨੂੰ ਆਧਾਰ ਮੰਨ ਕੇ ਅੰਗਰੇਜ਼ੀ ਵਿਚ ਲਿਖੇ ਗਏ ਪਰ ਪੰਜਾਬੀ ਦਾ ਪਹਿਲਾ ਵਿਆਕਰਣ ( ਗੁਰਮੁਖੀ ਅੱਖਰਾਂ ਵਿਚ ਆਪਣਿਆਂ ਦੇ ਉਪਕਾਰ ਲਈ) ਲਿਖਣ ਦਾ ਸਿਹਰਾ ਵੀ ਲਾਲਾ ਬਿਹਾਰੀ ਲਾਲ ਪੁਰੀ ਦੇ ਸਿਰ ਹੈ ਜਿਹੜਾ ਉਨ੍ਹਾਂ ਨੇ 1867 ਈ. ਵਿਚ ਪ੍ਰਕਾਸ਼ਤ ਕੀਤਾ। ਇਹ ਵਿਆਕਰਣ ਸੰਸਕ੍ਰਿਤ ਵਿਆਕਰਣ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਤੇ ਇਸ ਦੇ ਪੰਜ ਭਾਗ ਸਨ। ਅਗਲੇ ਸਾਲ 1868 ਈ. ਵਿਚ 'ਬਯਾਕਰਣ ਸਾਰ' ਨਾਂ ਹੇਠ ਪੁਰੀ ਨੇ ਦੂਜਾ ਵਿਆਕਰਣ ਪ੍ਰਕਾਸ਼ਤ ਕੀਤਾ।

ਲਾਲਾ ਬਿਹਾਰੀ ਲਾਲ ਪੁਰੀ ਦੀ ਗੱਦ-ਸ਼ੈਲੀ ਉਤੇ ਹਿੰਦੀ, ਸੰਸਕ੍ਰਿਤ ਦਾ ਪ੍ਰਭਾਵ ਪ੍ਰਤੱਖ ਹੈ, ਪਰ ਵਿਸ਼ੇ ਤੇ ਪਾਠਕਾਂ ਦੀ ਪੱਧਰ ਅਨੁਸਾਰ ਇਸ ਨੂੰ ਵੱਧ ਤੋਂ ਵੱਧ ਸਰਲ, ਸੌਖਾ, ਜਾਂ ਠੇਠ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਬੋਲ ਚਾਲ ਦਾ ਸੰਬੋਧਨੀ ਜਾਂ ਨਾਟਕੀ ਅਤੇ ਵਿਆਖਿਆਤਮਕ ਜਾਂ ਬਿਆਨੀਆ ਢੰਗ, ਇਸ ਨੂੰ ਪੁਰਾਤਨ ਵਾਰਤਕ ਨਾਲੋਂ ਨਿਖੇੜਦੇ ਹਨ। ਅੰਗਰੇਜ਼ੀ ਵਾਰਤਕ ਸ਼ੈਲੀ ਦੇ ਪ੍ਰਭਾਵ ਹੇਠ ਸਿਰਲੇਖ ਦੇਣਾ ਤੇ ਪੈਰ੍ਹਿਆਂ ਦੀ ਵੰਡ ਕਰ ਕੇ ਹਰ ਨਵੀਂ ਗਲ ਨਵੇਂ ਪੈਰ੍ਹੇ ਵਿਚ ਕਹਿਣੀ, ਸ਼ਬਦਾਂ ਨੂੰ ਲਿਸ਼ਕਾਉਣਾ ਅਤੇ ਤਾਲ, ਲੈ ਜਾਂ ਵਹਾ ਪੈਦਾ ਕਰ ਕੇ, ਰੋਚਿਕਤਾ ਭਰਨੀ ਆਪ ਦੀ ਸ਼ੈਲੀ ਦੇ ਕੁਝ ਕੁ ਉਘੇ ਪੱਖ ਹਨ। ਸ਼ਬਦ-ਜੋੜ ਭਾਵੇਂ ਪੁਰਾਣੇ ਹਨ ਪਰ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਨੂੰ ਤਦਭਵ ਰੂਪ ਦੇਣ ਦਾ ਯਤਨ ਕੀਤਾ ਹੈ ਜਿਵੇਂ ਸਤੁਤ ਦਾ ਉਸਤੁਤ, ਈਸ਼ਵਰ ਦਾ ਈਸੁਰ ਆਦਿ।

---

11. ਪੁਰੀ, ਬਿਹਾਰੀ ਲਾਲ, 'ਅਨੇਕ ਦਰਸ਼ਨ' ਲਾਹੌਰ, 1882 ਈ., ਪੰਨਾ 7.

ਲਾਲਾ ਬਿਹਾਰੀ ਲਾਲ ਪੁਰੀ ਆਧੁਨਿਕ ਪੰਜਾਬੀ ਗੱਦ ਸ਼ੈਲੀ ਨੂੰ ਉਸਾਰਨ ਵਾਲੇ ਮੁਢਲੇ/ਲੇਖਕਾਂ ਵਿੱਚੋਂ ਹਨ, ਜਿਹੜੇ ਪੁਰਾਤਨ ਤੇ ਨਵੀਨ ਸ਼ੈਲੀ ਨੂੰ ਨਿਖੇੜਨ ਲਈ ਯਤਨਸ਼ੀਲ ਸਨ। ਉਨ੍ਹਾਂ ਨੇ ਸਮੇਂ ਦੀ ਨਬਜ਼ ਪਛਾਣ ਕੇ, ਈਸਾਈ ਪ੍ਰਚਾਰਕਾਂ ਤੋਂ ਪ੍ਰੇਰਣਾ ਲੈ ਕੇ, ਆਪਣੇ ਧਰਮ ਦੀ ਗੌਰਵਤਾ ਦਰਸਾ ਕੇ ਅਤੇ ਪੰਜਾਬੀ ਨੂੰ, ਸਾਰੇ ਪੰਜਾਬੀਆਂ ਦੀ ਮਾਤ-ਭਾਸ਼ਾ ਸਮਝ ਕੇ ਇਸ ਦੇ ਸਾਹਿੱਤਕ ਭੰਡਾਰੇ ਨੂੰ ਭਰ ਕੇ, ਨਿਸਚੇ ਹੀ ਆਪਣੇ ਲਈ ਪੰਜਾਬੀ ਸਾਹਿੱਤ, ਵਿਸ਼ੇਸ਼ ਕਰਕੇ ਗੱਦ-ਸਾਹਿੱਤ ਵਿਚ ਮਹੱਤਵ-ਪੂਰਨ ਪਦਵੀ ਸਥਾਪਤ ਕਰ ਲਈ ਹੈ।

## ਪ੍ਰੋ. ਗੁਰਮੁਖ ਸਿੰਘ ( ਅਪ੍ਰੈਲ 1849 - 1898 ਈ.)

ਸਿੰਘ ਸਭਾ ਲਹਿਰ ਦੇ ਮੋਢੀ, ਖ਼ਾਲਸਾ ਦੀਵਾਨ ਲਾਹੌਰ ਦੀ ਜਿੰਦ-ਜਾਨ, ਸ਼ੁਧ ਪੰਜਾਬੀ ਪੱਤਰਕਾਰੀ ਦੇ ਮੋਢੀ ਤੇ ਉਸਰੱਈਏ, ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਸਰਬ-ਪੱਖੀ ਉੱਨਤੀ ਦੇ ਤਨੋ-ਮਨੋਂ ਇੱਛੁਕ ਅਤੇ ਪੰਜਾਬੀ ਵਿਚ ਕੌਮੀ ਸਾਹਿੱਤ ਰਚਣ ਵਾਲੇ ਮੁਢਲੇ ਸਿਰ-ਕੱਢ ਵਿਦਵਾਨ, ਯੂਨੀਵਰਸਿਟੀ ਪੱਧਰ ਤਕ ਪੰਜਾਬੀ ਪੜ੍ਹਾਈ ਦੇ ਮੁਦੱਈ ਤੇ ਪ੍ਰਵਾਨਗੀ ਦੇ ਅੰਤਿਮ ਜ਼ਿੰਮੇਦਾਰ, ਸਿੱਖਾਂ ਵਿਚ ਪੱਛਮੀ ਢੰਗ ਦੀ ਵਿਦਿਆ ਦੇ ਪਸਾਰ ਦੇ ਸਮਰਥਕ, ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਸ਼ੁਰੂ ਕਰਨ ਦਾ ਬੀੜਾ ਚੁਕਣ ਵਾਲੇ, ਅਣਥੱਕ ਸੇਵਕ, ਪੰਥਕ ਦਰਦ ਰੱਖਣ ਵਾਲੇ ਉਘੇ ਵਿਦਵਾਨਾਂ ਨੂੰ ਇਕ ਪਲੈਟਫਾਰਮ ਤੇ ਲਿਆ ਖੜਾ ਕਰਨ ਵਾਲੇ, ਪ੍ਰੋ. ਗੁਰਮੁਖ ਸਿੰਘ ਦਾ ਨਾਂ ਸਿੱਖ ਜਗਤ ਦੇ ਪੰਜਾਬੀ ਸਾਹਿੱਤ ਵਿਚ ਸਦਾ ਲਈ ਅਮਰ ਹੈ । ਆਪ ਦਾ ਜਨਮ ਇਕ ਗ਼ਰੀਬ ਪਰਵਾਰ ਵਿਚ, ਭਾਈ ਬਸਾਵਾ ਸਿੰਘ ਦੇ ਘਰ, ਕਪੂਰਥਲੇ ਵਿਚ 1849 ਈ. ਨੂੰ ਹੋਇਆ। ਆਪ ਨੇ, 49 ਵਰ੍ਹਿਆਂ ਦੇ ਸੰਖੇਪ ਪਰ ਘਾਲਣਾ-ਭਰਪੂਰ ਜੀਵਨ ਮਾਰਗ ਵਿਚ, ਜੋ ਅਮਰ ਪੈਰ-ਚਿੰਨ੍ਹ ਅੰਕਿਤ ਕੀਤੇ, ਉਹ ਸਦੀਆਂ ਤਕ ਪੰਜਾਬੀਆਂ ਦੀ ਸਿਮ੍ਰਤੀ ਦਾ ਅੰਗ ਬਣੇ ਰਹਿਣਗੇ। ਕਪੂਰਥਲੇ ਦੇ ਕੰਵਰ ਬਿਕਰਮ ਸਿੰਘ ਦੀ ਸਰਪ੍ਰੱਸਤੀ ਹੇਠ ਗੌਰਮਿੰਟ ਕਾਲਜ ਲਾਹੌਰ ਤੋਂ ਉਚੇਰੀ ਪੜ੍ਹਾਈ ਮੁਕਾ ਕੇ ਆਪ ਪੰਥਕ ਕੰਮਾਂ ਵਿਚ ਜੁਟ ਪਏ। ਅੰਜਮਨਿ ਪੰਜਾਬ ਵਿਚ ਡਾਕਟਰ ਲਾਈਟਨਰ ਦੇ ਸਹਿਯੋਗ ਨਾਲ ਪੰਜਾਬੀ ਵਿਚ ਅਨੁਵਾਦ ਵਿਭਾਗ ਦੀ ਸਥਾਪਨਾ ਕੀਤੀ । ਸੰਨ 1877 ਈ. ਵਿਚ ਪੰਜਾਬ ਯੂਨੀਵਰਸਿਟੀ, ਓਰੀਐਂਟਲ ਕਾਲਜ ਵਿਚ ਪੰਜਾਬੀ ਦੀ ਪੜ੍ਹਾਈ ਦੀ ਮਨਜ਼ੂਰੀ ਨਾਲ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਨਿਯੁਕਤ ਹੋਏ ਜਿੱਥੇ 1885 ਤਕ ਬੀ.ਓ. ਐਲ ਤੇ ਐਮ.ਓ. ਐਲ ਦੇ ਵਿਦਿਆਰਥੀਆਂ ਨੂੰ ਫਲਸਫ਼ਾ, ਇਤਿਹਾਸ ਤੇ ਹਿਸਾਬ ਪੜ੍ਹਾਉਂਦੇ ਰਹੇ। ਕੁਝ ਸਮਾਂ ਗੌਰਮਿੰਟ ਕਾਲਜ ਲਾਹੌਰ ਵਿਚ ਬਦਲੀ ਉਪਰੰਤ ਮੁੜ ਓਰੀਐਂਟਲ ਕਾਲਜ ਵਿਚ ਆ ਗਏ। 1898 ਈ. ਨੂੰ ਕੰਡਾ-ਘਾਟ ਵਿਚ ਆਪ ਦੀ ਮ੍ਰਿਤੂ ਹੋ ਗਈ।

ਆਪ ਦੀ ਵਡਮੁਲੀ ਦੇਣ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਹੈ। ਸ਼ੁਧ ਪੰਜਾਬੀ ਪੱਤਰ-ਕਾਰੀ ਦੇ ਕੇਵਲ ਆਪ ਮੋਢੀ ਹੀ ਨਹੀਂ ਸਨ, ਸਗੋਂ ਇਸ ਨੂੰ ਪਰਚਾਰ ਤੇ ਸੁਧਾਰ ਦਾ ਸ਼ਕਤੀਸ਼ਾਲੀ ਮਾਧਿਅਮ

ਸਮਝ ਕੇ ਉਪਰੋਥਲੀ ਅੱਧੀ ਦਰਜਨ ਪੱਤਰ ਜਾਰੀ ਕਰਕੇ ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਕੀਤਾ ਜਿਹੜਾ ਅਗੋਂ ਆਮ ਸਾਹਿੱਤ ਪੜ੍ਹਨ ਵਾਲਿਆਂ ਦਾ ਇਕ ਨਵਾਂ ਵਰਗ ਤਿਆਰ ਕਰਨ ਵਿਚ ਸਹਾਇਕ ਸਿੱਧ ਹੋਇਆ। ਆਪ ਵਲੋਂ ਸ਼ੁਰੂ ਕੀਤੇ ਪੱਤਰਾਂ ਵਿਚ 'ਗੁਰਮੁਖੀ ਅਖ਼ਬਾਰ' (1880 ਈ.), 'ਵਿਦਿਆਰਕ ਪੰਜਾਬ' (1881 ਈ.), ਰਸਾਲਾ 'ਸੁਧਾਰਾਰਕ'( 1886 ਈ.) ਅਤੇ 'ਖ਼ਾਲਸਾ ਗਜ਼ਟ'( 1885 ਈ.)[12] ਆਪ ਦੇ ਯਤਨਾਂ ਦਾ ਹੀ ਸਿੱਟਾ ਸਨ। ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਸਮੇਂ ਪੜ੍ਹੇ ਲਿਖੇ ਸਿੱਖਾਂ ਦੀ ਗਿਣਤੀ ਸਭ ਤੋਂ ਘੱਟ ਸੀ। ਆਪ ਨੇ ਸਿੱਖਾਂ ਨੂੰ ਧਾਰਮਕ ਵਿਦਿਆ ਦੇ ਨਾਲ ਨਾਲ ਵਿਹਾਰਕ ਵਿਦਿਆ ਦੇਣ ਲਈ ਬੜੇ ਨਿਗਰ ਤੇ ਅਮਲੀ ਕਦਮ ਚੁਕੇ।

ਪ੍ਰੋ. ਗੁਰਮੁਖ ਸਿੰਘ ਦੁਆਰਾ ਰਚਿਤ ਪੰਜਾਬੀ ਪਾਠ-ਪੁਸਤਕਾਂ ਤੇ ਵਾਰਤਕ ਲਿਖਤਾਂ ਦਾ ਵੇਰਵਾ ਇਸ ਪ੍ਰਕਾਰ ਹੈ-(1) ਜੋਤਸ਼ ਵਿਗਿਆਨ,(2) ਤ੍ਰਿਕੋਣ ਮਿਤੀ,(3) ਰਾਜਨੀਤਕ ਅਰਥ-ਵਿਗਿਆਨ,(4) ਇੰਗਲੈਂਡ ਦਾ ਇਤਿਹਾਸ,(5) ਗੁਰਬਰਸ਼ ਅਥਵਾ ਸੰਕ੍ਰਾਂਤੀ ਪੱਤਰ। ਇਨ੍ਹਾਂ ਤੋਂ ਬਿਨਾਂ 'ਖ਼ਾਲਸਾ ਧਰਮ ਦਾ ਉਪਦੇਸ਼'[13] 80 ਸਫ਼ੇ ਦੀ, ਪੱਥਰ ਦੇ ਛਾਪੇ ਵਾਲੀ ਆਪ ਦੀ ਅਜਿਹੀ ਕ੍ਰਿਤ ਹੈ ਜਿਸ ਵਿਚ ਉਹ "ਵਯਾਖਯਾਨ" ਸ਼ਾਮਲ ਹਨ ਜੋ "ਸਿੰਘ ਸਭਾ ਲਾਹੌਰ ਦੇ ਉਪਦੇਸ਼ਕ ਦੌਰੇ ਵਿਚ ਫਿਰਦਿਆਂ ਸੁਨਾਏ, ਸੋ, ਸੋ ਸਿੰਘਾਂ ਅਤੇ ਸਿੱਖਾਂ ਦੇ ਲਾਭ ਹਿੱਤ ਛਾਪ ਕੇ ਪ੍ਰਗਟ ਕੀਤੇ ਗਏ ਹਨ।"[14] ਇਸ ਰਚਨਾ ਦੇ ਆਧਾਰ ਤੇ ਆਪ ਨੂੰ ਵਿਗਿਆਨਕ ਲੀਹਾਂ ਉਤੇ ਧਾਰਮਕ ਜੀਵਨੀਆਂ ਲਿਖਣ ਵਾਲਾ ਮੋਢੀ ਲੇਖਕ ਵੀ ਆਖਿਆ ਜਾ ਸਕਦਾ ਹੈ। ਇਕ ਵਿਖਿਆਨ ਵਿਚ ਆਪ ਨੇ ਦਲੀਲਾਂ ਸਹਿਤ ਸਾਬਤ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦਾ ਨਹੀਂ ਸਗੋਂ ਵਿਸਾਖ ਦਾ ਸੀ। ਬਾਲੇ ਦੇ ਇਤਿਹਾਸਕ ਵਿਅਕਤੀ ਹੋਣ ਬਾਰੇ ਸ਼ੰਕੇ ਦੀ ਬੁਨਿਆਦ ਵੀ ਇਨ੍ਹਾਂ ਵਿਖਿਆਨਾਂ ਵਿਚ ਹੀ ਰੱਖੀ। ਜਨਮ ਸਾਖੀ ਵਿੱਚੋਂ ਭਾਈ ਬਾਲੇ ਦੇ ਪੋਤਰੀ ਲੈਣ ਆਉਣ ਦਾ ਹਵਾਲਾ ਦੇ ਕੇ ਪ੍ਰੋ. ਗੁਰਮੁਖ ਸਿੰਘ ਕਿੰਤੂ ਕਰਦੇ ਹੋਏ ਲਿਖਦੇ ਹਨ :-

---

12. ਅਸ਼ੋਕ, ਸ਼ਮਸ਼ੇਰ ਸਿੰਘ, "ਪੰਜਾਬ ਦੀਆਂ ਲਹਿਰਾਂ", ਪਟਿਆਲਾ, 1974, ਪੰਨਾ 92.
13. ਗੁਰਮੁਖ ਸਿੰਘ(ਪ੍ਰੋਫੈਸਰ), 'ਖਾਲਸਾ ਧਰਮ ਦਾ ਉਪਦੇਸ਼' (ਪੱਥਰ ਦਾ ਛਾਪਾ), ਲਾਹੌਰ, 1884 ਈ., ਪੰਨਾ 80.
14. ਉਹੀ; ਪੁਸਤਕ ਦੇ ਆਰੰਭ ਵਿਚ ਦਰਜ ਸ਼ਬਦ, ਜਿਹੜੇ ਪਿੱਛੋਂ ਈਸਾਈ ਪਾਦਰੀਆਂ ਨੇ ਆਪਣੇ ਪਰਚਾਰ ਲਈ ਛਾਪੀਆਂ ਉਨ੍ਹਾਂ ਪੁਸਤਕਾਂ ਵਿਚ ਹੂਬਹੂ ਅਪਣਾ ਲਏ, ਜਿੱਥੇ ਸਿੱਖੀ ਨੂੰ ਈਸਾਈਅਤ ਦੀ ਨਕਲ ਸਿੱਧ ਕਰਨ ਦਾ ਯਤਨ ਸੀ। ਉਦਾਹਰਣ ਲਈ ਪੰਜਾਬ ਰਿਲੀਜਸ ਬੁਕ ਸੁਸਾਇਟੀ ਵਲੋਂ ਪ੍ਰਕਾਸ਼ਤ "ਗੁਟਕਾ" 1900 ਈ. (ਲਾਹੌਰ)।

" ਗੁਰੂ ਅੰਗਦ ਜੀ ਨੂੰ ਬਾਲਾ ਮਿਲਨ ਆਉਂਦਾ ਹੈ, ਪਰ ਬਾਲੇ ਨੂੰ ਪਹਿਲੇ ਖ਼ਬਰ ਨਹੀਂ ਕੇ ਗੁਰੂ ਨਾਨਕ ਜੀ ਨੇ ਕਿਸ ਨੂੰ ਥਾਪਿਆ ਹੈ। ਗੁਰੂ ਅੰਗਦ ਜੀ ਪੁਛਦੇ ਹਨ - ਤੂੰ ਕੌਣ ਹੈਂ - ਕਿਸ ਦਾ ਸਿੱਖ ਹੈ - ਤੈਨੂੰ ਕੌਣ ਮਿਲਿਆ ਸੀ - ਬਾਲਾ ਆਖਦਾ ਹੈ ਮੈਂ ਬਾਲਾ ਜਟ ਹਾਂ - ਗੁਰੂ ਨਾਨਕ ਦਾ ਸਿੱਖ ਹਾਂ - ਮੈਨੂੰ ਗੁਰੂ ਨਾਨਕ ਬੇਦੀ ਕਾਲੂ ਦਾ ਪੁਤ੍ਰ ਮਿਲਿਆ ਸੀ - ਫੇਰ ਗੁਰੂ ਅੰਗਦ ਪੁਛਿਆ ਤੈਂ ਗੁਰੂ ਨਾਨਕ ਡਿੱਠਾ ਸੀ - ਓਸ ਉਤਰ ਦਿੱਤਾ ਮੈਥੋਂ ਤ੍ਰੈ ਵਰ੍ਹੇ ਵੱਡਾ ਸੀ ਮੈਂ ਗੁਰੂ ਨਾਨਕ ਦੇ ਪਿਛੇ ਲਗਾ ਫਿਰਿਆ ਪਰ ਤਦ ਤਕ ਸਾਨੂੰ ਸਮਝ ਨਹੀਂ ਸੋ ਜੋ ਏਹਿ ਵੱਡਾ ਗੁਰੂ ਹੈ। ਪਹਿਲੇ ਤਾਂ ਇਸ ਵਿਚ ਏਹਿ ਬਾਤ ਹੈ ਕਿ ਬਾਲਾ ਗੁਰੂ ਜੀ ਦੇ ਅੰਤ ਸਮੇਂ ਪਾਸ ਨਹੀਂ ਸੀ ...... ।"

ਆਪ ਦੀ ਇਕ ਹੋਰ ਰਚਨਾ " ਨਾਸਾਨੀ ਕਰਾਮਾਤ " ਹੈ ਜਿਸ ਵਿੱਚੋਂ ਆਪ ਦੀ ਵਾਰਤਕ ਦੀ ਇਕ ਉੱਤਮ ਉਦਾਹਰਣ ਉੱਘੜ ਕੇ ਸਾਹਮਣੇ ਆਉਂਦੀ ਹੈ। ਅੰਮ੍ਰਿਤ ਦੀ ਸ਼ਕਤੀ ਦਾ ਵਰਣਨ ਕਰਦੇ ਹੋਏ ਆਪ ਲਿਖਦੇ ਹਨ :-

" ਉਹ ਮੁਰਦਾ ਲੋਕ ਜੋ ਦੁਸ਼ਮਨ ਦੇ ਪਰਛਾਵੇਂ ਆਏ ਡਰ ਕੇ ਭੱਜ ਨਿਕਲਦੇ ਸੇ, ਓਹੀ ਕੈਸੇ ਬਹਾਦਰ ਹੋ ਨਿਕਲੇ। ਉਹ ਹਿੰਦੂ ਜਾਤੀ ਜੋ ਦੁਨੀਆਂ ਵਿਚ ਮਖੌਲ ਬਨ ਗਈ ਸੀ ਅਤੇ ਹਿਕਾਰਤ ਨਾਲ ਦੇਖੀ ਜਾਂਦੀ ਸੀ, ਜਦ ਪੌਹਲ ਲੈ ਕੇ ਖਾਲਸੇ ਦੇ ਰੂਪ ਵਿਚ ਆਈ, ਦੁਨਿਆਂ ਦੀ ਤਾਰੀਫ਼ ਦੇ ਲੈਕ ਹੋ ਗਈ ਅਤੇ ਸਭ ਜਗਾ ਇਜ਼ਤ ਪਾਉਣ ਲਗ ਪਈ। ਜੋ ਮੁਰਦੇ ਸੇ ਜ਼ਿੰਦਾ ਹੋਏ, ਜੋ ਖਿਥੜੇ ਗਏ ਸੇ, ਸੋ ਮਜ਼ਬੂਤ ਹੋ ਖਲੋਤੇ, ਜੋ ਨਾਚੀਜ਼ ਥੇ, ਸੋ ਸਭ ਤੇ ਚੰਗੀ ਚੀਜ਼ ਹੋ ਗਏ ਅਤੇ ਜੋ ਹਕੀਰ ਸੇ ਸਰਦਾਰ ਅਤੇ ਕਬੀਰ ਬਨੇ।"[15]

ਸ਼ਬਦ-ਜੋੜਾਂ ਤੇ ਸ਼ੈਲੀ ਦੇ ਪੱਖੋਂ ਇਹ ਪੁਰਾਣੀ ਪੰਜਾਬੀ ਦਾ ਇਕ ਸੁੰਦਰ ਨਮੂਨਾ ਹੈ। ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਅਧੀਨ ਛਪਣ ਵਾਲੇ ਪੱਤਰਾਂ ਦੀ ਵਾਰਤਕ ਵੀ ਏਸੇ ਨਮੂਨੇ ਦੀ ਹੈ ਜਿਹੜੀ ਬੋਲਚਾਲ ਦੀ ਭਾਸ਼ਾ ਤੇ ਲਹਿਜੇ ਦੇ ਨਿਕਟ ਦੀ ਹੈ। ਉਰਦੂ ਦੀ ਪੜ੍ਹਾਈ ਲਾਜ਼ਮੀ ਹੋਣ ਕਰਕੇ, ਉਸ ਦੀ ਸ਼ਬਦਾਵਲੀ ਦੀ ਖੁਲ੍ਹਮ-ਖੁਲ੍ਹਾ ਵਰਤੋਂ ਕੀਤੀ ਮਿਲਦੀ ਹੈ, ਜਿਵੇਂ ਮਜ਼ਬੂਤ, ਨਾਚੀਜ਼, ਹਕੀਰ, ਕਬੀਰ ਆਦਿ।

---

15. ਗੁਰਮੁਖ ਸਿੰਘ (ਪ੍ਰੋਫੈਸਰ), ' ਨਾਸਾਨੀ ਕਰਾਮਾਤ' ਲਾਹੌਰ, 1895 ਈ., ਪੰਨਾ 9.

ਸਿੰਘ ਸਭਾ ਲਾਹੌਰ ਦੇ ਪ੍ਰਬੰਧ ਹੇਠ ਆਪ ਨੇ 1885 ਈ. ਨੂੰ ਮੈਕਾਲਫ਼ ਸਾਹਿਬ ਦੁਆਰਾ ਪ੍ਰਾਪਤ ਕੀਤੀ 'ਹਾਫ਼ਿਜ਼ਾਬਾਦੀ' ਜਨਮ ਸਾਖੀ ਨੂੰ ਸੰਪਾਦਤ ਕਰਕੇ ਪ੍ਰਕਾਸ਼ਤ ਕੀਤਾ ਅਤੇ ਇਸ ਦੇ ਮੁਢ ਵਿਚ ਬੜੀ ਵਿਦਵਤਾ-ਪੂਰਤ ਤੇ ਖੋਜ-ਭਰਪੂਰ ਭੂਮਿਕਾ ਲਿਖੀ।[16]

ਰਾਜਾ ਫ਼ਰੀਦਕੋਟ ਵਲੋਂ ਗਿ: ਬਦਨ ਸਿੰਘ ਤੇ ਮਹੰਤ ਸੁਮੇਰ ਸਿੰਘ(ਪਟਨਾ) ਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਟੀਕੇ ਉੱਤੇ ਪ੍ਰੋ. ਗੁਰਮੁਖ ਸਿੰਘ ਨੇ ਛਪਣ ਤੋਂ ਪਹਿਲਾਂ ਇਹ ਇਤਰਾਜ਼ ਕੀਤਾ ਕਿ ਇਹ ਸਨਾਤਨੀ ਢੰਗ ਦਾ ਟੀਕਾ ਗੁਰਮਤਿ ਦੀ ਠੀਕ ਵਿਆਖਿਆ ਨਹੀਂ ਕਰਦਾ। ਇਸ ਉੱਤੇ ਬੇਦੀ ਖੇਮ ਸਿੰਘ ਤੇ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਪ੍ਰੋ. ਗੁਰਮੁਖ ਸਿੰਘ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਜੇਹੇ ਮਹਾਨ ਕੰਮ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ 17 ਮਾਰਚ, 1887 ਈ. ਨੂੰ ਸ੍ਰੀ ਅਕਾਲ ਤਖ਼ਤ ਸ੍ਰੀ ਦਰਬਾਰ ਸਾਹਿਬ ਤੇ ਹੋਰ ਪੁਜਾਰੀਆਂ ਦੇ ਦਸਖ਼ਤ ਕਰਵਾ ਕੇ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖੀ ਤੋਂ ਛੇਕ ਦਿੱਤਾ ਗਿਆ।[17]

ਪ੍ਰੋ. ਗੁਰਮੁਖ ਸਿੰਘ ਦੁਆਰਾ ਰਚੀ ਗਈ ਵਾਰਤਕ ਅਕਾਰ ਜਾਂ ਗਿਣਤੀ ਵਿਚ ਬਹੁਤੀ ਨਹੀਂ ਤੇ ਨਾ ਹੀ ਅਸੀਂ ਉਨ੍ਹਾਂ ਨੂੰ ਪੰਜਾਬੀ ਦੇ ਉੱਚੇ ਸ਼ੈਲੀਕਾਰ ਹੀ ਆਖ ਸਕਦੇ ਹਾਂ। ਪਰ ਦਰਸ਼ਨ ਤੇ ਨਿਆਇ-ਸ਼ਾਸਤ੍ਰ ਦੇ ਉੱਚੇ ਵਿਦਵਾਨ ਹੋਣ ਕਰਕੇ, ਆਪ ਨੇ ਸਿੱਖ ਇਤਿਹਾਸ ਜਾਂ ਗੁਰਮਤਿ ਦੀ ਜਿਹੜੀ ਵੀ ਵਿਆਖਿਆ ਕੀਤੀ, ਉਹ ਨਿਸਚੇ ਹੀ ਵਿਗਿਆਨਕ ਦ੍ਰਿਸ਼ਟੀ ਦੀ ਧਾਰਨੀ ਹੈ ਤੇ ਆਉਣ ਵਾਲੇ ਵਿਦਵਾਨਾਂ ਲਈ ਅਗਵਾਈ ਦਾ ਕਾਰਨ ਬਣਦੀ ਹੈ। ਪਰ ਆਪ ਦੀ ਸਭ ਤੋਂ ਵੱਡੀ ਦੇਣ ਪੰਜਾਬੀ ਪੱਤਰਕਾਰੀ ਨੂੰ ਹੈ ਜਿਨ੍ਹਾਂ ਦੇ ਨਿਰੰਤਰ ਯਤਨਾਂ ਦਾ ਸਦਕਾ ਤੇ ਗਿਆਨੀ ਦਿਤ ਸਿੰਘ, ਭਾਈ ਮੱਯਾ ਸਿੰਘ ਤੇ ਭਾਈ ਝੰਡਾ ਸਿੰਘ ਦੀ ਮਿਲਵਰਤਣ ਨਾਲ, ਪੰਜਾਬੀ ਪੱਤਰਕਾਰੀ ਔਕੜਾਂ ਦੇ ਬਾਵਜੂਦ ਆਪਣੇ ਪੈਰਾਂ ਤੇ ਖਲੋ ਸਕੀ।

ਗਿਆਨੀ ਦਿੱਤ ਸਿੰਘ ( 21 ਅਪ੍ਰੈਲ 1852 - 6 ਸਤੰਬਰ 1901 ਈ.)[18]

ਸਿੰਘ ਸਭਾ ਲਹਿਰ ਦੇ ਉੱਘੇ ਸੰਚਾਲਕ ਤੇ ਉਸਰੱਈਏ, ਖ਼ਾਲਸਾ ਦੀਵਾਨ ਲਾਹੌਰ ਦੇ ਕਰਤਾ ਧਰਤਾ, ਚੋਟੀ ਦੇ ਵਿਦਵਾਨ, ਬ੍ਰਜੀ ਤੇ ਪੰਜਾਬੀ ਵਿਚ ਗੱਦ ਤੇ ਪਦ ਦੇ ਪ੍ਰਤਿਭਾਸ਼ੀਲ ਤੇ ਸਰਬਾਂਗੀ

---

16. ਇਸ ਭੂਮਿਕਾ ਵਿਚੋਂ ਕੁਝ ਹਵਾਲਾ 'ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਤੇ ਸਾਹਿੱਤ ਨੂੰ ਦੇਣ' ਵਾਲੇ ਅਧਿਆਇ ਵਿਚ ਦਿੱਤਾ ਗਿਆ ਹੈ।

17. ਅਮਰ ਸਿੰਘ, ਗਿਆਨੀ, 'ਜੀਵਨ ਗਿਆਨੀ ਦਿੱਤ ਸਿੰਘ ਜੀ' ਅੰਮ੍ਰਿਤਸਰ, 1962 ਈ., ਪੰਨਾ 62.

18. ਆਪ ਦੇ ਜਨਮ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ । 18 ਸਤੰਬਰ 1975 ਦੇ ਖ਼ਾਲਸਾ ਸਮਾਚਾਰ ਵਿਚ ਜਨਮ ਤਾਰੀਖ਼ 21 ਅਪ੍ਰੈਲ 1852 ਛਪੀ ਹੈ, ਪਰ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਛਾਪੀਆਂ ਗਈਆਂ ਪੁਸਤਕਾਂ ਵਿਚ ਜਨਮ ਸੰਨ 1850 ਈ. ਦਾ ਦਿੱਤਾ ਹੋਇਆ ਹੈ । ਗਿਆਨੀ

.....ਚਲਦਾ

ਲੇਖਕ ,ਪੰਜਾਬੀ ਪਤਰਕਾਰੀ ਵਿਚ ਨਵੇਂ ਪੱਥ-ਉਲੀਕਣ ਵਾਲੇ, ਭਾਸ਼ਨਾਂ , ਬਹਿਸਾਂ ਤੇ ਸ਼ਾਸਤ੍ਰਾਰਥਾਂ ਦੁਆਰਾ ਲੱਖਾਂ ਲੋਕਾਂ ਨੂੰ ਹਮ-ਖ਼ਿਆਲ ਬਨਾਉਣ ਤੇ ਵਿਰੋਧੀਆਂ ਨੂੰ ਪਿੜ ਵਿਚੋਂ ਦਲੀਲਾਂ ਨਾਲ ਭਜਾਉਣ ਵਾਲੇ, ਇਸ ਨਿਡਰ ਤੇ ਸੁਲਝੇ ਹੋਏ ਵਿਦਵਾਨ ਦਾ ਜਨਮ 21 ਅਪ੍ਰੈਲ, 1852 ਈ. ਨੂੰ ਇਕ ਰਵਿਦਾਸੀਏ ਪਰਵਾਰ ਵਿਚ ਭਾਈ ਦੀਵਾਨ ਸਿੰਘ[19] ਦੇ ਘਰ ਅਨੰਦ-ਪੁਰ ਕਲੌੜ ਰਿਆਸਤ ਪਟਿਆਲਾ ਵਿਚ ਹੋਇਆ। ਛੋਟੀ ਉਮਰ ਵਿਚ ਆਪ ਗੁਲਾਬਦਾਸੀ ਸੰਪ੍ਰਦਾਇ ਦੇ ਡੇਰਿਆਂ ਵਿਚ ਵੇਦਾਂਤ, ਪਿੰਗਲ ਤੇ ਹੋਰ ਧਾਰਮਕ ਗ੍ਰੰਥ ਪੜ੍ਹਨ ਵਿਚਾਰਨ ਉਪ੍ਰੰਤ ਚੱਠਿਆਂ ਵਾਲੇ ਡੇਰੇ ਜ਼ਿਲਾ ਲਾਹੌਰ ਵਿਚ ਸੰਤ ਦੇਸਾ ਸਿੰਘ , ਗੁਲਾਬਦਾਸੀਏ ਪਾਸ ਆ ਗਏ। ਲਾਹੌਰ ਵਿਚ ਇਨ੍ਹਾਂ ਦਾ ਮੇਲ ਪ੍ਰੋ.ਗੁਰਮੁਖ ਸਿੰਘ ਨਾਲ ਹੋਇਆ ਜਿਨ੍ਹਾਂ ਦੀ ਪ੍ਰੇਰਣਾ ਨਾਲ ਆਪ ਨੇ ਸਿੰਘ ਸਭਾ ਦੇ ਆਸ਼ਿਆਂ ਦੇ ਪਰਚਾਰ ਹਿਤ ਉਮਰ ਭਰ ਲਈ ਆਪਾ ਅਰਪਤ ਕਰ ਦਿੱਤਾ ਅਤੇ ਆਪਣੀਆਂ ਲਿਖਤਾਂ ਤੇ ਭਾਸ਼ਨਾਂ ਦੁਆਰਾ ਸਿੱਖੀ ਦੀ ਬਹੁਤ ਵਡਮੁਲੀ ਸੇਵਾ ਕੀਤੀ। ਆਪ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

(ੳ) <u>ਇਤਿਹਾਸਕ ਪੁਸਤਕਾਂ</u> : (1) ਭਾਈ ਸੁਬੇਗ ਸਿੰਘ ਦੀ ਸ਼ਹੀਦੀ, (2) ਮੀਰਾਂਕੋਟੀਏ ਮਹਿਤਾਬ ਸਿੰਘ ਦੀ ਸ਼ਹੀਦੀ , (3) ਭਾਈ ਤਾਰੂ ਸਿੰਘ ਦੀ ਸ਼ਹੀਦੀ , (4) ਭਾਈ ਬੋਤਾ ਸਿੰਘ ਦੀ ਸ਼ਹੀਦੀ , (5) ਸਿੰਘਣੀਆਂ ਦੇ ਸਿਦਕ , (6) ਸਿੱਖ ਬੱਚੇ ਦੀ ਸ਼ਹੀਦੀ, (7) ਤਾਰਾ ਸਿੰਘ ਦੀ ਸ਼ਹੀਦੀ ।

(ਅ) <u>ਜੀਵਨੀਆਂ</u> : (1) ਜੀਵਨ ਸ੍ਰੀ ਗੁਰੂ ਨਾਨਕ ਸਾਹਿਬ , (2) ਸ੍ਰੀ ਗੁਰੂ ਅਮਰ ਦਾਸ ਸਾਹਿਬ (3) ਸ੍ਰੀ ਗੁਰੂ ਅਰਜਨ ਸਾਹਿਬ, (4) ਸ੍ਰੀ ਗੁਰੂ ਹਰਿ ਰਾਏ ਸਾਹਿਬ, (5) ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ, (6) ਕਲਗੀਧਰ ਉਪਕਾਰ ।

(ੲ) <u>ਸਿਧਾਂਤਕ ਤੇ ਸਾਮਿਅਕ ਪ੍ਰਭਾਵ ਹੇਠ ਲਿਖੀਆਂ ਪੁਸਤਕਾਂ</u>: (1) ਦੰਭ ਬਿਦਾਰਨ, (2) ਦੁਰਗਾ ਪ੍ਰਬੋਧ, (3) ਨਕਲੀ ਸਿਖ ਪ੍ਰਬੋਧ, (4) ਗੁਰਮਤਿ ਆਰਤੀ ਪ੍ਰਬੋਧ, (5) ਪੰਥ ਸੁਧਾਰ ਬਿਨੈ-ਪੱਤਰ, (6) ਭਗਤ ਮੰਗਲ, (7) ਸੁਲਤਾਨ ਪੁਆੜਾ, (8) ਰਾਜ ਪ੍ਰਬੋਧ, (9) ਮੇਰਾ ਅਤੇ ਸਾਧੂ ਦਯਾਨੰਦ ਦਾ ਸੰਬਾਦ (10) ਡਰਪੋਕ ਸਿੰਘ, (11) ਧਰਮ ਦਰਪਨ, (12) ਗੁਗਾ ਗਪੌੜਾ (13) ਪੰਥ ਪ੍ਰਬੋਧ,

---

ਅਮਰ ਸਿੰਘ ਦੁਆਰਾ ਪ੍ਰਕਾਸ਼ਤ 'ਗੁਰੂ ਸਿੱਖ ਜੀਵਨ' (ਗਿਆਨੀ ਦਿੱਤ ਸਿੰਘ) ਵਿਚ ਵੀ 21 ਅਪ੍ਰੈਲ 1852 ਹੀ ਦਿੱਤਾ ਹੋਇਆ ਹੈ। ਪਰ ਆਪ ਦੀ ਮ੍ਰਿਤੂ ਸਮੇਂ 'ਖ਼ਾਲਸਾ ਅਖ਼ਬਾਰ' ਲਾਹੌਰ, ਜਿਸ ਦੇ ਆਪ ਸੰਪਾਦਕ ਸਨ, ਵਿਚ ਛਪੇ ਲੇਖ ਵਿਚ ਦਰਜ ਹੈ ਕਿ ਆਪ 51 ਸਾਲ ਦੀ ਆਯੂ ਭੋਗ ਕੇ ਮਰੇ। ਇਸ ਤਰ੍ਹਾਂ ਜਨਮ 1850 ਈ. ਬਣਦਾ ਹੈ।

19. ਡਾਕਟਰ ਜਗਜੀਤ ਸਿੰਘ 'ਸਿੰਘ ਸਭਾ ਲਹਿਰ ਦਾ ਇਤਿਹਾਸ' ਵਿਚ ਗਿ: ਦਿੱਤ ਸਿੰਘ ਦੇ ਪਿਤਾ ਦਾ ਨਾਂ ਭਾਈ ਰਾਮ ਸਿੰਘ ਲਿਖਦੇ ਹਨ , ਪਰ ਬਾਕੀ ਸਭ ਇਤਿਹਾਸਕਾਰਾਂ ਤੇ ਜੀਵਨੀਕਾਰਾਂ ਨੇ ਭਾਈ ਦੀਵਾਨ ਾ ਹੈ।
ਅਮਰ ਗਿ - ਸਿੰ 1962 ਪੰ: 94-6

(14) ਨੀਤੀ ਪ੍ਰਕਾਸ਼, (15) ਦਿਤ ਹਰੀ ਉਪਦੇਸ਼ ਮਾਲਾ, (16) ਪ੍ਰਤੱਗਯ ਪਾਲਨ,
(17) ਪ੍ਰੇਮਾ ਪ੍ਰਬੋਧ, (18) ਸੈਲਾਨੀ ਸਿੰਘ (2 ਭਾਗ)।[21]

(ਸ) ਫੁਟਕਲ ਰਚਨਾਵਾਂ:- (1) ਪਲਟਣ ਨੰ: 15 ਦੀ ਬਹਾਦਰੀ, (2) ਖ਼ਾਲਸੇ ਦੇ ਬੋਲ
(3) ਅੰਮ੍ਰਿਤ ਵਧਾਈ।

ਆਪ ਮੂਲ ਰੂਪ ਵਿਚ ਬ੍ਰਜ ਭਾਸ਼ਾ ਦੇ ਕਵੀ ਸਨ ਪਰ ਵਾਰਤਕ ਰਚਨਾ ਪੰਜਾਬੀ ਵਿਚ ਕਰਦੇ ਸਨ। ਪੰਜਾਬੀ ਕਵਿਤਾ ਦੀਆਂ ਵੀ ਕੁਝ ਕੁ ਉਦਾਹਰਣਾਂ ਮਿਲਦੀਆਂ ਹਨ ਪਰ ਉਨ੍ਹਾਂ ਦੀ ਮਾਤ੍ਰਾ ਬ੍ਰਜੀ ਕਵਿਤਾ ਦੇ ਟਾਕਰੇ ਤੇ ਬਹੁਤ ਥੋੜ੍ਹੀ ਹੈ। ਆਪ ਦੀਆਂ ਲਿਖਤਾਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਆਪ ਹਰ ਗੱਲ ਸੰਬੰਧੀ ਆਪਣਾ ਪੱਖ ਦਲੀਲ ਤੇ ਉਦਾਹਰਣਾਂ ਦੁਆਰਾ ਸਪੱਸ਼ਟ ਕਰਦੇ ਸਨ। ਆਪ ਦੀ ਲਿਖਤ ਵਿਚ ਕਹਿਰਾਂ ਦਾ ਵਿਅੰਗ ਸੀ, ਜਿਸ ਨਾਲ ਵਿਰੋਧੀ ਨੂੰ ਨਿਰ-ਉਤਰ ਕਰ ਦਿੰਦੇ ਸਨ। ਆਪ ਦੀ ਸਮੁਚੀ ਸਾਹਿੱਤ ਸਿਰਜਣਾ ਦਾ ਮਨੋਰਥ ਸਿੱਖ ਜਨਤਾ ਦੇ ਮਨਾਂ ਵਿਚੋਂ ਹਰ ਪ੍ਰਕਾਰ ਦੇ ਭੁਲੇਖਿਆਂ ਨੂੰ ਕੱਢ ਕੇ ਸਿੱਖੀ ਦੇ ਸ਼ੁੱਧ ਸਰੂਪ ਨੂੰ ਦ੍ਰਿੜ੍ਹਾਉਣਾ ਅਤੇ ਬ੍ਰਾਹਮਣਵਾਦ ਦੇ ਜਾਲ ਵਿੱਚੋਂ ਉਨ੍ਹਾਂ ਨੂੰ ਕੱਢ ਕੇ ਸਿੱਖੀ ਦੀ ਵਿਲੱਖਣ ਤੇ ਸੁਤੰਤਰ ਹੋਂਦ ਨੂੰ ਸਥਾਪਤ ਕਰਨਾ ਸੀ। ਸਿੱਖ ਇਤਿਹਾਸ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਦੁਹਰਾ ਕੇ, ਭੂਤ ਸੰਬੰਧੀ ਗੌਰਵ ਉਪਜਾ ਕੇ, ਵਰਤਮਾਨ ਦੀਆਂ ਸਮੱਸਿਆਵਾਂ ਦਾ ਟਾਕਰਾ ਕਰਨ ਦੀ ਪ੍ਰੇਰਣਾ, ਆਪ ਦੀਆਂ ਲਿਖਤਾਂ ਦਾ ਮੁਖ ਆਧਾਰ ਸੀ। ਆਪ ਦੀ ਬਹੁਤੀ ਰਚਨਾ ਪਹਿਲਾਂ 'ਖ਼ਾਲਸਾ ਅਖ਼ਬਾਰ' ਵਿੱਚ ਪ੍ਰਕਾਸ਼ਤ ਹੋ ਕੇ ਪਿੱਛੋਂ ਟ੍ਰੈਕਟਾਂ ਜਾਂ ਪੁਸਤਕਾਂ ਦੇ ਰੂਪ ਵਿਚ ਪਾਠਕਾਂ ਤਕ ਪੁਜਦੀ ਸੀ। ਭਾਵੇਂ ਆਪ ਦੀ ਸਾਰੀ ਰਚਨਾ ਪ੍ਰਚਾਰ ਦੇ ਆਸ਼ੇ ਨਾਲ ਹੋਂਦ ਵਿਚ ਆਈ, ਪਰ ਜਿਸ ਤਰ੍ਹਾਂ ਇਸ ਕਾਲ ਦੀ ਸਮੁੱਚੀ ਸਾਹਿੱਤ ਸਿਰਜਣਾ ਦੇ ਪਿਛੋਕੜ ਨੂੰ ਦਰਸਾਉਂਦਿਆਂ ਹੋਇਆਂ ਆਖਿਆ ਗਿਆ ਸੀ ਕਿ 'ਪ੍ਰਚਾਰ ਹੀ ਇਸ ਕਾਲ ਦੇ ਸਾਹਿੱਤ ਦੀ ਮੁੱਖ ਪ੍ਰਵਿਰਤੀ ਸੀ'। ਆਪ ਦੀ ਹਰ ਗੱਦ ਰਚਨਾਂ ਵਿਚ ਪੱਦ ਦੀ ਵਰਤੋਂ ਵੀ ਆਮ ਹੈ। ਜਾਂ ਤਾਂ ਪਹਿਲਾਂ ਕੋਈ ਕਾਵਿ-ਬੰਦ ਲੈ ਕੇ, ਉਸ ਦੀ ਵਿਆਖਿਆ ਵਾਰਤਕ ਵਿਚ ਕਰ ਦਿੰਦੇ ਸਨ ਜਾਂ ਫੇਰ ਵਾਰਤਕ ਵਿਚ ਆਪਣੇ ਵਿਚਾਰ ਦੇ ਕੇ ਪਿਛੋਂ ਪੁਸ਼ਟੀ ਵਜੋਂ ਕੋਈ ਕਾਵਿ-ਟੋਟਾ ਜਾਂ ਗੁਰਬਾਣੀ ਦੀ ਤੁਕ ਦੇ ਦਿੰਦੇ ਸਨ। ਉਦਾਹਰਣ ਲਈ:-[22]

---

21. ਗਿ. ਦਿੱਤ ਸਿੰਘ ਦੇ ਸਪੁਤਰ ਡਾ. ਬਲਦੇਵ ਸਿੰਘ ਨੇ ਉਨ੍ਹਾਂ ਦੀ ਮ੍ਰਿਤੂ ਤੋਂ ਪਿਛੋਂ 'ਦੰਭ ਵਿਦਾਰਨ' ਪੁਸਤਕ ਪ੍ਰਕਾਸ਼ਤ ਕੀਤੀ ਅਤੇ ਉਸ ਦੇ ਅਖ਼ੀਰ ਤੇ ਉਨ੍ਹਾਂ ਸਭਨਾਂ ਪੁਸਤਕਾਂ ਦੀ ਸੂਚੀ ਦੇ ਦਿਤੀ ਜਿਹੜੀਆਂ ਗਿਆਨੀ ਜੀ ਦੁਆਰਾ ਲਿਖੀਆਂ ਗਈਆਂ। ਉਪਰੋਕਤ ਸੂਚੀ ਉਥੋਂ ਲਈ ਗਈ ਹੈ।

22. ਦਿੱਤ ਸਿੰਘ ਗਿਆਨੀ, " ਪੰਡਤ ਦਯਾਨੰਦ ਨਾਲ ਮੇਰਾ ਸੰਬਾਦ ", ਪੁਨਰ-ਪ੍ਰਕਾਸ਼ਤ ਸਿੰਘ ਸਭਾ ਸ਼ਤਾਬਦੀ ਕਮੇਟੀ, ਅੰਮ੍ਰਿਤਸਰ, 1973, ਪੰਨਾ 16.

ਦੋਹਿਰਾ: ਜੇ ਮੇਰੀ ਇਕ ਜੀਵ ਦੀ, ਬਿਨਾ ਬੈਖਰੀ ਬਾਤ।
ਤੁਸੀਂ ਨਾ ਸਮਝੋ ਸਾਧ ਜੀ, ਫਿਰ ਈਸ਼ਵਰ ਕਿਹ ਭਾਤ ।

ਭਾਵ - ਵਡੇ ਅਚਰਜ ਦੀ ਬਾਤ ਹੈ ਕਿ ਜਦ ਮੇਰੀ ਤੁਛ ਜੀਵ ਦੀ, ਜਿਸ ਦਾ ਅਲਪ ਗਯਾਨ ਅਤੇ ਸਥੂਲ ਸਰੀਰ ਹੈ, ਬਾਣੀ ਨੂੰ ਬੈਖਰੀ ਹੋਈ ਤੇ ਬਿਨਾਂ ਕੋਈ ਨਹੀਂ ਜਾਣਦਾ ਤਾਂ ਈਸ਼ਵਰ ਦਾ ਗਿਆਨ ਇਹ ਜੀਵ ਕਿਸ ਤਰ੍ਹਾਂ ਸਮਝ ਸਕਦੇ ਹਨ, ਕਿਉਂਕਿ ਬਹੁਤ ਸਾਰੇ ਮਹਾਤਮਾਂ ਨੇ ਉਸ ਨੂੰ 'ਅਪ੍ਰਣੈਂ ਮਨਹੀਨ ਸਵਾਮੀ' ਕਰ ਕੇ ਕਥਨ ਕੀਤਾ ਹੈ, ਜਿਸ ਦਾ ਭਾਵ ਇਹ ਹੈ ਕਿ ਮਨ ਅਤੇ ਪ੍ਰਾਣਾਦਿਕ ਤੇ ਓਹ ਰਹਤ ਹੈ ਜਿਸ ਦਾ ਤਾਤਪਰਜ ਉਸ ਦੀ ਸਥੂਲਤਾ ਖੰਡਨ ਵਿਚ ਹੈ, ਫਿਰ ਇਹ ਭੀ ਆਖਯਾ ਹੈ " ਯਤੋ ਵਾਚਾ ਨਿਵਰਤੰਤੇ ਅਪ੍ਰਾਪ ਮਨਸਾ ਸਹਾ' ਅਰਥਾਤ ਬਾਣੀ ਉਸ ਨੂੰ ਕਥਨ ਨਹੀਂ ਕਰ ਸਕਦੀ ਅਤੇ ਮਨ ਤੇ ਭੀ ਅਗੋਚਰ ਹੈ, ਫਿਰ ਸੁਆਮੀ ਜੀ ਕਿਸ ਤਰ੍ਹਾਂ ਸਾਬਤ ਕਰ ਸਕਦੇ ਹਨ ਕਿ ਇਹ ਵੇਦ ਦੇ ਮੰਤ੍ਰ ਜੋ ਮਨੁਖ ਤੇ ਬਿਨਾਂ ਕਿਸੇ ਤਰ੍ਹਾਂ ਬੋਲੇ ਹੀ ਨਹੀਂ ਜਾਂਦੇ, ਈਸ਼ਵਰ ਨੇ ਆਖੇ ਸੇ ?

ਦੋਹਿਰਾ - ਸੁਣ ਕੇ ਇਸ ਪ੍ਰਸੰਗ ਨੂੰ ਗਈ ਚੌਕੜੀ ਭੂਲ ।
ਮਨ ਵਿਚ ਸਮਝਿਆ ਸਾਧ ਨੇ, ਗਇਆ ਭੇਦ ਸਭ ਖੁਲ੍ਹ।

ਗਿ: ਦਿੱਤ ਸਿੰਘ ਦੀ ਉਪ੍ਰੋਕਤ ਗੱਦ ਰਚਨਾ ਪੁਰਾਤਨ ਵਾਰਤਕ ਦੇ ਵਧੇਰੇ ਨੇੜੇ ਹੈ। ਸ਼ਬਦ-ਜੋੜ ਸ਼ਬਦਾਵਲੀ ਤੇ ਵਾਕ-ਬਣਤਰ ਸਭ ਨਵੀਨ ਵਾਰਤਕ ਨਾਲੋਂ ਭਿੰਨ ਹਨ ਪਰ ਇਸ ਵਿਚ ਦਲੀਲ ਤੇ ਨਿਆਇ-ਸ਼ੀਲਤਾ ਦੇ ਪ੍ਰਮਾਣ ਪ੍ਰਤੱਖ ਹਨ। ਗਿ: ਦਿੱਤ ਸਿੰਘ ਦੀ ਬਹੁਤੀ ਲਿਖਤ ਕਿਉਂਜੋ ਸਿਧਾਂਤਕ ਹੈ, ਇਸ ਲਈ ਅਜਿਹੀ ਸਭ ਰਚਨਾ ਉਪ੍ਰੋਕਤ ਉਦਾਹਰਣ ਨਾਲ ਹੀ ਮੇਲ ਖਾਂਦੀ ਹੈ।

ਸਿੱਖੀ ਰਹੁ-ਰੀਤਾਂ ਦੇ ਸੁਧਾਰ ਨਾਲ ਸੰਬੰਧਿਤ ਗਿ: ਦਿੱਤ ਸਿੰਘ ਦੀ ਲਿਖਤ ਜਿੱਥੇ ਨਿਆਇ-ਯੁਕਤ ਅਤੇ ਵਿਅੰਗ ਭਰਪੂਰ ਹੈ ਉੱਥੇ ਇਸ ਦੀ ਸ਼ੈਲੀ ਵੀ ਵਧੇਰੇ ਸਰਲ ਤੇ ਨਵੀਨ ਵਾਰਤਕ ਦੇ ਅਨੁਕੂਲ ਹੈ। ਉਦਾਹਰਣ ਲਈ:-[23]

ਅਸੀਂ ਹੈਰਾਨ ਹਾਂ ਉਨ੍ਹਾਂ ਭਾਈਆਂ ਦੀ ਬੁਧਿ ਪਰ ਜੋ ਮੂੰਹੋਂ ਦੀਵਿਆਂ ਦੀ ਆਰਤੀ ਦੇ ਖੰਡਨ-ਰੂਪ ਸ਼ਬਦ ਪੜ੍ਹਦੇ ਹਨ ਤੇ ਹੱਥਾਂ ਵਿਚ ਦੀਵੇ ਫੜਕੇ ਭਵਾਉਂਦੇ ਹਨ। ਅਸਲ ਵਿਚ ਉਨ੍ਹਾਂ ਦਾ ਸ਼ਬਦ ਪੜ੍ਹਨਾ ਉਸ ਸਿੱਖ ਜੇਹਾ ਹੈ ਜੋ ਇਕ ਅਯਾਲੀ ਦਾ ਬਕਰਾ ਚੁਰਾ ਕੇ ਖਲ ਰਿਹਾ ਸੀ ਅਤੇ ਮੂੰਹੋਂ ਅਨੰਦ ਦੀਆਂ ਇਹ ਤੁਕਾਂ ਪੜ੍ਹ ਰਿਹਾ ਸੀ:" ਏ ਸਰੀਰਾ ਮੇਰਿਆ ! ਇਸ ਜਗ ਮਹਿ ਆਇ ਕੇ ਕਿਆ ਤੁਧ ਕਰਮ ਕਮਾਇਆ ? ਕਿ ਕਰਮ ਕਮਾਇਆ →

23. ਦਿੱਤ ਸਿੰਘ ਗਿਆਨੀ, 'ਗੁਰਮਤਿ ਆਰਤੀ ਪ੍ਰਬੋਧ' ਸਿੰਘ ਸਭਾ ਸ਼ਤਾਬਦੀ, ਅੰਮ੍ਰਿਤਸਰ, ਪੰਨਾ 74.

ਤੁਧ ਸਰੀਰਾ, ਜ ਤੂ ਜਗ ਮਹਿ ਆਇਆ?" ਮੌਕੇ ਉਤੇ ਪਹੁੰਚ ਕੇ ਅਯਾਲੀ ਨੇ ਉਸ ਦੀ ਕਹਿਣੀ ਤੋਂ ਉਲਟ ਕਰਨੀ ਦੇਖ ਕੇ ਜੋ ਉਸ ਵੇਲੇ ਆਖਿਆ, ਉਸ ਦਾ ਇਹ ਪੰਜਾਬੀ ਅਖਾਣ ਬਣ ਗਯਾ:-

ਵਾਹ ਭਾਈ ! ਵਾਹ !! ਪੜ੍ਹੇਂ ਗੁਰਬਾਣੀ ਤੇ ਕੰਮ ਕਰੇਂ ਆਹ ?

ਗਿਆਨੀ ਦਿੱਤ ਸਿੰਘ ਨੂੰ ਅਸੀਂ ਪੰਜਾਬੀ ਦਾ ਉੱਘਾ ਸ਼ੈਲੀਕਾਰ ਨਹੀਂ ਆਖ ਸਕਦੇ, ਕਿਉਂਜੋ ਉਸ ਦੀ ਲਿਖਤ ਮਿਸ਼੍ਰਤ ਢੰਗ ਦੀ ਹੈ। ਸ਼ਬਦ-ਜੋੜ ਤਾਂ ਪੁਰਾਣੇ ਹਨ, ਪਰ ਲਿਖਤ ਦਾ ਲਹਿਜਾ ਵੀ ਬਹੁਤੀ ਵਾਰੀ ਪੁਰਾਤਨ ਵਾਰਤਕ ਨਾਲ ਮੇਲ ਖਾਂਦਾ ਹੈ। ਦੂਜਾ ਨੁਕਸ ਇਹ ਹੈ ਕਿ ਜਿਹੜੀਆਂ ਲਿਖਤਾਂ ਪਹਿਲਾਂ ਅਖ਼ਬਾਰਾਂ ਰਸਾਲਿਆਂ ਵਿਚ ਪ੍ਰਕਾਸ਼ਤ ਹੋ ਕੇ ਪਿਛੋਂ ਪੁਸਤਕ ਰੂਪ ਵਿਚ ਸਾਡੇ ਤਕ ਅਪੜੀਆਂ, ਉਨ੍ਹਾਂ ਵਿਚ ਪੱਤਰਕਾਰੀ ਵਾਲੀ ਕਾਹਲ ਤੇ ਸਾਹਿੱਤਕ ਸੋਹਜ ਦੀ ਘਾਟ ਪ੍ਰਤੱਖ ਹੈ। ਤੀਜਾ ਨੁਕਸ ਇਹ ਹੈ ਕਿ ਇਹ ਲਿਖਤ ਬਹੁਤੀ ਭਾਸ਼ਨਕਾਰੀ ਦੇ ਢੰਗ ਤੇ ਉਸਰੀ ਹੋਣ ਕਰਕੇ ਪੜ੍ਹਨ ਨਾਲੋਂ ਸੁਣਨ ਵਿਚ ਵਧੇਰੇ ਅਨੰਦ ਦਿੰਦੀ ਹੈ। ਪਰ ਜਿਨ੍ਹਾਂ ਰਚਨਾਵਾਂ ਵਿਚ ਸਿਧਾਂਤਕ ਮਸਲਿਆਂ ਨੂੰ ਛੋਹਿਆ ਗਿਆ ਹੈ, ਉਥੇ ਲਿਖਤ ਗੰਭੀਰ ਵੀ ਹੋ ਗਈ ਹੈ ਤੇ ਉਸ ਵਿੱਚੋਂ ਆਪ ਦੇ ਮਹਾਨ-ਕੋਸ਼ੀ ਗਿਆਨ ਤੇ ਸ੍ਰੇਸ਼ਟ ਪ੍ਰਬੁਧਤਾ ਦਾ ਵੀ ਸਹਿਜ ਸੁਭਾ ਅਹਿਸਾਸ ਹੋ ਜਾਂਦਾ ਹੈ।

—

<u>ਗਿਆਨੀ ਗਿਆਨ ਸਿੰਘ</u> ( 1822 ਤੋਂ 24 ਸਤੰਬਰ 1921 ਈ.)[24]

ਸੰਪੂਰਨ ਸਿੱਖ ਇਤਿਹਾਸ ਨੂੰ ਪਹਿਲੀ ਵਾਰੀ ਪੰਜਾਬੀ ਵਾਰਤਕ ਵਿਚ ਲਿਖਣ ਵਾਲੇ, ਬ੍ਰਜੀ ਤੇ ਪੰਜਾਬੀ ਦੇ ਉੱਘੇ ਕਵੀ ਤੇ ਵਿਦਵਾਨ, ਉਰਦੂ, ਬ੍ਰਜੀ ਤੇ ਪੰਜਾਬੀ ਵਿੱਚ ਸਿੱਖ ਇਤਿਹਾਸ ਤੇ ਹੋਰ ਭਿੰਨ ਭਿੰਨ ਵਿਸ਼ਿਆਂ ਸੰਬੰਧੀ 18 ਗ੍ਰੰਥਾਂ[25] ਦੇ ਕਰਤਾ, ਸਿੱਖ ਇਤਿਹਾਸ ਨਾਲ ਸੰਬੰਧਿਤ ਲਗਭਗ ਸਭ ਸਥਾਨਾਂ

---

24. ਆਪ ਦੀ ਮ੍ਰਿਤੂ ਬਾਰੇ ਵੱਖ ਵੱਖ ਵਿਦਵਾਨਾਂ ਨੇ ਅੱਡ ਅੱਡ ਸੰਨ ਦਿਤੇ ਹਨ। ਪ੍ਰੋ: ਐਸ.ਐਸ.ਅਮੋਲ-ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਤ ਪੰਜਾਬੀ ਸਾਹਿੱਤ ਦਾ ਇਤਿਹਾਸ' ਪੰਨਾ 124 ਤੇ ਮ੍ਰਿਤੂ ਦਾ ਸੰਨ 1925 ਈ. ਦੇ ਕੇ ਉਨ੍ਹਾਂ ਦੀ ਆਯੂ 103 ਸਾਲ ਦਸਦੇ ਹਨ। ਇਸੇ ਪੁਸਤਕ ਦੇ ਆਧੁਨਿਕ ਕਾਲ ਵਾਲੇ ਭਾਗ ਵਿਚ ਡਾ. ਤਾਰਨ ਸਿੰਘ ਪੰਨਾ 121 ਤੇ ਮ੍ਰਿਤੂ ਦਾ ਸੰਨ 1923 ਈ. ਦਿੰਦੇ ਹਨ ਪਰ ਸਮੀਖਿਆ ਬੋਰਡ ਵਲੋਂ ਪ੍ਰਕਾਸ਼ਤ ਗਿ: ਗਿਆਨ ਸਿੰਘ ਅਧਿਐਨ - ਪੰਨਾ 72 ਤੇ 24 ਸਤੰਬਰ 1921 ਈ. ਦੀ ਮ੍ਰਿਤੂ ਲਿਖੀ ਹੈ, ਜੋ ਵਧੇਰੇ ਪ੍ਰਮਾਣਿਤ ਤੇ ਮੰਨਣ-ਯੋਗ ਹੈ।

25. ਆਪ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-(1) ਪੋਥੀ ਪੰਥ ਪ੍ਰਕਾਸ਼, (2) ਨਿਰਮਲ ਪੰਥ ਪ੍ਰਦੀਪਕਾ, (3) ਤਵਾਰੀਖ਼ ਗੁਰੂ ਖਾਲਸਾ, ਪੰਜ ਭਾਗ, (4) ਗੁਰਧਾਮ ਸੰਗ੍ਰਹਿ, (5) ਪਤਿਤ-ਪਾਵਨ (6) ਤਵਾਰੀਖ਼ ਸ੍ਰੀ ਅੰਮ੍ਰਿਤਸਰ, (7) ਭੂਪਿੰਦਰਾ ਨੰਦ, (8) ਤਵਾਰੀਖ਼ ਲਾਹੌਰ (ਉਰਦੂ), (9) ਰਿਪੁਦਮਨ ਪ੍ਰਕਾਸ਼- ਪੰਜ ਭਾਗ, (10) ਗੁਰਪੁਰਬ ਪ੍ਰਕਾਸ਼, (11) ਅਨਿਕ ਪ੍ਰਕਾਸ਼, (12) ਅੰਮ੍ਰਿਤ ਪ੍ਰਕਾਸ਼, (13) ਕੰਵਲ ਫੂਲ ਮਾਲ, (14) ਨੀਤੀ ਪ੍ਰਕਾਸ਼, (15) ਇਤਿਹਾਸ ਭਾਈ ਰੂਪ ਚੰਦ, (16) ਕਥਾ ਪੂਰਨਮਾਸ਼ੀ, (17) ਦੋਹਾਵਲੀ, (18) ਪ੍ਰਸ਼ਨੋਤਰੀ (ਗਿ: ਗਿਆਨ ਸਿੰਘ ਅਧਿਐਨ-ਜਲੰਧਰ-1960 ਪੰਨਾ 81-82

ਦੇ ਰਟਣ-ਹਾਰੇ, ਸਿੰਘ ਸਭਾ ਅੰਮ੍ਰਿਤਸਰ ਦੇ ਮੋਢੀ ਸੰਚਾਲਕ ਤੇ ਪਹਿਲੇ ਸਕੱਤ੍ਰ ਗਿਆਨੀ ਗਿਆਨ ਸਿੰਘ ਦਾ ਜਨਮ ਪਿੰਡ ਲੌਂਗੋਵਾਲ (ਰਿਆਸਤ ਪਟਿਆਲਾ) ਵਿਚ 1822 ਈ. ਨੂੰ ਸਰਦਾਰ ਭਾਗ ਸਿੰਘ ਦੇ ਘਰ ਹੋਇਆ। 'ਸਿੱਖ ਰਾਜ ਦਾ ਜੋਬਨ ਤੇ ਇਸ ਦਾ ਅੰਤ ਆਪ ਨੇ ਅੱਖੀਂ ਦੇਖਿਆ। ਸਿੱਖ ਕੌਮ ਦੀ ਅਧੋਗਤੀ ਤੇ ਹਰ ਪਾਸਿਓਂ ਲਗ ਰਹੀ ਢਾਹ ਨੂੰ ਵੀ ਆਪ ਨੇ ਬੜੇ ਦੁਖੀ ਹਿਰਦੇ ਨਾਲ ਅਨੁਭਵ ਕੀਤਾ। ਪੁਨਰ-ਜਾਗ੍ਰਤੀ ਦੇ ਯੁੱਗ ਵਿਚ ਸਿੱਖਾਂ ਦੀ ਖੋ ਚੁਕੀ ਗੌਰਵਤਾ ਨੂੰ ਮੁੜ ਸੁਰਜੀਤ ਕਰਨ ਲਈ ਆਪ ਨੇ ਸ਼ਾਨਦਾਰ ਸਿੱਖ ਇਤਿਹਾਸ ਦੀ ਗੌਰਵਤਾ ਨੂੰ ਮੁੜ ਸਾਕਾਰ ਕਰਕੇ ਪੇਸ਼ ਕਰਨ ਦਾ ਬੀੜਾ ਚੁਕਿਆ ਤੇ ਲਗਭਗ ਸਾਰੀ ਆਯੂ ਏਸੇ ਮਹਾਨ ਕਾਰਜ ਨੂੰ ਅਰਪਤ ਕਰ ਦਿੱਤੀ। ਆਪ ਦਾ ਇਤਿਹਾਸ ਲਿਖਣ ਦਾ ਢੰਗ ਬਿਲਕੁਲ ਸੰਪਰਦਾਈ ਸੀ ਅਤੇ ਗੁਰੂਆਂ ਸੰਬੰਧੀ ਕਈ ਗਲਤ ਜਾਂ ਅਸੁਭਾਵਕ ਗੱਲਾਂ ਉਵੇਂ ਹੀ ਲਿਖ ਦਿੱਤੀਆਂ ਜਿਵੇਂ ਉਨ੍ਹਾਂ ਪੜ੍ਹੀਆਂ ਸੁਣੀਆਂ ਸਨ। ਭਾਵ ਇਹ ਕਿ ਇਤਿਹਾਸ ਨੂੰ ਉਨ੍ਹਾਂ ਨੇ ਕਿਸੇ ਵਿਗਿਆਨਕ ਦ੍ਰਿਸ਼ਟੀ ਨਾਲ ਪੁਣ ਛਾਣ ਕੇ ਨਹੀਂ, ਸਗੋਂ ਨਿਰੋਲ ਸ਼ਰਧਾ-ਭਾਵ ਅਧੀਨ ਲਿਖ ਦਿਤਾ। ਆਪ ਦੀਆਂ ਬਹੁਤੀਆਂ ਰਚਨਾਵਾਂ ਬ੍ਰਜੀ ਵਿਚ ਹਨ; ਪਰ ਤਵਾਰੀਖ ਗੁਰੂ ਖਾਲਸਾ ਠੇਠ ਪੰਜਾਬੀ ਵਾਰਤਕ ਵਿਚ ਹੈ ਜਿਸ ਦੇ ਪੰਜ ਭਾਗ (ੳ) ਦਸਾਂ ਸਤਿਗੁਰਾਂ ਦੇ ਜੀਵਨ ਚਰਿਤ੍ਰ, (ਅ) ਸ਼ਮਸ਼ੇਰ ਖ਼ਾਲਸਾ, (ੲ) ਰਾਜ ਖ਼ਾਲਸਾ, ਪਹਿਲਾ ਹਿੱਸਾ, (ਸ) ਸਰਦਾਰ ਖ਼ਾਲਸਾ ਦੂਜਾ ਹਿੱਸਾ ਤੇ (ਹ) ਪੰਥ ਖ਼ਾਲਸਾ, ਹਨ। ਇਸ ਗ੍ਰੰਥ ਦੇ ਪਹਿਲੇ ਤਿੰਨ ਭਾਗ 1890 ਈ. ਅਤੇ 1892 ਈ. ਵਿਚ ਪ੍ਰਕਾਸ਼ਤ ਹੋਏ ਤੇ ਦੂਜੇ ਦੋਵੇਂ ਭਾਗ ਪਿਛੋਂ ਛਪੇ।

ਸਿੰਘ ਸਭਾ ਦੇ ਪ੍ਰਭਾਵ ਹੇਠ ਗਿਆਨੀ ਗਿਆਨ ਸਿੰਘ ਨੇ ਬ੍ਰਜੀ ਦੀ ਥਾਂ ਸ਼ੁਧ ਪੰਜਾਬੀ ਵਿਚ ਸਿੱਖ ਇਤਿਹਾਸ ਲਿਖ ਕੇ ਸਾਡੇ ਸਾਹਿੱਤ ਦੀ ਵਡਮੁਲੀ ਸੇਵਾ ਕੀਤੀ। ਪੰਜਾਬੀ ਵਾਰਤਕ ਨੂੰ ਆਧੁਨਿਕ ਬਨਾਉਣ, ਫਾਰਸੀ ਤੇ ਬ੍ਰਜੀ ਦੇ ਅਸਰਾਂ ਤੋਂ ਮੁਕਤ ਕਰਨ, ਇਸ ਨੂੰ ਅੰਗਰੇਜ਼ੀ ਢੰਗ ਦੀ ਨਿਖੇੜੂ ਵਾਰਤਕ ਬਨਾਉਣ ਤੇ ਲੋਕ-ਬੋਲੀ ਦੇ ਨਿਕਟ ਲਿਆਉਣ ਵਿਚ ਗਿਆਨੀ ਜੀ ਦਾ ਵਿਸ਼ੇਸ਼ ਹੱਥ ਹੈ। ਆਕਾਰ ਵਲੋਂ 1500 ਪੰਨਿਆਂ ਦੀ ਹੋਣ ਦੇ ਨਾਲ ਨਾਲ ਇਸ ਵਿਚ ਉੱਤਮ ਗੱਦ ਦੇ ਲਗ ਭਗ ਸਾਰੇ ਗੁਣ ਮੌਜੂਦ ਹਨ। ਵਿਚਾਰ-ਮਈ, ਸੋਝੀ-ਭਰਪੂਰ, ਨਿਆਇ-ਸ਼ੀਲ, ਬੱਝਵੀਂ ਚਾਲ ਵਿਚ ਤੁਰਦੀ ਤੇ ਨੇਮਾਂ ਅਧੀਨ ਉਸਰੀ, ਇਕ ਵਿਸ਼ੇਸ਼ ਸਾਹਿੱਤਕ ਸ਼ੈਲੀ ਵਾਲੀ ਵਾਰਤਕ ਅਸੀਂ ਗਿਆਨੀ ਗਿਆਨ ਸਿੰਘ ਵਿਚ ਦੇਖ ਸਕਦੇ ਹਾਂ। ਸਰਲਤਾ ਤੇ ਸਪੱਸ਼ਟਤਾ ਇਸ ਵਾਰਤਕ ਦਾ ਉੱਘੜਵਾਂ ਲੱਛਣ ਹੈ, ਜਿਸ ਦੁਆਰਾ ਆਮ ਪਾਠਕ ਇਸ ਨੂੰ ਪੜ੍ਹਦਾ ਅਕੇਵਾਂ ਮਹਿਸੂਸ ਨਹੀਂ ਕਰਦਾ। ਬਿਆਨ ਦੀ ਰੰਗੀਨੀ, ਮਧੁਰਤਾ, ਨਵੀਨਤਾ, ਵੰਨ-ਸੁਵੰਨਤਾ ਤੇ ਆਪ-ਮੁਹਾਰੇ ਪਨ ਦੀਆਂ ਅਨੇਕ ਮਿਸਾਲਾਂ ਆਪ ਦੀ ਵਾਰਤਕ ਵਿੱਚੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਗਿਆਨੀ ਜੀ ਬਿਆਨੀਆ ਵਾਰਤਕ ਦੇ ਉਸਤਾਦ ਹਨ। ਚੀਜ਼ਾਂ, ਥਾਵਾਂ, ਘਟਨਾਵਾਂ ਤੇ ਵਾਤਾਵਰਨ ਨੂੰ ਅਜਿਹੀ ਸੁਚੱਜਤਾ ਨਾਲ ਚਿਤਰਦੇ ਹਨ ਕਿ ਇਕ ਪ੍ਰਕਾਰ ਦੀ

ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ। ਕਈ ਥਾਈਂ ਤਾਂ ਪੜ੍ਹਦਿਆਂ ਪੜ੍ਹਦਿਆਂ, ਇਹ ਪ੍ਰਭਾਵ ਪੈਂਦਾ ਹੈ ਕਿ ਪਾਠਕ ਆਪ ਉਸ ਥਾਂ ਤੇ ਪੁੱਜ ਗਿਆ ਤੇ ਗਿਆਨੀ ਜੀ ਇਕ ਸੁਚੱਜੇ ਗਾਈਡ ਵਾਂਗ ਛੋਟੀ ਛੋਟੀ ਚੀਜ਼ ਦੀ ਵਿਆਖਿਆ ਕਰ ਕੇ ਸਮਝਾ ਰਹੇ ਹਨ।

ਗਿਆਨੀ ਜੀ ਪਹਿਲੇ ਇਤਿਹਾਸਕਾਰ ਹਨ ਜਿਨ੍ਹਾਂ ਨੇ ਹਰ ਗੱਲ ਨੂੰ ਘੋਖ ਕੇ, ਅਸਲੀਅਤ ਨੂੰ ਉਜਾਗਰ ਕੀਤਾ। ਦਲੀਲ, ਪਰਮਾਣ ਤੇ ਉਦਾਹਰਣਾਂ ਨਾਲ ਆਪਣੇ ਮਤ ਦੀ ਪੁਸ਼ਟੀ ਕੀਤੀ ਪਰ ਕਈ ਵਾਰੀ ਪੱਖ ਵੱਖ ਪਰਚਲਿਤ ਵਿਚਾਰਾਂ ਨੂੰ ਬਿਨਾਂ ਆਲੋਚਨਾ ਦੇ ਹੂਬਹੂ ਲਿਖ ਦਿੰਦੇ ਹਨ ਤੇ ਨਿਰਣੇ ਪਾਠਕਾਂ ਦੀ ਸੂਝ ਉਤੇ ਛੱਡ ਦਿੰਦੇ। ਸਰਦਾਰ ਹਰੀ ਸਿੰਘ ਨਲੂਏ ਦੀ ਮੌਤ ਬਾਰੇ ਬਿਆਨ ਇਸ ਦੀ ਇਕ ਉਦਾਹਰਣ ਹੈ:-

"ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਮਹਾਂ ਸਿੰਘ ਨੇ ਚੁਪ ਚਾਪ ਬਿਨਾਂ ਕਿਸੇ ਨੂੰ ਦੱਸੇ ਸ੍ਰ. ਹਰੀ ਸਿੰਘ ਨਲੂਏ ਦੀ ਲਾਸ਼ ਦਾ ਦਾਹ-ਸੰਸਕਾਰ ਕਰ ਦਿੱਤਾ ਸੀ। ਕਿੰਤੂ ਸ. ਹਰੀ ਸਿੰਘ ਦੇ ਇਕ ਖ਼ਾਸ ਨੌਕਰ ਦਾ, ਜੋ ਇਸ ਲੜਾਈ ਵਿਚ ਸ. ਹਰੀ ਸਿੰਘ ਦੇ ਨਾਲ ਸੀ, ਕਥਨ ਹੈ ਕਿ ਸਰਦਾਰ ਜੀ ਦਾ ਪੇਟ ਚਾਕ ਕਰ ਕੇ ਤੇ ਤੇਲ ਲਾ ਕੇ ਇਕ ਖਾਸ ਖੇਮੇਂ ਵਿਚ ਰੱਖ ਦਿੱਤਾ ਗਿਆ। ਲਾਂਗਰੀ ਹਰ ਰੋਜ਼ ਪ੍ਰਸ਼ਾਦਿ ਤਿਆਰ ਕਰ ਕੇ ਲੈ ਜਾਂਦਾ ਤੇ ਜਾ ਕੇ ਕਹਿ ਦਿੰਦਾ ਕਿ ਹੁਣ ਅੱਗੇ ਨਾਲੋਂ ਆਰਾਮ ਹੈ। ਇਸ ਤਰ੍ਹਾਂ ਉਸ ਵੇਲੇ ਤਕ ਅਸਲ ਗਲ ਤੋਂ ਕਿਸੇ ਨੂੰ ਜਾਣੂੰ ਨਾ ਹੋਣ ਦਿੱਤਾ ਜਦ ਤਕ ਲਾਹੌਰ ਤੋਂ ਸਹਾਇਕ ਫੌਜ ਨਾ ਪਹੁੰਚ ਗਈ।"[26]

ਗਿਆਨੀ ਜੀ ਨੇ ਭਾਵੇਂ ਪੰਜਾਬੀ ਵਾਰਤਕ ਨੂੰ ਕੇਵਲ ਇਤਿਹਾਸ ਬਿਆਨ ਕਰਨ ਲਈ ਵਰਤਿਆ ਪਰ ਇਸ ਵਿਚ ਹਰ ਪ੍ਰਕਾਰ ਦੀ ਵੰਨਗੀ, ਯਥਾ ਬਿਰਤਾਂਤੀ, ਵਰਣਨੀ, ਦਾਰਸ਼ਨਿਕ, ਭਾਵ-ਮਈ ਤੇ ਵਿਆਖਿਆਮਈ ਆਦਿ ਦੇ ਨਮੂਨੇ ਦੇਖੇ ਜਾ ਸਕਦੇ ਹਨ। ਵਾਰਤਕ ਵਿਚ ਨਿਖਾਰ ਤੇ ਬਿਆਨ ਵਿਚ ਰੌਚਿਕਤਾ ਤੇ ਮਿਠਾਸ ਦੇ ਨਾਲ ਨਾਲ ਵਿਦਵਾਨਾਂ ਵਾਲੀ ਗੰਭੀਰਤਾ ਵੀ ਹੈ। ਸਾਰੀ ਲਿਖਤ ਉਤੇ ਗਿਆਨੀ ਜੀ ਦੀ ਸ਼ਖ਼ਸੀਅਤ ਤੇ ਨਿੱਜਤਵ ਦੀ ਮੁਹਰ ਹੈ । ਭਾਵੇਂ ਇਸ ਨੂੰ ਵੀਹਵੀਂ ਸਦੀ ਦੀ ਪ੍ਰਫੁਲਤ ਤੇ ਵਿਗਸਤ ਪੱਧਰ ਤਾਂ ਪ੍ਰਾਪਤ ਨਹੀਂ ਪਰ ਨਿਸਚੇ ਹੀ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਰਚੀ ਗਈ ਸਮੁੱਚੀ ਵਾਰਤਕ, ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ।

ਡਾਕਟਰ ਚਰਨ ਸਿੰਘ ( 1853 ਤੋਂ 14 ਨਵੰਬਰ 1908 ਈ.)

ਡਾਕਟਰ ਚਰਨ ਸਿੰਘ ਦਾ ਜਨਮ ਇਕ ਇਤਿਹਾਸਕ ਗੌਰਵ ਤੇ ਸਾਹਿੱਤਕ ਬਿਰਤੀਆਂ ਵਾਲੇ ਉੱਘੇ ਪਰਵਾਰ ਵਿਚ 1853 ਈ. ਨੂੰ ਬਾਬਾ ਕਾਹਨ ਸਿੰਘ ਦੇ ਘਰ ਹੋਇਆ ਜਿਹੜੇ ਆਪ ਆਪਣੇ ਸਮੇਂ ਦੇ ਪ੍ਰਸਿੱਧ ਕਵੀ[27] ਤੇ ਸੰਸਕ੍ਰਿਤ ਦੇ ਵੱਡੇ ਵਿਦਵਾਨ ਸਨ। ਡਾਕਟਰ ਸਾਹਿਬ ਦੀ ਸਾਹਿੱਤਕ

26. ਗਿਆਨ ਸਿੰਘ, ਗਿਆਨੀ, "ਰਾਜ ਖ਼ਾਲਸਾ " ਭਾਸ਼ਾ ਵਿਭਾਗ, ਪੰਜਾਬ, 1970, ਪੰਨਾ 390.
27. ਬਾਬਾ ਕਾਹਨ ਸਿੰਘ ਦੀ ਕਵਿਤਾ ਦਾ ਇਕ ਨਮੂਨਾ "ਪੰਜਾਬੀ ਕਾਵਿ ਦਾ ਸਰਵੇਖਣ" ਵਾਲੇ ਅਧਿਆਇ

ਸੂਝ ਘਰ ਦੇ ਵਾਤਾਵਰਣ ਤੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਮੌਲੀ ਤੇ ਵਿਗਸਤ ਹੋਈ। ਹਿਕਮਤ ਤੇ ਡਾਕਟਰੀ ਤੋਂ ਛੁੱਟ ਆਪ ਸੰਸਕ੍ਰਿਤ, ਹਿੰਦੀ, ਬ੍ਰਜੀ ਦੇ ਵਿਦਵਾਨ ਤੇ ਫਾਰਸੀ ਤੇ ਅੰਗਰੇਜ਼ੀ ਭਾਸ਼ਾਵਾਂ ਦੇ ਚੰਗੇ ਗਿਆਤਾ ਸਨ। ਇਸ ਬਹੁ-ਭਾਸ਼ੀ ਗਿਆਨ ਤੇ ਸਾਹਿੱਤਕ ਲਗਨ ਨੇ ਆਪ ਨੂੰ ਆਪਣੇ ਸਮੇਂ ਦਾ ਪ੍ਰਤਿਨਿਧ ਲੇਖਕ ਬਣਾ ਦਿੱਤਾ ਜਿਸ ਦਾ ਪਰਮਾਣ ਅੱਡ ਅੱਡ ਵਿਸ਼ਿਆਂ ਸੰਬੰਧੀ ਉਨ੍ਹਾਂ ਦੁਆਰਾ ਰਚੀਆਂ ਦੋ ਦਰਜਨ [28] ਪ੍ਰਸਿੱਧ ਪੁਸਤਕਾਂ ਹਨ ਜਿਨ੍ਹਾਂ ਵਿੱਚੋਂ ਬਹੁਤੀਆਂ ਉਨ੍ਹਾਂ ਦੀ ਮ੍ਰਿਤੂ ਤੋਂ ਪਿੱਛੋਂ ਪ੍ਰਕਾਸ਼ਤ ਹੋਈਆਂ ਤੇ ਕੁਝ ਕੁ ਅਜੇ ਤਕ ਵੀ ਅਪ੍ਰਕਾਸ਼ਤ ਹੀ ਪਈਆਂ ਹਨ। ਇਨ੍ਹਾਂ ਵਿੱਚੋਂ ਕੁਝ ਰਚਨਾਵਾਂ ਪਹਿਲੀ ਵਾਰੀ ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟਾਂ ਦੇ ਰੂਪ ਵਿਚ ਛਪੀਆਂ।

ਡਾਕਟਰ ਚਰਨ ਸਿੰਘ ਦਾ ਆਸ਼ਾ ਸਿੱਖੀ ਪ੍ਰਚਾਰ ਤੇ ਕੌਮੀ ਸੁਧਾਰ ਸੀ, ਜਿਸ ਦੀ ਪੂਰਤੀ ਲਈ ਆਪ ਨੇ ਵਿਦਿੱਅਕ, ਸੁਧਾਰਕ ਤੇ ਧਾਰਮਕ ਵਿਸ਼ਿਆਂ ਨੂੰ ਆਪਣੀਆਂ ਲਿਖਤਾਂ ਦਾ ਮੁਖ ਆਧਾਰ ਬਣਾਇਆ। ਆਪ ਨੇ ਭਾਸ਼ਾ ਵਿਗਿਆਨ(ਸ਼ਬਦ ਬ੍ਰਿਤੀ ਪ੍ਰਕਾਸ਼) ਗੁਰਮਤਿ ਸੰਗੀਤ ਅਤੇ ਆਦਿ ਗ੍ਰੰਥ ਵਿਚ ਦਰਜ ਬਾਣੀ(ਬਾਣੀ ਬਿਓਰਾ) ਸੰਬੰਧੀ ਵੀ ਮੁਢਲੀ ਤੇ ਉੱਚ-ਪੱਧਰ ਦੀ ਖੋਜ ਕੀਤੀ, ਜਿਹੜੀ ਆਉਣ ਵਾਲੇ ਵਿਦਵਾਨਾਂ ਦੀ ਖੋਜ ਦਾ ਪਿੱਛੋਂ ਆਧਾਰ ਬਣੀ। ਆਪ ਦੀ ਬਹੁਤੀ ਕਵਿਤਾ (ਅਟੱਲ ਪ੍ਰਕਾਸ਼ 1891 ਈ. ਤੇ ਦਸਮ ਗ੍ਰੰਥ ਗੁਰ-ਚਰਿਤ੍ਰ 1897 ਈ.) ਬ੍ਰਜੀ ਵਿਚ ਹੈ, ਪਰ 'ਫਰਿਯਾਦ' ਤੇ 'ਕੇਸਰੀ ਚਰਖਾ' ਆਪ ਦੀਆਂ ਪੰਜਾਬੀ ਕਾਵਿ-ਕ੍ਰਿਤਾਂ ਹਨ। [illegible] ਪੰਜਾਬੀ ਕਵਿਤਾ ਵਿਚ ਬ੍ਰਜੀ ਦਾ ਰੰਗ ਪ੍ਰਤੱਖ ਹੈ। ਸਾਡੇ ਅਧਿਐਨ ਕਾਲ ਵਿਚ ਆਪ ਦੀਆਂ ਉੱਘੀਆਂ ਰਚਨਾਵਾਂ ਵਿੱਚੋਂ ਮਹਾਰਾਣੀ ਸ਼ਰਾਬ ਕੌਰ, ਅਤੇ ਕਾਲੀਦਾਸ ਦੇ ਪ੍ਰਸਿੱਧ ਨਾਟਕ 'ਸ਼ਕੁੰਤਲਾ' ਦਾ ਪੰਜਾਬੀ ਅਨੁਵਾਦ ਵਰਣਨ-ਯੋਗ ਹਨ। ਸ਼ੰਕੁਤਲਾ ਦੇ ਅਨੁਵਾਦ ਸਮੇਂ ਆਪ ਨੇ ਅਸਲ ਰਚਨਾ ਨੂੰ ਪੂਰੀ ਤਰ੍ਹਾਂ ਆਧਾਰ

---

28. ਡਾ. ਚਰਨ ਸਿੰਘ ਦੁਆਰਾ ਲਿਖੀਆਂ ਗਈਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ:-

(1) ਸ੍ਰੀ ਅਟੱਲ ਪ੍ਰਕਾਸ਼, (1891 ਈ.), (2) ਮਹਾਰਾਣੀ ਸ਼ਰਾਬ ਕੌਰ ( 1893 ਈ.)
(3) ਦਸਮ ਗੁਰ ਚਰਿਤ੍ਰ (ਲਾਉਣੀਆਂ ਵਿਚ)(1897 ਈ.),(4) ਫਰਿਯਾਦ(1898 ਈ.),
(5) ਹੀਰ ਭਾਈ ਗੁਰਦਾਸ(1900 ਈ.), (6) ਸ਼ਕੁੰਤਲਾ ਨਾਟਕ(ਅਨੁਵਾਦ)(1900 ਈ.),
(7) ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ(1902 ਈ.),(8) ਇਕ ਟੇਢੀ ਚਾਲ(1902 ਈ.), (9) ਹੋਲੀ ਹੈ(1902 ਈ.),(10) ਜੰਗ ਮੜੌਲੀ(1903 ਈ.),(11)ਨੀਤੀ ਵਾਰਤਾ (1904 ਈ.),(12) ਹੂੜ੍ਹ ਮਤਿ(1904 ਈ.),(13) ਬੇਨਤੀ(1904 ਈ.),(14) ਗੜਗਜ ਬੋਲੇ(1904 ਈ.),(15) ਬਿਨੈ-ਪੱਤਰ(1907 ਈ.),(16) ਸ਼ਬਦ ਬ੍ਰਿਤੀ ਪ੍ਰਕਾਸ਼ (1910 ਈ.),(17) ਖੋਟ ਬੁਰਾ(1910 ਈ.), (18) ਗੁਰਮਤਿ ਸੰਗੀਤ ਨਿਰਣਯ
(19) ਲਾਟੂ ਸਿੰਘ, ਅਡੋਲਕ ਸਿੰਘ, (20) ਜੈ ਜੈ ਸੀਤਾ ਰਾਮ, (21)ਫੁਟਕਲ ਪ੍ਰਕਾਸ਼ਤ ਰਚਨਾਵਾਂ

...... ਚਲਦਾ .......

ਬਣਾਇਆ। ਜਿੱਥੇ ਨਾਟਕ ਵਿਚ ਕਵਿਤਾ ਆਉਂਦੀ ਹੈ, ਉਹ ਕਵਿਤਾ ਵਿਚ ਹੈ ਤੇ ਜਿੱਥੇ ਵਾਰਤਕ ਹੈ, ਉਸ ਨੂੰ ਵਾਰਤਕ ਵਿਚ ਹੀ ਰੱਖਿਆ ਹੈ। ਕਵਿਤਾ ਬੜੀ ਸਾਧਾਰਨ ਪੱਧਰ ਦੀ ਹੈ ਤੇ ਕਈ ਥਾਈਂ ਤਾਂ ਤੁਕ-ਬੰਦੀ ਜਾਂ ਗੱਦ-ਰੂਪ ਹੀ ਪ੍ਰਤੀਤ ਹੋਣ ਲਗ ਪੈਂਦੀ ਹੈ, ਪਰ ਕਿਤੇ ਕਿਤੇ ਇਹ ਅਨੁਵਾਦਿਤ ਕਵਿਤਾ ਵੀ ਉੱਚ-ਪੱਧਰੀ ਹੋ ਜਾਂਦੀ ਹੈ, ਜਦ ਰਾਜਾ ਦੁਸ਼ਯੰਤ ਸ਼ਕੁੰਤਲਾ ਪ੍ਰਤੀ ਆਪਣਾ ਪਿਆਰ ਜਤਲਾਉਂਦਾ ਹੈ, ਜਾਂ ਜਦੋਂ ਉਹ ਸ਼ਕੁੰਤਲਾ ਦੇ ਵੈਰਾਗ ਵਿਚ ਕੁਰਲਾਉਂਦਾ ਹੈ। ਵਾਰਤਕ ਅਨੁਵਾਦ ਵਧੇਰੇ ਰੋਚਿਕ ਹੈ ਤੇ ਅਸਲ ਦੇ ਵੱਧ ਤੋਂ ਵੱਧ ਨੇੜੇ ਰਹਿਣ ਦਾ ਯਤਨ ਕੀਤਾ ਗਿਆ ਹੈ। ਉਦਾਹਰਣ ਵਜੋਂ:

> "ਸ਼ਕੁੰਤਲਾ ( ਆਪਣੇ ਜੀ ਵਿਚ) ਜੇਕਰ ਉਹ ਪ੍ਰੇਮ ਹੀ ਨਹੀਂ ਰਿਹਾ ਤਾਂ ਹੁਣ ਚੇਤਾ ਕਰਾਉਣ ਦਾ ਕੀ ਫਲ ਹੈ, ਹੁਣ ਤਾਂ ਮੈਨੂੰ ਜਹਾਨ ਦੀ ਨਿੰਦਾ ਤੋਂ ਬਚਣ ਦੀ ਭਾਰੀ ਚਿੰਤਾ ਖਾਂਦੀ ਹੈ। (ਪ੍ਰਗਟ) ਹੇ ਆਰਜ ਪੁਤ੍ਰ ! ( ਇਨਾਂ ਕਹਿ ਕੇ ਰੁਕ ਜਾਂਦੀ ਹੈ) ਜੇ ਕਰ ਵਿਆਹ ਹੋਣ ਵਿਚ ਹੀ ਸੰਦੇਹ ਹੈ ਤਾਂ ਇਹ ਬਚਨ ਅਜੋਗ ਹੈ। ਹੇ ਪੁਰਵੰਸੀ ! ਤੈਨੂੰ ਇਹ ਗਲ ਲਾਇਕ ਨਹੀਂ ਹੈ ਕਿ ਤਪੋਬਨ ਦੀ (ਮੈਂ) ਸਿਧੇ ਸੁਭਾਉ ਵਾਲੀ ਨੂੰ ਕੌਲ ਕਰਾਰਾਂ ਦੇ ਬਚਨਾਂ ਪਰ ਫੁਸਲਾ ਕੇ ਹੁਣ ਇਜੇਹੇ ਕਰੜੇ ਬਚਨ ਕਹਿੰਦੇ ਹੋ ।"[29]

ਪੰਜਾਬੀ ਅਨੁਵਾਦ ਵਿਚ 'ਅੜੀਏ', 'ਅਣੀਏ' ਆਦਿ ਸ਼ਬਦ ਏਨੀ ਵਾਰੀ ਦੁਹਰਾਏ ਗਏ ਹਨ ਕਿ ਅਕੇਵਾਂ ਭਰ ਦਿੰਦੇ ਹਨ। ਅਨੁਵਾਦ ਵਿਚ ਸੰਸਕ੍ਰਿਤ ਦੇ 'ਯ' ਨੂੰ ਪੰਜਾਬੀ ਵਿਚ 'ਜ' ਦਾ ਰੂਪ ਦੇ ਕੇ ਤਦਭਵ ਬਣਾ ਲਿਆ ਹੈ ਜਿਵੇਂ ਆਰਯ ਦੀ ਆਰਜ ਜਾਂ 'ਅਯੋਗ ਦੀ ਥਾਂ ਅਜੋਗ' ।

ਦੂਜੀ ਉੱਘੀ ਰਚਨਾ 'ਮਹਾਰਾਣੀ ਸ਼ਰਾਬ ਕੌਰ' ਹੈ ਜਿਸ ਵਿਚ ਨਸ਼ਿਆਂ ਦੀ ਵਰਤੋਂ ਦੇ ਵਿਰੁਧ ਬੜੀ ਹਾਸ-ਮਈ, ਵਿਅੰਗ-ਭਰਪੂਰ ਤੇ ਤਿੱਖੀ ਸ਼ਬਦਾਵਲੀ ਵਰਤ ਕੇ, ਨਸ਼ਈਆਂ ਦਾ ਮਖੌਲ ਉਡਾਇਆ ਗਿਆ ਹੈ। ਲੇਖਕ ਆਪਣੇ ਆਸ਼ੇ ਨੂੰ ਸਪੱਸ਼ਟ ਕਰਦਾ ਹੋਇਆ ਲਿਖਦਾ ਹੈ:-[30]

---

(22) ਫੁਟਕਲ ਅਪ੍ਰਕਾਸ਼ਤ, (23) ਸ਼ਾਮ ਸੁੰਦਰ (ਅਧੂਰਾ ਨਾਵਲ), (24) ਕੇਸਰੀ ਚਰਖਾ (ਚਰਨ ਹਰਿ ਵਿਸਤਾਰ ਭਾਗ ਦੂਜਾ, ਕ੍ਰਿਤ ਡਾ. ਬਲਬੀਰ ਸਿੰਘ ਤੇ ਪੰਜਾਬੀ ਦੁਨੀਆਂ, ਸਤੰਬਰ 1967 ਪੰਨਾ 46)
ਉਪ੍ਰੋਕਤ ਰਚਨਾਵਾਂ ਵਿੱਚੋਂ ਸਾਡੇ ਅਧਿਐਨ ਕਾਲ ਵਿਚ ਕੇਵਲ ਪਹਿਲੀਆਂ 6 ਹੀ ਆਉਂਦੀਆਂ ਹਨ।

29. ਚਰਨ ਸਿੰਘ (ਡਾ:), 'ਸ਼ਕੁੰਤਲਾ', ਅੰਮ੍ਰਿਤਸਰ 1939 ਈ., ਤੀਜੀ ਐਡੀਸ਼ਨ, ਪੰਨਾ 59.

30. ਉਹੀ, 'ਮਹਾਰਾਣੀ ਸ਼ਰਾਬ ਕੌਰ' ਅੰਮ੍ਰਿਤਸਰ, 1893 ਈ.
( 1891 ਈ. ਵਿਚ ਲਿਖੀ ਗਈ ਪਰ 1893 ਵਿਚ ਪ੍ਰਕਾਸ਼ਤ ਹੋਈ )।

> "ਸਾਡਾ ਜੀ ਇਸ ਵੇਲੇ ਰਹ ਨਹੀਂ ਸਕਦਾ ਕਿ ਅੰਨ੍ਹੇ ਨੂੰ, ਅੰਨ੍ਹੇ ਖੂਹ ਤੇ ਵੇਖ ਦੇ ਨਾ ਹੋੜੀਏ, ਭਾਵੇਂ ਅੰਨ੍ਹਾ ਜਾਣ-ਬੁਝ ਕੇ ਹੀ ਡਿਗਦਾ ਹੋਵੇ, ਪਰ ਦੇਖ ਕੇ ਨਾ ਰੋਕਣ ਵਾਲੇ ਨੂੰ ਪਾਪ ਹੈ। ਐਸੇ ਦ੍ਰਿਸ਼ਟਾਂਤ ਤੇ ਇਸ ਚਮਕੇ ਹੋਏ ਸਮੇਂ ਦੇ ਪ੍ਰਕਾਸ਼ ਨੂੰ ਦੇਖ ਕੇ, ਕਈ ਬਹੁਤੇ ਸਾਰੇ ਸ੍ਰੇਸ਼ਟ ਪੁਰਖਾਂ ਨੇ ਸੁਰਾਬ ਨਿਖੇਧੀ ਵਿਖੇ ਪੁਰ, ਉਰਦੂ ਤੇ ਅੰਗਰੇਜ਼ੀ ਆਦਿ ਬੋਲੀਆਂ ਵਿਚ ਕਈ ਗ੍ਰੰਥ ਰਚੇ ਹਨ, ਜਿਨ੍ਹਾਂ ਤੋਂ ਸਾਡੇ ਪੰਜਾਬੀ ਭਿਰਾਵਾਂ ਨੂੰ ਬਹੁਤ ਘੱਟ ਲਾਭ ਪ੍ਰਾਪਤ ਹੁੰਦਾ ਹੈ। ਇਹ ਨਿੱਕਾ ਜਿਹਾ ਗ੍ਰੰਥ " ਮਦਯ ਮਦ ਭੰਜਨ ਤੇ ਮਿਤ੍ਰ ਮਨ ਰੰਜਨ" ਨਾਮੀ ਇਸ ਵੀਹਵੀਂ ਸਦੀ ਬਿਕ੍ਰਮੀ ਦੇ ਅਠਤਾਲੀਵੇਂ ਸੰਮਤ ਵਿਚ ਪ੍ਰਾਰੰਭਿਆ।"

ਉਪਰਲੀ ਲਿਖਤ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਪੁਰਾਣੀ ਤੇ ਨਵੀਂ ਵਾਰਤਕ ਦਾ ਮਿਸ਼੍ਰਤ ਰੂਪ ਹੈ। ਵਿਸ਼ੇ ਦੀ ਥਾਂ 'ਵਿਖੇ', ਭਰਾਵਾਂ ਦੀ ਥਾਂ 'ਭਿਰਾਵਾਂ', ਨੇ ਦੀ ਥਾਂ 'ਨੈ' ਆਦਿ ਦੀ ਵਰਤੋਂ ਇਸੇ ਵਿਚਾਰ ਦੀ ਪੁਸ਼ਟੀ ਕਰਦੀ ਹੈ। ਆਪ ਦੀ ਲਿਖਤ ਜਿੱਥੇ ਬਾਦਲੀਲ ਹੁੰਦੀ ਹੈ, ਉੱਥੇ ਇਸ ਵਿਚ ਕਾਲਪਨਿਕ ਉਡਾਰੀਆਂ ਤੇ ਕਾਵਿਕ-ਭਾਸ਼ਾ ਵਰਤ ਕੇ ਨਿੱਕੇ ਨਿੱਕੇ ਵਾਕਾਂ ਦੁਆਰਾ ਇਕ ਅਨੋਖਾ ਰਸ ਉਪਜਾਇਆ ਹੈ। ਕਈ ਵਾਰੀ ਤਾਂ ਬਿਆਨ ਸ਼ਕਤੀ ਨਾਲ ਸਮੁੱਚਾ ਫਿਲਮੀ ਚਿਤ੍ਰ ਅੱਖਾਂ ਸਾਹਮਣੇ ਲੈ ਆਉਂਦੇ ਹਨ। ਸੁਰਾਬ ਨੂੰ ਮਹਾਰਾਣੀ ਤੇ ਬਾਕੀ ਨਸ਼ਿਆਂ ਨੂੰ ਉਸ ਦੇ ਦਰਬਾਰੀ ਆਖਣਾ ਆਪਣੇ ਆਪ ਹੀ ਵਿਲੱਖਣਤਾ ਤੇ ਉਤਸੁਕਤਾ ਦਾ ਲਖਾਇਕ ਹੈ। ਸੁਰਾਬ ਦੇ ਵਧ ਰਹੇ ਜ਼ੋਰ ਨੂੰ ਦਰਸਾਉਣ ਲਈ ਡਾਕਟਰ ਸਾਹਿਬ ਨੇ ਜੋ ਢੰਗ ਵਰਤਿਆ ਹੈ, ਉਸ ਦੀ ਇੱਕ ਉਦਾਹਰਣ ਤੋਂ ਆਪ ਦੀ ਗੱਦ ਦੇ ਉੱਘੜਵੇਂ ਲੱਛਣ ਸਾਹਮਣੇ ਆ ਜਾਂਦੇ ਹਨ :-

> "ਇਸ ਵੇਲੇ ਕੋਈ ਹੀ ਦੇਸ ਮੁਲਖ ਰਾਜ ਖਾਲੀ ਹੋਊ ਜਿੱਥੇ ਸੁਰਾਬ ਕੌਰ ਦੇ ਘੁੰਗਰੂ ਨਾ ਛਣਕਦੇ ਹੋਣ। ਕੋਈ ਕੌਮ ਅਜਿਹੀ ਨਾ ਹੋਵੇਗੀ, ਜਿਸ ਵਿਚ ਗੁਪਤ ਜਾਂ ਪ੍ਰਗਟ ਸੁਰਾਬ ਕੌਰ ਦੇ ਡੇਰੇ ਨਾ ਲੱਗੇ ਹੋਣ। ਇਸ ਪ੍ਰਬਲ ਪ੍ਰਵਿਰਤੀ ਨੈ ਇਸ ਦੀ ਦਿਗ ਬਿਜਯਤਾ ਸਿੱਧ ਕੀਤੀ ਹੈ ਬਸ ਕੋਈ ਆਕੀ ਨਹੀਂ। ਇਹ ਸਮਝੋ ਕਿ ਸਭ ਸੁਰਾਬ ਖਾਨਮ ਬਹਾਦਰ ਦੀ ਈਨ ਮੰਨ ਗਏ ਹਨ, ਭਾਵੇਂ ਕਈ ਮਤ ਇਸ ਦੇ ਵਿਰੋਧੀ ਹਨ ਪਰ ਇਸ ਦਾ ਤੇਜ ਤੇ ਲਾਲੀ, ਉਹ ਮਨਮੋਹਨ ਝਲਕ ਦਿਖਾਉਂਦੇ ਹਨ ਕਿ ਨਿੱਜ ਮਤਾਂ ਥੋਂ ਬੇ-ਪਰਵਾਰ ਹੋ ਕੇ ਇਸ ਦੀ ਈਨ ਵਿਚ ਆਉਂਦੇ ਜਾਂਦੇ ਹਨ, ਇਸ ਕਰਕੇ ਵਿਰੋਧੀਆਂ ਦਾ ਪਾਣੀ ਪਾਣੀ ਨਹੀਂ ਚੜ੍ਹਦਾ।"[31]

---

31. ਚਰਨ ਸਿੰਘ (ਡਾ:), "ਮਹਾਰਾਣੀ ਸੁਰਾਬ ਕੌਰ", ਅੰਮ੍ਰਿਤਸਰ, 1893 ਈ., ਪੰਨਾ 14.

ਤਮਾਕੂ ਪੀਣ ਵਾਲਿਆਂ ਦੀ ਹਾਲਤ ਕਿੰਨੀ ਤਰਸ-ਯੋਗ ਦੱਸੀ ਹੈ, ਇਸ ਦਾ ਬਿਆਨ ਡਾਕਟਰ ਸਾਹਿਬ ਦੀ ਕਾਵਿ-ਬ੍ਰਿਤੀ , ਸ਼ਬਦ-ਸੂਝ ਤੇ ਵਿਸ਼ੇ ਉਤੇ ਪੂਰਨ ਅਧਿਕਾਰ ਦੇ ਲਖਾਇਕ ਹਨ। ਉਨ੍ਹੀਵੀਂ ਸਦੀ ਦਾ ਸ਼ਾਇਦ ਹੀ ਕੋਈ ਹੋਰ ਗੱਦ ਲੇਖਕ ਵਿਸ਼ੇ ਵਿਚ ਏਨਾਂ ਖੁਭ ਕੇ ~~ਲਿਖਿਆ~~ ਲਿਖ ਸਕਿਆ ਹੋਵੇ :-

> "ਕੋਈ ਸਵੇਰੇ ਉਠ ਕੇ ਪਾਠ ਪੂਜਾ ਕਰੂ, ਕੋਈ ਜਾਪ ਕਰੂ, ਕੋਈ ਨਮਾਜ਼ ਪੜ੍ਹੂ, ਹੁਕਈ ਹੋਰੀਂ ਚਿਲਮ ਹੱਥ ਵਿਚ ਲਈ ਭੜਭੂੰਜਿਆਂ ਅਤੇ ਹਲਵਾਈਆਂ ਦੀਆਂ ਹੱਟੀਆਂ ਤੇ ਗਾਲ੍ਹਾਂ ਖਾ ਰਹੇ ਹਨ। ਹਜ਼ਾਰ ਗਾਲੀ ਖਾਏ, ਪਤਿ ਲਹਿ ਜਾਏ, ਚਿਲਮ ਬਣਾਏ, ਦਰ ਦਰ ਧੱਕੇ ਖਾਏ, ਹੱਥ ਸੜਾਏ, ਪਰ ਤਮਾਕੂ ਦੇ ਸੂਟੇ ਤੋਂ ਮੂੰਹ ਝੁਲਸਣੋਂ ਨਹੀਂ ਟਲਦਾ।"[32]

ਡਾਕਟਰ ਚਰਨ ਸਿੰਘ ਸਰਬਾਂਗੀ ਲੇਖਕ ਤੇ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਸਨ । ਗੁਰਪੁਰਬ ਮਨਾਉਣ ਦਾ ਰਿਵਾਜ ਪਾਉਣ ਵਿਚ ਵੀ ਆਪ ਮੋਹਰੀ ਸਨ ਤੇ ਕਵੀਆਂ ਨੂੰ ਹਰਿਮੰਦਿਰ ਸਾਹਿਬ ਦੀ ਪ੍ਰਕਰਮਾ ਵਿਚ ਇਕੱਠੇ ਕਰ ਕੇ ਬ੍ਰਜੀ ਕਵਿਤਾ ਸੁਣਨ ਸੁਣਾਉਣ ਦੇ ਭੀ ਆਪ ਬੇਹੱਦ ਸ਼ੌਕੀਨ ਸਨ। ਆਪ ਹਰ ਵੇਲੇ ਕਾਵਿ-ਬ੍ਰਿਤੀ ਵਿਚ ਇਸ ਤਰ੍ਹਾਂ ਖੁਭੇ ਰਹਿੰਦੇ ਸਨ ਕਿ ਦਾਲ ਵਿਚ ਲੂਣ ਵੱਧ ਪੈ ਗਿਆ ਤਾਂ ਇਸ ਤੇ ਵੀ ਬ੍ਰਜੀ ਦਾ ਕੋਈ ਛੰਦ ਲਿਖ ਮਾਰਿਆ। ਬਿਮਾਰਾਂ ਨਾਲ ਗੱਲਾਂ ਕਰਦੇ, ਬ੍ਰਜੀ ਦੀਆਂ ਤੁਕਾਂ ਰਚਦੇ ਰਹਿੰਦੇ ।[33] ਆਮ ਤੌਰ ਤੇ ਆਖਿਆ ਜਾਂਦਾ ਹੈ ਕਿ ਭਾਈ ਵੀਰ ਸਿੰਘ ਦੇ ਪ੍ਰਭਾਵ ਥਲੇ ਆਪ ਨੇ ਬ੍ਰਜੀ ਛੱਡ ਕੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ, ਪਰ ਇਹ ਠੀਕ ਪ੍ਰਤੀਤ ਨਹੀਂ ਹੁੰਦਾ ਕਿਉਂਜੋ ਭਾਈ ਸਾਹਿਬ ਨੇ ਆਪ ਹੀ ਸਮੇਂ ਜਾਂ ਘਰ ਦੇ ਪ੍ਰਭਾਵ ਅਧੀਨ ਪਹਿਲੀ ਕਵਿਤਾ ਬ੍ਰਜੀ ਵਿਚ ਹੀ ਲਿਖੀ ਤੇ ਪਿਛੋਂ ਪੰਜਾਬੀ ਵਲ ਮੁੜੇ।

---

32. ਚਰਨ ਸਿੰਘ (ਡਾ.) , " ਮਹਾਰਾਣੀ ਸ਼ਰਾਬ ਕੌਰ ", ਅੰਮ੍ਰਿਤਸਰ , 1893 ਈ. , ਪੰਨਾ 44
33. ਬਲਬੀਰ ਸਿੰਘ (ਡਾ.), " ਚਰਨ ਹਰਿ ਵਿਸਤਾਰ " , ਜਿਲਦ ਪਹਿਲੀ, ਭਾਗ ਦੂਜਾ, ਪੰਨਾ 45.

<u>ਭਾਈ ਵੀਰ ਸਿੰਘ</u> ( 5 ਦਸੰਬਰ 1872 ਤੋਂ 10 ਜੂਨ 1957)

ਪੰਜਾਬੀ ਵਾਰਤਕ ਨੂੰ ਨਵੇਂ ਕਲਾ-ਰੂਪਾਂ ਤੇ ਕਲਾ ਆਦਰਸ਼ਾਂ ਨਾਲ ਸ਼ਿੰਗਾਰਨ ਵਾਲੇ, ਪੱਤਰ-ਕਾਰੀ ਨੂੰ ਸਾਹਿੱਤਕ ਪੱਧਰ ਤੇ ਲਿਜਾ ਕੇ, ਸੁਚੇਤ ਰੂਪ ਵਿਚ ਇਸ ਸਾਹਿੱਤ ਨੂੰ, ਜੀਵਨ-ਉਸਾਰੀ ਦੇ ਇਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਅਪਨਾਉਣ ਵਾਲੇ, ਸਿੱਖਾਂ ਦੀ ਨਿਘਰਦੀ ਦਸ਼ਾ ਨੂੰ ਅਨੁਭਵ ਕਰ ਕੇ, ਇਸ ਨੂੰ ਧਾਰਮਿਕ, ਸਮਾਜਕ ਤੇ ਸਦਾਚਾਰਕ ਪੱਖਾਂ ਤੋਂ ਹੋਰ ਕੌਮਾਂ ਦੇ ਹਾਣ ਬਨਾਉਣ ਦੀ ਤੀਬਰ ਰੀਝ ਨਾਲ ਕਲਵਲ ਹੋ ਰਹੇ ਇਸ ਬਹੁ-ਪੱਖੀ ਸ਼ਖ਼ਸ਼ੀਅਤ ਦੇ ਸੁਆਮੀ ਤੇ ਪ੍ਰਤਿਭਾਸ਼ੀਲ ਵਿਦਵਾਨ ਦਾ ਜਨਮ, ਸਿੰਘ ਸਭਾ ਲਹਿਰ ਦੇ ਜਨਮ ਦੇ ਨਾਲ ਹੀ ਅੰਮ੍ਰਿਤਸਰ ਦੇ ਇਕ ਉਘੇ ਪਰਿਵਾਰ ਵਿਚ ਹੋਇਆ ਜਿਹੜਾ ਪਹਿਲੋਂ ਹੀ ਸਿਖ ਸੁਧਾਰ ਤੇ ਸਾਹਿੱਤ ਸਿਰਜਣਾ ਦੇ ਖੇਤਰ ਵਿਚ ਕਈ ਪੁਸ਼ਤਾਂ ਤੋਂ ਸਰਗਰਮ ਸੀ। ਭਾਈ ਸਾਹਿਬ ਨੂੰ ਨਾਨਕਿਆਂ ਤੇ ਦਾਦਕਿਆਂ ਵੱਲੋਂ ਸਾਹਿੱਤਕ ਗੁੜ੍ਹਤੀ ਜਨਮ ਤੋਂ ਹੀ ਪ੍ਰਾਪਤ ਸੀ। ਸਕੂਲੀ ਪੜ੍ਹਾਈ ਮੁਕਾਉਂਦਿਆਂ ਸਾਰ ਆਪ ਨੇ ਲਿਖਣ ਪੜ੍ਹਨ ਨੂੰ ਕਿੱਤੇ ਵਜੋਂ ਅਪਣਾ ਲਿਆ ਤੇ 1891 ਈ. ਵਿਚ ਹੀ 'ਜੁਗਨੂੰ ਤੇ ਬੁਲਬੁਲ ਦੀ ਵਾਰਤਾਲਾਪ' ਨਾਂ ਦੀ ਕਵਿਤਾ ਲਿਖ ਕੇ ਕਾਵਿ ਜਗਤ ਵਿਚ ਪ੍ਰਵੇਸ਼ ਕੀਤਾ। ਬੱਚਿਆਂ ਲਈ ਪਾਠ-ਪੁਸਤਕਾਂ, ਫਿਜ਼ੀਕਲ ਜੋਗ੍ਰਫ਼ੀ ਦਾ ਪੰਜਾਬੀ ਅਨੁਵਾਦ ਤੇ ਉਰਦੂ-ਫ਼ਾਰਸੀ ਦੀ ਇਕ ਲੁਗ਼ਾਤ ਵੀਹ ਵਰ੍ਹੇ ਦੀ ਆਯੂ ਵਿਚ ਪ੍ਰਕਾਸ਼ਤ ਕਰ ਦਿੱਤੇ। ਪੰਜਾਬੀ ਭਾਸ਼ਾ, ਸਾਹਿੱਤ, ਸਭਿਆਚਾਰ ਦੀ ਉਨਤੀ ਅਤੇ ਸਿੱਖ ਇਤਿਹਾਸ ਤੇ ਸਿੱਖ ਸਿੱਧਾਂਤਾਂ ਦੇ ਪ੍ਰਚਾਰ ਜਾਂ ਪਰਸਾਰ ਲਈ 1894 ਈ. ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ[34] ਦੀ ਨੀਂਹ ਰੱਖੀ। 'ਨਿਰਗੁਣਆਰਾ' ਦੇ ਪਹਿਲੇ ਅੰਕ ਵਿਚ ਪ੍ਰਕਾਸ਼ਤ "ਪ੍ਰਾਰਥਨਾਂ" ਤੋਂ ਭਾਈ ਸਾਹਿਬ ਦੀ ਗੱਦ-ਰਚਨਾ ਦਾ ਆਰੰਭ ਹੁੰਦਾ ਹੈ। ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਭਾਈ ਵੀਰ ਸਿੰਘ ਦੀ ਸੰਪਾਦਨਾ ਹੇਠ ਇਹ ਸੁਸਾਇਟੀ 141 ਟ੍ਰੈਕਟ[35] ਪ੍ਰਕਾਸ਼ਤ ਕਰ ਚੁੱਕੀ ਸੀ। ਟ੍ਰੈਕਟਾਂ ਤੋਂ ਛੁੱਟ ਭਾਈ ਸਾਹਿੱਬ ਦੇ ਤਿੰਨ ਅਰਧ-ਇਤਿਹਾਸਕ ਨਾਵਲ ਤੇ ਸਪਤਾਹਕ ਖ਼ਾਲਸਾ ਸਮਾਚਾਰ" ਦੀ ਸੰਪਾਦਨਾ ਹੀ ਸਾਡੇ ਅਧਿਐਨ ਕਾਲ ਵਿਚ ਆਉਂਦੇ ਹਨ। ਭਾਈ ਵੀਰ ਸਿੰਘ ਨੂੰ ਬਤੌਰ ਸੰਪਾਦਕ ਦੇ ਇਕ ਵੱਖਰੇ ਅਧਿਆਇ ਵਿੱਚ ਵਿਚਾਰਿਆ ਜਾ ਚੁੱਕਾ ਹੈ। ਏਥੇ ਕੇਵਲ ਉਨ੍ਹਾਂ ਦੀ ਸੰਪਾਦਨਾ ਜਾਂ ਪੱਤਰਕਾਰ ਵਜੋਂ ਪੰਜਾਬੀ ਗੱਦ ਨੂੰ ਦੇਣ ਸੰਬੰਧੀ ਸੰਖੇਪ ਵਿਚਾਰ-ਚਰਚਾ ਕਰਨ ਉਪ੍ਰੰਤ ਸਿਰਜਣਾਤਮਕ ਰਚਨਾਵਾਂ ਵਿੱਚੋਂ ਤਿੰਨਾਂ ਨਾਵਲਾਂ ਦਾ ਸਰਬ-ਪੱਖੀ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਵਿਸ਼ੇ ਨੂੰ ਛੋਹਣ

---

34. 'ਪੰਜਾਬੀ ਵਾਰਤਕ ਸਾਹਿੱਤ ਦਾ ਸਰਵੇਖਣ' ਵਾਲੇ ਅਧਿਆਇ ਵਿਚ ਇਸ ਸੁਸਾਇਟੀ ਦੀ ਦੇਣ ਬਾਰੇ ਬੜੇ ਵਿਸਤਾਰ ਵਿਚ ਚਰਚਾ ਕੀਤੀ ਗਈ ਹੈ।

35. ਇਨ੍ਹਾਂ 141 ਟ੍ਰੈਕਟਾਂ ਦੀ ਸੂਚੀ ਅੰਤਿਕਾ ਵਿਚ ਦੇ ਦਿੱਤੀ ਗਈ ਹੈ।

ਤੋਂ ਪਹਿਲਾਂ ਇਹ ਤੱਥ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਸਾਡੇ ਅਧਿਐਨ ਕਾਲ ਵਿਚ ਭਾਈ ਸਾਹਿਬ ਦੀ ਵਾਰਤਕ ਆਕਾਰ ਤੇ ਪ੍ਰਕਾਰ ਦੇ ਪੱਖੋਂ ਸੀਮਤ ਘੇਰੇ ਵਾਲੀ ਹੀ ਸੀ ਤੇ ਇਸ ਦਾ ਬਹੁ-ਪੱਖੀ ਪਸਾਰ ਤੇ ਵਿਸਤਾਰ ਵੀਹਵੀਂ ਸਦੀ ਵਿਚ ਹੋਇਆ ਜਿਹੜਾ ਸਾਡੇ ਵਿਚਾਰ ਅਧੀਨ ਕਾਲ ਤੋਂ ਬਾਹਰ ਹੈ।

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਚਲੀਆਂ,ਧਾਰਮਕ,ਸਮਾਜਕ ਜਾਂ ਸੁਧਾਰਕ ਲਹਿਰਾਂ ਦੇ ਉਥਾਨ, ਨਿਰਮਾਣ ਜਾਂ ਵਿਕਾਸ ਅਤੇ ਪ੍ਰਫੁਲਣ, ਇਕ ਸਾਂਝੇ ਸ਼ਕਤੀਸ਼ਾਲੀ ਦਵੰਦ ਦਾ ਪ੍ਰਤਿ-ਰੂਪ ਜਾਂ ਪ੍ਰਤਿ-ਫਲ ਹੈ, ਜਿਸ ਦੇ ਗੂੜ੍ਹੇ ਪਰਛਾਵਿਆਂ ਹੇਠ ਹਰ ਲਹਿਰ ਦੇ ਆਗੂ ਦੁਚਿਤੀ ਦਾ ਸ਼ਿਕਾਰ ਸਨ ਜਿਸ ਦਾ ਆਧਾਰ ਭੂਤ ਦੇ ਗੌਰਵਮਈ ਚਾਨਣੇ ਦੁਆਰਾ ਵਰਤਮਾਨ ਦੇ ਹਨੇਰੇ ਤੇ ਅਨਿਸਚਤ ਮਾਰਗ ਉਤੇ ਚਲ ਕੇ, ਉਜਲ ਭਵਿੱਖ ਦੀ ਮੰਜ਼ਿਲ ਵਲ ਨੂੰ ਵਧਣ ਦੀ ਲਾਲਸਾ ਸੀ। ਦੂਜੇ ਸ਼ਬਦਾਂ ਵਿਚ ਭੂਤ ਤੇ ਭਵਿੱਖ ਨੂੰ ਮੇਲਣ ਲਈ ਵਰਤਮਾਨ ਦੀ ਸੋਝੀ ਦਾ ਮਜ਼ਬੂਤੀ ਨਾਲ ਪੱਲਾ ਫੜਨਾ ਜਾਂ ਸਮੇਂ ਦੇ ਹਮ-ਪੱਲਾਂ ਹੋ ਸਕਣਾ । ਹੋਰ ਦੇਸ਼-ਵਾਸੀਆਂ ਦੇ ਟਾਕਰੇ ਤੇ ਪੰਜਾਬੀਆਂ ਨੂੰ ਇਸ ਦਵੰਦ ਦਾ ਸਭ ਤੋਂ ਵੱਧ ਸ਼ਿਕਾਰ ਹੋਣਾ ਪਿਆ ਕਿਉਂਜੋ ਉਸ ਦੌਰ ਵਿਚ ਚਲੀਆਂ ਲਹਿਰਾਂ ਵਿੱਚੋਂ ਬਹੁਤੀਆਂ ਦੀ ਜਾਂ ਤਾਂ ਜਨਮ-ਭੂਮੀ ਪੰਜਾਬ ਸੀ ਜਾਂ ਉਨ੍ਹਾਂ ਦਾ ਵਡੇਰਾ ਕਾਰਜ-ਖੇਤਰ ਇਹ ਧਰਤੀ ਸੀ। ਭਾਈ ਵੀਰ ਸਿੰਘ ਨੇ ਜਦ ਸੁਰਤ ਸੰਭਾਲੀ ਤਾਂ ਇਹ ਭੂਮੀ ਪੂਰੀ ਤੀਬਰਤਾ ਜਾਂ ਸ਼ਿੱਦਤ ਨਾਲ, ਪਲਸੇਟੇ ਲੈ ਰਹੀ ਸੀ ਤੇ ਏਥੋਂ ਦਾ ਹਰ ਵਾਸੀ ਠੀਕ ਮੰਜ਼ਿਲ ਦੀ ਤਲਾਸ਼ ਵਿਚ, ਇਕ ਅਨੋਖੇ, ਵਚਿੱਤਰ, ਮਾਨਸਕ ਤੇ ਬੌਧਿਕ ਉਤਰਾਵਾਂ ਚੜ੍ਹਾਵਾਂ ਨੂੰ ਅਨੁਭਵ ਕਰ ਰਿਹਾ ਸੀ। ਭਾਈ ਵੀਰ ਸਿੰਘ ਦੀ ਬੌਧਿਕ ਚੇਤੰਨਤਾ ਇਸ ਵਾਤਾਵਰਣ ਵਿਚ ਪ੍ਰਚੰਡ ਹੋਈ ਅਤੇ ਉਨ੍ਹਾਂ ਨੂੰ ਆਪਣਾ ਜੀਵਨ ਲਕਸ਼ ਨਿਰਧਾਰਤ ਕਰਨ ਵਿਚ ਦੇਰ ਨਾ ਲਗੀ। ਤੁਰਤ ਪ੍ਰੇਰਣਾ ਦਾ ਸ੍ਰੋਤ ਈਸਾਈ ਮਿਸ਼ਨਰੀ ਬਣ ਗਏ ਜਿਨ੍ਹਾਂ ਨੇ ਨਵੇਂ ਮਾਧਿਅਮ , ਵਿਗਿਆਨਕ ਵਿਧੀਆਂ ਤੇ ਮਨੋ-ਵਿਗਿਆਨਕ ਜੁਗਤੀਆਂ ਅਪਣਾ ਕੇ ਈਸਾਈਅਤ ਦੇ ਫੈਲਾ ਦੀ ਇਕ ਸ਼ਕਤੀਸ਼ਾਲੀ ਲਹਿਰ ਚਲਾਈ। ਅਮੈਰੀਕਨ ਟ੍ਰੈਕਟ ਸੁਸਾਇਟੀ ਨੂੰ ਦੇਖ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ ਕਾਇਮ ਕਰ ਲਈ ਗਈ ਤੇ 'ਨੂਰ-ਅਫਸ਼ਾਂ' ਵਾਂਗ 'ਨਿਰਗੁਣਆਰਾ' ਜਾਰੀ ਕਰ ਲਿਆ। ਪਰ ਸੀਮਤ ਪਾਠਕ-ਵਰਗ ਤੇ ਟ੍ਰੈਕਟਾਂ ਦੀ ਪ੍ਰਕਾਸ਼ਨਾ ਵਿਚਕਾਰ ਲੰਬੀ ਵਿੱਥ ਨੂੰ ਮਹਿਸੂਸ ਕਰ ਕੇ, ਸਪਤਾਹਕ 'ਖਾਲਸਾ ਸਮਾਚਾਰ' ਜਾਰੀ ਕੀਤਾ। ਇਨ੍ਹਾਂ ਦੋਹਾਂ ਪ੍ਰਕਾਸ਼ਨਾਵਾਂ ਨੇ ਜਿੱਥੇ ਪੰਜਾਬੀ ਪੱਤਰਕਾਰੀ ਤੇ ਭਾਈ ਸਾਹਿਬ ਦੀ ਗੱਦ-ਸ਼ੈਲੀ ਨੂੰ ਵਿਕਸਿਤ ਕਰਨ ਵਿਚ ਅਤਿ ਮਹੱਤਵ-ਪੂਰਨ ਹਿੱਸਾ ਪਾਇਆ ਉਥੇ ਇਹ ਸਿੱਖ ਜਨਤਾ ਨੂੰ ਇਤਿਹਾਸ ਦੇ ਪਿਛੋਕੜ ਵਿਚ ਵਰਤਮਾਨ ਦੀ ਸੋਝੀ ਕਰਾਉਣ ਤੇ ਭਵਿਖ-ਮੁਖੀ ਨਵ-ਜਾਗ੍ਰਣ ਦੀ ਸਪਿਰਟ ਭਰਨ ਵਿਚ ਵੀ ਸਹਾਇਕ ਬਣਿਆ । ਭੂਤ ਦੇ ਗੌਰਵ ਨੂੰ ਤਿੰਨਾਂ ਅਰਧ-ਇਤਿਹਾਸਕ ਨਾਵਲਾਂ ਨੇ ਉਜਾਗਰ ਕੀਤਾ।

ਭਾਈ ਵੀਰ ਸਿੰਘ ਤੋਂ ਪਹਿਲਾਂ ਪੰਜਾਬੀ ਪੱਤਰਕਾਰੀ ਦਾ ਆਰੰਭ ਹੋ ਚੁੱਕਾ ਸੀ ਪਰ ਆਪ ਨੇ ਟ੍ਰੈਕਟਾਂ ਰਾਹੀਂ ਪਹਿਲੀ ਵਾਰੀ ਸਰਲ ਭਾਸ਼ਾ, ਸਪੱਸ਼ਟ ਸ਼ੈਲੀ ਤੇ ਲੋਕ-ਲਹਿਜਾ ਅਪਣਾ ਕੇ ਅਤੇ ਬਿਆਨ ਵਿਚ ਰੌਚਿਕਤਾ, ਲਚਕ ਤੇ ਮਿਠਾਸ ਭਰ ਕੇ, ਲੋਕ-ਭਾਵਾਂ, ਉਮੰਗਾਂ, ਰੁਚੀਆਂ ਜਾਂ ਪ੍ਰਵਿਰਤੀਆਂ ਦੇ ਅਨੁਕੂਲ ਢਾਲ ਕੇ, ਟ੍ਰੈਕਟਾਂ ਦੀ ਸਾਮੱਗ੍ਰੀ ਤੇ ਲਿਖਤ ਨੂੰ ਉਚੇਰੇ ਸਾਹਿੱਤ ਦੀ ਪੱਧਰ ਤੇ ਲਿਜਾ ਖੜਾ ਕੀਤਾ। ਭਾਸ਼ਾ ਦੀ ਪ੍ਰਮਾਣਿਕਤਾ ਦਾ ਠੁਕ ਬੰਨ੍ਹਣ ਲਈ ਮਾਝੀ ਦੇ ਟਕਸਾਲੀ ਰੂਪ ਨੂੰ ਅਪਣਾਇਆ। ਨਿਰੋਲ ਧਾਰਮਕ ਸਮੱਸਿਆਵਾਂ ਜਾਂ ਸਿੱਖ-ਸਿੱਧਾਂਤਾਂ ਤੋਂ ਛੁੱਟ, ਮਾਨਵ-ਸਮਾਜ ਨਾਲ ਸੰਬੰਧਿਤ ਹੋਰ ਵਿਸ਼ਿਆਂ ਨੂੰ ਟ੍ਰੈਕਟਾਂ ਵਿਚ ਪੇਸ਼ ਕਰ ਕੇ ਇਸ ਦੇ ਵਿਸ਼ਾ-ਖੇਤਰ ਨੂੰ ਵਿਸ਼ਾਲ ਕੀਤਾ ਤੇ ਇਕ ਅਜਿਹਾ ਪਾਠਕ-ਵਰਗ ਤਿਆਰ ਕੀਤਾ ਜਿਹੜਾ ਹਰ ਪ੍ਰਕਾਰ ਦੇ ਸਾਹਿੱਤ ਨੂੰ ਪੜ੍ਹਨ ਲਈ ਉਤਸਕ ਹੋ ਗਿਆ। ਭਾਈ ਸਾਹਿਬ ਦੀਆਂ ਆਪਣੀਆਂ ਲਗਭਗ ਸਾਰੀਆਂ ਲਿਖਤਾਂ ਪਹਿਲਾਂ ਇਨ੍ਹਾਂ ਟ੍ਰੈਕਟਾਂ ਵਿਚ ਛਪ ਕੇ ਪਿੱਛੋਂ ਪੁਸਤਕ ਰੂਪ ਵਿਚ ਸਾਹਮਣੇ ਆਉਂਦੀਆਂ ਸਨ। ਇਨ੍ਹਾਂ ਲਿਖਤਾਂ ਵਿਚ ਇਕ ਉਚੇਰਾ ਸਾਹਿੱਤਕ ਸੁਹਜ ਹੁੰਦਾ ਜਿਸ ਨੂੰ ਪੜ੍ਹਦਿਆਂ ਪੜ੍ਹਦਿਆਂ ਪਾਠਕ ਭਾਵਕ, ਮਾਨਸਕ ਤੇ ਬੌਧਿਕ ਤੌਰ ਤੇ ਇਕ ਸ੍ਰੇਸ਼ਟਤਾ ਨੂੰ ਅਨੁਭਵ ਕਰਦੇ।

17 ਨਵੰਬਰ 1899 ਈ. ਨੂੰ ਭਾਈ ਵੀਰ ਸਿੰਘ ਦੁਆਰਾ ਜਾਰੀ ਕੀਤਾ ਸਪਤਾਹਕ 'ਖਾਲਸਾ ਸਮਾਚਾਰ' ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਸਭ ਤੋਂ ਪੁਰਾਣਾ ਪੱਤਰ ਹੈ ਜਿਹੜਾ ਪੌਣੀ ਸਦੀ ਤੋਂ ਸਿੱਖ ਸਮਾਜ, ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਨਿਰੰਤਰ ਸੇਵਾ ਕਰਦਾ ਆ ਰਿਹਾ ਹੈ। ਸਾਡੇ ਅਧਿਐਨ ਕਾਲ ਵਿਚ ਇਸ ਪੱਤਰ ਦੀ ਆਯੂ ਕੇਵਲ ਸਾਢੇ ਤੇਰਾਂ ਮਹੀਨੇ ਹੈ, ਪਰ ਇਸ ਦੇ ਪਹਿਲੇ ਅੰਕ ਤੋਂ ਹੀ ਸੂਝਵਾਨ ਪਾਠਕਾਂ ਨੇ ਅਨੁਮਾਨ ਲਾ ਲਿਆ ਸੀ ਕਿ ਇਹ ਪੱਤਰ ਪੰਜਾਬੀ ਪੱਤਰਕਾਰੀ ਵਿਚ ਇਕ ਮੀਲ-ਪੱਥਰ ਸਿੱਧ ਹੋਵੇਗਾ। ਇਸ ਪੱਤਰ ਦੀ ਨੀਤੀ ਤੇ ਸੰਪਾਦਕੀ ਨੋਟਾਂ ਨੂੰ ਪੜ੍ਹਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਨੇ ਪੰਜਾਬੀ ਭਾਸ਼ਾ ਤੇ ਸਾਹਿੱਤ ਦੀ ਕਿੰਨੀ ਵਡਮੁਲੀ ਸੇਵਾ ਕੀਤੀ। ਇਤਿਹਾਸਕ ਮਹੱਤਵ ਵਾਲੇ ਇਸ ਦੇ ਸੰਪਾਦਕੀ ਨੋਟ-[36] "ਕੌਮੀ ਬਨਾਵਟ" (17 ਨਵੰਬਰ 1899), "ਖ਼ਾਲਸੇ ਦੀ ਤਰੱਕੀ" (4 ਦਸੰਬਰ 1899), ਮਾਦ੍ਰੀ ਬੋਲੀ (1 ਜਨਵਰੀ 1900), ਕੌਮੀ ਕਾਲਜ (23 ਅਪ੍ਰੈਲ 1900), ਪੰਜਾਬੀ ਭਾਸ਼ਾ ਤੇ ਗੁਰਮੁਖੀ ਅੱਖਰ (14 ਮਈ, 1900), ਲੋੜ ਹੈ, ਇਕ ਮੰਝੀ ਹੋਈ ਪੰਜਾਬੀ ਦੀ (3 ਸਤੰਬਰ, 1900) ਸਿੱਖ-ਸ਼ਾਹੀ (7 ਜਨਵਰੀ, 1901) ਅੱਜ ਵੀ, ਭਾਸ਼ਾ, ਸ਼ੈਲੀ ਤੇ ਵਿਸ਼ੇ ਦੇ ਗਿਆਨ ਭਰਪੂਰ ਤੇ ਬਾ-ਦਲੀਲ, ਨਿਭਾ ਕਰ ਕੇ, ਗੱਦ ਦਾ ਇਕ ਉੱਤਮ ਨਮੂਨਾ ਹਨ। ਉਦਾਹਰਣ ਵਜੋਂ ਹੇਠਾਂ ਦਰਜ ਗੱਦ ਰਚਨਾ ਵਿਚ ਉਪ੍ਰੋਕਤ ਸਾਰੇ ਗੁਣ ਦੇਖੇ ਜਾ ਸਕਦੇ ਹਨ:-

---

36. 'ਖਾਲਸਾ ਸਮਾਚਾਰ' ਦੀਆਂ ਪੁਰਾਣੀਆਂ ਅਖ਼ਬਾਰਾਂ ਦੀ ਫੋਲਾ-ਫਾਲੀ ਦੁਆਰਾ ਇਕੱਤ੍ਰ ਕੀਤੀ ਜਾਣਕਾਰੀ। ਇਹ ਫਾਈਲਾਂ ਭਾਈ ਮੋਹਨ ਸਿੰਘ ਵੈਦ ਲਾਇਬ੍ਰੇਰੀ ਵਿਚ ਸੁਰਖਿਅਤ ਪਈਆਂ ਹਨ।

" ਬੰਗਾਲੀਆਂ ਦੀ ਬੋਲੀ ਬੰਗਾਲੀ ਹੈ, ਮਰਹੱਟਿਆਂ ਦੀ ਮਰਹੱਟੀ, ਪਰ ਗ਼ਰੀਬ ਪੰਜਾਬੀਆਂ ਦੀ ਮਾਦਰੀ ਬੋਲੀ ਕੀ ਹੈ? ਇਹ ਸਵਾਲ ਹਰਿਕ ਨੂੰ ਪੈਦਾ ਹੁੰਦਾ ਹੈ, ਪਰ ਇਸ ਦਾ ਉੱਤਰ ਕੀ ਹੈ? ਪੰਜਾਬੀ! .. ਸਭ ਤੋਂ ਵਧ ਹਨੇਰ ਦੀ ਗਲ ਇਹ ਹੈ ਕਿ ਆਪਣੀ ਮਾਦਰੀ ਬੋਲੀ ਨੂੰ ਛੱਡ ਕੇ ਲੋਕ ਪਰਾਈਆਂ ਬੋਲੀਆਂ ਆਪਣੀਆਂ ਕਰੀ ਜਾਂਦੇ ਹਨ। .... ਇਸ ਘਾਟੇ ਦਾ ਸਾਰਾ ਦੋਸ਼ ਪੜ੍ਹੇ ਹੋਏ ਪੰਜਾਬੀਆਂ ਦੇ ਸਿਰ ਲਗਦਾ ਹੈ। ਇਹੋ ਲੋਕ ਆਪਣੀ ਮਾਦਰੀ ਭਾਸ਼ਾ ਦੇ ਡਿਗੇ ਹੋਣ ਦੇ ਜ਼ਿਮੇਵਾਰ ਹਨ।.... ਸ਼ੈਕਸਪੀਅਰ ਡ੍ਰਾਈਡਨ, ਬਾਈਰਨ, ਸਕਾਟ, ਤੇ ਟੈਨੀਸਨ ਨੇ ਕਰੜੀਆਂ ਮਿਹਨਤਾਂ ਕਰਕੇ ਆਪਣੀ ਮਾਦਰੀ ਭਾਸ਼ਾ ਦਾ ਤਾਣਾ ਪੇਟਾ ਉਣ ਕੱਢਿਆ । ਉਹ ਆਪਣੀ ਭਾਸ਼ਾ ਦੀ ਨਿਊਨਤਾ ਦੇਖ ਕੇ ਸ਼ਰਮਾਉਂਦੇ ਨਹੀਂ ਸਨ ।... ਪੰਜਾਬੀ ਹੋਣ ਕਰਕੇ ਸਾਡਾ ਧਰਮ ਹੈ ਕਿ ਅਸੀਂ ਪੰਜਾਬੀ ਦੀ ਸੇਵਾ ਕਰੀਏ। ਉਠੋ ! ਉਠੋ !! ਹੇ ਮੇਰੇ ਵਿਦਵਾਨ ਭਰਾਵੋ, ਸੰਸਾਰ ਨੂੰ ਦਿਖਲਾਓ ਕਿ ਤੁਸੀਂ ਆਪਣੀ ਮਾਦਰੀ ਭਾਸ਼ਾ ਨੂੰ ਸਮੇਂ ਦੀ ਪੂਰਨਤਾ ਦੇ ਅਨੁਸਾਰ ਮੰਝ ਕੇ ਆਪਣੀ ਬੋਲੀ ਨੂੰ ਸ਼੍ਰੋਮਣੀ ਕਰ ਸਕਦੇ ਹੋ। ਮੈਂ ਇਸ ਸੂਬੇ ਦੇ ਵਿਦਵਾਨਾਂ ਅੱਗੇ, ਉਨ੍ਹਾਂ ਦੇ ਵਤਨ ਦਾ ਵਾਸਤਾ ਪਾ ਕੇ, ਬੁਧਿ ਮਤ ਦਾ ਵਾਸਤਾ ਪਾ ਕੇ, ਅਰ ਧਰਮ ਦਾ ਵਾਸਤਾ ਪਾ ਕੇ ਅਪੀਲ ਕਰਦਾ ਹਾਂ ਕਿ ਇਸ ਕੰਮ ਨੂੰ ਹਿੰਮਤ ਨਾਲ ਚੁਕੋ ਅਰ ਕਮੇਟੀ ਬਣਾ ਕੇ ਪੰਜਾਬੀ ਦੀ ਤਰੱਕੀ ਦੇ ਸਾਧਨ ਸੋਚੋ ।"[37]

ਪੱਤਰਕਾਰੀ ਤੋਂ ਛੁਟ ਭਾਈ ਸਾਹਿਬ ਦੇ ਪਹਿਲੇ ਤਿੰਨ ਇਤਿਹਾਸਕ ਨਾਵਲ, ਸੁੰਦਰੀ (1898 ਈ.), ਬਿਜੈ ਸਿੰਘ(1899 ਈ.) ਤੇ ਸਤਵੰਤ ਕੌਰ ਭਾਗ ਪਹਿਲਾ (1900 ਈ.) ਸਾਡੇ ਵਿਚਾਰ ਅਧੀਨ ਕਾਲ ਵਿਚ ਆਉਂਦੇ ਹਨ। ਇਨ੍ਹਾਂ ਨਾਵਲਾਂ ਦੀ ਸਾਹਿੱਤਕ ਤੇ ਇਤਿਹਾਸਕ, ਦੋਹਰੀ ਮਹਾਨਤਾ ਹੈ। ਭਾਈ ਸਾਹਿਬ ਤੋਂ ਪਹਿਲਾਂ ਪੰਜਾਬੀ ਨਾਵਲ ਵਿਚ ਮੌਲਿਕ ਤੇ ਅਨੁਵਾਦਿਤ ਇੱਕਾ ਦੁਕਾ ਪ੍ਰਯੋਗ ਤਾਂ ਹੋ ਚੁਕੇ ਸਨ, ਪਰ ਇਕ ਕਲਾ-ਰੂਪ ਵਜੋਂ, - ਨਿਸਚਿਤ ਆਸ਼ੇ ਲਈ, ਇਸ ਨੂੰ ਪਹਿਲੀ ਵਾਰ ਆਪ ਨੇ ਹੀ ਅਪਣਾਇਆ। 'ਇਤਿਹਾਸਕ ਨਾਵਲ ਦੀ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਪੰਜਾਬੀ ਦਾ ਇਕ ਪ੍ਰਮੁੱਖ ਇਤਿਹਾਸਕ ਨਾਵਲਕਾਰ ਹੈ। ਪਹਿਲੇ ਤਿੰਨੇ ਨਾਵਲ ਰਚਣ ਸਮੇਂ ਹੀ ਇਤਿਹਾਸਕ ਨਾਵਲ ਦੀ ਪਦਵੀ ਪ੍ਰਾਪਤ ਕਰ ਗਏ ਸਨ ਕਿਉਂਕਿ ਉਹ ਸਾਰੇ ਖਾਲਸੇ ਦੇ ਭੂਤ, ਸੁਨਹਿਰੇ ਇਤਿਹਾਸ ਨਾਲ ਸੰਬੰਧਿਤ ਸਨ।[38]

---

37. "ਖਾਲਸਾ ਸਮਾਚਾਰ " — " ਲੋੜ ਹੈ ਇਕ ਮੰਝੀ ਹੋਈ ਪੰਜਾਬੀ ਭਾਸ਼ਾ ਦੀ ", 3 ਸਤੰਬਰ, 1900 ਈ., ਪੰਨਾ 3.

38. ਉੱਪਲ-ਸਵਿੰਦਰ ਸਿੰਘ, "ਭਾਈ ਵੀਰ ਸਿੰਘ ਦੇ ਨਾਵਲ ", ਭਾਈ ਵੀਰ ਸਿੰਘ - ਜੀਵਨ, ਸਮਾਂ ਤੇ ਰਚਨਾ । ਸੰਪਾਦਤ ਡਾ:ਸੁਰਿੰਦਰ ਸਿੰਘ ਕੋਹਲੀ - ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973 ਈ., ਪੰਨਾ 155.

ਇਨ੍ਹਾਂ ਨਾਵਲਾਂ ਦਾ ਪਿਛੋਕੜ ਅਠਾਰ੍ਹਵੀਂ ਸਦੀ ਦਾ ਇਤਿਹਾਸ ਹੈ, ਜਿਸ ਸਮੇਂ ਦੀ ਅੰਤਰ-ਆਤਮਾ ਨੂੰ ਭਾਈ ਵੀਰ ਸਿੰਘ ਵਰਗਾ ਦਿੱਬ-ਦ੍ਰਿਸ਼ਟੀ ਦਾ ਮਾਲਕ ਹੀ ਪਛਾਣ ਸਕਦਾ ਸੀ। ਸਾਰੇ ਮੁਖ-ਪਾਤਰ ਕਲਪਿਤ ਹੋਣ ਦੇ ਬਾਵਜੂਦ, ਇਤਿਹਾਸਕ ਘਟਨਾਵਾਂ ਦੀ ਪ੍ਰਤਿਨਿਧਤਾ ਕਰਦੇ ਹਨ। ਜੇ ਕੋਈ ਨੁਕਸ ਇਨ੍ਹਾਂ ਨਾਵਲਾਂ ਵਿਚ ਹੈ ਤਾਂ ਉਹ ਭਾਈ ਸਾਹਿਬ ਦੀ ਸਿੱਖੀ ਸ਼ਰਧਾ ਤੇ ਪ੍ਰੇਮ-ਵਸ ਭਾਵਕਤਾ ਹੈ ਜਿਸ ਅਧੀਨ ਉਹ ਯਥਾਰਥ ਉਤੇ ਆਦਰਸ਼ ਦੀ ਇਸ ਹੱਦ ਤਕ ਪਾਣ ਚਾੜ੍ਹ ਦਿੰਦਾ ਹੈ ਕਿ ਬਹੁਤ ਸਾਰੀਆਂ ਘਟਨਾਵਾਂ ਅਨਹੋਣੀਆਂ ਜਾਂ ਅਸੁਭਾਵਕ ਪ੍ਰਤੀਤ ਹੋਣ ਲਗ ਜਾਂਦੀਆਂ ਹਨ। ਪਰ ਕਿਉਂਜੋ ਇਤਿਹਾਸਕ ਤੱਥ ਕਿਧਰੇ ਵੀ ਭੰਗ ਨਹੀਂ ਹੁੰਦੇ ਤੇ ਪ੍ਰਗਟਾਏ ਗਏ ਸਮੇਂ ਦੀ ਸਪਿਰਟ ਕਾਇਮ ਰੱਖੀ ਗਈ ਹੈ, ਇਸ ਲਈ ਦੋਸ਼ਾਂ ਜਾਂ ਊਣਤਾਈਆਂ ਦੇ ਬਾਵਜੂਦ, ਇਹ ਸਫਲ ਇਤਿਹਾਸਕ ਨਾਵਲ ਆਖੇ ਜਾ ਸਕਦੇ ਹਨ। ਭਾਵੇਂ ਇਨ੍ਹਾਂ ਦਾ ਆਸ਼ਾ ਤੇ ਦ੍ਰਿਸ਼ਟੀ ਸੁਧਾਰ ਵਾਲੀ ਅਤੇ ਬਿਆਨ ਭਾਵਕ ਹੈ; ਬਿਆਨ ਵਿਚ ਇਤਿਹਾਸਕ ਯਥਾਰਥ ਦੀ ਥਾਂ ਰੋਮਾਂਟਿਕ ਨਾਵਲਾਂ ਦਾ **ਪ੍ਰਭਾਵ** ਵਧੇਰੇ ਪੈਂਦਾ ਹੈ। ਪਰਾ-ਸਰੀਰਕ ਸ਼ਕਤੀਆਂ ਦਾ ਆਸਰਾ ਲੈਣਾ, ਜਜ਼ਬਾਤੀ ਮੌਕਾ-ਮੇਲ, ਜਾਸੂਸੀ ਨਾਵਲਾਂ ਵਾਂਗ ਜੰਗਲਾਂ ਸੁਰੰਗਾਂ ਆਦਿ ਦਾ ਵਰਣਨ, ਇਹ ਸਭ ਰੋਮਾਂਟਿਕ ਪ੍ਰਭਾਵ ਦੇ ਲਖਾਇਕ ਹਨ। ਇਨ੍ਹਾਂ ਨਾਵਲਾਂ ਦੇ ਪਾਤਰ ਬਣੇ ਬਣਾਏ ਜਾਂ ਘੜੇ ਘੜਾਏ, ਆਦਰਸ਼ ਦੀ ਇੱਕੋ ਪੱਧਰ ਤੇ ਵਿਚਰਦੇ ਹਨ ਤੇ ਇਨ੍ਹਾਂ ਦਾ ਵਿਕਾਸ ਲਗਭਗ ਨਾ ਹੋਇਆਂ ਬਰਾਬਰ ਹੈ। ਇਨ੍ਹਾਂ ਤਿੰਨਾਂ ਨਾਵਲਾਂ ਦੇ ਪਾਤਰ ਮੁਸੀਬਤਾਂ ਝਲਦੇ, ਸਿੱਖੀ ਸਿਦਕ ਭਰੋਸਾ ਨਿਭਾਉਂਦੇ, ਉਚੇ ਆਚਰਨ ਦੇ ਧਾਰਨੀ ਦਿਖਾਏ ਗਏ ਹਨ। ਇਸ ਤਰ੍ਹਾਂ ਯਥਾਰਥਕ ਪਾਤਰ-ਚਿਤ੍ਰਨ ਦੀ ਘਾਟ ਪ੍ਰਤੱਖ ਹੈ। ਮੁਖ ਪਾਤਰ ਅਜਿਹੇ ਹਨ ਜਿਨ੍ਹਾਂ ਨੂੰ ਚੌਗਿਰਦੇ ਤੋਂ ਅਭਿੱਜ ਰੱਖ ਕੇ ਨਿਰੋਲ ਆਦਰਸ਼ਕ ਰੰਗਣ ਚਾੜ੍ਹੀ ਗਈ ਹੈ। ਪਰ ਭਾਈ ਸਾਹਿਬ ਦਾ ਲਿਖਣ ਢੰਗ ਬੜਾ ਸਰਲ ਤੇ ਸੁਲਝਿਆ ਹੋਇਆ ਹੈ। ਭਾਸ਼ਾ ਉਤੇ ਪੂਰਨ ਕਾਬੂ ਹੈ, ਬਿਆਨ ਵਿਚ ਨਾਟਕੀਅਤਾ ਦੇ ਝਲਕਾਰੇ ਥਾਂ ਪਰ ਥਾਂ ਦਿਖਾਈ ਦਿੰਦੇ ਹਨ। ਪਰ ਇਨ੍ਹਾਂ ਨਾਵਲੀ ਕ੍ਰਿਤਾਂ ਦੀ ਅਪੀਲ ਕਿਉਂਜੋ ਕੇਵਲ ਸਿੱਖਾਂ ਨੂੰ ਹੀ ਹੈ, ਇਸ ਲਈ ਇਹ ਲਿਖਤਾਂ ਗੁਣ-ਭਰਪੂਰ ਜਾਂ ਕਲਾ-ਯੁਕਤ ਹੋਣ ਦੇ ਬਾਵਜੂਦ, ਇਕ ਖ਼ਾਸ ਵਰਗ ਦੇ ਪਾਠਕਾਂ ਨੂੰ ਹੀ ਸੰਤੁਸ਼ਟ ਜਾਂ ਉਤੇਜਿਤ ਕਰਦੀਆਂ ਹਨ।

ਜਿਥੋਂ ਤਕ ਭਾਈ ਸਾਹਿਬ ਨੂੰ ਬਤੌਰ ਗੱਦ-ਕਾਰ ਦੇ ਵਿਚਾਰਨ ਦਾ ਸੰਬੰਧ ਹੈ, ਇਹ ਨਿਸਚੇ ਨਾਲ ਆਖਿਆ ਜਾ ਸਕਦਾ ਹੈ ਕਿ ਬੋਲੀ, ਸ਼ੈਲੀ, ਦ੍ਰਿਸ਼ਟੀ ਤੇ ਵਿਸ਼ੇ-ਚੋਣ ਦੇ ਪੱਖੋਂ ਪੰਜਾਬੀ ਵਾਰਤਕ ਵਿਚ ਉਨ੍ਹਾਂ ਇਕ ਨਵਾਂ ਮੋੜ ਲਿਆਂਦਾ। ਨਿਸਚੇ ਹੀ ਇਹ ਪੁਰਾਤਨ ਵਾਰਤਕ ਨਾਲੋਂ ਭਿੰਨ, ਨਵੇਂ ਨਿਖਾਰ ਤੇ ਨਵੀਂ ਪ੍ਰਗਟਾ ਸਮਰਥਾ ਦੀ ਸੂਚਕ ਹੈ। ਵਿਸ਼ੈ ਭਾਵੇਂ ਕਿਹੋ ਜਿਹੇ ਵੀ ਹੋਣ, ਭਾਈ ਸਾਹਿਬ

ਆਪਣੀ ਭਾਵਕ ਸ਼ਰਧਾ ਨੂੰ ਬਾਦਲੀਲ ਤੇ ਨਿਆਇ-ਯੁਕਤ ਬਣਾ ਕੇ, ਉਸ ਨੂੰ ਬੌਧਿਕ ਛੁਹ ਦੇ ਕੇ ਵਿਸ਼ੇਸ਼ ਸਾਹਿੱਤਕ ਮਹੱਤਵ ਵਾਲੀ ਬਣਾ ਦਿੰਦੇ ਸਨ।

ਭਾਈ ਸਾਹਿਬ ਦੀ ਵਾਰਤਕ ਸਾਹਿੱਤ ਨੂੰ ਦੇਣ ਸੰਬੰਧੀ ਡਾ. ਗੁਰਚਰਨ ਸਿੰਘ ਦਾ ਕਥਨ ਹੈ ਕਿ " ਭਾਈ ਸਾਹਿਬ ਦੀਆਂ ਰਚਨਾਵਾਂ, ਉਹ ਪਹਿਲੀਆਂ ਰਚਨਾਵਾਂ ਵੀ ਹਨ, ਜਿਨ੍ਹਾਂ ਵਿਚ ਵਾਰਤਕ ਨੂੰ ਇਕ ਕੋਮਲ ਕਲਾ ਸਮਝ ਕੇ, ਇਸ ਵਿਚ ਚੇਤੰਨ ਰੂਪ ਵਿਚ ਸਾਹਿੱਤਕ ਗੁਣ ਭਰਨ ਦਾ ਯਤਨ ਕੀਤਾ ਗਿਆ ਹੋਵੇ ਅਤੇ ਵਾਰਤਕ ਨੂੰ ਸਪੱਸ਼ਟ ਤੇ ਅਰਥ-ਪ੍ਰਗਟਾਊ ਪੱਧਰ ਉਤੇ ਲਿਆਉਣ ਦੇ ਨਾਲ ਨਾਲ ਇਸ ਵਿਚ ਸੰਗੀਤਮਈ ਰਾਗਾਤਮਕ ਗੁਣ ਉਪਜਾ ਕੇ ਇਸ ਨੂੰ ਸੁਹਜ-ਸੁਆਦ ਦੀਆਂ ਛੋਹਾਂ ਲਾਉਣ ਦਾ ਉਪਰਾਲਾ ਕੀਤਾ ਗਿਆ ਹੋਵੇ। ਕਲਾ ਪੱਖ ਤੋਂ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਇਹ ਇਕ ਆਧੁਨਿਕ ਅੰਸ਼ ਸੀ। ਇਹ ਉਹ ਪੂਰਨੇ ਅਥਵਾ ਬੀਜ ਸਨ ਜਿਨ੍ਹਾਂ ਪੁੰਗਰ ਤੇ ਮੌਲ ਕੇ ਗੁਰਬਖ਼ਸ਼ ਸਿੰਘ ਵਾਲੀ ਸੁਹਜ ਸੁਆਦ ਭਰੀ ਸੰਗੀਤਾਤਮਕ ਵਾਰਤਕ ਦਾ ਰੂਪ ਧਾਰਨ ਕੀਤਾ।[39]

ਡਾ. ਸੁਰਿੰਦਰ ਸਿੰਘ ਕੋਹਲੀ, ਭਾਈ ਸਾਹਿਬ ਦੀ ਗੱਦ-ਸ਼ੈਲੀ ਦਾ ਮੁਲਾਂਕਣ ਕਰਦੇ ਹੋਏ ਲਿਖਦੇ ਹਨ:-

> "ਭਾਈ ਵੀਰ ਸਿੰਘ ਪੰਜਾਬੀ ਗੱਦ ਦੇ ਖੇਤਰ ਵਿਚ ਪਹਿਲੇ ਸ਼ੈਲੀਕਾਰ ਮੰਨੇ ਜਾਂਦੇ ਹਨ । ਉਹ ਪਹਿਲੇ ਪੰਜਾਬੀ ਲਿਖਾਰੀ ਹਨ ਜਿਨ੍ਹਾਂ ਉਤੇ ਬ੍ਰਜ-ਭਾਸ਼ਾ ਦਾ ਨਾਮਾਤ੍ਰ ਪ੍ਰਭਾਵ ਹੀ ਰਹਿ ਗਿਆ ਸੀ। ਉਨ੍ਹਾਂ ਦੀ ਸ਼ੈਲੀ ਵਿਚ ਦਾਰਸ਼ਨਿਕ, ਪਰਿਭਾਸ਼ਕ, ਮਨੋ-ਵਿਗਿਆਨਕ ਆਦਿ ਕਈ ਰੰਗ ਮਿਲਦੇ ਹਨ। ਕਿਤੇ ਕਿਤੇ ਸ਼ੈਲੀ ਕਾਵਿ-ਮਈ ਤੇ ਅਲੰਕ੍ਰਿਤ ਹੋ ਜਾਂਦੀ ਹੈ ਅਤੇ ਇਹਦੇ ਵਿਚ ਭਾਵਕਤਾ ਅਤੇ ਬੁਧੀ ਦਾ ਸੁਮੇਲ ਮਿਲਦਾ ਹੈ। ਬਿਆਨ ਬੜਾ ਢੁਕਵਾਂ, ਵਿਸਥਾਰ-ਭਰਿਆ ਅਤੇ ਵਿਆਖਿਆਮਈ ਹੁੰਦਾ ਹੈ। ਸ਼ਬਦਾਂ ਦੀ ਚੋਣ ਅਤੇ ਬਿਆਨ ਦੀ ਬਾਰੀਕੀ ਚਿਤਰ ਉਲੀਕਣ ਵਿਚ ਸਹਾਇਕ ਹੁੰਦੇ ਹਨ।"[40]

---

39. ਗੁਰਚਰਨ ਸਿੰਘ(ਡਾ:), 'ਖੋਜ ਪਤ੍ਰਿਕਾ' ਪਟਿਆਲਾ, ਸਤੰਬਰ 1973, ਪੰਨਾ 231.

40. ਕੋਹਲੀ, ਸੁਰਿੰਦਰ ਸਿੰਘ(ਡਾ:), 'ਪਰਖ' ਭਾਈ ਵੀਰ ਸਿੰਘ ਵਿਸ਼ੇਸ਼ ਅੰਕ, ਨੰਬਰ 1, 1972, ਪੰਨਾ 156-157.

ਅਧਿਆਇ ਗਿਆਰ੍ਹਵਾਂ

## ਉੱਘੇ ਕਵੀ

## ਉੱਘੇ ਕਵੀ

ਆਪਣੇ ਅਧਿਐਨ - ਕਾਲ ਦੀ ਸਮੁੱਚੀ ਕਾਵਿ-ਰਚਨਾ ਦਾ ਸਰਵੇਖਣ ਇਕ ਵੱਖਰੇ ਅਧਿਆਇ ਵਿਚ ਕੀਤਾ ਜਾ ਚੁਕਾ ਹੈ। ਇਸ ਕਾਲ ਦੇ ਕੁਝ ਕੁ ਪ੍ਰਸਿੱਧ ਕਵੀਆਂ ਦੀ ਕਾਵਿ-ਕਲਾ ਦੇ ਉੱਘੜਵੇਂ ਪੱਖਾਂ ਨੂੰ ਦਰਸਾਉਣ ਅਤੇ ਕਾਵਿ-ਸਾਹਿੱਤ ਵਿਚ ਸਥਾਨ ਨਿਸਚਿਤ ਕਰਨ ਲਈ, ਉਨ੍ਹਾਂ ਸੰਬੰਧੀ ਵਧੇਰੇ ਵਿਸਤਾਰ ਨਾਲ ਚਰਚਾ ਕਰਨੀ ਉਚਿੱਤ ਪ੍ਰਤੀਤ ਹੁੰਦੀ ਹੈ। ਇਹ ਕਵੀ ਹਨ :-

1. ਫਜ਼ਲ ਸ਼ਾਹ ( 1826 - 1890 ਈ: )
2. ਕਿਸ਼ਨ ਸਿੰਘ ਆਰਿਫ਼ ( 1836 - 1900 ਈ.)
3. ਮੀਆਂ ਮੁਹੰਮਦ ਬੂਟਾ ਗੁਜਰਾਤੀ ( 1836 - 1919 ਈ.)
4. ਮੀਆਂ ਮੁਹੰਮਦ ਬਖ਼ਸ਼ ( 1829- 1904 ਈ.)
5. ਭਗਵਾਨ ਸਿੰਘ ( 1842- 1902 ਈ.)
6. ਮੌਲਵੀ ਗ਼ੁਲਾਮ ਰਸੂਲ ( 1849-1892 ਈ.)
7. ਹਦਾਇਤੁਲਾ ( 1838-1929 ਈ.)
8. ਸਦਾ ਰਾਮ ( 1861 - 1933 ਈ.)
9. ਗ਼ੁਲਾਮ ਫ਼ਰੀਦ ਚਾਚੜਾਂ ( 1841-1901 ਈ.)

ਸੱਯਦ ਫ਼ਜ਼ਲ ਸ਼ਾਹ ( 1826 ਤੋਂ 11 ਫ਼ਰਵਰੀ 1890 ਈ.)

ਕਿੱਸਾ ਕਾਵਿ ਦੇ ਇਤਿਹਾਸ ਵਿਚ ਜੋ ਸਥਾਨ ਵਾਰਿਸ, ਪੀਲੂ ਜਾਂ ਹਾਸ਼ਮ ਨੂੰ ਪ੍ਰਾਪਤ ਹੈ, ਉਹ ਫ਼ਜ਼ਲ ਸ਼ਾਹ ਨੂੰ ਕਿੱਸਾ 'ਸੋਹਣੀ ਮਹੀਂਵਾਲ' [1] ਲਿਖਣ ਕਰ ਕੇ ਦਿੱਤਾ ਜਾ ਸਕਦਾ ਹੈ। ਇਹ ਕਿੱਸਾ ਉਸ ਦੀ ਸਭ ਤੋਂ ਪਹਿਲੀ ਕਿਰਤ ਹੈ, ਜਿਹੜੀ ਵੀਹ ਸਾਲ ਦੀ ਉਮਰ ਵਿਚ ਲਿਖੀ ਗਈ। ਉਸ ਦੀਆਂ ਹੋਰ ਰਚਨਾਵਾਂ ਵਿੱਚੋਂ ਸੋਹਣੀ, ਸੱਸੀ ਤੇ ਹੀਰ ਦੀਆਂ ਸੀਹਰਫ਼ੀਆਂ, ਲੈਲਾ ਮਜਨੂੰ, ਯੂਸਫ਼ ਜ਼ੁਲੈਖ਼ਾਂ ਤੇ ਤੁਹਫ਼ਾ ਫ਼ਜ਼ਲ ਸ਼ਾਹ ਪ੍ਰਸਿੱਧ ਹਨ।[2]

ਫ਼ਜ਼ਲ ਸ਼ਾਹ ਲਾਹੌਰ ਦੇ ਨੇੜੇ ਨਵਾਂ ਕੋਟ[3] ਦੇ ਰਹਿਣ ਵਾਲੇ ਸਨ ਅਤੇ ਅਰਬੀ ਫ਼ਾਰਸੀ ਆਦਿ ਪੜ੍ਹ ਕੇ ਲਾਹੌਰ ਦੇ ਕਿਸੇ ਸਰਕਾਰੀ ਦਫ਼ਤਰ ਵਿਚ ਦਫ਼ਤਰੀ ਲਗ ਗਏ ਅਤੇ ਸਾਰੀ ਉਮਰ ਉਥੇ ਹੀ ਲੰਘਾ ਦਿੱਤੀ। ਕਵੀ ਆਪ ਲਿਖਦਾ ਹੈ ਕਿ ਉਸ ਨੇ ਕਿਸੇ ਕੁੜੀ ਨਾਲ ਇਸ਼ਕ ਕੀਤਾ ਪਰ ਉਹ ਇਸ ਭੇਦ ਨੂੰ ਬੰਦ ਮੁਠੀ ਵਾਂਗ ਖੋਲ੍ਹਣਾ ਨਹੀਂ ਚਾਹੁੰਦਾ ਅਤੇ ਇਸੇ ਲਈ ਉਹ ਹੋਰ ਆਸ਼ਕਾਂ ਦੇ ਪੁਰ-ਬਹਿਰ ਸ਼ੇਅਰ ਲਿਖ ਕੇ, ਉਨ੍ਹਾਂ ਵਿਚ ਦਰਦ ਭਰ ਸਕਿਆ ਹੈ:-

> ਮੈਂ ਵੀ ਇਸ਼ਕ ਦੇ ਵਿਚ ਗੁਦਾਜ਼ ਹੋਇਆ, ਐਪਰ ਦੱਸਣੇ ਦੀ ਨਹੀਂ ਜਾ ਮੀਆਂ।
> ਐਪਰ ਸਬਰ ਦਿੱਤਾ ਰਬ ਫ਼ਜ਼ਲ ਸੇਤੀ, ਮੀਟੀ ਮੁਠ ਹੀ ਦੇ ਲੰਘਾ ਮੀਆਂ।
> ਇਤਨਾ ਦਰਦ ਮੈਨੂੰ ਜੇਕਰ ਆਹ ਮਾਰਾਂ, ਦਿਆਂ ਰੁਖ ਦਰੱਖਤ ਜਲਾ ਮੀਆਂ।
> ਤਾਂ ਹੀ ਸ਼ੇਅਰ ਮੇਰਾ ਪੁਰ ਬਹਿਰ ਹੋਇਆ, ਕੀਤਾ ਰਬ ਰਸੂਲ ਅਤਾ ਮੈਨੂੰ।
> ਨਹੀਂ ਤਾਂ ਆਸ਼ਕਾਂ ਦੇ ਕਿਸੇ ਜੋੜਨੇ ਦਾ, ਕੀਕਰ ਆਂਵਦਾ ਚੈਨ ਤੇ ਚਾ ਮੈਨੂੰ।

ਡਾ: ਦੀਵਾਨ ਸਿੰਘ ਫ਼ਜ਼ਲ ਸ਼ਾਹ ਦੀ ਕਾਵਿ-ਪ੍ਰਤਿਭਾ ਤੇ ਕਿੱਸਾਕਾਰੀ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ[4] :-

> " ਨਿਰਸੰਦੇਹ ਫ਼ਜ਼ਲ ਸ਼ਾਹ ਆਪਣੇ ਸਮੇਂ ਦੇ ਸਭ ਤੋਂ ਮਸ਼ਹੂਰ ਤੇ ਨਾਮੀ ਕਵੀਆਂ ਵਿੱਚੋਂ ਸੀ, ਸਗੋਂ ਉਨ੍ਹੀਵੀਂ ਸਦੀ ਦੇ ਪੰਜਾਬੀ ਕਵੀਆਂ ਵਿਚ ਵੀ ਉਸ ਦਾ ਦਰਜਾ ਬਹੁਤ ਉੱਚਾ ਹੈ। ਉਸ ਦੀ ਪਦਵੀ ਇਕ ਤਰ੍ਹਾਂ ਦੋਹਰੀ ਤੇ ਰਲੀ ਮਿਲੀ ਵੀ ਹੈ,

---

1. ਮੁਹੰਮਦ ਸਰਵਰ, "ਪੰਜਾਬੀ ਅਦਬ" ਕਰਾਚੀ, ਪੰਨਾ 100.
2. ਕੁਸ਼ਤਾ, ਮੌਲਾ ਬਖ਼ਸ਼, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 194
3. ਕਿੱਸਾ ਸੋਹਣੀ ਮਹੀਂਵਾਲ ਵਿਚ ਲਿਖਿਆ ਹੈ:-
   ਨਵਾਂ ਕੋਟ ਲਾਹੌਰ ਦੀ ਤਰਫ਼ ਦੱਖਣ, ਪੈਂਡਾ ਨੀਮ ਫ਼ਰਸੰਗ ਦਾ ਜਾਣ ਬੇਲੀ।
   ਉਸ ਜਗ੍ਹਾ ਤੇ ਮੈਂ ਵਸਨੀਕ ਕੀਤਾ, ਗਲ ਇਸ਼ਕ ਦੀ ਕੁਲ ਬਿਆਨ ਬੇਲੀ।
4. ਦੀਵਾਨ ਸਿੰਘ ਤੇ ਰੋਸ਼ਨ ਲਾਲ ਆਹੂਜਾ, 'ਕਿੱਸਾ ਸੋਹਣੀ ਮਹੀਂਵਾਲ' ਅੰਮ੍ਰਿਤਸਰ, 1956, ਪੰਨਾ 14.

ਅਰਥਾਤ ਇਕ ਪੈਰ ਜ਼ਮੀਨ ਤੇ ਰਖਿਆ ਹੈ ਤੇ ਦੂਜਾ ਅਸਮਾਨ ਤੇ। ਇਕ ਪਾਸੇ ਮਹਾਨ ਕਿਸਾਕਾਰਾਂ ਦੀ ਕਤਾਰ ਵਿਚ ਉਸ ਨੂੰ ਥਾਂ ਮਿਲਦੀ ਹੈ —ਕਰੁਣਾ ਰਸ ਜਾਂ ਦਰਦ ਤੇ ਸੋਜ਼ ਦੇ ਬਿਆਨ ਦੀ ਸਫਲਤਾ ਦੇ ਕਾਰਨ, ਅਤੇ ਇਸ ਤੋਂ ਵੱਧ ਇਕ ਅਤੀ ਢੁਕਵੇਂ ਸਾਦਾ ਤੇ ਸਰਲ ਲਿਖਣ ਢੰਗ ਦੇ ਕਾਰਨ। ਦੂਜੇ ਪਾਸੇ ਉਹ ਤੁਕ-ਬੰਦੀ ਤੇ ਬੈਂਤ ਬਾਜ਼ੀ ਦੀ ਨੀਵੀਂ ਪੱਧਰ ਤੇ ਉਤਰ ਆਉਂਦਾ ਹੈ ਤੇ ਕਈ ਤੁਕਾਂ ਵਿਚ ਸ਼ਬਦਾਂ ਦੇ ਹੇਰ ਫੇਰ ਤੇ ਇਕ ਸ਼ਬਦ ਦੇ ਕਈ ਅਰਥਾਂ ਵਿਚ ਵਰਤਣ ਤੇ ਹੀ ਸਾਰਾ ਜ਼ੋਰ ਲਾ ਦਿੰਦਾ ਹੈ। ਇਸ ਤਰ੍ਹਾਂ ਇਕ ਪਾਸੇ ਉਹ ਹਾਸ਼ਮ, ਕਾਦਰਯਾਰ, ਅਹਿਮਦਯਾਰ ਤੇ ਸ਼ਾਹ ਮੁਹੰਮਦ ਦੇ ਟਾਕਰੇ ਦਾ ਕਵੀ ਹੈ ਤੇ ਦੂਜੇ ਪਾਸੇ ਅਮਾਮ ਬਖ਼ਸ਼, ਗ਼ੁਲਾਮ ਰਸੂਲ, ਮੁਹੰਮਦ ਬੂਟਾ, ਹਦਾਇਤੁਲਾ ਤੇ ਭਗਵਾਨ ਸਿੰਘ ਦਾ ਸਾਥੀ ਹੈ।"

ਫ਼ਜ਼ਲ ਸ਼ਾਹ ਭਾਵੇਂ ਕਿੱਸਾ-ਕਾਵਿ ਦੇ ਆਪਣੇ ਸਮਕਾਲੀ ਪ੍ਰਭਾਵਾਂ ਤੋਂ ਬਚ ਨਹੀਂ ਸਕਿਆ ਅਤੇ ਉਸ ਵਿਚ ਉਹ ਸਾਰੇ ਦੋਸ਼ ਦੇਖੇ ਜਾ ਸਕਦੇ ਹਨ, ਜੋ ਸਮੇਂ ਜਾਂ ਵਾਤਾਵਰਣ ਦੀ ਦੇਣ ਸਨ, ਪਰ ਤਾਂ ਵੀ ਉਹ ਕੁਝ ਕਾਰਨਾਂ ਕਰ ਕੇ ਬਾਕੀਆਂ ਨਾਲੋਂ ਨਿਵੇਕਲਾ ਖਲੋਤਾ ਹੈ। ਪਰੰਪਰਾ ਪਾਸੋਂ ਉਸ ਨੇ ਸ਼ਬਦਾਂ ਦੀ ਅੜਕ ਮੜਕ, ਵਾਧੂ ਤੇ ਬੇ-ਲੋੜਾ ਵਿਸਥਾਰ, ਅੱਤ-ਕਥਨੀ ਅਲੰਕਾਰ ਤੇ ਭਾਵਾਂ ਦਾ ਉਲਾਰ ਪੱਖ ਲਏ ਹਨ। ਪਰ ਉਸ ਦੀ ਕਾਵਿ-ਕੌਸ਼ਲਤਾ ਦਾ ਆਧਾਰ ਉਸ ਦੇ ਬਿਆਨ ਦੀ ਸ਼ੋਖ਼ੀ, ਠੇਠ, ਰਸੀਲੀ, ਰੋਚਿਕ ਤੇ ਰਵਾਂ ਭਾਸ਼ਾ, ਦਰਦ, ਸੋਜ਼, ਕਾਵਿਕ ਉਡਾਰੀ, ਤੇ ਸ਼ਾਬਦਕ ਚਿਤਰ ਜਾਂ ਭਾਵ-ਚਿਤਰ ਹਨ। ਆਪਣੇ ਬਿਆਨ ਵਿਚ ਉਹ ਸ਼ਬਦਾਂ ਦੁਆਰਾ ਇਕ ਹੂਕ ਪੈਦਾ ਕਰਨ ਦੇ ਸਮਰੱਥ ਹੈ। ਬੈਂਤ ਦੇ ਨਿਭਾ ਵਿਚ ਇਕ ਸੰਗੀਤ-ਮਈ ਧੁਨੀ ਦਾ ਸੰਚਾਰ, ਪਾਠਕ ਜਾਂ ਸ੍ਰੋਤੇ ਦੇ ਮਨ ਨੂੰ ਅਨੋਖਾ ਹੁਲਾਰ ਦਿੰਦਾ ਹੈ, ਦੁਖਾਂਤ ਦੇ ਵਰਣਨ ਸਮੇਂ ਸਾਈਂ, ਬੇਲੀ, ਜਾਨੀ, ਵਾਸਤਾਈ, ਵੇਲੜਾ ਆਦਿ ਸ਼ਬਦ ਵਰਤ ਕੇ ਕਰੁਣਾ ਰਸ ਉਪਜਾ ਦਿੰਦਾ ਹੈ।

ਫ਼ਜ਼ਲ ਸ਼ਾਹ ਦੇ ਕਿੱਸਿਆਂ ਦੀ ਇਕ ਖ਼ੂਬੀ ਇਹ ਹੈ ਕਿ ਉਹ ਆਪਣੇ ਪਾਤਰਾਂ ਦੇ ਮਨੋ-ਭਾਵਾਂ, ਜਜ਼ਬਿਆਂ ਜਾਂ ਉਦਗਾਰਾਂ ਨੂੰ ਇੰਜ ਦਰਦ ਤੇ ਸੋਜ਼ ਨਾਲ ਬਿਆਨ ਕਰਦਾ ਹੈ, ਜਿਸ ਨਾਲ ਪਾਠਕਾਂ ਦੀ ਉਨ੍ਹਾਂ ਨਾਲ ਇਕ ਭਾਵਕ ਸਾਂਝ ਉਤਪੰਨ ਹੋ ਜਾਂਦੀ ਹੈ।

ਮੌਲਾ ਬਖ਼ਸ਼ ਕੁਸ਼ਤਾ ਦਾ ਵਿਚਾਰ[5] ਹੈ ਕਿ ਸੋਹਣੀ ਦੇ ਕਿੱਸੇ ਤੋਂ ਪਿਛਲੀਆਂ ਰਚਨਾਵਾਂ ਵਿਚ ਕੁਝ ਅਲੰਕਾਰਾਂ, ਉਪਮਾਵਾਂ, ਰੂਪਕਾਂ ਦੇ ਚਕਰ ਵਿਚ ਫਸ ਕੇ ਧਸਦੇ ਚਲੇ ਗਏ। ਕਲਾਮ ਵਿਚ

---

5. ਉਹੀ (ਨੰ:2), ਪੰਨਾ 192

ਰਸ ਤਾਂ ਜ਼ਰੂਰ ਸੀ, ਪਰ ਉਹ ਸਾਦਗੀ ਨਹੀਂ ਸੀ, ਜਿਹੜੀ ਘੱਟ ਪੜ੍ਹਿਆਂ ਨੂੰ ਲੋੜੀਂਦੀ ਹੋਵੇ। ਉਨ੍ਹਾਂ ਆਪਣੇ ਇਲਮ ਤੇ ਕਾਬਲੀਅਤ, ਖ਼ਿਆਲ ਉਡਾਰੀ ਤੇ ਉਸਾਰੀ ਨੂੰ ਉਜਾਗਰ ਕਰਨ ਲਈ, ਅਰਬੀ ਫ਼ਾਰਸੀ ਦੇ ਲਫ਼ਜ਼, ਢੇਰ ਵਰਤੇ।"

ਪ੍ਰੋ. ਐਸ.ਐਸ. ਅਮੋਲ ਫ਼ਜ਼ਲਸ਼ਾਹ[6] ਦੀ ਸ਼ਬਦ-ਸੂਝ, ਅਰਥ ਸੂਝ ਤੇ ਇਕੋ ਸਵਰ ਅਤੇ ਧੁਨੀ ਦੇ ਇਕੋ ਰੂਪ ਅਤੇ ਰੰਗ ਦੇ ਕਈ ਕਈ ਸ਼ਬਦ ਨੂੰ ਲਗਾਤਾਰ ਇਕੱਠੇ ਕਰ ਕੇ, ਕਹਾਣੀ ਤੇ ਕਾਵਿ ਦੇ ਵੇਗ ਵਿਚ ਰੁਕਾਵਟ ਨਾ ਆਉਣ ਦੇਣ ਨੂੰ ਉਸ ਦੀ ਕਾਵਿ-ਕਲਾ ਜਾਂ ਕਾਵਿ-ਸ਼ਿਲਪ ਦਾ ਇਕ ਉੱਘਾ ਪੱਖ ਮੰਨਦੇ ਹਨ।

ਫ਼ਜ਼ਲ ਸ਼ਾਹ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਉਨ੍ਹਾਂ ਦਾ ਹੀਰ ਰਾਂਝੇ ਦਾ ਕਿੱਸਾ ਜੇ ਕੋਈ 40 ਦਿਨ ਲਗਾਤਾਰ ਪੜ੍ਹ ਲਏ ਤਾਂ ਉਸ ਵਿਚ 'ਦਰਦ' ਦਾ ਅੰਸ਼ ਪੈਦਾ ਹੋ ਜਾਏਗਾ, ਭਾਵੇਂ ਉਹ ਇਸ ਦਰਦ ਤੋਂ ਪਹਿਲਾਂ ਸੱਖਣਾ ਹੀ ਹੋਵੇ। ਉਸ ਨੇ ਹੀਰ ਰਾਂਝੇ ਦੇ ਪ੍ਰੇਮ ਨੂੰ ਚਿੰਨ੍ਹਮਈ ਅਰਥ ਦਿੱਤੇ ਹਨ।

ਫ਼ਜ਼ਲ ਸ਼ਾਹ ਨਾਲ ਨਿਸਚੇ ਹੀ ਕਿੱਸਾ-ਕਾਵਿ ਦੇ ਸਰੂਪ ਤੇ ਸੁਭਾ ਵਿਚ ਇਕ ਵਾਰੀ ਫਿਰ ਨਿਖ਼ਾਰ ਆ ਗਿਆ, ਜਿਹੜਾ ਉਨ੍ਹਾਂ ਤੋਂ ਪਹਿਲਾਂ ਮੱਧਮ ਪੈਂਦਾ ਪ੍ਰਤੀਤ ਹੋ ਰਿਹਾ ਸੀ।

ਕਿਸ਼ਨ ਸਿੰਘ ਆਰਿਫ਼ ( 1836-1900 ਈ.)

ਸੰਤ ਗੁਲਾਬ ਦਾਸ ਦਾ ਚੇਲਾ, ਸ਼ਿੰਗਾਰ ਤੇ ਸ਼ਾਂਤ-ਰਸ ਵਿਚ ਭਿੱਜਾ, ਵੇਦਾਂਤੀਆਂ, ਸੂਫ਼ੀਆਂ ਪ੍ਰਤੀ ਸ਼ਰਧਾ ਵਿਚ ਰੰਗਿਆ, ਅੰਗਰੇਜ਼ੀ ਰਾਜ ਦਾ ਹਿਤੋਂ ਚਿਤੋਂ ਪ੍ਰਸੰਸਕ, ਅਰਬੀ, ਫ਼ਾਰਸੀ, ਸੰਸਕ੍ਰਿਤ, ਹਿੰਦੀ ਤੇ ਪੰਜਾਬੀ ਭਾਸ਼ਾਵਾਂ ਦਾ ਵਿਦਵਾਨ, ਪਿੰਗਲ ਤੇ ਅਰੂਜ਼ ਦਾ ਨਿਪੁੰਨ ਗਿਆਤਾ,

---

6. ਅਮੋਲ - ਐਸ.ਐਸ.," ਪੰਜਾਬੀ ਸਾਹਿਤ ਦਾ ਇਤਿਹਾਸ", ਭਾਸ਼ਾ ਵਿਭਾਗ, ਪੰਨਾ 59

7. ਹੀਰ ਦੇ ਕਿੱਸੇ ਵਿਚੋਂ ਇਸ ਦੀ ਇਕ ਉਦਾਹਰਣ:-

ਸ਼ਾਹ ਅਦਲ ਬਾਝੋਂ, ਬਾਰਾਂਨ ਫ਼ਜ਼ਲ ਬਾਝੋਂ, ਜੰਗ ਜਦਨ ਬਾਝੋਂ, ਪਹਿਲਵਾਨ ਮਾਏ ।
ਫ਼ਕਰ ਸਬਰ ਬਾਝੋਂ, ਸੋਹਣਾ ਨਾਜ਼ ਬਾਝੋਂ, ਤੇ ਨਿਮਾਜ਼ ਬਾਝੋਂ, ਮੁਸਲਮਾਨ ਮਾਏ ।
ਆਸ਼ਕ ਦੀਦ ਬਿਨਾ, ਪੀਰ ਮੁਰੀਦ ਬਿਨਾ, ਜਿਵੇਂ ਈਦ ਬਿਨ ਮਾਹ ਰਮਜ਼ਾਨ ਮਾਏ ।
ਮਰਦ ਆਨ ਬਾਝੋਂ, ਸਖੀ ਦਾਨ ਬਾਝੋਂ, ਇਵੇਂ ਰਾਇਗਾਨ ਉਮਰ ਗਵਾਨ ਮਾਏ ।

ਰਚਨਾਵਾਂ ਵਿਚ ਜਜ਼ਬੇ ਦੀ ਘਾਟ ਨੂੰ ਗਿਆਨ ਦੀ ਚਾਸ਼ਨੀ ਨਾਲ ਪੂਰਾ ਕਰਨ ਵਾਲਾ, ਆਪਣੇ ਸਾਰੇ ਸਮਕਾਲੀ ਕਵੀਆਂਨਾਲੋਂ, ਵੱਧ ਰਚਨਾ ਕਰਨ ਵਾਲਾ ਆਰਿਫ਼, ਸਾਡੇ ਅਧਿਐਨ ਕਾਲ ਦੇ ਕਵੀਆਂ ਵਿਚ ਉੱਘਾ ਸਥਾਨ ਰੱਖਦਾ ਹੈ । ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਿਚ ਪੁਸਤਕਾਂ ਛਾਪਣ ਤੇ ਵੇਚਣ ਦੇ ਕਿੱਤੇ ਵਿੱਚੋਂ ਉਸ ਨੂੰ ਕਵਿਤਾ ਲਿਖਣ ਦੀ ਚਾਟ ਲਗੀ। ਅਖ਼ੀਰੀ ਦਮ ਤਕ ਲਿਖਦਾ ਰਿਹਾ ਤੇ ਉਰਦੂ, ਹਿੰਦੀ, ਤੇ ਪੰਜਾਬੀ ਵਿਚ ਤੀਹ [8] ਦੇ ਕਰੀਬ ਪੁਸਤਕਾਂ ਰਚ ਕੇ ਆਪਣੇ ਲਈ ਸਾਹਿੱਤ ਵਿਚ ਵਿਸ਼ੇਸ਼ ਥਾਂ ਬਣਾ ਲਈ। ਇਸ ਦੇ ਨਾਂ ਨਾਲ ਲੱਗਾ 'ਆਰਿਫ਼' ਸ਼ਬਦ ਉਸ ਦੇ ਪੜ੍ਹਿਆਂ ਗੁੜ੍ਹਿਆਂ ਤੇ ਵਿਦਵਾਨ ਹੋਣ ਵਲ ਸੰਕੇਤ ਕਰਦਾ ਹੈ। ਸਾਰੀ ਕਾਵਿ-ਰਚਨਾ ਵਿਚ ਇਸ਼ਕ ਦੇ ਰਵਾਇਤੀ ਬਿਆਨ ਦੇ ਨਾਲ ਨਾਲ ਸਦਾਚਾਰਕ ਸਿੱਖਿਆ ਜਾਂ ਜ਼ਿੰਦਗੀ ਦੇ ਆਮ ਵਰਤ-ਵਰਤਾਵੇ ਸੰਬੰਧੀ ਤੱਥ ਪੇਸ਼ ਕਰਕੇ ਨਸੀਹਤਾਂ ਦਿੱਤੀਆਂ ਗਈਆਂ ਹਨ।

ਅੰਮ੍ਰਿਤਸਰ ਸ਼ਹਿਰ ਵਿਚ 1836 ਈ. ਨੂੰ ਭਾਈ ਨਾਰਾਇਣ ਸਿੰਘ[9] ਦੇ ਘਰ ਆਪ ਦਾ ਜਨਮ ਹੋਇਆ ਜਿਹੜੇ ਆਪ ਪੁਸਤਕਾਂ ਦੀ ਦੁਕਾਨ ਕਰਦੇ ਸਨ। ਉਥੋਂ ਹੀ ਆਪ ਨੂੰ ਬਚਪਨ ਤੋਂ ਪੜ੍ਹਨ ਲਿਖਣ ਦਾ ਸ਼ੌਕ ਜਾਗਿਆ। ਗੁਲਾਬਦਾਸੀ ਪਰੰਪਰਾ ਦਾ ਅਨੁਯਾਈ ਹੋਣ ਕਰ ਕੇ ਅਜ਼ਾਦ ਖ਼ਿਆਲੀ ਆਈ, ਪਰ ਧਾਰਮਕ ਬਿਰਤੀ ਵਾਲਾ ਹੋਣ ਕਰ ਕੇ ਤਬੀਅਤ ਸੂਫ਼ੀਆਨਾ ਰੰਗ ਵਿਚ ਰੰਗੀ ਤੇ ਵੇਦਾਂਤੀ ਵਿਚਾਰਾਂ ਵਿਚ ਡੁਬੀ ਰਹੀ,[10] ਜਿਸ ਦੇ ਪ੍ਰਤੱਖ ਪ੍ਰਮਾਣ ਉਸ ਦੀ

---

8. ਕਿਸ਼ਨ ਸਿੰਘ ਆਰਿਫ਼ ਦੁਆਰਾ ਰਚੀਆਂ ਕੁਲ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ:-
(1)ਪੂਰਨ ਭਗਤ(2)ਰਾਜਾ ਰਸਾਲੂ (3)ਰਾਜਾ ਭਰਥਰੀ (4) ਦੁੱਲਾ ਭੱਟੀ (5)ਸ਼ੀਰੀਂ-ਫਰਹਾਦ (6) ਹੀਰ-ਰਾਂਝਾ (7) ਰੁਕਮਣੀ ਮੰਗਲ।
ਉਪਦੇਸ਼ਆਤਮਕ ਕਿੱਸੇ :-(1) [illegible] ਕਿਸ਼ਨ ਕਹਾਣੀ (2) ਕੁੰਡਲੀ ਆਰਿਫ਼ (3) ਕਾਫ਼ੀਆਂ ਆਰਿਫ਼ (4) ਬਿਵੇਕ ਬਾਣ (5) ਰਾਜ ਨੀਤੀ (6) ਕਿਸ਼ਨ ਕਟਾਰ (7) ਮੂਰਖ ਸ਼ਤਕ (8) ਚਾਬਕ (9) ਦੋਹਿਰੇ (10) ਬੁਝਾਰਤਾਂ (11) ਗਿਆਨ ਚਰਖਾ (12) ਸੀਹਰਫ਼ੀ (13) ਜੀਵ ਸਿਆਪਾ (14) ਸਤੀ ਸ਼ਿੰਗਾਰ (15) ਕਸੀਦਾ ਕਿਸ਼ਨ ਸਿੰਘ (16)ਸੁਧਰਮੀ ਕਿਸ਼ਨ ਸਿੰਘ (17) ਬਾਰਾਂਮਾਹ (18) ਵਿਚਾਰਮਾਲਾ (19) ਸ੍ਰੀ ਕਿਸ਼ਨ ਕਿਰਪਾਲ (20) ਦੀਵਾਨ (21) ਗੁਲਾਬ ਚਮਨ (22) ਮੇਲਾ-ਇ-ਗੋਇੰਦਵਾਲ (23) ਕਾਰ ਸਰੋਵਰ (24) ਹੋਲੀਆਂ

9. ਕਿਸ਼ਨ ਸਿੰਘ ਸੁਤ ਸਿੰਘ ਨਾਰਾਇਣ, ਅੰਮ੍ਰਿਤਸਰ ਵਿਚ ਰਹਿੰਦਾ ।
ਬਚਨ ਬਿਲਾਸ ਹੁਲਾਸ ਪਾਇਕੈ, ਤਰਹ ਤਰਹ ਦੇ ਕਹਿੰਦਾ ।
ਸਤਿਗੁਰ ਦਾਸ ਗੁਲਾਬ ਹਮਾਰੇ, ਹੋਏ ਚੱਠਿਆਂ ਵਾਲੇ।
ਜਿਨ੍ਹਾਂ ਸੰਗਤ ਉਨ ਕੀ ਕੀਤੀ, ਪੀਤੇ ਪ੍ਰੇਮ ਪਿਆਲੇ।
(ਕਲੀਆਂ ਵਾਲੀ ਹੀਰ ਵਿੱਚੋਂ ਅੰਕਿਤ ਬੰਦ ਨੰ:669)

ਸਾਰੀ ਰਚਨਾ ਵਿੱਚੋਂ ਮਿਲਦੇ ਹਨ। ਉਹ ਭਰਪੂਰ ਤੇ ਸਰਵ-ਪੱਖੀ ਗਿਆਨ ਦਾ ਮਾਲਕ ਸੀ ਅਤੇ ਜ਼ਿੰਦਗੀ ਸੰਬੰਧੀ ਉਸ ਨੇ ਇਕ ਨਿਸ਼ਚਿਤ ਸਦਾਚਾਰਕ ਦ੍ਰਿਸ਼ਟੀਕੋਣ ਬਣਾਇਆ ਹੋਇਆ ਸੀ ਜਿਸ ਨੂੰ ਉਹ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਪਣੀ ਹਰ ਰਚਨਾ ਵਿਚ ਲੈ ਆਉਂਦਾ ਸੀ। ਕਵਿਤਾ ਵਿਚ ਠੇਠ ਭਾਸ਼ਾ ਦੇ ਨਾਲ ਨਾਲ ਸਾਧ-ਭਾਖਾ ਜਾਂ ਬ੍ਰਜੀ ਦਾ ਰੰਗ ਪ੍ਰਤੱਖ ਹੈ। ਉਸ ਨੇ ਪਰਚਲਿਤ ਕਾਵਿ-ਰੂਪਾਂ ਤੇ ਛੰਦਾਂ ਤੋਂ ਬਿਨਾਂ ਬਹੁਤ ਸਾਰੇ ਨਵੇਂ ਛੰਦ, ਯਥਾ ਕਸੀਦਾ, ਕੁੰਡਲੀਏ, ਬੁਝਾਰਤਾਂ, ਕਾਫ਼ੀਆਂ ਤੇ ਕਲੀਆਂ ਦੀ ਵੀ ਵਰਤੋਂ ਕੀਤੀ ਹੈ। ਉਸ ਦੀ ਲਿਖੀ ਹੀਰ, ਕਲੀਆਂ ਵਾਲੀ ਕਰ ਕੇ[11] ਪ੍ਰਸਿੱਧ ਹੈ ਤੇ ਇਹੀ ਉਸ ਦੀ ਸ਼੍ਰੋਮਣੀ ਜਾਂ ਸ੍ਰੇਸ਼ਟ ਕਾਵਿ-ਕ੍ਰਿਤ ਸਮਝੀ ਜਾਂਦੀ ਹੈ। ਵਾਰਸ ਵਾਂਗ ਉਹ ਆਪਣੀ ਰਚਨਾ ਵਿਚ ਪਰਮ ਸਚਿਆਈਆਂ ਜਾਂ ਜੀਵਨ ਤੱਤ ਪੇਸ਼ ਕਰਦਾ ਹੈ, ਜਿਨ੍ਹਾਂ ਵਿਚ ਅਖਾਣ ਬਨਣ ਦੀ ਸਮਰੱਥਾ ਹੈ। ਉਦਾਹਰਣ ਲਈ:-

1. ਆਸ਼ਕ ਸ਼ੇਰਾਂ ਕਿਸ਼ਨ ਸਿੰਘ, ਕੋਈ ਨਾ ਸਕਦਾ ਮੋੜ।
2. ਭੇਡਾਂ ਵਿਚ ਭੁਲ ਰਲਣਾ, ਸ਼ੇਰਾਂ ਨੂੰ ਹੈ ਲੱਜ।
3. ਬਿਨ ਗੁਣ, ਰੂਪ, ਜ਼ਰ, ਜ਼ੋਰ ਬਿਨ, ਕੋਈ ਨਾ ਬਣਦਾ ਯਾਰ।
4. ਜੋਕਾਂ, ਰੰਨਾਂ, ਮੱਖੀਆਂ, ਇਹ ਨਿਤ ਪੀਵਣ ਰੱਤ।
5. ਸੱਪ ਸ਼ੇਰ ਦਰਵੇਸ਼ ਦਾ, ਕਿਹੜਾ ਹੈ ਘਰ ਬਾਰ।

ਹੀਰ ਦੇ ਕਿੱਸੇ ਵਿਚ ਇਨ੍ਹਾਂ ਪਰਮ-ਸਚਿਆਈਆਂ ਦੀ ਭਰਮਾਰ ਹੈ। ਸਭ ਤੋਂ ਵੱਧ ਆਕਾਰ ਵਾਲੀ ਉਸ ਦੀ ਇਹੀ ਕ੍ਰਿਤ ਹੈ। ਵਾਰਿਸ ਵਾਂਗ ਹੀਰ ਦਾ ਅੰਗ-ਚਿਤ੍ਰਣ ਬੜੀ ਰੀਝ ਨਾਲ ਕੀਤਾ ਹੈ — ਉਦਾਹਰਣ ਲਈ :-

ਸਿਰ ਤੇ ਜ਼ੁਲਫ਼ਾਂ ਕਾਲੀਆਂ, ਜ਼ਹਿਰੀ ਜਿਵੇਂ ਭੁਯੰਗ।
ਨਾਗ ਲਪੇਟੇ ਵਾਲ ਵਾਲ, ਮਾਰਨ ਡੰਗ ਨਿਸ਼ੰਗ।
ਚਸ਼ਮਾ ਬਲਣ ਚਰਾਗ਼ ਜਿਉਂ ਆਸ਼ਕ ਜਲਣ ਪਤੰਗ।
ਪੇਟ ਸਰਹਾਣਾ ਮਖ਼ਮਲੀ, ਨਾਫ਼ਾਂ ਮੁਸ਼ਕ ਤਤਾਰ।
ਨਾਜ਼ਕ ਲਕ ਪਲੰਗ ਜਿਉਂ ਚਾਲ ਚਕੋਰ ਵਿਚਾਰ।
ਸਾਦੀ ਸੋਹਣੀ ਲਗਦੀ ਬਾਝੋਂ ਹਾਰ ਸ਼ਿੰਗਾਰ।
ਸ਼ਕਲ ਹੀਰ ਦੀ ਕਿਸ਼ਨ ਸਿੰਘ, ਜਿਉਂ ਨੰਗੀ ਤਲਵਾਰ। (ਬੰਦ ਨੰ: 131)

---

10. ਖ਼ਾਨਾ ਹੈ ਦਰਵੇਸ਼ ਕਾ ਯਹ ਜੋ ਸਗਲ ਜਹਾਨ। ਚਾਰ ਤਰਫ਼ ਦੀਵਾਰ ਹੈ, ਅਰਸ਼ ਛਾਤ ਪਹਿਚਾਨ।
ਅਰਸ਼ ਛਾਤ ਪਹਿਚਾਨ, ਫਰਸ਼ ਹੈ ਧਰਤੀ ਸਾਰੀ। ਸੂਰਜ ਚਾਂਦ ਚਰਾਗ਼, ਬਾਗ਼ ਸਭ ਖੇਤੀ ਬਾਰੀ।
ਕਿਸ਼ਨ ਹੈ ਜਹਾਂ ਤਹਾਂ, ਆਰਿਫ਼ ਮਸਤਾਨਾ। ਚੌਦੀਂ ਤਬਕੀ, ਸੈਰ, ਫ਼ਕਰ ਦਾ ਸਭ ਜਗ ਖ਼ਾਨਾ।
(ਕੁੰਡਲੀਏ ਆਰਿਫ਼ ਵਿਚੋਂ।)

11. ਕੀਤਾ ਯਾਰਾਂ ਦੋਸਤਾਂ, ਰਲ ਮਿਲ ਇਹ ਫ਼ੁਰਮਾਨ। ਕਿੱਸਾ ਰਾਂਝੇ ਹੀਰ ਦਾ, ਚੰਗਾ ਕਰੋ ਬਿਆਨ।
ਭਾਵੇਂ ਕਵੀਆਂ ਸ਼ਾਇਰਾਂ ਅਗੇ ਆਖੀ ਆਣ। ਤਾਂ ਭੀ ਤੁਸੀਂ ਬਣਾ ਦਿਓ ਲਾ ਕੇ ਆਪਣਾ ਤਾਣ।

ਇਸ਼ਕ ਮਿਜਾਜ਼ੀ ਦੇ ਕਿੱਸੇ ਨੂੰ ਵਾਰਿਸ ਵਾਂਗ ਇਸ਼ਕ ਹਕੀਕੀ ਦਾ ਰੰਗ ਦੇਣ ਲਈ ਉਹ ਲਿਖਦਾ ਹੈ :-

ਹੀਰ ਹਮਾਰੀ ਬੁਧਿ ਹੈ, ਰਾਂਝਾ ਰਬ ਵਸਾਲ ।
ਦੀਨ ਰੰਗ-ਪੁਰ ਸਾਹੁਰੇ, ਦੁਨੀਆਂ ਝੰਗ ਸਿਆਲ ।
ਮਾਇਆ ਮਲਕੀ ਮਾਊਂ ਹੈ, ਤੇ ਪਿਓ ਚੂਚਕ ਲਾਲ
ਦਲੀਲਾਂ ਦਿਲੀ ਸਹੇਲੀਆਂ, ਖੇਡਣ ਜਿਨ੍ਹਾਂ ਨਾਲ ।
ਖੇੜਾ, ਖਸਮ ਜਹਾਨ ਹੈ, ਗ਼ਫ਼ਲਤ ਸੱਸ ਸੰਭਾਲ ।
ਸਹਿਤੀ, ਸੁਰਤੀ ਸੁਧ ਹੈ, ਸਹੁਰਾ ਸੱਚ ਵਸਾਲ ।
ਕਿਸ਼ਨ ਸਿੰਘ ਗੁਰ-ਪੀਰ ਹੈ, ਕੈਦੋਂ ਨਫ਼ਸ ਖ਼ਿਆਲ ।

ਕਿਸ਼ਨ ਸਿੰਘ ਵਿਚ ਰਵਾਇਤੀ ਕਿੱਸਾ-ਕਾਰਾਂ ਵਾਲੇ ਸਾਰੇ ਲੱਛਣ ਦੇਖੇ ਜਾ ਸਕਦੇ ਹਨ । ਇਸਤ੍ਰੀ ਦੀ ਭੰਡੀ, ਸੰਸਾਰ ਨੂੰ ਮਿਥਿਆ ਕਹਿ ਕੇ ਇਸ ਦੇ ਤਿਆਗ ਤੇ ਜ਼ੋਰ, ਗੱਲ ਗੱਲ ਵਿੱਚੋਂ ਸਦਾਚਾਰਕ ਸਿਖਿਆ ਦੇਣ ਦਾ ਉਚੇਚਾ ਯਤਨ, ਅੰਗਰੇਜ਼ੀ ਰਾਜ ਦੀ ਉਸਤਤ, ਅਜ਼ਾਦ ਖ਼ਿਆਲੀ ਤੇ ਬੇ-ਪਰਵਾਹੀ ਅਤੇ ਜੀਵਨ ਸੰਬੰਧੀ ਸਰਬਾਂਗੀ ਦ੍ਰਿਸ਼ਟੀ, ਇੱਕੋ ਗੱਲ ਨੂੰ ਕਹਿਣ ਲਈ ਭਿੰਨ ਭਿੰਨ ਦ੍ਰਿਸ਼ਟਾਂਤ, ਆਰਿਫ਼ ਨੂੰ ਪਰੰਪਰਾਈ ਰੰਗ ਵਿਚ ਡੁਬੇ ਹੋਣ ਦੇ ਬਾਵਜੂਦ, ਬਾਕੀ ਕਵੀਆਂ ਨਾਲੋਂ ਵਖਰਿਆਉਂਦੇ ਹਨ । ਪ੍ਰੋ: ਐਸ.ਐਸ.ਅਮੋਲ ਅਨੁਸਾਰ:-

> " ਉਸ ਨੂੰ ਸਮੁੱਚੇ ਮਨੁੱਖੀ ਜੀਵਨ ਬਾਬਤ , ਇਸ਼ਕ ਤੇ ਇਸਤਰੀ ਤੇ ਸੁਭਾ ਸੰਬੰਧੀ ਲੋਕਾਂ ਦੇ ਵਿਚਾਰ ਅਤੇ ਜਗਤ ਦੀ ਚਾਲ ਬਾਰੇ ਵਧੇਰੇ ਗਿਆਨ ਹੈ। ਉਸ ਦੇ ਮਨ ਵਿਚ ਪ੍ਰੇਮ ਤੇ ਬ੍ਰਿਹੋਂ ਦੇ ਵਰਣਨ ਦੇ ਓਹਲੇ ਵਿਚ ਕਈ ਭੇਤ ਅਤੇ ਰਮਜ਼ਾਂ ਉੱਘੜ ਆਈਆਂ ਹਨ। "[12]

ਮੁਹੰਮਦ ਬੂਟਾ ਗੁਜਰਾਤੀ ( 1836 ਤੋਂ 16 ਸਤੰਬਰ 1919 ਈ.)

ਮੁਹੰਮਦ ਬੂਟਾ ਗੁਜਰਾਤੀ ਦੀ ਪ੍ਰਸਿੱਧੀ ਮੂਲ ਰੂਪ ਵਿਚ ਉਨ੍ਹਾਂ ਦੀਆਂ ਦੋ ਕਾਵਿ-ਰਚਨਾਵਾਂ ਪੰਜ ਗੰਜ (1874 ਈ.) ਤੇ ਮਿਰਜ਼ਾ ਸਾਹਿਬਾਂ (1898 ਈ.) ਕਰ ਕੇ ਹੋਈ, ਭਾਵੇਂ ਉਨ੍ਹਾਂ ਨੇ ਉਨ੍ਹੀਵੀਂ ਸਦੀ ਦੇ ਅਖ਼ੀਰ ਤਕ,[13] ਸ਼ੀਰੀਂ ਫਰਿਹਾਦ (1872 ਈ.), ਚੰਦਰ ਬਦਨ(1887 ਈ.)

---

12. ਅਮੋਲ-ਐਸ.ਐਸ.," ਪੰਜਾਬੀ ਸਾਹਿੱਤ ਦਾ ਇਤਿਹਾਸ " ,ਭਾਸ਼ਾ ਵਿਭਾਗ,ਪੰਨਾ 66.
13. ਵੀਹਵੀਂ ਸਦੀ ਵਿਚ ਆਪ ਦੀਆਂ ਹੇਠ ਲਿਖੀਆਂ ਪੁਸਤਕਾਂ ਪ੍ਰਕਾਸ਼ਤ ਹੋਈਆਂ:-

(1) ਸੈਰ ਬਹਿਸ਼ਤ (1905),(2) ਜੰਗ ਅਮਾਮੀਨ (1911 ਈ.),(3) ਕਿੱਸਾ ਸੁਲਤਾਨ ਮਹਿਮੂਦ(1915 ਈ.),(4) ਕਿੱਸਾ ਸਹਿਜ਼ਾਦਾ ਬਲੀਕਸ(1916 ਈ.), ਅਹਿਸਨੁਲ ਕਸਿਸ(1918 ਈ.)

ਰੋੜਾ ਜਲਾਲੀ(1888 ਈ.) ਆਦਿ ਵੀ ਲਿਖ ਲਈਆਂ ਸਨ। ਉਹ ਬਹੁਤ ਪੜ੍ਹਿਆ ਗੁੜ੍ਹਿਆ ਤੇ ਅਰਬੀ ਫ਼ਾਰਸੀ ਦਾ ਵਿਦਵਾਨ ਸ਼ਾਇਰ ਸੀ ।[14] ਰਚਨਾ ਬੜੀ ਸਾਦੀ, ਸੋਜ਼-ਭਰਪੂਰ, ਤੇ ਕਲਾ ਦੇ ਪੱਖੋਂ ਸੰਪੂਰਨ ਜਾਂ ਨਿਪੁੰਨ ਹੈ ਪਰ ਕਵੀ ਨੂੰ ਇਸ ਗੱਲ ਦਾ ਸਦਾ ਦੁਖ ਰਿਹਾ ਹੈ ਕਿ ਉਸ ਨੂੰ ਮਜਬੂਰ ਹੋ ਕੇ ਪੰਜਾਬੀ ਵਿਚ ਲਿਖਣਾ ਪੈ ਰਿਹਾ ਹੈ, ਜਦ ਕਿ ਉਹ ਅਰਬੀ ਫ਼ਾਰਸੀ ਵਿਚ ਲਿਖਣਾ ਚਾਹੁੰਦਾ ਹੈ :-

ਅਰਬੀ ਫ਼ਾਰਸੀ ਕਹਾਂ ਤਜਨੀਸ ਅੰਦਰ, ਵਿਚ ਤਬ੍ਹਾਂ ਦੇ ਜੋਸ਼ ਉਬਾਲ ਆਵੇ।
ਐਪਰ ਸਾਫ਼ ਬਣਾਵਣਾ ਪਿਆ ਹਿੰਦੀ, ਲੋਕਾਂ ਸਾਡੜਾ ਸ਼ੇਅਰ ਖ਼ੁਸ਼ਹਾਲ ਆਵੇ।
ਯਾਰਾਂ ਵਾਸਤੇ ਭਾਰ ਇਹ ਪਿਆ ਚਾਣਾ, ਪਰ ਤਰਫ਼ ਨਾ ਸ਼ੇਅਰ ਖ਼ਿਆਲ ਆਵੇ।
ਨਾ ਕੋਈ ਕਦਰ ਸ਼ਨਾਸ, ਕਿਆਸ ਵਾਲਾ, ਐਪਰ ਇਹ ਅਫ਼ਸੋਸ ਕਮਾਲ ਆਵੇ ।

ਆਪ ਸੋਹਣੀ ਦੇ ਸ਼ਹਿਰ ਗੁਜਰਾਤ ਵਿਚ 1836 ਈ. ਵਿਚ ਪੈਦਾ ਹੋਏ। ਜਨਮ ਬਾਰੇ ਵਿਦਵਾਨਾਂ ਵਿਚ ਕਾਫ਼ੀ ਮਤ-ਭੇਦ ਹਨ ਪਰ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਦੀ ਗਵਾਹੀ ਮੁਤਾਬਿਕ ਉਪਰ ਦਰਜ ਸਾਲ ਹੀ ਠੀਕ ਹੈ।

ਮੁਹੰਮਦ ਬੂਟਾ ਗੁਜਰਾਤੀ ਨੂੰ ਝੋਰਾ ਖਾ ਰਿਹਾ ਹੈ ਕਿ ਉਸ ਦੀ ਲਿਖਤ ਦਾ ਠੀਕ ਮੁਲ ਪਾਉਣ ਵਾਲਾ ਕੋਈ ਨਹੀਂ:-

"ਸ਼ੇਅਰ ਸੁਣਨ ਦਾ ਕਿਸੇ ਨੂੰ ਸ਼ੌਕ ਨਾਹੀਂ, ਅਸੀਂ ਮੁਫ਼ਤ ਦਾ ਮਗਜ਼ ਪਏ ਮਾਰਦੇ ਜੀ।
ਮੁਨਸਫ਼ ਮਿਲਣ ਨਾ ਕਿਤੇ ਮਨਸਫ਼ੀ ਦੇ, ਸਾਡੇ ਸੁਖਨ ਪਏ ਵਸ ਘੁਮਿਆਰ ਦੇ ਜੀ।
ਕਦਰਵਾਨ ਨਾ ਕੋਈ ਪਛਾਣ ਵਾਲਾ, ਜਲੇ ਜੀਓ ਵਿਚ ਏਸ ਵਿਚਾਰ ਦੇ ਜੀ ।"

" ਚੰਦਰ ਬਦਨ ਮਿਯਾਰ " ਦਾ ਕਿੱਸਾ ਪਹਿਲਾਂ ਪੰਜਾਬੀ ਵਿਚ ਅਹਿਮਦ ਯਾਰ (1798 ਈ.), ਨੂਰ ਮੁਹੰਮਦ ( 1801 ਈ.) ਨੇ ਲਿਖਿਆ ਹੋਇਆ ਸੀ। ਗੁਜਰਾਤੀ ਨੇ ਵੀ ਏਸੇ ਤੇ ਹੱਥ ਅਜ਼ਮਾਇਆ ਅਤੇ ਦਾਅਵਾ ਕੀਤਾ ਕਿ " ਘਾਇਲ ਆਸ਼ਕਾਂ ਜਾਣ ਪਿਆਸਿਆਂ ਨੂੰ , ਪਿਆਲਾ ਆਬਿ-ਜ਼ੁਲਾਲ ਪਿਆਇਆ ਮੈਂ ,ਅਖੀਂ ਕਿਸ਼ਤੀਆਂ ਕੀਤੀਆਂ ਆਸ਼ਕਾਂ ਨੇ, ਐਸਾ ਦਰਦ ਦਰਿਆ ਚਲਾਇਆ ਮੈਂ " ਉਸ ਦਾ ਆਪਣੀ ਕਲਾ, ਵਿਸ਼ੇਸ਼ ਕਰਕੇ, ਬੈਂਤ ਦੇ ਨਿਭਾ ਉਤੇ ਪੂਰਨ ਕਾਬੂ ਸੀ ਅਤੇ ਬਿਆਨ ਵਿਚ ਸੋਹਜ, ਸੁੰਦਰਤਾ ਤੇ ਨਿਖਾਰ ਪ੍ਰਤੱਖ ਦਿਖਾਈ ਦਿੰਦਾ ਹੈ। ਚੰਦਰ ਬਦਨ ਦੀ ਸੁੰਦਰਤਾ ਦਾ ਵਰਣਨ, ਇਸ ਦੀ ਇਕ ਉਦਾਹਰਣ ਹੈ:-

---

14. ਮੌਲਾ ਬਖ਼ਸ਼ ਕੁਸ਼ਤਾਂ ( ਪੰਜਾਬੀ ਸ਼ਾਇਰਾਂ ਦਾ ਤਜ਼ਕਰਾ — ਪੰਨਾ 265) ਨੇ ਮੁਹੰਮਦ ਬੂਟੇ ਬਾਰੇ ਲਿਖਿਆ ਹੈ ਕਿ ਉਨ੍ਹਾਂ ਦੀ " ਤਾਲੀਮ ਬੜੀ ਥੋੜ੍ਹੀ, ਐਵੇਂ ਡੰਗ-ਟਪਾਊ ਸੀ " ਪਰ ਲਿਖ਼ਤ ਦੀ ਪੱਧਰ ਵੇਖ ਕੇ ਉਸ ਨੂੰ ਅਨਪੜ੍ਹ ਨਹੀਂ ਆਖਿਆ ਜਾ ਸਕਦਾ।

ਆਹੀ ਹੁਸਨ ਦੀ ਮੋਰਨੀ, ਹੰਸ ਰਾਣੀ, ਨਾਜ਼ਕ ਪਦਮਨੀ ਟੁਰਿਆਂ ਡੋਲਦੀ ਸੀ।
ਵਾਂਗ ਕੋਇਲਾਂ ਮਸਤ ਆਵਾਜ਼ ਛਣਕੇ, ਜਿਵੇਂ ਤਾਰ ਸਿਤਾਰ ਦੀ ਬੋਲਦੀ ਸੀ।
ਮਥਾ ਕਾਬ੍ਰਿਓਂ ਅਕਸ ਉਤਾਰ ਆਂਦਾ, ਡੌਲ ਸੋਹਣੀ ਸਜਦੀ ਗੋਲ ਦੀ ਸੀ।[15]

ਮਿਰਜ਼ਾ ਸਾਹਿਬਾਂ ਉਸ ਦੀ ਇਕ ਹੋਰ ਉੱਘੀ ਕ੍ਰਿਤ ਹੈ ਜਿਹੜੀ ਆਕਾਰ ਵਲੋਂ; ਪਹਿਲਾਂ ਇਸ ਵਿਸ਼ੇ ਤੇ ਲਿਖੇ ਜਾ ਚੁੱਕੇ, ਸਾਰੇ ਕਿੱਸਿਆਂ ਨਾਲੋਂ ਵੱਡੀ ਹੈ। ਇਸ ਦੀ ਕਾਵਿ ਕਲਾ ਦੀ ਉਸਤਤ ਕਰਦਾ ਹੋਇਆ ਜਿਹਲਮ ਦਾ ਨਵਾਬ ਦੀਨ ਲਿਖਦਾ ਹੈ:-

ਕੀਤੀ ਖ਼ੂਬ ਤਹਿਰੀਰ ਉਸਤਾਦ ਮੇਰੇ, ਮੰਜ਼ਿਲ ਇਸ਼ਕ ਦੀ ਕੁਲ ਅੰਜਾਮ ਹੋ ਗਈ।
ਫੜ ਕੇ ਕਲਮ ਨੂੰ ਲਿਖ ਨਵਾਬ ਦੀਨਾ, ਮੁਹੰਮਦ ਬੂਟੇ ਤੇ ਸ਼ਾਇਰੀ ਤਮਾਮ ਹੋ ਗਈ।[16]

ਪੰਜ ਗੰਜ ਵਿਚ ਪੰਜ ਸੀਹਰਫ਼ੀਆਂ ਹਨ। ਹਦਾਇਤੁਲਾ ਤੋਂ ਪਿੱਛੋਂ ਗਿਣਤੀ ਵਿਚ ਸਭ ਤੋਂ ਵੱਧ ਸੀਹਰਫ਼ੀਆਂ ਗੁਜਰਾਤੀ ਨੇ ਹੀ ਲਿਖੀਆਂ। ਇਸ਼ਕ ਦਾ ਭਰਪੂਰ ਤੇ ਬਹੁ-ਪੱਖੀ ਬਿਆਨ, ਇਨ੍ਹਾਂ ਕਾਫ਼ੀਆਂ ਦਾ ਮੁਖ ਵਿਸ਼ਾ ਹੈ। ਉਹ ਸੂਫ਼ੀਆਂ ਵਾਂਗ ਇਸ਼ਕ ਦਾ ਵਰਣਨ ਕਰਦਾ ਹੈ ਪਰ ਮਿਜਾਜ਼ੀ ਇਸ਼ਕ ਦੀ ਪਕੜ ਪ੍ਰਧਾਨ ਹੈ:-

" ਹੈ-ਹਮਦ ਆਖਾਂ ਯਾ ਤਾਰੀਫ਼ ਦਿਲਬਰ, ਦੋਵੇਂ ਫਰਜ਼ ਹੁਣ, ਕਰਾਂ ਜੁਦਾ ਕਿਹੜਾ।
ਕੂਚੇ ਯਾਰ ਦੇ ਜਾਵਾਂ ਯਾ ਹੱਜ ਪਾਵਾਂ, ਦੋਵੇਂ ਫਰਜ਼ ਹੁਣ ਕਰਾਂ ਅਦਾ ਕਿਹੜਾ।"

ਮੌਲਾ ਬਖਸ਼ ਕੁਸ਼ਤਾ ਆਪ ਦੀ ਕਾਵਿ-ਕਲਾ ਦਾ ਸਮੁੱਚਾ ਮੁਲਾਂਕਣ ਕਰਦੇ ਹੋਏ ਲਿਖਦੇ ਹਨ:- "ਉਸਦੇ ਕਲਾਮ ਵਿਚ ਸਾਦਗੀ, ਸੋਜ਼, ਖਿਆਲ ਉਡਾਰੀ, ਰਸ ਤੇ ਪਕਿਆਈ ਬੜੀ ਏ। ਮੀਆਂ ਬੂਟਾ ਅੱਜ ਭਾਵੇਂ ਨਹੀਂ ਰਹੇ, ਪਰ ਆਪਣੀ ਕਵਿਤਾ ਦਾ ਜਿਹੜਾ ਬੂਟਾ ਲਾ ਗਏ ਹਨ, ਉਹ ਰਹਿੰਦੀ ਦੁਨੀਆਂ ਤਕ ਇਨ੍ਹਾਂ ਦੇ ਨਾਮ ਨੂੰ ਜ਼ਿੰਦਾ ਰੱਖੇਗਾ।"

ਮੀਆਂ ਮੁਹੰਮਦ ਬਖ਼ਸ਼ (1829 - 1904 ਈ.) 18

ਮੀਆਂ ਮੁਹੰਮਦ ਬਖ਼ਸ਼ ਦਾ ਜਨਮ ਜ਼ਿਲ੍ਹਾ ਜਿਹਲਮ ਦੇ ਪਿੰਡ ਠਾਕਰ ਵਿਚ 1829 ਈ. ਨੂੰ ਮੀਆਂ ਸ਼ਮਸੁਦੀਨ ਦੇ ਘਰ ਹੋਇਆ ਜਿਹੜੇ ਸ਼ਾਹ ਗ਼ਾਜ਼ੀ ਕਲੰਦਰ(ਪੀਰ ਦੀਮੜੀਵਾਲੇ) ਦੇ ਗੱਦੀਦਾਰ

---

15. ਮੁਹੰਮਦ ਬੂਟਾ - ਚੰਦਰ ਬਦਨ ਮਿਯਾਰ', ਲਾਹੌਰ, 1888, ਪੰਨਾ 8.
16. ਗੋਬਿੰਦ ਸਿੰਘ ਲਾਂਬਾ, 'ਪੰਜਾਬੀ ਦੁਨੀਆਂ', ਅਪ੍ਰੈਲ 1962, ਪੰਨਾ 67.
17. ਕੁਸ਼ਤਾ, ਮੌਲਾ ਬਖ਼ਸ਼, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 265
18. ਪਿਆਰਾ ਸਿੰਘ ਪਦਮ ਆਪਣੀ ਪੁਸਤਕ "ਕਲਮ ਦੇ ਧਨੀ" ਪੰਨਾ 241 ਉਤੇ ਮੁਹੰਮਦ ਬਖਸ਼ ਦਾ ਜਨਮ 1830 ਈ. ਤੇ ਪਿੰਡ ਦਾ ਨਾਂ ਗੜ੍ਹੀ ਮਲਕ ਲਿਖਦੇ ਹਨ ਪਰ ਬਾਕੀ ਸਭ ਵਿਦਵਾਨਾਂ ਨੇ ਉਪ੍ਰੋਕਤ ਕਥਨ ਦੀ ਪੁਸ਼ਟੀ ਕੀਤੀ ਹੈ।

ਸਨ। ਮੁਹੰਮਦ ਬਖ਼ਸ਼ ਨੂੰ ਬਚਪਨ ਵਿਚ ਅਜਿਹਾ ਵੈਰਾਗ ਲੱਗਾ ਕਿ ਘਰ ਬਾਰ ਤਿਆਗ ਕੇ, ਵੱਖ ਵੱਖ ਡੇਰਿਆਂ ਤੇ ਦਰਗਾਹਾਂ ਵਿਚ ਪੁਜ ਕੇ, ਗਿਆਨ ਪ੍ਰਾਪਤ ਕੀਤਾ, ਅਤੇ ਆਪਣੀ ਜੱਦੀ ਗੱਦੀ ਆਪਣੇ ਭਰਾ ਦੇ ਹਵਾਲੇ ਕਰ ਦਿੱਤੀ।

ਮੀਆਂ ਮੁਹੰਮਦ ਬਖ਼ਸ਼ ਦਾ ਦਰਜਾ ਪੰਜਾਬੀ ਦੇ ਚੋਟੀ ਦੇ ਕਵੀਆਂ ਵਿਚ ਗਿਣਿਆ ਜਾਣਾ ਚਾਹੀਦਾ ਹੈ ਪਰ ਜਿੰਨੀ ਮਾਨਤਾ ਦਾ ਉਹ ਹੱਕਦਾਰ ਹੈ ਪੰਜਾਬੀ ਸਾਹਿੱਤ ਦੇ ਇਤਿਹਾਸਕਾਰਾਂ ਨੇ ਉਸ ਨੂੰ ਦਿੱਤੀ ਨਹੀਂ। ਇਸ ਸੰਬੰਧੀ ਉਸ ਨੂੰ ਆਪ ਵੀ ਗਿਲਾ ਹੈ ਤੇ ਉਹ ਲਿਖਦਾ ਹੈ:-

ਸ਼ੇਅਰ ਮੇਰੇ ਇਸ ਮੁਲਕ ਆਪਣੇ ਵਿਚ, ਮੂਲ ਨਾ ਪਾਂਦੇ ਕੀਮਤ।
ਦੂਰ ਦੁਰਾਡੇ ਜਿਸ ਨੂੰ ਲੱਭਣ, ਜਾਨਣ ਬਹੁਤ ਗ਼ਨੀਮਤ।

ਭਾਵੇਂ ਉਸ ਦੀ ਕਾਵਿ-ਪ੍ਰਤਿਭਾ ਤੇ ਕਲਾ-ਕੌਸ਼ਲਤਾ ਦਾ ਅਨੁਮਾਨ ਉਸ ਦੀ ਇਕੋ ਰਚਨਾ 'ਸੈਫ਼ੁਲ ਮਲੂਕ' ਤੋਂ ਭਲੀ ਭਾਂਤ ਲਗ ਜਾਂਦਾ ਹੈ, ਪਰ ਉਸ ਨੇ ਇਸ ਤੋਂ ਬਿਨਾਂ ਹੋਰ ਵੀ ਪੰਜਾਬੀ ਵਿਚ ਢੇਰ ਰਚਨਾ ਕੀਤੀ ਜਿਨ੍ਹਾਂ ਵਿਚ (1) ਸੋਹਣੀ ਮਹੀਂਵਾਲ (2) ਤੁਹਫ਼ਾ ਮੀਰਾਂ (3) ਸ਼ੀਰੀਂ ਫ਼ਰਿਹਾਦ (4) ਗੁਲਜ਼ਾਰੇ ਫਕੁਰ (5) ਹਦਾਇਤੁਲ-ਮੁਸਲਮੀਨ (6) ਬਦੀਹ-ਅਲਜਮਾਲ (7) ਸਖੀ ਖਵਾਸ ਖਾਨ (8) ਮਿਰਜ਼ਾ ਸਾਹਿਬਾਂ (9) ਤੁਹਫਾਏ ਰਸੂਲੀਆ (10) ਕਿੱਸਾ ਸ਼ਾਹ ਮਨਸੂਰ (11) ਕਿੱਸਾ ਸ਼ੇਖ਼ ਸਨਿਆ, ਗਜ਼ਲਾਂ, ਦੋਹਿੜੇ ਤੇ ਸੀਹਰਫ਼ੀਆਂ ਸ਼ਾਮਲ ਹਨ। ਉਹ ਉਰਦੂ, ਫ਼ਾਰਸੀ ਤੇ ਅਰਬੀ ਦਾ ਬਹੁਤ ਉੱਘਾ ਵਿਦਵਾਨ ਸੀ ਅਤੇ ਉਸ ਨੂੰ ਆਪਣੀ ਕਲਮ ਤੇ ਲਿਖਤ ਤੇ ਬੇਹੱਦ ਮਾਣ ਸੀ, ਜਿਸ ਸੰਬੰਧੀ ਉਹ ਆਖਦਾ ਹੈ:-

ਕਿਲਕ ਮੇਰੀ ਇਕ ਹਿਰਨ ਖ਼ੁਤਨ ਦਾ, ਮਿਲਣ ਨਾ ਦਏ ਵਛੇਰੇ।
ਹਰ ਜੰਗਲ ਕਸਤੂਰੀ ਹੂਲੈ, ਛੰਡਦੀ ਜਾਏ ਚੌਫੇਰੇ।
ਤੇਜ਼ ਜ਼ਬਾਨ, ਕਲਮ ਥੀਂ ਅੱਗੇ, ਜਾਣੇ ਕਿਤਨੀ ਮਨਜ਼ਿਲ।
ਤਿੱਖੀ ਤਬ੍ਹਾ ਜ਼ਬਾਨੋਂ ਮੇਰੀ, ਕੀਤੀ ਮੁਰਸ਼ਦ ਕਾਮਲ।

ਕਵਿਤਾ ਦਾ ਵਹਾ ਐਸਾ ਸੀ ਕਿ ਚਿੱਠੀ-ਪੱਤਰ ਵੀ ਕਵਿਤਾ ਵਿਚ ਹੀ ਲਿਖਦੇ ਅਤੇ ਉਰਦੂ, ਫ਼ਾਰਸੀ, ਅਰਬੀ ਸਭਨਾਂ ਭਾਸ਼ਾਵਾਂ ਵਿਚ ਇੱਕੋ ਜਿਹੀ ਸੁਗਮਤਾ ਨਾਲ ਕਵਿਤਾ ਕਹਿ ਦਿੰਦੇ। ਪਰ ਆਪ ਦੇ ਕਾਵਿ-ਪ੍ਰਗਟਾ ਦੀ ਮੁਖ ਭਾਸ਼ਾ ਪੰਜਾਬੀ ਹੀ ਸੀ ਅਤੇ ਪ੍ਰਮੁੱਖ ਰਚਨਾ 'ਸੈਫ਼ੁਲ-ਮਲੂਕ', ਜਿਹੜੀ ਆਪ ਦੀ ਭਰ ਜਵਾਨੀ ਦੀ ਕ੍ਰਿਤ ਸੀ, ਜਿਸ ਬਾਰੇ ਉਹ ਲਿਖਦਾ ਹੈ:-

ਉਮਰ ਮੁਨਸਫ ਦੀ ਤਦ ਆਹੀ, ਤਿੰਨ ਦਾਹੇ, ਤਿੰਨ ਯੱਕੇ,
ਭੈਣ ਵੱਡੀ ਫਰਮਾਂਦੀ ਇਹੋ, ਪੜੇ ਰੱਬ ਨੂੰ ਪੱਕੇ।
ਮੈਂ ਸੂਹਦਾ ਪਰ ਖ਼ਾਕ ਰੁਲੇਂਦਾ, ਝਲ ਹਿਜਰ ਦੀ ਕਾਨੀ।
ਜੇ ਰਬ ਸਚੇ ਰੌਸ਼ਨ ਕੀਤੇ, ਰਹਿਸਣ ਸੁਖਨ ਨਿਸ਼ਾਨੀ।

ਸੈਫ਼ੁਲ ਮਲੂਕ ਦੇ ਨੌਂ ਹਜ਼ਾਰ ਤੋਂ ਉਪਰ ਬੈਂਤ ਹਨ ਜਿਸ ਵਿਚ ਮਿਸਰ ਦੇ ਬਾਦਸ਼ਾਹ ਦੇ ਸ਼ਹਿਜ਼ਾਦੇ ਸੈਫ਼ੁਲ-ਮਲੂਕ ਅਤੇ ਸ਼ਾਹਪਾਲ ਦੀ ਧੀ ਸ਼ਾਹ-ਪਰੀ ਦੇ ਇਸ਼ਕ ਦੀ ਕਹਾਣੀ ਹੈ, ਕਿੱਸੇ ਦੀ ਤਾਸੀਰ ਬਾਰੇ ਲੇਖਕ ਆਪ ਹੀ ਲਿਖਦਾ ਹੈ:-

ਜਿਸ ਦਿਲ ਅੰਦਰ ਹੋਵੇ ਭਾਈ, ਹਿਕ ਰੱਤੀ ਚੰਗਿਆੜੀ ।
ਇਹ ਕਿੱਸਾ ਪੜ੍ਹ ਭਾਂਬੜ ਬਲਦਾ, ਨਾਲ ਰੱਬੇ ਦੇ ਯਾਰੀ ।

ਪ੍ਰੋ: ਪਿਆਰਾ ਸਿੰਘ ਪਦਮ ਦਾ ਕਥਨ ਹੈ ਕਿ -

" ਸੈਫ਼ੁਲ-ਮਲੂਕ ਜੇਹੀ ਇਕੱਲੀ ਰਚਨਾ ਹੀ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਇਸ ਸ਼ਾਹਕਾਰ ਨੂੰ ਲਿਖਣ ਵਾਲਾ ਕੋਈ ਸਾਧਾਰਣ ਕਲਾਕਾਰ ਨਹੀਂ ਬਲਕਿ ਉਚ ਪ੍ਰਤਿਭਾਮਾਨ ਮਹਾਨ ਕਵੀ ਸੀ। ਕੇਵਲ ਇਲਮੀਅਤ ਕਰ ਕੇ ਹੀ ਨਹੀਂ, ਆਪਣੇ ਤਪ ਜਪ ਤੇ ਦਰਵੇਸ਼ੀ ਗੁਣਾਂ ਕਰਕੇ, ਵੀ ਉਹ ਇਕ ਦਰਦ-ਸੋਜ਼ ਵਾਲਾ ਉੱਚਾ ਫ਼ਕੀਰ ਪੁਰਸ਼ ਸੀ।"[19]

ਮੀਆਂ ਮੁਹੰਮਦ ਬਖਸ਼ ਦੀ ਇਕ ਵੱਡੀ ਖੂਬੀ ਇਹ ਹੈ ਕਿ ਉਸ ਵਿਚਲਾ ਆਲੋਚਕ ਕਦਮ ਕਦਮ ਤੇ ਉਸ ਨੂੰ ਆਪਣੀ ਕਾਵਿ-ਕਲਾ ਵਲ ਸੁਚੇਤ ਰਹਿਣ ਦੀ ਤਾੜਨਾ ਕਰਦਾ ਰਹਿੰਦਾ ਹੈ ਤੇ ਉਹ ਆਪ ਵੀ ਆਪਣੀ ਕਵਿਤਾ ਸੰਬੰਧੀ ਨਾਲੋ ਨਾਲ ਕੁਝ ਨਾ ਕੁਝ ਸੂਚਨਾਵਾਂ, ਤਾਕੀਦਾਂ ਤੇ ਬੇਨਤੀਆਂ ਕਰਦਾ ਜਾਂਦਾ ਹੈ, ਜਿਵੇਂ:-

ਸ਼ੇਅਰ ਮੇਰੇ ਤੇ ਕਰੇ ਨਿਗਾਹਾਂ, ਪਾਰਸ ਨਜ਼ਰ ਜਿਨ੍ਹਾਂ ਦੀ ।
ਜਾਂ
ਸੁਖਨਾਂ ਦੇ ਜੋ ਆਸ਼ਕ ਹੋਏ, ਐਬ ਨਾ ਢੂੰਡਣ ਇਸ ਦੇ ।
ਜਾਂ
ਰੌਣਕ ਖੜੀਂ ਨਾ ਸ਼ੇਅਰ ਮੇਰੇ ਦੀ, ਨਾਲ ਅਦਾ ਸੁਣਾਈਂ ।
ਬਾਝ ਅਦਾ ਅਵਾਜ਼ ਰਸੀਲੀ, ਲਗਦਾ ਸ਼ੇਅਰ ਅਲੂਣਾ ।

ਡਾ: ਹਰਨਾਮ ਸਿੰਘ ਸ਼ਾਨ ਦਾ ਕਥਨ ਹੈ ਕਿ 'ਹਿੰਦੂ ਤੁਲਸੀ ਦੀ ਰਾਮਾਇਣ ਨੂੰ ਜਿਸ ਸ਼ੌਕ ਨਾਲ ਪੜ੍ਹਦੇ ਹਨ, ਮੁਸਲਮਾਨ ਉਸੇ ਸ਼ੌਕ ਨਾਲ ਸੈਫ਼ੁਲ-ਮਲੂਕ ਦਾ ਪਾਠ ਕਰਦੇ ਹਨ। ਇਹ ਇਨਸਾਨ ਦੇ ਜਜ਼ਬਾਤ ਦਾ ਡਰਾਮਾ ਤੇ ਸੱਧਰਾਂ ਤੇ ਹੋਣਹਾਰ ਦੀ ਧੂਹ ਘਸੀਟ ਦਾ ਪਰਛਾਵਾਂ ਏ ।"[20]

---

19. ਪਿਆਰਾ ਸਿੰਘ ਪਦਮ , " ਕਲਮ ਦੇ ਧਨੀ " , ਪੰਨਾ 244.
20. ਸ਼ਾਨ ਹਰਨਾਮ ਸਿੰਘ - ਸੰਪਾਦਕ 'ਸੰਝ ਸਵੇਰਾ ', ਪੰ:ਯੂ.ਚੰਡੀਗੜ੍ਹ, ਪੰਨਾ 183.

ਸੈਫੁਲਮਲੂਕ ਦੀਆਂ ਕਾਵਿ-ਖੂਬੀਆਂ ਤੇ ਕਾਵਿ-ਗੁਣਾਂ ਤੋਂ ਬਿਨਾਂ ਇਸ ਰਚਨਾ ਦਾ ਮਹੱਤਵ ਇਕ ਹੋਰ ਪੱਖੋਂ ਵੀ ਹੈ ਤੇ ਉਹ ਹੈ ਅਹਿਮਦ ਯਾਰ ਵਾਲੀ ਪਿਰਤ ਨੂੰ ਅਗੇ ਤੋਰ ਕੇ ਆਪਣੇ ਤੋਂ ਪਹਿਲਾਂ ਹੋ ਚੁਕੇ ਸਾਰੇ ਕਵੀਆਂ ਬਾਰੇ ਆਪਣੀ ਵਿਦਵਤਾ ਭਰਪੂਰ ਆਲੋਚਨਾਤਮਕ ਰਾਏ ਅਤੇ ਨਾਲ ਹੀ ਕਲਾ ਤੇ ਆਲੋਚਨਾ ਦੇ ਪਰਸਪਰ ਸੰਬੰਧਾਂ ਦੀ ਵਿਆਖਿਆ। ਇਸ ਬਾਰੇ ਨਜਮ ਹੁਸੈਨ ਸੱਯਦ ਲਿਖਦੇ ਹਨ — " ਸੈਫੁਲ-ਮਲੂਕ ਵਿਚ ਕਹਾਣੀ ਦੇ ਵਿਚਲੇ ਪਹੀਏ ਦੇ ਦੰਦਿਆਂ ਉਤੇ ਮੁਹੰਮਦ ਬਖਸ਼ ਹੋਰਾਂ ਥਾਉਂ ਥਾਈਂ ਇਹ ਬਹਿਸਾਂ ਆਪ ਖੋਲ੍ਹ ਕੇ ਆਪ ਸਮੇਟੀਆਂ ਹਨ, ਪਈ ਲਫਜ਼ ਕੀ ਹਨ, ਤੇ ਮੈਅਨੇ ਕੀ ਹਨ? ਇਨ੍ਹਾਂ ਦੋਹਾਂ ਦਾ ਸੰਬੰਧ ਕੀ ਬਣਦਾ ਹੈ ? ਸ਼ਾਇਰ ਦਾ ਤੇ ਕਲਾ ਦਾ ਹਯਾਤੀ ਦੇ ਗੇੜ ਵਿਚ ਕੀ ਕੰਮ ਹੈ, ਤੇ ਪਰਖ ਪੜਚੋਲ ਦਾ ਕੀਹ ? ਆਪਣੇ ਅੰਦਰਲੇ ਨੂੰ ਮੀਆਂ ਹੋਰੀਂ ਬਾਗ਼ ਆਖਿਆ ਹੈ। ਇਹ ਉਹ ਬਾਗ਼ ਹੈ ਜਿਥੇ ਸ਼ਾਇਰ ਦੀ ਕਲਾ ਉਗਦੀ ਹੈ।

ਮੁਹੰਮਦ ਬਖ਼ਸ਼ ਹੋਰਾਂ ਦੀ ਜਾਚੇ, ਸ਼ਿਅਰ ਕਲਾ ਦੀ ਪਰਖ-ਕਚਹਿਰੀ, ਉਹ ਉਚੇ ਗੁਣੀ ਹਨ, ਜਿਹੜੇ ਉਨ੍ਹਾਂ ਤੋਂ ਅੱਗੇ ਹੋ ਗੁਜ਼ਰੇ ਹਨ।"[21]

ਮੁਹੰਮਦ ਬਖਸ਼ ਨੇ ਬਾਬਾ ਫ਼ਰੀਦ ਤੋਂ ਲੈ ਕੇ ਅਹਿਮਦ ਯਾਰ ਤਕ 50 ਸ਼ਿਅਰਾਂ ਵਿਚ ਚਾਲੀ ਸ਼ਾਇਰਾਂ ਦੇ ਨਾਂ ਗਿਣਵਾ ਕੇ ਹਰ ਇਕ ਬਾਰੇ ਮਿਣ ਤੋਲ ਕੇ ਰਾਏ ਦਿੱਤੀ ਹੈ। ਉਸ ਦੀ ਆਲੋਚਨਾ ਦੀ ਖੂਬੀ ਇਹ ਹੈ ਕਿ ਹਰ ਲੇਖਕ ਦੀ ਲਿਖਤ ਦੇ ਕਾਵਿਕ ਗੁਣਾਂ, ਤੇ ਪਾਠਕ ਉਤੇ ਪੈਂਦੇ ਪ੍ਰਭਾਵਾਂ ਨੂੰ ਆਧਾਰ ਬਣਾ ਕੇ ਰਾਏ ਦਿੱਤੀ ਹੈ। ਉਦਾਹਰਣ ਲਈ ਪੰਜਾਬੀ ਦੇ ਉੱਘੇ ਕਵੀਆਂ ਬਾਰੇ ਉਹ ਪੁਸਤਕ ਦੇ ਅੰਤ[22] ਵਿਚ ਇਸ ਤਰ੍ਹਾਂ ਲਿਖਦਾ ਹੈ:-

1. ਅੱਵਲ ਸ਼ੇਖ ਫਰੀਦ ਸ਼ਕਰ-ਗੰਜ, ਆਰਿਫ਼ ਅਹਿਲਿ ਵਲਾਇਤ।
   ਹਿਕ ਹਿਕ ਸੁਖ਼ਨ ਜ਼ੁਬਾਨ ਉਹਦੀ ਦਾ, ਰਾਹਬਰ ਰਾਹਿ-ਹਿਦਾਇਤ।
2. ਬੁਲ੍ਹੇ ਸ਼ਾਹ ਦੀ ਕਾਫ਼ੀ ਸੁਣ ਕੇ, ਤਰੁੱਟਦਾ ਕੁਫ਼ਰ ਅੰਦਰ ਦਾ।
   ਵਹਦਤ ਦੇ ਦਰਿਆਵੇ ਅੰਦਰ, ਉਹ ਵੀ ਵਤਿਆ ਤਰਦਾ।
3. ਵਾਰਿਸ ਸ਼ਾਹ ਸੁਖਨ ਦਾ ਵਾਰਿਸ, ਨਿੰਦੇ ਕੌਣ ਇਨ੍ਹਾਂ ਨੂੰ।
   ਹਰਫ ਉਹਦੇ ਤੇ ਉਂਗਲ ਧਰਨੀ, ਨਾਹੀਂ ਕਦਰ ਅਸਾਂ ਨੂੰ।
4. ਮੁਕਬਲ ਦੀ ਗੱਲ ਸਿੱਧੀ ਸਾਦੀ, ਹੈ ਮੁਕਬੂਲ ਪਿਆਰੀ।
   ਲਫ਼ਜ਼ ਮਹੀਨੇ ਤੇ ਮੈਅਨੇ ਬਹੁਤੇ, ਯਾਦ ਰੱਖਣ ਦੇ ਕਾਰੀ।

---

21. ਨਜਮ ਹੁਸੈਨ ਸੱਯਦ " ਪਰਖ ਬਾਰੇ ਮੀਆਂ ਮੁਹੰਮਦ ਬਖਸ਼ ਦਾ ਵਿਚਾਰ" ਸੋਧ' ਦਿੱਲੀ, ਨਵੰਬਰ 1975, ਪੰਨਾ 10
22. ਮੁਹੰਮਦ ਬਖਸ਼, ਸੈਫੁਲ ਮਲੂਕ" ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971, ਪੰਨਾ 655-660.

ਸਭਨਾਂ ਬਾਰੇ ਲਿਖ ਕੇ ਅਖ਼ੀਰ ਤੇ ਆਪਣੇ ਬਾਰੇ ਆਖਿਆ ਹੈ:-

ਸ਼ਾਇਰ ਨਾਮ ਧਰਾਵਣ ਲਾਇਕ, ਕਦਰ ਨਹੀਂ ਕੁਝ ਮੇਰਾ।
ਉਹ ਖੇਤਾਂ ਦੇ ਸਾਈਂ, ਮੇਰਾ ਖਾਲ ਬੰਨੇ ਪਰ ਫੇਰਾ ।

ਨਿਰ-ਸੰਦੇਹ ਮੀਆਂ ਮੁਹੰਮਦ ਬਖ਼ਸ਼ ਪੰਜਾਬੀ ਦੇ ਚੋਟੀ ਦੇ ਕਵੀਆਂ ਵਿਚ ਆਪਣਾ ਸਥਾਨ ਰਖਦਾ ਹੈ ਅਤੇ ਉਸ ਦੀ ਆਪਣੇ ਪੂਰਵ-ਕਾਲੀਆਂ ਬਾਰੇ ਰਾਏ, ਪੰਜਾਬੀ ਆਲੋਚਨਾਂ ਦੇ ਇਤਿਹਾਸ ਵਿਚ ਵਡਮੁਲੀ ਹੈ।

---

ਭਗਵਾਨ ਸਿੰਘ (1842 ਤੋਂ 1902 ਈ.)

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਹੋਏ ਪੰਜਾਬੀ ਦੇ ਸਾਰੇ ਉੱਘੇ ਕਵੀਆਂ ਵਿਚ ਮਾਲਵੇ ਦੇ ਕਵੀ ਭਗਵਾਨ ਸਿੰਘ ਦਾ ਵਿਸ਼ੇਸ਼ ਸਥਾਨ ਹੈ। ਜਿਸ ਤਰ੍ਹਾਂ ਪੱਛਮੀ ਪੰਜਾਬ ਵਿਚ ਵਾਰਿਸ ਦੀ ਹੀਰ ਘਰ ਘਰ ਗਾਈ ਜਾਂਦੀ ਹੈ, ਉਸੇ ਤਰ੍ਹਾਂ ਮਾਲਵੇ ਵਿਚ ਭਗਵਾਨ ਸਿੰਘ ਦੀ ਹੀਰ ਲੋਕਾਂ ਦੀ ਜ਼ੁਬਾਨ ਤੇ ਹੈ। ਉਸ ਦਾ ਮੁਖ ਕਿੱਤਾ ਕਵੀਸ਼ਰੀ ਸੀ ਅਤੇ ਆਪਣੀ ਪ੍ਰਸਿੱਧੀ ਜਾਂ ਲੋਕ-ਪ੍ਰਿਯਤਾ ਬਾਰੇ ਵੀ ਉਹ ਪੂਰਨ ਭਾਂਤ ਸੁਚੇਤ ਸੀ:-

ਮੈਂ ਮਸਕੀਨ ਮਹ੍ਰਾਜ ਦਾ, ਭਗਵਾਨ ਸਿੰਘ ਹੈ ਨਾਮ ।
ਦੇਸ ਮਾਲਵੇ ਵਲ ਦੇ, ਜਾਨਣ ਲੋਕ ਤਮਾਮ ।
ਬਹੁਤ ਕਿਤਾਬਾਂ ਛਾਪੀਆਂ, ਜਗ ਸਾਰੇ ਵਿਚ ਆਮ ।
ਮੇਰੀ ਕਾਰ ਕਵੀਸ਼ਰੀ, ਹਰ ਦਮ ਸੁਬ੍ਹਾ ਤੇ ਸ਼ਾਮ ।

ਉਸ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. ਹੀਰ ਰਾਂਝਾ ( 1886 ਈ.)
2. ਸੋਹਣੀ ਮਹੀਂਵਾਲ(1891 ਈ.)
3. ਜੀਊਣਾ ਮੌੜ (1894 ਈ.)
4. ਜੰਵ ਭਗਵਾਨ ਸਿੰਘ
5. ਮਿਰਜ਼ਾ ਸਾਹਿਬਾਂ
6. ਬਾਰਾਂਮਾਹ
7. ਕਾਫੀਆਂ
8. ਫੁਟਕਲ ।[23]

ਭਗਵਾਨ ਸਿੰਘ ਦੀ ਬਹੁਤੀ ਪ੍ਰਸਿੱਧੀ ਉਸ ਦੀ ਹੀਰ ਕਰਕੇ ਹੈ । ਉਹ ਆਪਣੇ ਕਿੱਸੇ ਵਿਚ ਬਾਕੀ ਹੀਰਾਂ ਲਿਖਣ ਵਾਲਿਆਂ ਦਾ ਹਵਾਲਾ ਦੇ ਕੇ ਆਪਣੀ ਹੀਰ ਦੀ ਵਿਲੱਖਣਤਾ ਨੂੰ ਇਉਂ ਦਰਸਾਉਂਦਾ ਹੈ:-

ਮੀਆਂ ਫਜ਼ਲ ਸ਼ਾਹ ਨੇ ਵਿਖਾਇਆ ਇਲਮ ਫਾਰਸੀ ਦਾ,
ਵਾਰੇ ਸ਼ਾਹ ਨੇ ਹੋਰ ਤੌਰ ਬਨਤ ਬਨਾਯਾ ਹੈ ।
ਰੋਸ਼ਨ ਨੇ ਰੋਸ਼ਨੀ ਦਿਖਾਈ ਥੋੜ੍ਹੀ ਕਾਰ ਵਿਚ,
ਬਹਿਬਲ ਨੇ ਚਮਤਕਾਰ ਖ਼ੂਬ ਚਮਕਾਯਾ ਹੈ ।
ਅਵੱਲ ਬਨਾਈ ਹੀਰ ਜੁੱਗ ਮੀਏ ਮੁਕਬਲੇ ਨੇ,
ਜੋਗ ਸਿੰਘ, ਭੌਗ ਭਲੀ ਭਾਂਤ ਸੇਤੀ ਪਾਯਾ ਹੈ।

---

23. ਪਦਮ, ਸ.ਸ., 'ਭਗਵਾਨ ਸਿੰਘ ਰਚਨਾਵਲੀ', ਸਾਹਿਤ ਸਭਾ ਬਰਨਾਲਾ, 1961, ਪੰ:39.

ਬੋਲੀ ਖ਼ਾਸ ਮਾਲਵੇ ਦੀ ਪਾਈ ਭਗਵਾਨ ਸਿੰਘਾ,
ਇਲਮਾਂ ਬੇ-ਇਲਮਾਂ ਨੂੰ ਖ਼ੂਬ ਸਮਝਾਯਾ ਹੈ।[24]

ਆਪ ਦੀ ਹੀਰ ਕਬਿੱਤਾਂ ਵਿਚ ਹੈ। ਰੂਪ ਪੱਖੋਂ ਭਗਵਾਨ ਸਿੰਘ ਨੇ ਜੋਗਾ ਸਿੰਘ ਦੀ ਹੀਰ ਤੋਂ ਬਹੁਤ ਕੁਝ ਲਿਆ। ਕਲਾਤਮਕ ਬਾਰੀਕੀਆਂ ਦੀ ਥਾਂ ਬਿਆਨ ਬੜਾ ਸਿੱਧਾ ਤੇ ਜਟਕਾ ਹੈ। ਨਾਟਕੀਅਤਾ ਤੇ ਸੂਖ਼ਮਤਾ ਦੀ ਘਾਟ ਪ੍ਰਤੱਖ ਹੈ। ਲਿੰਗ-ਰੁਚੀਆਂ ਉਕਸਾਉਣ ਵਿਚ ਉਹ ਵਾਰਿਸ ਨੂੰ ਬਹੁਤ ਪਿੱਛੇ ਛੱਡ ਜਾਂਦਾ ਹੈ। ਇਹੀ ਪੱਖ ਉਸ ਨੂੰ ਵਧੇਰੇ ਲੋਕ-ਪ੍ਰਿਯਤਾ ਬਖ਼ਸ਼ਦਾ ਹੈ। ਮਾਲਵੇ ਦੇ ਜੀਵਨ ਦਾ ਰੰਗ-ਢੰਗ, ਚਰਿਤਰ, ਵਰਤ-ਵਰਤਾਰਾ ਤੇ ਵਿਸ਼ੇਸ਼ ਤੌਰ ਤੇ ਭਾਸ਼ਾ ਤੇ ਲਹਿਜਾ, ਇਸ ਨੂੰ ਸਥਾਨਕ ਰੰਗ ਦਿੰਦੇ ਹਨ, ਅਤੇ ਮਾਲਵੇ ਦੇ ਲੋਕ-ਭਾਵਾਂ ਨੂੰ ਟੁੰਬਦੇ ਹਨ। ਬਿਆਨ ਵਿਚ ਸਹਿਜ ਸੁਭਾਵਕਤਾ ਤੇ ਇਕ ਵਿਚਿਤ੍ਰ ਲਟਕ ਹੈ ਜਿਹੜੀ ਸਧਾਰਣ ਪੱਧਰ ਦੇ ਪਾਠਕਾਂ ਨੂੰ ਬਹੁਤ ਟੁੰਬਦੀ ਹੈ। ਉਦਾਹਰਣ ਲਈ:-

ਭੰਨ ਕੇ ਉਗਾੜੀ ਰਾਂਝਾ ਉਠਿਆ, ਉਬਾਸੀ ਲੈ ਕੇ,
ਭੁਲ ਗਈ ਹੀਰ ਯਾਰੋ, ਦੇਖ ਦੇ ਲਟੱਕ ਨੀ।
ਜਾਹੋ ਘਰ ਆਪਣੇ, ਸਹੇਲੀਓ ਖ਼ੁਸ਼ਹਾਲੀ ਨਾਲ,
ਲੁਟਿਆ ਵਤਨ ਮੇਰਾ, ਚਾੜ੍ਹ ਕੇ ਕਟੱਕ ਨੀ।
ਰਾਂਝੇ ਮੋਹੀ ਹੀਰ, ਖਿੱਚ ਸਾਬਤ ਪਰਾਣ ਲਏ,
ਹੱਥਾਂ ਪੈਰਾਂ ਵਿਚ ਕਿੱਤੇ ਪੈਂਦੀ ਹੈ ਸੱਟਕ ਨੀਂ।
ਬਾਵਰੀ ਦੀਵਾਨੀ ਹੀਰ ਹੋਈ ਭਗਵਾਨ ਸਿੰਘਾ,
ਬੋਲੇ ਨਾ ਜ਼ੁਬਾਨੋਂ ਰੰਗ ਹੋ ਗਿਆ ਫਟੱਕ ਨੀ।[25]

ਭਗਵਾਨ ਸਿੰਘ ਹੁਸਨ ਤੇ ਇਸ਼ਕ ਦੇ ਬਿਆਨ ਵਿਚ ਮਾਹਰ ਹੈ। ਪਾਤਰਾਂ ਦੇ ਮਨੋ-ਵਿਗਿਆਨਕ ਹਾਵਾਂ ਭਾਵਾਂ ਨੂੰ ਪ੍ਰਗਟਾਉਣ ਦਾ ਉਹ ਉਸਤਾਦ ਹੈ। ਕਾਵਿ-ਰਸ ਉਪਜਾਉਣ ਵਿਚ ਵੀ ਉਹ ਕਿਧਰੇ ਨਹੀਂ ਥਿੜਕਿਆ, ਅਲੰਕਾਰ ਮੌਲਿਕ ਵਰਤੇ ਹਨ, ਜਿਹੜੇ ਮਾਲਵੇ ਦੇ ਲੋਕ-ਭਾਵਾਂ ਦੇ ਅਨੁਕੂਲ ਹਨ। ਬਿਆਨ ਬੜਾ ਖੁਲ੍ਹਾ ਹੈ ਤੇ ਇਹੀ ਆਮ ਪਾਠਕਾਂ ਨੂੰ ਰੁਚਿਤ ਕਰਦਾ ਹੈ। ਉਸ ਦੀ ਸਾਰੀ ਰਚਨਾ ਉਤੇ ਉਸ ਦੇ ਆਪਣੇ ਨਿੱਜ ਦੀ ਮੋਹਰ ਲਗੀ ਹੋਈ ਹੈ। ਭਗਵਾਨ ਸਿੰਘ ਅੰਗਰੇਜ਼ੀ ਰਾਜ ਦਾ ਵੀ ਪ੍ਰਸੰਸ਼ਕ ਹੈ।' ਜੀਊਣਾ ਮੌੜ' ਵਿਚ ਉਹ ਲਿਖਦਾ ਹੈ:-

" ਕੋਊ ਕਲੇਸ਼ ਨਾ ਦੇਸ਼ ਵਿਖੇ, ਅਮਨ ਅਮਾਨ ਬਸੇ ਰਾਜਧਾਨੀ।
ਮੁਲਕ ਪੰਜਾਬ ਖ਼ੁਸ਼ ਆਬ ਵਿਖੇ, ਸ਼ੁਭ ਰਾਜ ਕਰੇ ਵਿਕਟੋਰੀਆ ਰਾਨੀ।

ਸਮੁੱਚੇ ਤੌਰ ਤੇ ਅਸੀਂ ਭਗਵਾਨ ਸਿੰਘ ਬਾਰੇ ਮੌਲਾ ਬਖ਼ਸ਼ ਕੁਸ਼ਤਾ[26] ਤੇ ਡਾ. ਪਿਆਰ ਸਿੰਘ[27] ਨਾਲ ਸਹਿਮਤ ਹਾਂ ਕਿ ਭਗਵਾਨ ਸਿੰਘ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਕਿੱਸਾ ਕਵੀਆਂ ਵਿੱਚੋਂ ਸਿਰਕੱਢ ਸਥਾਨ ਰੱਖਦੇ ਹਨ।

24. ਉਹੀ (23), ਪੰਨਾ 72
25. ਭਗਵਾਨ ਸਿੰਘ 'ਹੀਰ' ਸੰਪਾਦਤ ਪਿਆਰਾ ਸਿੰਘ ਪਦਮ, ਪੰਨਾ 99
26. ਕੁਸ਼ਤਾ ਮੌਲਾ ਬਖਸ਼ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 402
27 ਪਿਆਰ ਸਿੰਘ (ਡਾ:) 'ਸਾਹਿਤ ਪਰਿਚਯ' ਪੰ: ਯੂ. ਚੰਡੀਗੜ੍ਹ ਪੰ: 21.

ਮੌਲਵੀ ਗ਼ੁਲਾਮ ਰਸੂਲ (1849 ਤੋਂ 7 ਮਾਰਚ, 1892 ਈ.)

"ਕਾਵਿ ਸਾਹਿੱਤ ਦਾ ਸਰਵੇਖਣ" ਵਾਲੇ ਅਧਿਆਇ ਵਿਚ ਸੰਕੇਤ ਕੀਤਾ ਗਿਆ ਸੀ ਕਿ ਗ਼ੁਲਾਮ ਰਸੂਲ ਨਾਂ ਦੇ ਤਿੰਨ ਕਵੀ ਹੋਏ ਹਨ। ਇਨ੍ਹਾਂ ਤਿੰਨਾਂ ਵਿੱਚੋਂ ਸੱਭ ਤੋਂ ਵੱਧ ਮਾਨਤਾ ਜਾਂ ਪ੍ਰਸਿੱਧੀ ਜਿਸ ਗ਼ੁਲਾਮ ਰਸੂਲ ਨੂੰ ਪ੍ਰਾਪਤ ਹੋਈ, ਉਹ ਪਿੰਡ ਆਲਮਪੁਰ ਕੋਟਲਾ, ਤਹਿਸੀਲ ਦਸੂਹਾ ਜ਼ਿਲਾ ਹੁਸ਼ਿਆਰਪੁਰ ਦੇ ਸਨ, ਜਿਨ੍ਹਾਂ ਨੇ ਕਵਿਤਾ ਤਾਂ ਢੇਰ ਰਚੀ, ਪਰ "ਅਹਸਨੁਲ ਕਸਿਸ"[28] ਨੇ ਉਨ੍ਹਾਂ ਨੂੰ ਸਾਹਿੱਤ ਵਿਚ ਸਦਾ ਲਈ ਅਮਰ ਕਰ ਦਿੱਤਾ। 'ਯੂਸਫ਼ ਜ਼ੁਲੈਖ਼ਾਂ' ਦੀ ਵਾਰਤਾ ਨੂੰ ਆਧਾਰ ਬਣਾ ਕੇ, ਉਸ ਨੇ 'ਸੂਰਾ ਯੂਸਫ਼' ਦੀ ਸੱਚੀ ਤਫ਼ਸੀਰ ( ਵਿਆਖਿਆ) ਹੀ ਕਹੀ ਤੇ ਦਾਅਵਾ ਕੀਤਾ ਕਿ ਉਸ ਨੇ ਆਪਣੇ ਪਾਸੋਂ ਕੁਝ ਨਹੀਂ[29] ਆਖਿਆ।

ਆਪ ਉਰਦੂ ਫ਼ਾਰਸੀ ਤੇ ਅਰਬੀ ਦੇ ਉੱਚ-ਕੋਟੀ ਦੇ ਵਿਦਵਾਨ ਸਨ। ਬਾਲਪਨ ਤੋਂ ਕਵਿਤਾ ਰਚਣ ਦਾ ਸ਼ੌਕ ਸੀ, ਜਿਸ ਦਾ ਪ੍ਰਗਟਾਵਾ, ਆਪ ਨੇ, 'ਚੌਪਟ ਨਾਮਾ', 'ਮਸਲਾ ਤੌਹੀਦੀ' ਤੇ 'ਸੱਸੀ ਪੁੰਨੂੰ' ਦੀ ਸੀਹਰਫ਼ੀ ਵਿਚ ਕੀਤਾ। 22 ਵਰ੍ਹੇ ਦੀ ਉਮਰ ਵਿਚ ਹੀ 820 ਸਫ਼ਿਆਂ ਦੀ ਤਿੰਨ ਜਿਲਦਾਂ ਵਾਲੀ 'ਦਾਸਤਾਨ ਸਾਹਿਬ-ਕੁਰਾਨ ਅਮੀਰ ਹਮਜ਼ਾ' ਲਿਖੀ।[30] ਫੇਰ ਅਹਿਸਨੁਲ-ਕਸਿਸ ਤੇ 'ਚਿੱਠੀਆਂ ਸੱਯਦ ਰੌਸ਼ਨ ਅਲੀ' ਤੇ 'ਚਿੱਠੀ ਹੀਰੇ ਸ਼ਾਹ' ਲਿਖੀਆਂ। ਆਪ ਦੇ ਨਾਂ ਨਾਲ ਕਈ ਕਥਾ ਕਹਾਣੀਆਂ ਤੇ ਕਰਾਮਾਤਾਂ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਇਕ ਕਥਾ ਇਹ ਹੈ ਕਿ ਆਪ ਦਾ ਪਿਆਰ "ਸਯੱਦ ਰੌਸ਼ਨ ਅਲੀ" ਨਾਂ ਦੇ ਇਕ ਨੌਜਵਾਨ ਨਾਲ, ਉਹੋ ਜਿਹਾ ਹੀ ਸੀ, ਜਿਹੋ ਜਿਹਾ ਪ੍ਰਸਿੱਧ ਸੂਫ਼ੀ ਕਵੀ ਸ਼ਾਹ ਹੁਸੈਨ ਦਾ ਮਾਧੋ ਲਾਲ ਹੁਸੈਨ ਨਾਲ ਦੱਸਿਆ ਜਾਂਦਾ

---

28. ਇਸ ਬਾਰੇ ਉਹ ਆਪ ਲਿਖਦਾ ਹੈ:-

"ਅਹਿਸਨੁਲਕਸਿਸ ਧਰ ਨਾਮ ਕਿਸੇ ਦਾ, ਮੈਂ ਲਿਖਿਆ ਤਿੰਨ ਵਾਰੀ।
ਪੂਰਾ ਸਾਲ ਹੋਇਆ ਤਸਨੀਫ਼ੇ, ਨਾਲ ਕਿਸੇ ਦੀ ਯਾਰੀ।
ਛੇ ਹਜ਼ਾਰ ਛਿਆਹਟ ਛੇ ਸੌ ਬੈਤਾਂ ਗਿਣਤੀ ਆਈਆਂ।
ਨਾਕਸਿ ਸ਼ੇਅਰ ਕਮਾਲ ਹਕਾਇਕ, ਰੱਬ ਦੀਆਂ ਬੇ-ਪਰਵਾਹੀਆਂ।"

29. ਅਸਲ ਬਿਆਨੋਂ ਵਿਚ ਸੁਖ਼ਨ ਦੇ ਮੈਂ ਨਾ ਗੱਲ ਰਲਾਈ।
ਸੂਰਾ ਯੂਸਫ਼ ਦੀ ਤਫ਼ਸੀਰੋਂ ਸੱਚੀ ਗਲ ਸੁਣਾਈ।

30. ਕੁਦਰਤ ਮੌਲਾ ਬਖ਼ਸ਼, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 240.

ਹੈ। [31] ਉਹ ਨਾਲ ਦੇ ਪਿੰਡ 'ਭੇਛਾਂ' ਦਾ ਰਹਿਣ ਵਾਲਾ ਸੀ। ਇਹ ਵੀ ਪਰਚਲਿਤ ਹੈ ਕਿ ਗੁਲਾਮ ਰਸੂਲ [illegible] 'ਤਾਲਬੇ' ਨਾਂ ਦੀ ਕਿਸੇ ਇਸਤਰੀ ਨੂੰ ਪਿਆਰ ਕਰਦਾ ਸੀ ਜਿਸ ਦਾ ਵਰਣਨ ਬਾਰ ਬਾਰ ਉਸ ਦੇ ਕਿੱਸਿਆਂ ਵਿਚ ਮਿਲਦਾ ਹੈ। ਇਹ ਰਵਾਇਤ ਵੀ ਵਾਰਸ ਦੀ ਭਾਗਭਰੀ ਵਾਂਗ ਹੀ ਲਗਦੀ ਹੈ ।

ਅਰਬੀ ਫ਼ਾਰਸੀ ਦੇ ਵਿਦਵਾਨ ਹੋਣ ਦੇ ਬਾਵਜੂਦ ਆਪ ਦੀ ਕਾਵਿ-ਰਚਨਾ ਵਿਚ ਸਰਲਤਾ, ਰਵਾਨੀ, ਰੋਚਿਕਤਾ ਅਤੇ ਬਿਰਹਾ ਦੀ ਪੀੜ ਪ੍ਰਤੱਖ ਹੈ। ਸੱਸੀ ਪੁੰਨੂੰ ਦੀ ਸੀਹਰਫ਼ੀ ਵਿੱਚੋਂ ਇਸ ਦੀ ਇਕ ਉਦਾਹਰਣ ਵਰਣਨ-ਯੋਗ ਹੈ:-

ਬੇ ਬ੍ਰਿਹੋਂ ਦੇ ਕਹਿਰ ਦੋਗਾੜੇ, ਮੇਰੇ ਦਿਲ ਵਿਚ ਕਾਰੀ ਲੱਗੇ।
ਕਰ ਘਾਇਲ ਸੱਟ ਗਏ ਸ਼ਿਕਾਰੀ, ਕੀ ਜਾਣਾ ਕਿਤ ਵਲ ਭਗੇ।
ਕਰ ਕੇ ਜੁਦਾ ਪੁੰਨੂੰ ਥੀਂ ਮੈਨੂੰ, ਮੇਰੇ ਦੁਖਾਂ ਨੇ ਸੁਖ ਠਗੇ।
ਵੇਖ ਗੁਲਾਮ ਰਸੂਲ ਸੱਸੀ ਨੂੰ, ਜਿਹੜੀ ਮਰਦੀ ਮਰਨੋਂ ਅੱਗੇ ।

ਪਰ ਜਿਸ ਤਰ੍ਹਾਂ ਉਪਰ ਲਿਖਿਆ ਗਿਆ ਹੈ, ਗੁਲਾਮ ਰਸੂਲ ਦੀ ਅਮਰ ਰਚਨਾ "ਅਹਿਸਨੁਲ-ਕਸਿਸ' ਹੈ ਜਿਸ ਵਿੱਚੋਂ ਫਾਰਸੀ ਮਸਨਵੀ ਵਾਲਾ ਰੰਗ ਪ੍ਰਤੱਖ ਦਿਸਦਾ ਹੈ। ਈਰਾਨੀ ਸ਼ਾਇਰਾਂ ਵਾਲੀ ਪਰੰਪਰਾ ਨੂੰ, ਹਰ ਮੁਖ ਪੈਰ੍ਹੇ ਦੇ ਸ਼ੁਰੂ ਵਿਚ ਨਿਭਾਇਆ ਗਿਆ, ਜਿਹੜੇ ਸਾਕੀ ਨੂੰ ਪੁਕਾਰਦੇ ਹਨ। ਜ਼ੁਲੈਖ਼ਾਂ ਨੇ ਜਦ ਯੂਸਫ਼ ਦਾ ਹੁਸਨ ਦੇਖਿਆ ਤਾਂ ਕਵੀ ਉਸ ਨੂੰ ਇਸ ਤਰ੍ਹਾਂ ਬਿਆਨਦਾ ਹੈ:-

ਭਰ ਸਾਕੀ ਨੇ ਦੂਜੀ ਵਾਰੀ, ਤੇਜ਼ ਨਸ਼ੇ ਦਾ ਕਾਸਾ ।
ਖ਼ੁਦੀ ਤਕੱਬਰ ਮਾਣ ਗੁਮਾਨਾਂ, ਰਹੇ ਜਹਨਮ ਵਾਸਾ ।
ਸੌਦਾਈਆਂ ਦੀ ਹੈਰਤਮੰਦੀ, ਅਗੇ ਥੀਂ ਵਧ ਜਾਏ ।
ਕਰੇ ਇਲਾਜ ਤੇ ਪਵੇ ਕਜ਼ੀਆ, ਦਿਲ ਵੇਚੇ ਗ਼ਮ ਖਾਵੇ ।

ਬੋਲ ਚਾਲ ਦੀ ਖਿਚ-ਭਰਪੂਰ ਭਾਸ਼ਾ, ਅਲੰਕਾਰ-ਮਈ ਸ਼ੈਲੀ, ਦਿਲ ਨੂੰ ਧੂਹ ਪਾਉਣ ਵਾਲਾ ਬਿਆਨ, ਤੋਲ ਤੁਕਾਂਤ ਦੀ ਪਕਿਆਈ, ਪ੍ਰਕਿਰਤੀ ਚਿਤ੍ਰਨ ਤੇ ਰੂਪ ਚਿਤ੍ਰਨ ਦਾ ਕਮਾਲ, ਹਰ ਸਤਰ ਵਿੱਚੋਂ ਕਾਵਿ-ਸੋਹਜ ਦਾ ਨਿਖਾਰ , ਆਦਿ ਤੋਂ ਅੰਤ ਤਕ ਇੱਕੋ ਪੱਧਰ ਦਾ ਨਿਭਾ, ਇਸ ਕਿੱਸੇ ਨੂੰ ਪੰਜਾਬੀ ਸਾਹਿੱਤ ਦੀ ਅਮਰ ਕ੍ਰਿਤ ਬਣਾਉਂਦੇ ਹਨ। " ਸ਼ਾਇਦ ਹੀ ਅਜਿਹਾ ਮਹਾਨ ਤੇ ਏਡੇ ਵੱਡੇ ਅਕਾਰ ਦਾ ਕੋਈ ਕਿੱਸਾ (ਸਿਵਾਇ ਮੁਹੰਮਦ ਬਖਸ਼ ਦੇ 'ਸੈਫੁਲ-ਮਲੂਕ ਦੇ ) ਪੰਜਾਬੀ ਕਿੱਸਾ-ਕਾਰੀ ਦੇ ਇਤਿਹਾਸ ਵਿਚ ਰਚਿਆ ਗਿਆ। ਇਸ ਉਤੇ ਪੰਜਾਬੀ ਕਾਵਿ-ਜਗਤ ਜਿੰਨਾ ਵੀ ਮਾਣ ਕਰੇ ਥੋੜ੍ਹਾ ਹੈ।"[32]

---

31. ਚਿੱਠੀਆਂ ਸੱਯਦ ਰੋਸ਼ਨ ਅਲੀ' ਵਿਚ ਏਸੇ ਪਿਆਰ ਦਾ ਪ੍ਰਗਟਾਵਾ ਹੈ। ਰੋਜ਼ਗਾਰ ਲਈ ਜਦ ਉਹ ਨਾਭੇ ਚਲਾ ਗਿਆ ਤਾਂ ਮੌਲਵੀ ਜੀ ਨੇ ਉਸ ਦੇ ਵਿਛੋੜੇ ਵਿਚ ਇਹ ਚਿੱਠੀਆਂ ਕਵਿਤਾ ਵਿਚ ਲਿਖੀਆਂ। ਇਕ ਚਿੱਠੀ ਦਾ ਅੰਤਲਾ ਸ਼ੇਅਰ ਹੈ:-

ਕਿਨੇ ਬੁਰਾ ਕਹਿਣਾ, ਕਿਨੇ ਭਲਾ ਕਹਿਣਾ, ਇੱਕੋ ਜਿਹਾ ਜਹਾਨ ਨਾ ਹੋਵਣਾ ਏ।
ਵੇਖ ਖਤ ਗੁਲਾਮ ਰਸੂਲ ਦੇ ਨੂੰ, ਕਿਨੇ ਹਸਣਾ ਤੇ ਕਿਨੇ ਰੋਵਣਾ ਏ ।

ਮੌਲਵੀ ਗੁਲਾਮ ਰਸੂਲ ਵਿਦਵਾਨਾਂ ਤੇ ਪੜ੍ਹੇ ਲਿਖੇ ਲੋਕਾਂ ਲਈ ਰੱਬ ਅਗੇ ਦੁਆ ਕਰਦਾ ਹੈ ਕਿ ਇਨ੍ਹਾਂ ਉੱਤੇ ਆਪਣੀ ਕਿਰਪਾ ਰੱਖੇ। ਆਪਣੇ ਏਸੇ ਕਿੱਸੇ ਦੇ ਅਖ਼ੀਰ ਵਿਚ ਉਹ ਲਿਖਦਾ ਹੈ:-

ਯਾ ਰਬ ਲਿਖਣੇ ਪੜ੍ਹਨੇ ਵਾਲੇ, ਰਹਿਣ ਨਾ ਫ਼ਜ਼ਲੋਂ ਖ਼ਾਲੀ
ਬਖਸ਼ ਰੱਬਾ ਮੈਂ ਐਬੀ ਬੰਦਾ, ਆਇਆ ਦਰੇ ਸਵਾਲੀ ।[33]

===

ਹਦਾਇਤੁਲਾ( 1838 ਤੋਂ 12 ਜਨਵਰੀ 1929 ਈ.)

ਪੰਜਾਬੀ ਵਿਚ ਸਭ ਤੋਂ ਵੱਧ ਸੀਹਰਫ਼ੀਆਂ ਲਿਖਣ ਵਾਲੇ, ਕਵੀ ਦਰਬਾਰਾਂ ਦੇ ਮੋਢੀ, ਉਸਤਾਦ ਤੇ ਮੰਨੇ ਪ੍ਰਮੰਨੇ ਸ਼ਾਇਰ, ਵਾਰਿਸ ਦੀ ਹੀਰ ਵਿਚ ਸਭ ਤੋਂ ਵੱਧ ਰਲਾ ਪਾਉਣ ਵਾਲੇ ਕਵੀ, ਹਦਾਇਤੁਲਾ ਦਾ ਜਨਮ 1838 ਈ. ਵਿਚ ਲਾਹੌਰ ਵਿਚ ਹੋਇਆ। ਆਪਣੇ ਬਾਰੇ ਗਿਆਰ੍ਹਵੀਂ ਸੀਹਰਫ਼ੀ ਵਿਚ ਉਹ ਲਿਖਦੇ ਹਨ :-

ਇਕ ਸ਼ਹਿਰ ਲਾਹੌਰ ਪੰਜਾਬ ਅੰਦਰ, ਜਿੱਥੇ ਨੂਰ ਹਮੇਸ਼ ਬਰਸਦਾ ਜੇ ।
ਕੌਮ ਦਰਜ਼ੀ ਦਾ ਕਰੇ ਹਦਾਇਤੁਲਾ, ਗਲੀ ਚਾਬਕ ਸਵਾਰਾਂ ਦੀ ਵਸਦਾ ਜੇ।
ਜਿਵੇਂ ਸ਼ਾਇਰਾਂ ਸੁਖਨ ਕਲਾਮ ਕੀਤੇ, ਸਾਨੂੰ ਮੂਲ ਨਾਹੀਂ ਵਲ ਆਇਆ ਜੇ ।
ਸ਼ਿਅਰ ਬਿਨਾਂ ਅਰੂਜ਼ ਦੇ ਖ਼ਾਮ ਮੇਰਾ, ਐਬ ਆਪਣਾ ਢੋਲ ਸੁਣਾਇਆ ਜੇ ।
ਸ਼ਿਅਰ ਕਹਿਣ ਵਾਲੇ, ਪੜ੍ਹਨ ਸੁਣਨ ਵਾਲੇ, ਐਬ ਵੇਖ ਮੇਰਾ ਪਰਦਾ ਪਾਇਆ ਜੇ।
ਸੀਹਰਫ਼ੀਆਂ ਯਾਰਾਂ ਹਦਾਇਤੁਲਾ, ਬਾਰਾਂਮਾਹ ਭੀ ਇਕ ਬਣਾਇਆ ਜੇ ।

ਉਸ ਨੇ ਗਿਆਰਾਂ ਸੀਹਰਫ਼ੀਆਂ, ਇਕ ਬਾਰਾਂ-ਮਾਂਹ, ਕੁਝ ਦੋਹਿੜੇ, ਮੁਅਜ਼ਜਾਤ ਤੇ ਮਦਹ ਅਤੇ ਕੁਝ ਕੁ ਫੁਟਕਲ ਕਵਿਤਾ ਲਿਖੀ।[34] ਆਪ ਦੀਆਂ ਸੀਹਰਫ਼ੀਆਂ ਵਿਚ ਕਾਵਿ ਰਸ, ਰੰਗੀਨੀ,

---

32. ਸੀਤਲ, ਜੀਤ ਸਿੰਘ, 'ਪੰਜਾਬੀ ਦੁਨੀਆਂ, ਜੁਲਾਈ, 1975, ਪੰਨਾ 21
33. ਉਹੀ, ਪੰਨਾ 22
34. ਆਪਣੀ ਸਮੁੱਚੀ ਕਾਵਿ-ਰਚਨਾਂ ਤੇ ਆਪਣੀਆਂ ਸੀਹਰਫ਼ੀਆਂ ਦੇ ਵਿਸ਼ਿਆਂ ਬਾਰੇ ਉਸ ਨੇ ਆਪ ਹੀ ਵਿਆਖਿਆ ਕਰ ਦਿੱਤੀ ਹੈ:-

ਅਲਫ਼ ਅੱਵਲ ਸੀਹਰਫ਼ੀ ਹੈ ਸਾਇਲਾਂ ਦੀ, ਦੋਇਮ, ਸੋਇਮ, ਚਹਾਰਮ ਫ਼ਰਾਕ ਬੇਲੀ।
ਅਤੇ ਪੰਜਵੀਂ ਹੈ ਮੰਦ-ਨਫ਼ਸ ਕਾਰਨ, ਛੇਵੀਂ ਲਿਖੀ ਏ ਵਿਚ ਇਸ਼ਤਿਆਕ ਬੇਲੀ ।
ਹੈ ਸਤਵੀਂ ਆਸ਼ਕਾਂ ਸਾਦਕਾਂ ਦੀ, ਆਹੇ ਦੀਦ ਕਾਰਨ ਮੁਸ਼ਤਾਕ ਬੇਲੀ ।
ਵਿਚ ਅਠਵੀਂ ਦੇ ਬਦੀ ਜਾਲ ਦੁਨੀਆਂ, ਦੀਨਦਾਰ ਸੁਣ ਦੇਣ ਤਲਾਕ ਬੇਲੀ।
ਨਾਵੀਂ ਵਿਚ ਮੈਂ ਹਿਜਰ ਦੇ ਵੈਣ ਕੀਤੇ, ਨੱਕੋਂ ਲਾਹ ਕੇ ਨੱਥ ਬੁਲਾਕ ਬੇਲੀ ।
ਦਸਵੀਂ ਵਿਚ ਕੁਰਾਨ ਦੇ ਹੈਨ ਮਆਨੇ, ਪੜ੍ਹਨ ਸੁਣਨ ਜੋ ਨਾਲ ਇਤਫ਼ਾਕ ਬੇਲੀ।
ਮਾਮੂਰ ਰਸੂਲਾਂ ਦੇ ਹਾਲ ਅੰਦਰ, ਲਿਖੀ ਯਾਰਵੀਂ ਸ਼ੁਕਰ ਰਜ਼ਾਕ ਬੇਲੀ।
ਬਾਰਾਂ ਮਾਂਹ ਦੋਹੜੇ ਅਜ਼ਿਆਤ ਫੁਟਕਲ, ਜੋੜੇ ਵਾਸਤੇ ਸ਼ੁਗਲ ਅਸ਼ਾਕ ਬੇਲੀ।
ਮੁਅਜਜ਼ਾਤ ਤੇ ਮਦਾਅ ਹਦਾਇਤੁਲਾ, ਕਾਰਨ ਕੁਫ਼ਰ ਦੇ ਜ਼ਹਿਰ ਤਰਿਆਕ ਬੇਲੀ।
ਅਰ ਲਿਖ ਕੇ ਹੋਏ ਖ਼ਤਮ ਇਹ ਚੰਦ ਔਰਾਕ ਬੇਲੀ।

ਬ੍ਰਿਹਾ ਤੇ ਵਹਾ ਹੈ। ਕਾਵਿ-ਸ਼ਿਲਪ ਤੇ ਕਾਵਿ-ਉਡਾਰੀ ਦੇ ਪੱਖੋਂ ਆਪ ਕਿਸੇ ਉਚੇ ਤੋਂ ਉਚੇ ਕਵੀ ਤੋਂ ਘੱਟ ਨਹੀਂ। ਇਸ ਦਾ ਇੱਕੋ ਪਰਮਾਣ ਕਾਫ਼ੀ ਹੈ ਕਿ ਆਪ ਨੇ ਵਾਰਿਸ ਦੀ ਹੀਰ ਵਿਚ 1673 ਤੁਕਾਂ ਆਪ ਲਿਖ ਕੇ ਪਾ ਦਿੱਤੀਆਂ ਅਤੇ ਜੇ ਦੱਸਿਆ ਨਾ ਜਾਏ ਤਾਂ ਵੱਡੇ ਤੋਂ ਵੱਡੇ ਆਲੋਚਕ ਲਈ ਵੀ ਨਿਰਣਾ ਕਰਨਾ ਔਖਾ ਹੈ ਕਿ ਇਨ੍ਹਾਂ ਵਲੋਂ ਰਲਾਏ ਗਏ ਸ਼ੇਅਰ ਕਿਹੜੇ ਹਨ? ਪਰ ਆਪ ਦੀ ਈਮਾਨਦਾਰੀ ਇਹ ਹੈ ਕਿ ਆਪ ਨੇ ਸਾਰੀ ਲਿਖਤ ਉਤੇ ਨੰਬਰ ਲਾ ਕੇ ਸਾਫ਼ ਲਿਖ ਦਿੱਤਾ ਹੈ ਕਿ ਕਿਹੜੇ ਸ਼ਿਅਰ ਉਨ੍ਹਾਂ ਦੇ ਹਨ। ਸਮੇਂ ਦੇ ਰਿਵਾਜ ਮੁਤਾਬਿਕ, ਕਵੀ ਨੇ ਆਪਣੀ ਕਾਵਿ-ਕਲਾ ਜਾਂ ਕਾਵਿ-ਗੁਣਾਂ ਦਾ ਆਪ ਹੀ ਜ਼ਿਕਰ ਕੀਤਾ ਹੈ ਤੇ ਆਸ ਪ੍ਰਗਟ ਕੀਤੀ ਹੈ ਕਿ ਸੂਝਵਾਨ ਪਾਠਕ ਉਸ ਦਾ ਮੁਲ ਪਾਉਣਗੇ:-

ਕਹਿਣਾ ਸ਼ਖਨ ਦਾ ਜਾਨ ਦਾ ਵੀਟਣਾ ਜੇ, ਕਦਰਦਾਨ ਸੁਣ ਕੇ ਕਦਰ ਪਾਣ ਮੇਰਾ।
ਕੁਝ ਸ਼ੇਅਰ ਫ਼ਰਾਕ ਦੇ ਆਸ਼ਕਾਨੀ, ਕੁਝ ਤਰਜਮਾ ਸ਼ੇਅਰ ਕੁਰਾਨ ਮੇਰਾ।
ਬੇਦਰਦ ਨੂੰ ਹੋਵੇ ਦਰਦ ਪੈਦਾ, ਸ਼ੇਅਰ ਸੁਣੇ ਜੇ ਨਾਲ ਧਿਆਨ ਮੇਰਾ। 35
ਮੈਂ ਵੀ ਇਸ਼ਕ ਦੀ ਅੱਗ ਦੇ ਵਿਚ ਸੜਿਆ, ਖਾਲੀ ਨਹੀਂ ਇਹ ਆਹੋ ਫ਼ਰਮਾਨ ਮੇਰਾ।

ਉਪ੍ਰੋਕਤ ਤੁਕਾਂ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਹਦਾਇਤੁਲਾ ਦੇ ਦੋ ਹੀ ਪ੍ਰਮੁਖ ਵਿਸ਼ੇ ਸਨ। ਇਕ ਇਸ਼ਕ ਹਕੀਕੀ ਤੇ ਦੂਜਾ ਇਸ਼ਕ ਮਿਜ਼ਾਜ਼ੀ। ਜਿੱਥੋ ਇਸ਼ਕ ਹਕੀਕੀ ਦਾ ਆਧਾਰ ਕੁਰਾਨ ਦੀ ਸਿਖਿਆ ਹੈ, ਉਥੇ ਇਸ਼ਕ ਮਿਜਾਜ਼ੀ ਵਿਚ ਨਿਜੀ ਪੀੜ ਜਾਂ ਵਿਛੋੜਾ ਪ੍ਰਧਾਨ ਹੈ। ਉਹ ਹੋ ਚੁੱਕੇ ਸਾਰੇ ਆਸ਼ਕਾਂ ਦੇ ਦੁਖਾਂਤ ਨੂੰ ਵੇਰਵਿਆਂ ਸਹਿਤ ਪੇਸ਼ ਕਰ ਕੇ ਆਪਣੀ ਨਿੱਜੀ ਪੀੜ ਦਾ ਪ੍ਰਗਟਾਵਾ ਨਿਰਾਸ਼ਾਵਾਦੀ ਢੰਗ ਨਾਲ ਕਰਦਾ ਹੈ।

ਵਾ ਵਿਚ ਉਡੀਕ ਤੁਸਾਡੀ ਦੇ, ਮੇਰੀ ਜ਼ੁਲਫ਼ ਸਿਆਹ ਸਫ਼ੈਦ ਹੋਈ।
ਤੇਰਾ ਇਸ਼ਕ ਪਿਆਰਿਆ ਸੱਜਣਾ ਵੇ, ਮੇਰੇ ਭਾ ਫਰੰਗ ਦੀ ਕੈਦ ਹੋਈ।
ਭੋਰਾ ਮਿਹਰ ਨਾਹੀਂ, ਜੀ ਵਿਚ ਤੇਰੇ, ਉਲਫਤ ਜਗ ਤੋਂ ਕਿਹੀ ਨਾ ਪੈਦ ਹੋਈ।
ਛੱਤੀ ਸਾਲ ਹੋ ਗਏ ਹਦਾਇਤੁਲਾ, ਪੂਰੀ ਅਜੇ ਨਾ ਆਸ ਉਮੈਦ ਹੋਈ।[36]

ਹਦਾਇਤੁਲਾ ਨੇ ਸਾਰੀਆਂ ਸੀਹਰਫ਼ੀਆਂ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਹੈ। ਬਿਆਨ ਰਵਾਇਤੀ ਹੋਣ ਦੇ ਬਾਵਜੂਦ, ਰੋਚਿਕ ਤੇ ਖਿੱਚ-ਭਰਪੂਰ ਹੈ, ਕਿਉਂਜੋ ਲੇਖਕ ਨੇ ਆਪਣੇ ਵਿਸ਼ੇ ਵਿਚ ਖੁਭ ਕੇ ਬਹੁਤ ਕੁਝ ਨਿੱਜੀ ਅਨੁਭਵ ਤੋਂ ਲਿਖਿਆ ਹੈ। ਰੂਪ ਪੱਖ ਤੋਂ ਰਚਨਾ ਪਰਪੱਕ ਹੈ, ਪਰ ਫ਼ਾਰਸੀ ਸ਼ਬਦਾਵਲੀ ਜ਼ਰੂਰ ਲਿਖਤ ਨੂੰ ਕਈ ਥਾਈਂ ਬੋਝਲ ਬਣਾ ਦਿੰਦੀ ਹੈ। ਇਕ ਹੋਰ ਵਿਲੱਖਣਤਾ ਇਹ ਹੈ ਕਿ ਇਸ ਕਵੀ ਨੇ ਆਪਣੇ ਬਿਰਹਾ ਦਾ ਸਮੁੱਚਾ ਵਰਣਨ ਇਸਤਰੀ ਵਲੋਂ ਜਾਂ ਇਸਤਰੀ

---

35. 'ਕਵੀ ਹਦਾਇਤੁਲਾ', 'ਪੰਜਾਬੀ ਦੁਨੀਆਂ', ਸਤੰਬਰ 1961, ਪੰਨਾ 23.
36. ਸੀਤਲ, ਜੀਤ ਸਿੰਘ, 'ਪੰਜਾਬੀ ਸੀਹਰਫ਼ੀਆਂ', ਭਾਸ਼ਾ ਵਿਭਾਗ, 1972, ਪੰਨਾ 371.

ਦੀ ਭਾਸ਼ਾ ਵਿਚ ਕੀਤਾ ਹੈ, ਪਰ ਸੁੰਦਰਤਾ ਦਾ ਵਰਣਨ ਮਰਦ ਦਾ ਨਹੀਂ, ਇਸਤਰੀ ਦਾ ਹੈ। ਇਹ ਸਵੈ-ਵਿਰੋਧ ਸ਼ਾਇਦ ਆਪਾ ਲੁਕਾਣ ਜਾਂ ਇਸ਼ਕ ਨੂੰ ਹਕੀਕੀ ਰੰਗ ਦੇਣ ਲਈ ਕੀਤਾ ਹੋਵੇ। ਬਾਰਾਂ ਮਾਹ ਵਿਚ ਵੀ ਇਹੀ ਰੰਗ ਪ੍ਰਧਾਨ ਹੈ।

<u>ਸਦਾ ਰਾਮ</u> (1861 - 1933 ਈ.)

ਇਸ ਰਮਤੇ ਸਾਧੂ ਸਦਾ ਰਾਮ ਦੇ ਕਿੱਸੇ ਸੋਹਣੀ ਮਹੀਂਵਾਲ ਨੂੰ ਲੋਕੀਂ ਮਾਲਵੇ ਦੇ ਪਿੰਡਾਂ ਵਿਚ ਉਸੇ ਤਰ੍ਹਾਂ ਗਾਉਂਦੇ ਫਿਰਦੇ ਹਨ, ਜਿਵੇਂ ਵਾਰਸ ਦੀ ਹੀਰ ਨੂੰ ਜਾਂ ਪੀਲੂ ਦੇ ਮਿਰਜ਼ਾ ਸਾਹਿਬਾਂ ਨੂੰ। ਜਨਮ ਭਾਵੇਂ ਪਿੰਡ ਗੰਧੀਲੀ(ਰਾਜਿਸਥਾਨ) ਵਿਚ ਹੋਇਆ, ਪਰ ਪਿਤਾ ਦੀ ਮ੍ਰਿਤੂ ਕਾਰਨ ਦਮਦਮੇ ਸਾਹਿਬ[37] ਭੈਣ ਕੋਲ ਆ ਗਏ। ਭੇਡਾਂ ਬਕਰੀਆਂ ਚਾਰਦਿਆਂ ਇਸ਼ਕ ਦੀ ਚਾਟ ਲਗੀ ਤੇ ਆਸ਼ਕਾਂ ਦੇ ਕਿੱਸੇ ਜੋੜਨੇ ਸ਼ੁਰੂ ਕਰ ਦਿੱਤੇ। ਸੋਹਣੀ ਤੇ ਸਸੀ ਪੁੰਨੂੰ ਦੇ ਕਿੱਸੇ ਵਿਚ ਸਪੱਸ਼ਟ ਲਿਖਿਆ ਹੈ ਕਿ ਇਸ਼ਕ ਨੇ ਕਵੀ ਬਣਾਇਆ :-

" ਮੈਨੂੰ ਦੁਖ ਆਸ਼ਕੀ ਦਾ, ਕਿਹਾ ਦੁਖ ਆਸ਼ਕਾਂ ਦਾ,
ਆਸ਼ਕਾਂ ਦੇ ਤਾਈਂ, ਅਗੇ ਆਖਿਆ ਪੁਕਾਰ ਕੇ।
ਆਸ਼ਕਾਂ ਬਗੈਰ ਕਿੱਸਾ ਬਣਦਾ ਨਹੀਂ ਆਸ਼ਕਾਂ ਦਾ,
ਬੋਲਦਾ ਜੇ ਝੂਠ ਤੁਸੀਂ ਦੇਖਣਾ ਵਿਚਾਰ ਕੇ।
(ਸੱਸੀ ਪੁੰਨੂੰ ਵਿੱਚੋਂ)

ਜਾਂ/ਫਿਰ ਸੋਹਣੀ ਵਿਚ ਆਖਦਾ ਹੈ:-

" ਇਸ਼ਕ ਗਾਂਵਿਆ ਆਸ਼ਕਾਂ ਸਾਦਕਾਂ ਦਾ,
ਬੁਧ ਸ਼ਾਇਰ ਦੀ ਇਸ਼ਕ ਹੁਸ਼ਿਆਰ ਕੀਤੀ।"

ਇਸ਼ਕ ਦੇ ਵੈਰਾਗ ਵਿਚ ਸਾਧੂ ਬਣ ਗਏ ਤੇ ਮਾਨਾਂਵਾਲੇ ਦੇ ਡੇਰੇ ਦੇ ਮਹੰਤ ਦੇਵੀ ਦਾਸ ਦੇ ਚੇਲੇ ਬਣ ਕੇ ਵਿਦਿਆ ਪ੍ਰਾਪਤੀ ਵਲ ਧਿਆਨ ਦਿੱਤਾ। ਏਸੇ ਡੇਰੇ ਵਿਚ[38] ਬੈਠ ਕੇ ਹੀ ਸੋਹਣੀ,

---

37. ਕਿੱਸਾ ਸੋਹਣੀ ਦੇ ਅਖ਼ੀਰ ਤੇ ਲਿਖਿਆ ਹੈ:-
ਸ਼ਹਿਰ ਹਮਾਰਾ ਹੈ ਤਲਵੰਡੀ, ਜਹਾਂ ਦਮਦਮਾ ਧਾਮ।
ਅਬ ਤੋਂ ਹਮ ਸਾਧੂ ਭਏ, ਰਹਿਤੇ ਰਮਤੇ ਰਾਮ।

38. ਕਿੱਸਾ ਸੋਹਣੀ ਵਿਚ ਹਵਾਲਾ ਦਿੱਤਾ ਹੈ ਕਿ —
ਮਿਹਰ ਰੱਬ ਦੀ ਤੇ ਹੁਕਮ ਦੋਸਤਾਂ ਦਾ
ਮਨੈ ਸੋਹਣੀ ਦੇ ਇਸ਼ਕ ਦੀ ਕਾਰ ਕੀਤੀ।
ਦੇਵੀ ਦਾਸ ਦੇ ਪਾਸ ਨਿਵਾਸ ਕਰਕੇ,
ਤੀਨ ਮਾਸ ਦੇ ਵਿਚ ਤਿਆਰ ਕੀਤੀ।

ਏਸੇ ਤਰ੍ਹਾਂ ਸੱਸੀ ਬਾਰੇ ਲਿਖਿਆ ਹੈ :- ਦੇਵੀ ਦਾਸ ਪਾਸ ਖਾਸ ਬੈਠ ਕੇ ਬਣਾਇਆ ਕਿੱਸਾ।
ਮਾਣ ਨਾਲ ਬੈਠ ਡੇਰਾ ਮਾਨਾਂਵਾਲੇ ਪਾਇਆ।

ਸੱਸੀ ਤੇ ਹੋਰ ਕਿੱਸੇ ਲਿਖੇ। ਆਪ ਦੀਆਂ ਛਪੀਆਂ, ਅਣਛਪੀਆਂ ਰਚਨਾਵਾਂ ਦੀ ਗਿਣਤੀ 16 ਹੈ[39] ਪਰ ਇਹ ਨਿਰਣਾ ਕਰਨਾ ਔਖਾ ਹੈ ਕਿ 1900 ਈ. ਤੋਂ ਪਹਿਲਾਂ ਕਿਹੜੀਆਂ ਰਚਨਾਵਾਂ ਲਿਖੀਆਂ ਜਾ ਚੁੱਕੀਆਂ ਸਨ, ਜਾਂ ਉਨ੍ਹਾਂ ਦੀ ਕਾਵਿ-ਸਿਰਜਣਾ ਦਾ ਆਰੰਭ ਕਿਸ ਰਚਨਾ ਨਾਲ ਹੋਇਆ ਤੇ ਬਾਕੀ ਰਚਨਾਵਾਂ ਕਿਸ ਤਰਤੀਬ ਨਾਲ ਲਿਖੀਆਂ ਗਈਆਂ। ਪਰ ਇਹ ਗੱਲ ਨਿਸਚੇ ਨਾਲ ਆਖੀ ਜਾ ਸਕਦੀ ਹੈ ਕਿ ਸੋਹਣੀ ਤੇ ਸੱਸੀ ਦੇ ਕਿੱਸੇ ਜਵਾਨੀ ਵਿਚ ਲਿਖੇ ਗਏ ਜਦੋਂ ਇਸ਼ਕ ਦੀ ਚਾਟ ਲਗੀ। ਪਿੱਛੋਂ ਜਦੋਂ ਸਾਧੂਆਂ ਦਾ ਬਾਣਾ ਧਾਰ ਲਿਆ, ਫੇਰ ਸਦਾਚਾਰਕ, ਧਾਰਮਿਕ ਜਾਂ ਇਤਿਹਾਸਕ ਰਚਨਾਵਾਂ ਲਿਖਣ ਲਗ ਪਏ। ਕਿਸੇ ਵੀ ਅੰਦਰਲੀ ਜਾਂ ਬਾਹਰਲੀ ਗਵਾਹੀ ਦੀ ਅਣਹੋਂਦ ਕਰਕੇ, ਅਤੇ ਇਹ ਮੰਨ ਕੇ ਕਿ ਇਸ਼ਕੀਆ ਕਿੱਸੇ ਉਸ ਨੇ ਜ਼ਰੂਰ ਜਵਾਨੀ ਵਿਚ ਹੀ ਲਿਖੇ ਹੋਣਗੇ, ਏਥੇ ਉਸ ਦੀ ਕਿੱਸਾਕਾਰੀ ਸੰਬੰਧੀ ਵਿਚਾਰ ਕੀਤੀ ਜਾ ਰਹੀ ਹੈ। ਕਿੱਸਿਆਂ ਤੋਂ ਬਿਨਾਂ 'ਆਹਣ' (ਟਿੱਡੀ ਦਲ) ਇਕ 16 ਸਫ਼ੇ ਦਾ ਛੋਟਾ ਜਿਹਾ ਹੋਰ ਚਿੱਠਾ ਹੈ ਜਿਹੜਾ ਸਦਾ ਰਾਮ ਦੀ ਸਭ ਤੋਂ ਪਹਿਲੀ ਕ੍ਰਿਤ ਦੱਸੀ ਜਾਂਦੀ ਹੈ। ਫਸਲ ਜਦ ਪੱਕਣ ਤੇ ਆ ਗਈ ਤਾਂ ਟਿੱਡੀ ਦੱਲ ਕਿਵੇਂ ਸਭ ਕੁਝ ਉਜਾੜ ਕੇ ਜ਼ਿਮੀਂਦਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਜਾਂਦਾ ਹੈ, ਇਸ ਨੂੰ ਉਸ ਨੇ ਆਪ ਦੇਖਿਆ ਅਤੇ ਦਿਲੋਂ ਲੋਕਾਂ ਦੇ ਦੁਖ ਤੇ ਬੇਬਸੀ ਨੂੰ ਮਹਿਸੂਸ ਕਰ ਕੇ ਪਰਚਲਿਤ, ਛੰਦਾਂ ਕੋਰੜੇ ਤੇ ਕਬਿੱਤਾਂ ਵਿਚ ਕਿੱਸਾ ਲਿਖ ਦਿੱਤਾ, ਜਿਸ ਦੀਆਂ ਕੁਝ ਤੁਕਾਂ ਏਥੇ ਇਸ ਲਈ ਲਿਖੀਆਂ ਜਾ ਰਹੀਆਂ ਹਨ ਤਾਂ ਜੋ ਉਸ ਦੀ ਪਹਿਲੀ ਰਚਨਾ ਤੋਂ ਹੀ ਉਸ ਦੀ ਕਾਵਿ-ਸੂਝ ਤੇ ਕਲਾ ਦਾ ਅਨੁਮਾਨ ਲਾਇਆ ਜਾ ਸਕੇ:-

> ←—— ਆਖਦਾ ਵਤਨ ਕਰੋ ਆਹਣ ਦਾ ਜਤਨ, ਹਾਜੀ ਜਾਣੀਏ ਰਤਨ, ਜੋ ਬਚਾਏ ਏਸ ਦੁੱਖ ਤੇ।
> ਬੰਨ੍ਹ ਦੇਵੇ ਆਹਣ ਨੂੰ, ਪਸੇਰੀ ਦੇਈਏ ਖਾਣ ਨੂੰ, ਹਟਾਏ ਕਲਾਵਾਨ ਪੀਰ ਜਾਣੀਏ ਮਨੁੱਖ ਤੇ।
> ਹੋਵੇ ਕੋਈ ਜਾਣਦਾ, ਜਤਨ ਕਰੇ ਆਹਣ ਦਾ, ਵਾਸਤਾ ਭਗਵਾਨ ਦਾ, ਲੀਆ ਦੇਵੇ ਦੁਖ ਤੇ।[40]
> ਬਾਜਰੀ ਦਾ ਕੌਣ ਹੈ ਟਿਕਾਣਾ ਹੁਣ ਸਦੇ ਰਾਮਾ, ਸੂਤ ਜੂ ਤਮਾਮ ਪੱਤ ਛਡ ਦੀ ਨੀਂ ਰੁੱਖ ਤੇ।

ਪਰ ਮਾਲਵੇ ਵਿਚ ਸਦਾ ਰਾਮ ਦੀ ਪ੍ਰਸਿੱਧੀ ਉਸ ਦੇ ਕਿੱਸੇ ਸੋਹਣੀ ਮਹੀਂਵਾਲ ਕਰਕੇ ਹੋਈ ਜਿਹੜਾ 1889-90 ਦੇ ਕਰੀਬ[41] ਲਿਖਿਆ ਗਿਆ। ਪੰਜਾਬੀ ਵਿਚ ਪਹਿਲਾਂ ਵੀ ਸੋਹਣੀ ਦੇ ਕਿੱਸੇ ਬਹੁਤ ਸਾਰੇ

---

39. ਸੁਰਜੀਤ ਸਿੰਘ, "ਸਦਾ ਰਾਮ ਅਧਿਐਨ" ਪੰਨਾ 26-27 (ਰਚਨਾਵਾਂ ਦਾ ਵੇਰਵਾ ਕਾਵਿ-ਸਰਵੇਖਣ ਵਾਲੇ ਅਧਿਆਇ ਵਿਚ ਦਿੱਤਾ ਜਾ ਚੁੱਕਾ ਹੈ)।

40. ਉਹੀ, ਪੰਨਾ 29

41. ਇਹ ਕਿੱਸਾ ਪਹਿਲੀ ਵਾਰੀ 1919 ਈ. ਵਿਚ ਮਾਡਰਨ ਪ੍ਰੈਸ, ਲਾਹੌਰ ਵਿਚ ਛਪਿਆ, ਪਰ ਲਿਖਿਆ ਇਹ ਘੱਟੋ ਘੱਟ ਤੀਹ ਸਾਲ ਪਹਿਲਾਂ ਗਿਆ। ਇਸ ਦੇ ਕੁਲ ਪੰਨੇ 34 ਹਨ।

ਕਵੀਆਂ ਨੇ ਲਿਖੇ ਹੋਏ ਸਨ ਤੇ ਅਵੱਸ਼ ਹੀ ਉਸ ਨੇ ਕੁਝ ਕੁ ਜ਼ਰੂਰ ਪੜ੍ਹੇ ਸੁਣੇ ਹੋਣਗੇ, ਪਰ ਸਦਾ ਰਾਮ ਦਾ ਕਾਵਿ-ਰੰਗ ਆਪਣਾ ਹੈ। ਸੌਖੀ ਹੋਣ ਦੇ ਬਾਵਜੂਦ ਬੋਲੀ ਉਤੇ ਮਲਵਈ ਦਾ ਪ੍ਰਭਾਵ ਪ੍ਰਤੱਖ ਹੈ। ਸੋਹਣੀ ਦਾ ਮਹੀਂਵਾਲ ਰੱਬ ਸਮਾਨ ਹੈ, ਇਸ ਦਾ ਪ੍ਰਗਟਾਵਾ ਸਦਾ ਰਾਮ ਦੇ ਸ਼ਬਦਾਂ ਵਿਚ ਦੇਖੋ:-

ਚਾਹੇ ਖਲੜੀ ਉਤਾਰ, ਚਾਹੇ ਸੂਲੀ ਚਾੜ੍ਹ ਸੋਹਣੀ ਨੂੰ,
ਚਾਹੇ ਘਰੋਂ ਕੱਢ ਕੇ ਜ਼ਮੀਂ ਦੇ ਵਿਚ ਗੱਡ ਨੀ।
ਟੰਗ ਦੇ ਨਸ਼ੰਗ ਫਾਹੇ, ਡਰਾਂ ਨਾ ਮਰਨ ਕੋਲੋਂ,
ਵਢਦੀ ਪਲਕ ਤਾਈਂ, ਹੂਣੇ ਸਿਰ ਵੱਢ ਨੀਂ।
ਤੇਰੇ ਭਾ ਦਾ ਪਾਲੀ ਨੀਂ, ਪਾਲਕ ਸਾਰੇ ਵਿਸ਼ਵ ਦਾ ਹੈ,
ਮੈਂ ਤਾਂ ਰਬ ਜਾਣਦੀ ਨਾਂ ਇਹਤੋਂ ਬਿਨਾਂ ਅੱਡ ਨੀ।[42]

ਸਦਾ ਰਾਮ ਨੇ ਬਾਕੀ ਕਿੱਸਾਕਾਰਾਂ ਨਾਲੋਂ ਇਕ ਵੱਖਰੀ ਗੱਲ ਇਹ ਕੀਤੀ ਕਿ ਜਦ ਸੋਹਣੀ ਮਹੀਂਵਾਲ ਡੁੱਬ ਮਰਦੇ ਹਨ ਤਾਂ ਉਨ੍ਹਾਂ ਨੂੰ ਦਫ਼ਨਾਉਣ ਲਈ ਸਾਰੇ ਪੁਰਾਣੇ, ਆਸ਼ਕ ਇਕੱਠੇ ਹੋ ਕੇ ਆਉਂਦੇ ਹਨ:-

ਝਨਾਂ ਵਿਚੋਂ ਦੋਵੇਂ ਲਾਸ਼ਾਂ ਬਾਹਰ ਸਾਰੇ ਕੱਢ ਲਈਆਂ,
ਮਹੀਂਵਾਲ ਤਾਈਂ ਪੁੰਨੂੰ ਆਣ ਕੇ ਨੁਹਾਉਂਦਾ।
ਸੱਸੀ, ਸੋਹਣੀ ਤਾਈਂ ਆ ਪਿਆਰ ਨਾਲ ਨੁਹਾ ਦਿੱਤਾ,
ਮਜਨੂੰ ਜਨਾਜ਼ਾ ਇਨ੍ਹਾਂ ਦੋਹਾਂ ਦਾ ਕਰਾਉਂਦਾ।
ਰਾਂਝਾ, ਫਰਿਹਾਦ, ਹੋਡਾ, ਆਹੀਂ ਪਿਆ ਮਾਰਦਾ ਏ,
ਮਿਰਜ਼ਾ ਵਿਚਾਰਾ ਕੂੰਜ ਵਾਂਗ ਹੈ ਕੁਰਲਾਉਂਦਾ।
ਸਾਰਿਆਂ ਨੇ ਰਲ ਦਫ਼ਨਾ ਦਿੱਤਾ ਸਦੇ ਰਾਮਾ,
ਰੂਹ ਏਹਨਾਂ ਦੋਹਾਂ ਦਾ ਬਹਿਸ਼ਤਾਂ ਨੂੰ ਜਾਉਂਦਾ।

ਦੂਜਾ ਕਿੱਸਾ 'ਸੱਸੀ ਪੁੰਨੂੰ'[43] ਹੈ ਜਿਹੜਾ ਸੋਹਣੀ ਤੋਂ ਛੇਤੀ ਹੀ ਪਿਛੋਂ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ। ਇਸ ਵਿਚ ਉਸ ਨੇ ਆਪਣੇ ਇਸ਼ਕ ਨੂੰ ਖੁਲ੍ਹ ਕੇ ਗਾਂਵਿਆ ਹੈ। ਸੱਸੀ ਪੁੰਨੂੰ ਦੀ ਪ੍ਰੇਮ-ਕਹਾਣੀ ਨੂੰ ਆਪਣੇ ਜਿਗਰ ਦੇ ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ। ਉਹ ਸਪੱਸ਼ਟ ਆਖਦਾ ਹੈ:-

ਆਸ਼ਕ ਚਤਰ ਚਤਰਾਈ ਨਾਲ ਰੋਂਦੇ ਨੇ,
ਨ੍ਹੀ ਤਾਂ ਬੈਠ ਜਾਂਦੇ ਨੇ ਚੁਪ ਮੋਨ ਧਾਰ ਕੇ।
ਸਭ ਕੋਈ ਆਪ ਦੇ ਸੁਣਾਵੇ ਦੁਖ ਸਦੇ ਰਾਮਾ,
ਕਿਸੇ ਨੂੰ ਕੀ ਖਾਸ, ਦੁਖ ਕਹੇ ਸੰਸਾਰ ਕੇ।

---

42. ਉਹੀ(ਨੰ:41), ਪੰਨਾ 11.

42. ਇਹ ਕਿੱਸਾ ਵੀ ਲਾਹੌਰ ਹੀ ਛਪਿਆ ਤੇ ਇਸ ਦੇ ਕੁਲ 54 ਪੰਨੇ ਹਨ।

ਇਹ ਕਿੱਸਾ ਕਬਿੱਤਾਂ ਵਿਚ ਹੈ ਜਿਸ ਵਿਚ 232 ਕਬਿੱਤ ਹਨ। ਕੁਝ ਦੋਹਿਰੇ ਤੇ ਸਵੱਈਏ ਵੀ ਹਨ। ਸੱਸੀ ਦੀ ਸੁੰਦਰਤਾ ਨੂੰ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ:-

ਹੁੰਦਾ ਹੈ ਉਜਾਲਾ ਜੇ ਹਨੇਰੇ ਮੇਂ ਬਹਾ ਦੇਈਏ,
ਅਜ ਤਕ ਦੇਖੀ ਨਾ ਕਦੰਤ ਐਸੀ ਨਾਰ ਮੇਂ।
ਏਸ ਬ੍ਰਹਿਮੰਡ ਦੀ ਤਾਂ ਬਾਤ ਕੀ ਸੁਣਾਵਣੀ ਹੈ,
ਪਰ ਬੀ ਨਾ ਹੋਊ ਐਸੀ ਇੰਦਰ ਦੇ ਦੁਆਰ ਮੇਂ।

ਕਿੱਸਿਆਂ ਵਿਚ ਨਾਇਕ ਨਾਇਕਾਵਾਂ ਦੇ ਅੰਗ ਚਿਤ੍ਰਨ ਦਾ ਰਿਵਾਜ ਬੜਾ ਪੁਰਾਣਾ ਹੈ। ਲਗਭਗ ਸਭ ਕਵੀਆਂ ਨੇ ਆਪਣੇ ਉਘੇ ਪਾਤਰਾਂ ਦੀ ਸਰੀਰਕ ਬਣਤਰ ਨੂੰ ਬੜੀ ਰੀਝ ਨਾਲ ਕਲਮੀ ਚਿਤਰ ਬਣਾ ਕੇ ਪੇਸ਼ ਕੀਤਾ ਹੈ। ਸਦਾ ਰਾਮ ਦੁਆਰਾ ਸੱਸੀ ਦੀ ਤਸਵੀਰ ਦੇਖੋ:-

ਕਾਲੇ ਭਰਵੱਟੇ, ਨੈਣ ਰੋਹੀ ਦੇ ਹਿਰਨ ਜੈਸੇ,
ਕਿਤੇ ਕਿਤੇ ਦਿਸਣ, ਸੁਰਖ ਵਿਚ ਧਾਰੀਆਂ।
ਸੇਲ੍ਹੀਆਂ ਬਾਰੀਕ ਜੈਸੇ ਹਰਫ਼ ਕੁਰਾਨ ਵਿਚ,
ਝੁਕੀਆਂ ਕਮਾਨ ਵਾਂਗੂੰ ਰੰਗ ਦੀਆਂ ਕਾਰੀਆਂ।
ਪੱਟੀਆਂ ਬਣਾਈਆਂ ਪੇਚ ਸਦੇ ਰਾਮਾ ਪਟਣੇ ਨੂੰ,
ਨਾਗ ਵਾਂਗੂੰ ਲੜ ਜਾਣ ਜ਼ੁਲਫਾਂ ਹਤਿਆਰੀਆਂ।

ਸੱਸੀ ਦਾ ਕਿੱਸਾ ਵੀ ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਸੋਹਣੀ ਨਾਲੋਂ ਘੱਟ ਨਹੀਂ, ਅਤੇ ਇਸ ਵਿਚ ਉਸ ਨੇ ਆਪਣੇ ਨਿੱਜੀ ਗ਼ਮ ਨੂੰ ਵੀ ਪੂਰੀ ਤਰ੍ਹਾਂ ਕਿੱਸੇ ਦੀ ਆਤਮਾ ਵਿਚ ਪਰੋ ਦਿੱਤਾ ਹੈ, ਪਰ ਲੋਕ ਮੂੰਹਾਂ ਤੇ ਉਸ ਦੀ ਸੋਹਣੀ ਹੀ ਚੜ੍ਹੀ ਹੋਈ ਹੈ। ਭਾਵੇਂ ਉਹ ਸਾਧੂ ਬਿਰਤੀ ਵਾਲਾ ਬੜਾ ਗਿਆਨਵਾਨ ਮਨੁਖ ਸੀ, ਜੀਵਨ ਸੰਬੰਧੀ ਉਸ ਦਾ ਅਨੁਭਵ ਵੀ ਬੜਾ ਵਿਸ਼ਾਲ ਸੀ, ਕਾਵਿ-ਰਚਨਾ ਵਿਚ ਵੀ ਸਭ ਰੰਗ, ਰਸ, ਸੋਹਜ, ਜੀਵਨ ਤੱਤ ਤੇ ਕਾਵਿਕ ਪਕਿਆਈ ਸੀ, ਪਰ ਇਸ ਦੇ ਬਾਵਜੂਦ ਸਦਾ ਰਾਮ ਦੀ ਰਚਨਾ ਦਾ ਉਹ ਮੁਲ ਨਹੀਂ ਪਿਆ, ਜਿਸ ਦਾ ਉਹ ਸਹੀ ਤੌਰ ਤੇ ਹੱਕਦਾਰ ਹੈ।

ਖ਼੍ਵਾਜਾ ਗ਼ੁਲਾਮ ਫ਼ਰੀਦ (1841 ਤੋਂ 24 ਜੁਲਾਈ 1901 ਈ.)

ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਆਪਣੀ ਪੁਸਤਕ "ਪੰਜਾਬੀ ਸੂਫ਼ੀ ਪੋਇਟਸ"[44] ਵਿਚ ਹਾਸ਼ਮ ਨੂੰ ਅਖ਼ੀਰੀ ਉੱਘਾ ਸੂਫ਼ੀ ਮੰਨਦੀ ਹੋਈ, ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸੂਫ਼ੀ ਮਤ ਦੀ

44. ਇਸ ਦਾ ਮੁਕੰਮਲ ਹਵਾਲਾ, 'ਕਾਵਿ-ਸਾਹਿਤ ਦਾ ਸਰਵੇਖਣ' ਵਾਲੇ ਅਧਿਆਇ ਵਿਚ ਦਿੱਤਾ ਜਾ ਚੁੱਕਾ ਹੈ।

ਅਧੋ-ਗਤੀ ਦਾ ਵੇਰਵਿਆਂ ਸਹਿਤ ਵਰਣਨ ਕਰਕੇ, ਕੁਝ ਇਕ ਨਾਮ-ਧਰੀਕ ਤੇ ਅਪ੍ਰਸਿੱਧ ਸੂਫ਼ੀ ਕਵੀਆਂ ਦਾ ਜ਼ਿਕਰ ਕਰ ਕੇ, ਆਪਣੇ ਸ਼ੋਧ-ਪ੍ਰਬੰਧ ਨੂੰ ਸਮਾਪਤ ਕਰ ਦਿੰਦੀ ਹੈ ਪਰ ਖ਼ੁਆਜਾ ਗ਼ੁਲਾਮ ਫ਼ਰੀਦ ਦਾ ਨਾਂ ਤਕ ਨਹੀਂ ਲੈਂਦੀ, ਜਿਸ ਨੂੰ ਵਿਦਵਾਨਾਂ[45] ਨੇ " ਪੰਜਾਬੀ ਸੂਫ਼ੀ ਕਵਿਤਾ ਦਾ ਸਭ ਤੋਂ ਉਚਾ ਸੋਨਾ-ਕਲਸ " , "ਭਰਪੂਰ ਤ੍ਰਿਖਾ ਦਾ ਕਵੀ", "ਉਚਤਮ ਪਦਵੀ ਵਾਲਾ ਸੂਫ਼ੀ", "ਅੰਤਿਮ ਸਨਾਤਨੀ ਸੂਫ਼ੀ ਕਵੀ", "ਪੀੜਾਂ, ਚੀਸਾਂ, ਟੀਸਾਂ, ਦੁਖ ਦਰਦ ਤੇ ਬ੍ਰਿਹੋਂ ਦੀਆਂ ਚੀਕਾਂ ਦਾ ਸ਼ਾਇਰ", "ਸ਼ਾਹ-ਹੁਸੈਨ, ਸੁਲਤਾਨ ਬਾਹੂ ਤੇ ਬੁਲ੍ਹੇ ਸ਼ਾਹ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ।" "ਰੱਬੀ ਮਾਰਫ਼ਤ ਦੀ ਸ਼ਰਾਬ ਪੀਣ ਵਾਲਾ" ਆਦਿ ਆਖ ਕੇ ਸਨਮਾਨਿਆ ਹੈ। ਅਰਬੀ ਫ਼ਾਰਸੀ, ਉਰਦੂ, ਹਿੰਦੀ, ਸਿੰਧੀ ਮਾਰਵਾੜੀ ਤੇ ਅੰਗਰੇਜ਼ੀ ਭਾਸ਼ਾਵਾਂ ਦੇ ਜਾਣੂੰ, ਰਾਗ ਵਿਦਿਆ ਵਿਚ ਪ੍ਰਬੀਨ, ਬਿਰਹਾ ਤੇ ਸੋਜ਼ ਵਾਲੇ ਪ੍ਰਭਾਵ-ਸ਼ਾਲੀ ਤੇ ਪ੍ਰਤਿਭਾ-ਸ਼ੀਲ ਅਨੁਭਵੀ ਕਵੀ, ਦੀਆਂ 271 ਕਾਫ਼ੀਆਂ ਲਿਖੀਆਂ ਮਿਲਦੀਆਂ ਹਨ,[46] ਜਿਨ੍ਹਾਂ ਦੀ ਮੁਖ ਭਾਸ਼ਾ ਮੁਲਤਾਨੀ ਹੈ, ਭਾਵੇਂ ਫ਼ਾਰਸੀ, ਹਿੰਦੀ ਤੇ ਉਰਦੂ ਵਿਚ ਵੀ ਕੁਝ ਕੁ ਰਚਨਾ ਕੀਤੀ ।

ਬਹਾਵਲਪੁਰ ਰਿਆਸਤ ਦੇ ਨਗਰ ਚਾਚੜਾਂ ਸ਼ਰੀਫ਼ ਵਿਚ, ਮੌਲਾ ਖ਼ੁਦਾ ਬਖ਼ਸ਼ ਦੇ ਘਰ ਆਪ ਦਾ ਜਨਮ 1841 ਈ. ਨੂੰ ਹੋਇਆ, ਜਿਥੇ ਆਪ ਨੂੰ ਹਰ ਪ੍ਰਕਾਰ ਦੀ ਉੱਚੀ ਤੋਂ ਉੱਚੀ ਦੁਨਿਆਵੀ ਤੇ ਧਾਰਮਿਕ ਸਿੱਖਿਆ ਦੇਣ ਵਲ ਪੂਰਾ ਪੂਰਾ ਧਿਆਨ ਦਿੱਤਾ ਗਿਆ। ਪਿਤਾ ਦੀ ਤੇ ਭਰਾ ਦੀ ਮ੍ਰਿਤੂ ਤੋਂ ਪਿਛੋਂ ਆਪ ਖ਼ਾਨਦਾਨੀ ਸੂਫ਼ੀ ਗੱਦੀ ਤੇ ਬ੍ਰਾਜਮਾਨ ਹੋਏ। ਇਸ ਤਰ੍ਹਾਂ, ਗਿਆਨ, ਜਾਪ, ਤਪੱਸਿਆ ਤੇ ਭਗਤੀ ਦੇ ਮੇਲ ਨੇ ਆਪ ਦੀ ਸ਼ਖ਼ਸੀਅਤ ਨੂੰ ਅਜਿਹੀ ਪਾਣ ਚਾੜ੍ਹੀ ਕਿ ਇਕ ਵਾਰੀ ਫੇਰ ਸੂਫ਼ੀ ਪਰੰਪਰਾ ਸਿਖ਼ਰਾਂ ਨੂੰ ਛੋਹਣ ਲੱਗੀ। " ਆਪ ਦੀ ਸ਼ਾਇਰੀ ਆਮ ਤੌਰ ਤੇ ਤਿੰਨਾਂ ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ - ਇਕ ਇਸ਼ਕ ਮੁਹੱਬਤ, ਦੂਜੇ ਕੁਦਰਤੀ ਨਜ਼ਾਰੇ ਤੇ ਤੀਜੇ ਤਸੱਵਫ਼[47] ਤੇ ਇਨ੍ਹਾਂ

---

45. (ੳ) ਭਾਸ਼ਾ ਵਿਭਾਗ, "ਗੁਲਾਮ ਫ਼ਰੀਦ", ਪਟਿਆਲਾ 1968, ਪੰਨਾ 1
(ਅ) ਉਹੀ, ਪੰਨਾ 5.
(ੲ) ਮੁਹੰਮਦ ਸਰਵਰ, 'ਪੰਜਾਬੀ ਅਦਬ', ਕਰਾਚੀ, ਪੰਨਾ 112.
(ਸ) ਗਿੱਲ, ਪਿਆਰਾ ਸਿੰਘ, 'ਪੰਜਾਬੀ ਦੁਨੀਆਂ', ਨਵੰਬਰ-ਦਸੰਬਰ 1964, ਪੰਨਾ 194.
(ਹ) ਤਨਵੀਰ ਬੁਖ਼ਾਰੀ, 'ਉਹੀ', ਪੰਨਾ 202
(ਕ) ਸੀਤਲ, ਜੀਤ ਸਿੰਘ (ਡਾ:) 'ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ' ਪੰਨਾ 546.
(ਖ) ਕੁਸ਼ਤਾ, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 220

46. ਭਾਸ਼ਾ ਵਿਭਾਗ ਪੰਜਾਬ ਵਲੋਂ 1968 ਈ. ਵਿਚ ਪ੍ਰਕਾਸ਼ਤ ਕੀਤੇ ਗਏ 'ਦੀਵਾਨ ਗ਼ੁਲਾਮ ਫ਼ਰੀਦ' ਦੇ ਅਧਾਰ ਤੇ।

47. ਕੁਸ਼ਤਾ, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 222.

ਤਿੰਨਾਂ ਰੰਗਾਂ ਦੀਆਂ ਆਪ ਦੀਆਂ ਕਾਫ਼ੀਆਂ ਤੇ ਦੋਹਿੜੇ, ਸਾਡੇ ਸੂਫ਼ੀ ਸਾਹਿੱਤ ਦਾ ਵਡਮੁੱਲਾ ਭੰਡਾਰ ਹਨ। ਮੁਲਤਾਨੀ ਉਪ-ਭਾਖ਼ਾ ਵਿਚ ਹੋਣ ਦੇ ਬਾਵਜੂਦ ਇਨ੍ਹਾਂ ਵਿਚਲਾ ਦਰਦ ਤੇ ਸੋਜ਼ ਸਾਡੇ ਸਮੁੱਚੇ ਸੂਫ਼ੀ ਸਾਹਿੱਤ ਉਤੇ ਆਪਣੀ ਕਾਵਿਕਤਾ ਤੇ ਦਾਰਸ਼ਨਿਕਤਾ ਕਰ ਕੇ ਛਾ ਗਿਆ ਤੇ ਲੋਕਾਂ ਨੂੰ ਤਿੰਨ ਉੱਘੇ ਸੂਫ਼ੀ ਕਵੀਆਂ, ਬਾਬਾ ਫ਼ਰੀਦ, ਸ਼ਾਹ, ਹੁਸੈਨ ਤੇ ਬੁਲ੍ਹੇ ਦਾ ਇਕ ਥਾਂ ਸੰਗਮ ਹੋਇਆ ਪ੍ਰਤੀਤ ਹੋਣ ਲਗਾ। ਉਸ ਦੀ ਕਾਵਿ-ਬਿਹਬਲਤਾ, ਕਾਵਿ ਜਗਤ ਦੇ ਪਸਾਰੇ ਤੇ ਕਾਵਿ-ਡੂੰਘਾਣਾਂ ਦਾ ਵਿਸ਼ਲੇਸ਼ਣ ਕਰਦਾ ਹੋਇਆ, 'ਦੀਵਾਨ ਗ਼ੁਲਾਮ ਫ਼ਰੀਦ'[48] ਦਾ ਸੰਪਾਦਕ ਲਿਖਦਾ ਹੈ," ਗ਼ੁਲਾਮ ਫ਼ਰੀਦ ਭਰਪੂਰ ਤ੍ਰਿਖਾ ਦਾ ਕਵੀ ਹੈ – ਉਸ ਦੀ ਤ੍ਰਿਖਾ ਦੀ ਵੀ ਕੋਈ ਥਾਹ ਨਹੀਂ। ਉਸ ਦੀ ਕਵਿਤਾ ਪੜ੍ਹਨ ਸਮੇਂ ਅੱਖਾਂ ਵਿਚ ਅਸੀਮ ਰੇਗਿਸਤਾਨ ਵਿਛ ਜਾਂਦਾ ਹੈ, ਅੱਗ ਨਾਲ ਬਲਦਾ ਰੇਗਿਸਤਾਨ, ਜਿੱਥੇ ਤ੍ਰਿਖਾ ਅਨੇਕਾਂ ਵੇਸ ਵਟਾ ਵਟਾ ਕੇ ਆਉਂਦੀ ਹੈ। ਤ੍ਰਿਖਾ ਦੇ ਏਨੇ ਵਿਚਿਤ੍ਰ ਤੇ ਏਨੇ ਅਣਗਿਣਤ ਰੂਪ ਪੰਜਾਬੀ ਦੇ ਕਿਸੇ ਹੋਰ ਸੂਫ਼ੀ ਕਵੀ ਵਿਚ ਨਹੀਂ ਮਿਲਦੇ। ਇਉਂ ਲਗਦਾ ਹੈ ਜਿਵੇਂ ਗ਼ੁਲਾਮ ਫ਼ਰੀਦ ਨੇ ਅਸਖਾਂ ਜਨਮ ਧਾਰ ਧਾਰ ਕੇ, ਤ੍ਰਿਖਾ ਦਾ ਭਰਪੂਰ ਜਾਮ ਪੀਤਾ ਹੈ ਅਤੇ ਤ੍ਰਿਖਾ ਨਾਚ ਨੱਚਿਆ ਹੈ। ਇਸ ਕਵੀ ਨੇ ਤਾਂ ਜ਼ਮਾਨੇ ਭਰ ਦੀ ਪਿਆਸ ਆਪਣੀ ਆਤਮਾ ਵਿਚ ਸਾਂਭ ਲਈ ਹੈ।"

ਬ੍ਰਿਹਾ ਜਾਂ ਵਿਯੋਗ ਉਸ ਦੀ ਸਮੁੱਚੀ ਕਾਵਿ-ਸਿਰਜਣਾ ਦੀ ਭਰਪੂਰ ਸਵਰ ਹੈ। ਇਸ ਵਿਛੋੜੇ ਦੀ ਪੀੜ ਤੇ ਵਿਆਕੁਲਤਾ ਅਤੇ ਮਿਲਾਪ ਦੀ ਤਾਂਘ ਨੂੰ ਭਾਵੇਂ ਉਹ ਸਰੀਰਕ ਤੇ ਦੁਨਿਆਵੀ ਪੱਧਰ ਤੇ ਅਨੁਭਵ ਕਰਦਾ ਹੈ ਤੇ ਇਸ ਦਾ ਪ੍ਰਗਟਾਵਾ ਵੀ ਇਸ਼ਕ ਮਿਜਾਜ਼ੀ ਦੇ ਰੰਗ ਵਿਚ ਹੁੰਦਾ ਹੈ, ਪਰ ਵਾਸਤਵ ਵਿਚ ਇਹ ਪੀੜ ਅਜ਼ਲੀ ਹੈ, ਹੂਕ ਦੈਵੀ ਹੈ, ਅਤੇ ਅਨੁਭਵ ਰਹੱਸ-ਮਈ ਹੈ। ਪ੍ਰਕ੍ਰਿਤੀ ਨੂੰ ਆਪਣੇ ਹਾਵਾਂ ਭਾਵਾਂ ਤੇ ਦੁਖਾਂ ਪੀੜਾਂ ਦਾ ਭਾਈਵਾਲ ਬਣਾ ਕੇ ਅੰਤਰ-ਆਤਮਾ ਨੂੰ ਇਕ-ਸੁਰ ਕੀਤਾ ਜਾਂਦਾ ਹੈ। ਕਦੇ ਏਸੇ ਪੀੜ ਦਾ ਰੰਗ ਸ਼ਿੰਗਾਰ ਵਾਲਾ ਹੋ ਨਿਬੜਦਾ ਹੈ ਤੇ ਵੰਨ-ਸਵੰਨਤਾ, ਕੋਮਲਤਾ, ਰਸਿਕਤਾ, ਲਚਕ ਤੇ ਹੁਲਾਰ, ਸ਼ੋਖੀ ਤੇ ਵਿਅੰਗ ਦੁਆਰਾ ਨਵੇਂ ਰਸ-ਰੂਪਾਂ ਦਾ ਸੰਚਾਰ ਹੁੰਦਾ ਦਿਖਾਈ ਦਿੰਦਾ ਹੈ।

ਤਨਵੀਰ ਬੁਖ਼ਾਰੀ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ:-[49] ਖ਼ਾਜਾ ਫ਼ਰੀਦ ਦੀ ਸ਼ਾਇਰੀ ਵਿਚ ਸੁਰ, ਸਾਜ਼ ਤਾਨ ਲੈ, ਖਿੱਚ ਤੇ ਜਾਦੂ ਦੇ ਨਾਲ ਨਾਲ ਉਚ-ਸ਼ਬਦੀ ਵੀ ਹੈ। ਤਮਸੀਲ, ਤਸ਼ਵੀਹ, ਇਸ਼ਾਰਾ, ਕਨਾਇਆ ਤੇ ਮੰਜ਼ਰ-ਕਸ਼ੀ ਆਪਣੀ ਮਿਸਾਲ ਆਪ ਏ। ਏਸ ਕਾਫ਼ੀ ਤੋਂ ਇਹ ਸੱਭੋ ਕੁਝ ਜਾਪ ਪੈਂਦਾ ਹੈ:-

48 ਉਹੀ(ਨੰਬਰ46), ਪੰਨਾ 5

49. ਤਨਵੀਰ ਬੁਖਾਰੀ, 'ਪੰਜਾਬੀ ਦੁਨੀਆਂ', ਪਟਿਆਲਾ, ਨਵੰਬਰ-ਦਸੰਬਰ, 1964, ਪੰਨਾ 201.

"ਵਿਚ ਰੋਹੀ ਦੇ ਰੋਂਦੀਆਂ, ਨਾਜ਼ੁਕ ਨਾਜ਼ੋ ਜੱਟੀਆਂ
ਰਾਤੀ ਕਰਨ ਸ਼ਿਕਾਰ ਦਿਲੇ ਦੇ, ਡਿਹਾ ਵਟੋਰਨ ਮਟੀਆਂ,
ਗੁਰਝੇ ਤੀਰ ਚਲਾਵਣ ਕਾਰੀ, ਸੈ ਸੈ ਦਿਲੜੀਆਂ ਫਟੀਆਂ,
ਕਰ ਕਰ ਦਰਦਮੰਦਾਂ ਕੋ ਜ਼ਖ਼ਮੀ, ਹੈ ! ਹੈ!! ਬਣਨ ਨਾ ਪੱਟੀਆਂ
ਕਈ ਮਸਕੀਨ ਮੁਸਾਫ਼ਰ ਫਾਥੇ, ਚੌੜ ਕੀਤੀਓ ਨੇ ਤੁੱਟੀਆਂ।"

ਆਪਣੇ ਨਿੱਜੀ ਗੁਣਾਂ, ਭਗਤੀ, ਤਪ, ਜ਼ੁਹਦ, ਹੱਜ, ਨਮਾਜ਼ਾਂ ਤੇ ਰੋਜ਼ੇ ਤੇ ਮਾਣ ਕਰਨ ਦੀ ਥਾਂ ਰਬ ਦੀ ਰਜ਼ਾ ਤੇ ਮਿਹਰ ਲਈ ਤਰਲਾ ਹੇਠਲੀਆਂ ਤੁਕਾਂ ਤੋਂ ਸਪੱਸ਼ਟ ਪ੍ਰਗਟ ਹੈ:-

" ਇਸ਼ਕ ਤੈਂਡੇ ਦੀ ਨਹਿਰ ਵਗੇ, ਕਈ ਤਰੀਆਂ ਕਰਮਾਂ ਵਾਲੜੀਆਂ
ਕਈ ਕੋਝੀਆਂ ਲੰਘ ਪਾਰ ਗਈਆਂ, ਤੇ ਰੋਵਣ ਸ਼ਕਲਾਂ ਵਾਲੜੀਆਂ
ਸ਼ਕਲਾਂ ਭੇਖ ਨਾ ਭੁਲੀਂ, ਬਾਹਰੋਂ ਚਿਟੀਆਂ ਅੰਦਰੋਂ ਕਾਲੜੀਆਂ,
ਯਾਰ ਫ਼ਰੀਦ ਚਾ ਭਾਲ ਭਾਲੇ, ਐਬਾਂ ਵਾਲੀਆਂ ਦੇ ਮੱਥੇ ਲਾਲੜੀਆਂ।

ਗ਼ੁਲਾਮ ਫ਼ਰੀਦ ਵਰਗਾ ਅਨੁਭਵੀ ਕਵੀ, ਜੀਵਨ ਮਾਰਗ ਤੇ ਚਲਦਾ ਚਲਦਾ ਜਦ ਸੰਜੋਗ ਦੀ ਰਸਿਕਤਾ ਤੇ ਸੰਚਾਰ ਦੇ ਅਨੰਦ ਨੂੰ ਪ੍ਰਗਟਾਉਂਦਾ ਹੈ, ਤਾਂ ਕਵਿਤਾ ਵਿਚ ਇਕ ਅਨੋਖਾ ਨਿਖ਼ਾਰ ਆ ਜਾਂਦਾ ਹੈ:-

ਰਥ ਧੀਮੀ ਧੀਮੀ ਟੋਰ,
ਮੈਂਡਾ ਦਸਤਾ ਨਰਮ ਕਰੂਰ ਦਾ, ਮਤਾਂ ਵੰਗੀ ਲਗਾਮ ਟਕੋਰ,
ਰਥ ਤੇ ਬਹਿੰਦੀ ਦੜਗ ਨਾ ਸਹਿੰਦੀ, ਹਿਮ ਤਬ੍ਹਾ ਕਮਜ਼ੋਰ,
ਜੇਕਰ ਰਥ ਬੈਠੀ ਥਕ ਪੌਸਾਂ, ਘੋੜਾ ਘਿਨਸਾ ਬੋਰ ।[50]

ਜਿਸ ਤਰ੍ਹਾਂ ਪਿਛੇ ਜ਼ਿਕਰ ਕੀਤਾ ਜਾ ਚੁੱਕਾ ਹੈ, ਬਿਰਹਾ ਦੀ ਪੀੜ ਦਾ ਵਰਣਨ, ਗ਼ੁਲਾਮ ਫ਼ਰੀਦ ਦੀ ਸਮੁੱਚੀ ਕਾਵਿ ਸਿਰਜਣਾ ਦੀ ਪ੍ਰਧਾਨ ਸਵਰ ਹੈ। ਇਸ ਦਾ ਪ੍ਰਗਟਾਵਾ ਘੱਟੋ ਘੱਟ ਦੋ ਸੌ ਕਾਫ਼ੀਆਂ ਵਿਚ ਕੀਤਾ ਮਿਲਦਾ ਹੈ। ਇਸ ਦੀ ਇਕ ਅੱਧ ਉਦਾਹਰਣ ਏਥੇ ਦੇਣੀ ਉਚਿਤ ਪ੍ਰਤੀਤ ਹੁੰਦੀ ਹੈ:-

ਯਾਰ ਬਰੋਚਲ ਕਾਰਣ ਰੁਲਦੀ, ਰੋਹ ਡੂੰਗਰ ਵਿਚ
ਲਾਇਅਸ ਜੁੜ ਕਰ ਬਾਣ ਦਿਲੜੀ, ਜਾਨ, ਜਿਗਰ ਵਿਚ
ਸੰਗਤੀਆਂ ਧਰਤੀਆਂ ਕੰਬ ਰੀਝਾਇਆ, ਆਪਣੇ ਆਪਣੇ ਢੋਲ ਨੂੰ ਪਾਇਆ।
ਮੈਕੋ ਮੈਂਡੜੇ ਮਾਣ ਰੋਲਿਆ, ਸੁੰਜੜੇ ਬਰ ਵਿਚ,
ਯਾਰ ਨਾ ਪਾਵਾਂ ਬਾਰ ਉਠਾਵਾਂ, ਨੀਰ ਵਹਾਵਾਂ ਗਾਵਣ ਗਾਵਾਂ,
ਰੱਖ ਰੱਖ ਵੈਣ ਦੀਵਾਣ, ਹਰ ਕੂਚੇ ਘਰ ਘਰ ਵਿਚ
ਰਾਹ ਅਵੱਲੜੇ, ਔਖੀਆਂ ਘਾਟੀਆਂ, ਚੁਭਦੇ ਕੱਕਰੇ ਕੰਡੜੇ ਕਾਠੀਆਂ
ਮਾਰਮ ਸੂਲ ਵਛੋੜਾ, ਆਇਮ ਜ਼ੁਲਮ ਕਹਿਰ ਵਿਚ।[51]

---

50. ਦੀਵਾਨ ਗ਼ੁਲਾਮ ਫ਼ਰੀਦ - ਭਾਸ਼ਾ ਵਿਭਾਗ -, ਕਾਫ਼ੀ ਨੰਬਰ 28, ਪੰਨਾ 66

51. ਉਹੀ, ਪੰਨਾ 202

ਹਰ ਕਵੀ ਨੇ ਇਸ਼ਕ ਦਾ ਚਰਚਾ ਕੀਤਾ ਹੈ, ਭਾਵੇਂ ਹਕੀਕੀ ਤੇ ਭਾਵੇਂ ਮਿਜਾਜ਼ੀ। ਗ਼ੁਲਾਮ ਫਰੀਦ ਆਪਣੇ ਅਨੁਭਵੀ ਇਸ਼ਕ ਦਾ ਬਿਆਨ ਬੜੇ ਰੋਮਾਂਟਿਕ ਢੰਗ ਵਿਚ ਕਰਦਾ ਹੈ:

ਕਸਮ ਖ਼ੁਦਾ ਦੀ, ਕਸਮ ਨਬੀ ਦੀ, ਇਸ਼ਕ ਹੈ ਚੀਜ਼ ਲਜ਼ੀਜ਼ ਅਜੀਬ,
ਲੱਖ ਲੱਖ ਸੂਲ ਹਜ਼ਾਰਾਂ ਦੁਖੜੇ, ਸੌ ਸੌ ਸ਼ੁਕਰ ਜੋ ਅਹਿਮ ਪੁਖੜੇ,
ਬੇਸ਼ੁਕ ਜ਼ਰਬ ਜਹੀਲ ਹਬੀਬ।
ਉਮਰ ਨਿਭਾਇਮ ਸੜਦੀ ਧੁਖਦੀ, ਤਪਦੀ ਖਪਦੀ ਡੁਖਦੀ ਝੁਖਦੀ, ਪਲੜੇ
ਪੈਅਨ ਨਸੀਬ।

ਗ਼ੁਲਾਮ ਫਰੀਦ ਨੂੰ ਪੰਜਾਬੀ ਦੇ ਸਾਰੇ ਹੋ ਚੁੱਕੇ ਉੱਘੇ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਦਾ ਗਿਆਨ ਸੀ। ਉਸ ਨੇ ਉਨ੍ਹਾਂ ਪਾਸੋਂ ਕਈ ਸਿੱਧੇ ਜਾਂ ਅਸਿੱਧੇ ਪ੍ਰਭਾਵ ਵੀ ਗ੍ਰਹਿਣ ਕੀਤੇ ਜਿਨ੍ਹਾਂ ਦੇ ਪ੍ਰਮਾਣ ਉਸ ਦੀਆਂ ਕਾਫ਼ੀਆਂ ਵਿੱਚੋਂ ਥਾਂ ਪਰ ਥਾਂ ਦੇਖੇ ਜਾ ਸਕਦੇ ਹਨ। ਉਦਾਹਰਣ ਲਈ — ਬਾਬਾ ਫ਼ਰੀਦ ਦਾ ਸ਼ਲੋਕ ਹੈ :-

ਬਾਟ ਹਮਾਰੀ ਖਰੀ ਉਡੀਣੀ

ਇਸੇ ਭਾਵ ਨੂੰ ਗ਼ੁਲਾਮ ਫਰੀਦ ਇੰਜ ਪੇਸ਼ ਕਰਦਾ ਹੈ:-

ਦਿਲ ਪ੍ਰੇਮ ਨਗਰ ਡੂੰ ਤਾਂਘੇ, ਜਿਥਾਂ ਪੈਂਡੇ ਸਖ਼ਤ ਅੜਾਂਗੇ,
ਨਾ ਰਾਹ ਫਰੀਦ ਨਾ ਲਾਂਘੇ, ਹੈ ਪੰਧ ਬਹੂੰ ਮੁਸ਼ਕਲ ਦਾ।

ਏਸੇ ਤਰ੍ਹਾਂ ਬੁਲ੍ਹੇ ਦਾ ਕਲਾਮ ਹੈ — ਕਿਤੇ ਚੋਰ ਬਣੇ ਕਿਤੇ ਕਾਜ਼ੀ ਹੋ
ਕਿਤੇ ਮਿੰਬਰ ਤੇ ਬਹਿ ਕਜ਼ੀ ਹੋ ...

ਤੇ ਗ਼ੁਲਾਮ ਫਰੀਦ ਆਖਦਾ ਹੈ:-

ਅਸਾਂ ਸੋ ਬਦਮਸਤ ਕਲੰਦਰ ਹੂੰ
ਕਡੀ ਮਸਜਦ ਹੂੰ ਕਡੀ ਮੰਦਿਰ ਹੂੰ
ਕਡੀ ਚੋਰ ਬਣੂੰ ਕਦੀ ਸਾਧ ਬਣੂੰ
ਕਡੀ ਤੌਬਾ ਇਸਤਗਫ਼ਾਰ ਬਣੂੰ
ਕਡੀ ਜ਼ਾਹਿਦ ਅਬਾਦਤਕਾਰ ਬਣੂੰ
ਕਡੀ ਫਸਕ ਫਜੂਰੀ ਅੰਦਰ ਹੂੰ।

"ਪੰਜਾਬੀ ਸੂਫ਼ੀ ਕਾਵਿ ਇਤਿਹਾਸ ਵਿਚ ਖ਼੍ਵਾਜਾ ਗ਼ੁਲਾਮ ਫਰੀਦ ਨੇ ਸਭ ਤੋਂ ਵਧ ਕਲਾਮ ਰਚਿਆ। ਸਭ ਤੋਂ ਵਧੇਰੇ ਕਾਫ਼ੀਆਂ ਕਹੀਆਂ ਹਨ। ਸਭ ਤੋਂ ਚੰਗੇਰੇ ਇਨ੍ਹਾਂ ਵਿਚ ਰੰਗ ਭਰੇ ਹਨ। ਸਭ ਤੋਂ ਵੱਧ ਬਹਿਰ ਵਰਤੇ ਹਨ, ਅਲੰਕਾਰਾਂ, ਬਿੰਬਾਂ, ਚਿੰਨ੍ਹਾਂ ਦਾ ਕੋਈ ਅੰਤ ਨਹੀਂ। ਸਾਰੀਆਂ ਕਾਫ਼ੀਆਂ ਵਿਚ ਸੂਫ਼ੀ ਰੰਗ ਕਿਧਰੇ ਫਿੱਕਾ ਨਹੀਂ ਪੈਂਦਾ। ਬੋਲੀ ਪੁਖ਼ਤਾ ਤੇ ਰਚਨਹਾਰਾ ਉੱਤਮ ਫਨਕਾਰ ਹੈ।"[52]

---

52. ਸੀਤਲ, ਜੀਤ ਸਿੰਘ, "ਪੰਜਾਬੀ ਸਾਹਿੱਤ ਦਾ ਆਲੋਚਨਾਤਮਿਕ ਇਤਿਹਾਸ", ਪੰ.553.

" ਇਕ ਕੱਟੜ ਪਰੰਪਰਾਵਾਦੀ ਹੋਣ ਦੇ ਨਾਤੇ, ਉਹ ਕਵਿਤਾ ਨੂੰ ਸੰਗੀਤ ਨਾਲ ਇਕਸੁਰ ਕਰ ਦਿੰਦਾ ਹੈ ਅਤੇ ਸਾਰੇ ਪ੍ਰਸਿੱਧ ਰਾਗ ਰਾਗਣੀਆਂ ਦੀ ਵਰਤੋਂ ਕਰਦਾ ਹੈ । ਪ੍ਰਕ੍ਰਿਤੀ ਸੰਬੰਧੀ ਉਸ ਦਾ ਵਰਣਨ ਬਹੁਤ ਹੱਦ ਤਕ ਮੌਲਿਕ ਹੈ। ਭਾਵੇਂ ਕਾਫ਼ੀਆਂ ਦੀ ਭਾਸ਼ਾ ਮੁਲਤਾਨੀ ਹੈ ਪਰ ਇਸ ਦਾ ਬਾਹਰੀ ਢਾਂਚਾ ਟਕਸਾਲੀ ਪੰਜਾਬੀ ਵਾਲਾ ਹੈ। "[53]

ਤਨਵੀਰ ਬੁਖ਼ਾਰੀ, ਮਸਨਵੀ ਮੌਲਾਨਾ ਰੂਮ ਦੇ ਹਵਾਲੇ ਨਾਲ ਆਖਦੇ ਹਨ –
" ਉਹਦੀ ਆਵਾਜ਼ ਪਰ੍ਹਿਆਂ ਤੇ ਪਿੜ ਨੂੰ ਸੁਣੱਖਿਆਂ ਕਰ ਦੇਂਦੀ ਤੇ ਉਹਦੇ ਗਾਵਣੋਂ ਇਕ ਕਿਆਮਤ ਜੇਹੀ ਮਚ ਪੈਂਦੀ, ਉਹ ਅਸਰਾਫੀਲ ਜੇਹਾ ਗਵੱਈਆ, ਜੀਹਦੀ ਆਵਾਜ਼ ਦੇ ਅਸਰੋਂ ਮੁਰਦਿਆਂ ਵਿਚ ਜਾਨ ਪੈ ਜਾਏ। "[54]

*****

---

53. ਮੋਹਨ ਸਿੰਘ (ਡਾ:)," ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟ੍ਰੇਚਰ "ਅੰਮ੍ਰਿਤਸਰ, 1951, ਪੰਨਾ 150-151.

54. ਤਨਵੀਰ ਬੁਖ਼ਾਰੀ - ਉਹੀ(ਨੰ:49), ਪੰਨਾ 199.

ਅਧਿਆਇ ਬਾਰ੍ਹਵਾਂ

# ਨਚੋੜ ਤੇ ਸਿੱਟੇ

## ਨਚੋੜ ਤੇ ਸਿੱਟੇ

ਉਨ੍ਹੀਵੀਂ ਸਦੀ ਈਸਵੀ ਦੇ ਦੂਜੇ ਅੱਧ ਵਿਚ ਰਚੇ ਗਏ ਸਮੁੱਚੇ ਪੰਜਾਬੀ ਸਾਹਿੱਤ ਦੇ ਭਿੰਨ ਭਿੰਨ ਪੱਖਾਂ ਉਤੇ ਸਰਵ-ਪੱਖੀ ਵਿਚਾਰ ਕਰਨ ਉਪ੍ਰੰਤ, ਅਸੀਂ ਹੇਠ ਲਿਖੇ ਸਿੱਟਿਆਂ ਤੇ ਪੁੱਜਦੇ ਹਾਂ:-

1. ਇਸ ਕਾਲ ਵਿਚ ਰਚੇ ਗਏ ਸਾਹਿੱਤ ਨੂੰ ਪੁਰਾਤਨ ਸਾਹਿੱਤ ਅਤੇ ਆਧੁਨਿਕ ਸਾਹਿੱਤ ਦੇ ਵਿਚਕਾਰ ਇਕ ਪੁਲ ਆਖਿਆ ਜਾ ਸਕਦਾ ਹੈ। ਪੁਰਾਤਨਤਾ ਤੋਂ ਨਵੀਨਤਾ ਵਲ ਨੂੰ ਮੋੜਾ, ਉਹ ਸਾਰੇ ਕਾਰਨ, ਪ੍ਰਸਥਿਤੀਆਂ, ਵਾਤਾਵਰਣ ਜਾਂ ਅਨੁਯਾਈ ਤੇ ਅਨੁਸਾਰੀ ਸ਼ਕਤੀਆਂ ਜਿਹੜੀਆਂ ਕਿਸੇ ਸਾਹਿੱਤ ਦੇ ਆਧੁਨਿਕੀ-ਕਰਣ ਵਿਚ ਸਹਾਈ ਹੁੰਦੀਆਂ ਹਨ, ਉਨ੍ਹਾਂ ਸਭਨਾਂ ਦੇ ਪ੍ਰਤੱਖ ਪ੍ਰਮਾਣ, ਆਪਣੇ ਭਰਪੂਰ ਤੇ ਸ਼ਕਤੀਸ਼ਾਲੀ ਰੂਪ ਵਿਚ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ। ਨਵੇਂ ਧਾਰਮਕ, ਸਮਾਜਕ, ਰਾਜਸੀ ਤੇ ਆਰਥਕ ਵਾਤਾਵਰਣ ਵਿਚ ਦੋ ਸਭਿਆਤਾਵਾਂ ਦੇ ਟਕਰਾਉ ਤੇ ਸੁਮੇਲ ਨਾਲ ਪੰਜਾਬੀਆਂ ਵਿਚ ਜਿਹੜੀ ਆਪੇ ਦੀ ਸੋਝੀ ਆਈ ਅਤੇ ਸੁਚੇਤ ਰੂਪ ਵਿਚ, ਉਹ ਜਿਸ ਅੰਤਰ-ਨਿਰੀਖਣ ਤੇ ਬਾਹਰੀ ਵਰਤਾਰੇ ਦੇ ਅਮਲ ਵਿਚ ਜੁਟ ਪਏ, ਉਨ੍ਹਾਂ ਦੇ ਫਲਸਰੂਪ ਰਚੇ ਗਏ ਸਾਹਿੱਤ ਨੂੰ ਜਾਗ੍ਰਤੀ ਕਾਲ ਦਾ ਨਾਂ ਦੇਣਾ ਵਧੇਰੇ ਉਚਿੱਤ ਪ੍ਰਤੀਤ ਹੁੰਦਾ ਹੈ। ਇਸ ਕਾਲ ਨੂੰ ਸਾਹਿੱਤ ਦਾ ਪਰਿਵਰਤਨ ਕਾਲ ਆਖਣਾ ਇਸ ਲਈ ਠੀਕ ਨਹੀਂ ਕਿਉਂਜੋ ਪਰਿਵਰਤਨ ਦਾ ਅਮਲ, ਆਪਣੀ ਨਿਸ਼ਚਿਤ ਸੇਧ ਵਿਚ ਵੀਹਵੀਂ ਸਦੀ ਦੇ ਪਹਿਲੇ ਦੋ ਤਿੰਨ ਦਹਾਕਿਆਂ ਵਿਚ ਜਾਰੀ ਰਿਹਾ ਅਤੇ 1930 ਈ. ਦੇ ਨੇੜੇ ਤੇੜੇ ਹੀ ਇਸ ਵਿਚ ਆਧੁਨਿਕ ਸਾਹਿੱਤ ਵਾਲੇ ਸਾਰੇ ਲੱਛਣ ਪੂਰਨ ਰੂਪ ਵਿਚ ਪ੍ਰਦਰਸ਼ਤ ਹੋਏ। ਹੋਰ ਭਾਸ਼ਾਵਾਂ ਦੀ ਦੇਖਾ ਦੇਖੀ ਸਾਡੇ ਕੁਝ ਵਿਦਵਾਨਾਂ ਨੇ ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਉਪ੍ਰੰਤ, ਰਚੇ ਗਏ ਸਾਹਿੱਤ ਨੂੰ ਆਧੁਨਿਕ ਆਖਣਾ ਸ਼ੁਰੂ ਕਰ ਦਿੱਤਾ, ਜਿਹੜਾ ਠੀਕ ਨਹੀਂ।

2. ਬਦੇਸ਼ੀ ਰਾਜ ਅਧੀਨ ਸਿੱਧੇ ਜਾਂ ਅਸਿੱਧੇ ਢੰਗ ਨਾਲ ਪੱਛਮੀ ਪ੍ਰਭਾਵ ਹਰ ਵਰਗ ਜਾਂ ਹਰ ਸ਼੍ਰੇਣੀ ਤੇ ਪੈਣ ਲਗੇ। ਬਦੇਸ਼ੀ ਸਭਿੱਅਤਾ, ਨਵੀਆਂ ਰਾਜ-ਪ੍ਰਬੰਧਕੀ ਸੰਸਥਾਵਾਂ, ਪੱਛਮੀ ਢੰਗ ਦੀ ਸਿੱਖਿਆ ਪ੍ਰਣਾਲੀ, ਵਿਗਿਆਨਕ ਕਾਢਾਂ ਦਾ ਪਸਾਰ, ਪ੍ਰੈਸ ਤੇ ਅਖ਼ਬਾਰਾਂ ਆਦਿ ਨੇ ਪੰਜਾਬ ਵਿਚ ਇਕ ਨਵਾਂ ਵਾਤਾਵਰਣ ਪੈਦਾ ਕਰ ਦਿੱਤਾ, ਜਿਸ ਨਾਲ ਸਾਹਿੱਤ ਸਿਰਜਣਾ ਦੇ ਆਧਾਰ ਬਦਲਣ ਲਗੇ। ਅਧਿਆਤਮਕ ਤੇ ਸਦਾਚਾਰਕ ਵਿਸ਼ਿਆਂ ਦੇ ਨਾਲ ਸਮਾਜਕ ਤੇ ਪਦਾਰਥਕ ਵਿਸ਼ੇ ਲਿਆਂਦੇ ਜਾਣ ਲੱਗੇ। ਸ਼ੈਲੀ, ਵਿਚਾਰ ਤੇ ਰੂਪ ਦੀ ਦ੍ਰਿਸ਼ਟੀ ਤੋਂ ਸਾਹਿੱਤ ਦੀ ਅਨੇਕ-ਰੂਪਤਾ ਵਿਚ ਵਾਧਾ ਹੋਣ ਲੱਗਾ। ਆਪਣੇ ਅਤੀਤ ਬਾਰੇ ਲੋਕਾਂ ਵਿਚ ਨਵੀਂ ਸੋਝੀ ਆਉਣ ਲੱਗੀ। ਸਮਾਜਕ ਅਕੀਦਿਆਂ ਜਾਂ ਧਾਰਨਾਵਾਂ ਸੰਬੰਧੀ ਅੰਧ-ਵਿਸ਼ਵਾਸ ਸਮਾਪਤ ਹੋਣ ਲਗ ਪਿਆ। ਅੰਤਰ-ਜਾਤੀ ਸੰਬੰਧਾਂ ਦਾ ਨਕਸ਼ਾ

ਬਦਲ ਗਿਆ। ਹਰ ਜਾਤੀ ਆਪਣੇ ਆਪੇ ਵਿਚ ਸਿਮਟ ਗਈ ਤੇ ਆਪਣੇ ਮਤ ਜਾਂ ਧਰਮ ਦੇ ਹਿਤਾਂ ਤੋਂ ਲਾਂਭੇ ਉਨ੍ਹਾਂ ਦੀ ਸੋਚ ਕੌਮ ਕਰਨੋਂ ਹਟ ਗਈ। ਆਪਣੇ ਧਰਮ ਜਾਂ ਫ਼ਿਰਕੇ ਨੂੰ ਬਾਕੀ ਧਰਮਾਂ ਨਾਲੋਂ ਉੱਤਮ ਜਾਂ ਸ੍ਰੇਸ਼ਟ ਸਿੱਧ ਕਰਨ ਦੇ ਯਤਨ, ਧਰਮ ਤੇ ਸਮਾਜ ਸੁਧਾਰ ਦੀਆਂ ਭਿੰਨ ਭਿੰਨ ਲਹਿਰਾਂ ਦੇ ਰੂਪ ਵਿਚ ਪ੍ਰਗਟ ਹੋਣ ਲੱਗੇ। ਇਸ ਨੇ ਨਵੇਂ ਅੰਤਰ-ਜਾਤੀ ਵਿਰੋਧਾਂ ਤੇ ਸੰਪਰ-ਦਾਇਕ ਵਖੇਵਿਆਂ ਨੂੰ ਜਨਮ ਦਿੱਤਾ, ਜਿਸ ਨਾਲ ਸਾਂਝੀ ਪੰਜਾਬੀ ਕੌਮ ਦਾ ਸੰਕਲਪ ਜਾਂਦਾ ਰਿਹਾ। ਇਨ੍ਹਾਂ ਸਾਰੀਆਂ ਤਬਦੀਲੀਆਂ, ਪ੍ਰਸਥਿਤੀਆਂ, ਸੁਧਾਰਾਂ ਤੇ ਸ਼ਕਤੀਆਂ ਦੁਆਰਾ ਪੰਜਾਬ ਵਿਚ ਨਿਰ-ਸੰਦੇਹ ਇਕ ਨਵੇਂ ਯੁਗ ਦਾ ਆਰੰਭ ਹੋਇਆ ਤੇ ਇਸ ਯੁਗ-ਚੇਤਨਾ ਦਾ ਪ੍ਰਗਟਾਵਾ ਉਸ ਕਾਲ ਵਿਚ ਰਚੇ ਸਾਹਿੱਤ ਦੁਆਰਾ ਹੋਇਆ।

3. ਸਭ ਤੋਂ ਡੂੰਘਾ, ਬਹੁ-ਪੱਖੀ ਤੇ ਚਿਰ-ਸਥਾਈ ਪ੍ਰਭਾਵ, ਵਿਦਿੱਅਕ ਤੇ ਸਾਹਿੱਤਕ ਖੇਤਰਾਂ ਵਿਚ ਪਿਆ। ਅਖ਼ਬਾਰਾਂ, ਰਸਾਲਿਆਂ, ਪੈਂਫਲਿਟਾਂ, ਟ੍ਰੈਕਟਾਂ, ਪੁਸਤਕਾਂ ਤੇ ਗ੍ਰੰਥਾਂ ਦੀ ਸਿਰਜਣਾ ਨਾਲ ਇਕ ਨਵਾਂ ਸਾਹਿੱਤਕ ਮਾਹੌਲ ਪੈਦਾ ਹੋ ਗਿਆ; ਤੇ ਰਚਿਆ ਗਿਆ ਮਣਾਂ-ਮੂੰਹੀਂ ਸਾਹਿੱਤ, ਆਵਾਜਾਈ, ਪ੍ਰਚਾਰ ਤੇ ਪਸਾਰ ਦੇ ਨਵੇਂ ਸਾਧਨਾਂ ਰਾਹੀਂ, ਨਵੀਂ ਸਿਖਸ਼ਤ ਜਨਤਾ ਦੇ ਹੱਥਾਂ ਵਿਚ ਘਰੋ ਘਰੀ ਪੁਚਾਇਆ ਗਿਆ। ਭਾਵੇਂ ਬਹੁਤਾ ਸਾਹਿੱਤ ਪ੍ਰਚਾਰ ਦੇ ਆਸ਼ੇ ਨਾਲ ਰਚਿਆ ਗਿਆ ਤੇ ਇਸ ਦੀ ਪੱਧਰ ਵੀ ਉੱਚੀ ਨਹੀਂ ਸੀ ਪਰ ਨਿਸਚੇ ਹੀ ਇਸ ਨੇ ਵਧੇਰੇ ਗੰਭੀਰ ਤੇ ਉੱਤਮ ਸਾਹਿੱਤ ਲਈ ਪਾਠਕ-ਵਰਗ ਪੈਦਾ ਕਰਨ ਲਈ, ਭੋਇੰ ਤਿਆਰ ਕੀਤੀ।

4. ਜਾਤੀ-ਵੰਡ ਜਾਂ ਜਾਤੀ-ਵਿਰੋਧ ਦੀ ਪ੍ਰਬਲ ਭਾਵਨਾ ਦੇ ਬਾਵਜੂਦ ਸਮਾਨ ਪ੍ਰਸਥਿਤੀਆਂ ਤੇ ਸਮਾਨ ਸਮੱਸਿਆਵਾਂ ਵਿਚ ਗ੍ਰਸੇ ਹੋਣ ਕਰ ਕੇ ਸਾਰੇ ਧਰਮਾਂ ਤੇ ਸਾਰੀਆਂ ਭਾਸ਼ਾਵਾਂ ਵਿਚ ਰਚੇ ਗਏ ਸਾਹਿੱਤ ਵਿਚ ਇੱਕੋ ਜਿਹੀ ਸਪਿਰਟ, ਪਰਵਿਰਤੀ ਜਾਂ ਪੱਧਰ ਦਿਖਾਈ ਦਿੰਦੀ ਹੈ। ਵਰਤਮਾਨ ਕਾਲ ਨਜਿੱਠਣ ਦੇ ਅਸਮਰੱਥ ਹੋਣ ਕਰ ਕੇ, ਸਭਨਾਂ ਦਾ ਪ੍ਰੇਰਣਾ ਸ੍ਰੋਤ ਆਪਣਾ ਭੂਤ ਜਾਂ ਆਪਣਾ ਪੁਰਾਤਨ ਵਿਰਸਾ ਬਣ ਗਿਆ। ਸਾਹਿੱਤ ਲਈ ਇਤਿਹਾਸਕ, ਅਰਧ-ਇਤਿਹਾਸਕ ਜਾਂ ਮਿਥਿਹਾਸਕ ਸਾਮੱਗ੍ਰੀ ਇਕੱਤ੍ਰ ਕੀਤੀ ਜਾਣ ਲਗੀ ਤਾਂ ਜੋ ਆਪਣੇ ਧਰਮ ਦੀ ਗੌਰਵਤਾ ਤੇ ਸ੍ਰੇਸ਼ਟਤਾ ਨੂੰ ਦਰਸਾ ਕੇ ਨਿਰਾਸ਼ਾਵਾਦ ਵਿਚ ਡੁੱਬੀ, ਵਿਸ਼ਾਦ-ਗ੍ਰਸਤ ਤੇ ਢਾਊ ਬਿਰਤੀਆਂ ਦੀ ਸ਼ਿਕਾਰ ਕੌਮ ਨੂੰ ਨਵਾਂ-ਮਨੋਬਲ ਦਿਤਾ ਜਾ ਸਕੇ। ਭੂਤ ਨੂੰ ਉਚਿਆਉਣ ਤੇ ਆਦਰਸ਼ਿਆਉਣ ਦੀ ਇਹ ਰੁਚੀ ਉਸ ਵੇਲੇ ਦੇ ਸਮੁੱਚੇ ਸਾਹਿੱਤ ਵਿਚ ਦੇਖੀ ਜਾ ਸਕਦੀ ਹੈ।

5. ਕਈ ਸਦੀਆਂ ਤੋਂ ਜੰਗਾਂ ਯੁੱਧਾਂ ਵਿਚ ਰੁਝੇ ਰਹਿਣ ਕਰ ਕੇ ਸਿੱਖ ਅਨਪੜ੍ਹ ਰਹਿ ਗਏ। ਆਪਣੇ ਇਤਿਹਾਸ ਦੀ ਵਿਆਖਿਆ ਜਾਂ ਧਾਰਮਕ ਮਾਨ-ਮਰਯਾਦਾ ਲਈ ਵੀ ਉਹ ਪੂਰੀ ਤਰ੍ਹਾਂ ਨਿਪੁੰਨ ਨਹੀਂ ਸਨ। ਨਿਰਮਲੇ ਤੇ ਉਦਾਸੀ ਵੀ ਗੁਰਮਤਿ ਦੀ ਜਿਹੜੀ ਵਿਆਖਿਆ ਕਰਦੇ ਸਨ,

ਉਹ ਸ਼ਾਸਤ੍ਰੀ ਜਾਂ ਪਰੰਪਰਾਈ ਢੰਗ ਦੀ ਹੀ ਹੁੰਦੀ ਸੀ, ਜਿਸ ਲਈ ਬ੍ਰਜੀ ਭਾਸ਼ਾ ਤੇ ਗੁਰਮੁੱਖੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਸੀ। ਹਿੰਦੂ ਵਿਦਵਾਨ ਵੀ ਵਧੇਰੇ ਕਰ ਕੇ ਜੀਵਨ ਨਾਲੋਂ ਟੁੱਟੇ, ਪੁਰਾਤਨ ਵਿਰਸੇ ਦੇ ਦੁਆਲੇ ਹੀ ਘੁੰਮਦੇ ਰਹੇ ਤੇ ਪੰਜਾਬ ਵਿਚ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਵੀ ਬ੍ਰਜੀ ਵਿਚ ਕਰਦੇ ਰਹੇ ਅਤੇ ਗੁਰਮੁਖੀ ਲਿੱਪੀ ਤੇ ਬ੍ਰਜੀ ਵਿਚ ਮਣਾਂ-ਮੂੰਹੀਂ ਸਾਹਿੱਤ ਦੀ ਸਿਰਜਣਾ ਕੀਤੀ। ਮੁਸਲਮਾਨ ਆਪਣੇ ਧਾਰਮਕ ਵਿਰਸੇ ਦੀ ਖੋਜ ਦੇ ਨਾਲ ਨਾਲ ਲੋਕ-ਜੀਵਨ ਨਾਲ ਵੀ ਪੂਰੀ ਤਰ੍ਹਾਂ ਜੁੜੇ ਰਹੇ ਤੇ ਲੋਕ ਜਜ਼ਬਿਆਂ ਦੀ ਤਰਜਮਾਨੀ ਪੰਜਾਬੀ ਵਿਚ ਇਸ਼ਕੀਆ ਕਿੱਸੇ ਲਿਖ ਕੇ ਕਰਦੇ ਰਹੇ, ਭਾਵੇਂ ਲਿੱਪੀ ਫ਼ਾਰਸੀ ਵਰਤੀ ਗਈ।

ਇਸ ਕਾਲ ਵਿਚ ਬਦੇਸ਼ੀ ਸਰਕਾਰ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਫਲਸਰੂਪ ਸੰਪਰਦਾਇਕ ਵਖੇਵੇਂ ਇਸ ਹੱਦ ਤਕ ਵਧ ਗਏ ਕਿ ਹਿੰਦੂ ਵਿਦਵਾਨ ਹਿੰਦੀ ਭਾਸ਼ਾ ਤੇ ਦੇਵਨਾਗਰੀ ਲਿੱਪੀ ਨੂੰ ਅਪਨਾਉਣ ਲੱਗੇ। ਉਰਦੂ ਦੇ ਸਰਕਾਰੀ ਭਾਸ਼ਾ ਬਣਨ ਕਰ ਕੇ ਅਤੇ ਮੁਸਲਮਾਨਾਂ ਵਿਚ ਨਵੇਂ ਜਾਗੀ ਉਭਾਰ ਕਰ ਕੇ, ਉਨ੍ਹਾਂ ਨੇ ਪੰਜਾਬੀ ਦਾ ਸਾਥ ਛੱਡ ਦਿੱਤਾ। ਪੰਜਾਬੀ ਕੇਵਲ ਸਿੱਖਾਂ ਜੋਗੀ ਰਹਿ ਗਈ। ਨਵੇਂ ਅਨੁਯਾਈ ਵਾਤਾਵਰਣ ਦੇ ਬਾਵਜੂਦ, ਸਾਰੇ ਪੰਜਾਬੀਆਂ ਨੇ ਇਕ ਕੌਮ ਵਜੋਂ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਮੰਨਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਸਾਹਿੱਤ ਦੀ ਉਪਜ ਤੇ ਗਤੀ ਬਹੁਤ ਮੱਧਮ ਰਹੀ।

6. ਇਸ ਕਾਲ ਦੇ ਸਮੁੱਚੇ ਸਾਹਿੱਤ ਉਤੇ ਪਰੰਪਰਾ ਦੀ ਛਾਪ ਪ੍ਰਤੱਖ ਦਿਖਾਈ ਦਿੰਦੀ ਹੈ। ਕਲਾ-ਰੂਪ ਜਾਂ ਕਲਾ-ਸਾਧਨ ਨਵੇਂ ਹੋਣ ਦੇ ਬਾਵਜੂਦ, ਵਿਸ਼ੇ ਤੇ ਉਨ੍ਹਾਂ ਦਾ ਨਿਭਾ ਜਾਂ ਉਨ੍ਹਾਂ ਪ੍ਰਤੀ ਦ੍ਰਿਸ਼ਟੀ ਪੁਰਾਣੀ ਹੀ ਰਹੀ। ਪੁਰਾਤਨ ਧਰਮ, ਦਰਸ਼ਨ, ਸਭਿੱਅਤਾ ਜਾਂ ਸੰਸਕ੍ਰਿਤੀ ਤੋਂ ਛੁਟ ਜੇ ਕੋਈ ਸਮਕਾਲੀ ਸਮੱਸਿਆ ਜਾਂ ਸਾਮਿਅਕ ਘਟਨਾ ਬਿਆਨੀ ਵੀ ਗਈ ਤਾਂ ਉਸ ਵਿਚ ਕਿਸੇ ਉਚੇਰੇ ਜੀਵਨ ਆਦਰਸ਼ਾਂ, ਜਾਂ ਸਦੀਵੀ ਮਨੁਖੀ ਕਦਰਾਂ-ਕੀਮਤਾਂ ਦਾ ਅਭਾਵ ਹੀ ਰਿਹਾ। ਲੇਖਕਾਂ ਦਾ ਬਹੁਤਾ ਧਿਆਨ ਸਾਧਾਰਨ ਪਾਠਕਾਂ ਦੀ ਮਾਨਸਿਕ ਤੇ ਬੌਧਿਕ ਪੱਧਰ ਦੇ ਸਮੀਪ ਰਹਿ ਕੇ ਉਨ੍ਹਾਂ ਦੇ ਮਨੋਭਾਵਾਂ, ਵਿਚਾਰਾਂ ਜਾਂ ਰੁਚੀਆਂ ਨੂੰ ਸੰਤੁਸ਼ਟ ਜਾਂ ਉਤੇਜਿਤ ਕਰਨ ਵਲ ਹੀ ਰਹਿੰਦਾ। ਇਸ ਨਾਲ ਲੇਖਕ ਤੇ ਪਾਠਕਾਂ ਵਿਚਕਾਰ ਇਕ ਭਾਵਕ ਸਾਂਝ ਜ਼ਰੂਰ ਕਾਇਮ ਰਹਿੰਦੀ । ਪਰ ਕੌਮੀ ਭਾਵਨਾ ਜਾਂ ਰਾਜਸੀ ਚੇਤੰਨਤਾ ਦੇ ਕੋਈ ਵੀ ਪਰਮਾਣ ਇਸ ਕਾਲ ਦੇ ਸਾਹਿੱਤ ਵਿੱਚੋਂ ਨਹੀਂ ਮਿਲਦੇ।

7. ਸਾਹਿੱਤ ਦੇ ਇਸ ਕਾਲ ਨੂੰ ਕਿੱਸਾ ਕਾਵਿ ਦਾ ਸਿਖ਼ਰ ਆਖਿਆ ਜਾ ਸਕਦਾ ਹੈ। ਇਹ ਪਰੰਪਰਾ ਆਪਣਾ ਭਰਪੂਰ ਜੋਬਨ ਦਿਖਾ ਕੇ, ਵੀਹਵੀਂ ਸਦੀ ਦੇ ਚੜ੍ਹਾ ਨਾਲ ਮੱਧਮ ਪੈਣ ਲੱਗੀ। ਹਰ ਕਵੀ ਨੇ ਆਪਣੀ ਸਮਰੱਥਾ, ਸੂਝ, ਰੁਚੀ, ਸੂਭਾ ਤੇ ਪ੍ਰਸਥਿਤੀਆਂ ਅਨੁਸਾਰ ਵੱਧ ਤੋਂ ਵੱਧ

ਕਿੱਸੇ ਲਿਖੇ । ਪੁਰਾਣੀਆਂ ਪਰਚਲਿਤ ਪ੍ਰੇਮ ਕਥਾਵਾਂ ਤੋਂ ਛੁਟ ਨਵੀਆਂ ਕਹਾਣੀਆਂ, ਯਥਾ ਚੰਦਰ ਬਦਨ, ਹਉਮਤਾਈ, ਸ਼ਾਹ ਬਹਿਰਾਮ, ਬਦੀਅਲ-ਜਮਾਲ, ਰਾਜਾ ਰਸਾਲੂ, ਰੂਪ ਬਸੰਤ, ਕਾਮ ਰੂਪ ਤੇ ਸੈਫੁਲ-ਮਲੂਕ ਨੂੰ ਵੀ ਕਿੱਸਾ-ਕਾਵਿ ਦਾ ਸ਼ਿੰਗਾਰ ਬਣਾਇਆ ਤੇ ਇਸ ਲਈ ਮਸਨਵੀ ਕਾਵਿ-ਰੂਪ ਨੂੰ ਅਪਣਾਇਆ। ਕੇਂਦਰੀ ਤੇ ਪੱਛਮੀ ਪੰਜਾਬ ਤੋਂ ਛੁਟ ਪਹਿਲੀ ਵਾਰੀ ਮਾਲਵਾ ਵੀ ਕਿੱਸਾ-ਕਾਵਿ ਦਾ ਕੇਂਦਰ ਬਣਿਆ। ਦਮੋਦਰ ਤੋਂ ਪਿੱਛੋਂ ਪਹਿਲੀ ਵਾਰੀ ਇਸ ਕਾਲ ਵਿਚ ਹੀ ਬਹੁਤ ਵੱਡੀ ਮਾਤ੍ਰਾ ਵਿਚ ਗੈਰ-ਮੁਸਲਮਾਨ ਕਵੀਆਂ ਨੇ ਕਿੱਸਾ-ਕਾਰੀ ਰਾਹੀਂ ਆਪਣੀ ਕਾਵਿ-ਪ੍ਰਤਿਭਾ ਦਾ ਪ੍ਰਗਟਾਵਾ ਕੀਤਾ। ਮਾਲਵੇ ਦੇ ਕਿੱਸਾਕਾਰਾਂ ਨੇ ਹਿੰਦੂ ਵਿਚਾਰਧਾਰਾ ਨਾਲ ਸੰਬੰਧਿਤ ਕਹਾਣੀਆਂ ਲੈ ਕੇ ਕਿੱਸੇ ਲਿਖੇ ਤੇ ਇਨ੍ਹਾਂ ਰਾਹੀਂ ਸਦਾਚਾਰਕ ਸਿੱਖਿਆ ਦੇਣ ਦਾ ਯਤਨ ਕੀਤਾ । ਕੁਝ ਕੁ ਕਿੱਸੇ ਨਿਰੋਲ ਸਥਾਨਕ ਰੰਗਣ ਜਾਂ ਸਥਾਨਕ ਦ੍ਰਿਸ਼ਟੀ ਵਾਲੇ ਵੀ ਪਹਿਲੀ ਵਾਰ ਰਚੇ ਗਏ। ਉਨ੍ਹੀਵੀਂ ਸਦੀ ਦੇ ਪ੍ਰਥਮੇ ਨਾਲ ਬਿਰਹਾ-ਵਿਯੋਗ ਦੀ ਕਵਿਤਾ ਮੱਧਮ ਪੈਣ ਲੱਗੀ।

ਜਿੱਥੇ ਪੁਰਾਣੇ ਸਾਰੇ ਕਿੱਸਾ-ਕਾਵਿ ਉੱਤੇ ਇਸਲਾਮੀ ਸਭਿਆਚਾਰ ਦਾ ਪ੍ਰਭਾਵ ਸੀ, ਉੱਥੇ ਇਸ ਕਾਲ ਵਿਚ ਹਿੰਦੂ ਸਭਿਆਚਾਰ ਨੂੰ ਵੀ ਸੁਚੇਤ ਰੂਪ ਵਿਚ ਲਿਆਂਦਾ ਜਾਣ ਲੱਗ ਪਿਆ। ਭਾਵੇਂ ਕਿੱਸਿਆਂ ਦਾ ਆਧਾਰ ਪਿਆਰ ਜਾਂ ਬਿਰਹਾ-ਵਿਯੋਗ ਹੀ ਰਿਹਾ ਪਰ ਕਹਾਣੀ ਸਰਲ ਦੀ ਥਾਂ ਵਧੇਰੇ ਵਸਤੂ-ਜਟਿਲ ਹੋਣ ਲੱਗ ਪਈ। ਪੁਰਾਣੇ ਕਿੱਸਿਆਂ ਦੀ ਪੱਧਰ ਨਿਸਚੇ ਹੀ ਡਿਗੀ ਪਰ ਨਵੇਂ ਕਿੱਸਿਆਂ ਦੀ ਨਵੀਨਤਾ ਨੇ ਕਿੱਸਾ-ਕਾਵਿ ਵਿਚ ਲੋਕਾਂ ਦੀ ਦਿਲਚਸਪੀ ਕਾਇਮ ਰੱਖੀ।

ਇਸ ਕਾਲ ਵਿਚ ਜਿੰਨੀਆਂ ਸੀਹਰਫ਼ੀਆਂ, ਮਾਝਾਂ ਜਾਂ ਬਾਰਾਂ-ਮਾਹ ਲਿਖੇ ਗਏ, ਉਹ ਇਸ ਤੋਂ ਪਹਿਲਾਂ ਜਾਂ ਪਿੱਛੋਂ ਕਦੇ ਵੀ ਸਾਹਮਣੇ ਨਹੀਂ ਆਏ। ਕਾਵਿ-ਛੰਦਾਂ ਵਿੱਚੋਂ ਵੀ ਪ੍ਰਮੁਖ ਸਥਾਨ ਕਬਿੱਤ, ਕੋਰੜੇ ਜਾਂ ਦੋਹਿੜੇ ਨੂੰ ਪ੍ਰਾਪਤ ਹੋਇਆ, ਭਾਵੇਂ ਡਿਉਢਾਂ, ਕੁੰਡਲੀਏ, ਸਤਵਾਰੇ ਜਾਂ ਅਠਵਾਰੇ ਵੀ ਲਿਖੇ ਗਏ। ਕੁਝ ਵਿਦਵਾਨ ਇਸ ਕਾਲ ਨੂੰ 'ਸੀਹਰਫ਼ੀ' ਜਾਂ 'ਬਾਰਾਂ-ਮਾਹ' ਕਾਲ ਦਾ ਨਾਂ ਦੇਣ ਦਾ ਵੀ ਸੁਝਾ ਦਿੰਦੇ ਹਨ।

8. ਕਿੱਸਾ-ਕਾਰੀ ਤੋਂ ਛੁੱਟ ਕਾਵਿ ਸਿਰਜਣਾ ਦਾ ਦੂਜਾ ਪ੍ਰਤਿਨਿਧ ਵਿਸ਼ਾ ਧਰਮ ਸੀ। ਭਾਵੇਂ ਈਸਾਈ, ਸਿੱਖ ਤੇ ਹਿੰਦੂ ਵਿਦਵਾਨਾਂ ਨੇ ਆਪਣੇ ਬਜ਼ੁਰਗਾਂ, ਗੁਰੂਆਂ, ਭਗਤਾਂ, ਸ਼ਹੀਦਾਂ, ਬੀਰਾਂ ਜਾਂ ਯੋਧਿਆਂ ਦੀ ਕਰਨੀ ਤੇ ਸਿੱਖਿਆ ਸੰਬੰਧੀ ਬਹੁਤ ਸਾਰੀ ਕਵਿਤਾ ਰਚੀ ਪਰ ਇਸ ਖੇਤਰ ਵਿਚ ਵੀ ਕਿੱਸਾ-ਕਾਵਿ ਵਾਂਗ ਮੁਸਲਮਾਨ ਕਵੀਆਂ ਦੀ ਦੇਣ ਏਨੀ ਮਹੱਤਵ-ਪੂਰਨ ਹੈ ਕਿ ਸ਼ਾਇਦ ਹੀ ਕੋਈ ਕਵੀ ਅਜਿਹਾ ਹੋਵੇ ਜਿਸ ਨੇ ਇਸਲਾਮੀ ਇਤਿਹਾਸ, ਫਲਸਫੇ, ਵਿਚਾਰ-ਧਾਰਾ, ਰਹੁ-ਰੀਤਾਂ ਜਾਂ ਕੁਰਾਨ ਦੀ ਵਿਆਖਿਆ ਸੰਬੰਧੀ ਕੁਝ ਨਾ ਕੁਝ ਨਾ ਲਿਖਿਆ ਹੋਵੇ। ਇਸ ਕਾਲ ਵਿਚ ਸਾਹਮਣੇ

ਆਈਆਂ ਅਜਿਹੀਆਂ ਕਾਵਿ-ਕ੍ਰਿਤਾਂ ਦਾ ਆਕਾਰ ਕਈ ਸੈਂਕੜੇ ਪੰਨਿਆਂ ਤਕ ਜਾ ਪੁਜਦਾ ਹੈ। ਇਨ੍ਹਾਂ ਸਭ ਕ੍ਰਿਤਾਂ ਦੀ ਭਾਸ਼ਾ ਅਰਬੀ-ਫ਼ਾਰਸੀ ਲੱਦੀ ਠੇਠ ਤੇ ਸ਼ੁਧ ਪੰਜਾਬੀ ਸੀ, ਪਰ ਲਿੱਪੀ ਸਭ ਦੀ ਫ਼ਾਰਸੀ ਸੀ।

9. ਸੂਫ਼ੀ ਕਾਵਿ-ਧਾਰਾ ਦਾ ਵੀ ਇਸ ਸਦੀ ਦੇ ਖ਼ਾਤਮੇ ਨਾਲ ਹੀ ਅੰਤ ਹੋ ਗਿਆ ਤੇ ਨਾਲ ਹੀ 'ਕਾਫ਼ੀ' ਦੇ ਕਾਵਿ-ਰੂਪ ਦਾ। ਬੁਲ੍ਹੇ ਦਾ ਸਿਧਾਂਤ-ਵਾਦ ਹਾਸ਼ਮ ਤਕ ਪੁਜਦਾ ਪੁਜਦਾ ਮੱਧਮ ਪੈਣ ਲੱਗ ਪਿਆ ਸੀ। ਬੁਝਦੇ ਦੀਵੇ ਦੀ ਲਾਟ ਵਾਂਗ ਇਕ-ਵਾਰਗੀ ਹੀ ਇਸ ਕਾਵਿ-ਧਾਰਾ ਦੀ ਜੋਤ ਗ਼ੁਲਾਮ ਫ਼ਰੀਦ ਨਾਲ ਮੁੜ ਚਮਕ ਉਠੀ ਜਿਸ ਨਾਲ ਬਾਬਾ ਫ਼ਰੀਦ ਤੇ ਸ਼ਾਹ-ਹੁਸੈਨ ਵਾਲੀ ਪਰੰਪਰਾ ਦਾ ਪੁਨਰ-ਉਥਾਨ ਹੁੰਦਾ ਪ੍ਰਤੀਤ ਹੋਇਆ। ਪਰ 1901 ਈ. ਵਿਚ ਇਸ ਦੀ ਮ੍ਰਿਤੂ ਨਾਲ ਸੂਫ਼ੀ ਸਾਹਿੱਤ ਦੀ ਲਾਲੀ ਨਿਸ਼ਾ ਦੇ ਹਨੇਰੇ ਵਿਚ ਲੋਪ ਹੋ ਗਈ।

10. ਇਹ ਕਾਲ ਬੀਰ-ਕਾਵਿ ਦੀ ਅਧੋਗਤੀ ਦਾ ਸੀ। ਜਿਥੇ ਹਰ ਯੁਗ ਵਿਚ ਇਸ ਪਰੰਪਰਾ ਨੇ ਪੰਜਾਬੀਆਂ ਦੀ ਜੀਵਨ-ਜੋਤ ਨੂੰ ਪਰਜਵਲਿਤ ਰੱਖਿਆ, ਉਥੇ ਇਸ ਕਾਲ ਵਿਚ ਵੀ ਭਾਵੇਂ ਕੁਝ ਵਾਰਾਂ ਦੀ ਸਿਰਜਣਾ ਹੋਈ ਪਰ ਉਹ ਨਿਰਜਿੰਦ ਸਨ ਤੇ ਕੌਮੀ ਚਰਿਤ੍ਰ ਉਘਾੜਨ ਤੋਂ ਅਸਮਰੱਥ ਸਨ। ਪੰਜਾਬੀ ਤੇ ਵਿਸ਼ੇਸ਼ ਕਰ ਕੇ ਸਿੱਖ ਆਪਣੀ ਹੋਂਦ ਲਈ ਸਦੀਆਂ ਤੋਂ ਲੜਦੇ ਤੇ ਘੋਲ ਕਰਦੇ ਆ ਰਹੇ ਸਨ। ਇਨ੍ਹਾਂ ਦਾ ਸੁਭਾ ਇਹ ਹੈ ਕਿ ਇਹ ਲੜਨ ਤੋਂ ਬਿਨਾਂ ਰਹਿ ਨਹੀਂ ਸਕਦੇ, ਪਰ ਅੰਗਰੇਜ਼ੀ ਰਾਜ ਵਿਚ ਇਨ੍ਹਾਂ ਨੂੰ ਪੈਸੇ ਲਈ ਲੜਨਾ ਪਿਆ। ਇਹ ਲੜਾਈਆਂ ਕੌਮੀ ਭਾਵ ਵਲੋਂ ਸਖਣੀਆਂ ਸਨ ਇਸ ਲਈ ਰਚੀਆਂ ਗਈਆਂ ਵਾਰਾਂ ਦਾ ਸਰੂਪ ਭਿੰਨ ਸੀ ਅਤੇ ਇਨ੍ਹਾਂ ਵਿਚ ਸਾਹਿੱਤਕਤਾ ਦੀ ਘਾਟ ਪ੍ਰਤੱਖ ਹੈ।

11. ਇਸ ਕਾਲ ਦੀ ਸਮੁੱਚੀ ਕਾਵਿ-ਸਿਰਜਣਾ ਵਿਚ ਕਾਵਿ-ਅਨੁਭੂਤੀ ਤੇ ਕਾਵਿ-ਚੇਤੰਨਤਾ ਦਾ ਸੁਮੇਲ ਕਦੇ ਕਦਾਈਂ ਹੀ ਦੇਖਣ ਵਿਚ ਆਉਂਦਾ ਹੈ। ਅਨੁਭਵ ਦੀ ਘਾਟ ਤੇ ਵਿਸ਼ਿਆਂ ਦੀ ਮੌਲਿਕਤਾ ਦੀ ਅਣਹੋਂਦ ਕਰ ਕੇ, ਕਵਿਤਾ ਵਿਚ ਰੂਪਕ ਸਜਾਵਟ, ਸ਼ਾਬਦਕ ਅੜਕ ਮੜਕ ਤੇ ਛੰਦਾਂ ਦੀ ਵੰਨ-ਸਵੰਨਤਾ ਵਲ ਵਧੇਰੇ ਧਿਆਨ ਦਿੱਤਾ ਗਿਆ।

12. ਪੰਜਾਬੀ ਵਾਰਤਕ, ਆਕਾਰ, ਪ੍ਰਕਾਰ, ਵਿਸਥਾਰ, ਵੰਨ-ਸਵੰਨਤਾ ਤੇ ਭਿੰਨਤਾ ਜਾਂ ਅਨੇਕਤਾ ਕਰ ਕੇ ਇਸ ਕਾਲ ਵਿਚ ਪਿਛਲੇ ਸਭ ਕਾਲਾਂ ਨਾਲੋਂ ਵਧ ਰਚੀ ਗਈ। ਪਰ ਸ਼ੈਲੀ ਦੀ ਪਰਪੱਕਤਾ, ਬੌਧਿਕ ਤੇ ਸੂਖ਼ਮ ਗੰਭੀਰਤਾ, ਸਾਹਿੱਤਕ ਸੋਹਜ, ਅਨੂਪਮਤਾ ਤੇ ਕਲਾ-ਕੌਸ਼ਲਤਾ ਦਾ ਨਿਖਾਰ ਜਾਂ ਸੰਚਾਰ ਦਿਖਾਈ ਨਹੀਂ ਦਿੰਦਾ। ਸਾਹਿੱਤ ਸਿਰਜਣਾ ਲਈ ਪਹਿਲੀ ਵਾਰੀ ਵਾਰਤਕ ਨੂੰ ਵੀ ਕਵਿਤਾ ਜਿੰਨਾ ਮਹੱਤਵ ਦਿੱਤਾ ਜਾਣ ਲਗਾ ਅਤੇ ਵਾਰਤਕ-ਕਾਰਾਂ ਨੂੰ ਵੀ ਸਾਹਿੱਤਕਾਰਾਂ

ਵਾਲੀ ਮਾਨਤਾ ਤੇ ਪਦਵੀ ਮਿਲਣ ਲੱਗੀ। ਪਰ ਇਸ ਕਾਲ ਨੂੰ 'ਵਾਰਤਕ ਕਾਲ' ਦਾ ਨਾਂ ਦੇਣਾ ਉਚਿਤ ਨਹੀਂ ਕਿਉਂਜੋ ਸੱਤਰ ਫੀਸਦੀ ਸਾਹਿੱਤ ਕਵਿਤਾ ਵਿਚ ਹੀ ਲਿਖਿਆ ਜਾਂਦਾ ਰਿਹਾ।

13. ਕਵਿਤਾ ਦੇ ਟਾਕਰੇ ਤੇ ਵਾਰਤਕ ਉਤੇ ਪੱਛਮੀ ਪ੍ਰਭਾਵ ਜ਼ਰੂਰ ਉਘੜਨ ਲੱਗੇ। ਬਿਸ੍ਰਾਮ ਚਿੰਨ੍ਹਾਂ ਦੀ ਵਰਤੋਂ, ਵਾਕਾਂ ਦੀ ਵਿਆਕਰਣਕ ਨਿਯਮਾਂ ਅਧੀਨ ਸਿਰਜਣਾ, ਲਿਖਤ ਨੂੰ ਪੈਰ੍ਹਿਆਂ ਵਿਚ ਵੰਡ ਕੇ, ਸਮੁੱਚੀ ਲਿਖਤ ਨੂੰ ਸਿਰਲੇਖ ਦੇਣ ਦੀ ਰੁਚੀ ਪਹਿਲੀ ਵਾਰੀ ਸਾਹਮਣੇ ਆਈ। ਛਾਪੇ ਦੇ ਆਉਣ ਨਾਲ ਲਿਖਤ ਵਿਚ ਪਦ-ਛੇਦ ਹੋਣ ਲਗ ਪਏ, ਭਾਵੇਂ ਲਿਥੋ ਦੁਆਰਾ ਪ੍ਰਕਾਸ਼ਤ ਪੁਸਤਕਾਂ ਵਿਚ ਬਹੁਤੀ ਵਾਰੀ ਅੱਖਰ ਜੁੜਵੇਂ ਹੀ ਰੱਖੇ ਜਾਂਦੇ।

ਲਿਖਤ ਵਿਚ ਸ਼ਬਦ-ਜੋੜਾਂ ਦੀ ਇਕਸਾਰਤਾ ਵੀ ਨਹੀਂ। ਉੱਥੇ ਵਿਦਵਾਨਾਂ ਵਿਚ ਵੀ, ਇੱਕੋ ਲਿਖਤ ਵਿਚ ਇਕੋ ਸ਼ਬਦ ਦੇ ਭਿੰਨ ਭਿੰਨ ਸ਼ਬਦ-ਜੋੜ ਵਰਤੇ ਮਿਲਦੇ ਹਨ। ਸੰਸਕ੍ਰਿਤ ਜਾਂ ਉਰਦੂ ਫ਼ਾਰਸੀ ਵਿੱਚੋਂ ਤਤਸਮ ਰੂਪ ਵਿਚ ਲਿਆਂਦੇ ਗਏ ਸ਼ਬਦਾਂ ਸਮੇਂ, ਜਾਂ ਉਨ੍ਹਾਂ ਦਾ ਤਦਭਵ ਰੂਪ ਬਨਾਉਣ ਲੱਗਿਆਂ, ਜਾਂ ਫੇਰ ਉਨ੍ਹਾਂ ਸ਼ਬਦਾਂ ਨੂੰ ਪੰਜਾਬੀ ਉਚਾਰਨ ਦੇ ਅਨੁਕੂਲ ਰੱਖਣ ਦੀ ਇੱਛਾ ਅਧੀਨ, ਸ਼ਬਦ-ਜੋੜਾਂ ਵਿਚ ਅਸਮਾਨਤਾ ਜਾਂ ਭਿੰਨਤਾ ਦੇ ਅਜੀਬ ਅਜੀਬ ਰੂਪ ਸਾਹਮਣੇ ਆਉਂਦੇ ਹਨ। ਵਰਤੀ ਗਈ ਸ਼ਬਦਾਵਲੀ ਜਾਂ ਸ਼ਬਦ ਚੁਣਨ, ਘੜਨ ਜਾਂ ਅਪਨਾਉਣ ਦੇ ਜਿਹੜੇ ਪ੍ਰਯੋਗ ਇਸ ਕਾਲ ਵਿਚ ਹੋਏ, ਉਹ ਬੜੇ ਵਿਲੱਖਣ, ਅਨੋਖੇ, ਮਿਸ਼੍ਰਤ ਜਾਂ ਮਿਲਗੋਭੇ ਵਾਲੇ ਹਨ, ਕਿਉਂਜੋ ਇਸ ਸੰਬੰਧੀ ਕੋਈ ਨਿਸਚਿਤ ਵਿਧੀ ਜਾਂ ਨੇਮ ਨਹੀਂ ਸਨ ਘੜੇ ਗਏ। ਸ਼ਬਦਾਵਲੀ ਵੀ ਬਹੁਤੀ ਵਾਰੀ ਸ਼ੁਧ ਰੂਪ ਵਾਲੀ ਜਾਂ ਸਾਹਿੱਤਕ ਹੋਣ ਦੀ ਥਾਂ ਬੋਲ ਚਾਲ ਦੇ ਲਹਿਜੇ ਵਾਲੀ, ਸੰਬੋਧਨੀ ਜਾਂ ਕਥਾਕਾਰਾਂ ਵਾਲੀ ਹੁੰਦੀ ਸੀ। ਪੰਜਾਬੀ ਵਾਰਤਕ ਸ਼ੈਲੀ ਦੀ ਕੋਈ ਵੀ ਨਿਸ਼ਚਿਤ ਮਰਯਾਦਾ ਨਹੀਂ ਸੀ ਸਥਾਪਤ ਹੋਈ। ਲੇਖਕਾਂ ਦਾ ਮਨੋਰਥ ਆਪਣੀ ਗੱਲ ਨੂੰ ਲੋਕਾਂ ਤਕ ਪੁਚਾਉਣਾ ਹੀ ਸੀ। ਲਿਖਤ ਵਿਚ ਕੋਈ ਕਲਾ-ਸੋਹਜ ਉਪਜਾਉਣ ਜਾਂ ਨਿਖਾਰ ਲਿਆਉਣ ਵਲ ਉੱਕਾ ਧਿਆਨ ਨਹੀਂ ਸੀ ਦਿੱਤਾ ਜਾਂਦਾ। ਇਹ ਘਾਟਾਂ ਉਸ ਸਦੀ ਦੇ ਅਖ਼ੀਰ ਤਕ, ਭਾਈ ਵੀਰ ਸਿੰਘ ਨਾਲ ਕੁਝ ਹੱਦ ਤਕ ਪੂਰੀਆਂ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ।

14. ਪੱਛਮੀ ਵਿਦਵਾਨਾਂ ਵਲੋਂ ਕੁਝ ਕੁ ਅਚੇਤ ਜਾਂ ਸੁਚੇਤ ਯਤਨ ਹੋਏ ਜਿਨ੍ਹਾਂ ਨਾਲ ਪੰਜਾਬੀ ਨੂੰ ਪ੍ਰਮਾਣਿਕ ਭਾਸ਼ਾ ਦਾ ਦਰਜਾ ਪ੍ਰਾਪਤ ਹੋਣ ਦੀਆਂ ਸੰਭਾਵਨਾਵਾਂ ਦਿਖਾਈ ਦੇਣ ਲੱਗੀਆਂ ਤੇ ਉਹ ਸਨ ਵਿਆਕਰਣ, ਸ਼ਬਦਾਵਲੀਆਂ, ਕੋਸ਼, ਨੇਮ-ਬੱਧ ਪਾਠ-ਪੁਸਤਕਾਂ ਤੇ ਚੰਗੀਆਂ ਬਦੇਸ਼ੀ ਪੁਸਤਕਾਂ ਦੇ ਅਨੁਵਾਦ। ਇਨ੍ਹਾਂ ਨਾਲ ਨਿਸਚੇ ਹੀ ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਉਘੜਨ ਵਿਚ ਸਹਾਇਤਾ ਮਿਲੀ।

15. ਪੱਛਮੀ ਕਲਾ-ਰੂਪਾਂ ਯਥਾ ਨਾਵਲ, ਨਾਟਕ, ਕਹਾਣੀ, ਜੀਵਨੀ, ਸਫ਼ਰਨਾਮਾ ਤੇ ਨਿਬੰਧ ਆਦਿ ਦੇ ਕੁਝ ਇਕ ਪ੍ਰਮਾਣ ਮਿਲਣ ਤਾਂ ਲਗੇ ਪਰ ਇਹ ਸਭ ਅਜੇ ਪ੍ਰਯੋਗ ਦੀ ਮੁਢਲੀ ਅਵਸਥਾ ਵਿਚ ਹੀ ਸਨ। ਇਨ੍ਹਾਂ ਵਿਚ ਭਰਪੂਰਤਾ, ਵੰਨ-ਸਵੰਨਤਾ ਜਾਂ ਕਲਾ-ਚੌਤ ਪਰਪੱਕਤਾ ਵੀਹਵੀਂ ਸਦੀ ਵਿਚ ਹੀ ਆ ਸਕੀ।

16. ਸਾਹਿੱਤ ਦੇ ਇਤਿਹਾਸ ਵਿਚ ਇਸ ਕਾਲ ਦਾ ਬੇ-ਹੱਦ ਮਹੱਤਵ ਹੈ। ਵਾਸਤਵ ਵਿਚ ਵੀਹਵੀਂ ਸਦੀ ਦੇ ਪੰਜਾਬੀ ਸਾਹਿੱਤ ਦਾ ਜੋ ਰੂਪ ਅੱਜ ਸਾਡੇ ਸਾਹਮਣੇ ਹੈ, ਉਸ ਦੀ ਜਾਗ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਲਗੀ ਸੀ, ਜਾਂ ਬੀਜ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਬੀਜਿਆ ਵੀ ਜਾ ਚੁਕਾ ਸੀ ਤੇ ਬੂਟਾ ਉਗ ਕੇ ਨਿਸਰਨ ਵੀ ਲਗ ਪਿਆ ਸੀ, ਪਰ ਇਸ ਨੂੰ ਫੂਲ ਤੇ ਫਲ ਵੀਹਵੀਂ ਸਦੀ ਵਿਚ ਪੈਣ ਲੱਗੇ।

# ਅੰਤਿਕਾਵਾਂ

1. ਹੋਰ ਭਾਸ਼ਾਵਾਂ ਦੇ ਟਾਕਰੇ ਤੇ ਪੰਜਾਬੀ ਪ੍ਰਕਾਸ਼ਨਾਵਾਂ ਦੀ ਸਥਿਤੀ ਸੰਬੰਧੀ ਚਾਰਟ
2. ਪੰਜਾਬੀ ਵਿਚ ਪ੍ਰਕਾਸ਼ਤ ਪੁਸਤਕਾਂ ਦੇ ਵਿਸ਼ਿਆਂ ਦੇ ਵਰਗੀਕਰਣ ਦਾ ਚਾਰਟ
3. ਵਾਦ-ਵਿਵਾਦੀ ਜਾਂ ਧਾਰਮਕ ਸਾਹਿੱਤ ਦਾ ਜਾਤੀਆਂ ਅਨੁਸਾਰ ਵੇਰਵਿਆਂ ਦਾ ਚਾਰਟ
4. ਕੁਝ ਮਹੱਤਵਪੂਰਨ ਤੱਥ ਤੇ ਤਿਥੀਆਂ ਜਿਨ੍ਹਾਂ ਨੇ ਇਸ ਕਾਲ ਦੇ ਪੰਜਾਬੀ ਸਾਹਿੱਤ ਨੂੰ ਪ੍ਰਭਾਵਿਤ ਕੀਤਾ
5. ਅਧਿਐਨ ਕਾਲ ਦੇ ਲੇਖਕ - ਨਾਮ ਅਨੁਕ੍ਰਮਣਿਕਾ
6. ਅਧਿਐਨ ਕਾਲ ਦੀਆਂ ਪੁਸਤਕਾਂ - ਸਿਰਲੇਖ ਅਨੁਕ੍ਰਮਣਿਕਾ
7. ਵਿਸ਼ਿਆਂ ਅਨੁਸਾਰ ਪ੍ਰਕਾਸ਼ਨਾਵਾਂ ਦੀ ਸੂਚੀ ਅਤੇ ਵਰਗੀਕਰਣ
8. ਪੰਜਾਬੀ ਵਿਚ ਪਹਿਲ ਕਰਨ ਵਾਲੀਆਂ ਪੁਸਤਕਾਂ, ਪੈਂਫਲਿਟਾਂ, ਅਖਬਾਰਾਂ ਤੇ ਪ੍ਰੈਸ ਦੇ ਵਿਕਾਸ ਨਾਲ ਸੰਬੰਧਿਤ ਪ੍ਰਕਾਸ਼ਨਾਵਾਂ ਦੇ ਟਾਈਟਲਾਂ ਦੀਆਂ ਫੋਟੋਸਟੈਟ ਕਾਪੀਆਂ
9. ਪੰਜਾਬੀ ਪੱਤਰ - ਪੱਤ੍ਰਕਾਵਾਂ ਦੀ ਸੂਚੀ
10. ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਪ੍ਰਕਾਸ਼ਤ 141 ਟ੍ਰੈਕਟਾਂ ਦੀ ਸੂਚੀ
11. ਸਹਾਇਕ ਪੁਸਤਕ ਸੂਚੀ(ਪੰਜਾਬੀ)
12. ਸਹਾਇਕ ਪੁਸਤਕ ਸੂਚੀ( ਅੰਗਰੇਜ਼ੀ)
13. ਸਹਾਇਕ ਪੁਸਤਕ ਸੂਚੀ ( ਉਰਦੂ)
14. ਸਹਾਇਕ ਪੁਸਤਕ ਸੂਚੀ ( ਹਿੰਦੀ)
15. ਪੰਜਾਬੀ ਤੇ ਅੰਗਰੇਜ਼ੀ ਰੀਪੋਰਟਾਂ , ਰਸਾਲੇ ਤੇ ਅਖ਼ਬਾਰਾਂ

*****

1. ਪਿਛਲੇ ਪੰਨੇ ਤੇ ਦਿਤੇ ਚਾਰਟ ਵਿਚ ਦਰਜ ਅੰਕੜਿਆਂ ਦੇ ਵੇਰਵਿਆਂ ਦਾ ਆਧਾਰ, ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਰੀਕਾਰਡ ਵਿਚੋਂ ਪ੍ਰਕਾਸ਼ਨਾਂ ਦੀ ਰੀਪੋਰਟ ਹੈ ਜਿਹੜੀ 1867 ਦੇ ਕਾਨੂੰਨ XXV ਅਧੀਨ ਸੰਕਲਿਤ ਤੇ ਪ੍ਰਕਾਸ਼ਤ ਕੀਤੀ ਗਈ।

2. ਮਰਦਮ ਸ਼ੁਮਾਰੀ ਦੀਆਂ 1881, 1891 ਤੇ 1900 ਈ. ਦੀਆਂ ਰੀਪੋਰਟਾਂ ਨਾਲ ਇਨ੍ਹਾਂ ਅੰਕੜਿਆਂ ਨੂੰ ਮਿਲਾਇਆ ਗਿਆ ਹੈ ਤੇ ਥੋੜ੍ਹੇ ਬਹੁਤ ਅੰਤਰ ਦੀ ਸੂਰਤ ਵਿਚ ਸਰਕਾਰੀ ਰੀਕਾਰਡ ਨੂੰ ਠੀਕ ਮੰਨਿਆ ਗਿਆ ਹੈ।

3. ਪ੍ਰੈਸ ਐਕਟ ਸਰਕਾਰ ਵਲੋਂ 1867 ਈ. ਵਿਚ ਪਾਸ ਕੀਤਾ ਗਿਆ ਜਿਸ ਅਨੁਸਾਰ ਕਿਸੇ ਵੀ ਭਾਸ਼ਾ ਵਿਚ ਛਪਣ ਵਾਲੀ ਹਰ ਕਿਤਾਬ ਦੀਆਂ ਦੋ ਕਾਪੀਆਂ ਸਰਕਾਰ ਨੂੰ ਭੇਜਣੀਆਂ ਜ਼ਰੂਰੀ ਸਨ । ਹਰ ਤਿਮਾਹੀ ਵਿਚ ਛਪਣ ਵਾਲੀਆਂ ਪੁਸਤਕਾਂ ਦੀ ਸੂਚੀ ਲੇਖਕ, ਪ੍ਰਕਾਸ਼ਕ, ਪੁਸਤਕ ਦਾ ਨਾਂ ਵਿਸ਼ਾ ਆਦਿ ਸਮੇਤ, ਪੰਜਾਬ ਸਰਕਾਰ ਦੇ ਗਜ਼ਟ ਵਿਚ ਛਾਪ ਦਿਤੀ ਜਾਂਦੀ ਸੀ ਤੇ ਇਹੀ ਸੱਭ ਤੋਂ ਵੱਧ ਭਰੋਸੇ-ਯੋਗ ਸ੍ਰੋਤ ਹੋਣ ਕਰਕੇ, ਪੂਰੀ ਤਰ੍ਹਾਂ ਘੋਖਿਆ ਗਿਆ ਹੈ।

4. 1874 ਤੋਂ 1900 ਈ. ਤਕ ਦੇ 27 ਵਰ੍ਹਿਆਂ ਦੇ ਸਮੇਂ ਵਿਚ ਪੰਜਾਬੀ ਦੀਆਂ ਕੁਲ ਕਿਤਾਬਾਂ 6839 ਪ੍ਰਕਾਸ਼ਤ ਹੋਈਆਂ। 1867 ਤੋਂ 1873 ਈ: ਤੱਕ ਦੇ ਸੱਤਾਂ ਵਰ੍ਹਿਆਂ ਦੀਆਂ ਪ੍ਰਕਾਸ਼ਨਾਵਾਂ ਬਾਰੇ ਯਤਨ ਕਰਨ ਤੇ ਵੀ ਲੋੜੀਂਦੀ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ, ਕਿਉਂਜੋ ਐਕਟ ਪਾਸ ਹੋਣ ਦੇ ਬਾਵਜੂਦ ਪੂਰੀ ਜਾਣਕਾਰੀ ਬਾਕਾਇਦਾ ਤੌਰ ਤੇ ਸੰਕਲਿਤ ਨਹੀਂ ਕੀਤੀ ਜਾਂਦੀ ਰਹੀ।

5. 1890 ਈ: ਤੋਂ ਪਿਛੋਂ ਝਟ ਪਟ ਪ੍ਰਕਾਸ਼ਨਾਵਾਂ ਦੀ ਗਿਣਤੀ ਘਟਣ ਦਾ ਇਹ ਕਾਰਨ ਹੈ ਕਿ 1889 ਈ. ਵਿਚ ਸਰਕਾਰ ਵਲੋਂ ਇਹ ਖੁਲ੍ਹ ਦੇ ਦਿਤੀ ਗਈ ਕਿ ਜੇ ਪੂਰਵ-ਪ੍ਰਕਾਸ਼ਤ ਕਿਸੇ ਪੁਸਤਕ ਦੀ ਨਵੀਂ ਐਡੀਸ਼ਨ ਬਿਨਾਂ ਵਾਧੇ ਘਾਟੇ ਦੇ ਦੁਬਾਰਾ ਛਾਪ ਦਿਤੀ ਜਾਏ ਤਾਂ ਅਜਿਹੀ ਪੁਸਤਕ ਨੂੰ ਸਰਕਾਰੀ ਰੀਕਾਰਡ ਲਈ ਦੋਬਾਰਾ ਭੇਜਣ ਦੀ ਲੋੜ ਨਹੀਂ। 1889 ਈ: ਤੱਕ ਦੀਆਂ ਪ੍ਰਕਾਸ਼ਨਾਵਾਂ ਦੀ ਸੰਖਿਆ ਵਿਚ ਪਹਿਲੀ ਤੋਂ ਬਾਦ ਦੀਆਂ ਐਡੀਸ਼ਨਾਂ ਵੀ ਸ਼ਾਮਲ ਹਨ।

6. ਕਵਿਤਾ ਦੀਆਂ ਪੁਸਤਕਾਂ ਇਨ੍ਹਾਂ ਵਰ੍ਹਿਆਂ ਵਿਚ 4795 ਛਪੀਆਂ ਜਿਹੜਾ ਕਿ ਕੁਲ ਪ੍ਰਕਾਸ਼ਨਾਵਾਂ ਦਾ 70.11 ਫੀ ਸਦੀ ਬਣਦਾ ਹੈ। ਦੂਜੇ ਨੰਬਰ ਤੇ ਧਰਮ ਸੰਬੰਧੀ ਪੁਸਤਕਾਂ ਆਉਂਦੀਆਂ ਹਨ, ਜਿਹੜਾ ਕਿ ਕੁਲ ਪ੍ਰਕਾਸ਼ਨਾਵਾਂ ਦਾ 17.56 ਫੀ ਸਦੀ ਹੈ। ਬਾਕੀ ਹਰ ਪ੍ਰਕਾਰ ਦੀਆਂ ਪ੍ਰਕਾਸ਼ਨਾਵਾਂ 12.33 ਫੀਸਦੀ ਬਣਦੀਆਂ ਹਨ।

## ਪੰਜਾਬ ਵਿਚ 1874 ਈ. ਤੋਂ 1900 ਈ. ਤਕ ਵੱਖ ਵੱਖ ਜਾਤੀਆਂ ਵਲੋਂ ਪ੍ਰਕਾਸ਼ਤ

### ਧਾਰਮਕ ਪੁਸਤਕਾਂ ਦਾ ਵੇਰਵਾ

| ਸਾਲ | ਮੁਸਲਮਾਨੀ | ਹਿੰਦੂ | ਸਿੱਖ | ਈਸਾਈ | ਆਰੀਆ | ਬ੍ਰਾਹਮਣ | ਹੋਰ | ਕੁਲ-ਜੋੜ |
|---|---|---|---|---|---|---|---|---|
| 1874 | 29 | 20 | 11 | 53 | — | 3 | — | 116 |
| 1875 | 51 | 64 | 13 | 52 | — | — | — | 180 |
| 1876 | 104 | 63 | 18 | 53 | — | — | — | 238 |
| 1877 | 55 | 36 | 12 | 43 | — | — | — | 146 |
| 1878 | 127 | 41 | 15 | 120 | — | — | — | 303 |
| 1879 | 66 | 51 | 16 | 14 | — | — | — | 147 |
| 1880 | 127 | 70 | 19 | 82 | — | 5 | 8 | 311 |
| 1881 | 145 | 49 | 21 | 53 | — | 15 | — | 283 |
| 1882 | 156 | 63 | 18 | 53 | — | — | — | 290 |
| 1883 | 178 | 68 | 32 | 74 | — | 17 | 9 | 378 |
| 1884 | 165 | 49 | 16 | 37 | 3 | 26 | — | 296 |
| 1885 | 142 | 40 | 19 | 55 | 4 | 20 | — | 280 |
| 1886 | 265 | 65 | 52 | 103 | 9 | 36 | — | 530 |
| 1887 | 214 | 73 | 69 | 87 | 21 | 17 | — | 481 |
| 1888 | 299 | 77 | 70 | 91 | 34 | 21 | 2 | 594 |
| 1889 | 307 | 92 | 73 | 51 | 29 | 21 | — | 573 |
| 1890 | 227 | 36 | 20 | 71 | 16 | 17 | 1 | 388 |
| 1891 | 188 | 26 | 15 | 40 | 8 | 13 | 2 | 292 |
| 1892 | 217 | 24 | 41 | 62 | 27 | 17 | 7 | 395 |
| 1893 | 238 | 34 | 19 | 54 | 17 | 3 | 12 | 377 |
| 1894 | 132 | 22 | 16 | 21 | 12 | 4 | — | 207 |
| 1895 | 151 | 35 | 19 | 34 | 26 | 8 | 6 | 279 |
| 1896 | 121 | 34 | 19 | 8 | 88 | 4 | — | 194 |
| 1897 | 140 | 31 | 17 | 28 | 40 | 15 | — | 271 |
| 1898 | 158 | 46 | 28 | 36 | 42 | 2 | 6 | 318 |
| 1899 | 158 | 53 | 36 | 41 | 37 | 3 | 4 | 332 |
| 1900 | 136 | 62 | 41 | 52 | 41 | 2 | 3 | 337 |
| ਜੋੜ | 4296 | 1324 | 745 | 1468 | 374 | 269 | 60 | 8536 |

## ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਵਿਕਾਸ ਵਿਚ ਸਿੱਧੇ ਜਾਂ ਅਸਿੱਧੇ ਪ੍ਰਭਾਵ ਪਾਉਣ ਵਾਲੇ ਕੁਝ ਤੱਥ ਤੇ ਤਿਥੀਆਂ

1849

* ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ।
* ਸਿੰਘ ਸਭਾ ਦੇ ਆਗੂ ਤੇ ਪੰਜਾਬੀ ਪੱਤਰਕਾਰੀ ਦੇ ਮੋਢੀ ਪ੍ਰੋ: ਗੁਰਮੁਖ ਸਿੰਘ ਦਾ ਜਨਮ (ਕਪੂਰਥਲਾ)।
* ਸ. ਦਿਆਲ ਸਿੰਘ ਮਜੀਠੀਏ ਦਾ ਜਨਮ (ਟ੍ਰਿਬਿਊਨ ਅਖਬਾਰ ਦਾ ਮੋਢੀ)।
* ਕੈਪਟਨ ਸਟਾਰਕੀ ਤੇ ਬਸਾਵਾ ਸਿੰਘ -'ਆਊਟ ਲਾਈਨ ਔਫ ਗ੍ਰਾਮਰ - ਆਲਸੋ ਡਾਇਲਾਗ' ਪ੍ਰਕਾਸ਼ਤ ਹੋਈ ।
* ਮੌਲਵੀ ਗੁਲਾਮ ਰਸੂਲ ਆਲਮਗੜ੍ਹ ਦਾ ਜਨਮ ।

1850

* ਸਾਧੂ ਈਸ਼ਰ ਦਾਸ (ਕਰਤਾ ਕਾਫ਼ੀਆਂ) ਦਾ ਜਨਮ ।
* ਪ੍ਰਸਿੱਧ ਕਿੱਸਾਕਾਰ ਭਗਵਾਨ ਸਿੰਘ ਦਾ ਜਨਮ ।

1851

* ਨਿਰੰਕਾਰੀ ਲਹਿਰ ਦਾ ਮੁੱਢ ਬੱਝਾ ।
* ਫ਼ਾਰਸੀ ਦੀ ਥਾਂ ਉਰਦੂ ਨੂੰ ਪੰਜਾਬ ਦੀ ਸਰਕਾਰੀ ਜ਼ਬਾਨ ਬਣਾਇਆ ਗਿਆ।
* ਜੌਹਨ ਨਿਊਟਨ ਵਲੋਂ 'ਏ ਗ੍ਰਾਮਰ ਔਫ ਦੀ ਪੰਜਾਬੀ ਲੈਂਗੂਏਜ਼ ਪ੍ਰਕਾਸ਼ਨ ।
* ਪ੍ਰਸਿੱਧ ਕਵੀ ਮੁਹੰਮਦ ਬੂਟਾ ਗੁਜਰਾਤੀ ਦਾ ਜਨਮ।

1852

* ਸਰਕਾਰ ਵਲੋਂ ਰਾਵਲਪਿੰਡੀ, ਗੁਜਰਾਤ, ਸ਼ਾਹਪੁਰ ਮੁਲਤਾਨ, ਜਲੰਧਰ ਤੇ ਜਿਹਲਮ ਵਿਚ ਸਰਕਾਰੀ ਸਕੂਲ ਖੋਲ੍ਹੇ ਗਏ।
* ਪ੍ਰਸਿੱਧ ਸੂਫ਼ੀ ਖ਼ੁਦਾ ਬਖ਼ਸ਼ ਮਿਠਨਕੋਟ ਦੀ ਮ੍ਰਿਤੂ ।

1853

* ਡਾਕਟਰ ਚਰਨ ਸਿੰਘ (ਭਾਈ ਵੀਰ ਸਿੰਘ ਦੇ ਪਿਤਾ) ਦਾ ਜਨਮ ।
* ਸਿੰਘ ਸਭਾ ਦੇ ਉੱਘੇ ਵਿਦਵਾਨ ਤੇ ਸੰਚਾਲਕ ਗਿ: ਦਿਤ ਸਿੰਘ ਦਾ ਜਨਮ।
* ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਗਿਆ।
* ਕੈਪਟਨ ਸਟਾਰਕੀ ਦੁਆਰਾ " ਇੰਗਲਿਸ਼ ਪੰਜਾਬੀ ਡਿਕਸ਼ਨਰੀ " ਪ੍ਰਕਾਸ਼ਤ ।

1854

* ਪਾਦਰੀ ਜੈਵੀਨੀਅਰ ਤੇ ਜੌਹਨ ਨਿਊਟਨ ਰਚਿਤ, " ਏ ਡਿਕਸ਼ਨਰੀ ਔਫ਼ ਪੰਜਾਬੀ ਲੈਂਗੂਏਜ਼ " (ਸਮੇਤ ਅੰਤਿਕਾਵਾਂ ਦੇ) ਪ੍ਰਕਾਸ਼ਤ ਹੋਈ।

* ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਫਾਰਸੀ ਲਿੱਪੀ ਵਿਚ ਉਰਦੂ ਦੀ ਪੜ੍ਹਾਈ ਲਾਜ਼ਮੀ ਕੀਤੀ ਗਈ।

* ਐਬਟ ਦੁਆਰਾ 'ਆਨ ਦੀ ਬੈਲਡਜ਼ ਐਂਡ ਲੀਜੰਡਜ ਆਫ਼ ਪੰਜਾਬ' ਪ੍ਰਕਾਸ਼ਤ ਹੋਈ।

1855

* ਸਿਖਿਆ ਸੰਬੰਧੀ ਚਾਰਲਸ ਵੁਡ ਦੀਆਂ ਸਿਫਾਰਸ਼ਾਂ ਤੇ ਅਮਲ ਸ਼ੁਰੂ ।

*

1856

* ਪੰਜਾਬ ਸਰਕਾਰ ਦੇ ਸਿਖਿਆ ਵਿਭਾਗ ਦੀ ਸਥਾਪਨਾ।

* ਲੜਕੀਆਂ ਦਾ ਪਹਿਲਾ ਸਰਕਾਰੀ ਸਕੂਲ ਰਾਵਲਪਿੰਡੀ ਵਿਚ ਖੋਲ੍ਹਿਆ ਗਿਆ।

1857

* ਕਵੀ ਦੌਲਤ ਰਾਮ ਦਾ ਜਨਮ ।

* ਪ੍ਰਸਿੱਧ ਕਵੀ ਘਸੀਟਾ ਮਲ ਰੁਮਨਾਕ ਦਾ ਜਨਮ।

* ਫ਼ਾਰਸੀ ਲਿੱਪੀ ਵਿਚ ਪੰਜਾਬੀ ਪੱਤਰਕਾਰੀ ਦੇ ਮੋਢੀ ਤੇ ਲੇਖਕ ਅਮਰ ਨਾਥ ਮੁਨਸਿਫ ਦਾ ਜਨਮ ।

1858

* ਈਸਟ ਇੰਡੀਆ ਕੰਪਨੀ ਦੀ ਥਾਂ ਸਾਰਾ ਦੇਸ਼ ਸਿੱਧਾ ਬ੍ਰਤਾਨਵੀ ਹਕੂਮਤ ਦੇ ਅਧੀਨ ਹੋ ਗਿਆ।

* ਦਿੱਲੀ ਅਤੇ ਹਿਸਾਰ ਡਵੀਜ਼ਨ ਨੂੰ ਪੰਜਾਬ ਰਾਜ ਦਾ ਭਾਗ ਬਣਾ ਦਿੱਤਾ ਗਿਆ।

* ਟੀ.ਐਚ.ਥਾਮਸ ਦੁਆਰਾ ' ਦੀ ਵਰਨੈਕੂਲਰ ਲਿਟ੍ਰੇਚਰ ਐਂਡ ਫੋਕਲੋਰ ਔਫ਼ ਪੰਜਾਬ' ਪ੍ਰਕਾਸ਼ਤ ।

1859

* ਜਾਹਨ ਬਨੀਅਨ ਦੇ ਪ੍ਰਸਿੱਧ ਨਾਵਲ ਪਿਲਗ੍ਰਿਮਜ਼ ਪ੍ਰਾਗ੍ਰੈਸ ਦਾ ਪੰਜਾਬ ਅਨੁਵਾਦ ਪ੍ਰਕਾਸ਼ਤ ਹੋਇਆ।

* ਅੰਮ੍ਰਿਤਸਰ ਤੋਂ ਮੁਲਤਾਨ ਤਕ ਦੀ ਰੇਲਵੇ ਲਾਈਨ ਦਾ ਉਦਘਾਟਨ ।

1860

* ਉਸਤਾਦ ਕਵੀ ਪਿਆਰੇ ਸਾਹਿਬ ਦੀ ਮ੍ਰਿਤੂ ।

* ਪੰਜਾਬੀ ਦੇ ਪਹਿਲੇ ਗਜ਼ਲ ਲੇਖਕ ਗਾਮੂੰ ਖਾਂ ਦਾ ਜਨਮ ।

1861

* ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ ।

* ਸਦਾ ਰਾਮ( ਕਰਤਾ ਸੋਹਣੀ ਮਹੀਂਵਾਲ, ਸੱਸੀ ਪੁੰਨੂੰ ਆਦਿ) ਦਾ ਜਨਮ।

* ਬਾਬੂ ਤੇਜਾ ਸਿੰਘ ਭਸੌੜ ਦਾ ਜਨਮ।

1862

* ਨਾਮਧਾਰੀ ਲਹਿਰ ਦਾ ਮੁਢ ਬੱਝਾ।
* ਸ਼ਾਹ ਮੁਹੰਮਦ (ਜੰਗ ਸਿੰਘਾਂ ਤੇ ਫਰੰਗੀਆਂ) ਦੀ ਮ੍ਰਿਤੂ ।
* ਈਸਾਈ ਪਾਦਰੀ ਸੀ.ਡਬਲਯੂ ਫੋਰਮਿਨ ਨੇ ਸ਼ਾਸਤ੍ਰਾਰਥ ਲਈ ਇਕ ਮੁਸਲਮਾਨ ਦੀ ਵੰਗਾਰ ਨੂੰ ਪਰਵਾਨ ਕਰਕੇ ਪੰਜਾਬ ਵਿਚ ਧਾਰਮਕ ਵਾਦ-ਵਿਵਾਦ ਦਾ ਮੁਢ ਬੰਨ੍ਹਿਆ ।

1863

* ਅਮਾਮ ਬਖ਼ਸ਼ ਦੀ ਮ੍ਰਿਤੂ ।

1864.

* ਇਕ ਜਨਵਰੀ ਨੂੰ ਪੱਛਮੀ ਜੰਗ ਦੀ ਵਿਦਿਆ ਦੇਣ ਵਾਲਾ ਪਹਿਲਾ ਕਾਲਜ - ਗੌਰਮਿੰਟ ਕਾਲਜ ਲਾਹੌਰ ਸਥਾਪਤ ਕੀਤਾ ਗਿਆ ।
* ਬ੍ਰਹਮੋ ਸਮਾਜ ਦੀ ਪੰਜਾਬ ਵਿਚ ਪਹਿਲੀ ਬ੍ਰਾਂਚ ਅਨਾਰਕਲੀ ਲਾਹੌਰ ਵਿਚ ਕਾਇਮ ਹੋਈ।
* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਪੱਥਰ ਦੇ ਛਾਪੇ ਵਿਚ ਤਿਆਰ ਹੋਈ( ਬਰਤਾਨਵੀ ਮਿਊਜ਼ੀਅਮ ਨੰ:14162)।
* ਪੰਜਾਬੀ ਭਾਸ਼ਾ ਦੇ ਤੁੰਘੇ ਸਮਰਥਕ ਤੇ ਸੇਵਕ ਸਰ ਸ਼ਾਹਾਬੁਦੀਨ ਦਾ ਜਨਮ।

1865

* 21 ਜਨਵਰੀ - ਡਾ: ਲਾਈਟਨਰ ਵਲੋਂ 'ਅਜਿਮੁਨਿ ਪੰਜਾਬ' ਦੀ ਸਥਾਪਨਾ।
* 15 ਅਕਤੂਬਰ - ਪੰਡਤ ਮਾਨ ਸਿੰਘ 'ਕਾਲੀਦਾਸ' ਦਾ ਜਨਮ
* ਸਰ ਸ਼ਹਾਬੁਦੀਨ ਦਾ ਜਨਮ
* ਲਾਹੌਰਾ ਸਿੰਘ ਕਰਤਾ ਹੀਰ ਰਾਂਝਾ ਦਾ ਜਨਮ

1866

* 'ਸੱਤ ਧਰਮ' ਲਾਹੌਰ ਦੀ ਸਥਾਪਨਾ ਜਿਸ ਦਾ ਮਨੋਰਥ ਚੁਰੇਰੀ ਵਿਦਿਆ ਪੰਜਾਬੀ ਰਾਹੀਂ ਦੇਣੀ।
* 'ਸਿੱਖਾਂ ਦੇ ਰਾਜ ਦੀ ਵਿਥਿਆ' (ਸੁਰਧਾ ਰਾਮ ਫ਼ਲੌਰੀ) ਪ੍ਰਕਾਸ਼ਤ ਹੋਈ।

1867

* ਅੰਮ੍ਰਿਤਸਰ ਤੋਂ ਸਭ ਤੋਂ ਪਹਿਲਾ ਗੁਰਮੁਖੀ ਵਿਚ ਛਪਣ ਵਾਲਾ ਪੱਤਰ "ਅਖ਼ਬਾਰ ਸ੍ਰੀ ਦਰਬਾਰ ਸਾਹਿਬ" ਜਾਰੀ ਹੋਇਆ।
* ਜਿਸ ਦਾ ਨਾਂ ਸਿੱਖਾਂ ਵਾਲਾ, ਭਾਸ਼ਾ ਹਿੰਦੀ ਤੇ ਲਿੱਪੀ ਗੁਰਮੁਖੀ ਸੀ ।
* ਗਿਆਨੀ ਜੋਧ ਸਿੰਘ(ਵਾਰਤਕ ਤੇ ਕਵਿਤਾ ਦਾ ਉੱਘਾ ਲਿਖਾਰੀ) ਦਾ ਜਨਮ।
* ਪ੍ਰੈਸ ਐਕਟ ਪਾਸ , ਜਿਸ ਅਧੀਨ ਭਾਰਤ ਵਿਚ ਪ੍ਰਕਾਸ਼ਤ ਹਰ ਪੁਸਤਕ ਸਰਕਾਰ ਪਾਸ ਰਜਿਸਟਰ ਹੋਣੀ ਜ਼ਰੂਰੀ।

* ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ
* ਬਿਹਾਰੀ ਲਾਲ ਪੁਰੀ ਦੁਆਰਾ, ਸੰਸਕ੍ਰਿਤ ਵਿਆਕਰਣ ਦੇ ਆਧਾਰ ਤੇ ਲਿਖਿਆ ਪਹਿਲਾ ਪੰਜਾਬੀ ਵਿਆਕਰਣ ਪ੍ਰਕਾਸ਼ਤ ਹੋਇਆ ।
* ਸਾਈਂ ਮੌਲਾ ਸ਼ਾਹ ਮਜੀਠਵੀ ਦਾ ਜਨਮ ।
* ਕਰਨਲ ਭੋਲਾ ਨਾਥ(ਅੰਮ੍ਰਿਤ ਪੱਤ੍ਰਿਕਾ ਦੇ ਪਹਿਲੇ ਸੰਪਾਦਕ) ਦਾ ਜਨਮ।

1869

ਪ੍ਰਿ
* ਪ੍ਰਸਿੱਧ ਕਵੀ ਚਰਾਗਦੀਨ ਇਸ਼ਕ ਲਹਿਰ ਦਾ ਜਨਮ
* ਲਾਲਾ ਬਿਹਾਰੀ ਲਾਲ ਪੁਰੀ ਰਚਿਤ 'ਪੰਜਾਬੀ ਬਯਾਕਰਣ ਸਾਰ' ਪ੍ਰਕਾਸ਼ਤ ।

1870

* 11 ਜਨਵਰੀ - ਪੰਜਾਬ ਯੂਨੀਵਰਸਿਟੀ ਕਾਲਜ ਲਾਹੌਰ ਦੀ ਸਥਾਪਨਾ।

1871

* ਕੁਰਾਨ ਸ਼ਰੀਫ਼ ਦਾ ਮੂਲ ਅਰਬੀ ਵਿੱਚੋਂ ਪੰ-ਜਾਬੀ ਕਵਿਤਾ ਵਿਚ ਅਨੁਵਾਦ ਪ੍ਰਕਾਸ਼ਤ ਹੋਇਆ। ਅਨੁਵਾਦਕ ਹਾਫ਼ਜ਼ ਮੁਹੰਮਦ ਇਬਨ ਬਾਰਨ ਅੱਲਾ ।

1872

* ਜਨਵਰੀ 17-18 - ਮਾਲੇਰਕੋਟਲੇ ਵਿਚ 62 ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਤੇ ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦਿੱਤਾ ਗਿਆ।
* ਅੰਗਰੇਜ਼ੀ ਅਖਬਾਰ ਟ੍ਰਿਬਿਊਨ ਸ਼ਿਮਲੇ ਤੋਂ ਸਪਤਾਹਕ ਪੱਤਰ ਦੇ ਰੂਪ ਵਿਚ ਜਾਰੀ ਹੋਇਆ।
* ਚੀਫ਼ ਖਾਲਸਾ ਦੀਵਾਨ ਦੇ ਮੋਢੀ ਸਰ ਸੁੰਦਰ ਸਿੰਘ ਮਜੀਠੀਆ ਦਾ ਜਨਮ ।
* ਲੁਧਿਆਣੇ ਤੋਂ ਈਸਾਈ ਮਿਸ਼ਨਰੀਆਂ ਦੁਆਰਾ " ਨੂਰ ਅਫ਼ਸ਼ਾਂ " ਨਾਂ ਦਾ ਰਸਾਲਾ ਜਾਰੀ ਕੀਤਾ ਗਿਆ।
* 5 ਦਸੰਬਰ - ਭਾਈ ਵੀਰ ਸਿੰਘ ਦਾ ਜਨਮ ।

1873

* ਜੁਲਾਈ 29- ਅੰਮ੍ਰਿਤਸਰ ਵਿਚ ਪਹਿਲੀ ਸਿੰਘ ਸਭਾ ਦੀ ਸਥਾਪਨਾ ।
* ਪੰਜਾਬ ਵਿਚ ਮੁਸ਼ਾਇਰਿਆਂ ਤੇ ਕਵੀ ਦਰਬਾਰਾਂ ਦੀ ਪ੍ਰਥਾ ਚਾਲੂ ਹੋਈ ।

1874

* 'ਸਤਿਆਰਥ ਪ੍ਰਕਾਸ਼' ਪਹਿਲੀ ਵਾਰੀ ਪ੍ਰਕਾਸ਼ਤ ਹੋਇਆ। ਇਸ ਦਾ ਪੰਜਾਬੀ ਅਨੁਵਾਦ 18 ਵਿਚ ਹੋਇਆ ।
* ਮੌਲਵੀ ਗੁਲਾਮ ਰਸੂਲ ਦੀ ਮ੍ਰਿਤੂ ।

1875

* 'ਸੁਕਵਿ ਸੰਬੋਧਨੀ ' ਨਾਂ ਦਾ ਪੱਤਰ ਛਪਣਾ ਸ਼ੁਰੂ ਹੋਇਆ।
* ~~ਲਾਲਾ ਕਿਰਪਾ ਸਾਗਰ (ਕਰਤਾ ਲਖ਼ਸ਼ਮੀ ਦੇਵੀ, ਹੀਰੇ ਜੀਵਲ ਆਦਿ)~~ ਦਾ ਜਨਮ ।
* ਮੌਲਵੀ ਦਿਲ-ਪਜ਼ੀਰ ਦਾ ਜਨਮ ।

1876

* ਸਿਵਲ ਐਂਡ ਮਿਲਟਰੀ ਗਜਟ ਅੰਗਰੇਜ਼ੀ ਅਖ਼ਬਾਰ ਸ਼ਿਮਲੇ ਦੀ ਬਜਾਇ ਲਾਹੌਰ ਤੋਂ ਨਿਕਲਣ ਲੱਗਾ ।
* ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਦੀ ਸਥਾਪਨਾ ।
* ਲਾ: ਧਨੀ ਰਾਮ ਚਾਤ੍ਰਿਕ ਦਾ ਜਨਮ (ਅਕਤੂਬਰ)
* ਪ੍ਰਸਿੱਧ ਕਵੀ ਤੇ ਆਲੋਚਕ ਮੌਲਾ ਬਖ਼ਸ਼ ਕੁਸ਼ਤਾ ਦਾ ਜਨਮ ।

1877

* 24 ਜੂਨ - ਲਾਹੌਰ ਵਿਚ ਆਰੀਆ ਸਮਾਜ ਦੀ ਸਥਾਪਨਾ ਹੋਈ ।
* ਓਰੀਐਂਟਲ ਕਾਲਜ ਲਾਹੌਰ ਵਿਚ ਪਹਿਲੀ ਵਾਰ ਪੰਜਾਬੀ ਦੀ ਪੜ੍ਹਾਈ ਆਰੰਭ ਕੀਤੀ ਗਈ।
* ਪ੍ਰਸਿੱਧ ਵਿਦਵਾਨ ਤੇ ਖੋਜੀ ਸ੍. ਜੀ.ਬੀ. ਸਿੰਘ ਦਾ ਜਨਮ (ਕਰਤਾ ਗੁਰਮੁਖੀ ਲਿੱਪੀ, ਪ੍ਰਾਚੀਨ ਬੀੜਾਂ)।
* ਡਾ: ਅਰਨੈਸਟ ਟ੍ਰੰਪ ਦੁਆਰਾ ਤਿਆਰ ਕੀਤਾ ਆਦਿ ਗ੍ਰੰਥ ਦਾ ਅੰਗਰੇਜ਼ੀ ਅਨੁਵਾਦ ਲੰਡਨ ਵਿਚ ਪ੍ਰਕਾਸ਼ਤ ਹੋਇਆ।
* ਉੱਘੇ ਲੇਖਕ ਤੇ ਵਿਦਵਾਨ ਸਰ ਜੁਗਿੰਦਰ ਸਿੰਘ ਦਾ ਜਨਮ ।

1878

* ਪੰਜਾਬੀ ਦਾ ਪਹਿਲਾ ਇਮਤਿਹਾਨ ਪੰਜਾਬ ਓਰੀਐਂਟਲ ਕਾਲਜ ਵਿਚ ਹੋਇਆ । ਬੁੱਧੀਮਾਨੀ ਦੀ ਪ੍ਰੀਖਿਆ ਵਿਚ 26 ਵਿਦਿਆਰਥੀ ਬੈਠੇ।
* ਪੰਜਾਬੀ ਦੇ ਉੱਘੇ ਖੋਜੀ ਤੇ ਵਿਦਵਾਨ ਲੇਖਕ ਬਾਵਾ ਬੁਧ ਸਿੰਘ ਦਾ ਜਨਮ (4 ਜੁਲਾਈ)

1879

* 12 ਨਵੰਬਰ - ਸਿੰਘ ਸਭਾ ਲਾਹੌਰ ਦੀ ਸਥਾਪਨਾ ।
* ~~ਲਾਲਾ ਕਿਰਪਾ ਸਾਗਰ (ਕਰਤਾ ਲਖ਼ਸ਼ਮੀ ਦੇਵੀ, ਹੀਰੇ ਜੀਵਲ ਆਦਿ) ਦਾ ਜਨਮ~~ ।

1880

* 10 ਨਵੰਬਰ - ਨਿਰੋਲ ਪੰਜਾਬੀ ਦਾ ਪਹਿਲਾ ਪੱਤਰ 'ਗੁਰਮੁਖੀ ਅਖ਼ਬਾਰ' ਜਾਰੀ ਹੋਇਆ।

* ਨਾਨਕ ਪੰਥ ਪ੍ਰਕਾਸ਼ ਸਭਾ ਲਾਹੌਰ ਦੀ ਸਥਾਪਨਾ
* ਪਹਿਲਾ ਪੰਜਾਬੀ ਸਕੂਲ ਲਾਹੌਰ ਵਿਚ ਕਾਇਮ ਹੋਇਆ ਜਿਸ ਦਾ ਮਾਧਿਅਮ ਨਿਰੋਲ ਪੰਜਾਬੀ।
* ਪ੍ਰਸਿੱਧ ਇਨਕਲਾਬੀ ਕਵੀ ਬਾਂਕੇ ਦਿਆਲ ਦਾ ਜਨਮ ।
* ਮੁਨਸ਼ਾ ਸਿੰਘ ਦੁਖੀ ਦਾ ਜਨਮ ।

<u>1881</u>

* 'ਵਿਦਿਆਰਕ ਪੰਜਾਬ' ਪ੍ਰੋ: ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਜਾਰੀ ।
* ਪ੍ਰੋ: ਪੂਰਨ ਸਿੰਘ ਦਾ ਜਨਮ - (ਸਲਹਡ ਜ਼ਿਲ੍ਹਾ ਹਜ਼ਾਰਾ )।
* ਭਾਈ ਮੋਹਨ ਸਿੰਘ ਵੈਦ ਦਾ ਜਨਮ (ਤਰਨ ਤਾਰਨ)
* ਪੰਡਤ ਸ਼ਰਧਾ ਰਾਮ ਫਲੌਰੀ ਦੀ ਮ੍ਰਿਤੂ (24 ਜੂਨ)।
* ਪੰਜਾਬ ਦੀ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ ਦੀ ਨੀਂਹ(2 ਫਰਵਰੀ)।
* ਸ: ਗੁਰਬਖ਼ਸ਼ ਸਿੰਘ ਕੇਸਰੀ ਕਰਤਾ ਸ਼ਹੀਦ ਬਿਲਾਸ ਦਾ ਜਨਮ ।
* ਓ-ਬਰੇਨ ਦੁਆਰਾ ਗਲਾਸਰੀ ਆਫ ਦੀ ਮੁਲਤਾਨੀ ਲੈਂਗੂਏਜ ਪ੍ਰਕਾਸ਼ਤ ।

<u>1882</u>

* 14 ਅਕਤੂਬਰ - ਪੰਜਾਬ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ।
* ਮਿਸਟਰ ਡਬਲਯੂ ਜੀ ਲਾਈਟਨਰ ਨੇ 'ਹਿਸਟਰੀ ਔਫ ਇੰਡੀਜੀਨਸ ਐਜੂਕੇਸ਼ਨ ਇਨ ਪੰਜਾਬ" ਪ੍ਰਕਾਸ਼ਤ ਕੀਤੀ।
* 'ਪੰਜਾਬੀ ਪ੍ਰਚਾਰਨੀ ਸਭਾ' ਪੰਜਾਬੀ ਦੀ ਉੱਨਤੀ ਲਈ ਲਾਹੌਰ ਵਿਚ ਕਾਇਮ ਹੋਈ ।
* ਗਿ: ਕਰਤਾਰ ਸਿੰਘ ਕਲਾਸਵਾਲੀਆ ਦਾ ਜਨਮ।
* ਪ੍ਰਸਿੱਧ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਹੋਤੀ ਦਾ ਜਨਮ ।
* ਪੰਜਾਬੀ ਦਾ ਪਹਿਲਾ ਮੌਲਿਕ ਨਾਵਲ 'ਜਯੋਤਿਰੁਦਯ' ਲੁਧਿਆਣਾ ਮਿਸ਼ਨ ਪ੍ਰੈਸ ਵਿਚ ਪ੍ਰਕਾਸ਼ਤ ਹੋਇਆ।
* ਟੈਂਪਲ ਦੁਆਰਾ 'ਸਮ ਹਿੰਦੂ ਫੋਕ ਸਾਂਗਜ਼ ਫ੍ਰਾਮ ਦੀ ਪੰਜਾਬ' ਪ੍ਰਕਾਸ਼ਤ ।

<u>1883</u>

* 11 ਅਪ੍ਰੈਲ - ਖਾਲਸਾ ਦੀਵਾਨ ਲਾਹੌਰ ਦੀ ਸਥਾਪਨਾ ।
* ਚਾਰਲਸ ਇਬਟਸਨ ਦੁਆਰਾ 'ਪੰਜਾਬ ਕਾਸਟਸ' ਪ੍ਰਕਾਸ਼ਤ।
* ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਨੇ ਗਿ: ਬਦਨ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਤਿਆਰ ਕਰਵਾਇਆ।

* ਸੁਆਮੀ ਦਯਾ ਨੰਦ ਦੀ ਮ੍ਰਿਤੂ ।
* ਪ੍ਰਸਿੱਧ ਕਿੱਸਾ ਕਵੀ ਮਿਲਖੀ ਰਾਮ ਦਾ ਜਨਮ।

1884

* ਕਰਮ ਸਿੰਘ ਹਿਸਟੋਰੀਅਨ ਦਾ ਜਨਮ (ਝੂਬਾਲ -ਅੰਮ੍ਰਿਤਸਰ)।
* ਸਰ ਰਿਚਰਡ ਟੈਂਪਲ ਦੁਆਰਾ 'ਪੰਜਾਬੀ ਪ੍ਰਾਨੀਸੀਏਸ਼ਨਾ ਅਤੇ 'ਵਰਡਜ਼ ਇਨ ਪੰਜਾਬੀ' ਪ੍ਰਕਾਸ਼ਤ।
* ਬਾਬਾ ਰਾਮ ਸਿੰਘ ਜੀ ਦੀ ਮ੍ਰਿਤੂ -(29 ਨਵੰਬਰ)।

1885

* ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਕਾਇਮ ਹੋਈ (31 ਦਸੰਬਰ)।
* ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ ਕਾਇਮ ਹੋਈ(8 ਅਪ੍ਰੈਲ)।
* ਖ਼ਾਲਸਾ ਦੀਵਾਨ ਲਾਹੌਰ ਦੀ ਕਾਇਮੀ।
* ਬਿਹਾਰੀ ਲਾਲ ਪੁਰੀ ਦੀ ਮ੍ਰਿਤੂ ।
* ਥਾਮਸ ਕਾਰਨਟਨ ਦੁਆਰਾ 'ਦੀ ਵਰਨੈਕੂਲਰ ਲਿਟ੍ਰੇਚਰ ਐਂਡ ਦੀ ਫੋਕਲੋਰ ਆਫ਼ ਦੀ ਪੰਜਾਬ' ਪ੍ਰਕਾਸ਼ਤ ।

1886

* 12 ਜੂਨ ਨੂੰ ਪ੍ਰੋ. ਗੁਰਮੁਖ ਸਿੰਘ ਨੇ ਖਾਲਸਾ ਅਖਬਾਰ ਜਾਰੀ ਕੀਤੀ ।
* ਟ੍ਰਿਬਿਊਨ ਅਖ਼ਬਾਰ ਹਫ਼ਤੇ ਵਿਚ ਦੋ ਵਾਰੀ ਛਪਣ ਲਗਾ।

1887

* 16 ਫ਼ਰਵਰੀ - ਦੇਵ ਸਮਾਜ ਦਾ ਮੁਢ
* ਸਾਧੂ ਦਯਾ ਸਿੰਘ ਆਰਿਫ਼ ਦਾ ਜਨਮ ।
* ਮਲਕਾ ਵਿਕਟੋਰੀਆ ਦੇ ਰਾਜ ਦੀ ਸਵਰਨ ਜਯੰਤੀ ਮਨਾਈ ਗਈ(16 ਫ਼ਰਵਰੀ)।

1888

* ਮੇਜਰ ਐਚ.ਕੋਰਟ ਨੇ ਸਿੱਖਾਂ ਦੇ ਰਾਜ ਦੀ ਵਿਥਿਆ (ਫਲੌਰੀ) ਦਾ ਅੰਗਰੇਜ਼ੀ ਅਨੁਵਾਦ ਛਾਪਿਆ।
* ਪ੍ਰਸਿੱਧ ਕਿੱਸਾਕਾਰ ਪੰਡਤ ਕਿਸ਼ੋਰ ਚੰਦ ਦਾ ਜਨਮ।
* ਪੰਡਤ ਕਰਤਾਰ ਸਿੰਘ ਦਾਖਾ ਦਾ ਜਨਮ।

1889

* ਪ੍ਰਸਿੱਧ ਭਾਸ਼ਾ ਵਿਗਿਆਨੀ ਤੇ ਸਾਹਿੱਤਕਾਰ ਡਾ: ਬਨਾਰਸੀ ਦਾਸ ਜੈਨ ਦਾ ਜਨਮ।
* ਲਾਲ ਸਿੰਘ ਕਮਲਾ ਅਕਾਲੀ ਦਾ ਜਨਮ
* ਗਿ: ਹੀਰਾ ਸਿੰਘ ਦਰਦ ਦਾ ਜਨਮ (30 ਸਤੰਬਰ)।

1890

* ਸਯਦ ਫਜ਼ਲ ਸ਼ਾਹ (ਕਰਤਾ ਸੋਹਣੀ ਤੇ ਹੋਰ ਕਿੱਸੇ) ਦੀ ਮ੍ਰਿਤੂ(11 ਫਰਵਰੀ)।

1891 *
* ਐਸ.ਐਸ.ਚਰਨ ਸਿੰਘ ਸ਼ਹੀਦ ਦਾ ਜਨਮ ।

1892

* 5 ਮਾਰਚ- ਖਾਲਸਾ ਕਾਲਜ ਅੰਮ੍ਰਿਤਸਰ ਦਾ ਨੀਹ ਪੱਥਰ ਸਰ ਜੇਮਜ਼ ਲਾਇਲ ਨੇ ਰਖਿਆ।
* ਕਾਦਰ-ਯਾਰ ਦੀ ਮ੍ਰਿਤੂ ।
* ਸਿੱਖ ਕੰਨਿਆ ਮਹਾਂਵਿਦਿਆਲਾ ਫੀਰੋਜ਼ਪੁਰ ਦੀ ਸਥਾਪਨਾ।
* ਭਾਈ ਵੀਰ ਸਿੰਘ ਦੇ ਸਾਹਿੱਤਕ ਜੀਵਨ ਦਾ ਆਰੰਭ, ਪੁਰਦੂ ਲੁਗਾਂਤ, ਜੁਗਰਾਫੀਆ ਤੇ ਬੱਚਿਆਂ ਲਈ ਪੁਸਤਕਾਂ।
* ਮੌਲਵੀ ਗੁਲਾਮ ਰਸੂਲ ਦੀ ਮ੍ਰਿਤੂ ।
* ਗਿਆਨੀ ਗਿਆਨ ਸਿੰਘ ਰਚਿਤ ਤਵਾਰੀਖ ਗੁਰੂ ਖਾਲਸਾ ਤਿੰਨ ਜਿਲਦਾਂ ਵਿਚ ਛਪ ਕੇ ਤਿਆਰ ਹੋਇਆ ।
* ਪ੍ਰੋ: ਆਈ.ਸੀ.ਨੰਦਾ ਦਾ ਜਨਮ।
* ਪ੍ਰਸਿੱਧ ਹਾਸ-ਰਸੀ ਕਵੀ ਈਸ਼ਰ ਸਿੰਘ ਭਾਈਆ ਦਾ ਜਨਮ ।
* ਬਾਬੂ ਰਜਬ ਅਲੀ ਦਾ ਜਨਮ ।

1893

* ਭਾਈ ਵੀਰ ਸਿੰਘ ਜੀ ਦਾ ਕਾਵਿਕ ਜੀਵਨ 'ਦੋਹਾ' ਨਾਂ ਦੀ ਕਵਿਤਾ ਨਾਲ ਆਰੰਭ ਹੋਇਆ ਜਿਹੜੀ ਕਿਸੇ ਅੰਗਰੇਜ਼ੀ ਕਵਿਤਾ ਦਾ ਅਨੁਵਾਦ ਸੀ।
* ਮਿਸਟਰ ਮੈਕਾਲਫ਼ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਆਰੰਭ ਜਿਹੜਾ 1909 ਈ. ਵਿਚ ਸੰਪੂਰਨ ਹੋਇਆ।
* ਪ੍ਰਿੰਸੀਪਲ ਤੇਜਾ ਸਿੰਘ ਦਾ ਜਨਮ ।
* 22 ਅਕਤੂਬਰ ਨੂੰ ਮਹਾਰਾਜਾ ਦਲੀਪ ਸਿੰਘ ਦੀ ਮ੍ਰਿਤੂ ।

1894

* ਖਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰੱਖੀ ਗਈ। 'ਨਿਰਗੁਣੀਆਰੇ' ਨਾਂ ਦਾ ਦੋ ਮਾਸਕ ਪੱਤਰ ਜਾਰੀ ਕੀਤਾ। ਇਸੇ ਪਰਚੇ ਦੇ ਪਹਿਲੇ ਅੰਕ ਵਿਚ ਪ੍ਰਕਾਸ਼ਤ 'ਪ੍ਰਾਰਥਨਾ' ਨਾਲ ਭਾਈ ਵੀਰ ਸਿੰਘ ਦੀ ਗੱਦ ਰਚਨਾ ਦਾ ਆਰੰਭ ।
* ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਜਨਮ ।
* ਬਾਪੂ ਦਯਾ ਸਿੰਘ 'ਆਰਿਫ਼' ਦਾ ਜਨਮ(26 ਦਸੰਬਰ)।
* ਡਾਕਟਰ ਦੇਵੀ ਦਾਸ ਹਿੰਦੀ ਦਾ ਜਨਮ ।

<u>1895</u>

* ਭਾਈ ਮੱਯਾ ਸਿੰਘ ਰਚਿਤ ਪੰਜਾਬੀ ਦਾ ਪਹਿਲਾ ਪੰਜਾਬੀ-ਅੰਗਰੇਜ਼ੀ ਕੋਸ਼ ਪ੍ਰਕਾਸ਼ਤ ਹੋਇਆ।
* ਸਨਾਤਨ ਧਰਮ ਸਭਾ ਦੀ ਸਥਾਪਨਾ ।
* ਸ੍ਰ:ਗੁਰਬਖਸ਼ ਸਿੰਘ ਐਡੀਟਰ 'ਪ੍ਰੀਤ ਲੜੀ' ਦਾ ਜਨਮ।
* ਪਾਦਰੀ ਬੌਮਫੋਰਡ ਦੁਆਰਾ, 'ਲੈਂਗੁਏਜ਼ ਸਪੋਕਨ ਇਨ ਵੈਸਟ ਪੰਜਾਬ" ਪ੍ਰਕਾਸ਼ਤ।
* ਬਾਂਕੇ ਦਿਆਲ(ਪ੍ਰਭ ਦਿਆਲ)ਦੁਆਰਾ ਗੁਜਰਾਂਵਾਲਾ ਤੋਂ 'ਬਜ਼ਮੇ-ਸ਼ੂਅਰਾ' ਨਾਂ ਦਾ ਮਾਸਕ ਪੱਤਰ(ਫਾਰਸੀ ਲਿੱਪੀ) ਜਾਰੀ ਕੀਤਾ।

<u>1896</u>

* ਲਾਲਾ ਅਮਰ ਨਾਥ ਮੁਨਸਫ ਨੇ ਪੰਜਾਬੀ ਦਾ ਉਰਦੂ ਲਿਪੀ ਵਿਚ ਪਹਿਲਾ ਅਖਬਾਰ 'ਅੰਮ੍ਰਿਤ ਪਤ੍ਰਕਾ' ਜਾਰੀ ਕੀਤਾ।
* ਲਾਲਾ ਬਾਂਕੇ ਦਿਆਲ ਵਲੋਂ ਗੁਜਰਾਂਵਾਲੇ ਤੋਂ 'ਬਜ਼ਮੇ-ਸ਼ੂਅਰਾ' ਨਾਂ ਦਾ ਪੱਤਰ ਜਿਸ ਵਿਚ ਪੰਜਾਬੀ ਕਵੀਆਂ ਦੀਆਂ ਨਜ਼ਮਾਂ ਤੇ ਗਜ਼ਲਾਂ ਛਪਦੀਆਂ ਸਨ।
* ਟੀ.ਪੀ. ਨਿਊਟਨ ਨੇ 'ਪੰਜਾਬੀ ਗ੍ਰਾਮਰ' ਲਿਖੀ।

<u>1897</u>

* ਸ੍ਰ: ਨਾਨਕ ਸਿੰਘ ਨਾਵਲਿਸਟ ਦਾ ਜਨਮ।
* ਰਣ ਸਿੰਘ ਕਰਤਾ 'ਹੀਰ' ਦਾ ਜਨਮ ।
* ਪ੍ਰਸਿੱਧ ਸੀਹਰਫ਼ੀ ਲੇਖਕ ਬਰਦਾ ਪਿਸ਼ੌਰੀ ਦੀ ਮ੍ਰਿਤੂ।
* ਲਾਲਾ ਸਾਲਗ ਰਾਮ ਰਚਿਤ ਐਂਗਲੋ ਗੁਰਮੁਖੀ ਡਿਕਸ਼ਨਰੀ ਪ੍ਰਕਾਸ਼ਤ ।

<u>1898</u>

* 24 ਨਵੰਬਰ - ਪ੍ਰੋ:ਗੁਰਮੁਖ ਸਿੰਘ ਦਾ ਦਿਹਾਂਤ(ਕੰਡਾਘਾਟ ਵਿਚ)।
* ਭਾਈ ਵੀਰ ਸਿੰਘ ਰਚਿਤ ਪਹਿਲਾ ਇਤਿਹਾਸਕ ਨਾਵਲ 'ਸੁੰਦਰੀ' ਪ੍ਰਕਾਸ਼ਤ ਹੋਇਆ।
* ਪੰਜਾਬੀ ਬੁਲਬੁਲ ਬਾਬੂ ਫੀਰੋਜ਼ਦੀਨ ਸ਼ਰਫ ਦਾ ਜਨਮ ।
* ਸ੍ਰ. ਦਿਆਲ ਸਿੰਘ ਮਜੀਠੀਆ ਦੀ ਮ੍ਰਿਤੂ।
* ਟੀ.ਪੀ.ਨਿਊਟਨ ਦੁਆਰਾ 'ਪੰਜਾਬੀ ਮੈਨੂਅਲ ਐਂਡ ਗ੍ਰਾਮਰ' ਪ੍ਰਕਾਸ਼ਤ।
* ਮਿਸਟਰ ਜੇ. ਵਿਲਸਨ ਦੁਆਰਾ ਗ੍ਰਾਮ ਐਂਡ ਡਿਕਸ਼ਨਰੀ ਔਫ ਵੈਸਟ੍ਰਨ ਪੰਜਾਬੀ ਪ੍ਰਕਾਸ਼ਤ।

<u>1899</u>

* ਜਨਵਰੀ - ਸਿੱਖਾਂ ਦਾ ਪਹਿਲਾ ਅੰਗਰੇਜ਼ੀ ਅਖ਼ਬਾਰ 'ਦੀ ਖਾਲਸਾ' ਭਗਤ ਲਛਮਣ ਸਿੰਘ ਦੀ ਸੰਪਾਦਨਾ ਹੇਠ ਲਾਹੌਰ ਤੋਂ ਜਾਰੀ ਹੋਇਆ।

* ਸਿੰਘ ਸਭਾ ਦੇ ਆਗੂਆਂ ਤੇ ਅੰਗਰੇਜ਼ੀ ਪੰਜਾਬੀ ਦੇ ਸਿਰਮੌਰ ਵਿਦਵਾਨ ਸਰ ਅਤਰ ਸਿੰਘ ਭਦੌੜ ਦੀ ਮ੍ਰਿਤੂ ( 10 ਜੂਨ)
* 17 ਨਵੰਬਰ ਨੂੰ ਪੰਜਾਬੀ ਦਾ ਸਭ ਤੋਂ ਪੁਰਾਣਾ ਤੇ ਹੁਣ ਤਕ ਜਾਰੀ ਸਪਤਾਹਕ ਪੱਤਰ 'ਖਾਲਸਾ ਸਮਾਚਾਰ' ਜਾਰੀ ਹੋਇਆ।
* ਭਾ: ਵੀਰ ਸਿੰਘ ਰਚਿਤ ਦੂਜਾ ਇਤਿਹਾਸਕ ਨਾਵਲ 'ਬਿਜੈ ਸਿੰਘ' ਪ੍ਰਕਾਸ਼ਤ।
* ਭਾਰਤੀ ਭਾਸ਼ਾਵਾਂ ਦੇ ਸਭ ਤੋਂ ਵਡੇ ਸਮਰਥਕ ਡਾ: ਲਾਈਟਨਰ ਦੀ ਮ੍ਰਿਤੂ।
* ਡਾ: ਮੋਹਨ ਸਿੰਘ ਦੀਵਾਨਾ ਦਾ ਜਨਮ ।

1900

* ਭਾ: ਵੀਰ ਸਿੰਘ ਦੇ ਤੀਜੇ ਇਤਿਹਾਸਕ ਨਾਵਲ 'ਸਤਵੰਤ ਕੌਰ' ਦਾ ਪਹਿਲਾ ਭਾਗ ਪ੍ਰਕਾਸ਼ਤ ਹੋਇਆ।
* 4 ਜੂਨ ਨੂੰ ਲਾਹੌਰ ਵਿਚ 'ਖਾਲਸਾ ਸੁਧਾਰ ਸਭਾ' ਕਾਇਮ ਕੀਤੀ ਗਈ।
* ਕਿਸ਼ਨ ਸਿੰਘ ਆਰਿਫ਼ ਦੀ ਮ੍ਰਿਤੂ ।
* ਏ.ਜੂਕਸ ਦੁਆਰਾ ' ਏ ਡਿਕਸ਼ਨਰੀ ਆਫ ਜਟਕੀ ਆਰ ਵੈਸਟ੍ਰਨ ਪੰਜਾਬੀ" ਪ੍ਰਕਾਸ਼ਤ।
* ਮਿਸਟਰ ਓ'ਬਰੇਨ ਦੁਆਰਾ 'ਕਾਂਗੜੇ ਦੀ ਉਪ-ਭਾਖ਼ਾ' (ਅਪ੍ਰਕਾਸ਼ਤ) ਰਚੀ ਗਈ।
* ਅੰਤਲੇ ਸੂਫੀ ਕਵੀ ਗੁਲਾਮ ਫਰੀਦ ਦੀ ਮ੍ਰਿਤੂ ।
* ਡਾਕਟਰ ਫਕੀਰ ਮੁਹੰਮਦ ਫਕੀਰ ਦਾ ਜਨਮ ।

1901

* ਗਿਆਨੀ ਦਿਤ ਸਿੰਘ ਦੀ ਮ੍ਰਿਤੂ - ( 6 ਸਤੰਬਰ)
* ਪ੍ਰਸਿੱਧ ਸੂਫੀ ਕਵੀ ਖ਼ੁਆਜਾ ਗੁਲਾਮ ਫਰੀਦ ਚਾਚੜਾਂ ਦੀ ਮ੍ਰਿਤੂ(24 ਜੁਲਾਈ)
* ਸਰਹਦੀ ਪ੍ਰਾਂਤ ਪੰਜਾਬ ਨਾਲੋਂ ਵੱਖ ਕਰ ਦਿਤਾ ਗਿਆ।

***

# ਲੇਖਕਵਾਰ ਪੁਸਤਕਾਂ ਦੀ ਸੂਚੀ

| ਲੇਖਕ ਦਾ ਨਾਂ<br>1 | ਪੁਸਤਕ ਦਾ ਨਾਂ<br>2 | ਵਿਸ਼ਾ<br>3 | ਪ੍ਰਕਾਸ਼ਨ ਸਾਲ<br>4 |
|---|---|---|---|
| ਉਤਮ ਸਿੰਘ ਭਾਈ | ਕੇਸ ਮਹਾਤਮ | ਧਰਮ | 1892 |
| ਉਤਮ ਸਿੰਘ | ਜਨਮ ਸਾਖੀ | ਧਰਮ | 1884 |
| ਉਜਾਗਰ ਸਿੰਘ ਸੁਦਾ ਅਨੰਦ | ਅਨੰਦੀ ਚਮਤਕਾਰ | ਧਰਮ | 1895 |
| ਉਤਮ ਸਿੰਘ | ਖਾਲਸਾ ਧਰਮ ਦਰਪਣ | ਸਿੱਖ ਧਰਮ | - - |
| ———, | ਜਨਮ ਸਾਖੀ ਅਟੱਲ ਸਾਹਿਬ | ਜਨਮ ਸਾਖੀ | 1887 |
| ———, | ਖਾਲਸਾ ਸੰਸਕਾਰ ਪੁਸਤਕ | ਸਿੱਖ ਧਰਮ | 1884 |
| ਅਵਤਾਰ ਸਿੰਘ ਭਾਈ | 1.ਖ਼ਾਲਸਾ ਧਰਮ ਸ਼ਾਸਤਰ<br>2.ਸਿੱਖ ਧਰਮ ਤੱਤ ਦਰਸ਼ਨ | ਧਰਮ<br>" | 1894<br>1899 |
| ਆਇਆ ਸਿੰਘ ਸੰਤ | ਬਿਬੇਕ ਉਤਰ ਪ੍ਰਸ਼ਨ | | 1898 |
| ਅਤਰ ਸਿੰਘ ਭਾਈ | ਖਾਲਸਾ ਧਰਮ ਦਰਪਨ, ਪਹਿਲਾ ਭਾਗ | | 1898 |
| ———, | ਅਮਰ ਕੂੰਡ ਅਥਵਾ ਰਹਿਤਨਾਮਾ | | 1899 |
| ਅਤ੍ਰ ਸਿੰਘ ਸਰਦਾਰ ਭਦੌੜ(ਅਨੁਵਾਦ) | 1. ਰਹਿਤਨਾਮਾ ਪ੍ਰਹਿਲਾਦ ਰਾਏ<br>2. ਸਾਖੀ ਨਾਮਾ | | 1876<br>1873 |
| ਅਤਰ ਸਿੰਘ | ਖਾਲਸਾ ਧਰਮ ਸ਼ਾਸਤਰ ਸੰਸਕਾਰ | | 1893 |
| ਅਮਰ ਸਿੰਘ | ਸ੍ਰੀ ਗੁਰੂ ਅਰਜਨ ਚਰਿਤ੍ਰ | | 1897 |
| ਅਮੀਰ ਦਾਸ ਸੰਤ | ਅਮੀਰ ਪ੍ਰਕਾਸ਼ | ਕਵਿਤਾ | 1897 |
| ਅਮਰ ਸਿੰਘ ਦੁਆਬੀਆ | ਅਮਰ ਰਮਾਇਣ | ਧਰਮ | 1885 |
| ਅਬਦੁਲ ਰਹਿਮਾਨ | ਖੁਲਦੀ ਸੀਹਰਫ਼ੀ | ਕਵਿਤਾ | 1887 |
| ਅਵਤਾਰ ਸਿੰਘ ਵਹੀਰੀਆ | ਖਾਲਸਾ ਸੁਧਾਰ ਤਰੂ | ਧਰਮ | 1900 |
| ਆਇਆ ਸਿੰਘ ਇਨਸਪੈਕਟਰ | ਅਰੋਗ ਦਰਪਨ | ਵੈਦਿਕ | 1883 |
| ਆਇਆ ਸਿੰਘ | ਜੁਬਲੀ ਪ੍ਰਕਾਸ਼ | ਜਨਰਲ | 1889 |
| ਅਉਮਾ ਸਿੰਘ | ਸੱਚਾ ਦਾਨ | " | 1895 |
| ਅਵਤਾਰ ਸਿੰਘ | ਹੋਰਨਾਂ ਧਰਮਾਂ ਦੇ ਧਰਮ ਪੁਸਤਕਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀ ਵਾਧਾ ਹੈ। | ਸਿੱਖ ਧਰਮ | 1892 |
| ਅਵਤਾਰ ਸਿੰਘ | ਗੁਰਦੀਖਿਆ ਸੰਬੰਧੀ ਸਾਖੀਆਂ | | - - |

| | | | |
|---|---|---|---|
| ਇੰਦਰ ਸਿੰਘ | 1.ਤਿੱਬ ਅਹਿਸਾਨੀ | ਹਿਕਮਤ | 1895 |
| | 2.ਰਾਮਾਇਣ | ਕਵਿਤਾ | 1887 |
| ਈਸ਼ੁਰ ਦਾਸ ਮਹੰਤ | 1. ਅਦਵੈਤ ਬਿਨਾਸ਼ਨ | ਧਰਮ | 1880 |
| | 2. ਕਹਾਉਤਾਂ ਦੀ ਪੋਥੀ | ਧਰਮ | 1893 |
| | 3. ਨਵਾਂ ਨੇਮ | ਧਰਮ | 1868 |
| | 4. ਬਿਪਤਾ ਸਮੇਂ ਦੀ ਮਰਯਾਦਾ | " | 1888 |
| ਸਾਧੂ ਸਿੰਘ ਬਾਵਾ | ਸ੍ਰੀ ਗੁਰੂ ਸੰਸ ਤਰਵਰ | | 1899 |
| ਸਾਧੂ ਸਿੰਘ ਮਹੰਤ | ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ | | 1899 |
| ਸਾਲਿਗ ਰਾਮ | 1. ਸ੍ਰੀ ਨਾਨਕ ਮੱਤ ਨਿਰਨਾ | | 1877 |
| | 2. ਉਦਾਸੀ ਮੱਤ ਪਰਿਦੀਪਕਾ | | 1877 |
| ਸੰਤੋਖ ਸਿੰਘ ਭਾਈ | 1.ਸੱਚੀ ਸਿਖਿਆ | | 1900 |
| | 2. ਗ੍ਰੰਥ ਗੁਰ ਪ੍ਰਤਾਪ ਸੂਰਜ | | 1883-84 |
| ਸੰਤ ਸਿੰਘ | ਸ੍ਰੀ ਗੁਰੂ ਚਰਿਤਰ ਪ੍ਰਭਾਕਰ | | 1877 |
| ਸ਼ਰਧਾ ਰਾਮ ਪੰਡਤ | ਸਿੱਖਾਂ ਦੇ ਰਾਜ ਦੀ ਵਿਥਿਆ | | 1868 |
| ————, | ਪੰਜਾਬੀ ਬਾਤ ਚੀਤ | | 1875 |
| ਸਰਦੂਲ ਸਿੰਘ | 1. ਗੁਰ ਪ੍ਰਨਾਲੀ | | 1893 |
| | 2. ਸ਼ਰਧਾ ਪੂਰਨ | | 1891 |
| | 3. ਜਨਮ ਸਾਖੀ ਸ੍ਰੀ ਗੁਰੂ ਅਮਰ ਦਾਸ | | 1897 |
| | 4. ਰੀਪੋਰਟ ਦਸਮ ਗ੍ਰੰਥ ਦੀ ਸੁਧਾਈ ਦੀ | | - - |
| | 5. ਜਨਮ ਸਾਖੀ ਸ੍ਰੀ ਗੁਰੂ ਅੰਗਦ ਸਾਹਿਬ | | 1895 |
| | 6. ਸ੍ਰੀ ਗੁਰੂ ਗ੍ਰੰਥ ਜੀ ਦੇ ਪਾਠ ਦੀ ਵਿਧੀ | | 1895 |
| | 7. ਗੁਰਪੁਰਬ ਦੀ ਵਿਧੀ | | 1898 |
| ਸਰੂਪ ਸਿੰਘ ਬਾਵਾ | ਸਾਖੀਆਂ ਪਾਤਸ਼ਾਹੀਆਂ ਤਿੰਨ ਦੀਆਂ | | 1889 |
| ਸੇਵਾ ਰਾਮ ਸਿੰਘ ਭਾਈ | ਸਿੱਖ ਮ੍ਰਿਤ ਕਰਮ ਵਿਚਾਰ ਅਤੇ ਵਸੀਅਤ | | 1890 |
| ਸੁਚੇਤ ਸਿੰਘ | ਕਿਆ ਦਸਵੇਂ ਗੁਰੂ ਜੀ ਨੇ ਦੇਵੀ ਪੂਜੀ ਹੈ? | | 1899 |
| ਸੁਮੇਰ ਸਿੰਘ ਬਾਵਾ | ਰਹਿਤ ਨਾਮਾ | 1 | 1879 |
| ਸੂਰਜ ਸਿੰਘ ਭਾਈ | ਪੁਕਾਰ ਗੁਰਮਤ ਪ੍ਰੀ ਖਾਲਸਾ | | 1900 |
| ਸੁਮੇਰ ਸਿੰਘ ਬਾਬਾ ਪਟਨੇ ਵਾਲੇ | ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼ | ਇਤਿਹਾਸ | 1882 |
| ਸੋਹਨ ਲਾਲ ਕਵੀ | ਗੁਰ ਬਿਲਾਸ ਛੇਵੀਂ ਪਾਤਸ਼ਾਹੀ | ਇਤਿਹਾਸ | 428 ਨਾਨਕ ਸ਼ਾਹੀ |
| ਸੋਹਣ ਲਾਲ ਰਾਏ ਬਹਾਦਰ | ਸੋਭਾ ਸਿੰਘ ਕਵੀ | ਇਤਿਹਾਸ | 1899 |
| ਸੁੰਦਰ ਸਿੰਘ ਗਿਆਨੀ | ਪਸ਼ੂ ਚਕਿਤਸਾ | ਹਿਕਮਤ | 1890 |
| ਸੁੱਖਾ ਸਿੰਘ ਭਾਈ | ਗ੍ਰੰਥ ਗੁਰੂ ਬਿਲਾਸ ਪਾਤਸ਼ਾਹੀਆਂ | ਧਰਮ | 1890 |
| ਸ਼ਿਵ ਨਾਥ ਪੰਡਤ ਜੋਗੀ | ਹਿੰਦ ਦਾ ਇਤਿਹਾਸ | ਇਤਿਹਾਸ | 1883 |

| | | | |
|---|---|---|---|
| ਸਿੰਘ ਸਭਾ ਲਾਹੌਰ | 1.ਸ੍ਰੀ ਗੁਰੂ ਮਤਿ ਮੰਡਨ | ਧਰਮ | 1886 |
| | 2.ਜਨਮ ਸਾਖੀ | ਜੀਵਨੀ | 1894 |
| ਸਾਲਿਗ ਰਾਮ ਲਾਲਾ | ਐਂਗਲੋ ਗੁਰਮੁਖੀ ਡਿਕਸ਼ਨਰੀ | ਕੋਸ਼ | 1897 |
| ਸਾਧੂ ਸਿੰਘ ਮਹੰਤ | ਉਥਾਨਕਾ ਸ੍ਰੀ ਗੁਰੂ ਗ੍ਰੰਥ | ਧਰਮ | 1898 |
| ਸਾਧੂ ਸਿੰਘ ਬਾਬਾ | ਗੁਰ ਸਿਖਿਆ ਪ੍ਰਭਾਕਰ | ਵੇਦਾਂਤ | 1893 |
| ਸੰਤ ਸਿੰਘ ਗਿਆਨੀ | ਤੁਲਸੀ ਰਾਮਾਇਣ ਸਟੀਕ | ਟੀਕਾ | 1894 |
| ਸਤਯਵਰਤ ਸ਼ਾਸਤਰੀ | ਸ਼ਰੋਮਣੀ ਤਿੱਥ ਪੱਤ੍ਰਕਾ | ਜੋਤਿਸ਼ | 1858 |
| ਸੰਤ ਦਲ ਸਿੰਘ | ਟੀਕਾ ਹਜ਼ਾਰੇ ਤੇ ਸ਼ਬਦ | ਸਟੀਕ | — |
| ਸੰਤੋਖ ਸਿੰਘ | ਸੱਚੀ ਸਿਖਿਆ | ਜਨਰਲ | 1900 |
| ਸੁਮੇਰ ਸਿੰਘ | ਗੁਰ ਕਵਿਤਾਵਲੀ | ਕਵਿਤਾ | 1886 |
| ਸਰਦੂਲ ਸਿੰਘ | ਗੁਰ ਸਿੱਖਾਂ ਦੇ ਨਿਤਯ ਕਰਮ | ਸੰਪਾਦਨਾ | 1885 |
| ਹਰੀ ਸਿੰਘ | ਬਿਜੈ ਮੁਕਤ ਧਰਮ ਸ਼ਾਸਤਰ | | 1896 |
| ਹਰਨਾਮ ਸਿੰਘ | ਤਨਖ਼ਾਹ ਨਾਮਾ | | 1885 |
| ਹਰਨਾਮ ਸਿੰਘ | ਬਿਜਲੀ ਬਿਦਾਰਨ | | 1897 |
| ਹਜ਼ਾਰਾ ਸਿੰਘ ਭਾਈ | 1.ਜਨਮ ਸਾਖੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ | | 1897 |
| | 2.ਜਨਮ ਸਾਖੀ ਸ੍ਰੀ ਗੁਰੂ ਹਰਿ ਰਾਏ ਜੀ ਦੀ | | 1897 |
| ਹੀਰਾ ਸਿੰਘ, ਭਾਈ | ਰਤਨ ਅਮੋਲਕ | | 1898 |
| ਹੁਕਮ ਸਿੰਘ | ਪ੍ਰਸੰਗ ਦਸ਼ਮ ਗੁਰਾਂ ਦੇ ਅਵਤਾਰ ਧਾਰਨੇ ਦਾ | | 1894 |
| ਹਾਫ਼ਿਜ਼ ਮੁਹੰਮਦ ਮੌਲਾਨਾ | ਗਣਿਤਸਾਰ ਅਨੁਵਾਦ | ਗਣਿਤ | 1885 |
| ਹੀਰਾ ਸਿੰਘ ਮਹਾਰਾਜਾ ਨਾਭਾ | 1. ਰਾਜ ਧਰਮ ਭਾਗ ਦੂਜਾ | ਨੀਤੀ | 1896 |
| | 2. ਪਰਜਾ ਧਰਮ ਭਾਗ ਪਹਿਲਾ | ਨੀਤੀ | 1890 |
| ਹਰੀ ਰਾਮ ਸਿੰਘ | ਸ੍ਰੀ ਵੇਦਯ ਵਿਜੈ ਮੁਕਤਾਵਲੀ | ਵੈਦਿਕ | 1891 |
| ਹਾਫ਼ਜ਼ ਮੁਹੰਮਦ ਦੀਨ | ਲੈਲਾ ਮਜਨੂ | ਕਵਿਤਾ | 1895 |
| ਹਰਦਿਆਲ ਪੰਡਿਤ | ਸਾਰੁਕਤਾਵਲੀ | ਨੀਤੀ | 1895 |
| ਹਰਨਾਮ ਸਿੰਘ ਭਾਈ | ਸੂਧੀ ਪੱਤਰ | ਸੁਧਾਰ | 1897 |
| ਹਰਸਾ ਸਿੰਘ ਭਾਈ | 1.ਸਿੰਘਾਸਨ ਬਤੀਸੀ | ਨਿਬੰਧ | 1883 |
| | 2.ਬਾਗੋ ਬਹਾਰ-ਚਿਹਾਰ ਦਰਵੇਸ਼ | ਨਿਬੰਧ | 427 ਨਾਟਕ ਸੂਚੀ |
| ਹਜਾਰਾ ਸਿੰਘ ਗਿਆਨੀ | 1.ਦੁਲਹਣ ਦਰਪਣ | ਨਾਵਲ | 1893 |
| | 2.ਪੰਜਾਬੀ ਦੀ ਪੰਜਵੀਂ ਪੋਥੀ | ਪਾਠ ਪੁਸਤਕ | 1893 |
| | 3. ਹਿੰਦ ਦਾ ਸੁਗਮ ਇਤਿਹਾਸ | ਇਤਿਹਾਸ | 1883 |
| | 4.ਹਿੰਦ ਇਤਿਹਾਸ ਪ੍ਰਸ਼ਨਉੱਤਰੀ | ਇਤਿਹਾਸ | 1890 |
| | 5. ਪ੍ਰਿਥਮ ਭੂਗੋਲ ਜਾਂ ਭੂਗੋਲ ਦਰਪਨ | ਜਨਰਲ | 1890 |
| | 6. ਪੰਜਾਬੀ ਲਘੂ ਵਿਆਕਰਣ | ਜਨਰਲ | 1879 |
| | 7.ਹਜ਼ਾਰੀ ਬਾਗ | ਅਨੁਵਾਦ | 1891 |
| | 8. ਦੁਲਹਨ ਦਰਪਨ | ਨਾਵਲ | 1879 |

| | | | |
|---|---|---|---|
| ਹਰਨਾਮ ਸਿੰਘ | ਗੁਰਉਪਕਾਰ | ਕਵਿਤਾ | 1895 |
| ਹਰਨਾਮ ਸਿੰਘ ਉਪਦੇਸ਼ਕ | ਮੂਰਤੀ ਦਰਪਨ | ਜਨਰਲ | 1892 |
| ਹੁਕਮ ਸਿੰਘ | ਪ੍ਰਸੰਗ ਦਸਾਂ ਗੁਰੂਆਂ ਦੇ ਅਵਤਾਰ ਧਾਰਨੇ ਦਾ | ਸਿੱਖ ਇਤਿਹਾਸ | 1894 |
| ਕਾਹਨ ਸਿੰਘ ਭਾਈ | ਹਮ ਹਿੰਦੂ ਨਹੀਂ | | 1899 |
| ਕੁਤਬਦੀਨ | ਜਨਮ ਸਾਖੀ ਗੁਰੂ ਨਾਨਕ ਦੇਵ ਜੀ। | ਜਨਮ ਸਾਖੀ | 1871 |
| ਕੁਸ਼ਾਲ ਸਿੰਘ | ਤਿਬ ਦਾਰੁਲਸ਼ਫਾ | ਵੈਦਿਕ | 1890 |
| ਕਿਸ਼ਨ ਲਾਲ | ਸਭਾ ਸ਼ਿੰਗਾਰ | ਨਿਬੰਧ | 1896 |
| ਕਿਸ਼ਨ ਸਿੰਘ ਆਰਿਫ਼ | 1. ਕਿੱਸਾ ਹੀਰ ਤੇ ਰਾਂਝੇ ਦਾ ਕਲੀਆਂ ਵਾਲਾ | ਕਵਿਤਾ | 1899 |
| | 2. ਗਿਆਨ ਚਰਖਾ | ਕਵਿਤਾ | 1884 |
| | 3. ਰੁਕਮਣੀ ਮੰਗਲ | ਕਵਿਤਾ | 1889 |
| ਕਾਹਨ ਸਿੰਘ ਭਾਈ | ਸ਼ਰਾਬ ਪਰ ਵਿਖਿਯਾਨ | ਧਰਮ | 1895 |
| ਕਾਸਰ ਸ਼ਾਇਰ | ਸਿਹਰਫ਼ੀ ਲੈਲਾਂ ਮਜਨੂ | ਕਵਿਤਾ | 1884 |
| ਕਲਿਆਣ ਦਾਸ | ਪੂਰਨ ਭਗਤ | ਕਵਿਤਾ | 1898 |
| ਕ.ਕ.ਭੰਦਣ | ਫਰਾਂਸ ਦੇ ਮਸ਼ਹੂਰ ਬਦਮਾਸ਼ ਸੈਕਬਰ(ਭਾਗ ਪਹਿਲਾ) | ਨਾਵਲ(ਅਨੁ.) | 1896 |
| ਖੇਮ ਸਿੰਘ ਬਾਬਾ ਬੇਦੀ | ਗੁਰਮਤ ਸੰਸਕਾਰ ਭਾਗ | ਗੁਰਮਤ | 1896 |
| ਗੋਬਿੰਦ ਦਾਸ ਸਾਧੂ | ਵਿਚਾਰ ਮਾਲ ਸਟੀਕ | ਸਟੀਕ | 1898 |
| ਗੋਪਾਲ ਸਿੰਘ ਮਿਸਤਰੀ | ਜੰਗਨਾਮਾ ਮਾਲਾਕਾਂਡ | ਕਵਿਤਾ | 1898 |
| ਗੋਪਾਲ ਸਿੰਘ | ਬਾਗ਼ੋ ਬਹਾਰ | ਕਵਿਤਾ | 1894 |
| ਗੁਲਾਮ ਅਹਿਮਦ ਕਾਦੀਆਂ | ਇਸਲਾਮੀ ਅਸੂਲਾਂ ਦੀ ਫਿਲਾਸਫ਼ੀ | ਧਰਮ | 1896 |
| ਗੁਰਬਖਸ਼ ਸਿੰਘ | ਗੰਜ ਗੁਰਬਖ਼ਸ਼ ਸਿੰਘ | ਕਵਿਤਾ | 1880 |
| ਗੁਰਮੁਖ ਸਿੰਘ ਭਾਈ | ਲਾਸਾਨੀ ਕਰਾਮਾਤ | | 1895 |
| ਗਿਆਨ ਸਿੰਘ ਗਿਆਨੀ | ਨਿਰਮਲ ਪੰਥ ਪਰਦੀਪਕਾ | | 1891 |
| | 2. ਅੰਮ੍ਰਿਤ ਪ੍ਰਕਾਸ਼ | | 1898 |
| | 3. ਖਾਲਸਾ ਧਰਮ ਪਤਿਤ ਪਾਵਨ | | 1895 |
| | 4. ਗੁਰ-ਮਰਯਾਦਾ ਵਿਵਾਹ ਵਿਧੀ | | 1857 |
| | 5. ਤਵਾਰੀਖ ਗੁਰੂ ਖਾਲਸਾ | ਇਤਿਹਾਸ | 1892 |
| | 6. ਪੰਥ ਪ੍ਰਕਾਸ਼ | ਕਵਿਤਾ | 1883 |
| | 8. ਗੁਰਪੁਰਬ ਪ੍ਰਕਾਸ਼ | ਕਿੱਸਾ | 1896 |
| ਗੰਗਾ ਰਾਮ | 1. ਸੋਹਣੀ | ਕਿੱਸਾ | 1896 |
| | 2. ਹਕੀਕਤ ਰਾਏ | ਕਿੱਸਾ | 1892 |
| ਗੁਲਾਬ ਸਿੰਘ ਮਹੰਤ | ਭੂਸ਼ਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ | ਧਰਮ | 1897 |
| ਗੁਰਦਿਤ ਸਿੰਘ ਚਾਨਣਾ | ਗ੍ਰੰਥ ਗੁਰੂ ਬਿਲਾਸ ਪਾਤਸ਼ਾਹੀ ਛੇਵੀਂ | ਧਰਮ | 1887 |

| | | | |
|---|---|---|---|
| ਗੁਰ ਦਿੱਤ ਸਿੰਘ ਖੜਗ | ਜੰਗ ਵੰਡਾ | ਕਵਿਤਾ | 1900 |
| ਗੋਪਾਲ ਸਿੰਘ | ਰਸਾਲਾ ਚੇਚਕ ਵਾ<br>ਜੰਗ ਸਿੰਘਾਂ | | 1878 |
| ਗੁਰ ਦਿੱਤ ਸਿੰਘ ਸਾਧੂ | ਚਕਿਤਸਾ ਕੋਸ਼(ਭਾਗ ਪਹਿਲਾ) | ਕੋਸ਼ | 1888 |
| ਗਿਰਧਰ ਕਵੀ | ਅਨੁਭਵ ਸਤਕ | ਧਰਮ | 1898 |
| ਗਨੀਮ ਸਿੰਘ | ਸ੍ਰੀ ਗੁਰੂ ਦਸਮ ਲੀਲ੍ਹਾ | | 1898 |
| ਗੰਡਾ ਸਿੰਘ | ਵਿਗਿਆਨ ਕੋਸ਼ | | 1885 |
| ਗਿਆਨੀ ਦਿੱਤ ਸਿੰਘ | 1.ਸ੍ਰੀ ਗੁਰੂ ਨਾਨਕ ਪ੍ਰਬੋਧ ਗ੍ਰੰਥ | ਕਵਿਤਾ | 1890 |
| | 2.ਨਕਲੀ ਸਿੱਖ ਪ੍ਰਬੋਧ | ਕਵਿਤਾ | 1895 |
| | 3. ਡਰਪੋਕ ਸਿੰਘ | " | 1895 |
| | 4. ਸਿੱਖ ਬੱਚੇ ਦੀ ਕੁਰਬਾਨੀ | ਜਨਰਲ | 1898 |
| | 5. ਕਲਗੀਧਰ ਉਪਕਾਰ | ਸਿੱਖ ਧਰਮ | 1898 |
| | 6. ਤਾਰਾ ਸਿੰਘ ਦੀ ਸ਼ਹੀਦੀ | ਸਿੱਖ ਇਤਿਹਾਸ | 1889 |
| | 7. ਸ੍ਰੀ ਗੁਰੂ ਨਾਨਕ ਪ੍ਰਬੋਧ | ਸਿੱਖ ਧਰਮ | 1889 |
| | 8. ਸਮੱਸਿਆ ਪੂਰਤੀ | ਜਨਰਲ | 1900 |
| | 9.ਸੁਬੇਗ ਸਿੰਘ ਦੀ ਸ਼ਹੀਦੀ | ਸਿੱਖ ਇਤਿਹਾਸ | 1900 |
| | 10.ਭਾਈ ਬੁਧ ਸਿੰਘ ਦੀ ਸ਼ਹੀਦੀ | ਜਨਰਲ | 1900 |
| | 11.ਮੀਰਾਂ ਕੋਟੀਏ ਮਹਿਤਾਬ ਸਿੰਘ<br>ਦੀ ਬਹਾਦਰੀ | ਇਤਿਹਾਸ | |
| | 12.ਪੰਮਾ ਪ੍ਰਬੋਧ | ਜਨਰਲ | |
| | 13.ਸਿੰਘਣੀਆਂ ਦੇ ਸਿਦਕ | ਸਿਖ ਇਤਿਹਾਸ | |
| | 14.ਜਨਮ ਸਾਖੀ ਸ੍ਰੀ ਗੁਰੂ<br>ਨਾਨਕ ਸਾਹਿਬ ਜੀ | ਜਨਮ ਸਾਖੀ | |
| | 15. ਸ਼ਹੀਦੀਆਂ | ਸਿਖ ਇਤਿਹਾਸ | |
| | 16. ਗੁਰਮਤ ਆਰਤੀ ਪ੍ਰਬੋਧ | ਸਿੱਖ ਧਰਮ | 1900 |
| | 17. ਦੰਭ ਵਿਡਾਰਨ | ਜਨਰਲ | |
| | 18. ਧਰਮ ਦਰਪਨ | ਸਿੱਖ ਧਰਮ | |
| ਗੁਰਬਖਸ਼ ਸਿੰਘ | ਜੰਜ ਗੁਰਬਖ਼ਸ਼ ਸਿੰਘ | ਜਨਰਲ | 1890 |
| ਗੁਰਮੁਖ ਸਿੰਘ | ਕਿੱਸਾ ਵੈਸਾਖੀ ਦੇ ਮੇਲੇ | ਕਵਿਤਾ | 1885 |
| ਗੁਰਮੁਖ ਸਿੰਘ ਮਹੰਤ | ਭਗਤ ਮਾਲ ਸਟੀਕ | ਸਟੀਕ | 1886 |
| ਗੁਰਮੁਖ ਸਿੰਘ | ਗ੍ਰੰਥ ਸਾਰ ਸੰਗ੍ਰਹਿ | ਜਨਰਲ | ਨਿਲ |
| ਗੁਰਦਿਆਲ ਸਿੰਘ | ਜਪੁਜੀ ਸਾਹਿਬ ਸਟੀਕ | ਸਟੀਕ | 1895 |
| ਗਨੇਸ਼ਾ ਸਿੰਘ ਬੇਦੀ | ਸ੍ਰੀ ਗੁਰੂ ਨਾਨਕ ਜਨਮ ਸਾਖੀ | ਜਨਮ ਸਾਖੀ | 1895 |
| ਗਣੇਸ਼ ਸਿੰਘ | ਸ੍ਰੀ ਗੁਰੂ ਦਸਮ ਲੀਲਾ | ਜੀਵਨੀ | |
| ਗੁਰਦਿਤ ਸਿੰਘ | ਜਗਤ ਸੁਧਾਰ ਪੁਸਤਕ | ਜਨਰਲ | |
| ਚੇਤਨ ਸਿੰਘ | ਅਸਪ ਨਾਮਾ | | 1889 |

| | | | |
|---|---|---|---|
| ਚਰਾਗਦੀਨ ਸਰਾਜਦੀਨ ਪ੍ਰਕਾਸ਼ਨ | 1. ਗ੍ਰੰਥ ਭਗਤ ਮਾਲ | ਗੁਰਮਤ | 1892 |
| | 2. ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਕੀ | ਜੀਵਨੀ | 1883 |
| | 3. ਪ੍ਰਸ਼ਨਾ | ਜੋਤਸ਼ | 1882 |
| ਚਰਨ ਸਿੰਘ ਡਾ. | 1.ਸ਼ਕੁੰਤਲਾ | ਨਾਟਕ | 1900 |
| | 2. ਅਟੱਲ ਪ੍ਰਕਾਸ਼ | " | 1883 |
| | 3. ਅੰਮ੍ਰਿਤ ਲਹਿਰੀ | " | 1893 |
| ਚੰਦਨਗੀਰ ਬਾਬਾ | ਸਤਿਗੁਰੂ ਬਾਬਾ ਨਾਨਕ ਜੀ ਕੀ ਅਰਦਾਸ | | 1898 |
| ਚਤਰ ਸਿੰਘ | ਸ੍ਰੀ ਕਲਗੀਧਰ ਉਪਕਾਰ | | 1900 |
| ਚੰਦਾ ਸਿੰਘ ਭਾਈ | ਉਸਤਤੀ ਸਵਾਮੀ ਸ੍ਰੀ 6 ਗੁਰੂ ਰਤਨ ਹਰੀ ਕੀ | | 1894 |
| ਛੱਜੂ ਸਿੰਘ ਬਾਵਾ | ਜਪੁਜੀ ਸਾਹਿਬ | | 1894 |
| ਜਵਾਲਾ ਸਿੰਘ ਸਰਦਾਰ | 1. ਬਿਵਾਹ ਸੰਸਕਾਰ ਭਾਗ | | 1899 |
| | 2. ਰੋਸ਼ਨੀ ਬਿਜਲੀ ਬਿਰੋਧਕ ਅੱਖੀਆਂ ਦਾ ਸੁਰਮਾ | | 1898 |
| | 3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਵਿਧੀ | | 1899 |
| ਜੋਗ ਸਿੰਘ | ਹੀਰ ਰਾਂਝਾ (ਸੀਹਰਫ਼ੀ) | ਕਵਿਤਾ | 1877 |
| ਜੈਪਾਲ ਸਿੰਘ ਬੇਦੀ | ਜਨਮ-ਸਾਖੀ(ਗੁਰੂ ਨਾਨਕ ਸਾਹਿਬ) | ਜੀਵਨੀ | 1886 |
| ਜੋਧ ਸਿੰਘ | 1. ਧਰਮ ਪਾਲਨ | | 1896 |
| | 2. ਸੱਚਾ ਧਰਮੀ | | 1900 |
| | 3. ਸ੍ਰੀ ਗੁਰੂ ਗੋਬਿੰਦ ਸਿੰਘ | | 1898 |
| | 4. ਸ੍ਰੀ ਕਲਗੀਧਰ ਹੁਲਾਸ | | 1899 |
| | 5. ਵੱਡਾ ਸ਼ਹੀਦ ਹੁਲਾਸ | | 1900 |
| | 6. ਵੈਸਾਖੀ ਦੀ ਸੁਗਾਤ | | 1900 |
| ਝੰਡਾ ਸਿੰਘ ਸੰਤ | ਪਹੁਲ ਕੀ ਮਰਯਾਦਾ ਕਾ ਗ੍ਰੰਥ | | 1895 |
| ਟਕ ਸਿੰਘ ਭਾਈ | ਅਕਲ ਕੀ ਪੁਕਾਰ | | 1895 |
| ਠਾਕਰ ਦਾਸ ਲਾਲਾ | ਸਿੱਖ ਹਿੰਦੂ ਹੈਂ | | 1899 |
| ਠਾਕਰ ਸਿੰਘ ਭਾਈ | ਗੁਰਮਤ ਹੁਲਾਸ | | 1898 |
| ਠਾਕਰ ਸਿੰਘ | ਗੁਰਮਤ ਸ਼ਹੀਦ ਬਿਲਾਸ ਅਰਥਾਤ ਸੱਚੀ ਕੁਰਬਾਨੀ | ਸਿੱਖ ਇਤਿ. | 1897 |
| ਠਾਕਰ ਸਿੰਘ ਗਿਆਨੀ | ਗੁਰ ਉਪਮਾ | ਕਵਿਤਾ | 1893 |
| ਤਰਲੋਚਨ ਸਿੰਘ | ਗੁਰੂ ਅਰਜਨ ਦੇਵ ਪਾਤਸ਼ਾਹੀ ਪੰਜਵੀਂ | ਜੀਵਨੀ | |
| ਤਾਰਾ ਸਿੰਘ ਗੁਜਰਾਤੀ | ਬਲੀ ਦਾਨ | ਜਨਰਲ | 1897 |
| ਤਾਰਾ ਸਿੰਘ ਨਰੋਤਮ | 1. ਵਾਹਿਗੁਰੂ ਨਾਮ | ਸਿੱਖ ਧਰਮ | 1878 |
| | 2. ਗੁਰ ਤੀਰਥ ਸੰਗ੍ਰਹਿ | ਧਰਮ | 1885 |
| | 3. ਗੁਰ ਭਾਵਾਰਥ ਦੀਪਕਾ ਟੀਕਾ | ~~ਸਿੱਖ ਧਰਮ~~ ਸਟੀਕ | 1881 |
| | 4. ਸ੍ਰੀ ਅਕਾਲ ਮੂਰਤ ਦਰਸ਼ਨ | ਸਿੱਖ ਧਰਮ | 1882 |
| | 5. ਗੁਰੁ ਗ੍ਰੰਥ ਕੋਸ਼ | " | 1893 |

| | | | |
|---|---|---|---|
| ਤਾਰਾ ਚੰਦ ਲਾਲਾ | ਖਾਲਸਾ ਧਰਮ | | 1897 |
| ਤਾਰਾ ਸਿੰਘ ਪੰਡਤ | ਸ੍ਰੀ ਗੁਰਮਤ ਨਿਰਨੈ ਸਾਗਰ | | 1899 |
| ਤੇਜਾ ਸਿੰਘ ਬਾਬੂ | 1.ਮਨਮੱਤ ਪਰਿਹਾਰ | | 1900 |
| | 2.ਸਿੰਘਾਂ ਦਾ ਪੰਥ ਨਿਆਰਾ | | 1900 |
| ਤੁਲਸੀ ਦਾਸ | ਰਾਮਾਇਣ ਬਿਸ਼ਨ ਪੱਦ | ਧਰਮ(ਅਨੁ.) | 1894 |
| ਤਾਰਾ ਸਿੰਘ ਪੰਡਤ | ਗੁਰੂ ਭਾਵ ਦੀਪਕਾ | ਟੀਕਾ | 1881 |
| ਦੌਲਤ ਨਾਥ ਰਾਮਪੁਰੀਆ | ਸ਼ਰਾਬ ਦੀ ਰੱਦੂਤ | ਕਵਿਤਾ | 1893 |
| ਦੇਵੀ ਸਿੰਘ | ਲਾਵਣੀ ਬ੍ਰਹਮ ਗਿਆਨ | ਕਵਿਤਾ | 1896 |
| ਦੇਵਾ ਸਿੰਘ ਸਾਧੂ | ਜਪੁ ਪ੍ਰਦੀਪ | ਟੀਕਾ | 1899 |
| ਦੇਸ ਰਾਜ ਬਾਵਾ | ਠੀਤੀ ਸਾਰ ਚਤੁਰ ਆਸ਼ਰਮ ਕਰਤੱਵ | ਕਵਿਤਾ | 1893 |
| ਦੇਵਾ ਸਿੰਘ ਸੰਤ | ਸਿੱਧਗੋਸ਼ਟ | ਟੀਕਾ | 1895 |
| ਦੀਦਾਰ ਸਿੰਘ ਬੇਦੀ | ਅਕਾਸ਼ ਬਾਣੀ ਪਰਮਾਰਥ ਜਾਪ ਸਾਹਿਬ | | 1897 |
| ਦਇਆ ਸਿੰਘ ਭਾਈ | ਪਰਿਆਇ | ਗ੍ਰੰਥ ਸਾਹਿਬ | 1887 |
| ਦਸੌਂਧਾ ਸਿੰਘ | ਰਹਿਤਨਾਮਾ, ਰਹਿਤੀਆਂ ਸਿੰਘਾਂ ਦਾ | | 1884 |
| ਦੇਵਾ ਸਿੰਘ ਸੰਤ | ਸਿਧ ਗੋਸ਼ਟ ਟੀਕਾ | ਸਟੀਕ | 1896 |
| ਦਯਾ ਸਿੰਘ | ਪ੍ਰਸੰਗ ਬਾਬੇ ਅਟੱਲ ਸਾਹਿਬ ਜੀ ਦੇ ਅਵਤਾਰ ਧਾਰਨੇ ਦਾ। | ਸਿੱਖ ਇਤਿਹਾਸ | |
| ਧਰਮ ਸਿੰਘ | ਧਰਮ ਪ੍ਰਕਾਸ਼ | | 1886 |
| ਨਿਤਯ ਨੰਦ ਸਵਾਮੀ | ਗੁਰੂ ਗਯਾਨ | ਗੁਰਮਤ | 1900 |
| ਨਿਸਚਲ ਦਾਸ ਸਾਧ | ਵਿਚਾਰ ਸਾਗਰ | ਧਰਮ | 1881 |
| ਨਿਆਜ਼ ਅਲੀ ਮਾਨ | ਅਲਫ ਲੈਲਾਂ ਹਿੱਸਾ। | ਕਵਿਤਾ | 1892 |
| ਨਿਹਾਲ ਸਿੰਘ ਵੈਰੋਵਾਲੀਆ | 1. ਕਾਮ ਉਪਾਸ਼ਨਾ | ਵੇਦਾਂਤ | 1882 |
| | 2. ਵੇਦਾਂਤ ਸੰਗ੍ਰਹਿ | ਵੇਦਾਂਤ | 1882 |
| ਨੱਥਾ ਸਿੰਘ ਕਵੀਸ਼ਰ | ਰਾਜਪੂਤ ਬਰਾਦਰੀ ਦੇ ਅਦੁੱਤੀ ਹੀਰੇ | ਧਰਮ | 1879 |
| ਨੰਦ ਲਾਲ | ਤਨਖ਼ਾਹ ਨਾਮਾ | | 1884 |
| ਨਰੈਣ ਸਿੰਘ ਬਾਵਾ | 1.ਸ਼ਉਰਾ ਸ੍ਰੀ ਹਰਮੰਦਿਰ ਅੰਮ੍ਰਿਤਸਰ | | 1877 |
| | 2. ਮਜ਼ਹਬੀ ਸਿੱਖਾਂ ਤੋਂ ਛੂਹ ਦੂਰ ਕਰਨ ਦਾ ਵਰਨਣ | | 1884 |
| | 3. ਸਿੱਖ ਹਿੰਦੂ ਹੈਂ | | 1899 |
| ਨੱਥਾ ਸਿੰਘ | ਜੰਜ ਨੱਥਾ ਸਿੰਘ | | 1880 |
| ਨਰੈਣ ਸਿੰਘ ਨਿਰਮਲੇ | 1. ਜ਼ਿੰਦਗੀ ਨਾਮਾ- ਭਾਈ ਨੰਦ ਲਾਲ | ਟੀਕਾ | 1886 |
| | 2. ਸ੍ਰੀ ਗੁਰਪੁਰਬ ਪ੍ਰਕਾਸ਼ | ਧਰਮ | 1883 |
| ਨਿਹਾਲ ਸਿੰਘ ਭਾਈ | ਆਸਾ ਦੀ ਵਾਰ ਸਟੀਕ | | 1899 |
| ਨਿਹਾਲ ਸਿੰਘ ਚਾਕਰ | ਟੀਕਾ ਸ੍ਰੀ ਜਪੁ ਜੀ | | 1898 |
| ਨਰੈਣ ਸਿੰਘ | ਜ਼ਫ਼ਰਨਾਮਾ | ਅਨੁਵਾਦ | |
| ਨਿਹਾਲ ਸਿੰਘ | ਮਹਾਤਮ ਗੁਰਦੁਆਰਿਆਂ ਤੀਰਥਾਂ | ਸਿੱਖ ਧਰਮ | |

| | | | |
|---|---|---|---|
| ਨੰਦ ਲਾਲ | ਤਨਖ਼ਾਹ ਨਾਮਾ | ਸਿੱਖ ਧਰਮ | 1884 |
| ਪੂਰਨ ਦਾਸ | ਜਨਮਸਾਖੀ ਨਾਮ ਦੇਵ ਜੀ | ਜੀਵਨੀ | 1898 |
| ਪੀਰ ਦਸਤਗੀਰ | ਮਦਾਅ | ਕਵਿਤਾ | 1891 |
| ਪੰਜਾਬ ਟੈਕਸਟ ਬੁਕ ਕਮੇਟੀ | ਜਯੋਤਿਰੁਦਯ | ਧਰਮ | 1882 |
| ਪ੍ਰੇਮ ਸਿੰਘ ਭਾਈ | ਨਵਾਂ ਜ਼ਹਿਰ | | |
| | 2. ਇਸਤ੍ਰੀ ਗੁਣ ਪ੍ਰਕਾਸ਼ | ਸਿਖਿਆ | 1895 |
| | 3. ਵਿਖਿਯਾਨ | ਧਰਮ | 1898 |
| ਪ੍ਰਤਾਪ ਸਿੰਘ ਸਵਾਈ | ਅੰਮ੍ਰਿਤ ਸਾਗਰ ਗ੍ਰੰਥ | ਹਿਕਮਤ | 1896 |
| ਪ੍ਰਤਾਪ ਸਿੰਘ | ਖਾਲਸਾ ਧਰਮ ਸੰਸਕਾਰ ਵਿਧੀ | ਸਿੱਖ ਧਰਮ | 1900 |
| ਪ੍ਰਤਾਪ ਸਿੰਘ | ਜਨਮਸਾਖੀ ਸ਼ੇਖ਼ ਭਗਤ ਫਰੀਦ ਜੀ | ਜਨਮ ਸਾਖੀ | 1895 |
| ———, | ਇਸਤਰੀ ਗੁਣ ਪ੍ਰਕਾਸ਼ | ਜਨਰਲ | 1895 |
| ਪ੍ਰੋ:ਗੁਰਮੁਖ ਸਿੰਘ | ਪੁਰਾਤਨ ਜਨਮ ਸਾਖੀ | ਸੰਪਾਦਨਾ | 1884-85 |
| " " " | ਖਾਲਸਾ ਧਰਮ ਦਾ ਉਪਦੇਸ਼ | ਸਿੱਖ ਧਰਮ | |
| ਪੰਡਤ ਕਿਰਪਾ ਦੇਵੀ | ਧਰਮ ਪੂਜ | ਜਨਰਲ | 1895 |
| ਪੰਡਤ ਤਾਰਾ ਸਿੰਘ ਨਰੋਤਮ | ਗੁਰਗਿਰਾਰਥ ਕੋਸ਼ | ਕੋਸ਼ | 1895 |
| ਪੰਡਤ ਭਾਨੂੰ ਦੱਤ | ਗੁਰ ਸਿੱਖ ਇਤਿਹਾਸ | ਸਿੱਖ ਇਤਿਹਾਸ | 1883 |
| ਬੁੱਧ ਸਿੰਘ ਭਾਈ | ਜੀਵਨ ਚਰਿਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | | 1895 |
| ਬੀਰ ਸਿੰਘ | ਬਾਰਾ ਮਾਸਾ ਗੁਰੂ ਗੋਬਿੰਦ ਸਿੰਘ | | 1874 |
| ਬਸੰਤ ਸਿੰਘ ਭਾਈ | 1.ਸੱਚੀ ਕੁਰਬਾਨੀ | | 1891 |
| | 2. ਸ੍ਰੀ ਗੁਰੂ ਨਾਨਕ ਉਪਕਾਰ | | 1894 |
| ਬੂੜ ਸਿੰਘ ਕਵੀ | ਜੰਵ ਰਾਧਾ ਰਾਮ | ਕਵਿਤਾ | 423 ਸੰਮਤ |
| ਬੂਟਾ ਸਿੰਘ | 1. ਤੁਲਸੀ ਰਾਮਾਇਣ | ਕਵਿਤਾ | 1871 |
| | 2. ਜਨਮ ਸਾਖੀ | ਜਨਮਸਾਖੀ | 1871 |
| ਬ੍ਰਿਜ ਲਾਲ ਮਾਨਕ ਚਹਿਲ ਕਾ | ਤੁਲਸੀ ਰਾਮਾਇਣ ਬਿਸ਼ਨਪਦੇ | ਧਰਮ | 1892 |
| ਬਿਹਾਰੀ ਲਾਲ ਪੁਰੀ | 1. ਇਸਤਰੀ ਸਿਖਿਆ | ਸਿਖਿਆ | 1890 |
| | 2. ਉਨਤਿ | ਕਵਿਤਾ | 1887 |
| | 3. ਬਿਨਯ-ਪਤ੍ਰਿਕਾ | ਕਵਿਤਾ | 1870 |
| | 4. ਸਤਯ ਨਿਰੂਪਣ | ਕਵਿਤਾ | 1887 |
| | 5. ਵਸ਼ੀਕਰਣ | ਕਵਿਤਾ | 1865 |
| | 6. ਪ੍ਰੀਤ ਬਿੰਬ | ਕਵਿਤਾ | 1882 |
| | 7. ਵਿਚਾਰ ਕੁੰਡਲੀ | ਕਵਿਤਾ | 1877 |
| | 8. ਅਨੇਕਾਰਥੀ | ਕਵਿਤਾ | 1882 |
| | 9. ਪੰਜਾਬੀ ਦੀ ਤੀਜੀ ਤੇ ਚੌਥੀ ਪੋਥੀ | ਪਾਠ ਪੁਸਤਕ | 1882 |

| | | | |
|---|---|---|---|
| ਬਿਸ਼ਨ ਸਿੰਘ ਉਦਾਸੀ | ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਕੋਸ਼ | 1898 |
| ਬਿਸ਼ਨ ਸਿੰਘ ਪੰਡਤ | ਭੋਜ ਪ੍ਰਬੰਧਸਾਰ | ਕਹਾਣੀ | 1884 |
| ਬਜਾਰਾ ਸਿੰਘ(ਸੰਤ) | ਅੰਮ੍ਰਿਤ ਸਾਗਰ | | 1901 |
| ਬੀਬੀ ਲੱਛਮੀ | ਤ੍ਰੀਆ ਪੁਰਾਣ | ਜਨਰਲ | 1897 |
| ਬਖਸ਼ੀ ਤਰਲੋਕ ਸਿੰਘ | ਭਜਨ ਪ੍ਰਕਾਸ਼ਕ | ਕਵਿਤਾ | 1893 |
| ਬਾਵਾ ਸਾਧੂ ਸਿੰਘ | ਗੁਰ ਸਿਖਿਆ ਪ੍ਰਭਾਕਰ | ਸਿਖ ਧਰਮ | 1893 |
| ਬਾਬਾ ਗਣੇਸ਼ ਸਿੰਘ ਬੇਦੀ | ਗੁਰੂ ਨਾਨਕ ਸਰਬੋਦਯ | ਸਿਖ ਧਰਮ | 1896 |
| ——— , | ਸ੍ਰੀ ਗੁਰੂ ਦਸਮ ਲੀਲਾ ਪ੍ਰਸ਼ਨੋਤਰੀ | ਸਿਖ ਧਰਮ | 1895 |
| ——— , | ਗੁਰਮਤ ਸੰਸਕਾਰ | ਸਿਖ ਧਰਮ | 1895 |
| ਭਾਈ ਭਾਗ ਸਿੰਘ | ਸੰਖੇਪ ਲੀਲਾ | ਕਵਿਤਾ | 1894 |
| ਭਾਈ ਮੇਲਾ ਸਿੰਘ | ਜੰਗਨਾਮਾ ਗੁਰੂ ਗੋਬਿੰਦ ਸਿੰਘ | ਸਿੱਖ ਇਤਿਹਾਸ | 1895 |
| ਭਾਈ ਆਸਾ ਸਿੰਘ | ਇਸਤ੍ਰੀ ਰਤਨ ਮਾਲਾ | ਜਨਰਲ | 1885 |
| ਭਾਈ ਉੱਤਮ ਸਿੰਘ | ਕੇਸ ਮਹਾਤਮ | ਸਿਖ ਧਰਮ | 1892 |
| ਭਾਈ ਅਤਰ ਸਿੰਘ | ਖਾਲਸਾ ਧਰਮ ਸ਼ਾਸਤਰ ਸੰਸਕਾਰ | " | 1893 |
| ਭਾਈ ਬਸੰਤ ਸਿੰਘ | ਸੱਚੀ ਕੁਰਬਾਨੀ | ਜਨਰਲ | 1894 |
| ਭਾਈ ਭਗਵਾਨ ਸਿੰਘ | ਸਾਰੁਕਤਾਵਲੀ | ਜਨਰਲ | 1895 |
| ਭਾਈ ਵਸਾਖਾ ਸਿੰਘ | ਜਨਮਸਾਖੀ ਗੁਰੂ ਗੋਬਿੰਦ ਸਿੰਘ | ਜਨਮਸਾਖੀ | 1898 |
| ਭਾਈ ਭਗਵਾਨ ਸਿੰਘ | ਜਨਮਸਾਖੀ ਗੁਰੂ ਅਰਜਨ ਸਾਹਿਬ | ਜਨਮਸਾਖੀ | 1898 |
| ਭਗਤ ਲਛਮਣ ਸਿੰਘ | ਪੰਥ ਅੱਗੇ ਪ੍ਰਾਰਥਨਾ | ਜਨਰਲ | |
| ਭਾਨੂੰ ਦਤ ਪੰਡਿਤ | 1. ਤਰਕ ਸੰਗ੍ਰਹਿ | ਕਵਿਤਾ | 1878 |
| | 2. ਗੁਰੂ ਸਿੰਘ ਇਤਿਹਾਸ | ਇਤਿਹਾਸ | 1892 |
| ਭਗਵਾਨ ਸਿੰਘ ਗਿਆਨੀ | ਭਗਤਾਂ ਦੀ ਬਾਣੀ ਸਟੀਕ | ਟੀਕਾ | 1898 |
| ਭਗਵਾਨ ਸਿੰਘ ਕਵੀ | ਜੀਉਣਾ ਮੌੜ | ਕਵਿਤਾ | 1897 |
| ਭਗਵਾਨ ਸਿੰਘ | ਪਾਨ ਅੰਮ੍ਰਿਤ ਵਿਧੀ ਪਾਪ ਨਿਵਾਰਨੀ | | 1896 |
| ਮੋਹਨ ਲਾਲ ਪੰਡਤ | ਤਵਾਰੀਖ ਅਰੋੜ ਬੰਸ | ਇਤਿਹਾਸ | 1895 |
| ਮੁਹਕਮ ਦੀਨ ਮੁਖ਼ਤਾਰ | ਅਮਾਨ ਲਹਿਰ | ਧਰਮ | 1894 |
| ਮਿਸ਼ਨ ਸਿਖਿਆ ਸਭਾ | ਗਿਆਨ ਦੀਪਕਾ ਤੀਜੀ ਜਮਾਤ ਲਈ | ਬਾਲ ਸਾਹਿੱਤ | 1893 |
| ਮੰਗਲ ਸਿੰਘ ਮੁਨਸ਼ੀ | ਜਫ਼ਰਨਾਮਾ | ਗੀਤ | 1852 |
| ਮਹਿਰਮ ਸ਼ਾਹ | ਸਿਹਰਫ਼ੀ ਮਹਿਰਮ ਸ਼ਾਹ | ਕਵਿਤਾ | 1892 |
| ਮਈਆ ਸਿੰਘ ਭਾਈ | ਖਾਲਸਾ ਧਰਮ | ਧਰਮ | 1889 |
| ਮੁਲਕ ਰਾਜ | ਨਾਨਕ ਚਰਿਤਰ | | 1888 |
| ਮੇਹਰ ਚੰਦ ਲਾਲਾ | ਪਰਸੰਸਾ-ਪੱਤਰ | | 1893 |
| ਮੇਹਰ ਸਿੰਘ | ਜੇ ਇਹੋ ਹਾਲ ਰਿਹਾ ਤਾਂ ਅਸੀਂ ਡੁੱਬੇ | | 1886 |
| ਮੇਲਾ ਸਿੰਘ ਭਾਈ | ਜੰਗਨਾਮਾ | | 1895 |
| ਮੋਤਾ ਸਿੰਘ ਭਾਈ | ਸ੍ਰੀ ਗੁਰੂ ਮਹਿਮਾ ਪ੍ਰਕਾਸ਼ | | 1894 |
| ਮਹਿੰਦਰ ਸਿੰਘ | ਸੱਚਾ ਇਸ਼ਨਾਨ | ਜਨਰਲ | 1893 |
| ਰਲਾ ਰਾਮ | ਬਿਸ਼ਨਪਦੇ | ਕਵਿਤਾ | 1884 |

| | | | |
|---|---|---|---|
| ਰਤਨ ਹਰਿ | ਬਾਰਾ ਮਾਹਾ ਪ੍ਰਹਿਲਾਦ ਭਗਤ ਦਾ | ਕਵਿਤਾ | 1884 |
| ਰਾਮ ਚੰਦ | 1.ਜੀਵਨ ਬ੍ਰਿਤਾਂਤ ਬਾਬਾ ਬੰਦਾ ਬਹਾਦਰ | | 1898 |
| | 2. ਜੀਵਨ ਚਰਿਤਰ ਗੁਰੂ ਗੋਬਿੰਦ ਸਿੰਘ ਜੀ | | 1897 |
| | 3. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਚਰਿਤਰ | | 1896 |
| ਰਾਮ ਪ੍ਰਕਾਸ਼ ਸਿੰਘ ਭਾਈ | ਖਾਲਸਾ ਜੁਬਲੀ | | 1899 |
| ਰਾਮ ਸਿੰਘ ਭਾਈ | 1. ਕੇਸ ਰੱਖਣ ਦੇ ਗੁਣ | | 1894 |
| | 2. ਕਿਤਾਬ ਰਸਮਾਂ ਵਾਂ ਲਾਗ ਚਾਗ | | 1899 |
| | 3. ਸਬੂਤ-ਏ-ਫਾਇਦੇ ਕੇਸਾਂ | | 1894 |
| ਰਾਮ ਸਿੰਘ ਸਰਦਾਰ | ਪਲਟਨ ਨੰਬਰ 15, ਸਿੱਖ ਦੀ ਸੂਰਬੀਰਤਾ ਅਤੇ ਕਦਰਦਾਨੀ | | 1897 |
| ਲੱਧਾ ਸਿੰਘ | ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ | ਟੀਕਾ | 1900 |
| ਲਾਭ ਸਿੰਘ ਭਾਈ | ਜੰਗ ਮੁਲਖ ਤੀਰਾਹ | ਕਵਿਤਾ | 1899 |
| ਲੁਧਿਆਣਾ ਮਿਸ਼ਨ | ਪੰਜਾਬੀ ਡਿਕਸ਼ਨਰੀ | ਕੋਸ਼ | 1854 |
| ਲੱਧਾ ਸਿੰਘ ਭਾਈ | ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਾ ਟੀਕਾ | ਟੀਕਾ | 1897 |
| ਵਲਜੀ ਪੰਡਿਤ | ਹਰੀ ਚਰਿਤਰ | | 1894 |
| ਵਧਾਵਾ ਸਿੰਘ ਸਰਦਾਰ | ਗ੍ਰੰਥ ਇਸਤਰੀ ਉਪਦੇਸ਼ | | 1900 |
| ਵੀਰ ਸਿੰਘ ਭਾਈ | 1. ਸੁੰਦਰੀ | ਨਾਵਲ | 1898 |
| | 2. ਬਿਜੈ ਸਿੰਘ | ਨਾਵਲ | 1899 |
| | 3. ਸਤਵੰਤ ਕੌਰ | ਨਾਵਲ | 1900 |
| ਵਧਾਵਾ ਸਿੰਘ ਸੂਬੇਦਾਰ | ਜੰਗਨਾਮਾ ਚਿਤਰਾਲ | ਇਤਿਹਾਸ | 1897 |

*******

## ਪੁਸਤਕਵਾਰ ਸੂਚੀ

| ਪੁਸਤਕ ਦਾ ਨਾਂ | ਲੇਖਕ ਦਾ ਨਾਂ | ਵਿਸ਼ਾ |
|---|---|---|
| ਉਨਤਿ | ਬਿਹਾਰੀ ਲਾਲ ਪੁਰੀ | ਕਵਿਤਾ |
| ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ | ਗੁਲਾਬ ਸਿੰਘ ਮਹੰਤ | ਧਰਮ |
| ਉਦਾਸੀ ਮੱਤ ਪਰਿਦੀਪਕਾ | ਸਾਲਿਗ ਰਾਮ | ਧਰਮ |
| ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ | ਸਾਧੂ ਸਿੰਘ ਮਹੰਤ | ਧਰਮ |
| ਉਸਤਤੀ ਸੁਵਾਮੀ 6 ਗੁਰੂ ਰਤਨ ਹਰੀ ਕੀ | ਚੰਦਾ ਸਿੰਘ ਭਾਈ | ਕਵਿਤਾ |
| ਗੁਰ ਪ੍ਰਣਾਲੀ | ਹਰਸਾ ਸਿੰਘ | ਸਿੱਖ ਧਰਮ |
| ਅੰਮ੍ਰਿਤ ਲਹਿਰੀ | ਡਾ. ਚਰਨ ਸਿੰਘ | ਕਵਿਤਾ |
| ਆਸਾ ਦੀ ਵਾਰ ਸਟੀਕ | ਭਗਵਾਨ ਸਿੰਘ | ਸਟੀਕ |
| ਅਰੋਗ ਦਰਪਣ | ਭਾਈ ਆਸਾ ਸਿੰਘ | ਅਨੁਵਾਦ |
| ਅਮਰ ਕੁੰਡ ਅਥਵਾ ਸਾਰ | ਅਵਤਾਰ ਸਿੰਘ ਵਹੀਰੀਆ | ਸਿੱਖ ਧਰਮ |
| ਰਹਿਤਨਾਮੇ ਅਨੇਕਾਰਥੀ | ਬਿਹਾਰੀ ਲਾਲ ਪੁਰੀ | ਕਵਿਤਾ |
| ਅੰਮ੍ਰਿਤ ਸਾਗਰ ਅਰਥਾਤ ਸ੍ਰੀ ਅੰਮ੍ਰਿਤਸਰ ਜੀ ਦੀ ਉਸਤਤੀ | ਬਜਾਰਾ ਸਿੰਘ ਸੰਤ | ਗੁਰਮਤ |
| ਅਲਫ ਲੈਲਾਂ (ਹਿਸਾ 1) | ਨਿਆਜ਼ ਅਲੀ ਖਾਨ | ਕਵਿਤਾ |
| ਅਟੱਲ ਪ੍ਰਕਾਸ਼ | ਚਰਨ ਸਿੰਘ ਡਾ: | ਕਵਿਤਾ |
| ਅਕਲ ਕੀ ਪੁਕਾਰ | ਟੇਕ ਸਿੰਘ ਭਾਈ | ਬੁਤ ਪੂਜਾ ਦੇ ਵਿਰੁੱਧ |
| ਸ੍ਰੀ ਗੁਰੂ ਅਰਜਨ ਚਰਿਤ੍ਰ | ਅਮਰ ਸਿੰਘ | ਜੀਵਨੀ |
| ਅਮਰ ਰਾਮਾਇਣ | ਅਮਰ ਸਿੰਘ ਦੁਆਬੀਆ | ਧਰਮ |
| ਇਸਤਰੀ ਸਿਖਿਆ | ਬਿਹਾਰੀ ਲਾਲ ਪੁਰੀ | ਸਿਖਿਆ |
| ਇਸਤਰੀ ਗੁਣ ਪ੍ਰਕਾਸ਼ | ਪ੍ਰੇਮ ਸਿੰਘ ਭਾਈ | ਸਿਖਿਆ |
| ਇਸਲਾਮੀ ਅਸੂਲਾਂ ਦੀ ਫਲਾਸਫੀ | ਗੁਲਾਮ ਅਹਿਮਦ ਕਾਦੀਆਂ | ਧਰਮ |
| ਇਸਤਰੀ ਗੁਣ ਪ੍ਰਕਾਸ਼ | ਪਰੇਮ ਸਿੰਘ | ਜਨਰਲ |
| ਇਸਤਰੀ ਰਤਨ ਮਾਲਾ | ਡਾ.ਆਸਾ ਸਿੰਘ | ਜਨਰਲ |
| ਸਿੱਖ ਮ੍ਰਿਤ ਕਰਮ ਵਿਚਾਰ ਅਤੇ ਵਸੀਅਤ | ਸੇਵਾ ਰਾਮ ਸਿੰਘ ਭਾਈ | ਗੁਰਮਤਿ |
| ਸਾਖੀਆਂ ਪਾਦਸ਼ਾਹੀਆਂ ਤਿੰਨ ਦੀਆਂ | ਸਰੂਪ ਸਿੰਘ ਬਾਵਾ | ਜੀਵਨੀ |
| ਸ੍ਰੀ ਗੁਰੂ ਗ੍ਰੰਥ ਜੀ ਦੇ ਪਾਠ ਦੀ ਵਿਧੀ | ਸਰਦੂਲ ਸਿੰਘ ਭਾਈ | ਧਰਮ |
| ਸ਼ਰਧਾ ਪੂਰਨ | ਸਰਦੂਲ ਸਿੰਘ | ਧਰਮ |
| ਸੋਹਣੀ ਰੰਗਾ ਰਾਮ | ਰੰਗਾ ਰਮਾ ਕਵੀ | ਕਵਿਤਾ |
| ਸਿੱਖਾਂ ਦੇ ਰਾਜ ਦੀ ਵਿਥਿਆ | ਸ਼ਰਧਾ ਰਾਮ ਪੰਡਤ | ਧਰਮ ਇਤਿਹਾਸ |
| ਸ੍ਰੀ ਨਾਨਕ ਮੱਤ ਨਿਰਨਾ | ਸਾਲਿਗ ਰਾਮ | ਫਲਸਫਾ |
| ਸ੍ਰੀ ਗੁਰੂ ਬੰਸ ਤਰਵਰ | ਸਾਧੂ ਸਿੰਘ ਬਾਵਾ | ਬੰਸਾਵਲੀ |

| | | |
|---|---|---|
| ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ | ਰਾਮ ਚੰਦ | ਜੀਵਨੀ |
| ਸਿੱਖ ਹਿੰਦੂ ਹੈਂ | ਨਰੈਣ ਸਿੰਘ ਬਾਵਾ | ਵਾਦ-ਵਿਵਾਦ |
| ਸ੍ਰੀ ਗੁਰੂ ਮਹਿਮਾ ਪ੍ਰਕਾਸ਼ | ਮੋਤਾ ਸਿੰਘ ਭਾਈ | ਧਰਮ |
| ਸ੍ਰੀ ਕਲਗੀਧਰ ਹੁਲਾਸ | ਜੋਧ ਸਿੰਘ | ਜੀਵਨੀ |
| ਸ੍ਰੀ ਗੁਰੂ ਗੋਬਿੰਦ ਸਿੰਘ | ਜੋਧ ਸਿੰਘ | ਜੀਵਨੀ |
| ਸਭਾ ਸੰਸਾਰ | ਕ੍ਰਿਸ਼ਨ ਲਾਲ ਦਿੱਲੀ | ਨਿਬੰਧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ-ਪਾਠ ਦੀ ਵਿਧੀ | ਜਵਾਲਾ ਸਿੰਘ ਸਰਦਾਰ | ਧਰਮ |
| ਸ੍ਰੀ ਗੁਰਮਤ ਮੰਡਨ | ਹੀਰਾ ਸਿੰਘ | ਧਰਮ |
| ਸੋਭਾ ਸਿੰਘ ਕਵੀ | ਸੋਹਣ ਲਾਲਾ ਰਾਏ ਬਹਾਦਰ | ਇਤਿਹਾਸ |
| ਸਿੱਖ ਧਰਮ ਤੱਤ ਦਰਸ਼ਨ | ਅਵਤਾਰ ਸਿੰਘ ਭਾਈ | ਧਰਮ |
| ਸ੍ਰੀ ਗੁਰੂ ਨਾਨਕ ਉਪਕਾਰ | ਬਸੰਤ ਸਿੰਘ ਭਾਈ | ਜੀਵਨੀ |
| ਸੱਚੀ ਕੁਰਬਾਨੀ | ਬਸੰਤ ਸਿੰਘ ਭਾਈ | ਜੀਵਨੀ |
| ਸ੍ਰੀ ਗੁਰੂ ਮਤਿ ਮੰਡਨ | ਸਿੰਘ ਸਭਾ ਲਾਹੌਰ | ਧਰਮ |
| ਸ਼੍ਰੋਮਣੀ ਤਿੱਥ ਪਤ੍ਰਕਾ | ਸਤਯਵਰਤ ਸ਼ਾਸਤਰੀ | ਜੋਤਿਸ਼ |
| ਸਾਖੀ ਨਾਮਾ | ਅਤਰ ਸਿੰਘ ਭਦੌੜ | ਫਲਸਫਾ |
| ਸਿਹਰਫ਼ੀ ਲੈਲਾਂ ਮਜਨੂੰ | ਨਾਸਰ ਸ਼ਾਇਰ | ਕਵਿਤਾ |
| ਸ੍ਰੀ ਕਮਲ ਫੁਲ ਪ੍ਰਕਾਸ਼ | ਕਮਲੀ ਵਾਲੀ ਪਰਮ ਹੰਸ ਜੀ | ਕਵਿਤਾ |
| ਸ੍ਰੀ ਗੁਰੂ ਦਸਮ ਲੀਲਾ | ਗਨੀਮ ਸਿੰਘ | ਜੀਵਨੀ |
| ਸਬੇਗ ਸਿੰਘ ਦੀ ਸ਼ਹੀਦੀ | ਦਿੱਤ ਸਿੰਘ ਗਿਆਨੀ | ਧਰਮ |
| ਸ੍ਰੀ ਭਗਵ ਗੀਤਾ ਕਾਫ਼ੀਆਂ | ਹਰ ਪਕਾਸ਼ ਹਰਮ ਹੰਸ | ਕਵਿਤਾ |
| ਸੁਲਤਾਨ ਪੁਆੜਾ | ਦਿੱਤ ਸਿੰਘ ਗਿਆਨੀ | ਰਹੁ-ਰੀਤਾਂ |
| ਸ੍ਰੀ ਗੁਰ ਨਾਨਕ ਪ੍ਰਬੋਧ | ਦਿੱਤ ਸਿੰਘ ਗਿਆਨੀ | ਜੀਵਨੀ |
| ਸਿੱਖ ਬੱਚੇ ਦੀ ਸ਼ਹੀਦੀ | ਦਿੱਤ ਸਿੰਘ ਗਿਆਨੀ | |
| ਸੂਧੀ ਪੱਤਰ | ਹਰਨਾਮ ਸਿੰਘ ਭਾਈ | ਸੁਧਾਰ |
| ਸਾਰਕਤਾਵਲੀ | ਹਰਦਿਆਲ ਪੰਡਿਤ | ਨੀਤੀ |
| ਸਿੰਘਾਸਨ ਬਤੀਸੀ | ਹਰਸਾ ਸਿੰਘ ਭਾਈ | ਨਿਬੰਧ |
| ਸ੍ਰੀ ਕਲਗੀਧਰ ਉਪਕਾਰ | ਚਤਰ ਸਿੰਘ | ਕਵਿਤਾ |
| ਸੁੰਦਰੀ | ਵੀਰ ਸਿੰਘ ਭਾਈ | ਨਾਵਲ |
| ਸ਼ਕੁੰਤਲਾ | ਡਾ:ਚਰਨ ਸਿੰਘ | ਨਾਟਕ(ਅਨੁ:) |
| ਸਿਹਰਫ਼ੀ ਮਹਿਰਮ ਸ਼ਾਹ | ਮਹਿਰਮ ਸ਼ਾਹ | ਕਵਿਤਾ |
| ਸਤਯ ਨਿਰੂਪਣ | ਬਿਹਾਰੀ ਲਾਲ ਪੁਰੀ | ਕਵਿਤਾ |
| ਸ੍ਰੀ ਗੁਰੂ ਅਰਜਨ ਦੇਵ ਜੀ | ਤਰਲੋਚਨ ਸਿੰਘ ਸਰਦਾਰ | ਜੀਵਨੀ |
| ਸਿੱਖ ਹਿੰਦੂ ਹੈਂ | ਠਾਕਰ ਦਾਸ ਲਾਲਾ | ਵਾਦ-ਵਿਵਾਦ |
| ਸਤਵੰਤ ਕੌਰ | ਵੀਰ ਸਿੰਘ | ਨਾਵਲ |
| ਸ੍ਰੀ ਗੁਰਪੁਰਬ ਪ੍ਰਕਾਸ਼ | ਗਿਆਨੀ ਗਿਆਨ ਸਿੰਘ | ਧਰਮ |
| ਸ੍ਰੀ ਮਹਿਮਾ ਪ੍ਰਕਾਸ਼ | ਮੋਤਾ ਸਿੰਘ ਬੰਨੋ | ਸਿੱਖ ਇਤਿਹਾਸ |


| | | |
|---|---|---|
| ਸ੍ਰੀ ਗੁਰੂ ਨਾਨਕ ਪ੍ਰਬੋਧ ਗ੍ਰੰਥ | ਗਿਆਨੀ ਦਿੱਤ ਸਿੰਘ | ਕਵਿਤਾ |
| ਸਿੰਘਣੀਆਂ ਦੇ ਸਿਦਕ | ਗਿਆਨੀ ਦਿੱਤ ਸਿੰਘ | ਸਿੱਖ ਇਤਿਹਾਸ |
| ਸੱਚਾ ਅਸ਼ਨਾਨ | ਮੁਹਿੰਦਰ ਸਿੰਘ ਗਿਆਨੀ | ਜਨਰਲ |
| ਸਹਿਤਨਾਮਾ ਰਹਿਤੀਏ ਸਿੰਘਾਂ ਦਾ | ਡਾ: ਦਸੌਂਧਾ ਸਿੰਘ | ਸਿੱਖ ਧਰਮ |
| ਸਿਦਕੀ ਸ਼ਹੀਦ ਭਾਈ ਮਨੀ ਸਿੰਘ ਜੀ | ਅਗਿਆਤ | ਕਵਿਤਾ |
| ਹਰੀ ਚਰਿਤਰ | ਵਾਨ ਜੀ ਪੰਡਤ | ਧਰਮ |
| ਹਕੀਕਤ ਰਾਏ | ਗੰਗਾ ਰਾਮ | ਕਿੱਸਾ |
| ਹਮ ਹਿੰਦੂ ਨਹੀਂ | ਕਾਹਨ ਸਿੰਘ | ਵਾਦ-ਵਿਵਾਦ |
| ਹਿੰਦ ਦਾ ਸੁਗਮ ਇਤਿਹਾਸ | ਹਜ਼ਾਰਾ ਸਿੰਘ ਭਾਈ | ਇਤਿਹਾਸ |
| ਕਿੱਸਾ ਬੂੱਟਾ ਮਲ | ਮਿਹਰ ਦਾਸ | ਕਵਿਤਾ |
| ਕਿੱਸਾ ਜੰਗ ਪੂਰਬੀਆਂ-ਚੱਦਰ ਦਿੱਲੀ | ਗਣਸ਼ੰਕਰ ਗੋਬਿੰਦ ਜੀ | ਇਤਿਹਾਸ |
| ਕੀ ਸ੍ਰੀ ਗੁਰੂ ਗ੍ਰੰਥ ਜੀ ਬੁੱਤ ਪ੍ਰਸਤੀ ਹੈ? | ਸਰੂਪ ਰਨਧੀਰ ਸਿੰਘ ਭਾਈ | ਵਾਰਤਾਲਾਪ |
| ਕੇਸ ਮਹਾਤਮ | ਉੱਤਮ ਸਿੰਘ ਭਾਈ | ਧਰਮ |
| ਕਿਆ ਦਸਵੇਂ ਗੁਰ ਜੀ ਨੇ ਦੇਵੀ ਪੂਜੀ ਹੈ? | ਸੁਚੇਤ ਸਿੰਘ | ਧਰਮ |
| ਕਿਤਾਬ ਰਸਮਾਂ ਵਾ ਲਾਗ ਚਾਗ | ਰਾਮ ਸਿੰਘ ਭਾਈ | ਆਲੋਚਨਾ |
| ਕੇਸ ਰੱਖਣ ਦੇ ਗੁਣ | ਰਾਮ ਸਿੰਘ ਭਾਈ | ਧਰਮ |
| ਕਿੱਸਾ ਹੀਰ ਤੇ ਰਾਂਝੇ ਦਾ ਕਲੀਆਂ ਵਾਲਾ | ਕਿਸ਼ਨ ਸਿੰਘ ਆਰਿਫ਼ | ਕਵਿਤਾ |
| ਕਿੱਸਾ ਵੈਸਾਖੀ ਦੇ ਮੇਲੇ | ਗੁਰਮੁਖ ਸਿੰਘ | ਕਵਿਤਾ |
| ਖਾਲਸਾ ਧਰਮ ਪਤਿਤ ਪਵਨ | ਗਿਆਨ ਸਿੰਘ ਗਿਆਨੀ | ਧਰਮ |
| ਖਾਲਸਾ ਜੁਬਲੀ | ਰਾਮ ਪ੍ਰਕਾਸ਼ ਸਿੰਘ ਭਾਈ | ਇਹ ਇਤਿਹਾਸ ਸੰਬੰਧੀ |
| ਖਾਲਸਾ ਧਰਮ ਸੰਸਕਾਰ ਬਿਧੀ | ਪ੍ਰਤਾਪ ਸਿੰਘ ਭਾਈ | ਰਹੁ-ਰੀਤ |
| ਖ਼ਾਲਸਾ ਧਰਮ ਸੰਸਕਾਰ | ਮਨਾ ਸਿੰਘ ਹਕੀਮ | ਰਹਿਤ-ਮਰਿਯਾਦਾ |
| ਖ਼ਾਲਸਾ ਧਰਮ | ਮਈਆ ਸਿੰਘ ਭਾਈ | ਧਰਮ |
| ਖ਼ਾਲਸਾ ਜੀ ਦਾ ਜਨਮ ਦਿਨ | ਕ੍ਰਿਪਾ ਸਿੰਘ ਭਾਈ | ਕਵਿਤਾ |
| ਖਾਲਸੇ ਦੇ ਬੋਲੇ | ਜਵਾਲਾ ਸਿੰਘ ਭਾਈ | ਧਰਮ |
| ਖਾਲਸਾ ਸੁਧਾਰ ਤਰੂ | ਅਵਤਾਰ ਸਿੰਘ ਭਾਈ | ਧਰਮ |
| ਗਿਆਨ ਲਹਿਰ | ਮੋਹਕਮ ਦੀਨ ਮੁਖਤਾਰ | ਧਰਮ |
| ਗੁਰੂ ਸਿੰਘ ਇਤਿਹਾਸ | ਭਾਨੂੰ ਦੱਤ ਪੰਡਤ | ਇਤਿਹਾਸ |
| ਗੁਰੂ ਗਯਾਨ | ਨਿਤਯ ਨੰਦ ਸਵਾਮੀ | ਗੁਰਮਤ |
| ਗੁਰੂ ਭਾਵ ਦੀਪਕਾ | ਤਾਰਾ ਸਿੰਘ ਪੰਡਤ | ਟੀਕਾ |
| ਗੁਰੂ ਗ੍ਰੰਥ ਕੋਸ਼ | ਤਾਰਾ ਸਿੰਘ ਪੰਡਤ | ਕੋਸ਼ |
| ਗ੍ਰੰਥ ਗੁਰ ਗਿਰਾਰਥ ਕੋਸ਼ | ਤਾਰਾ ਸਿੰਘ ਪੰਡਤ | ਕੋਸ਼ |
| ਗੁਲਬਕਾਵਲੀ | ਚਰਨ ਸਿੰਘ ਡਾ: | ਕਵਿਤਾ |
| ਗ੍ਰੰਥ ਸਾਰ ਸੰਗ੍ਰਹਿ | ਗੁਰਮੁਖ ਸਿੰਘ | ਹਿਕਮਤ |
| ਗ੍ਰੰਥ ਗੁਰੂ ਬਿਲਾਸ ਪਾਤਸ਼ਾਹੀ ਛੇਵੀਂ | ਗੁਰਦਿੱਤ ਸਿੰਘ ਚਾਨਣਾ | ਧਰਮ |
| ਗੁਰਮਤ ਹੁਲਾਸ | ਠਾਕਰ ਸਿੰਘ ਭਾਈ | ਮਰਯਾਦਾ |

| | | |
|---|---|---|
| ਗੁਰਪੁਰਬ ਦੀ ਵਿਧੀ | ਸਰਦੂਲ ਸਿੰਘ ਗਿਆਨੀ | ਧਰਮ |
| ਗੁਰ ਪੁਰਬ ਪ੍ਰਕਾਸ਼ | ਸਰਦੂਲ ਸਿੰਘ ਗਿਆਨੀ | ਕਵਿਤਾ |
| ਗੁਰ ਪ੍ਰਣਾਲੀ | ਸਰਦੂਲ ਸਿੰਘ | ਵਿਚ ਬੰਸਾਵਲੀ |
| ਗੁਰਮਤ ਸੰਸਕਾਰ | ਖੇਮ ਸਿੰਘ ਬਾਬਾ ਬੇਦੀ | ਗੁਰਮਤ |
| ਗੁਰਮਤ ਸੁਧਾਕਰ | ਕਾਹਨ ਸਿੰਘ | ਧਰਮ |
| ਗੁਰਮਤ ਪ੍ਰਭਾਕਰ | ਕਾਹਨ ਸਿੰਘ | ਧਰਮ |
| ਗ੍ਰੰਥਿ ਰਾਜ ਨੀਤੀ ਕਾ | ਕ੍ਰਿਸ਼ਨ ਸਿੰਘ ਆਰਿਫ਼ | ਨੀਤੀ |
| ਗਿਆਨ ਚਰਖਾ | ਕ੍ਰਿਸ਼ਨ ਸਿੰਘ ਆਰਿਫ਼ | ਕਵਿਤਾ |
| ਜੰਜ ਗੁਰਬਖਸ਼ ਸਿੰਘ | ਗੁਰਬਖਸ਼ ਸਿੰਘ | ਗੀਤ |
| ਗੁਰੂ ਅਰਜਨ ਚਰਿਤਰ | ਦਿੱਤ ਸਿੰਘ ਗਿਆਨੀ | ਜੀਵਨੀ |
| ਗੁਰਮਤ ਆਰਤੀ ਪ੍ਰਬੋਧ | ਦਿੱਤ ਸਿੰਘ ਗਿਆਨੀ | ਸਿਖਿਆ |
| ਗੁਰ ਬਿਲਾਸ ਛੇਵੀਂ ਪਾਤਸ਼ਾਹੀ | ਸੋਹਣ ਲਾਲ ਕਵੀ | ਇਤਿਹਾਸ |
| ਗਰੰਥ ਗੁਰ ਬਿਲਾਸ ਪਾਤਸ਼ਾਹੀ ਛੇਵੀਂ | ਸੁੱਖਾ ਸਿੰਘ ਭਾਈ | ਧਰਮ |
| ਗੁਰੂ ਸਿੰਘ ਸਭਾ ਇਤਿਹਾਸ ਨਵੀਨ | ਭਾਨੂੰ ਦੱਤ ਪੰਡਤ | ਇਤਿਹਾਸ |
| ਗਰੀਬ ਕੌਰ | ਅਗਿਆਤ | ਜਨਰਲ |
| ਗੁਰਮਤਿ ਸ਼ਹੀਦ ਬਿਲਾਸ | ਠਾਕਰ ਸਿੰਘ | ਇਤਿਹਾਸ |
| ਜੰਗ ਨਾਮਾ ਚਿਤਕਾਲ | ਵਧਾਵਾ ਸਿੰਘ ਸੂਬੇਦਾਰ | ਇਤਿਹਾਸ |
| ਜੰਗ ਮੁਲਖ ਤੀਰਾਹ | ਲਾਭ ਸਿੰਘ ਭਾਈ | ਕਵਿਤਾ |
| ਜ਼ਫਰਨਾਮਾ | ਮੰਗਲ ਸਿੰਘ ਮੁਨਸ਼ੀ | ਕਵਿਤਾ |
| ਜੀਉਣਾ ਮੌੜ | ਭਗਵਾਨ ਸਿੰਘ ਕਵੀ | ਕਵਿਤਾ |
| ਜੰਞ ਰਾਧਾ ਰਾਮ | ਬੂੜ ਸਿੰਘ ਕਵੀ | ਕਵਿਤਾ |
| ਜੰਗ ਨਾਮਾ ਗੁਰੂ ਗੋਬਿੰਦ ਸਿੰਘ | ਬ੍ਰਿਜ ਲਾਲ ਮਾਨਕ ਚਹਿਲ ਕਾ | ਕਵਿਤਾ |
| ਜਨਮ ਸਾਖੀ ਨਾਮ ਦੇਵ ਜੀ | ਪੂਰਨ ਦਾਸ ਬਾਵਾ | ਜੀਵਨੀ |
| ਜਯੋਤਿਰੁਦਯ | ਪੰਜਾਬ ਟੈਕਸਟ ਬੁਕਸ ਕਮੇਟੀ | ਧਰਮ |
| ਜ਼ਿੰਦਗੀ-ਨਾਮਾ ਭਾਈ ਨੰਦ ਲਾਲ | ਨਰੈਣ ਸਿੰਘ ਨਿਰਮਲੇ | ਟੀਕਾ |
| ਜੰਗ ਨਾਮਾ ਮਾਲਾਕਾਂਡ | ਗੋਪਾਲ ਸਿੰਘ ਮਿਸਤਰੀ | ਕਵਿਤਾ |
| ਜੰਗ ਤੀਰਾਹ ਵੱਡਾ | ਗੁਰ ਦਿੱਤ ਸਿੰਘ ਖੜਗ | ਕਵਿਤਾ |
| ਜੀਵਨ ਬਿਰਤਾਂਤ ਬਾਬਾ ਬੰਦਾ ਬਹਾਦਰ | ਰਾਮ ਚੰਦ | ਜੀਵਨੀ |
| ਜਨਮ ਸਾਖੀ ਸਵਾਮੀ ਨਾਮ ਦੇਵ ਜੀ | ਪੂਰਨ ਦਾਸ ਭਾਈ | ਜੀਵਨੀ |
| ਜੰਜ ਨੱਥਾ ਸਿੰਘ | ਨੱਥਾ ਸਿੰਘ | ਕਵਿਤਾ |
| ਜ਼ਫਰਨਾਮਾ | ਨਰੈਣ ਸਿੰਘ ਭਾਈ | ਜੀਵਨੀ |
| ਜੰਗ ਨਾਮਾ | ਮੇਲਾ ਸਿੰਘ ਭਾਈ | ਕਵਿਤਾ |
| ਜਗਤ ਸੁਧਾਰਕ ਪੁਸਤਕ | ਗੁਰ ਦਿਤ ਸਿੰਘ | ਸਿੱਖ ਧਰਮ |
| ਜੀਵਨ ਬ੍ਰਿਤਾਂਤ ਗੁਰੂ ਅਰਜਨ ਦੇਵ | ਭਾਈ ਗੁਲਾਬ ਦਾਸ | ਜੀਵਨੀ |
| ਜੰਗਨਾਮਾ ਗੁਰੂ ਗੋਬਿੰਦ ਸਿੰਘ | ਡਾ.ਮੇਲਾ ਸਿੰਘ | ਸਿਖ ਇਤਿਹਾਸ |
| ਜੰਗ ਮੁਲਖ ਤੀਰਾਹ | ਲਾਭ ਸਿੰਘ | ਜਨਰਲ |
| ਜੰਗ-ਏ-ਚਮਕੌਰ | ਅਗਿਆਤ | ਇਤਿਹਾਸ |
| ਝਗੜਾ ਅਕਲ ਪਰੇਮ ਦਾ | ਦਿੱਤ ਸਿੰਘ | ਜਨਰਲ |

| | | |
|---|---|---|
| ਡਰਪੋਕ ਸਿੰਘ | ਦਿੱਤ ਸਿੰਘ ਗਿਆਨੀ | ਧਰਮ |
| ਤਨਖ਼ਾਹ ਨਾਮਾ | ਹਰਿਨਾਮ ਸਿੰਘ | ਕਵਿਤਾ |
| ਤ੍ਰੀਯਾ ਪੁਰਾਣ | ਬੀਬੀ ਲੱਛਮੀ | ਜਨਰਲ |
| ਤਾਰਾ ਸਿੰਘ ਦੀ ਸ਼ਹੀਦੀ | ਗਿ.ਦਿੱਤ ਸਿੰਘ | ਸਿੱਖ ਇਤਿਹਾਸ |
| ਤੋਤਾ ਮਹਾਣੀ | ਅਗਿਆਤ ਲੇਖਕ | ਕਹਾਣੀ |
| ਤਵਾਰੀਖ਼ ਅਰੋੜ ਬੀਸ | ਮੋਹਨ ਲਾਲ ਪੰਡਤ | ਇਤਿਹਾਸ |
| ਤਰਕ ਸੰਗ੍ਰਹਿ | ਭਾਨੂੰ ਦੱਤ ਪੰਡਤ | ਕਵਿਤਾ |
| ਤੁਲਸੀ ਰਾਮਾਇਣ | ਬੂਟਾ ਸਿੰਘ | ਕਵਿਤਾ |
| ਤਵਾਰੀਖ ਗੁਰੂ ਖ਼ਾਲਸਾ | ਗਿਆਨ ਸਿੰਘ | ਸਿੱਖ ਧਰਮ |
| ਦੁਲਹਨ ਦਰਪਨ | ਹਜਾਰਾ ਸਿੰਘ | ਨਾਵਲ |
| ਦਯਾ ਨੰਦ ਧਰਮ ਦਾ ਨਮੂਨਾ | ਭਾਈ ਮੋਹਨ ਸਿੰਘ | ਜਨਰਲ |
| ਦੁਰਗਾ ਪ੍ਰਬੋਧ | ਦਿੱਤ ਸਿੰਘ | ਜਨਰਲ |
| ਦੰਭ ਵਿਡਾਰਨ | ਗਿਆਨੀ ਦਿੱਤ ਸਿੰਘ | ਜਨਰਲ |
| ਨੁਸਖਾ-ਏ-ਚੁਬਿ ਫੋਬੀਆ | ਬਾਬਾ ਕਿਸ਼ਨ ਮਹਿਤਾ | ਵਾਦ-ਵਿਵਾਦ |
| ਨਵਾਂ ਨੇਮ(ਅਜ਼ੀਲ ਵਿਚੋਂ) | ਅਗਿਆਤ ਲੇਖਕ | ਧਰਮ |
| ਨਵਾਂ ਜ਼ਹਿਰ | ਪ੍ਰੇਮ ਸਿੰਘ ਭਾਈ | ਨਾਟਕ |
| ਨਾਨਕ ਚਰਿਤਰ | ਮੂਲਕ ਰਾਜ | ਜੀਵਨੀ |
| ਨਵਾਂ ਨੇਮ | ਈਸ਼ੁਰ ਦਾਸ ਮਹਤਿ | ਧਰਮ |
| ਨਿਸ਼ੰਗ ਕੌਰ ਕੀਕਰ ਲਾਜ ਕਰ ਬਣ ਗਈ | ਅਗਿਆਤ | ਕਹਾਣੀ |
| ਨਾਟਕ ਭਾਵਾਰਥ ਦੀਪਕਾ | ਕਾਹਨ ਸਿੰਘ ਭਾਈ ਨਾਭਾ | ਜਨਰਲ |
| ਪਰਜਾ ਧਰਮ | ਹੀਰਾ ਸਿੰਘ ਨਾਭਾ | ਜਨਰਲ |
| ਪ੍ਰਭ ਪ੍ਰਦੀਪਕਾ | ਹੀਰਾ ਸਿੰਘ ਨਾਭਾ | ਜਨਰਲ |
| ਪੰਥ ਅੱਗੇ ਪ੍ਰਾਰਥਨਾ | ਭਗਤ ਲਛਮਣ ਸਿੰਘ | ਜਨਰਲ |
| ਪੰਜਾਬੀ ਡਿਕਸ਼ਨਰੀ | ਲੁਧਿਆਣਾ ਮਿਸ਼ਨ | ਕੋਸ਼ |
| ਪੰਜਾਬੀ ਡਿਕਸ਼ਨਰੀ | ਮਈਆ ਸਿੰਘ | ਕੋਸ਼ |
| ਪ੍ਰਸ਼ਨੋਤਰੀ | ਸਰਦੂਲ ਸਿੰਘ | ਸਿੱਖ ਧਰਮ |
| ਪਲਟਨ ਨੰ:15 ਸਿੱਖ ਦੀ ਸੂਰਬੀਰਤਾ | ਰਾਮ ਸਿੰਘ | ਜਨਰਲ |
| ਪਰਸੰਸਾ ਪੱਤਰ | ਮੇਹਰ ਚੰਦ ਲਾਲਾ | ਸਿੱਖ ਧਰਮ |
| ਪਹਲੁ ਕੀ ਮਰਯਾਦਾ ਕਾ ਗ੍ਰੰਥ | ਝੰਡਾ ਸਿੰਘ ਸੰਤ | ਸਿੱਖ ਧਰਮ |
| ਪੂਰਨ ਭਗਤ | ਕਲਿਆਣ ਦਾਸ | ਕਵਿਤਾ |
| ਪੰਜਾਬੀ ਬਾਤ ਚੀਤ | ਸ਼ਰਧਾ ਰਾਮ ਫਲੌਰੀ | ਨਿਬੰਧ |
| ਪੰਜਾਬੀ ਲਘੂ ਵਿਆਕਰਣ | ਹਜਾਰਾ ਸਿੰਘ | ਵਿਆਕਰਣ |
| ਪੰਮਾ ਪ੍ਰਬੋਧ | ਦਿਤ ਸਿੰਘ ਗਿਆਨੀ | ਧਰਮ |
| ਫਰਾਂਸ ਦੇ ਮਸ਼ਹੂਰ ਬਦਮਾਸ਼ ਮੈਕਬਰ | ਕ.ਕ.ਭੱਦਵ | ਨਾਵਲ |
| ਬਾਰਾ ਮਾਹਾ ਗੁਰੂ ਗੋਬਿੰਦ ਸਿੰਘ | ਬੀਰ ਸਿੰਘ | ਕਵਿਤਾ |
| ਬਲੀਦਾਨ | ਤਾਰਾ ਸਿੰਘ ਗੁਜਰਾਤੀ | ਜਨਰਲ |
| ਬਾਗ਼ੋ ਬਹਾਰ | ਹਰਸਾ ਸਿੰਘ | ਅਨੁਵਾਦ |
| ਬਿਜੈ ਮੁਕਤ ਧਰਮ ਸ਼ਾਸ਼ਤਰ | ਹਰੀ ਸਿੰਘ | ਧਰਮ |

| | | |
|---|---|---|
| ਬਿਜੈ ਸਿੰਘ | ਵੀਰ ਸਿੰਘ | ਨਾਵਲ |
| ਬਿਸ਼ਨ ਪੁਰਾਣ | ਰੰਗਾ ਸਿੰਘ | ਧਰਮ |
| ਬਿਜਲੀ ਭਗਤ ਪ੍ਰਬੋਧ | ਦਿਆਲ ਸਿੰਘ ਸੰਤ | ਅਲੋਚਨਾ |
| ਬਿਸ਼ਨ ਪਦੇ | ਰਲਾ ਰਾਮ | ਕਵਿਤਾ |
| ਬਿਨਯ ਪਤ੍ਰਿਕਾ | ਬਿਹਾਰੀ ਲਾਲ ਪੁਰੀ | ਕਵਿਤਾ |
| ਮਜ਼ੂਬੀ ਸਿੱਖਾਂ ਤੋਂ ਛੂਹ ਦੂਰ ਕਰਨ ਦਾ ਵਰਨਣ | ਨਰੈਣ ਸਿੰਘ | ਜਨਰਲ |
| ਮੂਰਤੀ ਦਰਪਣ | ਹਰਨਾਮ ਸਿੰਘ ਉਪਦੇਸ਼ਕ | ਜਨਰਲ |
| ਮਨ ਮੱਤ ਪਰਿਹਾਰ | ਤੇਜਾ ਸਿੰਘ ਬਾਬੂ | ਜਨਰਲ |
| ਮੇਰਾ ਅਤੇ ਸਾਧੂ ਚਇਆ ਨੰਦ ਦਾ ਸੰਬਾਦ | ਦਿੱਤ ਸਿੰਘ | ਜਨਰਲ |
| ਰਾਜਪੂਤ ਬਹਾਦਰੀ ਦੇ ਅਦੁੱਤੀ ਹੀਰੇ | ਨੱਥਾ ਸਿੰਘ ਕਵੀਸ਼ਰ | ਕਵਿਤਾ |
| ਰਪੋਟ ਦਸਮ ਗ੍ਰੰਥ ਦੀ ਸੁਧਾਈ ਦੀ | ਸਰਦੂਲ ਸਿੰਘ | ਅਲੋਚਨਾ |
| ਲੈ ਲਓ ਲਾਲਟੈਨ | ਕ੍ਰਿਪਾ ਸਿੰਘ ਭਾਈ | ਜਨਰਲ |
| ਲਾਸਾਨੀ ਕਰਾਮਾਤ | ਗੁਰਮੁਖ ਸਿੰਘ ਭਾਈ | ਸਿੱਖ ਧਰਮ |
| ਲੈਲਾ ਮਜਨੂੰ | ਹਾਫ਼ਜ਼ ਮੁਹੰਮਦਦੀਨ | ਕਵਿਤਾ |
| ਵਿਖਿਆਨ | ਮਹਾਰਾਜਾ ਨਾਭਾ, ਹੀਰਾ ਸਿੰਘ | ਸੁਧਾਰ |
| ਵਿਚਾਰ ਕੁੰਡਲੀ | ਖਿਹਾਰੀ ਲਾਲ ਪੁਰੀ | ਕਵਿਤਾ |
| ਵਸ਼ੀ ਕਰਣ | ਬਿਹਾਰੀ ਲਾਲ ਪੁਰੀ | ਕਵਿਤਾ |
| ਵੱਡਾ ਸ਼ਹੀਦ ਹੁਲਾਸ | ਜੋਧ ਸਿੰਘ ਭਾਈ | ਕਵਿਤਾ |
| ਵੈਸਾਖੀ ਦੀ ਸੁਗਾਤ | ਜੋਧ ਸਿੰਘ | ਜਨਰਲ |
| ਵਿਵੇਕ ਉੱਤਰ ਪ੍ਰਸ਼ਨ | ਆਸਾ ਸਿੰਘ | ਜਨਰਲ |

********



ਪਰਮੇਸੁਰਦੇ ਸਤ ਬਚਨ ।

ਵਿਸੇਖਕਰਕੈ

ਜੋ ਮਨੁਖਾਂਦੀ ਰਖਿਆ ਅਤੇ ਕਾਜਦੇ ਸਾਧਣੇ ਲਈ ਪ੍ਰਕਾਸਿਆ ।

ਸੋਈ

ਧਰਮ ਪੋਥੀ ।

ਤਿਸਦਾ ਅੰਤ ਭਾਗੁ ।

ਅਰਥਤੇ ਅਸਾਡੇ ਪ੍ਰਭੁ ਅਤੇ ਤਾਰਣੇਹਾਰੇ ਜਿਸੂ ਖ੍ਰੀਸਟਦਾ

ਮੰਗਲ ਸਮਾਚਾਰ ।


ਗ੍ਰੀਖਭਾਖਾਤੇ ਨਿਕਾਸਕੈ ਪੰਜਾਬੀ ਬੋਲੀਕਰਕੈ ਲਿਖਿਆ ।

ਸ੍ਰੀਰਾਮਪੁਰਵਿਚ ਛਾਪਾ ਕੀਤਾ ।

੧੮੧੧ ।

...PORE ... ARY

1811 ਈ. ਵਿਚ ਮਿਸ਼ਨ ਪ੍ਰੈਸ ਸੀਰਾਮਪੁਰ ਦੁਆਰਾ ਪ੍ਰਕਾਸ਼ਤ ਬਾਈਬਲ ਦੇ ਕੁਝ ਭਾਗ ਦਾ ਪੰਜਾਬੀ ਅਨੁਵਾਦ (ਪੰਜਾਬੀ ਦੀ ਸਭ ਤੋਂ ਪਹਿਲੀ ਛਪੀ ਪੁਸਤਕ ਦਾ ਟਾਈਟਲ)


GRAMMAR

PUNJABEE LANGUAGE.

SERAMPORE:

PRINTED AT THE MISSION-PRESS.

1812.


ਡਾ: ਵਿਲੀਅਮ ਕੇਰੀ ਦੁਆਰਾ ਤਿਆਰ ਕੀਤੇ ਤੇ 1812 ਈ. ਵਿਚ ਮਿਸ਼ਨ ਪ੍ਰੈਸ ਸੇਰਾਮਪੁਰ ਤੋਂ ਪ੍ਰਕਾਸ਼ਤ ਪੰਜਾਬੀ ਦੀ ਸਭ ਤੋਂ ਪਹਿਲੇ ਵਿਆਕਰਣ ਦਾ ਟਾਈਟਲ



GURMUKHI NEW TESTAMENT TRANSLATION AND REVISION COMMITTEE.

(Rev. E. Guilford, Rev. E. Newton, and Dr. F. [illegible] with Native Christian and Sikh helpers.)

ਲੁਧਿਆਣਾ ਮਿਸ਼ਨ ਵਲੋਂ, ਬਾਈਬਲ ਦੇ ਪੰਜਾਬੀ ਅਨੁਵਾਦ ਦਾ ਕੰਮ ਕਰਨ ਵਾਲੀ ਈਸਾਈ ਤੇ ਸਿੱਖ ਵਿਦਵਾਨਾਂ ਦੀ ਕਮੇਟੀ ਦਾ ਚਿਤ੍ਰ



ਚੁਪੜੀਆਂ

ਦੀ ਦੂਜੀ ਪੋਥੀ,

ਜਿਸ ਵਿੱਚ ਮਨੁੱਖਾਂ ਦੀ ਕੱਲਿਆਨ ਦੀਆਂ ਗੱਲਾਂ ਲਿਖੀਆਂ ਹੋਈਆਂ ਹਨ।

ਸੋ ਉਨਾਂ ਚੁਪੜੀਆਂ ਦੇ ਏਹ ਨਾਉਂ ਹਨ

ਅਰਥਾਤ

੧ ਉੱਤਮ ਪੁਸਤਕ ਦਾ ਵ੍ਰਿਤ,

੨ ਈਸਾਈ ਪਾਦ੍ਰੀ ਵੱਲੋਂ ਹਿੰਦੂਆਂ ਨੂੰ ਉਪਦੇਸ,


੩ ਜੁਸੂਫ ਦੀ ਵਿਥਿਆ,

੪ ਗੰਗਾ ਦੇ ਅਸਨਾਨ ਦੀ ਗੱਲਬਾਤ,

੫ ਕਰਮਾਂ ਤੇ ਮੁਕਤ ਦਾ ਨਾ ਹੋਣਾ,

੬ ਇੱਕ ਅੱਫਲ ਹੰਜੀਰ ਦੇ ਬੂਟੇ ਦਾ ਦ੍ਰਿਸਟਾਂਤ।

ਲੁਦੇਹਾਣੇ ਦੇ ਮਿਸਨ ਪ੍ਰੇਸ ਵਿੱਚ
ਅਮੇਰਿਕਨ ਟ੍ਰਾਕਟ ਸੁਸੈਟੀ ਦੇ ਕਹੇ
[illegible] ਛਾਪੀ ਗਈ
ਸੰਬਤ ਈਸਵੀ ੧੮੬੧।



ਉੱਤਮ ਪੁਸਤਕ ਦਾ ਵ੍ਰਿਤ।

[illegible] ਲੋਕ ਸਭ ਸੁਣੋ ਇਕ ਮਨ ਹੋਇ
[illegible] ਨਰਕ ਤੇ ਬਚਣ ਨੂੰ ਪਾਵੇ ਕਿਵੇਂ ਢੋਇ।
[illegible] ਨ ਕੋਈ ਤਿਸ ਦੀ ਭਾਲ
[illegible] ਸੋਹਦਾ ਮਾਲ।
[illegible] ਇਸੀ ਜਗ ਕਾਰਨ
[illegible] ਮਨ ਧਾਰਨ।
[illegible] ਧਨ ਮੁਏ ਨ ਚੱਲੇ ਨਾਲ
[illegible] ਕਰੇ ਸੁਰਗ ਦੀ ਭਾਲ।
[illegible] ਨ ਜਾਵੇ
ਮੂੰਧ ਮੂੰ [illegible] ਦੁਖ ਪਾਵੇ।
ਕੋਈ ਨ ਸਮਝੇ ਮਨ ਦਾ ਭੀੜਾ
ਕਿਹੜਾ ਦੋਜਕ ਕਿਹੜੀ ਪੀੜਾ।
ਭਰਿਆ ਨਰਕ ਅਟਲ [illegible]
ਸੋ ਨਾ ਬੁਝੇਗੀ ਕਿਸਹੀ [illegible]।
ਤਿਸ ਵਿੱਚ ਪੋਹ ਨ [illegible] ਪਾਵੇ
ਬੇਸੁਮਾਰ ਦੁਖ ਨਰਕ ਵਿਖਾਵੇ।

1

1861 ਈ. ਵਿਚ ਪ੍ਰਕਾਸ਼ਤ ਚੁਪੜੀਆਂ ਦੀ ਦੂਜੀ ਪੋਥੀ ਦਾ ਟਾਈਟਲ


ਜਿਸੂਈ ਮੁਸਾਫਰ ਦੀ ਜਾਤ੍ਰਾ

ਸੁਫਨੇ ਵਿਖੇ


ਇਸ ਜਗਤ ਤੇ ਸੁਰਗ ਦੀ ਵਲ।

ਲੁਦੇਹਾਨੇ ਦੇ ਮਿਸਨ ਪ੍ਰੇਸ ਵਿਚ ਅਮੇਰਿਕਨ
ਟਰਾਕਟ ਸੁਸੈਅਟੀ ਦੇ ਲਈ ਪਾਦਰੀ ਰੁਡਾਲਫ ਸਾਹਬ
ਦੇ ਜਤਨ ਨਾਲ ਛਾਪੀ ਗਈ
ਸੰਬਤ ਜਿਸੂਈ
੧੮੫੯

1859 ਵਿਚ ਪ੍ਰਕਾਸ਼ਤ ਪਿਲਗ੍ਰਿਮਜ਼ ਪ੍ਰੋਗ੍ਰੈਸ ਦੇ ਪੰਜਾਬੀ ਅਨੁਵਾਦ ਦਾ ਟਾਈਟਲ




ਪੰਜਾਬੀ ਦੀ ਸਭ ਤੋਂ ਪਹਿਲੀ ਅਖ਼ਬਾਰ ਦੇ ਪਹਿਲੇ 1-ਮਾਰਚ, 1867 ਵਾਲੇ ਅੰਕ ਦਾ ਨਮੂਨਾ




ਪਰਮਾਰਥ ਵਿਦਿਆ ਪ੍ਰਚਾਰਕ

ਗੁਰਮੁਖੀ ਅਖਬਾਰ

ਪ੍ਰੋ: ਗੁਰਮੁਖ ਸਿੰਘ ਦੇ ਯਤਨ ਨਾਲ ਛਪ ਪੰਜਾਬੀ ਦੀ ਪਹਿਲੀ ਪਤ੍ਰਕਾ 'ਗੁਰਮੁਖੀ ਅਖਬਾਰ' ਦੇ ਪਹਿਲੇ ਅੰਕ ਦਾ ਨਮੂਨਾ



ਅਰਥਾਤ
ਸੁਧਾਰਕ
ਲਾਹੌਰ

ਪ੍ਰੋ: ਗੁਰਮੁਖ ਸਿੰਘ ਦੁਆਰਾ ਸੰਪਾਦਤ 'ਸੁਧਾਰਕ' ਨਾਂ ਦੇ ਪੱਤਰ ਦਾ ਟਾਈਟਲ


ਖਾਲਸਾ ਅਖਬਾਰ

ਜਿ.੫ ਹਫ਼ਤੇਵਾਰ ਸੰ. ਨੰ. ੩੧੭ ਸਨਿਚਰ ੧੦ ਜੁਲਾਈ ਸੰ. ੧੮੯੬ ਈ.

'ਖਾਲਸਾ ਅਖਬਾਰ' ਲਾਹੌਰ ਦੇ ਟਾਈਟਲ ਦਾ ਨਮੂਨਾ



ੴ ਸਤਿਗੁਰ ਪ੍ਰਸਾਦਿ ਸ੍ਰੀ ਵਾਹਿਗੁਰੂ ਜੀ ਕੀ ਫਤਹ

ਗੁਰਮੁਖੀ ਅਖਬਾਰ

ਸ੍ਰੀ ਗੁਰਮਤ ਪ੍ਰਕਾਸ਼ਕ

ਜਿਲਦ ੧ — ਨੰਬਰ ੧

ਸ੍ਰੀ ਅੰਮ੍ਰਿਤਸਰ ਜੀ ਅਖਬਾਰ ਦਸੋਂਰੇ ਜਾਰੀ


ਪ੍ਰਥਮ ਮੂਲ ਮੰਗਲਾਚਰਨ

ਸਤਿਨਾਮੁ — ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ — ਵਾਹਗੁਰੂ

ਸ੍ਰੀ ਗੁਰਮਤ ਪ੍ਰਕਾਸ਼ਕ ( ਗੁਰਮੁਖੀ ਅਖਬਾਰ) ਦੇ ਪਹਿਲੇ ਅੰਕ ਦਾ ਨਮੂਨਾ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੁਆਰਾ

''ਖਾਲਸਾ ਸਮਾਚਾਰ'' ਦਾ ਜਨਮ



ਖ਼ਾਲਸਾ ਸਮਾਚਾਰ

ਸ੍ਰੀ ਅੰਮ੍ਰਿਤਸਰ ਜੀ

WEEKLY PAPER OF THE SIKHS.

THE KHALSA SMACHAR AMRITSAR

Amritsar Friday the November 17th 1899.

੧ ਮਘਰ ਦੀ ੩ ਸੰਃ ੧੯੫੬ ਬਿਃ ਨਵੰਬ੍ਰ ੧੭ ਸੰਃ੯੯ਈਃ ਸ਼ੁਕਰਵਾਰ ਛਪਿਆ। ਜਿਲਦ ੧

**ਖਬਰਾਂ**

ਾ ਦੇ ਕਾਲਮ ਵਿਚ ਅਸੀਂ ਇਸ ਦਿਨ ਆਪ ਨੂੰ ਵਧਾਈ ਸਰਬ ਵਿਚੋ ਬਹੀ ਸੁਣਾਉਂਦੇ ਹਾਂ ਕਿ ਆਪਣੇ ...ਕਲਗੀਆਂ ਵਾਲੇ,ਆਪਦੇ ਧਰਮ ਦੇ ਵਡੇ ...ਆਪਦੇ ਸਤਗੁਰਾਂ ਦੀ ਵਸਾਈ ਨਗ... 'ਅੰਮ੍ਰਿਤਸਰ ਸਿਫਤੀ ਦੇ ਘਰ' ਵਿ... ਜਲ ਵਡਿਆਏ ਹੋਏ ਸ਼ਹਰ ਵਿਚੋਂ 'ਖ਼ਾ... ਸਮਾਚਾਰ' ਨਾਮੇ ਖਾਲਸੇ ਦਾ ਅਖਬਾਰ ...ਕੀ ਸੇਵਾ ਕਰਨੇ ਲਈ ਨਿਕਲਿ... ਆ ਜਿਸ ਵੇਲੇ ਆਪਦੇ ਧ੍ਰਥਾਂ ਵਿਚ ਵ... ਇਸ੍ਰੀ ਗੋਰਠੀ ਹੋ ਰਿਹਾ ਹੈ। ਆਪਨੂੰ ...ਏ ਅੰਮ੍ਰਿਤਸਰ ਦੀ ਇਜ਼ਤ ਕੌਮ ਦੀ ...ਕਿਉਂਕਿ ਗੁਰੂ ਸਾਹਬ ਦਾ ਵਰ ਹੈ

ਸਭੇ ਥਾ ਨਹੀਂ ਤੁਧੁ ਜੇਹਿਆ।

...ਪੁਰਖਿ ਬਿਧਾਤੈ ਤਾਂ ਤੂ ਸੋਹਿਆ

...ਅਪਾਰ ਅਨੂਪ ਰਾਮਦਾਸਪੁਰ

...ਨਕ ਕਸਮਲ ਜਾਹਿ ਨਾਇਐ ਰਾਮ ...ਾ।

...ਸ਼ਹਰ ਨੂੰ ਵਸਾਵੇਸ ਤੇ ਗੁਰਾਂ ਨੇ ਜੋ ... ਵਡਿਆਈ ਦਿਤੀ ਹੈ, ਉਸ ਨੂੰ ਹਰ ਪ੍ਰਕਾਰ ਦੀ ਰੌਣਕ ਨਾਲ ਸੁਸ਼ੋਭਿਤ ਕਰਨਾ ਹਰਿਕ ਸਚੇ ਸਿੰਘ ਦਾ ਧਰਮ ਹੈ। ਅਰ ਪੁਰਾਤਨ ਸਮਿਆਂ ਤੋਂ ਅਜ ਤੀਕ ਸਿੰਘਾਂ ਦਾ ਏਹ ਧਰਮ ਨਿਭਦਾ ਚਲਿਆ ਆਇਆ ਹੈ। ਹੁਣ ਕਿਉਂਕਿ ਵਿਦਿਆ ਦਾ ਸਮਾ ਹੈ, ਅਰ ਵਿਦਯਾ ਹੀ ਕੌਮ ਨੂੰ ਉਚਿਆਂ ਕਰ ਸਕਦੀ ਹੈ, ਅਰ ਵਿਦਯਾ ਦੇ ਪ੍ਰਚਾਰਕ ਢੰਗਾਂ ਵਿਚੋਂ ਅਖਬਾਰ ਇਕ ਭਾਰੀ ਨਮਿਤ ਕੌਮੀ ਤੇ ਧਾਰਮਕ ਤ੍ਰੱਕੀ ਦਾ ਹੈ ਇਸਲਈ ਆਪਨੇ ਕੌਮ ਤੇ ਧਰਮ ਦੀ ਇਜ਼ਤ ਵਧਾਉਣ ਲਈ ਅਰ ਕੌਮ ਦੀ ਸਚੀ ਸੇਵਾ ਕਰਨੇ ਲਈ ਇਸ ਸ਼ਹਰ ਵਿਚੋਂ ਅਖਬਾਰ ਨਿਕਲਨੇ ਦੀ ਲੋੜ ਪ੍ਰਤੀਤ ਹੋ ਰਹੀ ਸੀ। ਉਸ ਲੋੜ ਨੂੰ ਪੂਰਾ ਕਰਨੇ ਲਈ ਇਹ ਅਖਬਾਰ ਨਿਕਲਿਆ ਹੈ।


ਅਖਬਾਰਾਂ ਨੇ ਜੋ ਕੁਝ ਹੋਰ ਵੇਰ ਵਾਧੇ ਤੇ ਬ੍ਰਿਧੀਆਂ ਸੰਸਾਰ ਵਿਚ ਕੀਤੀਆਂ ਹਨ ਸਭ ਕੋਈ ਜਾਣਦਾ ਹੈ,ਯੂਰਪ ਦੀ ਸਾਰੀ ਤ੍ਰਕੀ ਅਖਬਾਰਾਂ ਦੇ ਸਿਰ ਪੁਰ ਹੈ ਅਰ ਉਥੇ ਅਕਸਰ ਲੋਕ ਭਾਵੇਂ ਕਿਤੇ ਸਰੀਰਕ ਲੋੜਾਂ ਤੋਂ ਵਿਰਵੇ ਰਹ ਜਾਣ, ਪਰ ਅਖਬਾਰ ਪੜ੍ਹੇ ਬਿਨਾਂ ਨਹੀਂ ਰਹ ਸਕਦੇ। ਪਰ ਸਾਡੀ ਕੌਮ ਵਿਚ ਅਜੇ ਇਹ ਸ਼ੌਕ ਨਹੀਂ ਵਧਿਆ,ਜਿਸ ਕਰਕੇ ਅਸੀਂ ਦੂਸਰੀਆਂ ਕੌਮਾਂ ਨਾਲੋਂ ਪਿਛੇ ਰਹਿ ਜਾਂਦੇ ਹਾਂ,ਜੇ ਕਦਾਪਿ ਹਰੇਕ ਸਿੰਘ ਆਪਨੇ ਕੌਮੀ ਅਖਬਾਰ ਨੂੰ ਪੜ੍ਹਨੇ ਦਾ ਨਿਯਮ ਕਰੇ ਤਦ ਜਰੂਰ ਹੈ ਕਿ ਤ੍ਰਕੀ ਹਥ ਜੋੜਕੇ ਸਾਮਣੇ ਆ ਖਲੋਵੇ।

ਗੁਰਮੁਖੀ ਅਖਰ ਸਤਗੁਰੂ ਅੰਗਦਦੇਵ ਜੀਨੇ ਰਚੇ ਅਰ ਜਿਨ੍ਹਾਂ ਵਿਚ ਸਾਡੀ ਪੰਜਾਬੀ ਬੋਲੀ ਲਿਖੀ ਜਾਂਦੀ ਹੈ। ਸੋ ਆਪਨੀ ਬੋਲੀ ਅਰ ਅਖਰਾਂ ਦੀ ਬ੍ਰਿਧੀ ਬੀ ਤਦੇ ਹੋ ਸਕਦੀ ਹੈ ਜੇ ਅਖਬਾਰ ਚੰਗੇ ਰੰਗੇ ਨਿਕਲਨ। ਕਿਉਂਕਿ ਹਰ ਬੋਲੀ ਅਖਬਾਰ ਦੇ ਕਾਲਮਾ ਵਿਚ ਆਕੇ ਹੀ ਮੰਜੀ ਹੈ,ਅਰ ਆਪਣੀ ਕੌਮ ਦੀ ਤ੍ਰੱਕੀ ਦਾ ਕਾਰਣ ਹੋਈ ਹੈ, ਦੇਖੋ ਜਦ ਮੁਸਲਮਾਨ ਪੈਦਾ ਹੋਏ ਤਦ ਉਨ੍ਹਾਂ ਨੇ ਅਰਬੀ ਦੀ ਕਦਰ ਕੀਤੀ ਅਰ ਉਸਦੇ ਕਦਰ ਕਰਦੇ ਹੋਏ ਕਿਨੇ ਵਧੇ,ਤਿਵੇਂ ਅੰਗ੍ਰੇਜ਼ ਅੰਗ੍ਰੇਜ਼ੀ ਦੀ ਤ੍ਰੱਕੀ ਕਰਨੇ ਤੇ ਵਧ ਗਏ। ਸਾਡੇ ਸਤਗੁਰਾਂ ਨੇ ਬੀ ਆਪਣੇ ਪੰਥ ਦੇ ਵਾਧੇ ਲਈ ਮਾਦਰੀ ਬੋਲੀ ਪੰਜਾਬੀ ਦੀ ਕਦਰ ਕੀਤੀ ਅਰ ਅਜ ਤੀਕ ਸਭੋ ਸਿੰਘ ਉਸਦੇ ਵਾਧੇ ਦਾ ਜਤਨ ਕਰਦੇ ਹਨ,—: ਹੈ


ਸਭ ਤੋਂ ਪਹਿਲਾ ਪਰਚਾ (ਜਿਲਦ ੧, ਅੰਕ ੧)

...—ਗੁਰੂ ਵਸਾਈ ਨਗਰੀ ਵਿਚੋਂ ਗੁਰ ਨਾਨਕ ਅਵਤਾਰ ਪੁਰਬ ਤੇ ਖਾਲਸੇ ਦਾ ...

ਪੰਜਾਬੀ ਦੇ ਸਭ ਤੋਂ ਪੁਰਾਣੇ ਤੇ ਹੁਣ ਤਕ ਜਾਰੀ, ਸਪਤਾਹਕ 'ਖਾਲਸਾ ਸਮਾਚਾਰ' ਦੇ ਪਹਿਲੇ ਅੰਕ ਦਾ ਨਮੂਨਾ




ਫਜ਼ਲ ਸ਼ਾਹ ਦੇ ਕਿਸੇ ਸੋਹਣੀ ਮਹੀਂਵਾਲ ਦੀ ਪਹਿਲੇ ਐਡੀਸ਼ਨ ਦਾ ਟਾਈਟਲ




ਮੀਆਂ ਮੁਹੰਮਦ ਬੂਟਾ ਗੁਜਰਾਤੀ ਰਚਿਤ ਚੰਦਰ ਬਦਨ (1888 ਈ.) ਦਾ ਟਾਈਟਲ

## 1900 ਈ. ਦੇ ਅਖ਼ੀਰ ਤਕ ਪੰਜਾਬ ਵਿਚ ਪ੍ਰਕਾਸ਼ਤ ਹੋਣ ਵਾਲੀਆਂ ਪੱਤਰ-ਪੱਤਰਕਾਵਾਂ ਦਾ ਵੇਰਵਾ

| ਕ੍ਰਮ ਨੰ: | ਅਖ਼ਬਾਰ ਦਾ ਨਾਂ | ਸੰਪਾਦਕ | ਪ੍ਰਕਾਸ਼ਨ ਸਮਾਂ | ਆਰੰਭ | ਗਿਣਤੀ (ਜਿਸ ਸਾਲ ਵਿਚ) | ਪ੍ਰਕਾਸ਼ਨ ਸਥਾਨ। |
|---|---|---|---|---|---|---|
| 1. | ਅਖ਼ਬਾਰ ਸ੍ਰੀ ਦਰਬਾਰ ਸਾਹਿਬ | ਫਿਰਾਇਆ ਲਾਲ | ਮਹੀਨੇ ਵਿਚ ਦੋ ਵਾਰੀ | 1866 | 150(1867) | ਅੰਮ੍ਰਿਤਸਰ |
| 2. | ਸੁਕਾਵਿਯ ਸੰਬੋਧਨੀ | ਗਿ: ਹਜ਼ਾਰਾ ਸਿੰਘ | ਮਾਸਕ | 1875 | 200(1876) | ਅੰਮ੍ਰਿਤਸਰ |
| 3. | ਅਖ਼ਬਾਰ ਕਾਬਯ-ਚੰਦ੍ਰੋਦਯ | — | ਮਾਸਕ | 1876 | 150(1876) | ਅੰਮ੍ਰਿਤਸਰ |
| 4. | ਅਕਾਲ ਪ੍ਰਕਾਸ਼ | — | ਮਾਸਕ | 1876 | 100(1876) | ਅੰਮ੍ਰਿਤਸਰ |
| 5. | ਗੁਰਮੁਖੀ ਅਖ਼ਬਾਰ | ਪ੍ਰੋ: ਗੁਰਮੁਖ ਸਿੰਘ | ਸਪਤਾਹਕ | 1880 | 300(1880) | ਲਾਹੌਰ |
| 6. | ਵਿਦਿਆਰਕ ਪੰਜਾਬ | ਪ੍ਰੋ: ਗੁਰਮੁਖ ਸਿੰਘ | ਮਾਸਕ | 1881 | 200(1881) | ਲਾਹੌਰ |
| 7. | ਰਸਾਲਾ ਸ੍ਰੀ ਗੁਰਪ੍ਰਤਾਪ ਉਦੈ | ਉਦੈ ਸਿੰਘ ਬੇਦੀ | ਮਾਸਕ | 1882 | 120(1882) | ਲਾਹੌਰ |
| 8. | ਅਰੋੜ-ਵੰਸ ਸਮਾਚਾਰ | — | ਮਾਸਕ | 1884 | 200(1885) | ਲਾਹੌਰ |
| 9. | ਪੰਜਾਬ ਦਰਪਣ | ਸ: ਲਾਹੌਰਾ ਸਿੰਘ | ਸਪਤਾਹਕ | 1885 | 300(1885) | ਅੰਮ੍ਰਿਤਸਰ |
| 10. | ਸੁਧਾਰਕ | ਪ੍ਰੋ: ਗੁਰਮੁਖ ਸਿੰਘ | ਮਾਸਕ | 1886 | 350(1886) | ਲਾਹੌਰ |
| 11. | ਖ਼ਾਲਸਾ ਅਖ਼ਬਾਰ | ਭਾ: ਝੰਡਾ ਸਿੰਘ | ਸਪਤਾਹਕ | 1886 | 275(1889) | ਲਾਹੌਰ |
| 12. | ਖ਼ਾਲਸਾ | ਲਹਿਣਾ ਸਿੰਘ ਗਿਆਨੀ | ਸਪਤਾਹਕ | 1886 | 200(1891) | ਲਾਹੌਰ |
| 13. | ਖ਼ਾਲਸਾ ਪ੍ਰਕਾਸ਼ | ਦਇਆ ਸਿੰਘ | ਸਪਤਾਹਕ | 1886 | 200(1891) | ਲਾਹੌਰ |
| 14. | ਜੱਟ ਵਿਦਿਆ ਪ੍ਰਚਾਰ | ਉੱਤਮ ਸਿੰਘ | ਮਾਸਕ | 1888 | 175(1888) | ਲਾਹੌਰ |
| 15. | ਸਿੰਘ ਸਭਾ ਗਜ਼ਟ | ਲਾਹੌਰਾ ਸਿੰਘ | ਸਪਤਾਹਕ | 1890 | 500(1893) | ਅੰਮ੍ਰਿਤਸਰ |
| 16. | ਲਾਇਲ ਖ਼ਾਲਸਾ ਗਜ਼ਟ | ਗੁਰਦਿਤ ਸਿੰਘ | ਸਪਤਾਹਕ | 1891 | 150(1891) | ਸਿਆਲਕੋਟ |
| 17. | ਸੁਧਾਰ ਪਤ੍ਰਿਕਾ | ਮਿਸਤਰੀ ਗਿਧੂ ਮਲ | ਮਾਸਕ | 1891 | 250(1891) | ਹੈਦਰਾਬਾਦ ਸਿੰਧ |
| 18. | ਸੁਧਾ ਸਾਗਰ | ਪ੍ਰੇਮ ਸਿੰਘ | ਮਾਸਕ | 1892 | 100(1892) | ਸਿਆਲਕੋਟ |
| 19. | ਗੁਰਮਤ ਪ੍ਰਚਾਰ | — | ਮਾਸਕ | 1892 | 150(1892) | ਅੰਮ੍ਰਿਤਸਰ |
| 20. | ਭਾਰਤ ਸੁਧਾਰ | ਲਾ: ਸਾਲਗ ਰਾਮ | ਮਾਸਕ | 1893 | 200(1893) | ਲਾਹੌਰ |
| 21. | ਸ੍ਰੀ ਗੁਰਮਤ ਪ੍ਰਕਾਸ਼ਕ | ਅਵਤਾਰ ਸਿੰਘ ਵਹੀਰੀਆ | ਸਪਤਾਹਕ | 1893 | 300(1893) | ~~ਲਾਹੌਰ~~ ਰਾਵਲਪਿੰਡੀ |
| 22. | ਖ਼ਾਲਸਾ ਧਰਮ ਪ੍ਰਚਾਰਕ | ਲਾਹੌਰਾ ਸਿੰਘ | ਮਾਸਕ | 1893 | 300(1900) | ਅੰਮ੍ਰਿਤਸਰ |

| ਕ੍ਰਮ ਨੰਬਰ | ਅਖ਼ਬਾਰ ਦਾ ਨਾਂ | ਸੰਪਾਦਕ | ਪ੍ਰਕਾਸ਼ਨ ਸਮਾਂ | ਆਰੰਭ | ਗਿਣਤੀ ( ਜਿਸ (ਸਾਲ ਵਿਚ ) | ਪ੍ਰਕਾਸ਼ਨ ਸਥਾਨ |
|---|---|---|---|---|---|---|
| 23. | ਖ਼ਾਲਸਾ ਗਜ਼ਟ | ਪ੍ਰੋ:ਗੁਰਮੁਖ ਸਿੰਘ | ਸਪਤਾਹਕ | 1894 | 250(1894) | ਲਾਹੌਰ |
| 24. | ਨਿਰਗੁਣਆਰਾ | ਭਾ:ਵੀਰ ਸਿੰਘ | ਮਹੀਨੇ ਵਿਚ ਦੋ ਵਾਰ | 1894 | 1000(1900) | ਅੰਮ੍ਰਿਤਸਰ |
| 25. | ਸਤ ਧਰਮ ਪ੍ਰਚਾਰਕ | — | ਸਪਤਾਹਕ | 1895 | 150 (1895) | ਲਾਹੌਰ |
| 26. | ਸੁਧੀ ਪੱਤਰ ਖਾਲਸਾ ਧਰਮ ਪ੍ਰਕਾਸ਼ਕ | ਡਾ: ਜੈ ਸਿੰਘ | ਮਾਸਕ | 1896 | 350(1896) | ਲਾਹੌਰ |
| 27. | ਅਮਰ ਪਤ੍ਰਿਕਾ (ਪੰਜਾਬੀ ਭਾਸ਼ਾ ਫਾਰਸੀ ਅੱਖਰ) | ਲਾ:ਅਮਰ ਨਾਥ ਮੁਨਸਿਫ | ਮਾਸਕ | 1896 | 500(1897) | ਲਾਹੌਰ |
| 28. | ਬਜ਼ਮਿ ਸੁਖ਼ਨਰਾ | ਬਾਂਕੇ ਦਿਆਲ | ਮਾਸਕ | 1896 | 200(1896) | ਗੁਜਰਾਂਵਾਲਾ |
| 29. | ਆਫ਼ਤਾਬਿ-ਪੰਜਾਬ | ਦੀਵਾਨ ਬੂਟਾ ਸਿੰਘ | ਸਪਤਾਹਕ | 1896 | 300(1896) | ਲਾਹੌਰ |
| 30. | ਅਮਰ ਪਤ੍ਰਕਾ ਅਰਥਾਤ ਅਮਰ ਕੁੰਡ | ਨਥਾ ਸਿੰਘ | ਮਾਸਕ | 1897 | 200(1897) | ਅੰਮ੍ਰਿਤਸਰ |
| 31. | ਖ਼ਾਲਸਾ ਨੌਜਵਾਨ ਬਹਾਦਰ | ਗੋਪਾਲ ਸਿੰਘ | ਮਾਸਕ | 1899 | 250(1899) | ਅੰਮ੍ਰਿਤਸਰ |
| 32. | ਖਾਲਸਾ ਸਮਾਚਾਰ | ਭਾ:ਵੀਰ ਸਿੰਘ | ਸਪਤਾਹਕ | 1899 | 500(1899) | ਅੰਮ੍ਰਿਤਸਰ |

ਨੋਟ: ਮੌਲਾ ਬ਼ਖ਼ਸ਼ ਕੁਸ਼ਤਾ ਆਪਣੀ ਪੁਸਤਕ " ਪੰਜਾਬੀ ਸ਼ਾਇਰਾਂ ਦਾ ਤਜ਼ਕਰਾ " ਦੇ ਪੰਨਾ 14 ਉਤੇ "ਹਿੰਦੂ ਪ੍ਰਕਾਸ਼ " ਅੰਮ੍ਰਿਤਸਰ ਨੂੰ ਪੰਜਾਬੀ ਦਾ ਸਭ ਤੋਂ ਪੁਰਾਣਾ ਅਖਬਾਰ ਆਖਦਾ ਹੈ। ਪਰ 'ਹਿੰਦੂ ਪ੍ਰਕਾਸ਼' ਦਾ ਹਵਾਲਾ ਹੋਰ ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਸ੍ਰੋਤ ਤੋਂ ਨਹੀਂ ਮਿਲਦਾ । ਕੁਸ਼ਤਾ ਜੀ ਦੀ ਜਾਣਕਾਰੀ ਦਾ ਆਧਾਰ ਸ਼ਮਸ਼ੇਰ ਸਿੰਘ ਝੁਬਾਲ ਦੁਆਰਾ ਪ੍ਰਕਾਸ਼ਤ ਕੁਝ ਲੇਖ ਹਨ ਜਿਹੜੇ ਹੁਣ ਪ੍ਰਾਪਤ ਨਹੀਂ।

## ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਵਲੋਂ 1900 ਈ. ਤਕ ਪ੍ਰਕਾਸ਼ਤ ਟ੍ਰੈਕਟਾਂ ਦਾ ਵੇਰਵਾ

1. ਪ੍ਰਾਰਥਨਾ
2. ਪਰੇਮ ਬਾਣ
3. ਗੁਰਕੁਲ ਦੀਪਕ ਪਤ੍ਰਕਾ
4. ਵਧਾਈ-ਪੱਤਰ ਗੁਰੂ ਨਾਨਕ ਦੇਵ ਜੀ
5. ਗੁਰੂ ਗੋਬਿੰਦ ਸਿੰਘ ਜੀ ਦੇ ਉਪਕਾਰ
6. ਸ਼ੋਕ-ਪੱਤਰ ਭਾਈ ਕੌਰ ਸਿੰਘ
7. ਇਕ ਕੰਨਿਆ ਦੇ ਦੁੱਖੜੇ
8. ਵਧਾਈ-ਪੱਤਰ ਸ੍ਰੀ ਗੁਰੂ ਨਾਨਕ ਦੇਵ ਜੀ
9. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਬ੍ਰਿਤਾਂਤ
10. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬ੍ਰਿਤਾਂਤ
11. ਨਿਸ਼ਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਰੱਖਣ ਦੀ
12. ਬਲੀਦਾਨ ਛੋਟੇ ਸਾਹਿਬਜ਼ਾਦਿਆਂ ਦਾ
13. ਗੁਰਕੁਲ ਦੀਪਕ ਪਤ੍ਰਕਾ
14. ਬਸੰਤ ਪ੍ਰਕਾਸ਼
15. ਸ੍ਰੀ ਗੁਰੂ ਹਰਿ ਰਾਇ ਜੀ ਦਾ ਜੀਵਨ
16. ਹਾਇ ਹਾਇ ਬੱਚੀ ਤੂੰ ਕਿਥੋਂ !
17. ਖ਼ਾਲਸੇ ਦਾ ਜਨਮ
18. 24 ਗੁਰ-ਪੁਰਬ ਕਾਰਡ
25. ਸੁਖਵੰਤੀ ਨਿਤਾਨਤੀ
26. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬ੍ਰਿਤਾਂਤ
27. ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਜੀਵਨ ਬ੍ਰਿਤਾਂਤ
28. ਜੇ ਇਹੋ ਹਾਲ ਰਿਹਾ ਤਾਂ ਅਸੀਂ ਡੁੱਬੇ
29. ਇਹ ਤਾਂ ਗਰਕੀ ਆਈ
30. ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਬ੍ਰਿਤਾਂਤ
31. ਗੁਰਮੁਖੀ ਪ੍ਰਥੰਮ ਪੁਸਤਕ
32. ਧਰਮ ਰੱਖਿਆ
33. ਇਕ ਬਾਬੂ ਨੂੰ ਉਪਦੇਸ਼
34. ਅਜ਼ਮਤ ਖਾਲਸਾ(ਉਰਦੂ)
35. ਗੁਰਮੁਖੀ ਦੁਤੀਯ ਪੁਸਤਕ
36. ਨਦੀ ਕਿਨਾਰੇ ਰੁਖੜਾ
37. ਇਕ ਕੰਨਿਆ ਦੇ ਦੁਖੜੇ (ਹਿੰਦੀ)
38. ਹਾਇ ਹਾਇ ਬੱਚੀ ਤੂੰ ਕਿਥੋਂ ਹੁੰਦੀ !
39. ਜੁਬਲੀ ਦੀ ਸੱਚੀ ਯਾਦਗਾਰ
40. ਤਿੰਨ ਕੁੰਜੀਆਂ

41. ਪਤੀ-ਬ੍ਰਤ ਧਰਮ
42. ਸੁਸ਼ੀਲਾ
43. ਸ੍ਰੀ ਗੁਰੂ ਰਾਮ ਦਾਸ ਜੀ ਦਾ ਜੀਵਨ ਬ੍ਰਿਤਾਂਤ
44. ਔਬੜ ਜੱਟ ਤੇ ਸੌਭੜ ਸਾਧੂ
45. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬ੍ਰਿਤਾਂਤ
46. ਦਾੜ੍ਹੀ ਦੀ ਦੁਰਗਤ
47. ਜੋ ਪੱਟੀ ਸੋ ਸੁਆਦੋਂ ਪੱਟੀ
48. ਚੀਨ ਦੀ ਅਮੀਰਜ਼ਾਦੀ
49. ਅਣਮੁੱਲੀ ਟਹਿਲਣ
50. ਭੂਤ ਨਿਆਂ ਦੀ ਜੰਞ
51. ਰਾਜਾ ਜੀ ਤੇ ਮਿਸਜ਼ ਕੌਕਸਬੀ
52. ਜੰਗ ਚਮਕੌਰ
53. ਖਾਲਸਾ ਗੁਰ ਮੰਤਰ ਦਿੱਤਾ
54. ਬਾਰਾਂਮਾਂਹ ਮਾਝ ਤੇ ਤੁਖਾਰੀ
55. ਹਿੰਮਤ ਖ਼ਾਲਸਾ
56. ਸੁੰਦਰਾਂ ਨੂੰ ਸਿੱਖਿਆ
57. ਜੀ ਆਇਆਂ ਨੂੰ
58. ਖ਼ਾਲਸੇ ਜੀ ਦੀ ਡਾਇਰੈਕਟਰੀ
59. ਸੱਚੀ ਖੇਤੀ
60. ਬਾਬਾ ਅਟੱਲ ਰਾਇ ਜੀ
61. ਗਰੀਬ ਕੌਰ
62. ਚਲਾਣੇ ਦੇ ਸ਼ਬਦ
63. ਜੈਤਸਰੀ ਦੀ ਵਾਰ ਸਟੀਕ
64. ਕਾਲ ਸਮੇਂ ਦੀ ਵਾਰਤਾ 1
65. ਕਾਲ ਸਮੇਂ ਦੀ ਵਾਰਤਾ II
66. ਗਰੀਬ ਕੌਰ ਭਾਗ-II
67. ਖਰਚ ਦੇ ਤਿੰਨ ਢੰਗ
68. ਮੀਰਾਂਕੋਟੀਏ ਮਤਾਬ ਸਿੰਘ ਦੀ ਬਹਾਦਰੀ
69. ਫਰਯਾਦ
70. ਇਕ ਭੈਣ ਜੀ ਦੀ ਚਿੱਠੀ
71. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪੋਥੀ
72. ਪਵਿੱਤ੍ਰਤਾ
73. ਇਕ ਪੰਜਾਬੀ ਸਿੰਘ ਦੀ ਵਲਾਇਤੀ ਸੈਰ
74. ਸਵੱਯੇ ਪਾਤਸ਼ਾਹੀ ੧੦
75-77. ਗੁਰਪੁਰਬ ਕਾਰਡ
78. ਗੁਰੂ ਨਾਨਕ ਮੰਗਲ ਕਿੱਤਾ
79. ਪੱਤਰੀ ਸੰਮਤ 441
80. ਇਸਤਰੀਆਂ ਲਈ ਅੰਮ੍ਰਿਤ ਦੀ ਲੋੜ
81. ਜਪਜੀ ਸਾਹਿਬ ਸਟੀਕ ੪੨ ਪੰਨੇ ੨

83. ਬਾਲ ਲੀਲ੍ਹਾ ਸ੍ਰੀ ਗੁਰੂ ਨਾਨਕ ਦੇਵ ਜੀ
84. ਸੱਚ-ਖੰਡ ਯਾਤਰਾ ਭਾਗ ਪਹਿਲਾ
85. ਸਪਤਮੀ ਪੱਤਰ
86. ਖੁਲਕ ਖਾਲਸਾ
87. ਦੇਓਰ ਭਾਬੀ
88. ਖ਼ਾਲਸਾ ਜੁਬਲੀ
90. ਗੁਰਮੁਖੀ ਪ੍ਰਕਾਸ਼ ਬਾਲਬੋਧ
91. ਪੀਓ ਪਹੁਲ ਖੰਡੇ ਧਾਰ
92 ਕਾਰਡ ਸੁੰਦਰ ਤੁਕਾਂ ਵਾਲਾ
93. ਸਾਡੀ ਡਰਾਉਣੀ ਦਸ਼ਾ
94. ਧੋਖੇ ਤੋਂ ਬਚੋ
95. ਅਨਰਥ
96. ਸੱਚਾ ਗੁਰੂ
97. ਕਲ੍ਹ ਪਰ ਰੱਖਣਾ
98. ਮੈਂ ਕੀ ਕੀਤਾ ਤੈਂ ਕੀ ਕੀਤਾ
99. ਖ਼ੂਬਸੂਰਤ ਕਿੱਤਾ
100. ਸਿਦਕੀ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜੀਵਨ ਬ੍ਰਿਤਾਂਤ
101. ਖੂਹਾਂ ਪੁਰ ਜ਼ੁਲਮ
102. ਸ਼ਹੀਦ ਨਾਮਾ
103. ਨੂੰਹ ਸੱਸ ਦਾ ਸੰਬਾਦ
108. ਮਨ ਜੀਤੈ ਜਗ ਜੀਤ
109. ਸਾਰਾਗੜ੍ਹੀ ਦਾ ਯੁੱਧ
110. ਕੋਸ਼ ਅਰਥਾਤ ਡਿਕਸ਼ਨਰੀ
111. ਸੱਚ ਖੰਡ ਯਾਤਰਾ ਭਾਗ 2
112. ਬਹੁਤ ਸੁੰਦਰ ਕਿੱਤਾ
113. ਸੁਬ੍ਹਾ ਦੀ ਸੈਰ
114. ਚਾਚਾ ਭਤੀਜਾ
115. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ ਬ੍ਰਿਤਾਂਤ
116. ਕਲਗੀਆਂ ਵਾਲੇ ਦੇ ਗੀਤ
117. ਸਿੰਘਾਂ ਦੇ ਲੱਛਣ
118. ਸਿਆਪੇ ਦਾ ਸਿਆਪਾ
119. ਇਸਤਰੀ ਭਰਤਾ
120. ਖ਼ੂਬਸੂਰਤ ਕਿੱਤਾ
121. ਹਾਇ ਨੀ ਮੇਰਾ ਨੱਕ ਨਹੀਂ ਰਹਿੰਦਾ ।
122. ਸ਼ਬਦ ਸ੍ਰੀ ਮੁੱਖ ਵਾਕ ਪਾਤਸ਼ਾਹੀ ੧੦ ਅਰਥਾਂ ਸਮੇਤ

123. ਬਾਲਾਂ ਨੂੰ ਗਹਿਣੇ ਪਾਉਣ ਦੇ ਔਗਣ
124. ਸੁਖ ਫਲ ਸੁੰਦਰ ਕਿੱਤਾ
125. ਸ਼ਲੋਕ ਸ਼ੇਖ ਫ਼ਰੀਦ ਅਰਥਾਂ ਸਮੇਤ
127. ਕੀਰਤਨ ਸੋਹਿਲਾ
128. ਆਤਮ ਘਾਤ
129. ਘਰ ਵਿਚ ਸੁਰਗ
130. ਦੁਨੀਆਂ ਮਤਲਬ ਦੀ
131. ਅਜ ਮੰਗਲਵਾਰ ਹੈ
132. ਸ੍ਰੀ ਗੁਰੂ ਗ੍ਰੰਥ ਸਾਹਿਬ ਕਿਉਂ ਪੜ੍ਹਨਾ ਲੋੜੀਏ
133. ਭਵ ਭਜਨ
134. ਹੀਰਭਾਈ ਗੁਰਦਾਸ ਜੀ
135. ਬੀਬੀ ਤੈਣ
136. ਤਤ ਵਿਚਾਰ
137. ਸੱਚਾ ਬੇਲੀ
138. ਕੁਲੀਦ ਗੁਰਮੁਖੀ
139. ਗੁਰੂ ਗ੍ਰੰਥ ਬਾਣੀ ਬਿਉਰਾ
140. ਸੱਚਾ ਰਾਹ
141. ਲਾਡਮਈ ਬੇਨਤੀ

*****

## ਸਹਾਇਕ ਪੁਸਤਕ ਸੂਚੀ

### ਪੰਜਾਬੀ ਪੁਸਤਕਾਂ


1. ਅਮਰ ਸਿੰਘ ਗਿਆਨੀ, ਜੀਵਨ ਚਰਿਤ੍ਰ ਗਿਆਨੀ ਦਿਤ ਸਿੰਘ, ਅੰਮ੍ਰਿਤਸਰ, 1962.
2. ਐਸ.ਐਸ.ਅਮੋਲ, ਪੰਜਾਬੀ ਸਾਹਿਤ ਵਿਚਾਰ, ਧਨਪਤ ਰਾਏ ਐਂਡ ਸਨਜ਼, ਜਲੰਧਰ, 1962.
3. ———, ਭਾਈ ਮੋਹਨ ਸਿੰਘ ਵੈਦ, ਪਟਿਆਲਾ, 1969.
4. ਅਮਰ ਸਿੰਘ ਗਿਆਨੀ, ਸਿੰਘ ਸਭਾ ਲਹਿਰ ਦੇ ਉਘੇ ਸੰਚਾਲਕ - ਗਿਆਨੀ ਦਿੱਤ ਸਿੰਘ ਜੀ, ਅੰਮ੍ਰਿਤਸਰ, 1962.
5. ਅਮਰਜੀਤ ਸੇਖੋਂ, ਪੰਜਾਬੀ ਨਾਵਲ ਦਾ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1972.
6. ਅਵਤਾਰ ਸਿੰਘ, ਖਾਲਸਾਧਰਮ ਸ਼ਾਸਤ੍ਰ, ਸ੍ਰੀ ਗੁਰਮਤ ਪ੍ਰਕਾਸ਼ਨ, ਸੰਮਤ ਨ: 425.
7. ———, ਗੁਰਦਰਸ਼ਨ ਸ਼ਾਸਤ੍ਰ, 1916.
8. ਅਵਤਾਰ ਸਿੰਘ ਵਹੀਰੀਆ, ਸ਼ੋਕ ਪੱਤਰ - ਲਾਹੌਰ, 1905.
9. ———, ਸਿੱਖੀ ਧਰਮ - ਅੰਮ੍ਰਿਤਸਰ, 1894.
10. ———, ਸਿੱਖ ਧਰਮ ਤੱਤ ਦਰਸ਼ਨ - ਅੰਮ੍ਰਿਤਸਰ, 1899.
11. ———, ਖਾਲਸਾ ਧਰਮ ਸ਼ਾਸਤ੍ਰ - ਲਾਹੌਰ, 1894.
12. ਅਵਤਾਰ ਸਿੰਘ ਆਜ਼ਾਦ, ਪੰਜਾਬੀ ਸਾਹਿੱਤ ਦੇ ਉਸਰੱਈਏ, ਅੰਮ੍ਰਿਤਸਰ, 1951.
13. ਅਵਤਾਰ ਸਿੰਘ ਸੰਤ, ਖ਼ਾਲਸਾ ਸੁਧਾਰ, ਪਹਿਲੀ ਸੈਂਚੀ, ਖ਼ਾਲਸਾ ਸੁਧਾਰ ਛੇਵੀਂ ਸੈਂਚੀ
14. ———, ਖਾਲਸਾ ਵਹੀਰ, ਗੁਰਮਤ ਪ੍ਰਕਾਸ਼ਨ, ਮਿਤੀ ਕੋਈ ਨਹੀਂ।
15. ਈਸ਼ਰ ਸਿੰਘ ਨਾਰਾ, ਪੰਜਾਬ ਦਾ ਰਤਨ(ਬਾਬਾ ਖੇਮ ਸਿੰਘ ਬੇਦੀ) ਦਿੱਲੀ, 1972.
16. ਈਸ਼ਰ ਸਿੰਘ ਤਾਂਘ(ਡਾ:), ਪੰਜਾਬੀ ਸਾਹਿੱਤ ਦਾ ਪੁਨਰ-ਮੁੱਲ-ਅੰਕਣ, ਦੀਪ ਪ੍ਰਕਾਸ਼ਨ, ਅੰਬਾਲਾ, 1973.
17. ਇੰਦਰ ਸਿੰਘ ਚਕ੍ਰਵਰਤੀ, ਕੂਕਿਆਂ ਬਾਰੇ, ਕੂਰਲ ਬੁਕ ਕੰਪਨੀ, ਲੁਧਿਆਣਾ, 1956.
18. ———, ਮਾਲਵੇਂਦਰ, 1957, ਪਟਿਆਲਾ।
19. ਸੰਤ ਸਿੰਘ ਸੇਖੋਂ, ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ, ਲਾਹੌਰ ਬੁਕ ਸ਼ਾਪ, ਲੁਧਿਆਣਾ, 1962.
20. ———, ਪ੍ਰਸਿੱਧ ਪੰਜਾਬੀ ਕਵੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1952.
21. ਸ਼ਮਸ਼ੇਰ ਸਿੰਘ ਅਸ਼ੋਕ(ਸੰਪਾਦਕ), ਪ੍ਰਾਚੀਨ ਜੰਗਨਾਮੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1950.
22. ———, ਪੰਜਾਬੀ ਪੱਤਰ ਕਲਾ, ਭਾਸ਼ਾ ਵਿਭਾਗ, ਪਟਿਆਲਾ।
23. ———, ਪੰਜਾਬ ਦੀਆਂ ਲਹਿਰਾਂ, ਨਿਆਮਤਪੁਰੀ, 1954.
24. ———, ਭਾਈ ਕਾਨ੍ਹ ਸਿੰਘ ਨਾਭਾ, ਪਟਿਆਲਾ, 1966.
25. ਸੁਰਿੰਦਰ ਸਿੰਘ ਕੋਹਲੀ(ਡਾ:)(ਸੰਪਾਦਕ), ਪੁਰਾਤਨ ਪੰਜਾਬੀ ਵਾਰਤਕ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1973.
26. ———, ਪੰਜਾਬੀ ਸਾਹਿੱਤ ਦਾ ਇਤਿਹਾਸ(ਪਹਿਲੀ ਤੇ ਦੂਜੀ ਜਿਲਦ), ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1967.

27. ਸੁਰਿੰਦਰ ਸਿੰਘ ਕੋਹਲੀ(ਡਾ:)(ਸੰਪਾਦਕ), ਚੋਣਵੀਆਂ ਕਾਫ਼ੀਆਂ, ਭਾਸ਼ਾ ਵਿਭਾਗ, ਪਟਿਆਲਾ।

28. ———, ਭਾਈ ਵੀਰ ਸਿੰਘ - ਜੀਵਨ, ਸਮਾਂ ਤੇ ਰਚਨਾ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1973.

29. ———, ਪੰਜਾਬੀ ਸਾਹਿੱਤ ਕੋਸ਼, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1972.

30. ———, ਪੰਜਾਬੀ ਸਾਹਿੱਤ ਦਾ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1950.

31. ———, ਲਾਲਾ ਕਿਰਪਾ ਸਾਗਰ ਤੇ ਉਨ੍ਹਾਂ ਦੀ ਕਵਿਤਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 1951.

32. ———, ਪ੍ਰੋ: ਪੂਰਨ ਸਿੰਘ, ਉਨ੍ਹਾਂ ਦਾ ਜੀਵਨ ਤੇ ਰਚਨਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 1943.

33. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਦਿੱਲੀ, 1972.

34. ਸੁਚੇਤ ਸਿੰਘ ਭਾਈ, ਕੀ ਦਸਮੇਂ ਗੁਰੂ ਜੀ ਨੇ ਦੇਵੀ ਪੂਜੀ ਹੈ, ਅੰਮ੍ਰਿਤਸਰ, 1899.

35. ਸਰਦੂਲ ਸਿੰਘ, ਗੁਰ ਪ੍ਰਣਾਲੀ, ਅੰਮ੍ਰਿਤਸਰ, 1893.

36. ਸਾਧੂ ਸਿੰਘ, ਸਾਡਾ ਹਾਲ, ਅੰਮ੍ਰਿਤਸਰ, 1878.

37. ਸੁਰਿੰਦਰ ਸਿੰਘ ਦੁਸਾਂਝ(ਡਾ:), ਪੰਜਾਬੀ ਇਤਿਹਾਸਕ ਨਾਵਲ, ਸਿਰਜਨਾ ਪ੍ਰੈਸ, ਲੁਧਿਆਣਾ, 1969.

38. ਸੁੰਦਰ ਸਿੰਘ ਮਾਸਟਰ ਲਾਇਲਪੁਰੀ - ਕੀ ਖ਼ਾਲਸਾ ਕਾਲਜ ਸਿੱਖਾਂ ਦਾ ਹੈ?, ਜੁਲਾਈ, 1868.

39. ਸ਼ਰਧਾ ਰਾਮ ਫਲੌਰੀ, ਸਿੱਖਾਂ ਦੇ ਰਾਜ ਦੀ ਵਿਥਿਆ, ਲੁਧਿਆਣਾ, 1868.

40. ਸੁਰਿੰਦਰ ਸਿੰਘ ਨਰੂਲਾ, ਪੰਜਾਬੀ ਸਾਹਿੱਤ ਦਾ ਇਤਿਹਾਸ, ਸਿੱਖ ਪਬਲਿਸ਼ਿੰਗ ਹਾਊਸ, ਲਿਮਿਟਿਡ ਅੰਮ੍ਰਿਤਸਰ, 1953.

41. ਸੰਪੂਰਣ ਸਿੰਘ ਸੰਤ, ਕੀ ਸਿੱਖ ਬੁੱਤਪ੍ਰਸਤ ਹਨ ? ਸਰਦਾਰ ਮੇਹਰ ਸਿੰਘ ਚਾਵਲਾ, ਲਾਹੌਰ, ( ਛਾਪ ਕੇ)

42. ਸੁਰਜੀਤ ਸਿੰਘ ਐਮ.ਏ., ਸਦਾ ਰਾਮ ਅਧਿਐਨ, ਪੰਜਾਬੀ ਸਾਹਿੱਤ ਸਭਾ, ਬਰਨਾਲਾ, 1962.

43. ਸਾਧੂ ਰਾਮ ਸ਼ਾਰਦਾ, ਸੂਫ਼ੀ ਮਤ ਅਤੇ ਪੰਜਾਬੀ ਸੂਫ਼ੀ ਸਾਹਿੱਤ (ਪੀ.ਐਚ.ਡੀ.ਥੀਸਿਸ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973.

44. ਸੁਰਿੰਦਰ ਸਿੰਘ ਜੌਹਰ, ਲਾਲਾ ਲਾਜਪਤ ਰਾਏ ਜੀਵਨੀ, ਯੂਨੀਟੀ ਪਬਲਿਸ਼ਰਜ਼, ਲੁਧਿਆਣਾ, 1964.

45. ਸ਼ਿਵ ਦਾਸ ਮਹਾਤਮਾ, ਪ੍ਰਤਗਯਾ ਪਾਲਨ, ਸੰਮਤ 1953.

46. ਸੇਵਾ ਸਿੰਘ ਭਾਈ, ਧੋਤੇ ਮੂੰਹ ਚਪੇੜ, ਪਬਲਿਸ਼ਰ ਭਾਈ ਲਾਭ ਸਿੰਘ ਐਂਡ ਸਨਜ਼, ਅੰਮ੍ਰਿਤਸਰ

47. ਸ਼ੇਰ ਸਿੰਘ ਗਿਆਨੀ, ਕਪਟ ਬਿਨਾਸ਼, ਸਿੱਖ ਬੁਕ ਏਜੰਸੀ ਪਸ਼ਾਵਰ ।

48. ਸੂਬਾ ਸਿੰਘ, ਪੱਤਰ ਕਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1974.

49. ਸੇਰੇਬਰੀਆ ਕੌਵ, ਆਈ — ਪੰਜਾਬੀ ਸਾਹਿੱਤ, ਅੰਮ੍ਰਿਤਸਰ, 1971.

50. ਹਰਚਰਨ ਸਿੰਘ (ਡਾ:), ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ, ਪੈਪਸੂ ਬੁਕ ਡਿਪੂ, ਪਟਿਆਲਾ, 1972.

51. ਹਰਚਰਨ ਸਿੰਘ(ਡਾ:) (ਸੰਪਾਦਕ), ਪੰਜਾਬੀ ਬਾਤ ਚੀਤ, ਨਿਊ ਬੁਕ ਕੰਪਨੀ, ਜਲੰਧਰ, 1963.

52. ———, ਨਾਟਕਕਲਾ ਅਤੇ ਹੋਰ ਲੇਖ, ਪੈਪਸੂ ਬੁਕ ਡਿਪੂ, ਪਟਿਆਲਾ, 1972.

53. ਹਰਨਾਮ ਸਿੰਘ ਸ਼ਾਨ(ਡਾ:), ਸੂਫੀ ਕਾਵਿ ਸੰਗ੍ਰਹਿ, ਚੰਡੀਗੜ੍ਹ, 1961.

54. ਹਰਬੰਸ ਸਿੰਘ, ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਦਿੱਲੀ, 1972.

55. ਹੀਰਾ ਸਿੰਘ ਦਰਦ, ਪੰਜਾਬੀ ਸਾਹਿੱਤ ਦਾ ਇਤਿਹਾਸ, ਜਲੰਧਰ, 1958.

56. ———, ਨਾਮਧਾਰੀ ਲਹਿਰ, ਲਾਹੌਰ ।

57. ਕਰਮ ਸਿੰਘ ਕਪੂਰ(ਡਾ:), ਪੰਜਾਬੀ ਮਹਾਂਕਾਵਿ(ਪੀ.ਐਚ.ਡੀ. ਥੀਸਿਸ), ਭਾਸ਼ਾ ਵਿਭਾਗ, ਪਟਿਆਲਾ, 1972.

58. ਕੁਲਦੀਪ ਸਿੰਘ, ਪੱਤਰਕਾਰੀ, ਪੰਜਾਬੀ ਸਾਹਿੱਤ ਸਭਾ, ਨਵੀਂ ਦਿੱਲੀ, 1962.

59. ਕਰਤਾਰ ਸਿੰਘ ਸਰਹੱਦੀ, ਸਿੰਘ ਸਭਾ ਲਹਿਰ ਦਾ ਮਹਾਨ ਤੇ ਪਰਉਪਕਾਰੀ ਇਤਿਹਾਸ, ਸਪੈਸ਼ਲ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 1974.

60. ਕਿਰਪਾਲ ਸਿੰਘ(ਡਾ:)(ਸੰਪਾਦਕ), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

61. ਕਰਮ ਸਿੰਘ ਹਿਸਟੋਰੀਅਨ — ਕੱਤਕ ਕਿ ਵਿਸਾਖ ?

62. ਕਪੂਰ ਸਿੰਘ, ਸਪਤ ਸ਼੍ਰਿੰਗ, ਅੰਮ੍ਰਿਤਸਰ, 1951.

63. ਕਰਨੈਲ ਸਿੰਘ ਥਿੰਦ(ਡਾ:), ਪੰਜਾਬੀ ਨਾਵਲ ਸਰਵੇਖਣ ਤੇ ਮੁਲਾਂਕਣ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, 1974.

64. ਕਾਨ੍ਹ ਸਿੰਘ ਨਾਭਾ ਭਾਈ, ਹਮ ਹਿੰਦੂ ਨਹੀਂ, ਸਿੰਘ ਸਭਾ ਸ਼ਤਾਬਦੀ ਕਮੇਟੀ, ਅੰਮ੍ਰਿਤਸਰ (ਦੋਬਾਰਾ 1973)

65. ਕਰਮ ਸਿੰਘ ਸਾਬ੍ਰ, ਸਾਡਾ ਤੇ ਅੰਗ੍ਰੇਜ਼ੀ ਸਰਕਾਰ ਦਾ ਸੰਬੰਧ, ਲਾਹੌਰ

66. ਕਾਲੀ ਦਾਸ ਬ੍ਰਾਹਮਣ ਪੰਡਿਤ, ਜਨੇਊ ਫਲੌਸਫੀ, ਕਾਰਪੋਰੇਸ਼ਨ ਪ੍ਰੈਸ, ਅੰਮ੍ਰਿਤਸਰ।

67. ਕ੍ਰਿਪਾਲ ਸਿੰਘ ਕਸੇਲ,
ਪ੍ਰੋ: ਪਰਮਿੰਦਰ ਸਿੰਘ, ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ, ਦੂਜਾ ਸੰਸਕਰਣ।

68. ਗੋਪਾਲ ਸਿੰਘ (ਡਾ:), ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਜਾਬੀ ਐਕੈਡਮੀ, ਨਵੀਂ ਦਿੱਲੀ, 1949.

69. ਗੰਡਾ ਸਿੰਘ(ਡਾ:), ਕੂਕਿਆਂ ਦੀ ਵਿਥਿਆ, ਅੰਮ੍ਰਿਤਸਰ, 1946.

70. ———, ਪੰਜਾਬ ਦੀਆਂ ਵਾਰਾਂ, ਅੰਮ੍ਰਿਤਸਰ, 1946.

71. ———(ਸੰਪਾਦਕ), ਪੰਜਾਬ(1849-1960), ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, 1962.

72. ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਪਟਿਆਲਾ, 1970.

73. ———, ਖਾਲਸਾ ਧਰਮ ਪਤਤ ਪਾਵਨ, ਲਾਹੌਰ, 1895.

74. ਗੁਰਮੁਖ ਸਿੰਘ ਭਾਈ, ਕ੍ਰਿਤਘਣ ਤੇ ਕਿਤੱਗਯ, ਲੁਧਿਆਣਾ, 1919

75. ਗੁਰਚਰਨ ਸਿੰਘ ਮਹਿਤਾ(ਡਾ:), ਭਾਈ ਵੀਰ ਸਿੰਘ ਜੀ ਦੀ ਕਵਿਤਾ(ਪੀ.ਐਚ.ਡੀ.ਥੀਸਿਸ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

76. ਗੁਰਚਰਨ ਸਿੰਘ(ਡਾ:), ਪੰਜਾਬੀ ਬੋਲੀ ਦਾ ਵਿਕਾਸ ਤੇ ਹੋਰ ਲੇਖ, ਹਿੰਦ ਪਬਲਿਸ਼ਰਜ਼, ਲਿਮਟਿਡ, ਅੰਮ੍ਰਿਤਸਰ, 1953.

77. ਗੁਰਦੇਵ ਸਿੰਘ(ਡਾ:), ਭਗਵਾਨ ਸਿੰਘ ਰਚਨਾਵਲੀ, ਆਧੁਨਿਕ ਸੀਰਿਜ਼, ਜਲੰਧਰ, 1970.

78. ਚੂੜ ਸਿੰਘ, ਜੰਗ ਸਾਰਾ ਗੜ੍ਹੀ, ਅੰਮ੍ਰਿਤਸਰ, 1900.

79. ਚੀਫ ਖਾਲਸਾ ਦੀਵਾਨ, ਸੇਵਾ ਦੇ ਪੰਜਾਹ ਸਾਲ, ਅੰਮ੍ਰਿਤਸਰ, 1952.

80. ਜਸਵੰਤ ਸਿੰਘ ਜੱਸ(ਡਾ:), ਬਾਬਾ ਰਾਮ ਸਿੰਘ ਨਾਮਧਾਰੀ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1958.

·81. ਜਗਜੀਤ ਸਿੰਘ(ਡਾ:), ਸਿੰਘ ਸਭਾ ਲਹਿਰ, ਤਰਨਤਾਰਨ, 1941.

82. ਜਵਾਲਾ ਸਿੰਘ – ਪ੍ਰਾਰਥਨਾ ਪੱਤਰ, ਅੰਮ੍ਰਿਤਸਰ, 1897.

·83. ਜੀਤ ਸਿੰਘ ਸੀਤਲ(ਡਾ:), ਵਾਰਤਕ ਤੇ ਵਾਰਤਕ ਸ਼ੈਲੀ, ਚੰਡੀਗੜ੍ਹ, 1972.

84. ————, ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ, ਪੈਪਸੂ ਬੁਕ ਡਿਪੂ, ਪਟਿਆਲਾ, 1974.

85. ———(ਸੰਪਾਦਕ), ਪੰਜਾਬੀ ਸੀਹਰਫੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

86. ਜਗਤ ਸਿੰਘ ਭਾਈ, ਗੁਰੂਮਤ ਪ੍ਰਕਾਸ਼ ਦੂਜਾ ਭਾਗ, ਨੈਸ਼ਨ ਪ੍ਰੈਸ, ਅੰਮ੍ਰਿਤਸਰ, ਸੰਮਤ ਬਿਕ੍ਰਮੀ 1961.

87. ~~ਜੋਧ ਸਿੰਘ~~, ਗੁਰੂ ਸਾਹਿਬ ਅਤੇ ਵੇਦ, ਖ਼ਾਲਸਾ ਨੈਸ਼ਨਲ ਬੁਕ ਏਜੰਸੀ, ਅੰਮ੍ਰਿਤਸਰ।

88. ਜਗਤ ਸਿੰਘ ਭਾਈ, ਦਯਾ ਨੰਦ ਅਰ ਸੁਖਚਲ ਮਤ ਖੰਡਨ, ਬੁਧ ਸਿੰਘ ਗੁਰਮਤ ਪ੍ਰੈਸ, ਅੰਮ੍ਰਿਤਸਰ, 1909.

89. ਟੇਕ ਸਿੰਘ, ਅਕਾਲ ਦੀ ਪੁਕਾਰ, ਅੰਮ੍ਰਿਤਸਰ, 1895.

·90. ਠਾਕਰ ਦਾਸ, ਸਿੱਖ ਹਿੰਦੂ ਹੈ, ਹੁਸ਼ਿਆਰਪੁਰ, 1899.

·91. ਤ੍ਰਿਲੋਚਨ ਸਿੰਘ ਬੇਦੀ(ਡਾ:), ਪੰਜਾਬੀ ਵਾਰਤਕ ਦਾ ਆਲੋਚਨਾਤਮਿਕ ਅਧਿਐਨ(ਪੀ.ਐਚ.ਡੀ. ਦਾ ਥੀਸਿਸ) ਫਰੀਦਕੋਟ, 1972.

92. ਤੇਜਾ ਸਿੰਘ ਭਸੌੜ, ਸਿੰਘਾਂ ਦਾ ਪੰਥ ਨਿਆਰਾ, ਅੰਮ੍ਰਿਤਸਰ, 1900.

93। ਤੇਜਾ ਸਿੰਘ ਬਾਨੂ, ਸਿੰਘਾਂ ਦਾ ਪੰਥ ਨਿਆਰਾ, ਅੰਮ੍ਰਿ–ਤਸਰ, 1900.

94. ਦੀਵਾਨ ਸਿੰਘ(ਡਾ:)(ਸੰਪਾਦਕ), ਕਿੱਸਾ ਸੋਹਣੀ ਮਹੀਂਵਾਲ(ਫਜ਼ਲ ਸ਼ਾਹ), ਕ੍ਰਿਸ਼ਨਾ ਬ੍ਰਾਦਰਜ਼ ਹਾਲ ਬਾਜ਼ਾਰ, ਅੰਮ੍ਰਿਤਸਰ।

95. ———, ਸੂਫੀਵਾਦ ਤੇ ਹੋਰ ਲੇਖ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1957.

96. ———, ਆਧੁਨਿਕ ਪੰਜਾਬੀ ਸਾਹਿੱਤ ਤੇ ਹੋਰ ਲੇਖ, ਅੰਮ੍ਰਿਤਸਰ।

·97. ਦਿੱਤ ਸਿੰਘ, ਮੇਰਾ ਅਤੇ ਸਾਧੂ ਦਯਾ ਨੰਦ ਦਾ ਸੰਬਾਦ, ਲਾਹੌਰ, 1900.

98. ——, ਦੁਰਗਾ ਪ੍ਰਬੋਧ, ਲਾਹੌਰ, 1899.

·99. ——, ਨਕਲੀ ਸਿਖ ਪ੍ਰਬੋਧ, ਲਾਹੌਰ, 1895.

·100. ——, ਗੁਰਮਤਿ ਆਰਤੀ ਪ੍ਰਬੋਧ, ਲਾਹੌਰ, ~~1905~~. 1900.

101. ——, ਦੰਭ ਵਿਦਾਰਨ, ਲਾਹੌਰ, 1902.

·102. ਦੁਰਗਾ ਦਾਸ, ਸ਼ਰਾਬ ਦੀ ਸਿੱਠ(ਫਾਰਸੀ ਅੱਖਰਾਂ ਵਿੱਚ), ਲਾਹੌਰ, 1893.

103. ਦਇਆ ਨੰਦ, ਸਤਿਆਰਥ ਪ੍ਰਕਾਸ਼, ਅਜਮੇਰ, ਸੰਮਤ 2007.

·104. ਦਿਲਜੀਤ ਸਿੰਘ, ਸਿੰਘ ਸਭਾ ਲਹਿਰ ਦਾ ਮੋਢੀ ਗਿ: ਦਿੱਤ ਸਿੰਘ, ਅੰਮ੍ਰਿਤਸਰ।

105. ਧਰਮਪਾਲ ਸਿੰਗਲ(ਡਾ:), ਪੰਜਾਬੀ ਕਵਿਤਾ ਦਾ ਵਿਕਾਸ(ਪੀ.ਐਚ.ਡੀ.ਥੀਸਿਸ), ਲਾਹੌਰ ਬੁਕ ਸ਼ਾਪ, ਲੁਧਿਆਣਾ, 1970.

·106. ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ, ਲੋਕ ਸਾਹਿਤ ਪ੍ਰਕਾਸ਼ਨ, ਲੁਧਿਆਣਾ, 1971.

107. ਨਰੈਣ ਸਿੰਘ ਵਕੀਲ, ਸਿੱਖ ਹਿੰਦੂ ਹੈਨ, ਮਤਲਾਕਾਨੂੰਨੀ ਹਿੰਦ ਪ੍ਰੈਸ, ਅੰਮ੍ਰਿਤਸਰ, ਸੰ: 1956.

108. ਨਿਹਾਲ ਸਿੰਘ, ਹਿੰਦੂ ਸਿੱਖਾਂ ਦਾ ਨਬੇੜਾ, ਸਤਿਸੰਤ ਪ੍ਰੈਸ, ਅੰਮ੍ਰਿਤਸਰ, 1905.

109. ਨੌਰੰਗ ਸਿੰਘ, ਸਿਖ ਹਿੰਦੂ ਨਹੀਂ, ਲਾਹੌਰ, 1905.

110. ਪਿਆਰਾ ਸਿੰਘ ਪਦਮ – ਪੰਜਾਬੀ ਮਾਝਾਂ, ਸਰਦਾਰ ਸਾਹਿੱਤ ਭਵਨ, ਪਟਿਆਲਾ, 1960.

111. ———, ਪੰਜਾਬੀ ਬਾਰਾਂ ਮਾਹੇ, ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1959.

112. ———, ਪੰਜਾਬੀ ਜੰਢਾਂ, ਨਿਊ ਪਟਿਆਲਾ ਪ੍ਰਿੰਟਿਰਜ਼, ਪਟਿਆਲਾ, 1975.

113. ——— , ਪੰਜਾਬੀ ਕਵੀ, ਪਟਿਆਲਾ, 1965

114. ——— , ਪੰਜਾਬੀ ਝਗੜੇ, ਸਰਦਾਰ ਸਾਹਿੱਤ ਭਵਨ, ਪਟਿਆਲਾ, 1974.

115. ——— , ਪੰਜਾਬੀ ਸਾਹਿਤ ਦੀ ਰੂਪ ਰੇਖਾ, ਕਲਮ ਮੰਦਿਰ, ਪਟਿਆਲਾ, 1971.

116. ——— , ਕਲਮ ਦੇ ਧਨੀ, ਸਰਦਾਰ ਸਾਹਿਤ ਭਵਨ, ਪਟਿਆਲਾ, 1966.

117. ———(ਸੰਪਾਦਕ), ਹੀਰ ਭਗਵਾਨ ਸਿੰਘ, ਅਤਰ ਚੰਦ ਕਪੂਰ ਐਂਡ ਸਨਜ਼, ਦਿੱਲੀ, 1958.

118. ਪਿਆਰਾ ਸਿੰਘ ਭੋਗਲ, ਪੰਜਾਬੀ ਕਵਿਤਾ ਦੇ ਸੌ ਸਾਲ, ਜਲੰਧਰ, 1955.

119. ਪ੍ਰੇਮ ਸਿੰਘ ਭਾਈ, ਕੇਸ ਮੰਡਨ, ਦੁਰਗਾ ਪ੍ਰੈਸ, ਨਾਭਾ ਸੰ: ਈ: 1902.

120. ——— , xxxx ਸਿੱਖ ਮਤ ਬਬੇਕ, ਦੁਰਗਾ ਪ੍ਰੈਸ, ਨਾਭਾ, 1905.

121. ਪ੍ਰੀਤਮ ਸਿੰਘ (ਪ੍ਰੋ:) (ਸੰਪਾਦਕ), ਸਿੱਖਾਂ ਦੇ ਰਾਜ ਦੀ ਵਿਥਿਆ, ਹਿੰਦ ਪਬਲਿਸ਼ਰਜ਼, ਲਿਮਿਟਡ, ਜਲੰਧਰ, 1956.

122. ਫੌਜਾ ਸਿੰਘ (ਡਾ:), ਪੰਜਾਬੀ ਵੀਰ ਪਰੰਪਰਾ ਦਾ ਵਿਕਾਸ (19ਵੀਂ ਸਦੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

123. ਬਲਬੀਰ ਸਿੰਘ (ਡਾ:), ਸ੍ਰੀ ਚਰਣਹਰਿ ਵਿਸਥਾਰ, ਅੰਮ੍ਰਿਤਸਰ, 1958.

124. ——— , ਕਲਮ ਦੀ ਕਰਾਮਾਤ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1957.

125. ਬਚਨ ਸਿੰਘ, ਜੇਹਾ ਮੂੰਹ ਤੇਹੀ ਚਪੇੜ, ਅੰਮ੍ਰਿਤਸਰ, 1958.

126. ——— , ਸਿੱਖ ਤੇ ਬੁਤ ਪ੍ਰਸਤੀ, ਅੰਮ੍ਰਿਤਸਰ, 1905.

127. ——— , ਨਾ ਹਮ ਹਿੰਦੂ ਨਾਂ ਮੁਸਲਮਾਨ, ਅੰਮ੍ਰਿਤਸਰ

128. ਬੁੱਧ ਸਿੰਘ, ਪੰਜਾਬੀ ਬੋਲੀ ਦੇ ਪ੍ਰਚਾਰ ਤੇ ਸਵਾਰ ਲਈ ਪੰਜਾਬੀ ਵਿਦਵਾਨ ਇਸਤਰੀਆਂ ਤੇ ਪੁਰਖਾਂ ਅੱਗੇ ਅਪੀਲ, ਅੰਮ੍ਰਿਤਸਰ, 1910.

129. ਬਿਸ਼ਨ ਦਾਸ, ਕਿੱਸਾ ਪੂਰਨ ਭਗਤ (ਅਪ੍ਰਕਾਸ਼ਤ ਖ਼ਰੜਾ) 1900 ਈ.

130. ਭੁਪਿੰਦਰ ਸਿੰਘ ਢਿਲੋਂ, ਪਿਲਗ੍ਰਿਮਜ਼ ਪ੍ਰੋਗ੍ਰੈਸ ਦਾ ਪੰਜਾਬੀ ਅਨੁਵਾਦ ਅਤੇ ਪਾਦਰੀਆਂ ਦੀ ਪੰਜਾਬੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

131. ਭਾਨੂੰ ਦੱਤ, ਪੰਡਤ, ਗੁਰੂ ਸਿੰਘ ਸਭਾ ਇਤਿਹਾਸ ਨਵੀਨ- ਲਾਹੌਰ, 1892.

132. ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਜਾਬੀ ਹੱਥ ਲਿਖਤਾਂ ਦੀ ਸੂਚੀ, 1961.

133. ———, ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ, 1953.

134. ———, ਅਹਸਨੁਲ ਕਸਸ, 1969.

135. ——— , ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਗ ਪਹਿਲਾ ਤੇ ਭਾਗ ਦੂਜਾ, 1971-, 1972

136. ——— , ਗੁਲਾਮ ਫਰੀਦ (ਦੀਵਾਨ), 1968.

137. ——— , ਤਵਾਰੀਖ਼ ਗੁਰੂ ਖਾਲਸਾ, ਹਿੱਸਾ ਪਹਿਲਾ, 1970.

138. ਮੌਲਾ ਬਖਸ਼ ਕੁਸ਼ਤਾ, ਪੰਜਾਬ ਦੇ ਹੀਰੇ, ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1939.

139. ——— , ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਲਾਹੌਰ, 1966, (ਉਰਦੂ ਅੱਖਰ)।

140. ਮੁਨਸ਼ਾ ਸਿੰਘ ਦੁਖੀ, ਜੀਵਨ ਭਾਈ ਸਾਹਿਬ, ਭਾਈ ਮੋਹਨ ਸਿੰਘ ਜੀ ਵੈਦ, ਤਰਨਤਾਰਨ।

141. ਮੇਹਰ ਸਿੰਘ , ਜੇ ਇਹੀ ਹਾਲ ਰਿਹਾ ਤਾਂ ਅਸੀਂ ਡੁੱਬੇ ,ਲਾਹੌਰ-1896.

142. ਮੀਆਂ ਮੁਹੰਮਦ ਬਖਸ਼ ਜਿਹਲਮੀ, ਕਿੱਸਾ ਸੈਫੁਲ-ਮਲੂਕ, ਭਾਸ਼ਾ ਵਿਭਾਗ,ਪੰਜਾਬ, ਪਟਿਆਲਾ, 1961.

143. ਮੁਹਿੰਦਰ ਸਿੰਘਰੰਧਾਵਾ (ਡਾ:), ਪੰਜਾਬ, ਭਾਸ਼ਾ ਵਿਭਾਗ,ਪੰਜਾਬ,ਪਟਿਆਲਾ, 1960. (ਮੁਖ ਸੰਪਾਦਕ)

144. ਮੋਹਨ ਸਿੰਘ ਵੈਦ ਭਾਈ , ਅਧੀਆਂ ਦੇ ਢੋਲ ਦਾ ਪੋਲ, ਵਜ਼ੀਰ ਹਿੰਦ ਪ੍ਰੈਸ,ਅੰਮ੍ਰਿਤਸਰ।

## English Books


1. Anderson H.E. - A Century for the Christ, Lodhiana Mission Press, Ludhiana, 1937.

2. Amaury de Reincourt - The Soul of India Harpers, New York, 1960.

3. Archer - John Clark - The Sikhs, Princeton University Press, 1946.

4. Arnold - Marquees of Dalhousiee, London, 1881.

5. Arbindo Ghose - The Renaissance in India, Chandernagar, 1920.

6. Ahluwalia M.M. - History of Freedom Movement, Delhi, 1961.

7. ---------, Kukas- The Freedom Fighters of Panjab, Bombay, 1965.

8. Agnihotri S.N.- Pandit Dayanand Unveiled, Lahore, 1891.

9. Attar Singh Bhadaur-Sir - Sakhi Book, Banaras, 1873.

10. Besant Annie - India a Nation, Madras, 1925.

11. Barrier-N.G.- The Sikhs and Their Literature, Manohar Book Service, Delhi, 1970.

12. Bergson Henri - Matter and Memory, London, 1913.

13. Binglay A.H. - Sikhs, Simla, 1899, Reprint Patiala, 1970.

14. Bell Evans - 'The Annexation of the Panjab' and 'Maharaja Duleep Singh, London, 1852. Reprint, Patiala, 1970.

15. B.R.Purohit - Hindu Revivalism and Indian Nationalism, Sathi Prakash Sagar(M.P.), 1965.

16. Bhatt, B.D. and Aggarwal J.C. - Educational Documents in India (1831-1968)

17. B.K.Singh - Swami Dayanand, New Delhi, 1970.

18. Bruce, J.E.- A History of the Panjab University, Lahore, 1933.

19. Churchil Edward and Kenneth Jones - Sources of Panjab History, Manohar Book Service, New Delhi, 1975.

20. Campbell-E.Y.- The Church in the Panjab, The National Christian Council of India, 1964.

·21. Clark-Robert. - The Panjab and Sindh Mission, Church Missionary Society, London, 1885.

22. Cave Browne - Panjab and Delhi in 1857, London, 1869.

23. Campbell-James R.- Our Mission in Hindustan, Saharanpur.

·24. Carey William - Grammar of the Panjabee Language, Serampur, Calcutta, 1812.

25. Court Henry - History of the Sikhs(Translation of Phillauri's Book,'Sikhan de Raj di Vithia - Patiala Reprint, 1970.

·26. Eliot, T.S.- Points of View, London, 1937.

·27. Elsmie G.R.- Thirty Five Years in the Panjab, Edinburgh, 1903.

28. Farquhar J.N.- Christianity in India, London, 1915.

29. ---------, Modern Religious Movements in India, London, 1929.

30- Forsyth T.D.- Autobiography and Reminiscences, London, 1887.

31. Falcon R.W.- Handbook on Sikhs, Allahabad, 1896.

32. Forster - A Journey from Bengal to England, London, 1783.

33. Fauja Singh Bajwa- Kuka Movement, Moti Lal Banarsi Dass, Jawahar Nagar, Delhi-6, 1965.

34. Grierson- Linghistic Survey of India, Vol.IX, Part-I, Calcutta, 1917.

·35. Gekak, V.K - Literature in Modern Indian Languages, Delhi, 1954.

·36. Gordon-J.H.,- The Sikhs, London, 1904.

37. Greenlees Duncan - The Gospal of Guru Granth Sahib, Madras, 1952.

·38. Gurdarshan Singh - Character and Impact of Singh Sabha Movement on the History of Panjab, (Ph.D. Thesis).

39. Greenfield M.Rose - Five Years in Ludhiana, S.W.Patridge and Co., London, 1886.

40. G.S.Chhabra - Advanced History of the Panjab, Prakash Brothers, Educational Publishers, Delhi, 1972.

41. ---------, Social and Economic History of Panjab (Doctoral Thesis) Jullundur, 1962.

42. G.W.Leitner - History of Indigenuous Education in the Panjab, Calcutta, 1882. Reprint Language Deptt., Panjab, 197

43. Gurbachan Singh Talib and Attar Singh. - Bhai Vir Singh, Life, Times and Works, Panjab University Publication, Bureau, Chandigarh, 1973.

44. Ganda Singh(Dr.) - History of Khalsa College, Amritsar, 1949.

45. --------, A Bibliography of the Panjab, Panjabi University Patiala, 1966.

46. ---------, A Select Bibliography of the Sikhs and Sikhism, S.G.P.C., Amritsar, 1965.

47. Garrett - History of A.P.Mission in India, Allahabad Mission.Press, 1886.

48. --------, History of Government College Lahore, 1914.

49. Harbans Singh- The Heritage of the Sikhs, Asia Publishing House, Bombay-I, 1964.

50. -------(Editor)- Bhai Vir Singh Shatabdi Granth, Delhi, 1972.

51. H.R.Mehta - A History of the Growth and Development of Western Education in the Panjab, (1846-1884), Patiala, 1971.

52. Jukes - A Dictionary of the Jatki or Western Panjabi Language, 1900.

53. Khushwant Singh- A History of the Sikhs, Vol-II, Princeton University Press-1966.

54. ------- , The Sikhs, London, 1953.

55. Karunakaran K.P.- Religious and Political Awakening in India, Meerutt, 1965.

56. Kaye - Life of Lord Matcaff(Selection from Papers), Vol-II, London - 1885.

57. Lajpat Rai- The Arya Samaj - An account of its Aimes, Doctrines and activities, Lahore, 1932.

58. ----------, A History of the Arya Samaj - Revised by Sri Ram Sharma, Calcutta, 1967.

59. Latif-Syad Mohmmad,- History of the Panjab, New Delhi, 1964.

60. -------, Kooka Outbreak, London, 1872.

61. Luniya B.N.- Evolution of the Indian Culture, Agra, 1960.

62. Law.N.N.- Promotion and Learning in India, Delhi.

63. Lakshman Singh Bhagat - Autobiography, Sikh Cultural Centre, Calcutta, 1965.

64. Lajwanti Rama Krishna(Dr)- Panjabi Sufi Poets(Ph.D. Thesis), Asha Janak Publication, New Delhi, 1973.

65. Lowrie John C.- Two years in Upper India, New York, 1850.

66. Mayhew -Arthur - The Education of India, London, 1926.

67. --------, Christianity and the Government of India, London, 1926.

68. Malcolm - Sketch of the Sikhs, London, 1812.

69. Marshman J.C. - The Story of Carey, Marshman and Ward, 1864.

70. Murray Captain- Rise, Progress and Present Condition of the Sect and Nation of the Sikhs, Vol-I, London, 1846.

71. Macauliffe- Max Arthur - The Sikh Religion, Oxford, 1909.

72. Mahajan V.D.- British Rule in India and After, Delhi, and Sethi R.R. 1962.

73. Mohan Singh (Dr.)- An Introduction to Panjabi Literature, Nanak Singh Pustak Mala, Amritsar, 1951.

74. Mohan Singh Diwana- A History of Panjabi Literature, Kasturi Lal and Sons, Amritsar, 1956.

75. Mohinder Pal Kohli (Dr.)- The Influence of the West on Panjabi Literature (Ph.D. Thesis.) Lyall Book Depot, Ludhiana, 1969..

76. Manmohan Kaur- Role of Women in the Freedom Movement (1857-1947) Jullundur, 1968.

77. Mary, S. Serinson - A History of Foreign Words in English, London, 1902.

78. Munshi Ram Jagyasu- Arya Samaj and its Detractors- A Vindication, Hardwar, 1911.

79. Natrajan S.-A History of Press in India, Asia Publishing House, Bombay, 1962.

80. Newton-J. - History of A.P. Mission, Allahabad, 1886.

81. Nehru, Jawaharlal-Discovery of India, Delhi-1962.

82. Narang G.C- Transformation of Sikhism, Lahore, 1946.

83. Nahar Singh - Gooroo Ram Singh & The Kuka Sikhs (1863-1871), Amrit Book Company, New Delhi, 1966.

84. Oman-J.C.- Cults, Customs and Superstitions of India, London, 1889.

85. Parry R.E.- The Sikhs of the Panjab, Patiala 1970 (Reprinted).

86. Payne C.H.- A Short History of the Sikhs, Patiala-1970, (Reprinted)

87- Ross David- The Land of the Five Rivers, London-1883.

88. Ruchi Ram Sahni - Struggle for Reform in Sikh Shrines, ( S.G.P.C.), Amritsar.

89. Radha Krishnan(Dr.)- East and West in Religion.

90. Ravinder Sahai Verma- The Influence of English on Hindi Poetry and Criticism(Hindi),Allahabad-1954.

91. Smith R.Rosworth- Life of Lord Lawerence Vol-I,London, 1883.

92. Steinback - The Panjab Language Department,Panjab, First Published in 1883,Reprinted,1970.

93. Smith-Wilfred Cantwell- Modern Islam in India,London, 1946.

94. S.S.Uppal(Dr.)- Panjabi Short Story,its Origin and Development(Ph.D.Thesis 1966),Pushp Prakashan, New Delhi-15.

95. Temple,Richard - Men and Events of my Time in India (1880), London,1883 .

96. Thompson Edward- The Other side of the Medal,London,1925.

97. Topa I.N.- The Growth and Development of National Thought in India, Ham-burg, 1930.

98. Trump - The Adi-Granth,Jan-1877.

99. Tandon-Prakash- Panjabi Century, 1857, London, 1961.

100. Thorburn - Panjab in Peace and War.

101. Tara Chand(Dr.)- History of Freedom Movement in India, Vol.II,Delhi-1967.

102. Teja Singh - Sikhism its Ideals and Institutions, Calcutta-1938.

103. Walter H.A.- The Ahmadiya Movement,Calcutta-1918.


....

## ਉਰਦੂ ਪੁਸਤਕਾਂ


1. ਅਬਦੁਲ ਗ਼ਫ਼ੂਰ ਕੁਰੈਸ਼ੀ - ਪੰਜਾਬੀ ਅਦਬ ਦੀ ਤਾਰੀਖ(ਫ਼ਾਰਸੀ ਲਿਪੀ) ,ਤਾਜ ਬੁਕ ਡੀਪੋ,ਲਾਹੌਰ, 1956.
2. ਅਹਿਮਦ ਹੁਸੈਨ ਅਹਿਮਦ ਕੁਰੈਸ਼ੀ - ਪੰਜਾਬੀ ਅਦਬ ਕੀ ਮੁਖਤਸਿਰ ਤਾਰੀਖ,ਲਾਹੌਰ,1964.
3. ਅਮਰ ਸਿੰਘ ਭਾਈ — ਦਯਾ ਨੰਦ ਫਿਰਕਾ ਕੀ ਮੁਕਰਮਾਨਾ ਕਾਰਵਾਈਆਂ,ਲਾਹੌਰ,1890.
4. ਸ਼ੇਰ ਸਿੰਘ ਗਿਆਨੀ — ਆਰੀਆ ਸਮਾਜ ਔਰ ਸੁਧੀ, ਪਿਸ਼ਾਵਰ, 1913.
5. ਗੁਲਾਮ ਅਹਿਮਦ ਕਾਦਆਨੀ - ਸਤਬਚਨ, 1895.
6. ਗੰਡਾ ਸਿੰਘ ਭਾਈ - ਨੁਸਖਾ - ਏ- ਖਬਤ - ਏ- ਦਯਾਨੰਦੀਆਂ, ਸ੍ਰੀ ਗੁਰਉਪਕਾਰ ਪਰਚਾਰਨੀ ਸਭਾ, ਅੰਮ੍ਰਿਤਸਰ, 1904.
7. ਗੰਡਾ ਸਿੰਘ ਭਾਈ - ਇਨਕਸ਼ਾਫ - ਏ - ਹਕੀਕਤ, ਹਿੰਦੁਸਤਾਨੀ ਪ੍ਰੈਸ,ਲਾਹੌਰ।
8. ਝੰਡਾ ਰਾਮ —- ਸੱਚਾ ਦਰਸ਼ਨ
9. ਦੌਲਤ ਰਾਮ — ਪੋਪ ਖਾਲਸਾ
10. ਦਿੱਤ ਸਿੰਘ ਗਿਆਨੀ - ਤਾਲੀਮ ਸਤਿਆਰਥ ਪ੍ਰਕਾਸ਼ ਕਾ ਅਸਲੀ ਫੋਟੋ,ਲਾਇਲਪੁਰ,1910.
11. ਨਿਹਾਲ ਸਿੰਘ ਬਾਵਾ - ਖੁਰਸ਼ੀਦ ਖਾਲਸਾ, ਜਲੰਧਰ, 1885.
12. ਬਿਸ਼ਨ ਦਾਸ — ਭਾਈ ਗਿਆਨ ਸਿੰਘ ਕੀ ਅਗਿਆਨਤਾ ਕਾ ਫੋਟੋ ।
13. ਬਾਬੂ ਰਾਮ ਸਕਸੈਨਾ — ਉਰਦੂ ਸਾਹਿੱਤ ਕਾ ਇਤਿਹਾਸ,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ।
14. ਬਨਾਰਸੀ ਦਾਸ ਜੈਨ - ਪੰਜਾਬੀ ਜਬਾਨ ਤੇ ਉਹਦਾ ਲਿਟ੍ਰੇਚਰ(ਫਾਰਸੀ ਲਿੱਪੀ),ਲਾਹੌਰ, 1941.
15. ਮੁਹੰਮਦ ਸਰਵਰ — ਪੰਜਾਬੀ ਅਦਬ( ਕਰਾਚੀ ਪਾਕਿਸਤਾਨ),ਪੈਂਫਲਿਟ ਨੰ: 8.
16. ਮੁਹੰਮਦ ਯੂਸਫ — ਇਜ਼ਹਾਰ - ਏ- ਹੱਕ
17. ਮਹਿਮੂਦ ਸ਼ੀਰਾਨੀਂ — ਪੰਜਾਬ ਮੇਂ ਉਰਦੂ(ਅਨੁ.),ਭਾਸ਼ਾ ਵਿਭਾਗ,ਪੰਜਾਬ,ਪਟਿਆਲਾ।
18. ਰਾਜਇੰਦਰ ਸਿੰਘ - ਖਬਤ- ਏ- ਕਾਦੀਆਨੀ,1897.
19. ਰਾਮ ਸਿੰਘ ਧਰੋਵਾਲੀਆ — ਨਯਾ ਧਰਮ
20. ਲੇਖ ਰਾਮ ਆਰੀਆ ਮੁਸਾਫਰ — ਜੀਵਨ ਚਿੱਤਰ ਸੁਆਮੀ ਦਯਾਨੰਦ


===

## ਹਿੰਦੀ ਪੁਸਤਕਾਂ


1. ਸਾਲਗ ਰਾਮ, ਸਿਰੀ ਨਾਨਕ ਮੱਤ ਕਿਰਨਾ, ਅੰਮ੍ਰਿਤਸਰ, 1877.
2. ਸ਼ਿਵਦਾਨ ਸਿੰਘ ਚੌਹਾਨ, ਹਿੰਦੀ ਸਾਹਿੱਤ ਕੇ 80 ਵਰਸ਼, ਦਿੱਲੀ, 1969.
3. ਸ੍ਰੀ ਕ੍ਰਿਸ਼ਨ ਲਾਲ, ਆਧੁਨਿਕ ਹਿੰਦੀ ਸਾਹਿੱਤ ਕਾ ਇਤਿਹਾਸ, ਦਿੱਲੀ, 1962.
4. ਜੈ ਚੰਦ ਸ਼ੁਰਮਾ, ਖ਼ਾਲਸਾ ਹਿੰਦੂ ਔਰ ਮੂਰਤੀ ਪੂਜਕ ਹੈ, ਅੰਮ੍ਰਿਤਸਰ, 1905.
5. ਨੰਦ ਦੁਲਾਰੇ ਬਾਜਪਈ, ਹਿੰਦੀ ਸਾਹਿੱਤ ਵੀਸਵੀਂ ਸਦੀ, ਦਿੱਲੀ, 1959.
6. ਲਕਸ਼ਮੀ ਸਾਗਰ ਵਾਰਸ਼ਨਯ, ਆਧੁਨਿਕ ਹਿੰਦੀ ਸਾਹਿੱਤ (1850-1900). ਅਲਾਹਾਬਾਦ ਯੂਨੀਵਰਸਿਟੀ
7. ——————, ਆਧੁਨਿਕ ਹਿੰਦੀ ਸਾਹਿੱਤ ਕੀ ਭੂਮਿਕਾ, ਅਲਾਹਾਬਾਦ ਯੂਨੀਵਰਸਿਟੀ, ਅਲਾਹਾਬਾਦ ।
8. ਵਿਸ਼ਵਾ ਨਾਥ ਮਿਸ਼੍ਰ, ਅੰਗਰੇਜ਼ੀ ਕਾ ਹਿੰਦੀ ਭਾਸ਼ਾ ਔਰ ਸਾਹਿੱਤ ਪਰ ਪ੍ਰਭਾਵ, ਅਲਾਹਾਬਾਦ, 1967.


*****

## ਪੰਜਾਬੀ ਤੇ ਅੰਗਰੇਜ਼ੀ ਰੀਪੋਰਟਾਂ, ਰਸਾਲੇ ਤੇ ਅਖ਼ਬਾਰਾਂ


1. ਸੁਰਿੰਦਰ ਸਿੰਘ ਕੋਹਲੀ(ਡਾ:)(ਸੰਪਾਦਕ) — "ਪਰਖ", ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਅੰਕ ਨੰ:1, 1966, 1968, 1972, ਅੰਕ ਨੰ:2, 1969.

2. ਹਰਚਰਨ ਸਿੰਘ(ਡਾ:) (ਸੰਪਾਦਕ) — " ਖੋਜ ਪਤ੍ਰਿਕਾ ", ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਨੰ:1, 1967, 1968, ਜਨਵਰੀ-1969, ਅੰਕ ਨੰ:5, 1972.

3. ਪਿਆਰ ਸਿੰਘ(ਡਾ:) - "ਖੋਜ ਦਰਪਣ " ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ ਤੇ ਜੁਲਾਈ 1974 ਦੇ ਅੰਕ, ਜਨਵਰੀ ਤੇ ਜੁਲਾਈ 1975 ਦੇ ਅੰਕ.

4. ਸ:ਜੀਵਨ ਸਿੰਘ, (ਸੰਪਾਦਕ) — " ਸਾਹਿੱਤ ਸਮਾਚਾਰ " ਦੇ ਵਿਸ਼ੇਸ਼ ਅੰਕ, ਲਾਹੌਰ ਬੁਕ ਸ਼ਾਪ, ਲੁਧਿਆਣਾ ।

5. ਪੰਜਾਬੀ ਸਾਹਿੱਤ ਅਕਾਡਮੀ — "ਆਲੋਚਨਾ " ਦੇ ਪੁਰਾਣੇ ਅੰਕ, ਲੁਧਿਆਣਾ ।

6. ਸਿੰਘ ਸਭਾ ਸ਼ਤਾਬਦੀ ਕਮੇਟੀ — " ਸਿੰਘ ਸਭਾ ਪਤ੍ਰਿਕਾ " ਦੀਆਂ ਸਾਲ 1973 -1975 ਦੀਆਂ ਫਾਈਲਾਂ , ਅੰਮ੍ਰਿਤਸਰ ।

7. ਵੀਰ ਸਿੰਘ ਭਾਈ(ਸੰਪਾਦਕ) — " ਖਾਲਸਾ ਸਮਾਚਾਰ" , ਅੰਮ੍ਰਿਤਸਰ ।

8. ਭਾਈ ਵੀਰ ਸਿੰਘ ਸ਼ਤਾਬਦੀ ਦੇ ਵਿਸ਼ੇਸ਼ ਅੰਕ — " ਖਾਲਸਾ ਸਮਾਚਾਰ" 30 ਨਵੰਬਰ, 1972.

9. ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ 1900 ਈ. ਤੱਕ ਦੇ ਛਪੇ 141 ਅੰਕ।

10. ਗੁਰਮੁਖੀ ਅਖਬਾਰ, ਲਾਹੌਰ<br>ਖ਼ਾਲਸਾ ਅਖਬਾਰ, ਲਾਹੌਰ<br>ਅਖਬਾਰ ਸ੍ਰੀ ਦਰਬਾਰ ਸਾਹਿਬ — 1900 ਈ: ਤੱਕ ਦੀਆਂ ਪੁਰਾਣੀਆਂ ਅਖ਼ਬਾਰਾਂ (ਭਾਈ ਮੋਹਨ ਸਿੰਘ ਵੈਦ, ਲਾਇਬ੍ਰੇਰੀ, ਪਟਿਆਲਾ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੁਸਤਕਾਲਿਆਂ ਦੇ ਧੰਨਵਾਦ ਸਹਿਤ )


*****

Reports, Periodicals and Journals


1. Mr.D.Petrie - Developments in Sikh Politics(1910-1911) ( A Report),Chief Khalsa Diwan,Amritsar.

2. Grierson-G.S.- Indian Antiquary,Vol.XXXII,1903.

3. Gurbux Singh - Panjab History Conference,Panjabi University,Patiala,November,1965.

4. Jones Kenneth W.- Arya-Sikh Relations(1877-1905), Spokesman,Guru Nanak Number, 1973.

5. Jodh Singh Bhai,A paper on Sikhism,Amritsar,1909.

6. Lajpat Rai - Young India,Lahore,1916.

7. Williams - The Sikhs in the Upper Doab,Calcutta Review, 1875.

8. Harcharn Singh(Dr.) -Dramatic Tradition in Panjab (Extracts from Ph.D.Thesis) " Parkh", Bulletin No 1 of 1965.

9. Harbans Singh - Sikhs in the Quincentenary Year, Lecture delivered in London on 30th Nov.1969.

10. Ganda Singh(Dr)(Editor)-- "Panjab Past and Present ", October,1966, April,1969, April & October, 1968, April & October,1970, April and October, 1971, April & October,1972,April,1973.

11. Richard Temple - Census Report,Jan.1, 1851.

12. Ibbetson - Census Report 1881.
13. Maclagan - Census Report 1891 .
14. ----------, Census Report 1901.

15. Wood's Education Despatch of 19th July,1854.

16. Hunter Commission Report(Panjab Provincial Committee), Calcutta,1884.

17. Panjab Administration Reports, 1849-1901 A.D.

18. Imperial Gazetteer of India, (Provincial Series) - Panjab, New Delhi-1971.


*****